ਲੜੀ ਨੰ. ੨੦

ਹਿੰਦੁਸਤਾਨੀ ਅਕੈਡਮੀ ਦੀ ਲੈਕਚਰ ਲੜੀ ਨੰ. ੫

ਅਰਬ ਤੇ ਹਿੰਦ ਦੇ ਸਬੰਧ

ਅਰਥਾਤ

ਮੌਲਾਨਾ ਸੱਯਦ ਸੁਲੇਮਾਨ ਨਦਵੀ ਜੀ

ਦੀਆਂ

ਉਨ੍ਹਾਂ ਤਕਰੀਰਾਂ ਦਾ ਸੰਗ੍ਰਹਿ ਜੋ ਉਨ੍ਹਾਂ ਨੇ ੨੨-੨੩ ਮਾਰਚ ੧੯੨੯ ਨੂੰ
ਹਿੰਦੁਸਤਾਨੀ ਅਕੈਡਮੀ ਦੇ ਸਾਹਮਣੇ ਕੀਤੀਆਂ ਸਨ

ਪਰਕਾਸ਼ਕ

ਮਹਿਕਮਾ ਪੰਜਾਬੀ ਪਟਿਆਲਾ

੧੯੫੪

ਪਹਿਲੀ ਵੇਰ ੧੦੦੦

ਮੁੱਲ-ਦਾ... ਰੁਪਏ

ਅਰਬ ਤੇ ਹਿੰਦ ਦੇ ਸਬੰਧ

ਮਹਿਕਮਾਂ ਪੰਜਾਬੀ ਦੀਆਂ ਪਰਕਾਸ਼ਨਾਂ

੧. ਰਤਨ ਮਾਲਾ
੨. ਪੰਜਾਬੀ ਲਿਟਰੇਚਰ (ਅੰਗਰੇਜ਼ੀ)
੩. ਪੰਜਾਬੀ ਸਾਹਿਤ ਦੇ ਪੰਜ ਰਤਨ (੧੯੫੧)
੪. ਪੰਜਾਬੀ ਸਾਹਿਤ ਦੇ ਪੰਜ ਰਤਨ (੧੯੫੨)
੫. ਨੌਂ ਵਾਰਾਂ
੬. ਫ਼ਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ
੭. ਸ਼ਬਦ-ਜੋੜ ਤੇ ਵਿਆਕਰਣ ਸੰਕੇਤ
੮. ਅੰਗਰੇਜ਼ੀ-ਪੰਜਾਬੀ ਸੰਕੇਤਾਵਲੀ (ਮਕੂਲ-ਮਜ਼ਮੂਨ)
੯. ਕਨੂੰਨੀ ਸੰਕੇਤਾਂ ਦਾ ਅੰਗਰੇਜ਼ੀ-ਪੰਜਾਬੀ ਕੋਸ਼
੧੦. ਹਿੰਦੀ-ਪੰਜਾਬੀ ਕੋਸ਼
੧੧. ਭਾਰਤ ਦਾ ਸੰਵਿਧਾਨ (ਪੰਜਾਬੀ)
੧੨. ਰਾਮ-ਕਥਾ
੧੩. ਪੰਜਾਬੀ ਪੱਤਰ ਕਲਾ
੧੪. ਪੰਜਾਬੀ ਪਰਕਾਸ਼ਨਾਂ ਦੀ ਸੂਚੀ
੧੫. ਪੰਜਾਬੀ ਸਾਹਿੱਤ ਦੇ ਤਿੰਨ ਰਤਨ
੧੬. ਚੋਣਵੀਆਂ ਬੈਂਤਾਂ
੧੭. ਸੰਸਾਰ ਦਾ ਸੰਖੇਪ ਇਤਿਹਾਸ
੧੮. ਚਾਹੋ ਸੋ ਪਾਓ
੧੯. ਟੈੱਸ
੨੦. ਅਰਬ ਤੇ ਹਿੰਦ ਦੇ ਸਬੰਧ
੨੧. ਹਾਜੀ ਬਾਬਾ ਇਸਫਹਾਨੀ
੨੨. ਗੁਰਸ਼ਬਦ ਰਤਨਾਕਰ ਮਹਾਨ ਕੋਸ਼ (ਦੂਜੀ ਛਾਪ)
੨੩. ਹਿੰਦੀ ਸਾਹਿੱਤ ਕੇ ਦੋ ਰਤਨ (ਹਿੰਦੀ)
੨੪. ਸਾਂਪ੍ਰਦਾਇਕ ਏਕਤਾ ਪਰ ਚੁਨੀ ਹੁਈ ਕਵਿਤਾਏਂ (ਹਿੰਦੀ)

ਲੜੀ ਨੰ. ੨੦

ਹਿੰਦੁਸਤਾਨੀ ਅਕੇਡਮੀ ਦੀ ਲੈਕਚਰ ਲੜੀ ਨੰ. ੫

ਅਰਬ ਤੇ ਹਿੰਦ ਦੇ ਸਬੰਧ

ਅਰਥਾਤ

ਮੌਲਾਨਾ ਸੱਯਦ ਸੁਲੇਮਾਨ ਨਦਵੀ ਜੀ

ਦੀਆਂ

ਉਨ੍ਹਾਂ ਤਕਰੀਰਾਂ ਦਾ ਸੰਗ੍ਰਹਿ ਜੋ ਉਨ੍ਹਾਂ ਨੇ ੨੨–੨੩ ਮਾਰਚ ੧੯੨੯ ਨੂੰ
ਹਿੰਦੁਸਤਾਨੀ ਅਕੈਡਮੀ ਦੇ ਸਾਹਮਣੇ ਕੀਤੀਆਂ ਸਨ

ਪਰਕਾਸ਼ਕ

ਮਹਿਕਮਾ ਪੰਜਾਬੀ ਪਟਿਆਲਾ

੧੯੫੪

ਪਹਿਲੀ ਵੇਰ ੧੦੦੦

ਮੁੱਲ–ਚਾਰ ਰੁਪਏ

ਆਰਮੀ ਪ੍ਰੈਸ, ਧਰਮਪੁਰਾ ਰੋਡ, ਪਟਿਆਲਾ ਵਿਚ ਛਪਿਆ

ਮੁਖਬੰਧ

'ਅਰਬ ਔਰ ਭਾਰਤ ਕੇ ਤਅੱਲੁਕਾਤ', ਉਰਦੂ ਦੇ ਮਹਾਨ ਲੇਖਕ ਮੌਲਾਨਾ ਸੁਲੇਮਾਨ ਨਦਵੀ ਦੀ ਇਕ ਅਮਰ-ਰਚਨਾ ਹੈ। ਪਿਛਲੇ ਸਾਲਾਂ ਵਿਚ ਭਾਰਤ ਦੀਆਂ ਲਗਭਗ ਸਾਰੀਆਂ ਬੋਲੀਆਂ ਵਿਚ ਇਸ ਦਾ ਅਨੁਵਾਦ ਕੀਤਾ ਜਾ ਚੁਕਾ ਹੈ। ਮਹਿਕਮਾ ਪੰਜਾਬੀ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਆਪਣੀ ਅਨੁਵਾਦ-ਲੜੀ ਦੀ ਚੌਥੀ ਪੁਸਤਕ ਦੇ ਰੂਪ ਵਿਚ ਪੰਜਾਬੀ ਸੰਸਾਰ ਦੀ ਭੇਟਾ ਕਰ ਰਿਹਾ ਹੈ।

ਭਾਰਤ ਦੀ ਸਭਿਅਤਾ ਉਤੇ ਸਭ ਤੋਂ ਵਧ ਪਰਭਾਵ ਅਰਬਾਂ ਦਾ ਪਿਆ ਹੈ। ਇਸ ਪੁਸਤਕ ਦੇ ਕਰਤਾ ਦੀ ਲਿਖਤ ਅਨੁਸਾਰ ਅਰਬ ਤੇ ਭਾਰਤ ਦੇ ਸਬੰਧ ਭੂਗੋਲਕ ਸੂਝ ਦੇ ਅਰੰਭ ਕਾਲ ਤੋਂ ਹੀ ਚਲੇ ਆਉਂਦੇ ਹਨ। ਅਰਬੀ ਸਾਹਿੱਤ ਵਿਚ ਇਸ ਸਬੰਧੀ ਬਹੁਤ ਲਿਖਤੀ ਮਸਾਲਾ ਮਿਲਦਾ ਹੈ ਜੋ ਕਿਸੇ ਵਿਦਵਾਨ ਦੀ ਖੋਜ ਖੁਣੋਂ ਹੁਣ ਤਕ ਅਖੋਂ ਉਹਲੇ ਰਿਹਾ ਹੈ। ਇਸੇ ਗਿਆਨ ਦੀ ਅਣਹੋਂਦ ਕਰਕੇ ਸਾਡੇ ਦੇਸ ਵਿਚ ਇਹ ਗ਼ਲਤ ਮਨੌਤ ਸੀਨਾ-ਬ-ਸੀਨਾ ਚਲੀ ਆਈ ਹੈ ਕਿ ਅਰਬਾਂ ਤੇ ਭਾਰਤੀਆਂ ਦਾ ਮੁਢ ਕਦੀਮ ਤੋਂ ਹੀ ਵੈਰ ਸੀ। ਮੌਲਾਨਾ ਨਦਵੀ ਜੀ ਨੇ ਸਾਰੇ ਪੁਰਾਣੇ ਅਰਬੀ ਰੀਕਾਰਡ ਦੀ ਪੁਣ-ਛਾਣ ਕਰ ਕੇ ਸਾਡੇ ਤੇ ਅਰਬਾਂ ਦੇ ਤਅੱਲੁਕਾਤ ਦੇ ਸੁਨਹਿਰੀ ਸਮੇਂ ਨੂੰ ਬੜੀ ਖ਼ੂਬੀ ਨਾਲ ਪੇਸ਼ ਕੀਤਾ ਹੈ। 'ਗੁਪਤਾ ਕਾਲ' ਤੋਂ ਲੈ ਕੇ ਮਹਿਮੂਦ ਗ਼ਜ਼ਨਵੀ ਦੇ ਸਮੇਂ ਤਕ ਦੇ ਹਾਲਾਤ ਇਸ ਪੁਸਤਕ ਵਿਚ ਦਰਜ ਕੀਤੇ ਗਏ ਹਨ। ਇਸ ਪੁਸਤਕ ਦੀ ਭਾਰੀ ਇਤਿਹਾਸਕ ਮਹੱਤਤਾ ਹੈ ਤੇ ਇਸੇ ਮਹੱਤਤਾ ਨੂੰ ਅਨੁਭਵ ਕਰਦਿਆਂ ਇਹ ਅਨੁਵਾਦ ਕੀਤਾ ਗਿਆ ਹੈ।

ਇਹ ਅਨੁਵਾਦ ਪ੍ਰੋ. ਜੋਗਿੰਦਰ ਸਿੰਘ ਐਮ. ਏ., ਐਮ. ਓ. ਐਲ., ਉਲਥਾਕਾਰ-ਕੋਸ਼ਕਾਰ, ਮਹਿਕਮਾ ਪੰਜਾਬੀ ਦੀ ਮਿਹਨਤ ਦਾ ਨਤੀਜਾ ਹੈ। ਅਸਲ ਪੁਸਤਕ ਮੌਲਾਨਾ ਨਦਵੀ ਦੇ ਲੈਕਚਰਾਂ ਦਾ ਸੰਗ੍ਰਹਿ ਹੈ।

ਇਸ ਲਈ ਅਨੁਵਾਦਕਾਰ ਨੇ ਅਨੁਵਾਦ ਵਿਚ ਵੀ ਲੈਕਚਰ ਦੀ ਸ਼ੈਲੀ ਨੂੰ ਜਿਉਂ ਦਾ ਤਿਉਂ ਰਖਿਆ ਹੈ। ਅਰਬੀ ਤੇ ਫ਼ਾਰਸੀ ਦੇ ਹਵਾਲਿਆਂ ਨੂੰ ਅਸਲ ਰੂਪ ਵਿਚ ਦੇ ਕੇ ਉਨ੍ਹਾਂ ਦੇ ਪੰਜਾਬੀ ਅਰਥ ਦਿਤੇ ਗਏ ਹਨ।

ਅਸਲ ਪੁਸਤਕ ਨਾਲੋਂ ਇਸ ਅਨੁਵਾਦ ਦੀ ਇਹ ਵਿਸ਼ੇਸ਼ਤਾ ਹੈ ਕਿ ਪੁਸਤਕ ਵਿਚ ਆਏ ਸਾਰੇ ਨਾਵਾਂ, ਥਾਵਾਂ ਤੇ ਘਟਨਾਵਾਂ ਦਾ ਵੇਰਵਾ, ਅੰਤਕਾ ਦੇ ਰੂਪ ਵਿਚ ਦੇ ਦਿਤਾ ਗਿਆ ਹੈ। ਇਹ ਅਨੁਵਾਦਕਾਰ ਦੀ ਉਚੇਚੀ ਮਿਹਨਤ ਤੇ ਖੋਜ ਦਾ ਨਤੀਜਾ ਹੈ। ਇਸ ਮੌਲਕ ਲਿਖਤ ਨੂੰ ਸ. ਲਾਲ ਸਿੰਘ ਇਨਚਾਰਜ ਉਲਥਾ ਭਾਗ ਨੇ ਸੰਪਾਦਨ ਕੀਤਾ ਹੈ।

ਇਹ ਪੁਸਤਕ ਸਾਡੇ ਤੇ ਅਰਬ ਦੇ ਸਭਿਆਚਾਰਕ ਸਬੰਧਾਂ ਨੂੰ ਸੁਹਾਵਣਾ ਬਣਾਉਣ ਵਿਚ ਬੜੀ ਲਾਭਵੰਦ ਸਾਬਤ ਹੋਣ ਵਾਲੀ ਹੈ। ਆਸ ਹੈ ਸਮੂਹ ਪੰਜਾਬੀ ਪਾਠਕ ਪੰਜਾਬ, ਭਾਰਤ ਤੇ ਅਰਬ ਦੇ ਪਿਛੋਕੜ ਨੂੰ ਬੜੀ ਦਿਲਚਸਪੀ ਨਾਲ ਪੜ੍ਹਨਗੇ ਅਤੇ ਵਿਦਵਾਨ ਖੋਜੀ ਦੀ ਘਾਲ ਦੀ ਪਰਸੰਸਾ ਕਰਨਗੇ।

ਮੰਗਲ ਸਿੰਘ,
ਡਾਇਰੈਕਟਰ,
ਮਹਿਕਮਾ ਪੰਜਾਬੀ,
ਪਟਿਆਲਾ।

ਮਿਤੀ ੧੨ ਜੁਲਾਈ, ੧੯੫੪

ਭੂਮਕਾ

ਚਿਰ ਤੋਂ ਮੇਰਾ ਇਹ ਵਿਚਾਰ ਸੀ ਕਿ ਅਰਬ ਤੇ ਹਿੰਦ ਦੇ ਸਬੰਧਾਂ ਉਤੇ ਇਕ ਲੜੀਵਾਰ ਬਿਆਨ ਕਿਸੇ ਲੈਕਚਰ ਜਾਂ ਰਸਾਲੇ ਦੇ ਰੂਪ ਵਿਚ ਦੇਸਵਾਸੀਆਂ ਅਗੇ ਪੇਸ਼ ਕਰਾਂ। ਇਸ ਵਿਗਿਆਨਕ ਸਚਾਈ ਨੂੰ ਸਾਬਤ ਕਰਨ ਦੇ ਇਲਾਵਾ ਇਹ ਮਨਸ਼ਾ ਵੀ ਸੀ ਕਿ ਦੇਸ ਦੀਆਂ ਹਿੰਦੂ ਤੇ ਮੁਸਲਮਾਨ ਦੋਹਾਂ ਕੌਮਾਂ ਨੂੰ, ਉਨ੍ਹਾਂ ਦਾ, ਉਹ ਸੁਨਹਿਰੀ ਸਮਾਂ ਯਾਦ ਕਰਾਵਾਂ ਜਦੋਂ ਕਿ ਦੋਵੇਂ ਕਈ ਤਰ੍ਹਾਂ ਦੇ ਮਿਲਾਪ, ਸਬੰਧਾਂ ਤੇ ਰਿਸ਼ਤਿਆਂ ਨਾਲ ਬੱਝੇ ਹੋਏ ਸਨ। ਮੈਂ ਹਿੰਦੁਸਤਾਨੀ ਅਕੈਡਮੀ, ਅਲਾਹਾਬਾਦ ਦਾ ਧੰਨਵਾਦੀ ਹਾਂ ਕਿ ਉਸ ਨੇ ਮੇਰੀ ਇਸ ਪੁਰਾਣੀ ਇਛਿਆ ਨੂੰ ਪੂਰਾ ਕਰਨ ਦਾ ਮੌਕਾ ਪੈਦਾ ਕੀਤਾ। ਮੈਨੂੰ ਆਸ ਹੈ ਕਿ ਜਿਸ ਸੱਚੀ ਭਾਵਨਾ ਨਾਲ ਇਹ ਖਿੰਡਿਆ ਪੁੰਡਿਆ ਤੇ ਵਿਕੋਲਿਤਰਾ ਗਿਆਨ ਕਈ ਪੁਸਤਕਾਂ ਤੋਂ ਛਾਂਟ ਕੇ ਤੇ ਹਜ਼ਾਰਾਂ ਪੰਨਿਆਂ ਨੂੰ ਪੜ੍ਹ ਕੇ ਇਨ੍ਹਾਂ ਵਰਕਿਆਂ ਵਿਚ ਇਕੱਠਾ ਕੀਤਾ ਗਿਆ ਹੈ, ਉਸੇ ਭਾਵਨਾ ਨਾਲ ਇਹ ਅੱਜ ਸੁਣਿਆ ਤੇ ਕਲ੍ਹ ਪੜ੍ਹਿਆ ਜਾਵੇਗਾ।

ਸਾਨੂੰ ਵਿਸ਼ਵਾਸ ਹੈ ਕਿ ਦੇਸ ਦੀ ਫੁੱਟ ਪਾਉਣ ਦੀ ਸਭ ਤੋਂ ਵੱਡੀ ਜ਼ਿਮੇਵਾਰੀ ਸਾਡੇ ਸਕੂਲਾਂ ਅਤੇ ਕਾਲਜਾਂ ਦੇ ਇਤਿਹਾਸ ਦਿਆਂ ਕੋਰਸਾਂ ਉਤੇ ਹੈ। ਇਸ ਲਈ ਅਜ ਸਾਡੇ ਕੌਮੀ ਇਤਿਹਾਸਕਾਰਾਂ ਦਾ ਫ਼ਰਜ਼ ਸਭ ਤੋਂ ਵੱਡਾ ਅਤੇ ਸਭ ਤੋਂ ਵਧੇਰੇ ਮਹੱਤਤਾ ਰਖਣ ਵਾਲਾ ਹੈ।

ਅਕਡਮੀ ਦੀ ਆਗਿਆ ਤਾਂ ਕੇਵਲ ਤਿੰਨ ਲੈਕਚਰਾਂ ਦੀ ਹੀ ਸੀ ਪਰ ਮੈਂ ਮੁਕੰਮਲ ਬਹਿਸ ਲਈ ਅਤੇ ਮਜ਼ਮੂਨ ਦੇ ਸਾਰੇ ਪਹਿਲੂਆਂ ਨੂੰ ਛੋਹਣ ਦੇ ਖਿਆਲ ਨਾਲ ਪੰਜ ਤਕਰੀਰਾਂ ਤਿਆਰ ਕੀਤੀਆਂ ਤਾਂ ਜੋ ਮਜ਼ਮੂਨ ਕਿਸੇ ਤਰ੍ਹਾਂ ਵੀ ਅਧੂਰਾ ਨਾ ਰਹਿ ਜਾਵੇ।


ਏਸ ਕਿਤਾਬ ਦੀਆਂ ਸਾਰੀਆਂ ਘਟਨਾਵਾਂ ਤੇ ਮਸਾਲਾ ਅਰਬੀ ਦੀਆਂ ਭਰੋਸੇ-ਯੋਗ ਪਰਮਾਣੀਕ ਪੁਸਤਕਾਂ ਤੋਂ ਪਰਾਪਤ ਕੀਤਾ ਗਿਆ ਹੈ। ਕਿਤੇ ਕਿਤੇ ਕਿਸੇ ਅੰਗਰੇਜ਼ੀ ਜਾਂ ਫਾਰਸੀ ਕਿਤਾਬ ਦਾ ਵੀ ਹਵਾਲ ਦਿੱਤਾ ਗਿਆ ਹੈ।

ਸੱਯਦ ਸੁਲੇਮਾਨ 'ਨਦਵੀ'

੨੦ ਅਪ੍ਰੈਲ, ੧੯੨੯ ਸ਼ਿਬਲੀ ਮੰਜ਼ਿਲ, ਆਜ਼ਮਗੜ੍ਹ।

ਵਿਸ਼ੈ ਸੂਚੀ

ਗੁਜਰਾਤ ਤੇ ਸਿੰਧ ਦਾ ਦੁਨੀਆਂ ਵਿਚ ਸਭ ਤੋਂ ਪਹਿਲਾ ਨਕਸ਼ਾ



(ਸ਼ਾਹ ਅਵਧ ਦੇ ਪੁਸਤਕਾਲੇ ਵਾਲੇ ਨੁਸਖ਼ੇ ਤੋਂ ਏਲੀਅਟ ਨੇ ਨਕਲ ਕੀਤਾ)

ਅਰਬ ਤੇ ਹਿੰਦ ਦੇ ਸਬੰਧ

ਸਬੰਧਾਂ ਦਾ ਮੁਢ

ਤੇ

ਹਿੰਦ ਦੇ ਅਰਬ ਯਾਤਰੂ

ਅਰਬ ਤੇ ਹਿੰਦ ਦੋਵੇਂ ਦੇਸ ਦੁਨੀਆ ਦੀਆਂ ਦੋ ਸ਼ਾਨਦਾਰ ਕੌਮਾਂ ਦੇ ਧਾਰਮਕ ਤੀਰਥ ਤੇ ਪੂਜ ਅਸਥਾਨ ਹਨ ਅਤੇ ਦੋਵੇਂ ਆਪਣੀ ਆਪਣੀ ਥਾਂ ਆਪੋ ਆਪਣੀਆਂ ਕੌਮਾਂ ਦੇ ਖ਼ਿਆਲ ਵਿਚ ਪਾਕ ਤੇ ਪਵਿੱਤਰ ਹਨ। ਇਸ ਗੱਲ ਵਿਚ ਬਹੁਤ ਸਾਰੇ ਮੱਤ-ਭੇਦ ਹਨ ਕਿ ਹਿੰਦੁਸਤਾਨ ਦੇ ਆਦੀ-ਵਾਸੀ ਕੌਣ ਸਨ ? ਆਰੀਆ ਕੌਮ ਦਾ ਦਾਵਾ ਤਾਂ ਤੁਸਾਂ ਨੇ ਸੁਣਿਆ ਹੀ ਹੋਵੇਗਾ ਪਰ ਕੀ ਅਰਬਾਂ ਦਾ ਪੁਰਾਣਾ ਦਾਵਾ ਵੀ ਸੁਣਿਆ ਹੈ ? ਕਈ ਹਜ਼ਾਰ ਵਰ੍ਹੇ ਹੋਏ ਆਰੀਆ ਲੋਕ ਇਸ ਦੇਸ ਵਿਚ, ਮੱਧ ਏਸ਼ੀਆ ਤੋਂ ਪੰਜਾਬ ਵਿਚ ਆਏ ਅਤੇ ਫੇਰ ਅੱਗੇ ਵੱਧ ਕੇ ਗੰਗਾ ਜਮਨਾ ਦੇ ਦੁਆਬੇ ਵਿਚ ਪਸਰ ਗਏ ਪਰ ਅਰਬ ਵਾਲਿਆਂ ਦਾ ਇਹ ਦਾਵਾ ਹੈ ਕਿ ਹਿੰਦੁਸਤਾਨ ਨਾਲ ਇਨ੍ਹਾਂ ਦਾ ਸਬੰਧ ਕੇਵਲ ਕੁਝ ਕੁ ਹਜ਼ਾਰ ਵਰ੍ਹਿਆਂ ਤੋਂ ਹੀ ਨਹੀਂ, ਸਗੋਂ ਦੁਨੀਆ ਦੀ ਰਚਨਾ ਦੇ ਆਰੰਭ ਤੋਂ ਇਹ ਦੇਸ ਉਨ੍ਹਾਂ ਦਾ 'ਜੱਦੀ ਵਤਨ' ਹੈ।

ਹਦੀਸਾਂ ਅਤੇ ਤਫ਼ਸੀਰਾਂ ਵਿਚ ਜਿੱਥੇ ਕਿਤੇ ਵੀ ਹਜ਼ਰਤ ਆਦਮ ਦਾ ਪਰਸੰਗ ਹੈ, ਉਥੇ ਕਈ ਰਵਾਇਤਾਂ ਰਾਹੀਂ ਇਹ ਗੱਲ ਆਉਂਦੀ ਹੈ ਕਿ ਹਜ਼ਰਤ ਆਦਮ ਜਦ ਅਸਮਾਨੀ ਬਹਿਸ਼ਤ ਵਿਚੋਂ ਕੱਢੇ ਗਏ ਤਾਂ ਉਹ ਇਸੇ ਧਰਤੀ ਦੀ 'ਜੰਨਤ' ਵਿਚ ਜਿਸ ਦਾ ਨਾਂ 'ਹਿੰਦੁਸਤਾਨ ਜੰਨਤ ਨਿਸ਼ਾਨ' ਹੈ ਉਤਾਰੇ ਗਏ। ਸਰੰਦੀਪ (ਲੰਕਾ) ਵਿਚ ਉਨ੍ਹਾਂ ਨੇ ਪਹਿਲਾਂ ਪੈਰ ਪਾਏ ਜਿਸ ਦਾ ਨਿਸ਼ਾਨ ਉਥੋਂ ਦੇ ਇਕ ਪਹਾੜ ਉਤੇ ਮੌਜੂਦ ਹੈ। 'ਇਬਨ ਜਰੀਰ' 'ਇਬਨ ਅਬੀ ਹਾਤਿਮ' ਅਤੇ 'ਹਾਕਿਮ'* ਵਿਚ ਲਿਖਿਆ ਹੈ ਕਿ ਹਿੰਦੁਸਤਾਨ ਦੀ ਉਸ ਧਰਤੀ ਦਾ ਨਾਂ, ਜਿੱਥੇ ਹਜ਼ਰਤ ਆਦਮ ਉਤਰੇ 'ਦਜਨਾ' ਹੈ। ਕੀ ਇਹ ਕਿਹਾ ਜਾ ਸਕਦਾ ਹੈ ਕਿ ਇਹ 'ਦਜਨਾ' ਹਿੰਦੀ ਦਾ 'ਦਖਨਾ' ਜਾਂ 'ਦੱਖਣ' ਹੈ ਜੋ ਹਿੰਦੁਸਤਾਨ ਦੇ ਦੱਖਣੀ ਹਿੱਸੇ ਦਾ ਪਰਸਿੱਧ ਨਾਂ ਹੈ ? ਕਿਉਂਕਿ ਅਰਬ ਦੇਸ ਵਿਚ ਕਈ ਕਿਸਮ ਦੀਆਂ ਖੁਸ਼ਬੂਆਂ ਤੇ ਮਸਾਲੇ ਇਸੇ ਦੱਖਣੀ ਹਿੰਦ ਤੋਂ ਜਾਂਦੇ ਸਨ ਅਤੇ ਫੇਰ ਅਰਬ ਰਾਹੀਂ ਉਹ ਸਾਰੀ ਦੁਨੀਆ ਵਿਚ ਫੈਲਦੇ ਸਨ, ਇਸ ਲਈ ਉਨ੍ਹਾਂ ਦਾ ਬਿਆਨ ਹੈ ਕਿ ਇਹ ਚੀਜ਼ਾਂ ਉਨ੍ਹਾਂ ਤੁਹਫ਼ਿਆਂ ਦੀਆਂ ਯਾਦਗਾਰਾਂ ਹਨ ਜੋ ਹਜ਼ਰਤ ਆਦਮ ਆਪਣੇ ਨਾਲ ਬਹਿਸ਼ਤੋਂ ਲਿਆਏ ਸਨ। ਇਨ੍ਹਾਂ ਤੁਹਫ਼ਿਆਂ ਵਿਚੋਂ ਛੁਹਾਰੇ ਤੋਂ ਛੁਟ ਦੋ ਫਲ, ਅਰਥਾਤ ਨਿੰਬੂ ਅਤੇ ਕੇਲਾ, ਹਿੰਦੁਸਤਾਨ ਹੀ ਵਿਚ ਮੌਜੂਦ ਹਨ। ਇਕ ਹੋਰ ਰਵਾਇਤ ਵਿਚ ਹੈ ਕਿ ਅਮਰੂਦ ਵੀ ਜੰਨਤ ਦਾ ਹੀ ਮੇਵਾ ਸੀ ਜੋ ਹਿੰਦੁਸਤਾਨ ਵਿਚ ਮਿਲਦਾ ਹੈ।

ਇਕ ਰਵਾਇਤ ਹੈ ਕਿ ਜੰਨਤ ਵਿਚੋਂ ਚਾਰ ਦਰਿਆ ਨਿਕਲੇ 'ਨੀਲ' 'ਫ਼ੁਰਾਤ' 'ਜੇਹੂੰ' ਅਤੇ 'ਸੇਹੂੰ'। ਨੀਲ ਤਾਂ ਮਿਸਰ ਦਾ ਦਰਿਆ ਹੈ ਜਿਸ ਉੱਤੇ ਮਿਸਰ ਦੀ ਖੇਤੀਬਾੜੀ ਨਿਰਭਰ ਹੈ, ਇਸੇ ਤਰ੍ਹਾਂ ਫ਼ੁਰਾਤ ਦੀ ਉਹ ਮਹੱਤਤਾ, ਜੋ ਇਰਾਕ ਦੇ ਹਰੇ ਭਰੇ ਤੇ ਖ਼ੁਸ਼ਹਾਲ ਹੋਣ ਦਾ ਕਾਰਣ ਹੈ, ਸਪਸ਼ਟ ਹੈ। ਜੇਹੂੰ ਤੁਰਕਿਸਤਾਨ ਦਾ ਦਰਿਆ ਹੈ ਅਤੇ ਤੁਰਕਿਸਤਾਨ ਲਈ ਇਸ ਦੀ

*ਤਫ਼ਸੀਰ ਦਰ ਮਨਸੂਰ ਸਿਉਤੀ ਜਿਲਦ ਪਹਿਲੀ ਪੰਨਾ ੫੫ ਮਿਸਰ ਵਿਚ, ਇਹ ਤੇ ਇਸ ਦੇ ਪਿਛੋਂ ਦੀਆਂ ਰਵਾਇਤਾਂ ਮੌਜੂਦ ਹਨ। ਨਾਲੇ ਸੁਬਹਾਤੁਲ ਮਰਜਾਨ ਫੀ ਤਾਰੀਖ ਹਿੰਦੁਸਤਾਨ ਦਾ ਪਹਿਲਾ ਕਾਂਡ ਪੜ੍ਹਨਾ ਚਾਹੀਦਾ ਹੈ।

ਉਹੀ ਮਹੱਤਤਾ ਹੈ ਜੋ ਨੀਲ ਤੇ ਫ਼ੁਰਾਤ ਦੀ ਮਿਸਰ ਤੇ ਇਰਾਕ ਲਈ ਹੈ। ਸੇਹੂੰ ਬਾਰੇ ਇਉਂ ਦੱਸਿਆ ਗਿਆ ਹੈ ਕਿ ਹਿੰਦੁਸਤਾਨ ਦੇ ਇਕ ਦਰਿਆ ਦਾ ਨਾਂ ਹੈ। ਕੀ ਜੰਨਤ ਦੇ ਇਸ ਚੌਥੇ ਦਰਿਆ ਨੂੰ 'ਗੰਗਾ' ਸਮਝ ਲਈਏ ? ਕੁਝ ਲੋਕਾਂ ਨੇ ਇਸ ਨੂੰ ਸਿੰਧ ਨਦੀ ਮੰਨਿਆ ਹੈ।

ਮੀਰ ਆਜ਼ਾਦ ਬਿਲਗਰਾਮੀ ਨੇ 'ਸੁਬਹਾਤੁਲ ਮਰਜਾਨ ਫ਼ੀ ਆਸਾਰੇ ਹਿੰਦੁਸਤਾਨ' ਵਿਚ ਕਈ ਪੰਨੇ ਹਿੰਦੁਸਤਾਨ ਦੇ ਇਸ ਵਡੱਪਣ ਦੇ ਬਿਆਨ ਦੀ ਭੇਟਾ ਕੀਤੇ ਹਨ । ਇਸ ਵਿਚ ਏਥੋਂ ਤਕ ਆਖਿਆ ਹੈ ਕਿ ਜਦ ਆਦਮ ਸਭ ਤੋਂ ਪਹਿਲਾਂ ਹਿੰਦੁਸਤਾਨ ਵਿਚ ਉਤਰੇ ਅਤੇ ਏਥੇ ਉਨ੍ਹਾਂ ਉੱਤੇ ਵਹੀ ਨਾਜ਼ਲ ਹੋਈ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਇਹੀ ਉਹ ਮੁਲਕ ਹੈ ਜਿਥੇ ਖ਼ੁਦਾ ਦੀ ਪਹਿਲੀ ਵਹੀ ਉਤਰੀ, ਕਿਉਂਕਿ ਮਹੰਮਦੀ ਨੂਰ ਹਜ਼ਰਤ ਆਦਮ ਦੇ ਮੱਥੇ ਵਿਚ ਅਮਾਨਤ ਸੀ । ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੁਹੰਮਦ ਰਸੂਲੁੱਲ੍ਹਾ (ਉਸ ਉਤੇ ਰੱਬ ਦੀ ਮਿਹਰ ਹੋਵੇ) ਦਾ ਮੁੱਢਲਾ ਪਰਗਟਾ ਇਸੇ ਧਰਤੀ ਤੇ ਹੋਇਆ, ਇਸੇ ਲਈ ਆਪ ਨੇ ਫ਼ਰਮਾਇਆ ਕਿ "ਮੈਨੂੰ ਹਿੰਦੁਸਤਾਨ ਵਲੋਂ ਰੱਬਾਨੀ ਖ਼ੁਸ਼ਬੂ ਆਉਂਦੀ ਹੈ।" ਇਹ ਸਾਰੀਆਂ ਰਵਾਇਤਾਂ ਭਾਵੇਂ ਹਦੀਸ ਦੇ ਫ਼ਨ ਦੇ ਲਿਹਾਜ਼ ਨਾਲ ਬਹੁਤ ਘਟੀਆ ਦਰਜੇ ਦੀਆਂ ਹਨ ਪਰ ਤਾਂ ਵੀ ਇਨ੍ਹਾਂ ਤੋਂ ਇੰਨਾ ਜ਼ਰੂਰ ਸਾਬਤ ਹੁੰਦਾ ਹੈ ਕਿ ਆਮ ਤੌਰ ਤੇ ਜੋ ਇਹ ਸਮਝਿਆ ਜਾਂਦਾ ਹੈ ਕਿ ਮੁਸਲਮਾਨਾਂ ਦਾ ਸਬੰਧ ਹਿੰਦੁਸਤਾਨ ਨਾਲ ਮਹਿਮੂਦ ਗ਼ਜ਼ਨਵੀ ਦੀਆਂ ਜਿੱਤਾਂ ਦੇ ਸਿਲਸਲੇ ਵਿਚ ਹੋਇਆ ਅਤੇ ਉਹ ਇਸ ਦੇ ਪਿੱਛੋਂ ਏਥੇ ਆ ਕੇ ਆਬਾਦ ਹੋਏ, ਕਿੰਨਾ ਗ਼ਲਤ ਹੈ। ਅਸਲ ਗੱਲ ਇਹ ਹੈ ਕਿ ਮੁਸਲਮਾਨ ਇਸ ਮੁਲਕ ਨੂੰ ਆਪਣਾ ਜਿੱਤਿਆ ਮੁਲਕ ਨਹੀਂ, ਸਗੋਂ ਆਪਣਾ ਮੌਰੂਸੀ ਤੇ ਜੱਦੀ ਵਤਨ ਸਮਝਦੇ ਹਨ ਅਤੇ ਜੋ ਨਹੀਂ ਸਮਝਦੇ, ਉਨ੍ਹਾਂ ਨੂੰ ਇਉਂ ਸਮਝਣਾ ਚਾਹੀਦਾ ਹੈ। ਭਲਾ ਇਹ ਤਾਂ ਇਤਿਹਾਸੋਂ ਪਹਿਲੇ ਸਮਿਆਂ ਦੀਆਂ ਗੱਲਾਂ ਹਨ ਜੇ ਇਤਿਹਾਸਕ ਦ੍ਰਿਸ਼ਟੀ ਨਾਲ ਵੇਖੀਏ ਤਾਂ ਮਲੂਮ ਹੋਵੇਗਾ ਕਿ ਮੁਸਲ-ਮਾਨ ਮ਼ਹਿਮੂਦ ਤੋਂ ਸੈਂਕੜੇ ਵਰ੍ਹੇ ਪਹਿਲਾਂ ਹਿੰਦੁਸਤਾਨ ਵਿਚ ਆ ਚੁੱਕੇ ਸਨ ਅਤੇ ਥਾਂ ਥਾਂ ਉਨ੍ਹਾਂ ਦੀਆਂ ਨੌ-ਆਬਾਦੀਆਂ ਕਾਇਮ ਸਨ।

ਇਸਲਾਮ ਦੇ ਪਿਛੋਂ ਅਰਬਾਂ ਤੇ ਮੁਸਲਮਾਨਾਂ ਵਿਚ ਖ਼ਾਨਦਾਨੀ ਹੈਸੀਅਤ ਨਾਲ ਸਭ ਤੋਂ ਵੱਡਾ ਦਰਜਾ ਸਾਦਾਤ ਅਥਵਾ ਸੱਯਦਾਂ ਦਾ ਹੈ। ਮੌਜੂਦਾ ਸਾਦਾਤ ਖ਼ਾਨਦਾਨਾਂ ਦਾ ਬਹੁਤ ਵੱਡਾ ਹਿੱਸਾ ਹਜ਼ਰਤ ਇਮਾਮ ਹੁਸੈਨ ਦੇ ਸਾਹਿਬਜ਼ਾਦੇ ਹਜ਼ਰਤ ਇਮਾਮ ਜ਼ੈਨੁਲਆਬਦੀਨ ਦੀ ਨਸਲ ਵਿਚੋਂ ਹੈ। ਹਜ਼ਰਤ ਜ਼ੈਨੁਲਆਬਦੀਨ ਦੇ ਮਾਤਾ ਜੀ ਅਰਬੀ ਨਹੀਂ ਸਨ। ਈਰਾਨੀਆਂ ਦਾ ਦਾਵਾ ਹੈ ਕਿ ਉਹ ਈਰਾਨੀ ਸਨ ਅਤੇ ਸ਼ਾਹੀ ਖ਼ਾਨਦਾਨ ਵਿਚੋਂ ਸਨ, ਪਰ ਇਤਿਹਾਸਕਾਰਾਂ ਵਿਚੋਂ ਕੁਝ ਦਸਦੇ ਹਨ ਕਿ ਉਹ ਸਿੰਧੀ ਸਨ।* ਜੇ ਇਹ ਆਖਰੀ ਗੱਲ ਠੀਕ ਹੋਵੇ ਤਾਂ ਇਸ ਦੇ ਮੰਨਣ ਵਿਚ ਕੀ ਉਜ਼ਰ ਹੋ ਸਕਦਾ ਹੈ ਕਿ ਅਰਬ ਅਤੇ ਇਸਲਾਮ ਦੀ ਸਭ ਤੋਂ ਸਾਊ ਤੇ ਪਵਿੱਤਰ ਕੁਲ ਦੇ ਪੈਦਾ ਕਰਨ ਵਿਚ ਹਿੰਦੁਸਤਾਨ ਦਾ ਵੀ ਹਿੱਸਾ ਹੈ? ਅਤੇ ਇਹ ਆਖਣਾ ਵੀ ਠੀਕ ਹੋਵੇਗਾ ਕਿ ਮੁਸਲਮਾਨ ਹੋਣ ਭਾਵੇਂ ਨਾ ਹੋਣ ਪਰ ਸਾਦਾਤ ਜ਼ੈਨੁਲਆਬਦੀਨ ਅਲੀ ਦੀ ਆਲ ਉਲਾਦ ਵਾਲੇ ਹਮੇਸ਼ਾ ਤੋਂ ਅਰਧ-ਭਾਰਤੀ ਹਨ।

ਉੱਤਰੀ ਹਿੰਦੁਸਤਾਨ ਵਿਚ ਖ਼ੈਬਰ ਦੱਰੇ ਵਿਚੋਂ ਲੰਘ ਕੇ ਆਉਣ ਵਾਲੇ ਮੁਸਲਮਾਨ ਤੁਰਕਾਂ ਤੇ ਅਫ਼ਗ਼ਾਨਾਂ ਦਾ ਸਮਾਂ ਚੌਥੀ ਸਦੀ ਹਿਜਰੀ ਦਾ ਮੁੱਢ ਹੈ। ਚੁਨਾਂਚਿ ਮਹਿਮੂਦ ਨੇ ਲਾਹੌਰ ਸੰਨ ੪੧੮ ਹਿ. ਵਿਚ ਫ਼ਤਿਹ ਕੀਤਾ ਪਰ ਦੱਖਣੀ ਹਿੰਦੁਸਤਾਨ ਮਲੀਬਾਰ ਅਤੇ ਕਾਰੋਮੰਡਲ ਤੋਂ ਗੁਜਰਾਤ ਤਕ ਦਾ ਇਲਾਕਾ ਇਸ ਤੋਂ ਸੈਂਕੜੇ ਸਾਲ ਪਿਛੋਂ ਤਕ ਵੀ ਮੁਸਲਮਾਨਾਂ ਦੇ ਕਬਜ਼ੇ ਵਿਚ ਨਹੀਂ ਆਇਆ। ਗੁਜਰਾਤ ਨੂੰ ਸੁਲਤਾਨ ਅਲਾਉੱਦੀਨ ਖ਼ਿਲਜੀ ਨੇ ਸੰਨ ੬੯੭ ਇ. ਵਿਚ ਫ਼ਤਿਹ ਕਰ ਕੇ ਦਿੱਲੀ ਦੇ ਅਧੀਨ ਇਲਾਕਿਆਂ ਵਿਚ ਸ਼ਾਮਲ ਕੀਤਾ ਅਤੇ ਮਦਰਾਸ ਵਲ ਕੇਵਲ ਓਸੇ ਸਮੇਂ ਵਿਚ ਇਕ ਵਾਰੀ ਸੁਲਤਾਨ ਅਲਾਉੱਦੀਨ ਦੀਆਂ ਫੌਜਾਂ ਮਲੀਬਾਰ ਤੇ ਕਾਰੋਮੰਡਲ ਦੇ ਸਾਹਿਲ ਤਕ ਪਾਰ ਲੰਘ ਗਈਆਂ ਸਨ ਪਰ ਇਹ ਜਿੱਤ ਚਿਰਾਂਸਥਾਈ ਨਹੀਂ ਸੀ ਕਿਉਂਕਿ ਅੱਗੇ ਨੂੰ ਬੀਜਾਨਗਰ ਨੇ ਬੰਧ

*ਵੇਖੋ ਕਿਤਾਬੁਲ ਮੁਆਰਿਫ਼ ਇਬਨ ਕੁਤੈਬਾ ਅਤੇ ਇਬਨ ਖ਼ੁਲਕਾਨ ਅਲੀ ਬਿਨ ਹੁਸੈਨ ਜ਼ੈਨੁਲਆਬਦੀਨ (ਉਨ੍ਹਾਂ ਦੋਹਾਂ ਕੋਲੋਂ ਰੱਬ ਰਾਜ਼ੀ ਰਹੇ) ਦਾ ਵੇਰਵਾ।

ਬਣ ਕੇ ਸਦੀਆਂ ਤੋੜੀਂ ਅਫ਼ਗਾਨਾਂ ਤੇ ਮੁਗਲਾਂ ਨੂੰ ਅੱਗੇ ਵਧਣ ਨਹੀਂ ਦਿੱਤਾ। ਦੱਖਣ ਦੇ ਬਹਿਮਨੀ ਰਾਜ ਦਾ ਸਾਰਾ ਜੀਵਨ ਬੀਜਾਪੁਰ ਨਾਲ ਲੜਾਈ ਝਗੜਿਆਂ ਵਿਚ ਬੀਤਿਆ, ਪਰ ਕਰਿਸ਼ਨਾ ਤੋਂ ਅੱਗੇ ਉਹ ਕਿਸੇ ਤਰ੍ਹਾਂ ਵੀ ਵੱਧ ਨਾ ਸਕਿਆ। ਬਹਿਮਨੀ ਸਲਤਨਤ ਦੀ ਚਿਤਾ ਵਿਚੋਂ ਜੋ ਪੰਜ ਲਾਟਾਂ ਉੱਠੀਆਂ, ਉਨ੍ਹਾਂ ਨੇ ਬੜੀ ਔਖ ਨਾਲ ੧੫੬੫ ਈ. ਵਿਚ ਬੀਜਾਪੁਰ ਹਿੰਦੂ ਰਾਜ ਨੂੰ ਸਾੜ ਕੇ ਸੁਆਹ ਕੀਤਾ ਫੇਰ ਵੀ ਛੋਟੀਆਂ ਛੋਟੀਆਂ ਹਿੰਦੂ ਰਿਆਸਤਾਂ ਆਲਮਗੀਰ ਦੇ ਸਮੇਂ ਤਕ ਕਾਇਮ ਰਹੀਆਂ। ਅਰਕਾਟ, ਮੈਸੂਰ ਅਤੇ ਮਦਰਾਸ ਦੇ ਇਲਾਕਿਆਂ ਉੱਤੇ ਮੁਸਲਮਾਨਾਂ ਨੇ ਉਂਜ ਹੀ ਅਟਿਕਵੇਂ ਜੇਹੇ ਪੈਰ ਰੱਖੇ ਪਰ ਇਨ੍ਹਾਂ ਵਿਚੋਂ ਕੋਈ ਵੀ ਚਿਰ ਤਕ ਏਥੇ ਜਮ ਨਾ ਸਕਿਆ।

ਏਸ ਜਾਚ ਪੜਤਾਲ ਤੋਂ ਮੇਰਾ ਮਤਲਬ ਇਹ ਸਿੱਧ ਕਰਨਾ ਹੈ ਕਿ ਹਿੰਦੁਸਤਾਨ ਦੇ ਕਿਹੜੇ ਇਲਾਕਿਆਂ ਉੱਤੇ ਖ਼ੈਬਰ ਦੱਰੇ ਤੋਂ ਉੱਠਣ ਵਾਲੀਆ ਲਹਿਰਾਂ ਦਾ ਸਿੱਧਾ, ਜਾਂ ਕਿਸੇ ਰਾਹੀਂ, ਅਸਰ ਕਦੋਂ ਪਿਆ ਅਤੇ ਸਾਡੇ ਇਸ ਮਜ਼ਮੂਨ ਦਾ ਸਬੰਧ ਹਿੰਦੁਸਤਾਨ ਦੇ ਕਿਸ ਇਲਾਕੇ ਨਾਲ ਕਿਸ ਸਮੇਂ ਤਕ ਹੈ ?

ਪੰਜਾਬ ਸੰਨ ੪੧੪ ਹਿ. ੧੦੨੩ ਈ.।

ਸਿੰਧ ਸੰਨ ੫੮੨ ਹਿ. ੧੧੮੬ ਈ.।

ਦਿੱਲੀ, ਕਨੌਜ, ਅਵਧ, ਬਨਾਰਸ ਸੰ. ੫੮੯ ਹਿ. ੧੧੯੩ ਈ.।

ਬਿਹਾਰ ਤੇ ਬੰਗਾਲ ਸੰ. ੫੯੩–੯੫ ਹਿ. ਸੰ. ੧੧੯੫–੯੬ ਈ.।

ਦੱਖਣ (ਦੇਵਗੀਰ) ਸੰ. ੬੯੩ ਹਿ. ਸੰ. ੧੨੯੪ ਈ.।

ਗੁਜਰਾਤ ਸੰ. ੬੯੭ ਹਿ. ਸੰ. ੧੨੯੭ ਈ.।

ਮਹਾਰਾਸ਼ਟਰ, ਮਦਰਾਸ ਸੰ. ੭੧੨ ਹਿ. ਸੰ. ੧੩੧੨ ਈ.।

ਹੁਣ ਅਸੀਂ ਅਰਬਾਂ ਅਤੇ ਹਿੰਦੂਆਂ ਦੇ ਪਰਸਪਰ ਸਬੰਧਾਂ ਦੀ ਵਿਆਖਿਆ ਕਰਦੇ ਹੋਏ ਉਪਰੋਕਤ ਹਰ ਸੂਬੇ ਬਾਰੇ ਖ਼ੈਬਰ ਤੋਂ ਆਉਣ ਵਾਲੀਆਂ ਕੌਮਾਂ ਦੇ ਹੱਥੋਂ ਉਸ ਦੇ ਜਿੱਤੇ ਜਾਣ ਤਕ ਦੇ ਹਾਲਾਤ ਬਿਆਨ ਕਰ ਸਕਦੇ ਹਾਂ।

ਹਿੰਦੁਸਤਾਨ ਤੇ ਅਰਬ ਦੁਨੀਆ ਦੇ ਉਹ ਮੁਲਕ ਹਨ ਜੋ ਇਕ ਤਰ੍ਹਾਂ ਨਾਲ ਗੁਆਂਢੀ ਜਾਂ ਹਮਸਾਏ ਅਖਵਾ ਸਕਦੇ ਹਨ। ਇਨ੍ਹਾਂ ਵਿਚਕਾਰ ਕੇਵਲ ਸਮੁੰਦਰ ਹੀ ਪੈਂਦਾ ਹੈ ਜਿਸ ਦੀ ਪੱਧਰ ਉੱਤੇ ਅਜੇਹੇ ਵਿਸ਼ਾਲ ਤੇ ਲੰਮੇ ਚੌੜੇ ਜਲਮਾਰਗ ਹਨ ਜੋ ਇਕ ਦੇਸ ਨੂੰ ਦੂਜੇ ਨਾਲ ਮੇਲਦੇ ਹਨ। ਇਹ ਦੋਵੇਂ ਦੇਸ ਇਕ ਸਮੁੰਦਰ ਦੇ ਦੋ ਆਮ੍ਹੋ-ਸਾਮਣੇ ਦੇ ਕੰਢੇ ਹਨ। ਇਸ ਬਹੁ ਸਾਗਰ ਦੇ ਇਕ ਹੱਥ ਨੇ ਜੇ ਅਰਬਾਂ ਦੀ ਪਵਿੱਤਰ ਧਰਤੀ, ਅਰਜ਼ੇਹਰਮ ਦੇ ਪੱਲੇ ਨੂੰ ਥੰਮਿਆ ਹੋਇਆ ਹੈ ਤਾਂ ਇਹ ਦੂਜੇ ਹੱਥ ਨਾਲ ਹਿੰਦੂਆਂ ਦੇ ਆਰੀਆ-ਵਰਤ ਦੇ ਚਰਨ ਛੋਂਹਦਾ ਹੈ। ਸਮੁੰਦਰ ਕੰਢੇ ਦੇ ਮੁਲਕ ਕੁਦਰਤੀ ਤੌਰ ਤੇ ਵਪਾਰੀ ਹੁੰਦੇ ਹਨ ਤੇ ਵਪਾਰ ਹੀ ਉਹ ਰਿਸ਼ਤਾ ਹੈ ਜਿਸ ਨੇ ਇਨ੍ਹਾਂ ਦੋਹਾਂ ਕੌਮਾਂ ਨੂੰ ਇਕ ਦੂਜੇ ਦਾ ਜਾਣੂ ਕਰਵਾਇਆ ਹੈ। ਅਰਬ ਸੁਦਾਗਰ ਹਜ਼ਾਰਾਂ ਸਾਲ ਪਹਿਲਾਂ ਤੋਂ ਹਿੰਦੁਸਤਾਨ ਦੇ ਕੰਢਿਆਂ ਤਕ ਆਉਂਦੇ ਸਨ ਅਤੇ ਏਥੋਂ ਦੇ ਮਾਲ ਤੇ ਪੈਦਾਵਾਰ ਨੂੰ ਮਿਸਰ ਅਤੇ ਸ਼ਾਮ ਰਾਹੀਂ ਯੂਰਪ ਤਕ ਪਚਾਹੁੰਦੇ ਸਨ ਅਤੇ ਉਥੋਂ ਦੇ ਮਾਲ ਨੂੰ ਹਿੰਦੁਸਤਾਨ, ਭਾਰਤੀ ਦੀਪ ਸਮੂਹ, ਚੀਨ ਅਤੇ ਜਾਪਾਨ ਤਕ ਲੈ ਜਾਂਦੇ ਸਨ।

ਅਰਬਾਂ ਦਾ ਰਾਹ ਇਹ ਸੀ, ਉਹ ਮਿਸਰ ਅਤੇ ਸ਼ਾਮ ਦੇ ਸ਼ਹਿਰਾਂ ਤੋਂ ਚੱਲ ਕੇ ਕੁੱਕੇ ਸੁੱਕੇ ਲਾਲ ਸਾਗਰ (Red Sea) ਦੇ ਕੰਢੇ ਕੰਢੇ ਹੁੰਦੇ ਹੋਏ ਹਿਜਾਜ਼ ਨੂੰ ਪਾਰ ਕਰ ਕੇ ਯਮਨ ਤਕ ਪੁਜਦੇ ਸਨ ਅਤੇ ਉਥੋਂ ਬਾਦਬਾਨੀ ਕਿਸ਼ਤੀਆਂ ਤੇ ਬੈਠ ਕੇ ਕੁਝ ਤਾਂ ਉਥੋਂ ਹੀ ਸਮੁੰਦਰ ਦੇ ਕੰਢੇ ਕੰਢੇ ਹਜ਼ਰ ਮੌਤ, ਉੱਮਾਨ ਬਹਿਰੈਨ ਅਤੇ ਇਰਾਕ ਦੇ ਕੰਢਿਆਂ ਤੋਂ ਲੰਘਦੇ ਫ਼ਾਰਸ ਖਾੜੀ ਦੇ ਈਰਾਨੀ ਕੰਢਿਆਂ ਨੂੰ ਪਾਰ ਕਰ ਕੇ ਜਾਂ ਤਾਂ ਬਲੋਚਿਸਤਾਨ ਦੀ ਬੰਦਰਗਾਹ ਤੀਜ਼ ਤੇ ਆ ਉਤਰਦੇ ਜਾਂ ਅੱਗੇ ਵਧ ਕੇ ਸਿੰਧ ਦੀ ਬੰਦਰਗਾਹ ਦੇਬਲ (ਕਰਾਚੀ) ਚਲੇ ਆਉਂਦੇ ਸਨ। ਹੋਰ ਅਗੇ ਵਧ ਕੇ ਉਹ ਗੁਜਰਾਤ ਤੇ ਕਾਠੀਆਵਾੜ ਦੀ ਬੰਦਰਗਾਹ ਥਾਨਾ (ਬੰਬਈ) ਖੰਬਾਇਤ ਚਲੇ ਜਾਂਦੇ ਸਨ। ਫੇਰ ਅੱਗੇ ਵਧਦੇ ਸਨ ਅਤੇ ਸਮੁੰਦਰੋ ਸਮੁੰਦਰ ਕਾਲੀਕਟ ਅਤੇ ਰਾਸ ਕੁਮਾਰੀ ਪੁਜਦੇ ਸਨ। ਕਦੇ ਉਹ ਮਦਰਾਸ ਦੇ ਕਿਸੇ ਕੰਢੇ ਤੇ ਠਹਿਰਦੇ ਸਨ ਤੇ ਕਦੇ

ਸਰੰਦੀਪ ਤੇ ਇੰਡਮਾਨ ਹੋ ਕੇ ਫੇਰ ਸਿੱਧੇ ਮਦਰਾਸ ਦੀਆਂ ਮੁਖ਼ਤਲਿਫ਼ ਬੰਦਰਗਾਹਾਂ ਤੇ ਚੱਕਰ ਲਾਉਂਦੇ ਹੋਏ ਖ਼ਲੀਜ ਬੰਗਾਲ ਵਿਚ ਜਾ ਵੜਦੇ ਸਨ ਅਤੇ ਬੰਗਾਲ ਦੀਆਂ ਇਕ ਦੋ ਬੰਦਰਗਾਹਾਂ ਨੂੰ ਵੇਖਦੇ ਹੋਏ ਬਰਮਾ ਅਤੇ ਸਿਆਮ ਹੋ ਕੇ ਚੀਨ ਚਲੇ ਜਾਂਦੇ ਤੇ ਫੇਰ ਇਸੇ ਰਾਹ ਮੁੜ ਆਉਂਦੇ ਸਨ।

ਸੋ ਇਸ ਨਕਸ਼ੇ ਤੋਂ ਮਲੂਮ ਹੋਵੇਗਾ ਕਿ ਅਰਬਾਂ ਦੇ ਜਹਾਜ਼ ਹਿੰਦੁਸਤਾਨ ਦੇ ਸਾਰੇ ਸਮੁੰਦਰੀ ਸ਼ਹਿਰਾਂ ਅਤੇ ਟਾਪੂਆਂ ਦੁਆਲੇ ਬਰਾਬਰ ਚੱਕਰ ਲਾਉਂਦੇ ਰਹਿੰਦੇ ਸਨ ਅਤੇ ਇਤਿਹਾਸੋਂ ਪਹਿਲੇ ਸਮਿਆਂ ਤੋਂ ਇਨ੍ਹਾਂ ਦੀ ਲਗਾਤਾਰ ਆਵਾ-ਜਾਵੀ ਚਲੀ ਆਉਂਦੀ ਸੀ। ਦੁਨੀਆ ਦੀ ਪਹਿਲੀ ਸਮੁੰਦਰੀ ਕੌਮ ਦਾ ਨਾਂ ਫ਼ਨੀਸ਼ੀਅਨ ਹੈ। ਇਹ ਇਕ ਯੂਨਾਨੀ ਨਾਂ ਹੈ। ਇਬਰਾਨੀ ਵਿਚ ਇਨ੍ਹਾਂ ਨੂੰ 'ਕਨਆਨੀ' ਆਖਦੇ ਹਨ ਅਤੇ 'ਆਰਾਮੀ' ਵੀ ਇਨ੍ਹਾਂ ਨੂੰ ਹੀ ਕਹਿੰਦੇ ਹਨ। ਅਰਬ ਵਾਲੇ ਇਨ੍ਹਾਂ ਨੂੰ 'ਇਰਮ' ਆਖਦੇ ਹਨ, ਏਹੀ ਨਾਂ ਕੁਰਾਨ ਪਾਕ ਵਿਚ "ਆਦ ਇਰਮ ਜ਼ਾਤੁਲ ਇਮਾਦ" ਵੱਡੇ ਥਮ੍ਹਾਂ ਅਤੇ ਮਕਾਨਾਂ ਵਾਲੇ ਆਦ ਇਰਮ ਹੈ ਅਤੇ ਇਸੇ ਨਿਸਬਤ ਨਾਲ ਅਰਬੀ ਅਲੰਕਾਰ ਰਾਹੀਂ 'ਬਹਿਸ਼ਤੇ ਇਰਮ' ਸਾਡੀ ਬੋਲੀ (ਉਰਦੂ) ਵਿਚ ਵੀ ਪਰਚਲਤ ਹੈ।

ਇਹ ਕੌਣ ਲੋਕ ਸਨ? ਖੋਜੀਆਂ ਦਾ ਬਿਆਨ ਹੈ ਕਿ ਇਹ ਅਰਬ ਸਨ ਜੋ ਬਹਿਰੈਨ ਦੇ ਕੰਢੇ ਦੇ ਲਾਗੇ ਚਾਗੇ ਤੋਂ ਉੱਠ ਕੇ ਸ਼ਾਮ ਦੇ ਕੰਢੇ ਉੱਤੇ ਜਾ ਵੱਸੇ ਸਨ। ਬਹਿਰੈਨ ਤਾਂ ਪੂਰਬ ਵਿਚ ਪੂਰਬੀ ਦੇਸਾਂ ਲਈ ਇਨ੍ਹਾਂ ਦੀ ਬੰਦਰਗਾਹ ਸੀ ਅਤੇ ਤਾਇਰ (Tyre)* ਸ਼ਾਮ ਵਿਚ ਰੋਮ ਸਾਗਰ (Mediterranean) ਦੇ ਕੰਢੇ ਇਨ੍ਹਾਂ ਦੀ ਪੱਛਮੀ ਬੰਦਰਗਾਹ ਸੀ ਜਿਥੋਂ ਉਹ ਯੂਨਾਨ ਦੇ ਟਾਪੂਆਂ ਵਿਚ ਤੇ ਯੂਰਪ ਦੇ ਸ਼ਹਿਰਾਂ ਅਤੇ ਉੱਤਰੀ ਅਫ਼ਰੀਕਾ ਦੇ ਕੰਢਿਆਂ ਤਕ ਚਲੇ ਜਾਂਦੇ ਸਨ। ਏਧਰ ਪੂਰਬ ਵਿਚ ਇਹ ਲੋਕ ਈਰਾਨ ਹਿੰਦੁਸਤਾਨ ਅਤੇ ਚੀਨ ਤਕ ਦੀ ਸਾਰ ਲੈਂਦੇ ਸਨ। ਇਸੇ ਕੌਮ ਰਾਹੀਂ ਯੂਨਾਨ

---

*ਸੌਰ ਅਤੇ ਸੈਦਾ ਦੋ ਫ਼ਨੀਕੀ ਸ਼ਹਿਰ ਟਰਾਏ ਦੇ ਠਿਕਾਣੇ ਹੇਠ ਸਨ। ਹਾਲੀ ਲਿਖਦਾ ਹੈ:
ਕੀਆ ਸੌਰੋ ਸੈਦਾ ਕੋ ਬਰਬਾਦ ਇਸੀ ਨੇ, ਬਿਗਾੜਾ ਦਿਮਿਸ਼ਕ ਔਰ ਬਗ਼ਦਾਦ ਇਸੀ ਨੇ।
(ਉਲਥਾਕਾਰ)

ਵਿਚ ਸਭਿਅਤਾ ਅਤੇ ਸੰਸਕ੍ਰਿਤੀ ਦਾ ਆਰੰਭ ਹੋਇਆ ਅਤੇ ਉੱਤਰੀ ਅਫ਼ਰੀਕਾ ਦੇ ਕੰਢੇ *ਕਾਰਥਿਜ ਦੀ ਨੀਂਹ ਰੱਖੀ ਗਈ। ਪਰ ਇਨ੍ਹਾਂ ਦੇ ਜੋ ਅਸਰ ਪੂਰਬੀ ਦੇਸਾਂ ਉੱਤੇ ਪਏ, ਉਨ੍ਹਾਂ ਦਾ ਪੂਰਾ ਅਨੁਮਾਨ ਨਹੀਂ ਲਾਇਆ ਗਿਆ। ਇਹ ਸਭ ਨੂੰ ਮਲੂਮ ਹੈ ਕਿ ਹਿੰਦੁਸਤਾਨ ਦੀਆਂ ਸਾਰੀਆਂ ਲਿਪੀਆਂ, ਸਗੋਂ ਸਾਰੀਆਂ ਆਰੀਆਈ ਲਿਪੀਆਂ, ਖੱਬੇ ਤੋਂ ਸੱਜੇ ਵੱਲ ਲਿਖੀਆਂ ਜਾਂਦੀਆਂ ਹਨ ਪਰ ਇਹ ਗਲ ਸੁਣ ਕੇ ਤੁਹਾਨੂੰ ਅਚੰਭਾ ਹੋਵੇਗਾ ਕਿ ਇਸ ਆਰੀਆ-ਵਰਤ ਦੀਆਂ ਮੁੱਢਲੀਆਂ ਲਿਪੀਆਂ, ਸਾਮੀ ਲਿਪੀਆਂ ਵਾਂਙੂ, ਸੱਜੇ ਤੋਂ ਸ਼ੁਰੂ ਹੁੰਦੀਆਂ ਸਨ। ਇਸ ਤੋਂ ਛੁਟ ਗਿਣਤੀ ਦੇ ਲਿੱਖਣ ਦਾ ਢੰਗ ਵੀ ਸ਼ਾਇਦ ਕਿਸੇ ਵਪਾਰੀ ਕੌਮ ਤੋਂ ਲਿਖਿਆ ਗਿਆ ਸੀ। ਇਨਸਾਈਕਲੋਪੀਡੀਆ ਬਰੀਟੈਨੀਕਾ (ਐਡੀਸ਼ਨ ੧੧) ਦੇ ਸੰਸਕ੍ਰਿਤ ਆਰਟੀਕਲ ਦਾ ਲੇਖਕ ਏਥੋਂ ਦੀ ਮੁੱਢਲੀ ਲਿਪੀ ਦੇ ਇਤਿਹਾਸ ਬਾਰੇ ਇਉਂ ਬਿਆਨ ਕਰਦਾ ਹੈ:

"ਹਿੰਦੁਸਤਾਨੀ ਲਿਪੀ ਦੇ ਮੁੱਢ ਦਾ ਮਸਲਾ ਅਜੇ ਸੰਦੇਹ-ਗਰਸਤ ਹੈ। ਹਿੰਦੁਸਤਾਨੀ ਲਿਪੀ ਦੇ ਅਤੀ ਪੁਰਾਣੇ ਨਮੂਨੇ ਉਹ 'ਸਿਲਾ-ਲੇਖ' ਹਨ ਜਿਹੜੇ ਚਿਟਾਨਾਂ ਉੱਤੇ ਉੱਕਰੇ ਹੋਏ ਹਨ। ਇਹ ਪਾਲੀ ਬੋਲੀ (ਉਹ ਪਰਾਕ੍ਰਿਤ ਜਿਹੜੀ ਦੱਖਣੀ ਬੋਧੀ ਧਾਰਮਕ ਲਿਖਤਾਂ ਲਈ ਵਰਤੀ ਜਾਂਦੀ ਸੀ) ਦੇ ਉਹ ਧਾਰਮਕ ਫ਼ਰਮਾਨ ਹਨ ਜਿਨ੍ਹਾਂ ਨੂੰ ੧–੨੫੩ ਬੀ. ਪੂ. ਵਿਚ ਮੋਰੀਆ ਖ਼ਾਨਦਾਨ ਦੇ ਸਮਰਾਟ ਅਸ਼ੋਕ ਨੇ ਖੁਦਵਾਇਆ ਸੀ ਅਤੇ ਇਹ ਉੱਤਰੀ ਹਿੰਦ ਵਿਚ ਉੱਤਰ–ਪੱਛਮੀ ਸਰਹਦ ਉੱਤੇ, ਪਸ਼ੌਰ ਦੇ ਪਰਗਣੇ, ਅਤੇ ਗੁਜਰਾਤ ਵਿਚ ਗਿਰਨਾਰ ਤੋਂ ਲੈ ਕੇ ਪੂਰਬੀ ਸਾਗਰ–ਤੱਟ ਤੇ ਕਟਕ ਦੇ ਜ਼ਿਲੇ ਵਿਚ ਜੌਗੜ ਅਤੇ ਧੌਲੀ ਤੱਕ ਫੈਲੇ ਹੋਏ ਹਨ। ਅੰਤ ਪੱਛਮ ਦੇ ਉਹ ਸਿਲਾ–ਲੇਖ ਜੋ ਕਰੂਪਦਾਗੜ੍ਹੀ ਜਾਂ ਸ਼ਹਿਬਾਜ਼ਗੜ੍ਹੀ ਅਤੇ ਮਨਸੂਰਾ ਦੇ ਲਾਗੇ ਹਨ, ਦੂਜਿਆਂ ਸਿਲਾ–ਲੇਖਾਂ ਦੇ ਅੱਖਰਾਂ ਤੋਂ ਉੱਕੇ ਹੀ ਭਿੰਨ ਅਖਰਾਂ ਵਿਚ ਲਿਖੇ ਗਏ ਹਨ ਉਹ ਸੱਜੇ ਤੋਂ ਖੱਬੇ ਵੱਲ ਪੜ੍ਹੇ ਜਾਂਦੇ ਹਨ।

---

*ਹੈਨੀਬਾਲ ਦੀ ਹਾਰ ਪਿਛੋਂ ਰੋਮਨਾਂ ਨੇ ਕਾਰਥਿਜ, ਜੋ ਇਕ ਫ਼ਨੀਕੀ ਵਸਤੀ ਬਿਨ ਗ਼ਾਜ਼ੀ ਦੇ ਕੋਲ ਸੀ, ਉਜਾੜ ਦਿੱਤੀ ਸੀ। (ਉਲਥਾਕਾਰ)

ਇਨ੍ਹਾਂ ਨੂੰ ਆਮ ਤੌਰ ਤੇ 'ਆਰੀਅਨ ਪਾਲੀ' ਆਖਿਆ ਜਾਂਦਾ ਹੈ ਇਹ ਹਰਫ਼ ਯੂਨਾਨੀ ਅਤੇ ਏਰਨੀਆਂ ਦੇ ਹਿੰਦੀ ਸਿਥੀਅਨ ਰਾਜਿਆਂ ਦੇ ਸਿੱਕਿਆਂ ਵਿਚ ਵੀ ਵਰਤੇ ਗਏ ਹਨ। ਰਹੀ ਦੂਜੇ ਅੱਖਰਾਂ ਦੀ ਗੱਲ ਜਿਹੜੇ ਖੱਬੇ ਤੋਂ ਸੱਜੇ ਵੱਲ ਪੜ੍ਹੇ ਜਾਂਦੇ ਹਨ। ਉਹ 'ਹਿੰਦੀ ਪਾਲੀ' ਅੱਖਰ. ਅਖਵਾਉਂਦੇ ਹਨ। ਪੂਰਵੋਕਤ ਨੇ, ਜਿਨ੍ਹਾਂ ਨੂੰ ਖਰੋਸ਼ਟੀ (ਖ਼ਰੋਸ਼ਟੀ) ਜਾਂ ਘੰਧਾਰਾ (ਲਿਪੀ) ਅੱਖਰ ਵੀ ਆਖਿਆ ਜਾਂਦਾ ਹੈ, ਅਤੇ ਜੋ ਇਉਂ ਪਰਤੀਤ ਹੁੰਦਾ ਹੈ ਕਿ ਕਿਸੇ ਸਾਮੀ (ਅਤੇ ਸ਼ਾਇਦ ਆਰਾਮੀ) ਭਾਸ਼ਾਂ* ਤੋਂ ਲਏ ਗਏ ਹਨ, ਹਿੰਦੁਸਤਾਨ ਦੀਆਂ ਪਿਛਲੇਰੀਆਂ ਲਿਪੀਆਂ ਵਿਚ ਅਪਣਾ ਕੋਈ ਅਸਰ ਨਹੀਂ ਛੱਡਿਆ। ਦੂਜੇ ਪਾਸੇ ਹਿੰਦੀ ਪਾਲੀ (ਜਾਂ ਬ੍ਰਾਹਮੀ) ਅੱਖਰਾਂ ਦੇ ਮੁੱਢ ਬਾਰੇ, ਜਿਨ੍ਹਾਂ ਤੋਂ ਵਰਤਮਾਨ ਹਿੰਦੁਸਤਾਨੀ ਅੱਖਰ ਨਿਕਲੇ ਹਨ, ਬਹੁਤ ਜ਼ਿਆਦਾ ਸੰਦੇਹ ਹੈ ਭਾਵੇਂ ਅਸ਼ੋਕ ਦੇ ਸਮੇਂ ਤਕ ਇਸ ਲਿਪੀ ਨੇ ਬਹੁਤ ਸਾਰੀ ਤਰੱਕੀ ਕਰ ਲਈ ਸੀ ਅਤੇ ਇਹ ਵਿਗਿਆਨਕ ਪਰਯੋਜਨਾ, ਲਈ ਇਸ ਹੱਦ ਤਕ ਵਰਤੀ ਜਾਣ ਲਗ ਪਈ ਸੀ, ਕਿ ਹੈਰਾਨੀ ਹੁੰਦੀ ਹੈ। ਫੇਰ ਏਸ ਦੇ ਕੁਝ ਅੱਖਰਾਂ ਦੇ ਪੁਰਾਣੇ ਫ਼ਨੀਕੀ ਅੱਖਰਾਂ ਨਾਲ (ਜਿਹੜੇ ਸ਼ਾਇਦ ਆਪ ਮਿਸਰੀ ਚਿੱਤਰ ਲਿਪੀ ਤੋਂ ਲਏ ਗਏ ਸਨ) ਮੇਲ ਖਾਣ ਤੋਂ ਇਹ ਪਰਤੀਤ ਹੁੰਦਾ ਹੈ ਕਿ ਸ਼ਾਇਦ ਇਨ੍ਹਾਂ ਦਾ ਮੁੱਢ ਵੀ ਸਾਮੀ ਹੋਵੇ। ਇਸ ਦੇ ਆਪਣੇ ਦੇਸ ਵਿਚ ਪਰੀਚਿਤ ਹੋਣ ਦੇ ਸਮੇਂ ਤੇ ਮਾਧਿਅਮ ਦਾ ਪਤਾ ਸ਼ਾਇਦ ਹੁਣ ਕਦੇ ਵੀ ਨਾ ਲੱਗੇ। ਕੁਝ ਵੀ ਹੋਵੇ ਪ੍ਰੋਫੈਸਰ ਬੀਉਲਰ (Prof. Buhler) ਨੇ ਇਹ ਨਜ਼ਰੀਆ ਪੇਸ਼ ਕੀਤਾ ਹੈ ਕਿ ਸ਼ਾਇਦ ਇਰਾਕੀ ਸੁਦਾਗਰਾਂ ਨੇ ਅੱਠਵੀਂ ਸਦੀ ਈ. ਪੂ. ਵਿਚ ਇਨ੍ਹਾਂ ਅੱਖਰਾਂ ਨੂੰ ਏਥੇ ਪਰੀਚਿਤ ਕਰਵਾਇਆ ਹੋਵੇ। ਤਾਂ ਵੀ ਮੌਰੀਆ ਅਤੇ ਅੰਧਰਾ ਸਿਲਾ-ਲੇਖਾਂ ਵਿਚ ਇਨ੍ਹਾਂ ਅੱਖਰਾਂ ਨੇ ਜੋ ਪੂਰਨ ਰੂਪ ਧਾਰਨ ਕਰ ਲਿਆ ਹੈ ਅਤੇ ਜਿਸ ਲੰਮੇ ਚੌੜੇ ਇਲਾਕੇ ਵਿਚ ਉਹ ਪਰਚਲਤ ਹਨ,ਇਨ੍ਹਾਂ ਗੱਲਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਇਸ ਗੱਲ ਦੇ ਮੰਨਣ ਵਿਚ ਕਿਸੇ ਕਿਸਮ ਦੇ ਸੰਦੇਹ ਦੀ ਸੰਭਾਵਨਾ ਨਹੀਂ ਹੈ ਕਿ ਭਾਰਤ ਵਿਚ ਅਸ਼ੋਕ ਤੋਂ ਬਹੁਤ ਪਹਿਲਾਂ ਲਿੱਖਤ-ਕਲਾ ਮੌਜੂਦ ਸੀ। ਜੋ

*ਲਿਪੀ ਚਾਹੀਦੀ ਹੈ।

ਭਿੰਨ ਭਿੰਨ ਪਰਜੋਜਨਾਂ ਲਈ ਵਰਤੀ ਜਾਂਦੀ ਸੀ ਤੇ ਆਮ ਪਚਲਤ ਸੀ ਇਸ ਗੱਲ ਦਾ ਕਾਰਣ, ਕਿ ਏਸ ਸਮੇਂ ਦੇ ਸਾਹਿਤ ਵਿਚ ਲਿਖਣ ਦਾ ਕਿਤੇ ਵੀ ਵੇਰਵਾ ਨਹੀਂ ਹੈ, ਸ਼ਾਇਦ ਇਹ ਹੈ ਕਿ ਬ੍ਰਾਹਮਣ ਲੋਕ ਆਪਣੀਆਂ ਪਵਿੱਤਰ ਲਿਖਤਾਂ ਨੂੰ ਲਿਖਤ ਵਿਚ ਲਿਆਉਣਾ ਪਸੰਦ ਨਹੀਂ ਸਨ ਕਰਦੇ।

"ਹੁਣ ਰਿਹਾ ਹਿੰਦੁਸਤਾਨ ਵਿਚ ਅੰਕਾਂ ਦਾ ਸਵਾਲ, ਸੋ ਈਸਵੀ ਸੰਨ ਦੇ ਮੱਢਲੇ ਕਾਲ ਵਿਚ ਖ਼ਰੋਸ਼ਟੀ ਸਿਲਾ-ਲੇਖਾਂ ਵਿਚ ਜੋ ਢੰਗ ਵਰਤਿਆ ਗਿਆ ਹੈ, ਉਹ ਇਹ ਹੈ ਕਿ ਮੁਢਲੇ ਤਿੰਨ ਅੰਕ ਲਕੀਰਾਂ ਰਾਹੀਂ ਪਰਗਟ ਕੀਤੇ ਜਾਂਦੇ ਸਨ। ੪ ਇਕ ਝੁੱਕੇ ਹੋਏ ਮਧਾਣੀ ਚੀਰੇ ਵਾਂਗੂ ਸੀ ਅਤੇ ੫ ਤੋਂ ੯ ਤੱਕ ਇੰਜ: ੪ (+) ੧ ਆਦਿ ੪ (+)੪(+)੧–ਤਕ ਇਸ ਤੋਂ ਛੁਟ ੧੦, ੨੦ ਤੇ ੧੦੦ ਲਈ ਉਚੇਚੇ ਅੰਕ ਹਨ ਅਤੇ ਬਾਕੀ ਦਹਾਈਆਂ ਨੂੰ ਦਸ ਨਾਲ ਜੋੜ ਕੇ ਇਉਂ ਲਿਖਿਆ ਜਾਂਦਾ ਸੀ, ਜਿਵੇਂ ੫੦=੨੦ (+) ੧੦। ਇਸ ਢੰਗ ਬਾਰੇ ਸਾਬਤ ਹੋ ਚੁਕਿਆ ਹੈ ਕਿ ਇਹ ਸਾਮੀ ਅਤੇ ਸ਼ਾਇਦ ਆਰਾਮੀ ਹੈ। ਬ੍ਰਾਹਮੀ ਸਿਲਾ-ਲੇਖਾਂ ਵਿਚ ਛੇਵੀਂ ਸਦੀ ਈਸਵੀ ਤਕ ਇਕ ਦੂਜੀ ਕਿਸਮ ਦੇ ਅੰਕ ਵਰਤੇ ਗਏ ਹਨ। ਇਕ ਤੋਂ ੩ ਤਕ ਦੇ ਅੰਕ ਲਈ ਤਿਰਛੀਆਂ ਲਕੀਰਾਂ ਹਨ। ਫਰ ੪ ਤੋਂ ੯ ਤਕ ਇਕਾਈਆਂ ਅਤੇ ੧੦–੯੦, ੧੦੦ ਅਤੇ ੧੦੦੦ ਦੇ ਲਈ ਵਿਸ਼ੇਸ਼ ਚਿੰਨ੍ਹ ਹਨ। ਵਧੇਰੇ ਸੰਭਾਵਨਾ ਇਹ ਹੈ ਕਿ ਇਹ ਢੰਗ ਮਿਸਰ ਤੋਂ ਲਿਆ ਗਿਆ ਹੈ। ਦਸ਼ਮਲਵ ਦਾ ਢੰਗ, ਜੋ ਸਭ ਤੋਂ ਪਹਿਲਾਂ ਗੁਜਰਾਥ ਦੇ ਸਿਲਾ-ਲੇਖ ਵਿਚ ਮਿਲਦਾ ਹੈ, ਸ਼ਾਇਦ ਏਥੋਂ ਦੇ ਹੀ ਜੋਤਿਸ਼ੀਆਂ ਜਾਂ ਗਣਿਤ-ਵੇਤਾਵਾਂ ਦੀ ਕਾਢ ਹੋਵੇ।"

ਪਰ ਇਸ ਤੋਂ ਵੀ ਵਧੇਰੇ ਅਸਰਚਰਜ ਦੀ ਗੱਲ ਇਹ ਹੈ ਕਿ ਮਹਾਂ-ਭਾਰਤ ਦੇ ਸਮੇਂ ਵਿਚ ਵੀ ਹਿੰਦੁਸਤਾਨ ਵਿਚ ਅਜੇਹੇ ਲੋਕ ਸਨ ਜੋ ਅਰਬੀ ਬੋਲੀ ਤੋਂ ਜਾਣੂ ਸਨ। ਭਾਵੇਂ ਇਸ ਗੱਲ ਦਾ ਯਕੀਨ ਮੁਸ਼ਕਿਲ ਨਾਲ ਹੁੰਦਾ ਹੈ। ਫੇਰ ਵੀ ਕਿਉਂਕਿ ਇਕ ਬੜੇ ਪੰਡਤ ਨੇ ਇਸ ਨੂੰ ਮੰਨਿਆ ਹੈ ਇਸ ਲਈ ਮੈਨੂੰ ਇਸ ਤੋਂ ਇਨਕਾਰ ਦਾ ਹੀਆ ਨਹੀਂ ਪੈਂਦਾ। 'ਸਤਿਆਰਥ ਪਰਕਾਸ਼' ਦੇ ਕਰਤਾ ਸਵਾਮੀ ਦਿਆਨੰਦ ਜੀ ਨੇ ਗਿਆਰਵੇਂ ਸਮੁੱਲਾਸ

(ਪਹਿਲਾ ਪਰਵ, ਅਧਿਆਏ ੧੪੭) ਵਿਚ ਲਿਖਿਆ ਹੈ: "ਮਹਾਂ ਭਾਰਤ ਵਿਚ ਜਦੋਂ ਕੌਰੂਆਂ ਨੇ ਲਾਖ ਦਾ ਘਰ ਬਣਾ ਕੇ ਪਾਂਡਵਾਂ ਨੂੰ ਇਸ ਵਿਚ ਸਾੜ ਕੇ ਦਾਹ ਕਰ ਦੇਣਾ ਚਾਹਿਆ, ਤਾਂ ਬਿਦੁਰ ਜੀ ਨੇ ਯੁਧਰਿਸ਼ਟਰ ਨੂੰ ਅਰਬੀ ਭਾਸ਼ਾ ਵਿਚ ਦੱਸਿਆ ਅਤੇ ਯੁਧਰਿਸ਼ਟਰ ਜੀ ਨੇ ਇਸੇ ਅਰਬੀ ਭਾਸ਼ਾ ਵਿਚ ਉਨ੍ਹਾਂ ਨੂੰ ਉੱਤਰ ਦਿੱਤਾ" ਜੇ ਇਹ ਬਿਆਨ ਠੀਕ ਹੈ ਤਾਂ ਇਸ ਤੋਂ ਅਰਬਾਂ ਤੇ ਹਿੰਦੂਆਂ ਦਾ ਰਿਸ਼ਤਾ ਕਿੰਨਾ ਪੁਰਾਣਾ ਸਾਬਤ ਹੁੰਦਾ ਹੈ।

ਅਰਬਾਂ ਅਤੇ ਹਿੰਦੂਆਂ ਵਿਚਕਾਰ ਸਬੰਧਾਂ ਦਾ ਇਕ ਹੋਰ ਮਾਧਿਅਮ ਵੀ ਸੀ, ਉਹ ਇਹ ਸੀ ਕਿ ਸ਼ਹਿਨਸ਼ਾਹ ਈਰਾਨ ਦਾ ਕਬਜ਼ਾ ਬਲੋਚਿਸਤਾਨ ਅਤੇ ਸਿੰਧ ਉੱਤੇ ਅਕਸਰ ਰਿਹਾ ਹੈ, ਜਿਸ ਕਰਕੇ ਸਿੰਧ ਦੇ ਕੁਝ ਲੜਾਕੇ ਕਬੀਲਿਆਂ ਦੇ ਫ਼ੌਜੀ ਦਸਤੇ ਈਰਾਨੀ ਫ਼ੌਜ ਵਿਚ ਦਾਖ਼ਲ ਸਨ। ਜਿਨ੍ਹਾਂ ਵਿਚੋਂ ਦੋ ਦਾ ਵਰਨਣ ਅਰਬਾਂ ਨੇ ਕੀਤਾ ਹੈ। ਇਹ ਜਾਟ (ਜ਼ੁਤ) ਅਤੇ ਮੀਡ ਹਨ ਜੋ ਦੋਵੇਂ ਸਿੰਧ ਦੀਆਂ ਪਰਸਿੱਧ ਕੌਮਾਂ ਸਨ। ਇਕ ਹਦੀਸ ਵਿਚ ਆਉਂਦਾ ਹੈ ਕਿ ਅਬਦੁੱਲਾ ਬਿਨ ਮਸਊਦ ਸਹਾਬੀ ਨੇ ਹਜ਼ਰਤ ਮਹੁੰਮਦ (ਉਨ੍ਹਾਂ ਉਤੇ ਰੱਬ ਦੀ ਮਿਹਰ ਹੋਵੇ) ਦੇ ਨਾਲ ਇਕ ਖ਼ਾਸ ਸ਼ਕਲ ਦੇ ਲੋਕਾਂ ਨੂੰ ਤੱਕਿਆ ਸੀ ਜਿਨ੍ਹਾਂ ਬਾਰੇ ਉਨ੍ਹਾਂ ਇਹ ਦੱਸਿਆ ਕਿ "ਇਨ੍ਹਾਂ ਦਾ ਚਿਹਰਾ ਮੁਹਰਾ ਜੱਟਾਂ ਜੇਹਾ ਸੀ"* ਇਸ ਗੱਲ ਤੋਂ ਮਲੂਮ ਹੁੰਦਾ ਹੈ ਕਿ ਅਰਬ ਵਾਲੇ ਛੇਵੀਂ ਸਦੀ ਈਸਵੀ ਵਿਚ ਵੀ ਜਾਟਾਂ ਤੋਂ ਵਾਕਫ਼ ਸਨ। ਈਰਾਨੀਆਂ ਨੂੰ ਜਦੋਂ ਹਾਰ ਹੋਈ ਤਾਂ ਇਹ ਬਹਾਦਰ ਜਾਟ ਹਵਾ ਦਾ ਰੁਖ ਵੇਖ ਕੇ ਕੁਝ ਸ਼ਰਤਾਂ ਕਾਰਮ ਕੇ ਮੁਸਲਮਾਨਾਂ ਦੇ ਲਸ਼ਕਰ ਨਾਲ ਆ ਮਿਲੇ। ਮੁਸਲਮਾਨੀ ਲਸ਼ਕਰ ਦੇ ਸੈਨਾ-ਪਤੀ ਨੇ ਇਨ੍ਹਾਂ ਦੀ ਬੜੀ ਇੱਜ਼ਤ ਕੀਤੀ ਅਤੇ ਇਨ੍ਹਾਂ ਨੂੰ ਆਪਣੇ ਕਬੀਲਿਆਂ ਵਿਚ ਦਾਖ਼ਲ ਕਰ ਲਿਆ। ਹਜ਼ਰਤ ਅਲੀ ਨੇ 'ਜੰਗੇ ਜਮਲ', ਦੇ ਮੌਕੇ ਤੇ ਬਸਰੇ ਦਾ ਖ਼ਜ਼ਾਨਾ ਇਨ੍ਹਾਂ ਜਾਟਾਂ ਦੀ ਨਿਗਰਾਨੀ ਹੇਠ ਛੱਡਿਆ ਸੀ† ਅਮੀਰ ਮੁਆਵੀਆ ਨੇ ਰੂਮੀਆਂ ਦੇ ਟਾਕਰੇ ਲਈ ਇਨ੍ਹਾਂ ਨੂੰ ਲਿਜਾ ਕੇ ਸ਼ਾਮ

*ਤਿਰਮਜ਼ੀ ਅਬਵਾਬੁਲ ਅਮਸਾਲ।

†ਤਾਰੀਖ਼ ਤਬਰੀ।

ਦੇ ਸਮੁੰਦਰੀ ਕੰਢੇ ਦੇ ਸ਼ਹਿਰਾਂ ਵਿਚ ਵਸਾਇਆ ਸੀ। ਵਲੀਦ ਬਿਨ ਅਬਦੁਲ ਮਲਕ ਨੇ ਆਪਣੇ ਸਮੇਂ ਵਿਚ ਇਨ੍ਹਾਂ ਨੂੰ ਅੰਤਾਕੀਆਂ ਵਿਚ ਲੈ ਜਾ ਕੇ ਅਬਾਦ ਕੀਤਾ।*

ਹਿੰਦ ਸ਼ਬਦ

ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਇਸ ਪੂਰੇ ਮੁਲਕ ਦਾ ਕੋਈ ਇਕ ਨਾਂ ਨਹੀਂ ਸੀ। ਹਰ ਸੂਬੇ ਦਾ ਵੱਖਰਾ ਵੱਖਰਾ ਨਾਂ ਸੀ ਜਾਂ ਹਰੇਕ ਰਿਆਸਤ ਆਪਣੀ ਰਾਜਧਾਨੀ ਦੇ ਨਾਂ ਤੋਂ ਪਰਸਿੱਧ ਸੀ। ਫ਼ਾਰਸ ਵਾਲਿਆਂ ਨੇ ਜਦੋਂ ਇਸ ਮੁਲਕ ਦੇ ਇਕ ਸੂਬੇ ਉੱਤੇ ਕਬਜ਼ਾ ਕੀਤਾ ਤਾਂ ਇਸ ਦਰਿਆ ਦਾ ਨਾਂ, ਜਿਸ ਨੂੰ ਹੁਣ ਸਿੰਧ ਦਰਿਆ ਆਖਦੇ ਹਨ ਅਤੇ ਜਿਸ ਦਾ ਨਾਂ ਅਰਬੀ ਭਾਸ਼ਾ ਵਿਚ ਮਿਹਰਾਨ ਹੈ,'ਹਿੰਦੂ' ਰਖਿਆ। ਪੁਰਾਣੀ ਈਰਾਨੀ ਭਾਸ਼ਾ ਅਤੇ ਸੰਸਕ੍ਰਿਤ ਵਿਚ 'ਸ' ਅਤੇ 'ਹ' ਆਪੋ ਵਿਚ ਬਦਲ ਜਾਂਦੇ ਹਨ ਜਿਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ, ਇਸੇ ਲਈ ਫ਼ਾਰਸ ਵਾਲਿਆਂ ਇਸ ਨੂੰ 'ਹਿੰਦੂ' ਕਰ ਕੇ ਸਦਿਆ, ਇਸ ਕਰਕੇ ਇਸ ਮੁਲਕ ਦਾ ਨਾਂ ਹਿੰਦ ਪੈ ਗਿਆ। ਅਰਬਾਂ ਨੇ, ਜੋ ਸਿੰਧ ਦੇ ਬਿਨਾਂ ਇਸ ਮੁਲਕ ਦੇ ਦੂਜੇ ਸ਼ਹਿਰਾਂ ਤੋਂ ਵੀ ਜਾਣੂ ਸਨ, ਸਿੰਧ ਨੂੰ ਸਿੰਧ ਹੀ ਆਖਿਆ, ਪਰ ਇਸ ਤੋਂ ਛੁਟ ਹਿੰਦੁਸਤਾਨ ਦੇ ਦੂਜੇ ਸ਼ਹਿਰਾਂ ਨੂੰ'ਹਿੰਦ'ਕਰਾਰ ਦਿੱਤਾ ਅਤੇ ਅਖੀਰ ਏਹੀ ਨਾਂ ਸਾਰੇ ਸੰਸਾਰ ਵਿਚ ਭਿੰਨ ਭਿੰਨ ਰੂਪਾਂ ਵਿਚ ਪਰਚਲਤ ਹੋ ਗਿਆ। 'ਹ'ਦਾ'ਅ'ਬਣ ਕੇ ਫਰੈਂਚ ਵਿਚ 'ਇੰਦ' ਅਤੇ 'ਇੰਡੀਆ' ਅਤੇ ਇਸ ਦੇ ਕਈ ਭਿੰਨ ਭਿੰਨ ਰੂਪ ਹੋ ਕੇ ਸਾਰੇ ਸੰਸਾਰ ਵਿਚ ਪਰਸਿੱਧ ਹੋ ਗਿਆ। ਖ਼ੈਬਰ ਤੋਂ ਆਉਣ ਵਾਲੇ ਲੋਕਾਂ ਨੇ ਇਸ ਦੇਸ ਦਾ ਨਾਂ 'ਹਿੰਦੂ ਅਸਥਾਨ' ਰਖਿਆ ਜੋ ਫਾਰਸੀ ਉਚਾਰਣ ਵਿਚ ਹਿੰਦੁਸਤਾਨ ਬੋਲਿਆ ਜਾਂਦਾ ਹੈ। ਇਹ ਬੜੀ ਅਸਚਰਜ ਗਲ ਹੈ ਕਿ ਹਿੰਦ ਸ਼ਬਦ ਅਰਬਾਂ ਨੂੰ ਇੰਨਾ ਪਿਆਰਾ ਲਗਿਆ ਕਿ ਉਨ੍ਹਾਂ ਨੇ ਇਸ ਮੁਲਕ ਦੇ ਨਾਂ ਤੇ ਆਪਣੀਆਂ ਜ਼ਨਾਨੀਆਂ ਦਾ ਇਹੋ ਨਾਂ ਰੱਖਿਆ, ਸੋ ਅਰਬੀ ਸ਼ਾਇਰੀ ਵਿਚ ਇਹ ਨਾਂ ਉਹੀ ਦਰਜਾ ਰਖਦਾ ਹੈ ਜੋ ਫ਼ਾਰਸੀ ਵਿਚ ਲੈਲਾ ਅਤੇ ਸ਼ੀਰੀਂ ਦਾ ਹੈ।

---

*ਬਲਾਜ਼ੁਰੀ-ਜ਼ਿਕਰੇ ਉਸਾਵਰਾ।

ਹਿੰਦੁਸਤਾਨ ਉਤੇ ਅਰਬਾਂ ਦੇ ਧਾਵੇ

ਮੁਕਦੀ ਗੱਲ ਇਹ ਕਿ ਇਹੀ ਦੁਹਰੇ ਤਿਹਰੇ ਸਬੰਧ ਸਨ ਜਿਨ੍ਹਾਂ ਕਰਕੇ ਇਸਲਾਮ ਪਿੱਛੋਂ ਅਰਬਾਂ ਦਾ ਹਿੰਦੁਸਤਾਨ ਵਲ ਧਿਆਨ ਹੋਇਆ ਅਤੇ ਉਨ੍ਹਾਂ ਨੇ ਈਰਾਨ ਨੂੰ ਫ਼ਤਿਹ ਕਰਨ ਪਿੱਛੋਂ ਇਸ ਦੀਆਂ ਨਵੀਆਂ ਵਸਤੀਆਂ ਅਤੇ ਦੂੰਜੇ ਅਧੀਨ ਇਲਾਕਿਆਂ ਨੂੰ ਆਪਣੇ ਕਬਜ਼ੇ ਵਿਚ ਲਿਆਉਣਾ ਜ਼ਰੂਰੀ ਸਮਝਿਆ। ਇਸ ਤਰ੍ਹਾਂ ਮਕਰਾਨ ਤੇ ਬਲੋਚਿਸਤਾਨ ਦੀ ਫ਼ਤਿਹ ਪਿੱਛੋਂ ਸਿੰਧ ਦੀ ਸਰਹਦ ਇਨ੍ਹਾਂ ਦੇ ਸਾਹਮਣੇ ਸੀ। ਫੇਰ ਇਨ੍ਹਾਂ ਲੋਕਾਂ ਨੂੰ ਆਪਣੇ ਵਪਾਰੀ ਜਹਾਜ਼ਾਂ ਦੀ ਸੰਭਾਲ ਲਈ ਵੀ ਹਿੰਦੁਸਤਾਨ ਦੀ ਕਿਸੇ ਸਾਹਲੀ ਬੰਦਰਗਾਹ ਦੀ ਭਾਲ ਸੀ। ਹਜ਼ਰਤ ਉਮਰ ਦੇ ਰਾਜ ਸਮੇਂ ਅਰਬ ਜਹਾਜ਼ਾਂ ਦੇ ਬੇੜੇ ਕਿਸੇ ਚੰਗੀ ਬੰਦਰਗਾਹ ਉੱਤੇ ਕਬਜ਼ਾ ਕਰਨ ਲਈ ਹਿੰਦੁਸਤਾਨ ਦੇ ਕੰਢਿਆਂ ਦੁਆਲੇ ਭੌਣ ਲਗ ਪਏ। ਅਜ ਜਿੱਥੇ ਬੰਬਈ ਦਾ ਰੌਣਕ ਭਰਿਆ ਸ਼ਹਿਰ ਵਸਦਾ ਹੈ, ਏਸ ਦੇ ਨੇੜੇ ਥਾਨਾ (ਤਾਨਾ), ਜਿਹੜਾ ਹੁਣ ਵੀ ਮੌਜੂਦ ਹੈ, ਇਕ ਛੋਟੀ ਜੇਹੀ ਬੰਦਰਗਾਹ ਸੀ। ਸਭ ਤੋਂ ਪਹਿਲਾਂ ਸੰਨ ੧੫ ਹਿ. (ਸੰਨ ੬੩੬ ਈ.) ਵਿਚ ਅਰਬਾਂ ਨੇ ਏਸੇ ਬੰਦਰਗਾਹ ਉੱਤੇ ਬਹਿਰੈਨ ਦੇ ਗਵਰਨਰ ਦੇ ਹੁਕਮ ਨਾਲ ਪਹਿਲਾ ਹਮਲਾ ਕੀਤਾ। ਇਸ ਪਿੱਛੋਂ ਭੜੌਚ (ਬਰੂਸ) ਉੱਤੇ ਧਾਵਾ ਬੋਲਿਆ। ਇਸੇ ਸਮੇਂ ਮੁਗ਼ੀਰਾ ਨਾਂ ਦੇ ਇਕ ਹੋਰ ਅਰਬ ਨੇ ਦੇਬਲ ਉੱਤੇ, ਜੋ ਸਿੰਧ ਦੀ ਬੰਦਰਗਾਹ ਸੀ ਅਤੇ ਜੋ ਠੱਠਾ, ਜਾਂ ਵਰਤਮਾਨ ਕਰਾਚੀ ਦੇ ਕੋਲ ਸੀ, ਹਮਲਾ ਕੀਤਾ। ਇਸ ਦੇ ਕੁਝ ਸਾਲਾਂ ਪਿਛੋਂ ਹਜ਼ਰਤ ਉਸਮਾਨ ਦੇ ਸਮੇਂ ਇਕ ਸਮੁੰਦਰੀ ਦਸਤਾ ਇਨ੍ਹਾਂ ਬੰਦਰਗਾਹਾਂ ਦੀ ਦੇਖ ਭਾਲ ਕਰ ਕੇ ਵਾਪਸ ਚਲਿਆ ਗਿਆ। ਹਜ਼ਰਤ ਅਲੀ ਦੇ ਸਮੇਂ ਸੰਨ ੩੯ ਹਿ. (ਸੰਨ ੬੬੦ ਈ.) ਤੋਂ ਇਕ ਅਰਬ ਸਰਦ ਬਾਕਾਇਦਾ ਇਨ੍ਹਾਂ ਪਾਸਿਆਂ ਦੀ ਨਿਗਰਾਨੀ ਕਰਨ ਲੱਗਾ ਅਤੇ ਅਖ਼ੀਰ ਉਹ ਸੰਨ ੪੨ ਹਿ. (ਸੰ. ੬੬੩ ਈ.) ਵਿਚ ਮਾਰਿਆ ਗਿਆ। ਸੰਨ ੪੪ ਹਿ: (ਸੰਨ ੬੬੫ ਈ.) ਵਿਚ ਅਮੀਰ ਮੁਆਵੀਆ ਨੇ ਮੁਹੱਲਿਬ ਨਾਂ ਦੇ ਸਰਦਾਰ ਨੂੰ ਸਿੰਧ ਦੀ ਸਰਹੱਦ ਦਾ ਨਿਗਰਾਨ ਬਣਾ ਕੇ ਭੇਜਿਆ ਅਤੇ ਇਸ ਪਿੱਛੋਂ ਅਰਬ ਰਾਜ ਸਮੇਂ ਇਹ ਇਕ ਪਕਾ ਅਹੁਦਾ ਨਿਯਤ ਹੋ ਗਿਆ।

ਸੰਨ ੮੬ ਹਿ. (ਸੰਨ ੭੦੫ ਈ.) ਵਿਚ ਜਦੋਂ ਵਲੀਦ ਉਮੱਯਾਵੀ ਦਿਮਿਸ਼ਕ ਦੇ ਸ਼ਾਹੀ ਤਖ਼ਤ ਉੱਤੇ ਬੈਠਾ ਅਤੇ ਇਸ ਵਲੋਂ ਹਜਾਜ ਬਿਨ ਯੂਸੁਫ਼ ਇਰਾਕ, ਈਰਾਨ ਮਕਰਾਨ ਅਤੇ ਬਲੋਚਿਸਤਾਨ ਅਥਵਾ ਰਾਜ ਦੇ ਪੂਰਬੀ ਇਲਾਕਿਆਂ ਦਾ ਨਾਇਬ ਨਿਯਤ ਹੋਇਆ, ਤਾਂ ਇਸ ਨੇ ਹਿੰਦੁਸਤਾਨ ਅਤੇ ਇਸ ਦੇ ਟਾਪੂਆਂ ਨਾਲ ਆਪਣੇ ਸਬੰਧ ਹੋਰ ਪੱਕੇ ਕੀਤੇ। ਅਰਬ ਵਪਾਰੀ ਬਰਾਬਰ ਆਉਂਦੇ ਜਾਂਦੇ ਰਹਿੰਦੇ ਸਨ, ਪਰ ਨਾਲ ਹੀ ਅਕਸਰ ਹਿੰਦੁਸਤਾਨ ਦੇ ਕੰਢਿਆਂ ਤੋਂ ਸਮੁੰਦਰੀ ਡਾਕੂ ਇਨ੍ਹਾਂ ਜਹਾਜ਼ਾਂ ਤੇ ਡਾਕਾ ਮਾਰਿਆ ਕਰਦੇ ਸਨ। ਸੋ ਅਲਬੇਰੂਨੀ ਦੇ ਸਮੇਂ ਤਕ (ਸੰਨ ੪੨੪ ਹਿ.) ਸੋਮਨਾਥ ਤੇ ਕੱਛ ਸਮੁੰਦਰੀ ਡਾਕੂਆਂ ਦਾ ਸਭ ਤੋਂ ਵੱਡਾ ਠਿਕਾਣਾ ਸੀ।* ਕੁਝ ਵੀ ਹੋਵੇ, ਅਸਲ ਗੱਲ ਇਹ ਹੈ ਕਿ ਲੰਕਾ ਵਿਚ ਕੁਝ ਅਰਬ ਵਪਾਰੀ ਵਪਾਰ ਕਰਦੇ ਸਨ। ਇਨ੍ਹਾਂ ਦੀ ਉਥੇ ਮੌਤ ਹੋ ਗਈ। ਲੰਕਾ ਦੇ ਰਾਜੇ ਨੇ ਇਨ੍ਹਾਂ ਦੀਆਂ ਜ਼ਨਾਨੀਆਂ ਤੇ ਬੱਚਿਆਂ ਨੂੰ ਇਕ ਜਹਾਜ਼ ਵਿਚ ਬਿਠਾ ਕੇ ਇਰਾਕ ਭੇਜ ਦਿੱਤਾ। ਰਸਤੇ ਵਿਚ ਸਿੰਧ ਦੀ ਬੰਦਰਗਾਹ ਦੈਬਲ ਦੇ ਨੇੜੇ ਡਾਕੂਆਂ ਨੇ ਇਨ੍ਹਾਂ ਉਤੇ ਛਾਪਾ ਮਾਰਿਆ ਅਤੇ ਜ਼ਨਾਨੀਆਂ ਨੂੰ ਫੜ ਲਿਆ। ਇਨ੍ਹਾਂ ਜ਼ਨਾਨੀਆਂ ਨੇ ਇਸ ਬਿਪਤਾ ਸਮੇਂ ਹਜਾਜ ਦੀ ਦੁਹਾਈ ਦਿੱਤੀ। ਹਜਾਜ ਨੂੰ ਜਦੋਂ ਇਸ ਦੀ ਖ਼ਬਰ ਹੋਈ ਤਾਂ ਉਸ ਨੇ ਸਿੰਧ ਦੇ ਰਾਜੇ ਦਾਹਿਰ ਨੂੰ ਲਿਖ ਭੇਜਿਆ ਕਿ ਇਨ੍ਹਾਂ ਜ਼ਨਾਨੀਆਂ ਨੂੰ ਸੰਭਾਲ ਨਾਲ ਮੇਰੇ ਪਾਸ ਭਿਜਵਾ ਦੇਓ। ਰਾਜੇ ਨੇ ਉਜ਼ਰ ਕੀਤਾ ਕਿ ਇਹ ਸਮੁੰਦਰੀ ਡਾਕੂਆਂ ਦਾ ਕੰਮ ਹੈ ਜਿਹੜੇ ਸਾਡੇ ਕਬਜ਼ੇ ਵਿਚ ਨਹੀਂ ਹਨ। ਇਰਾਕ ਦੇ ਨਾਇਬ ਨੇ ਇਸ ਉਜ਼ਰ ਨੂੰ ਨਾ ਮੰਨਿਆ। ਇਸੇ ਸਮੇਂ ਵਿਚ ਏਹ ਘਟਨਾ ਵੀ ਵਾਪਰੀ ਕਿ ਮਕਰਾਨ ਤੋਂ ਕੁਝ ਅਰਬ ਅਪਰਾਧੀਆਂ ਤੇ ਆਕੀਆਂ ਨੇ ਭਜ ਕੇ ਸਿੰਧ ਵਿਚ ਆਸਰਾ ਲਿਆ ਅਤੇ ਰਾਜੇ ਦਾਹਿਰ ਦੇ ਅਧੀਨ ਆਪਣਾ ਇਕ ਜਥਾ ਬਣਾ ਲਿਆ। ਇਸ ਘਟਨਾ ਨੇ ਵੀ ਹਜਾਜ ਨੂੰ ਭੜਕਾਇਆ ਸੋ ਉਸ ਨੇ ਆਪਣੇ ਨੌਜਵਾਨ ਭਤੀਜੇ ਮੁਹੰਮਦ ਬਿਨ ਕਾਸਿਮ ਦੀ ਕਮਾਣ ਹੇਠ ਸ਼ੀਰਾਜ਼ ਤੋਂ ਛੇ ਹਜ਼ਾਰ ਫ਼ੌਜ ਸਿੰਧ ਵਲ ਘੱਲੀ ਅਤੇ ਕੁਝ ਫ਼ੌਜ ਸਮਾਨ ਦੇਕੇ

*ਕਿਤਾਬੁਲਹਿੰਦ ਪੰ. ੧੦੨ (ਲੰਡਨ)

ਸਮੁੰਦਰ ਦੇ ਰਾਹ ਸਿੰਧ ਵੱਲ ਭੇਜੀ ਅਤੇ ਇਸ ਦੀ ਮਦਦ ਲਈ ਈਰਾਨ ਦੇ ਪੁਰਾਣੇ ਰਾਹ ਤੋਂ ਖ਼ੁਸ਼ਕੀ ਵੱਲੋਂ ਵੀ ਫ਼ੌਜਾਂ ਭੇਜੀਆਂ। ਸੰਨ ੯੩ ਹਿ. ਵਿਚ ਮੁਹੰਮਦ ਬਿਨ ਕਾਸਿਮ ਸਿੰਧ ਪਹੁੰਚਿਆ ਅਤੇ ਤਿੰਨਾ ਵਰ੍ਹਿਆਂ ਵਿਚ ਛੋਟੇ ਕਸ਼ਮੀਰ, (ਪੰਜਾਬ ਨੂੰ ਛੋਟਾ ਕਸ਼ਮੀਰ ਆਖਦੇ ਸਨ) ਤੋਂ ਲੈ ਕੇ ਕੱਛ ਤਕ ਅਤੇ ਉਧਰ ਮੁਲਤਾਨ ਤੋਂ ਮਾਲਵੇ ਦੀ ਸਰਹਦ ਤਕ ਕਬਜ਼ਾ ਕਰ ਲਿਆ ਅਤੇ ਸਾਰੇ ਸਿੰਧ ਵਿਚ ਉਸ ਨੇ ਬੜੇ ਨਿਆਂ ਅਤੇ ਅਮਨ ਸਾਂਤੀ ਦਾ ਰਾਜ ਕਾਇਮ ਕਰ ਦਿੱਤਾ। ਰਾਜੇ ਦਾਹਿਰ ਨਾਲ ਮਿਲ ਕੇ ਜਿਨ੍ਹਾਂ ਹਿੰਦੀ ਸਿਪਾਹੀਆਂ ਨੇ ਅਰਬਾਂ ਦਾ ਸਭ ਤੋਂ ਵੱਧ ਮੁਕਾਬਲਾ ਕੀਤਾ ਉਨ੍ਹਾਂ ਦਾ ਨਾਂ ਬਲਾਜ਼ੁਰੀ ਨੇ, ਜਿਸਨੇ ਸੰਨ ੨੫੫ ਹਿ. (ਸੰਨ ੮੫੫ ਈ:) ਵਿਚ ਆਪਣੀ ਕਿਤਾਬ਼ ਲਿਖੀ ਹੈ, 'ਤਕਾਕਿਰਾ' ਦੱਸਿਆ ਹੈ ਜ਼ੋ ਅਰਬ ਵਿਆਕਰਣ ਦੇ ਨਿਯਮ ਅਨੁਸਾਰ 'ਠਾਕੁਰ' ਦਾ ਬਹੁ-ਵਚਨ ਹੈ। ਸੰਨ ੯੬ ਹਿ. ਵਿਚ ਵਲੀਦ ਨੇ ਚਲਾਣਾ ਕੀਤਾ ਅਤੇ ਇਸ ਦੀ ਥਾਂ ਸੁਲੇਮਾਨ ਗੱਦੀ ਤੇ ਬੈਠਿਆ। ਉਸ ਨੂੰ ਹਜਾਜ਼ ਅਤੇ ਉਸ ਦੇ ਖ਼ਾਨਦਾਨ ਤੇ ਕਰਿੰਦਿਆਂ ਨਾਲ ਨਿੱਜੀ ਅਦਾਉਤ ਸੀ, ਇਸ ਲਈ ਏਸੇ ਸਾਲ ਹਜਾਜ ਦੇ ਨਿਯੁਕਤ ਕੀਤੇ ਦੂਜੇ ਅਫ਼ਸਰਾਂ ਦੇ ਨਾਲ ਮੁਹੰਮਦ ਬਿਨ ਕਾਸਿਮ ਨੂੰ ਵੀ ਉਸ ਨੇ ਸਿੰਧ ਤੋਂ ਵਾਪਸ ਬੁਲਾ ਲਿਆ ਅਤੇ ਅਖ਼ੀਰ ਨੂੰ ਆਪਣੇ ਨਿਜੀ ਇਨਤਕਾਮ ਦੇ ਨਸ਼ੇ ਵਿਚ ਇਸ ਨੂੰ ਕਤਲ ਕਰਵਾ ਦਿੱਤਾ। ਏਸ ਸਬੰਧ ਵਿਚ ਰਾਜਾ ਦਾਹਿਰ ਦੀਆਂ ਦੋ ਧੀਆਂ ਵਾਲੀ ਘਟਨਾ ਨੂੰ ਵਰਨਣ ਕਰਨ ਦੀ ਲੋੜ ਨਹੀਂ ਕਿਉਂਕਿ ਇਸ ਦਾ ਕਈ ਵਾਰੀ ਖੰਡਨ ਕੀਤਾ ਜਾ ਚੁਕਿਆ ਹੈ, ਸਗੋਂ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਜਦੋਂ ਕਾਸਿਮ ਸਿੰਧੋਂ ਵਾਪਸ ਜਾਣ ਲੱਗਾ ਤਾਂ ਸਿੰਧ ਦੀ ਪਰਜਾ ਨੇ ਇਸ ਭਲੇ ਲੋਕ ਅਤੇ ਮੁਨਸਫ ਸੁਭਾ ਜੇਤੂ ਦੀ ਜੁਦਾਈ ਵਿਚ ਹੰਝੂ ਵਗਾਏ ਅਤੇ ਇਸ ਦੀ ਯਾਦਗਿਰੀ ਵਿਚ ਇਸ ਦਾ ਬੁਤ ਬਣਾ ਕੇ ਖੜਾ ਕੀਤਾ।* ਇਸ ਪਿੱਛੋਂ ਅਨੇਕ ਗਵਰਨਰ ਨਿਯੁਕਤ ਹੋ ਕੇ ਏਥੇ ਆਉਂਦੇ ਰਹੇ। ਸੰਨ. ੧੦੭ ਹਿ. ਵਿਚ ਜੁਨੈਦ ਗਵਰਨਰ ਹੋ ਕੇ ਆਇਆ। ਇਹ ਡਾਢਾ ਹੌਸਲੇ ਵਾਲਾ ਅਫ਼ਸਰ ਸੀ। ਇਸ ਨੇ ਸਿੰਧ ਤੋਂ ਕੱਛ ਉੱਤੇ ਹਮਲਾ ਕੀਤਾ। ਪਹਿਲਾਂ

*ਤਾਰੀਖ ਫ਼ੁਤੂਹੁਲਬੁਲਦਾਨ ਬਲਾਜ਼ੁਰੀ, ਬਾਬ "ਫਤਿਹ ਸਿੰਧ"

ਮਰਮਦ ਆਇਆ ਅਤੇ ਇੱਥੋਂ ਮਾਂਡਲ ਅਤੇ ਫੇਰ ਧੁਬਖ ਪੁੱਜਾ। ਓਥੋਂ ਭੜੌਚ ਦੀ ਬੰਦਰਗਾਹ ਤਕ ਗਿਆ। ਇਸ ਦੇ ਇਕ ਅਫ਼ਸਰ ਨੇ ਉਜੈਨ (ਮਾਲਵਾ) ਤਕ ਧਾਵਾ ਕੀਤਾ ਅਤੇ ਓਥੋਂ ਸਮੇਦ ਅਤੇ ਭੀਲ ਮਾਲ ਨੂੰ ਫ਼ਤਿਹ ਕਰਦਾ ਹੋਇਆ ਗੁਜਰਾਤ ਪੁੱਜਾ। ਫੇਰ ਓਥੋਂ ਸਿੰਧ ਵਾਪਸ ਆ ਗਿਆ, ਪਰ ਇਨ੍ਹਾਂ ਸਾਰੀਆਂ ਜਿਤਾਂ ਦੀ ਹੈਸੀਅਤ ਇਕ ਹਨੇਰੀ ਦੇ ਬੁਲੇ ਤੋਂ ਵਧੇਰੀ ਨਹੀਂ। ਸੰਨ ੧੩੩ ਹਿ. (ਸੰਨ ੭੫੧ ਈ.) ਵਿਚ ਅਰਬ ਰਾਜ ਦਾ ਇਕ ਦੌਰ ਮੁਕ ਗਿਆ। ਉਮਯਾਵੀਆਂ ਦੀ ਥਾਂ ਅੱਬਾਸੀਆਂ ਨੇ ਮੱਲ ਲਈ। ਹੁਣ ਸ਼ਾਮ ਦੀ ਥਾਂ ਇਰਾਕ ਦਾ ਸੂਬਾ ਰਾਜ ਕੇਂਦਰ ਬਣਿਆ ਅਤੇ ਦਿਮਿਸ਼ਕ ਦੀ ਥਾਂ ਬਗ਼ਦਾਦ ਰਾਜਧਾਨੀ ਬਣ ਗਈ। ਏਸ ਪਰੀਵਰਤਨ ਨੇ ਹਿੰਦੁਸਤਾਨ ਨੂੰ ਅਰਬ-ਰਾਜ-ਕੇਂਦਰ ਦੇ ਬਹੁਤ ਨੇੜੇ ਕਰ ਦਿਤਾ ਸੰਨ ੧੪੦ ਹਿ. (ਸੰਨ ੭੫੯ ਇ.) ਵਿਚ ਹਿਸ਼ਾਮ ਸਿੰਧ ਦਾ ਗਵਰਨਰ ਹੋ ਕੇ ਆਇਆ। ਏਸ ਨੇ ਉਮਰ ਬਿਨ ਜਮਲ ਨਾਂ ਦੇ ਇਕ ਅਫ਼ਸਰ ਨੂੰ ਜਹਾਜ਼ਾਂ ਦਾ ਇਕ ਬੇੜਾ ਦੇਕੇ ਗੁਜਰਾਤ ਭੇਜਿਆ। ਉਹ ਲੁਟ ਮਾਰ ਕਰ ਕੇ ਕੁਝ ਦਿਨਾਂ ਵਿਚ ਅਸਫਲ ਵਾਪਸ ਆਇਆ। ਆਖ਼ੀਰ ਹਿਸ਼ਾਮ ਨੇ ਆਪ ਇਕ ਬੇੜਾ ਲੈਕੇ ਭੜੌਚ ਦੇ ਕੋਲ ਗੰਧਾਰ ਉਤੇ ਕਬਜ਼ਾ ਕਰ ਲਿਆ। ਏਥੇ ਉਸ ਨੇ ਆਪਣੀ ਫ਼ਤਿਹ ਦੀ ਯਾਦਗਿਰੀ ਵਿਚ ਇਕ ਮਸੀਤ ਬਣਵਾਈ। ਹੁਣ ਗੁਜਰਾਤ ਦੇਸ ਵਿਚ ਇਸਲਾਮ ਨੇ ਪਹਿਲੀ ਵਾਰ ਪੈਰ ਧਰਿਆ। ਸਿੰਧ ਤੋਂ ਛੁਟ ਹਿੰਦੁਸਤਾਨ ਵਿਚ ਇਹ ਪਹਿਲੀ ਮਸੀਤ ਬਣੀ।

ਮਨਸੂਰ ਪਿਛੋਂ ਮਹਿਦੀ ਖ਼ਲੀਫ਼ਾ ਹੋਇਆ। ਇਸ ਦੀ ਆਗਿਆ ਨਾਲ ਅਬਦੁਲ-ਮਲਕ ਨੇ ਗੁਜਰਾਤ ਉਤੇ ਫੇਰ ਹਮਲਾ ਕੀਤਾ ਅਤੇ ਸੰਨ ੧੬੦ ਹਿ. (ਸੰਨ ੭੭੮ ਈ.) ਵਿਚ ਬਾਰਬੁਦ ਨੂੰ, (ਜਿਸ ਦਾ ਹਿੰਦੀ ਨਾ ਭਾੜਭੂਤ ਹੈ ਅਤੇ ਜੋ ਭੜੌਚ ਦੇ ਕੋਲ ਹੈ), ਫ਼ਤਿਹ ਕੀਤਾ ਪਰ ਫ਼ੌਜ ਵਿਚ ਅਚਣਚੇਤ ਮਰੀ ਪੈ ਗਈ, ਜਿਸ ਨਾਲ ਇਕ ਹਜ਼ਾਰ ਸਿਪਾਹੀ ਮਰ ਗਏ। ਇਸ ਦੁਰਘਟਨਾ ਤੋਂ ਘਬਰਾ ਕੇ ਅਰਬ ਉਲਟੇ ਪੈਰੀਂ ਮੁੜ ਗਏ।

ਬਗ਼ਦਾਦ ਦੀ ਹਕੂਮਤ ਮੁਅਤਾਸਿਮ ਬਿੱਲਾ ਅਬੱਾਸੀ ਤਕ ਜਿਸ ਦੀ ਮੌਤ ਸੰਨ ੨੨੭ ਹਿ. ਵਿਚ ਹੋਈ, ਮਜ਼ਬੂਤ ਰਹੀ ਅਤੇ ਇਸ ਦੇ ਪਿਛੋਂ ਦਿਨੋਂ ਦਿਨ ਅਜੇਹੀ ਕਮਜ਼ੋਰ ਹੁੰਦੀ ਗਈ ਕਿ ਇਸ ਦਾ ਸਬੰਧ

ਸਿੰਧ ਅਤੇ ਹਿੰਦੁਸਤਾਨ ਨਾਲੋਂ ਟੁਟ ਗਿਆ। ਕੁਝ ਦਿਨਾਂ ਤਕ ਤਾਂ ਅਰਬ ਅਮੀਰ ਏਥੇ ਖ਼ੁਦਮੁਖ਼ਤਿਆਰ ਬਣੇ ਰਹੇ, ਪਰ ਅਖ਼ੀਰ ਮੁੜ ਹਿੰਦੂ ਰਾਜਿਆਂ ਨੇ ਏਸ ਦੇਸ ਤੇ ਕਬਜ਼ਾ ਕਰ ਲਿਆ ਅਤੇ ਅੱਗੇ ਨੂੰ ਕੇਵਲ ਦੋ ਪਰਸਿੱਧ ਅਰਬ ਰਿਆਸਤਾਂ ਏਥੇ ਕਾਇਮ ਰਹਿ ਗਈਆਂ ਜਿਨ੍ਹਾਂ ਵਿਚੋਂ ਇਕ ਮੁਲਤਾਨ ਵਿਚ ਸੀ ਅਤੇ ਦੂਜੀ ਸਿੰਧ ਦੇ ਅਰਬੀ ਸ਼ਹਿਰ ਮਨਸੂਰਾ ਵਿਚ, ਏਥੇ ਇਹ ਗਲ ਵੀ ਵਰਨਣ ਯੋਗ ਹੈ ਕਿ ਇਨ੍ਹਾਂ ਹਿੰਦੂ ਰਾਜਿਆਂ ਨੇ ਵੀ ਮੁਸਲਮਾਨ ਪਰਜਾ ਨਾਲ ਰਵਾਦਾਰੀ ਦਾ ਵਰਤਾ ਕੀਤਾ ਅਤੇ ਇਨ੍ਹਾਂ ਦੀਆਂ ਮਸੀਤਾਂ ਨੂੰ ਉਵੇਂ ਜਿਵੇਂ ਆਪਣੀ ਥਾਂ ਖੜਾ ਰਹਿਣ ਦਿੱਤਾ* ।

ਸਿੰਧੀਆਂ ਦੀ ਹਾਰ ਦਾ ਭੇਤ

ਏਸ ਤੋਂ ਪਹਿਲਾਂ, ਕਿ ਅਸੀਂ ਅੱਗੇ ਚਲੀਏ, ਅਸਾਂ ਇਹ ਗੱਲ ਮਲੂਮ ਕਰਨੀ ਹੈ ਕਿ ਕੁਝ ਹਜ਼ਾਰ ਅਰਬਾਂ ਦੀ ਫ਼ੌਜ ਨੇ, ਜਿਹੜੀ ਇੰਨ੍ਹਾ ਦੂਰ ਦੁਰੇਡਾ ਪੈਂਡਾ ਕਰ ਕੇ ਆਈ ਸੀ, ਇੱਕੋ ਹਮਲੇ ਵਿਚ ਇਸ ਮੁਲਕ ਉਤੇ ਕਿਵੇਂ ਕਬਜ਼ਾ ਕਰ ਲਿਆ ? ਮੇਰੇ ਖ਼ਿਆਲ ਵਿਚ ਤਾਂ ਹਾਰ ਵੀ ਉਸੇ ਕਾਰਣ ਦਾ ਸਿੱਟਾ ਹੈ ਜਿਸ ਕਰਕੇ ਦੁਨੀਆ ਵਿਚ ਹਰ ਕੌਮ ਦੂਜੀ ਕੌਮ ਦੇ ਅਧੀਨ ਹੋਈ ਹੈ । ਅਰਬਾਂ ਦੇ ਬਿਆਨਾਂ ਤੋਂ ਇਹ ਗੱਲ ਉੱਕੀ ਸਾਬਤ ਹੁੰਦੀ ਹੈ ਕਿ ਇਸ ਵੇਲੇ, ਅਰਥਾਤ ਪਹਿਲੀ ਸਦੀ ਹਿਜਰੀ ਦੇ ਅੰਤ ਅਤੇ ਅੱਠਵੀਂ ਸਦੀ ਈਸਵੀ ਦੇ ਆਰੰਭ ਵਿਚ, ਸਿੰਧ ਵਿਚ ਬੁੱਧ ਧਰਮ ਪਰਚਲਤ ਸੀ। ਅਰਬ ਵਾਲੇ ਬੁਧਾਂ ਨੂੰ 'ਸਮਨੀਆ' (ਇਸ ਸ਼ਬਦ ਤੇ ਅਗਲੇ ਪੰਨਿਆਂ ਵਿਚ ਵਿਚਾਰ ਕੀਤਾ ਜਾਵੇਗਾ) ਆਖਦੇ ਹਨ । ਸਾਰੇ ਭੂਗੋਲ-ਕਾਰਾਂ ਨੇ ਏਥੇ 'ਬੁੱਧ'† ਨਾਂ ਦੀ ਇਕ ਆਬਾਦੀ ਦਾ ਵਰਨਣ ਕੀਤਾ ਹੈ

*ਏਹ ਸਾਰੀਆਂ ਘਟਨਾਵਾਂ ਫ਼ਤੂਹੁਲਬੁਲਦਾਨ ਬਲਾਜ਼ੁਰੀ ਵਿਚ ਵਰਨਣ ਕੀਤੀਆਂ ਹੋਈਆਂ ਹਨ ।

†ਬੁਸ਼ਾਰੀ ਮੁਕੱਦਸੀ ਅਤੇ ਇਬਨ ਹੌਕਲ 'ਜ਼ਿਕਰੇ ਸਿੰਧ' ।

ਜਿਸ ਦਾ ਸ਼ੁੱਧ ਨਾਂ ਚਚਨਾਮੇ ਵਿਚ 'ਬੁਧਪੁਰ' ਹੈ* ਫੇਰ ਏਥੇ 'ਨੌ ਵਿਹਾਰ'† ਨਾਂ ਦੇ ਉਪਾਸਨਾ ਮੰਦਰ ਦਾ ਵੇਰਵਾ ਮਿਲਦਾ ਹੈ ਜੋ ਖ਼ਾਸ ਬੁਧ ਉਪਾਸ਼ਨਾ ਮੰਦਰ ਦਾ ਨਾਂ ਹੈ। ਇਨ੍ਹਾਂ ਦੇ ਪੁਜਾਰੀਆਂ ਦਾ ਨਾਂ 'ਸਮਨੀਆ' ਆਉਂਦਾ ਹੈ। ਏਹ ਲੋਕ ਬਾਹਮਣਾਂ ਦੇ ਵਿਰੋਧੀ ਸਨ। ਏਲੀਅਟ ਸਾਹਿਬ ਵੀ ਏਸ ਦਾਵੇ ਵਿਚ, ਕਿ ਇਸ ਸਮੇਂ ਸਿੰਧ ਦਾ ਧਰਮ ਬੁੱਧ ਸੀ, ਸਾਡੇ ਨਾਲ ਸਹਿਮਤ ਹਨ। ਆਖਦੇ ਹਨ:

ਮੁਸਲਮਾਨਾਂ ਦਾ ਜਦੋਂ ਪਹਿਲਾਂ ਪਹਿਲਾਂ ਹਿੰਦੁਸਤਾਨੀ ਦੇਸ-ਭਰਾਤਾਂ ਨਾਲ ਵਾਹ ਪਿਆ, ਤਾਂ ਉਸ ਵੇਲੇ, ਬੁੱਧ ਮਤ ਸਿੰਧ ਵਿਚ ਪੱਕੀ ਤਰ੍ਹਾਂ ਚਾਲੂ ਸੀ, ਇਸ ਲਈ ਅਵਸ਼ ਹੈ ਕਿ ਇਸ (ਬੁਦ) ਨਾਂ ਦਾ ਮੂਲ ਰੂਪ 'ਬੁਧ' ਹੀ ਹੈ ਨਾ ਕਿ ਫ਼ਾਰਸੀ ਸ਼ਬਦ 'ਬੁਦ' (ਬੁਤ), ਜੋ ਵਧੇਰੇ ਸੰਭਾਵਨਾ ਹੈ ਕਿ, ਆਪ ਵੀ 'ਬੁਧ' ਸ਼ਬਦ ਦਾ ਰੂਪਾਂਤਰ ਹੀ ਹੈ ਇਸ ਗੱਲ ਦੇ ਬਹੁਤ ਸਾਰੇ ਨਿਸ਼ਾਨ ਮੌਜੂਦ ਹਨ ਕਿ ਬੁਧ ਮਤ ਇਸ ਸਮੇਂ ਸਿੰਧ ਦੀ ਤਰਾਈ ਵਿਚ ਫੈਲਿਆ ਹੋਇਆ ਸੀ। ਨਾ ਕੇਵਲ ਵਿਸ਼ੇਸ਼ ਤੌਰ ਤੇ ਚੀਨੀ ਯਾਤਰੀਆਂ ਦੀਆਂ ਲਿਖਤਾਂ ਅਤੇ ਇਬਨ ਖ਼ੁਰਦਾਜ਼ਬੇ ਦਾ ਬਿਆਨ ਹੀ ਇਸ ਦੀ ਪਰੋੜ੍ਹਤਾ ਕਰਦੇ ਹਨ, ਸਗੋਂ ਅਰਬ ਲੇਖਕਾਂ ਦੇ ਕੁਝ ਪਰਸੰਗਕ ਇਸ਼ਾਰੇ ਤੇ ਸੰਕੇਤ ਵੀ ਹਨ ਜਿਨ੍ਹਾਂ ਵਿਚ ਉਚੇਚਾ ਕੋਈ ਬਿਆਨ ਬ੍ਰਹਿਮਣਾਂ ਤੇ ਬੁੱਧਾਂ ਦੇ ਇਕ ਦੂਜੇ ਦੇ ਵਿਰੋਧੀ ਹੋਣ ਦੇ ਸਬੰਧ ਵਿਚ ਨਹੀਂ ਹੈ ਕਿਉਂਕਿ ਇਨ੍ਹਾਂ ਦੋਹਾਂ ਦਾ ਨਿਖੇੜਾ (ਖ਼ਾਸ ਕਰਕੇ ਪੂਜਾ ਦੇ ਢੰਗ, ਕਰਮ ਕਾਂਡ, ਪੁਰਾਣਕ ਕਥਾਵਾਂ ਆਦਿ) ਸਾਧਾਰਨ ਤੌਰ ਤੇ ਇਤਨਾ ਸੂਖਮ ਸੀ ਕਿ ਓਪਰੇ ਅਤੇ ਹੈਂਕੜੀ ਬਦੇਸੀਆਂ ਦਾ ਧਿਆਨ ਮੁਸ਼ਕਿਲ ਨਾਲ ਇਧਰ ਖਿੱਚਿਆ ਜਾ ਸਕਦਾ ਸੀ। ਸੋ ਜਿਥੇ ਕਿਤੇ ਪੁਜਾਰੀਆਂ ਦਾ ਵੇਰਵਾ ਆਉਂਦਾ ਹੈ, ਆਮ ਤੌਰ ਤੇ ਉਨ੍ਹਾਂ ਨੂੰ 'ਸਮਨੀ' ਆਖਿਆ ਗਿਆ ਹੈ। ਰਾਜੇ ਦਾ ਹਾਥੀ ਸਫ਼ੈਦ ਹੁੰਦਾ ਸੀ ਜੋ ਇਕ ਬੜੀ ਅਰਥ-ਭਰਪੂਰ ਗੱਲ ਹੈ। ਇਕ ਹਜ਼ਾਰ (ਪੁਜਾਰੀ) ਬ੍ਰਾਹਮਣਾਂ ਨੂੰ,

*ਏਲੀਅਟ ਜਿਲਦ ਪਹਿਲੀ ਪੰਨਾ ੧੩੮

† „ „ ਪੰਨਾ ੧੦

(ਜਿਸ ਨਾਂ ਹੇਠ ਇਨ੍ਹਾਂ ਦਾ ਅਰਬੀ ਕਿਤਾਬਾਂ ਵਿਚ ਵਰਨਣ ਹੈ) ਜੋ ਆਪਣੇ ਪੁਰਾਤਨ ਧਾਰਮਕ ਵਿਸ਼ਵਾਸ਼ ਅਤੇ ਰਹੁ-ਰੀਤ ਨੂੰ ਕਾਇਮ ਰੱਖਣਾ ਚਾਹੁੰਦੇ ਸਨ, ਮੁਹੰਮਦ ਬਿਨ ਕਾਸਿਮ ਨੇ ਉਸ ਵਕਤ ਦੇ ਖ਼ਲੀਫ਼ੇ ਦੀ ਆਗਿਆ ਨਾਲ ਪਰਵਾਨਾ ਲਿਖ ਦਿੱਤਾ ਸੀ ਕਿ ਉਹ ਆਪਣੇ ਹੱਥਾਂ ਵਿਚ ਪਾਤਰ ਲੈ ਕੇ ਰੋਜ ਪਰਭਾਤ ਸਮੇਂ ਦਰ ਦਰ ਫਿਰ ਕੇ ਭਿੱਛਿਆ ਪਰਾਪਤ ਕਰ ਸਕਦੇ ਹਨ। ਇੰਜ ਭਿੱਛਿਆ ਮੰਗਣਾ ਇਕ ਖ਼ਾਸ ਧਾਰਮਕ ਰਸਮ ਹੈ, ਜੋ ਬੋਧੀ ਭਿਖਸ਼ੂਆਂ ਵਿਚ ਪਰਚਲਤ ਹੈ। ਸਭ ਤੋਂ ਅਖ਼ੀਰ ਇਹ ਗੱਲ ਕਿ ਮੂਰਤੀਆਂ ਬਣਾਕੇ ਜਾਂ ਕਿਸੇ ਹੋਰ ਢੰਗ ਨਾਲ ਆਪਣੇ ਜੇਤੂਆਂ ਦੀਆਂ ਸਰੀਰਕ ਯਾਦਗਾਰਾਂ ਕਾਇਮ ਕਰਨਾ ਆਦਿ ਸਾਰੀਆਂ ਗਲਾਂ ਬ੍ਰਾਹਮਣਾਂ ਦੇ ਨਹੀਂ ਸਗੋਂ ਬੋਧੀਆਂ ਦੇ ਸੁਭਾਵਕ ਲੱਛਣਾਂ ਦੀਆਂ ਲਖਾਇਕ ਹਨ। ਉਪਰ ਹਕ ਵਿਚ ਦਿੱਤੀਆਂ ਦਲੀਲਾਂ ਤੋਂ ਛੁਟ ਵਿਰੋਧੀ ਸਾਖੀ ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਸਤੀ, ਜਨੇਊ, ਗਊ-ਪੂਜਾ, ਇਸ਼ਨਾਨ-ਧਿਆਨ, ਹਵਨ, ਪੁਜਾਰੀਆਂ ਦੇ ਹਬ-ਕੰਡਿਆਂ ਅਤੇ ਦੂਜੇ ਆਗੂਆਂ ਵਾਲੇ ਰੋਹਬਾਂ ਜੋਗੀਆਂ ਵਾਲੇ ਮਨਮਾਰੂ ਸਾਧਨਾਂ ਜਾਂ ਹੋਰ ਰਹੁ-ਰੀਤਾਂ ਕਰਮ ਧਰਮ ਆਦਿ ਦਾ ਕਿਤੇ ਕੋਈ ਵੇਰਵਾ ਨਹੀਂ ਮਿਲਦਾ।"

ਸਿੰਧ ਦੀ ਸਭ ਤੋਂ ਪਹਿਲੀ ਪੁਰਾਣੀ ਇਸਲਾਮੀ ਤਾਰੀਖ਼ ਜੋ ਆਮ ਤੌਰ ਤੇ ਚਚ-ਨਾਮਾ ਦੇ ਨਾਂ ਤੋਂ ਪਰਸਿਧ ਹੈ (ਅਤੇ ਜਿਸ ਦੇ ਦੂਜੇ ਨਾਂ 'ਤਾਰੀਖ਼ੁਲ-ਹਿੰਦ-ਵੱ-ਸਿੰਧ' ਅਤੇ ਮਿਨਹਾਜੁਲ-ਮਸਾਲਿਕ ਹਨ), ਦੇ ਅਧੈਨ ਤੋਂ ਪੂਰੀ ਤਰਾਂ ਸਪਸ਼ਟ ਹੋ ਜਾਂਦਾ ਹੈ ਕਿ ਸਿੰਧ ਵਿਚ ਬੁਧਾਂ ਤੇ ਬ੍ਰਾਹਮਣਾਂ ਵਿਚਕਾਰ ਵਿਰੋਧਤਾ ਤੇ ਵੈਰ ਸੀ ਅਤੇ ਅਜੇਹਾ ਮਲੂਮ ਹੁੰਦਾ ਹੈ ਕਿ ਇਹ ਦੋਵੇਂ ਮਤ ਕੁਝ ਘਰਾਣਿਆਂ ਵਿਚ ਇਸ ਤਰਾਂ ਵੀ ਫਲੇ ਹੋਏ ਸਨ ਕਿ ਘਰ ਦਾ ਇਕ ਬੰਦਾ ਜੋ ਹਿੰਦੂ ਸੀ ਤਾਂ ਦੂਜਾ ਬੋਧੀ ਸੀ ਏਸੇ ਬਿਨਾ ਤੇ ਸਿੰਧ ਦੇ ਰਾਜਿਆਂ ਦੇ ਵਿਰਤਾਂਤ ਪੜ੍ਹਕੇ ਮੈਨੂੰ ਇਹ ਫ਼ੈਸਲਾ ਕਰਨਾ ਪਿਆ ਹੈ ਕਿ ਰਾਜਾ ਚਚ ਹਿੰਦੂ ਬ੍ਰਾਹਮਨ ਸੀ ਅਤੇ ਏਸ ਨ ਛੋਟੇ ਛੋਟੇ ਬੋਧੀ ਰਾਜਿਆਂ ਨੂੰ ਲੜ ਭਿੜ ਕੇ ਮੁਕਾ ਦਿੱਤਾ

ਸੀ ਜਾਂ ਆਪਣੇ ਅਧੀਨ ਕਰ ਲਿਆ ਸੀ* । ਇਹ ਰਾਜਾ ਛੇਵੀਂ ਸਦੀ ਈਸਵੀ ਦੇ ਅਖ਼ੀਰ ਵਿਚ ਸਿੰਧ ਵਿਚ ਰਾਜ ਕਰਦਾ ਸੀ । ਇਸ ਦੇ ਪਿੱਛੋਂ ਰਾਜਾ ਚੰਦਰ ਇਸਦਾ ਭਰਾ ਰਾਜਾ ਹੋਇਆ ਜੋ ਬੁੱਧ ਧਰਮ ਦਾ ਇਕ ਜੋਸ਼ੀਲਾ ਪੈਰੋ ਸੀ । ਜਿਨ੍ਹਾਂ ਲੋਕਾਂ ਨੇ ਆਪਣਾ ਧਰਮ ਪਹਿਲਾਂ ਛੱਡ ਦਿੱਤਾ ਸੀ ਇਨ੍ਹਾਂ ਨੂੰ ਮੁੜ ਇਸ ਨੇ ਧਿੰਗੋ-ਜ਼ੋਰੀ ਬੋਧੀ ਬਣਾ ਲਿਆ† । ਇਹ ਵੇਖਕੇ ਹਿੰਦੂ ਬ੍ਰਾਹਮਣ ਆਕੀ ਹੋ ਗਏ । ਮਜਬੂਰ ਹੋ ਕੇ ਉਸ ਨੂੰ ਮੈਦਾਨ ਵਿਚ ਨਿਕਲਣਾ ਪਿਆ, ਪਰ ਸਫਲਤਾ ਪਰਾਪਤ ਨਾ ਹੋਈ । ਇਸ ਦੇ ਪਿੱਛੋਂ ਚਚ ਦਾ ਪੁੱਤਰ, ਰਾਜਾ ਦਾਹਿਰ, ਇਸ ਦੀ ਥਾਂ ਗੱਦੀ ਉੱਤੇ ਬੈਠਾ (ਇਹ ਰਾਜਾ ਮੈਨੂੰ ਹਿੰਦੂ ਬ੍ਰਾਹਮਣ ਮਲੂਮ ਹੁੰਦਾ ਹੈ ।)

ਇਤਿਹਾਸਕ ਅਨੁਮਾਨਾਂ ਤੋਂ ਇਹ ਅੰਦਾਜ਼ਾ ਹੁੰਦਾ ਹੈ ਕਿ ਇਸ ਵੇਲੇ ਜਦੋਂ ਮੁਸਲਮਾਨ ਸਿੰਧ ਦੀ ਸਰਹਦ ਉੱਤੇ ਸਨ, ਮੁਲਕ ਵਿਚ ਇਨ੍ਹਾਂ ਦੋਹਾਂ ਮਤਾਂ ਵਿਚਕਾਰ ਜੰਗ ਛਿੜੀ ਹੋਈ ਸੀ ਅਤੇ ਬੋਧੀ ਬ੍ਰਾਹਮਣਾਂ ਦੇ ਟਾਕਰੇ ਵਿਚ ਆਪਣੇ ਆਪ ਨੂੰ ਬੇਵਸ ਵੇਖ ਕੇ ਮੁਸਲਮਾਨਾਂ ਵਲ ਸੁਲ੍ਹਾ ਤੇ ਪਿਆਰ ਦਾ ਹੱਥ ਵਧਾ ਰਹੇ ਸਨ ।

ਅਸੀਂ ਵੇਖਦੇ ਹਾਂ ਕਿ ਠੀਕ ਉਸ ਵੇਲੇ ਜਦੋਂ ਮੁਹੰਮਦ ਬਿਨ ਕਾਸਿਮ ਦੀ ਜੇਤੂ ਫ਼ੌਜ ਸ਼ਹਿਰ ਨੈਰੋਨ ਵਿਚ ਪਹੁੰਚਦੀ ਹੈ, ਤਾਂ ਉਥੇ ਦੇ ਵਸਨੀਕਾਂ ਨੇ ਆਪਣੇ 'ਸਮਨੀਆਂ' ਅਥਵਾ 'ਬੁੱਧ' ਪੁਜਾਰੀਆਂ ਨੂੰ ਪੇਸ਼ ਕੀਤਾ । ਮਲੂਮ ਹੋਇਆ ਕਿ 'ਇਨ੍ਹਾਂ ਨੇ ਆਪਣੇ ਏਲਚੀ ਖ਼ਾਸ ਇਰਾਕ ਵਿਚ ਹਜਾਜ ਦੇ ਪਾਸ ਘਲਕੇ ਪਨਾਹ ਪਰਾਪਤ ਕਰ ਲਈ ਹੋਈ ਹੈ' ਸੋ ਨੈਰੋਨ ਦੇ ਲੋਕਾਂ ਨੇ ਮੁਹੰਮਦ ਦਾ ਸ਼ਾਨਦਾਰ ਸੁਆਗਤ ਕੀਤਾ । ਉਸ ਲਈ ਰਸਦ ਦਾ ਪਰਬੰਧ ਕੀਤਾ ਅਤੇ ਉਸ ਨੂੰ ਆਪਣੇ ਸ਼ਹਿਰ ਵਿਚ ਲਿਆਂਦਾ, ਅਤੇ ਸੁਲ੍ਹਾ ਦੀਆਂ ਸ਼ਰਤਾਂ ਉਤੇ ਪੂਰੀ ਤਰਾਂ ਕਾਇਮ ਰਹੇ । ਇਸ ਪਿੱਛੋਂ ਜਦੋਂ ਇਸਲਾਮੀ ਫ਼ੌਜ ਸਿੰਧ ਨਦੀ ਨੂੰ ਪਾਰ ਲੰਘ ਕੇ ਸਦੂਸਤਾਨ ਪੁਜਦੀ ਹੈ ਤਾਂ ਫੇਰ 'ਸਮਨੀ' (ਬੋਧੀ) ਲੋਕ ਸੁਲ੍ਹਾ ਦੇ ਏਲਚੀ

---

*ਚਚ-ਨਾਮਾ ਏਲੀਅਟ ਜਿ. ੧ ਪੰ. ੧੪੨, ੧੫੨ ।

†ਚਚ-ਨਾਮਾ ਏਲੀਅਟ ੧੫੨, ੧੫੩ ।

ਬਣਦੇ ਹਨ* ਇਵੇਂ ਜਿਵੇਂ ਸੇਵਸਤਾਨ ਵਿਚ ਹੁੰਦਾ ਹੈ ਕਿ ਸਮਨੀ ਲੋਕ (ਬੋਧੀ) ਬਿਜੈ ਰਾਇ ਆਪਣੇ ਰਾਜੇ ਨੂੰ ਛੱਡਕੇ ਖ਼ੁਸ਼ੀ ਨਾਲ ਮੁਸਲਮਾਨਾਂ ਦਾ ਸਾਥ ਦਿੰਦੇ ਹਨ ਅਤੇ ਉਨ੍ਹਾਂ ਦਾ (ਰਾਜ) ਦਿਲੋਂ ਸਵੀਕਾਰ ਕਰਦੇ ਹਨ। ਸਿੰਧ ਵਿਚ 'ਕਾਕਾ' ਨਾਂ ਦਾ ਕੋਈ ਪਰਸਿੱਧ ਸਿਆਣਾ ਤੇ ਨੀਤੀਵਾਨ ਸੀ। ਜਾਟ ਸਰਦਾਰ ਇਸ ਕੋਲ ਜਾ ਕੇ ਸਲਾਹ ਪੁੱਛਦੇ ਹਨ ਕਿ ਕੀ ਮੁਸਲਮਾਨ ਫ਼ੌਜ ਉਤੇ ਛਾਪਾ ਮਾਰਿਆ ਜਾਵੇ ? ਉਹ ਉੱਤਰ ਵਿਚ ਆਖਦਾ ਹੈ "ਜੇ ਤੁਸੀਂ ਅਜੇਹਾ ਕਰ ਸਕੋ ਤਾਂ ਚੰਗਾ ਹੈ, ਪਰ ਸੁਣੋ, ਸਾਡੇ ਪੰਡਤਾਂ ਅਤੇ ਜੋਗੀਆਂ ਨੇ ਜੰਤਰੀ ਵੇਖ ਕੇ ਇਹ ਲੱਖਣ ਲਾ ਦਿਤਾ ਸੀ ਕਿ ਇਸ ਮੁਲਕ ਨੂੰ ਇਕ ਦਿਨ ਮੁਸਲਮਾਨ ਜਿਤ ਲੈਣਗੇ" ਲੋਕੀ ਇਸ ਦੀ ਗਲ ਨਹੀਂ ਮੰਨਦੇ ਅਤੇ ਨੁਕਸਾਨ ਉਠਾਉਂਦੇ ਹਨ 'ਕਾਕੇ' ਨੇ ਕਿਹਾ "ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੇਰਾ ਇਰਾਦਾ ਤੇ ਸੰਕਲਪ ਪਰਸਿੱਧ ਹੈ, ਪਰ ਬੋਧੀਆਂ ਦੀਆਂ ਕਿਤਾਬਾਂ ਵਿਚ ਪਹਿਲਾਂ ਹੀ ਇਹ ਭਵਿਸ਼-ਬਾਣੀ ਦਰਜ ਕੀਤੀ ਜਾ ਚੁਕੀ ਹੈ ਕਿ ਹਿੰਦੁਸਤਾਨ ਨੂੰ ਮੁਸਲਮਾਨ ਜਿੱਤ ਲੈਣਗੇ ਅਤੇ ਮੈਂ ਵੀ ਨਿਸਚਾ ਰਖਦਾ ਹਾਂ ਕਿ ਅਸਲ ਵਿਚ ਇਹੋ ਹੀ ਹੋਣ ਵਾਲਾ ਹੈ" ਇਸ ਪਿੱਛੋਂ ਕਾਕਾ ਮੁਹੰਮਦ ਬਿਨ ਕਾਸਿਮ ਦੇ ਕੋਲ ਚਲਿਆ ਜਾਂਦਾ ਹੈ ਅਤੇ ਜਾਟਾਂ ਦੇ ਇਰਾਦੇ ਤੋਂ ਉਸ ਨੂੰ ਸੂਚਤ ਕਰਦਾ ਹੈ, ਨਾਲੇ ਆਪਣੀਆਂ ਪੁਸਤਕਾਂ ਵਿਚਲੀ ਭਵਿਸ਼ਬਾਣੀ ਉਸ ਨੂੰ ਸੁਣਾਉਂਦਾ ਹੈ। ਮੁਹੰਮਦ ਬਿਨ ਕਾਸਿਮ ਇਸ ਦਾ ਬੜੇ ਮਾਣ ਨਾਲ ਸੁਆਗਤ ਕਰਦਾ ਹੈ ਅਤੇ ਇਸ ਨੂੰ ਤੇ ਇਸ ਦੇ ਸਾਥੀਆਂ ਨੂੰ ਇਨਾਮ ਕਨਾਮ ਅਤੇ ਸਿਰੋਪਾ ਨਾਲ ਸਨਮਾਨਦਾ ਹੈ। ਇਸੇ ਤਰ੍ਹਾਂ ਰਾਜਾ ਦਾਹਿਰ ਦੇ ਬਹੁਤ ਸਾਰੇ ਵਿਰੋਧੀ ਅਫ਼ਸਰ (ਵਧੇਰੇ ਸੰਭਾਵਨਾ ਹੈ ਕਿ ਬੋਧੀ) ਆਪ ਆ ਆ ਕੇ ਮੁਸਲਮਾਨਾਂ ਦੇ ਅਧੀਨ ਹੁੰਦੇ ਹਨ† ।

ਅਜੇਹਾ ਮਲੂਮ ਹੁੰਦਾ ਹੈ ਕਿ ਜਦੋਂ ਸਿੰਧ ਦੇ ਬੋਧੀਆਂ ਨੇ ਇਕ ਪਾਸੇ ਮੁਸਲਮਾਨਾਂ ਨੂੰ ਤੇ ਦੂਜੇ ਪਾਸੇ ਬ੍ਰਾਹਮਣਾਂ ਨੂੰ ਤੋਲਿਆ ਤਾਂ ਉਨ੍ਹਾਂ ਨੂੰ

---

*ਬਲਾਜ਼ੁਰੀ ਪੰ. ੪੩੭, ੪੩੮.

†ਚਚ ਨਾਮਾ ਏਲੀਅਟ ਪੰ. ੧੦੬.

ਮੁਸਲਮਾਨ ਵਧੇਰੇ ਚੰਗੇ ਨਜ਼ਰ ਆਏ। ਦੂਜੀ ਗੱਲ ਇਹ ਵੀ ਹੈ ਕਿ ਇਸ ਤੋਂ ਪਹਿਲਾਂ ਤੁਰਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਬੋਧੀਆਂ ਨਾਲ ਮੁਸਲਮਾਨਾਂ ਨੇ ਜੋ ਚੰਗਾ ਸਲੂਕ ਕੀਤਾ ਸੀ ਅਤੇ ਇਨ੍ਹਾਂ ਲੋਕਾਂ ਨੇ ਜਿਸ ਭਾਰੀ ਗਿਣਤੀ ਵਿਚ ਤੇ ਸ਼ੀਘਰਤਾ ਨਾਲ ਇਸਲਾਮ ਨੂੰ ਧਾਰਨ ਕੀਤਾ ਸੀ ਇਸ ਦਾ ਪਰਭਾਵ ਇਸ ਮੁਲਕ ਦੇ ਬੋਧੀਆਂ ਉੱਤੇ ਵੀ ਜ਼ਰੂਰ ਪਿਆ ਹੋਵੇਗਾ ਜਿਸ ਕਰ ਕੇ ਬੋਧੀ ਮੁਸਲਮਾਨਾਂ ਨਾਲ ਜਾ ਮਿਲੇ ਹੋਣਗੇ।

ਹਿੰਦੁਸਤਾਨ ਦੇ ਅਰਬ ਯਾਤਰੂ
ਤੇ
ਭੂਗੋਲਕਾਰ

ਇਸ ਵੇਲੇ ਅਰਬੀ ਭਾਸ਼ਾ ਵਿਚ ਭੂਗੋਲ ਦੀ ਸਭ ਤੋਂ ਪਹਿਲੀ ਕਿਤਾਬ, ਜਿਸ ਵਿਚ ਹਿੰਦੁਸਤਾਨ ਦਾ ਕੁਝ ਹਾਲ ਮਿਲਦਾ ਹੈ, ਇਬਨ ਖ਼ੁਰਦਾਜ਼ਬੇ (ਸੰਨ ੨੫੦ ਹਿ.) ਦੀ 'ਕਿਤਾਬੁਲ ਮਸਾਲਿਕ-ਵਲ-ਮਮਾਲਿਕ' ਹੈ।

੧. ਇਬਨ ਖ਼ੁਰਦਾਜ਼ਬੇ ਸੰਨ ੨੫੦ ਹਿ.

ਇਹ ਨੌਵੀਂ ਸਦੀ ਈਸਵੀ ਵਿਚ ਮੁਅਤਮਿਦ ਅੱਬਾਸੀ ਖ਼ਲੀਫ਼ਾ ਦੇ ਸਮੇਂ ਡਾਕ ਤੇ ਗੁਪਤ ਸੂਚਨਾ-ਵਿਭਾਗ ਦਾ ਅਫ਼ਸਰ ਸੀ। ਇਸ ਲਈ ਇਸ ਨੇ ਬਗ਼ਦਾਦ ਤੋਂ ਭਿੰਨ ਭਿੰਨ ਦੇਸਾਂ ਦੀਆਂ ਵਿੱਥਾਂ ਅਤੇ ਆਵਾ-ਜਾਈ ਦੇ ਰਸਤਿਆਂ ਦੀ ਵਿਆਖਿਆ ਕਰਦੇ ਹੋਏ ਕਿਤਾਬ ਲਿਖੀ ਹੈ। ਇਸ ਵਿਚ ਇਸ ਨੇ ਹਿੰਦੁਸਤਾਨ ਦੇ ਖ਼ੁਸ਼ਕੀ ਅਤੇ ਪਾਣੀ ਦੇ ਵਪਾਰੀ ਰਸਤਿਆਂ ਦੀ ਵਿਆਖਿਆ ਕੀਤੀ ਹੈ ਅਤੇ ਏਥੋਂ ਦੀਆਂ ਭਿੰਨ ਭਿੰਨ ਜਾਤੀਆਂ ਦਾ ਵਰਨਣ ਕੀਤਾ ਹੈ। ਭਾਵੇਂ ਉਹ ਹਿੰਦੁਸਤਾਨ ਨਹੀਂ ਆਇਆ ਪਰ ਉਸ ਦੇ ਆਮ ਗਿਆਨ ਦੀ ਨੀਂਹ ਫੌਲਮੀ ਦੇ

ਜੁਗਰਾਫ਼ੀਏ ਉੱਤੇ ਰੱਖੀ ਪਰਤੀਤ ਹੁੰਦੀ ਹੈ । ਪਰ ਖ਼ਾਸ ਖ਼ਾਸ ਗੱਲਾਂ ਦੀ ਵਾਕਫ਼ੀ ਉਸ ਦੇ ਆਪਣੇ ਮਹਿਕਮੇਂ ਦੀਆਂ ਸਰਕਾਰੀ ਰਿਪੋਟਾਂ ਤੇ ਨਿਰਭਰ ਹੈ । ਸੁਦਾਗਰਾਂ ਤੇ ਯਾਤਰੂਆਂ ਨਾਲ ਉਸ ਦੀਆਂ ਉਸ ਦੇ ਆਪਣੇ ਅਹੁਦੇ ਕਾਰਨ ਬਰਾਬਰ ਮੁਲਕਾਤਾਂ ਹੁੰਦੀਆਂ ਰਹਿੰਦੀਆਂ ਸਨ ਏਸ ਲਈ ਉਸ ਦਾ ਇਹ ਨਿਜੀ ਗਿਆਨ ਗੋਇਆ ਇਕ ਹਿੰਦੁਸਾਤੀਨੀ ਯਾਤਰੂ ਦੇ ਸਮਾਨ ਹੈ । ਏਸ ਦੀ ਕਿਤਾਬ ਸੰਨ ੧੯੯੯ ਈ. ਵਿਚ ਛਾਪੇ ਖ਼ਾਨਾ ਬਰੇਲ ਲੀਡਨ* ਵਿਚ, ਦੀ ਖੋਈ (De-Goeje) ਨੇ ਛਾਪੀ ਹੈ ।

ਇਬਨ ਖ਼ੁਰਦਾਜ਼ਬੇ ਨੇ 'ਸਿੰਧ' ਸਿਰਲੇਖ ਹੇਠ ਜਿਨ੍ਹਾਂ ਸ਼ਹਿਰਾਂ ਦਾ ਵੇਰਵਾ ਦਿੱਤਾ ਹੈ, ਉਸ ਤੋਂ ਮਲੂਮ ਹੁੰਦਾ ਹੈ ਕਿ ਅਰਬ ਵਾਲੇ ਬਲੋਚਿਸਤਾਨ ਦੇ ਪਰੇ ਤੋਂ ਲੈ ਕੇ ਗੁਜਰਾਤ ਤਕ ਸਭ ਇਲਾਕੇ ਨੂੰ ਸਿੰਧ ਸਮਝਦੇ ਸਨ । ਸੋ ਉਸ ਨੇ ਸਿੰਧ ਦੇ ਇਹ ਸ਼ਹਿਰ ਗਿਣਾਏ ਹਨ ਕੈਕਾਨ, ਬੰਨਾ, ਮਕਰਾਨ, ਮੇਦ, ਕੰਧਾਰ, ਕਸਦਾਰ, ਬੂਕਾਨ, ਕੰਦਾਬੀਲ, ਕੰਜ਼ਪੁਰ, ਅਰਮਾਬੀਲ, ਦੈਬਲ, ਕੰਬਲੀ, ਕੰਬਿਆਦ, ਖੰਬਾਇਤ, ਸਹਿਬਾਨ, ਸਦੂਸਾਨ, ਰਾਸਕ, ਰੂਰ, ਸਾਵੰਦਰੀ, ਮੁਲਤਾਨ, ਮੰਡਲ, ਬੇਲਮਾਨ, ਸਰਿਸ਼ਤ, ਕੇਰਜ਼, ਮਰੱਮਦ, ਕਾਲੀ, ਧਬਖ, ਬਰੌਸ (ਭੜੌਚ) (ਪੰ. ੫੫) ਫ਼ੇਰ ਹਿੰਦੁਸਤਾਨ ਦੇ ਪਰਸਿੱਧ ਸ਼ਹਿਰਾਂ ਦੇ ਨਾਂ ਲਏ ਹਨ ਸਾਮਲ, ਹੋਰੈਨ (ਉਜੈਨ) ਕਾਲੋਂਨ, ਕੰਧਾਰ (ਗੰਧਾਰਾ) ਕਸ਼ਮੀਰ (ਕਸ਼ਮੀਰ) (ਪੰ. ੬੮)

ਇਬਨ ਖੁਰਦਾਜ਼ਬੇ ਆਖਦਾ ਹੈ ਕਿ "ਹਿੰਦੁਸਤਾਨ ਵਿਚ ਸਤ ਜਾਤੀਆਂ ਹਨ:-

(੧) ਸ਼ਾਕਸ਼ਰੀ (ਛੱਤਰੀ), ਇਹ ਉਸ ਮੁਲਕ ਦੇ ਅਸ਼ਰਾਫ ਹਨ, ਇਨ੍ਹਾਂ ਵਿਚੋਂ ਹੀ ਰਾਜੇ ਹੰਦੇ ਹਨ । ਇਨ੍ਹਾਂ ਨੂੰ ਸਭ ਮੱਥਾ ਟੇਕਦੇ ਹਨ ਅਤੇ ਉਹ ਕਿਸੇ ਨੂੰ ਮੱਥਾ ਨਹੀਂ ਟੇਕਦੇ ।

(੨) ਬ੍ਰਾਹਮਾ (ਬ੍ਰਾਹਮਣ) ਇਹ ਸ਼ਰਾਬ ਅਤੇ ਨਸ਼ੇ ਵਾਲੀ ਚੀਜ਼ ਦਾ ਸੇਵਨ ਨਹੀਂ ਕਰਦੇ ।

*Leydon, ਦਖਣੀ ਹਾਲੈਂਡ ਵਿਚ ਹੈ ਯੂਨੀਵਰਸਟੀ ਟਾਊਨ ਹੈ ।

(੩) ਕਸਤਰੀ (ਖਤਰੀ), ਇਹ ਤਿੰਨ ਪਿਆਲਿਆਂ ਤਕ ਪੀ ਲੈਂਦੇ ਹਨ। ਬ੍ਰਾਹਮਣ ਇਨ੍ਹਾਂ ਦੀ ਬੇਟੀ ਲੈ ਲੈਂਦੇ ਹਨ ਪਰ ਇਨ੍ਹਾਂ ਨੂੰ ਦਿੰਦੇ ਨਹੀਂ।

(੪) ਸ਼ੂਦਰ, ਇਹ ਖੇਤੀ ਵਾਲੇ ਹਨ।

(੫) ਬੈਸ਼ (ਵੈਸ਼) ਇਹ ਪੇਸ਼ਿਆਂ ਵਾਲੇ ਹਨ।

(੬) ਸ਼ੰਦਾਲ (ਚੰਡਾਲ) ਇਹ ਖੇਡਾਂ ਕਰਨ ਵਾਲੇ ਤੇ ਕਲਾਉਂਤ ਹਨ। ਇਨ੍ਹਾਂ ਦੀਆਂ ਜ਼ਨਾਨੀਆਂ ਸੁਹਣੀਆਂ ਹੁੰਦੀਆਂ ਹਨ।

(੭) ਜ਼ੁੰਬ (ਡੂਮ) ਇਹ ਗਾਉਂਦੇ ਵਜਾਉਂਦੇ ਹਨ। ਹਿੰਦੁਸਤਾਨ ਵਿਚ ੪੨ ਕਿਸਮ ਦੇ ਮਜ਼ਹਬ ਚਾਲੂ ਹਨ। ਕੋਈ ਰਬ ਤੇ ਰਸੂਲ ਦੋਹਾਂ ਨੂੰ ਮੰਨਦਾ ਹੈ। ਕੋਈ ਇਨ੍ਹਾਂ ਦੋਹਾਂ ਵਿਚੋਂ ਇਕ ਨੂੰ ਮੰਨਦਾ ਹੈ, ਕੋਈ ਕਿਸੇ ਨੂੰ ਵੀ ਨਹੀਂ ਮੰਨਦਾ। ਇਨ੍ਹਾਂ ਨੂੰ ਆਪਣੀ ਜਾਦੂਗਰੀ ਤੇ ਜੰਤਰ ਮੰਤਰ ਤੇ ਬੜਾ ਮਾਣ ਹੈ।" (ਪੰ. ੭੧)

੨. ਸੁਲੇਮਾਨ ਤਾਜਿਰ ਸੰ. ੨੩੭ ਹਿ.

ਇਹ ਸਾਰਿਆਂ ਨਾਲੋਂ ਪਹਿਲਾ ਅਰਬ ਯਾਤਰੂ ਹੈ ਜਿਸ ਦਾ ਸਫ਼ਰਨਾਮਾ ਸਾਡੇ ਤੁਕ ਅਪੜ੍ਹਿਆ ਹੈ। ਸੰਨ. ੧੯੧੧ ਈ. ਵਿਚ ਇਹ 'ਸਿਲਸਿਲਾਤੁੱ-ਤਵਾਰੀਖ' ਦੇ ਨਾਂ ਹੇਠ ਛਪਿਆ ਹੈ। ਸੁਲੇਮਾਨ ਇਕ ਸੁਦਾਗਰ ਸੀ ਜੋ ਇਰਾਕ ਦੀ ਬੰਦਰਗਾਹ ਤੋਂ ਚੀਨ ਤਕ ਸਫਰ ਕੀਤਾ ਕਰਦਾ ਸੀ ਅਤੇ ਇਸ ਤਰਾਂ ਇਹ ਹਿੰਦੁਸਤਾਨ ਦੇ ਪੂਰੇ ਸਾਹਿਲ ਦਾ ਚੱਕਰ ਕਢਿਆ ਕਰਦਾ ਸੀ। ਇਸ ਨੇ ਆਪਣੇ ਇਹ ਸੰਖੇਪ ਹਾਲਾਤ ਸੰ.੨੩੭ ਹਿ. ਵਿਚ ਲਿਖੇ ਹਨ ਜਿਨ੍ਹਾਂ ਨੂੰ ਅਜ ਕਰੀਬ ਕਰੀਬ ਗਿਆਰਾਂ ਸੌ ਵਰ੍ਹੇ ਹੋ ਗਏ ਹਨ।

ਇਹ ਸਭ ਤੋਂ ਪਹਿਲਾ ਆਧਾਰ ਜਿਸ ਵਿਚ ਸਾਨੂੰ ਹਿੰਦ ਸਾਗਰ ਦਾ ਨਾਂ 'ਦਰਿਆਏ ਹਰਗੰਦ' ਕਰਕੇ ਮਿਲਦਾ ਹੈ ਅਤੇ ਫੇਰ ਇਸੇ ਨਾਂ ਨਾਲ ਅਰਬ ਵਾਲਿਆਂ ਨੇ ਇਸ ਨੂੰ ਪੁਕਾਰਿਆ ਹੈ। 'ਸਰਗੰਦ' ਸਮੁੰਦਰ ਦੇ ਉਸ ਹਿੱਸੇ ਨੂੰ ਆਖਦੇ ਹਨ ਜੋ ਦੱਖਣੀ ਹਿੰਦ ਦੇ ਕੰਢਿਆ ਤੇ ਵਗਦਾ

ਹੈ। ਸੁਲੇਮਾਨ ਆਖਦਾ ਹੈ "ਪਰਸਿੱਧ ਹੈ ਕਿ ਇਸ ਸਮੁੰਦਰ ਵਿਚ ੧੯ ਸੌ ਦੇ ਨੇੜੇ ਟਾਪੂ ਹਨ। ਇਨ੍ਹਾਂ ਟਾਪੂਆਂ ਉੱਤੇ ਇਕ ਜ਼ਨਾਨੀ ਦਾ ਰਾਜ ਹੈ। ਇਨ੍ਹਾਂ ਟਾਪੂਆਂ ਵਿਚ ਅੰਬਰ ਅਤੇ ਗਰੀ ਦੇ ਬ੍ਰਿਛਾਂ ਦੀ ਬਹੁਲਤਾ ਹੈ। ਇਕ ਟਾਪੂ ਦੂਜੇ ਟਾਪੂ ਕੋਲੋਂ ਕੋਈ ਦੋ ਤਿੰਨ ਫਰਸੰਗ ਦੀ ਵਿੱਥ ਉੱਤੇ ਹੈ। ਏਥੇ ਦੇ ਲੋਕ ਬੜੇ ਕਾਰੀਗਰ ਹਨ। ਇਹ ਲੋਕ ਕੁੜਤੇ ਨੂੰ ਦੋਹਾਂ ਬਾਹਾਂ, ਘੇਰੇ ਤੇ ਗਲਾਵੇਂ ਨਾਲ ਬੁਣ ਲੈਂਦੇ ਹਨ ਅਤੇ ਏਸੇ ਤਰ੍ਹਾਂ ਜਹਾਜ਼ ਬਣਾਉਂਦੇ ਹਨ। ਸਭ ਤੋਂ ਆਖ਼ਰੀ ਟਾਪੂ ਦਾ ਨਾਂ ਸਰੰਦੀਪ ਹੈ ਅਤੇ ਇਨ੍ਹਾਂ ਵਿਚੋਂ ਹਰੇਕ ਟਾਪੂ ਦਾ ਵੀ ਨਾਂ ਦੀਪ ਹੈ। ਇਸੇ ਸਰੰਦੀਪ ਵਿਚ ਹਜ਼ਰਤ ਆਦਮ ਦੇ ਪੈਰ ਦਾ ਨਿਸ਼ਾਨ ਹੈ। ਇਨ੍ਹਾਂ ਸਾਰਿਆਂ ਦੇ ਪਿੱਛੇ ਇੰਡਮਾਨ ਟਾਪੂ ਹੈ। ਏਥੋਂ ਦੇ ਵਸਨੀਕ ਜਾਂਗਲੀ, ਕਰੂਪ ਤੇ ਕਾਲੇ ਹੁੰਦੇ ਹਨ। ਇਨ੍ਹਾਂ ਦੇ ਵਾਲ ਘੁੰਘਰਾਲੇ, ਚਿਹਰੇ ਡਰਾਉਣੇ ਤੇ ਪੈਰ ਲੰਮੇ ਹੁੰਦੇ ਹਨ। ਇਹ ਨੰਗੇ ਧੜੰਗੇ ਰਹਿੰਦੇ ਹਨ ਤੇ ਆਦਮੀ ਨੂੰ ਜਿਊਂਦਾ ਫੜ ਕੇ ਖਾ ਜਾਂਦੇ ਹਨ। ਖ਼ੈਰ ਹੈ ਕਿ ਇਨ੍ਹਾਂ ਕੋਲ ਕਿਸ਼ਤੀਆਂ ਨਹੀਂ ਹਨ, ਨਹੀਂ ਤਾਂ ਏਧਰੋਂ ਜਹਾਜ਼ਾਂ ਦਾ ਲੰਘਣਾ ਮੁਸ਼ਕਲ ਹੁੰਦਾ। ਦੱਖਣ ਦੇ ਕੁਝ ਸਾਹਿਲਾਂ ਦੇ ਵਸਨੀਕਾਂ ਬਾਰੇ ਲਿਖਦਾ ਹੈ ਕਿ "ਉਹ ਕੇਵਲ ਇਕ ਲੰਗੋਟੀ ਬੰਨ੍ਹਦੇ ਹਨ"।

ਸੁਲੇਮਾਨ ਨੇ ਇਕ ਅਨੋਖੀ ਗਲ ਦੱਸੀ ਹੈ, ਜਿਸ ਤੋਂ ਸਾਰੀ ਦੁਨੀਆ ਬਾਰੇ ਉਸ ਸਮੇਂ ਦੇ ਲੋਕਾਂ ਦੀ ਸਮਾਲੋਚਕ ਦ੍ਰਿਸ਼ਟੀ ਦਾ ਪਤਾ ਲਗਦਾ ਹੈ। ਉਹ ਆਖਦਾ ਹੈ ਕਿ "ਹਿੰਦੁਸਤਾਨੀਆਂ ਅਤੇ ਚੀਨੀਆਂ ਦਾ ਮਿਲਵਾਂ ਬਿਆਨ ਹੈ ਕਿ ਦੁਨੀਆ ਵਿਚ ਕੇਵਲ ਚਾਰ ਬਾਦਸ਼ਾਹ ਹਨ। ਸਭ ਤੋਂ ਪਹਿਲਾ ਅਰਬ ਦਾ ਬਾਦਸ਼ਾਹ, ਇਹ ਸ਼ਹਿਨਸ਼ਾਹ ਅਤੇ ਸਾਰਿਆਂ ਬਾਦਸ਼ਾਹਾਂ ਦਾ ਬਾਦਸ਼ਾਹ ਤੇ ਸਾਰਿਆਂ ਨਾਲੋਂ ਵਧੇਰੇ ਧਨੀ ਹੈ। ਇਹ ਇਕ ਬੜੇ ਮਜ਼ਹਬ ਦਾ ਬਾਦਸ਼ਾਹ ਹੈ। ਇਸ ਪਿੱਛੋਂ ਚੀਨ ਦੇ ਬਾਦਸ਼ਾਹ ਦਾ ਨੰਬਰ ਹੈ, ਫ਼ੇਰ ਰੂਮ ਦੇ ਬਾਦਸ਼ਾਹ ਦਾ, ਫੇਰ ਹਿੰਦੁਸਤਾਨ ਦੇ ਰਾਜੇ ਬਲ੍ਹਰਾ, (ਵਲਵ ਰਾਏ) ਗੁਜਰਾਤ ਦੇ, ਰਾਜੇ ਦਾ"।

ਸੁਲੇਮਾਨ ਨੇ ਹਿੰਦੁਸਤਾਨ ਦੇ ਸਾਹਿਲਾਂ ਦੇ ੪ ਬਾਦਸ਼ਾਹਾਂ ਦਾ ਵਰਣਨ ਕੀਤਾ ਹੈ, ਜਿਨ੍ਹਾਂ ਵਿਚੋਂ ਪਹਿਲਾ ਨਾਂ ਰਾਜਾ ਬਲ੍ਹਰਾ ਦਾ ਹੈ। ਜੋ ਸਭ ਰਾਜਿਆਂ ਦਾ ਰਾਜਾ ਹੈ। ਇਸ ਦੇ ਫੌਜੀ ਵਜ਼ੀਫ਼ਿਆਂ ਦਾ ਪਰਬੰਧ ਅਰਬਾਂ ਜਿਹਾ ਹੈ। ਇਸ ਦੇ ਸਿੱਕੇ ਵੀ ਹਨ। ਜਿਨ੍ਹਾਂ ਉੱਤੇ ਰਾਜੇ ਦਾ ਸੰਨ ਉਸ ਦੇ ਗੱਦੀ ਤੇ ਬੈਠਣ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ। ਹਿੰਦੁਸਤਾਨ ਦੇ ਸਾਰੇ ਰਾਜਿਆਂ ਤੋਂ ਵਧੇਰੇ ਏਥੇ ਦੇ ਰਾਜੇ ਅਰਬਾਂ ਨਾਲ ਹਿਤ ਪਿਆਰ ਰਖਦੇ ਹਨ। ਇਨ੍ਹਾਂ ਦਾ ਵਿਸ਼ਵਾਸ ਹੈ ਕਿ ਇਸੇ ਲਈ ਇਨ੍ਹਾਂ ਦੇ ਰਾਜਿਆਂ ਦੀਆਂ ਉਮਰਾਂ ਲੰਮੇਰੀਆਂ ਹੁੰਦੀਆਂ ਹਨ। ੫੦-੫੦ ਵਰ੍ਹਿਆਂ ਤਕ ਉਹ ਰਾਜ ਕਰਦੇ ਹਨ। ਇਨ੍ਹਾਂ ਦੇ ਮੁਲਕ ਦਾ ਨਾਂ ਕੁਮਕੁਮ (ਕੋਂਕਨ) ਹੈ, ਜੋ ਸਮੁੰਦਰ ਦੇ ਕੰਢੇ ਹੈ। ਲਾਗੇ ਚਾਗੇ ਦੇ ਰਾਜਿਆਂ ਨਾਲ ਇਸ ਦੀਆਂ ਲੜਾਈਆਂ ਹੁੰਦੀਆਂ ਰਹਿੰਦੀਆਂ ਹਨ। 'ਬਲ੍ਹਰਾ' ਸ਼ਬਦ ਦੀ ਅਸਲੀਅਤ ਬਾਰੇ ਮੁੱਢਲੇ ਖੋਜੀਆਂ ਵਿਚ ਕੁਝ ਮਤਭੇਦ ਰਹੇ ਹਨ, ਪਰ ਹੁਣ ਚੰਗੀ ਤਰ੍ਹਾਂ ਖੋਜ ਪੜਤਾਲ ਕਰਨ ਤੇ ਇਹ ਗੱਲ ਸਾਬਤ ਹੋ ਗਈ ਹੈ ਕਿ ਬਲ੍ਹਰਾ ਅਸਲ ਵਿਚ ਵਲਭਰਾਏ ਦਾ ਰੂਪਾਂਤਰ ਹੈ ਅਤੇ 'ਕੁਮਕੁਮ' 'ਕੋਂਕਨ' ਦਾ ਵਿਗੜਿਆ ਹੋਇਆ ਰੂਪ ਹੈ। ਵਲਭਰਾਏ ਦਾ ਵੰਸ ਏਥੇ ਚਿਰਾਂ ਤਕ ਰਾਜ ਕਰਦਾ ਰਿਹਾ।

ਵਲਭ ਰਾਏ ਦੇ ਪਿੱਛੋਂ 'ਜਜ਼ਰ' ਦੇ ਬਾਦਸ਼ਾਹ ਦਾ ਵੇਰਵਾ ਹੈ। 'ਜਜ਼ਰ' ਅਸਲ ਵਿਚ 'ਗਜਰ' ਹੈ। ਗੋਜਰ ਰਾਜੇ, ਗੁਜਰਾਤ ਦੇ ਰਾਜੇ ਸਨ। ਸੁਲੇਮਾਨ ਆਖਦਾ ਹੈ ਕਿ "ਇਸ ਰਾਜੇ ਕੋਲ ਬੜੀਆਂ ਫ਼ੌਜਾਂ ਹਨ। ਇਸ ਕੋਲ ਜਿਹੋ ਜਿਹੇ ਘੋੜੇ ਹਨ ਉਹੋ ਜਿਹੇ ਕਿਸੇ ਰਾਜੇ ਦੇ ਕੋਲ ਨਹੀਂ, ਪਰ ਇਹ ਅਰਬਾਂ ਦਾ ਪੱਕਾ ਦੁਸ਼ਮਣ ਹੈ। ਇਸ ਦਾ ਮੁਲਕ ਵੀ ਸਮੁੰਦਰ ਦੇ ਮੁਹਾਣੇ ਤੇ ਹੈ। ਇਸ ਕੋਲ ਢੋਰ ਡੰਗਰ ਬਹੁਤ ਹਨ। ਹਿੰਦੁਸਤਾਨ ਦੇ ਸਾਰੇ ਪ੍ਰਦੇਸਾਂ ਨਾਲੋਂ ਏਹ ਪ੍ਰਦੇਸ ਚੋਰੀ ਚਕਾਰੀ ਤੋਂ ਵਧੇਰਾ ਬਚਿਆ ਹੋਇਆ ਹੈ"।

"ਇਸ ਦੇ ਪਿੱਛੋਂ 'ਤਾਫਨ' ਦਾ ਬਾਦਸ਼ਾਹ ਹੈ। ਇਸ ਦਾ ਮੁਲਕ

ਬਹੁਤ ਥੋੜਾ ਹੈ। ਏਥੇ ਦੀਆਂ ਜ਼ਨਾਨੀਆਂ ਬਹੁਤ ਸੁੰਦਰ ਹਨ। ਏਥੋਂ ਦਾ ਰਾਜਾ ਸਭ ਨਾਲ ਸੁਲ੍ਹਾ ਰਖਦਾ ਹੈ ਅਤੇ ਅਰਬਾਂ ਨਾਲ ਹਿਤ ਪਿਆਰ ਰਖਦਾ ਹੈ"। 'ਤਾਫ਼ਨ' ਸ਼ਬਦ ਬਾਰੇ ਯੂਰਪੀਨ ਖੋਜੀਆਂ ਦਾ ਮਤਭੇਦ ਹੈ। ਇਹ ਸ਼ਬਦ 'ਤਾਫ਼ਨ' ਦੀ ਥਾਂ 'ਤਾਕਨ' ਵੀ ਕੁਝ ਲਿਖਤਾਂ ਵਿਚ ਮਿਲਿਆ ਹੈ। ਬਾਜ਼ਿਆਂ ਨੇ ਏਸ ਨੂੰ ਮੌਜੂਦਾ ਔਰੰਗਾਬਾਦ ਾਖਣ ਦੇ ਕੋਲ ਦਸਿਆ ਹੈ, ਬਾਜ਼ੇ ਇਸ ਨੂੰ ਕਸ਼ਮੀਰ ਕੋਲ ਲੈ ਗਏ ਹਨ। ਪਰ ਮੇਰੇ ਵਿਚਾਰ ਵਿਚ ਇਹ ਸ਼ਬਦ 'ਤਾਕਨ' ਹੈ ਜੋ 'ਦੱਖਣ' ਦਾ ਰੂਪਾਂਤਰ ਹੈ"।

ਇਸ ਦੇ ਪਿਛੋਂ 'ਹਰਿਮੀ' ਦਾ ਰਾਜਾ ਹੈ, ਜਿਸ ਕੋਲ ਰਾਜਾ ਬਲ੍ਹਰਾ ਅਤੇ ਦੂਜੇ ਰਾਜਿਆਂ ਨਾਲੋਂ ਵਧੇਰੇ ਫ਼ੌਜ ਹੈ। ਇਸ ਦੀ ਫ਼ੌਜ ਨਾਲ ਪੰਜਾਹ ਹਜ਼ਾਰ ਹਾਥੀ ਹੁੰਦੇ ਹਨ। ਏਸ ਦੇ ਦੇਸ ਵਿਚ ਅਜੇਹੇ ਸੂਤੀ ਕਪੜੇ ਹੁੰਦੇ ਹਨ ਜੋ ਕਿਸੇ ਹੋਰ ਥਾਂ ਨਹੀਂ ਹੁੰਦੇ। ਕਪੜਿਆਂ ਦੀ ਸ਼ਲਾਘਾ ਦੇ ਕਾਰਨ ਸਮਝਿਆ ਜਾਂਦਾ ਹੈ ਕਿ ਇਹ ਢਾਕੇ ਦੇ ਨੇੜੇ ਕਿਸੇ ਰਾਮਾ ਨਾਂ ਦੇ ਰਾਜੇ ਦਾ ਰਾਜ ਸੀ।

ਸੁਲੇਮਾਨ ਤਾਜਿਰ ਨੇ ਹਿੰਦੁਸਤਾਨ ਦੇ ਬਹੁਤ ਸਾਰੇ ਕਨੂੰਨ ਵੀ ਲਿਖੇ ਹਨ, ਜਿਵੇਂ ਕਿ "ਜਦੋਂ ਇਕ ਦੂਜੇ ਉਤੇ ਕੋਈ ਦਾਵਾ ਕਰਦਾ ਹੈ ਤਾਂ ਮੁਲਜ਼ਮ ਦੇ ਸਾਹਮਣੇ ਲੋਹਾ ਤੱਤਾ ਕਰ ਕੇ ਰਖਿਆ ਜਾਂਦਾ ਹੈ ਅਤੇ ਇਸ ਦੇ ਹੱਥ ਉੱਤੇ ਪਾਨ ਦੇ ਸੱਤ ਪੱਤੇ ਰਖ ਕੇ ਲੋਹਾ ਰਖ ਦਿੱਤਾ ਜਾਂਦਾ ਹੈ। ਜਿਸ ਨੂੰ ਲੈ ਕੇ ਉਹ ਅੱਗੇ ਪਿੱਛੇ ਚਲਦਾ ਹੈ। ਫੇਰ ਉਹ ਏਸ ਲੋਹੇ ਨੂੰ ਸੁਟ ਦਿੰਦਾ ਹੈ। ਪਿਛੋਂ ਓਸ ਦੇ ਹਥ ਨੂੰ ਖੱਲ ਦੀ ਇਕ ਥੈਲੀ ਵਿਚ ਰਖ ਕੇ ਤੇ ਸ਼ਾਹੀ ਮੁਹਰ ਲਾਕੇ ਬੰਦ ਕਰ ਦਿੱਤਾ ਜਾਂਦਾ ਹੈ। ਤਿੰਨਾਂ ਦਿਨਾਂ ਪਿਛੋਂ ਧਾਨ ਲਿਆ ਕੇ ਉਸ ਨੂੰ ਦਿੱਤੇ ਜਾਂਦੇ ਹਨ ਕਿ ਉਹ ਇਨ੍ਹਾਂ ਨੂੰ ਛਿਲ ਕੇ ਚਾਉਲ ਕੱਢੇ। ਜੇ ਇਸ ਦੇ ਹੱਥ ਉੱਤੇ ਅਸਰ ਨਾ ਹੋਵੇ ਤਾਂ ਉਹ ਸੱਚਾ ਸਮਝਿਆ ਜਾਂਦਾ ਹੈ ਅਤੇ ਮੁੱਦੱਈ ਨੂੰ ਜੁਰਮਾਨਾ ਕਰ ਕੇ ਰਕਮ ਸ਼ਾਹੀ ਖਜ਼ਾਨੇ ਵਿਚ ਦਾਖ਼ਲ ਕੀਤੀ ਜਾਂਦੀ ਹੈ। ਕਦੇ ਗਰਮ ਲੋਹੇ ਦੇ ਥਾਂ ਲੋਹੇ ਜਾਂ ਤਾਂਬੇ ਦੇ ਭਾਂਡੇ ਵਿਚ ਪਾਣੀ ਤੱਤਾ ਕੀਤਾ ਜਾਂਦਾ ਹੈ

ਅਤੇ ਇਸ ਵਿਚ ਇਕ ਲੋਹੇ ਦਾ ਛੱਲਾ ਸੁਟ ਦਿੱਤਾ ਜਾਂਦਾ ਹੈ। ਫੇਰ ਮੁਲਜ਼ਮ ਨੂੰ ਆਖਿਆ ਜਾਂਦਾ ਹੈ ਕਿ ਹੱਥ ਪਾ ਕੇ ਛੱਲਾ ਉਸ ਵਿੱਚੋਂ ਕੱਢ ਲਵੇ"। ਸੁਲੇਮਾਨ ਆਖਦਾ ਹੈ ਕਿ "ਮੈਂ ਬਾਜ਼ੇ ਲੋਕਾਂ ਨੂੰ ਵੇਖਿਆ ਕਿ ਉਨ੍ਹਾਂ ਦੇ ਹੱਥ ਬਿਲਕੁਲ ਸਹੀ ਸਲਾਮਤ ਨਿਕਲ ਆਏ" ਇਹ ਵੀ ਕਹਿੰਦਾ ਹੈ ਕਿ "ਏਥੇ ਮੁਰਦੇ ਸਾੜੇ ਜਾਂਦੇ ਹਨ। ਚੰਦਨ, ਕਪੂਰ ਅਤੇ ਕੇਸਰ ਚਿਤਾ ਵਿਚ ਪਾਉਂਦੇ ਹਨ ਅਤੇ ਮੁਰਦੇ ਦੀ ਰਾਖ ਹਵਾ ਵਿਚ ਉਡਾ ਦਿੰਦੇ ਹਨ। ਏਥੇ ਇਹ ਵੀ ਕਾਇਦਾ ਹੈ ਕਿ ਜਦ ਰਾਜਾ ਮਰਦਾ ਹੈ ਤਾਂ ਇਸ ਨਾਲ ਉਸ ਦੀਆਂ ਸਾਰੀਆ ਰਾਣੀਆਂ ਵੀ ਜਲ ਕੇ ਸਤੀ ਹੋ ਜਾਂਦੀਆਂ ਹਨ ਪਰ ਇਹ ਕੇਵਲ ਇੱਛਿਆ ਤੇ ਨਿਰਭਰ ਹੈ ਕੋਈ ਜਬਰ ਨਹੀਂ" (ਪੰ. ੫੦)

ਉਹ ਇਹ ਵੀ ਬਿਆਨ ਕਰਦਾ ਹੈ ਕਿ "ਏਥੇ ਰਾਜ ਮੌਰੂਸੀ ਹੈ, ਇਨ੍ਹਾਂ ਦੇ ਯੁਵਰਾਜ ਹੁੰਦੇ ਹਨ, ਏਸੇ ਤਰਾਂ ਏਥੇ ਜੋ ਹੋਰ ਅਹੁਦੇ ਤੇ ਪੇਸ਼ੇ ਹਨ ਉਹ ਵੀ ਮੌਰੂਸੀ ਹਨ ਅਤੇ ਏਦੋਂ ਦੇ ਸਾਰੇ ਰਾਜੇ ਮਿਲ ਕੇ ਕਿਸੇ ਇਕ ਮਹਾਰਾਜੇ ਦੇ ਅਧੀਨ ਨਹੀਂ ਹੁੰਦੇ ਸਗੋਂ, ਹਰੇਕ ਦਾ ਰਾਜ ਅਲਗ ਅਲਗ ਹੈ, ਕੋਈ ਕਿਸੇ ਦੇ ਅਧੀਨ ਨਹੀਂ। ਹਾਂ ਵਲਭ ਰਾਏ (ਬਲ੍ਹਰਾ) ਰਾਜਿਆਂ ਵਿਚੋਂ ਵਡਾ ਹੈ"। (੫੧)

"ਏਥੇ ਵਿਆਹ ਸ਼ਾਦੀ ਤੋਂ ਪਹਿਲਾਂ ਮੁੰਡੇ ਤੇ ਕੁੜੀ ਵਾਲੇ ਪਹਿਲਾਂ ਕੁੜਮਾਈ ਦੀ ਰਸਮ ਕਰਦੇ ਹਨ, ਫੇਰ ਸੁਗਾਤਾਂ ਭੇਜਦੇ ਹਨ। ਸ਼ਾਦੀ ਵਿਚ ਖੂਬ ਢੋਲਕੀ ਛੈਣੇ ਵਜਾਉਂਦੇ ਹਨ ਅਤੇ ਆਪਣੀ ਸਮਰਥਾ ਅਨੁਸਾਰ ਦਾਨ ਦਿੰਦੇ ਹਨ"। (੫੩) ਸਾਰੇ ਹਿੰਦੁਸਤਾਨ ਵਿਚ ਬਦਕਾਰੀ ਦੀ ਸਜ਼ਾ ਦੋਹਾਂ ਮੁਲਜ਼ਮਾਂ ਦਾ ਕਤਲ ਹੈ। ਚੋਰੀ ਦੀ ਸਜ਼ਾ ਵੀ ਕਤਲ ਹੈ। ਹਿੰਦੁਸਤਾਨ ਵਿਚ ਇਸ ਦਾ ਢੰਗ ਇਹ ਹੈ ਕਿ ਚੋਰ ਨੂੰ ਇਕ ਤਿੱਖੀ ਨੁਕੀਲੀ ਲੱਕੜੀ ਉੱਤੇ ਬਿਠਾਉਂਦੇ ਹਨ। ਅਤੇ ਉਹ ਲੱਕੜੀ ਹੇਠਾਂ ਤੋਂ ਸੰਘ ਤਕ ਚਲੀ ਜਾਂਦੀ ਹੈ (੫੪)

ਅਜ ਇਹ ਗੱਲ ਸੁਣ ਕੇ ਹੈਰਾਨੀ ਹੋਵੇਗੀ ਕਿ ਹਿੰਦੁਸਤਾਨ

ਵਿਚ ਲੋਕ ਲੰਮੀਆਂ ਲੰਮੀਆਂ ਦਾਹੜ੍ਹੀਆਂ ਵੀ ਰਖਦੇ ਸਨ। ਸਾਡਾ ਯਾਤਰੂ ਦਸਦਾ ਹੈ ਕਿ ਇਥੇ ਮੈਂ ਤਿੰਨ ਤਿੰਨ ਹੱਥ ਲੰਮੀਆਂ ਦਾੜ੍ਹੀਆਂ ਵੇਖੀਆਂ, (੫੫)

"ਜੱਦੋਂ ਕੋਈ ਮਰਦਾ ਹੈ ਤਾਂ ਉਸ ਦੇ ਰਿਸ਼ਤੇਦਾਰ ਦਾੜ੍ਹੀ ਮੁੱਛਾਂ ਦਾ ਭੱਦਰ ਕਰਵਾਉਂਦੇ ਹਨ। ਜਦੋਂ ਕੋਈ ਕੈਦ ਕੀਤਾ ਜਾਂਦਾ ਹੈ ਤਾਂ ਸਤ ਦਿਨ ਤਕ ਉਸ ਨੂੰ ਦਾਣਾ ਪਾਣੀ ਨਹੀਂ ਦਿੰਦੇ। ਏਥੇ ਹਿੰਦੂ ਜੱਜ ਬੈਠ ਕੇ ਮੁਕਦਮਿਆਂ ਦਾ ਫ਼ੈਸਲਾ ਕਰਦੇ ਹਨ। ਡਾਕੂ ਦੀ ਸਜ਼ਾ ਵੀ ਕਤਲ ਹੈ। ਜਾਨਵਰ ਨੂੰ ਕੋਹ ਕੇ ਨਹੀਂ ਸਗੋਂ ਏਸ ਨੂੰ ਕਿਸੇ ਚੀਜ਼ ਨਾਲ ਮਾਰ ਕੇ ਖਾਂਦੇ ਹਨ। ਹਿੰਦੀ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਨ੍ਹਾਉਂਦੇ ਹਨ। ਦਾਤਣ ਕਰਦੇ ਹਨ। ਬਿਨਾਂ ਦਾਤਣ ਕੀਤਿਆਂ ਨਹੀਂ ਖਾਂਦੇ (੫੬)
ਇਕ ਅਰਬ ਲਈ ਸਭ ਤੋਂ ਵਧੇਰੇ ਅਚੰਭੇ ਦੀ ਗੱਲ ਹੈ ਕਿ ਕਿਸੇ ਮੁਲਕ ਵਿਚ ਖਜੂਰਾਂ ਨਾ ਹੋਣ। ਸਾਡੇ ਅਰਬ ਯਾਤਰੂ ਨੂੰ ਵੀ ਏਹੋ ਅਚੰਭਾ ਹੈ। ਆਖਦਾ ਹੈ ਕਿ "ਹਿੰਦੁਸਤਾਨ ਵਿਚ ਖਜੂਰ ਨਹੀਂ, ਹੋਰ ਸਭ ਫਲ ਹਨ ਅਤੇ ਇਕ ਅਜੇਹਾ ਫਲ ਇਨ੍ਹਾਂ ਕੋਲ ਹੈ ਜੋ ਸਾਡੇ ਮੁਲਕ ਵਿਚ ਨਹੀਂ।"(੫੬)ਹੋਵੇ ਨਾ ਹੋਵੇ,ਇਹ ਫਲ ਅੰਬ ਹੋਵੇਗਾ,ਹਿੰਦੁਸਤਾਨ ਵਿਚ ਅੰਗੂਰ ਵੀ ਨਹੀਂ, ਅਨਾਰ ਬੇਸ਼ਕ ਹਨ। ਸਾਡੇ ਉਚੇਚ-ਪਸੰਦ ਯਾਤਰੂ ਨੂੰ ਇਸ ਗੱਲ ਦੀ ਹੈਰਾਨੀ ਹੈ ਕਿ "ਹਿੰਦੁਸਤਾਨ ਵਿਚ ਜ਼ਮੀਨ ਉਤੇ ਫ਼ਰਸ਼ ਵਿਛਾਉਣ ਦਾ ਰਿਵਾਜ ਨਹੀਂ" (੫੪) "ਵਹੁਟੀਆਂ ਰੱਖਣ ਦੀ ਗਿਣਤੀ ਵੀ ਏਥੇ ਨਿਯਤ ਨਹੀਂ ਜਿੰਨੀਆਂ ਕੋਈ ਚਾਹੇ ਰਖੇ"। "ਇਨ੍ਹਾਂ ਦੀ ਖ਼ੁਰਾਕ ਚਾਉਲ ਹੈ" (੫੪) "ਚੀਨ ਦੇ ਧਰਮ ਦਾ ਅਸਲ ਮੁੱਢ ਹਿੰਦੁਸਤਾਨ ਤੋਂ ਹੀ ਹੋਇਆ ਹੈ। ਬੁਧ ਦੀਆਂ ਮੂਰਤੀਆਂ ਪੂਜਦੇ ਹਨ। ਹਿਕਮਤ, ਜੋਤਸ਼ ਅਤੇ ਫ਼ਿਲੌਸਫ਼ੀ ਹਿੰਦੁਸਤਾਨ ਵਿਚ ਹੈ" (੫੭) "ਜਾਨਵਰਾਂ ਵਿਚੋਂ ਏਥੇ ਘੋੜੇ ਘੱਟ ਹਨ" (੫੭)

"ਚੀਨ ਹਿੰਦੁਸਤਾਨ ਨਾਲੋਂ ਵਧੇਰੇ ਸਾਫ਼ ਸੁਥਰਾ ਦੇਸ ਹੈ ਦੋਹਾਂ ਦੇਸਾਂ

ਵਿਚ ਬੜੇ ਬੜੇ ਦਰਿਆ ਹਨ। ਹਿੰਦੁਸਤਾਨ ਵਿਚ ਜੰਗਲ ਬਹੁਤ ਹਨ। ਚੀਨ ਪੂਰਾ ਅਬਾਦ ਹੈ। ਹਿੰਦੀਆਂ ਦੀ ਪੁਸ਼ਾਕ ਇਹ ਹੈ ਕਿ ਇਕ ਕੱਪੜਾ ਲੱਕ ਦੁਆਲੇ ਬੰਨ੍ਹਦੇ ਹਨ ਅਤੇ ਦੂਜਾ ਉਪਰ ਸੁਟ ਲੈਂਦੇ ਹਨ। ਮਰਦ ਜ਼ਨਾਨੀਆਂ ਸਭ ਸੋਨੇ ਅਤੇ ਜਵਾਹਰਾਤ ਦੇ ਗਹਿਣੇ ਪਹਿਨਦੇ ਹਨ''।

੩–ਅਬੂਜ਼ੈਦ ਹਸਨ ਸੈਰਾਫ਼ੀ ਸੰਨ ੨੬੪ ਹਿ.

ਸੈਰਾਫ਼ ਫ਼ਾਰਸ ਖਾੜੀ ਦੀ ਪਰਸਿੱਧ ਬੰਦਰਗਾਹ ਸੀ। ਅਬੂਜ਼ੈਦ ਏਥੋਂ ਦਾ ਵਸਨੀਕ ਸੀ। ਸੰਨ ੨੬੪ ਹਿ. ਦਾ ਵਰਨਣ ਇਸ ਦੀ ਕਿਤਾਬ ਵਿਚ ਮਿਲਦਾ ਹੈ। ਮਸਊਦੀ ਯਾਤਰੂ ਸੰਨ ੩੦੦ ਹਿ. ਵਿਚ ਸੈਰਾਫ਼ ਵਿਚ ਏਸ ਨੂੰ ਮਿਲਿਆ ਸੀ। ਇਹ ਆਪ ਵੀ ਇਕ ਅਰਬ ਵਪਾਰੀ ਸੀ। ਇਸ ਨੇ ਸੁਲੇਮਾਨ ਤਾਜਿਰ ਦੇ ਸਫ਼ਰਨਾਮੇ ਨੂੰ ਪੜ੍ਹ ਕੇ ਇਸ ਤੋਂ ੨੫–੩੦ ਸਾਲ ਪਿੱਛੋਂ ਇਸ ਦੀ ਅੰਤਕਾ ਲਿਖੀ ਹੈ। ਉਹ ਵੀ ਸੈਰਾਫ਼ ਅਤੇ ਹਿੰਦੁਸਤਾਨ ਤੇ ਚੀਨ ਵਿਚਕਾਰ ਸਮੁੰਦਰੀ ਤਜਾਰਤੀ ਸਫ਼ਰ ਕਰਦਾ ਹੁੰਦਾ ਸੀ। ਉਹ ਲਿਖਦਾ ਹੈ ਕਿ "ਸਾਡੇ ਸਮੇਂ ਵਿਚ ਚੀਨ ਦੇ ਰਾਜਸੀ ਇਨਕਲਾਬਾਂ ਦੇ ਕਾਰਣ ਉੱਥੋਂ ਨਾਲ ਹੁਣ ਲੋਕਾਂ ਦੇ ਤਜਾਰਤੀ ਕਾਰ-ਵਿਹਾਰ ਬੰਦ ਹੋ ਗਏ ਹਨ''। ਇਸ ਨੇ ਦਾਵਾ ਕੀਤਾ ਹੈ ਕਿ "ਮੈਂ ਪਹਿਲਾ ਆਦਮੀ ਹਾਂ ਜਿਸ ਨੇ ਇਹ ਮਲੂਮ ਕੀਤਾ ਕਿ ਹਿੰਦੁਸਤਾਨ ਤੇ ਚੀਨ ਦਾ ਸਮੁੰਦਰ ਉੱਪਰੋਂ ਘੁੰਮ ਕੇ ਮੱਧ-ਸਾਗਰ (Mediterranean) ਵਿਚ ਮਿਲ ਗਿਆ ਹੈ''। (੬੮)

ਇਹ ਸਭ ਤੋਂ ਪਹਿਲਾ ਅਰਬ ਯਾਤਰੂ ਹੈ ਜੋ ਜਾਵਾ ਦੇ ਬਾਦਸ਼ਾਹ 'ਮਹਿਰਾਜ' ਦਾ ਜ਼ਿਕਰ ਕਰਦਾ ਹੈ ਅਤੇ ਇਸ ਦੇ ਮੁਕਾਬਲੇ ਵਿਚ ਮਲਿਕ ਕੁਮਾਰ (ਰਾਸ ਕੁਮਾਰੀ) ਦੇ ਰਾਜਾ ਦਾ ਨਾਂ ਲੈਂਦਾ ਹੈ ਤੇ ਕਹਿੰਦਾ ਹੈ ਕਿ ਏਥੋਂ ਦਾ ਰਾਜਾ 'ਮਹਿਰਾਜ' ਦੇ ਅਧੀਨ ਹੈ। ਏਥੇ ਵਿਭਚਾਰ ਅਤੇ ਸ਼ਰਾਬ ਦੋਵੇਂ ਮਨ੍ਹਾ ਹਨ, ਏਥੇ ਇਨ੍ਹਾਂ ਦਾ ਨਾਂ ਥੇ ਵੀ ਨਹੀਂ (੬੪) ਹਿੰਦੁਸਤਾਨ ਅਤੇ ਚੀਨ, ਦੋਹੀਂ ਥਾਈਂ, ਆਵਾਗਵਨ ਦਾ

ਆਮ ਵਿਸ਼ਵਾਸ ਇਨ੍ਹਾਂ ਦ੍ਰਿੜ੍ਹ ਹੈ ਕਿ ਲੋਕ ਜਾਨ ਦੇ ਦੇਣਾ ਮਮੂਲੀ ਕੰਮ ਸਮਝਦੇ ਹਨ (੧੦੧)। ਹੋਰ ਆਖਦਾ ਹੈ ਕਿ ਵਲਭ ਰਾਏ ਅਤੇ ਦੂਜੇ ਰਾਜਿਆਂ ਵਿਚੋਂ ਕੋਈ ਕੋਈ ਅਜੇਹੇ ਵੀ ਹੁੰਦੇ ਹਨ ਜੋ ਜਾਣ ਬੁੱਝ ਕੇ ਆਪਣੇ ਆਪ ਨੂੰ ਅੱਗ ਵਿਚ ਸਾੜ ਸੁਟਦੇ ਹਨ" (੧੧੫)। ਏਥੇ ਰਾਜਾ-ਸਥਾਪਣ ਸਮੇਂ ਇਉਂ ਕਰਦੇ ਹਨ ਕਿ ਰਾਜੇ ਦੀ ਰਸੋਈ ਵਿਚ ਚਾਉਲ ਰਿੰਨ੍ਹਦੇ ਹਨ ਅਤੇ ਤਿੰਨ ਚਾਰ ਸੌ ਆਦਮੀ ਆਪਣੀ ਖ਼ੁਸ਼ੀ ਨਾਲ ਆਉਂਦੇ ਹਨ। ਰਾਜੇ ਦੇ ਸਾਹਮਣੇ ਇਕ ਪੱਤਲ ਉੱਤੇ ਏਹ ਚਾਉਲ ਰਖ ਦਿੱਤੇ ਜਾਂਦੇ ਹਨ। ਰਾਜਾ ਇਸ ਵਿਚੋਂ ਜ਼ਰਾ ਕੁ ਚੁਕ ਕੇ ਖਾਂਦਾ ਹੈ। ਫੇਰ ਇਕੱਲਾ ਇਕੱਲਾ ਆਦਮੀ ਰਾਜੇ ਦੇ ਸਾਹਮਣੇ ਜਾਂਦਾ ਹੈ। ਰਾਜਾ ਏਨ੍ਹਾਂ ਨੂੰ ਥੋੜੇ ਥੋੜੇ ਚਾਉਲ ਆਪਣੇ ਸਾਹਮਣਿਉਂ ਦਈ ਜਾਂਦਾ ਹੈ। ਇਹ ਸਾਰੇ ਆਦਮੀ ਰਾਜੇ ਦੇ ਮੁਸਾਹਿਬ ਹੁੰਦੇ ਹਨ। ਜਦੋਂ ਰਾਜਾ ਮਰਦਾ ਹੈ ਤਾਂ ਇਹ ਸਾਰੇ ਵੀ ਉਸੇ ਦੇ ਨਾਲ ਹੀ ਉਸੇ ਦਿਨ ਅੱਗ ਵਿਚ ਸੜ ਜਾਂਦੇ ਹਨ"। ਇਹੋ ਜੇਹੀਆਂ ਕਈ ਘਟਨਾਵਾਂ ਸਾਡੇ ਯਾਤਰੂ ਨੇ ਬਿਆਨ ਕੀਤੀਆਂ ਹਨ। ਉਹ ਇਹ ਵੀ ਆਖਦਾ ਹੈ ਕਿ "ਏਥੇ ਮੀਂਹ ਬਹੁਤ ਪੈਂਦਾ ਹੈ ਅਤੇ ਏਸੇ ਉੱਤੇ ਏਥੋਂ ਦੀ ਖੇਤੀ ਦਾ ਨਿਰਭਰ ਹੈ" (੧੨੬) ਫੇਰ ਉਹ ਭਿਕਸ਼ੂਆਂ ਅਥਵਾ ਬੋਧੀ ਫ਼ਕੀਰਾਂ ਦਾ ਵਰਨਣ ਕਰਦਾ ਹੈ ਜੋ ਨੰਗੇ ਪਿੰਡੇ ਸਿਰ ਅਤੇ ਸਰੀਰ ਦੇ ਵਾਲ, ਨਹੁੰ ਵਧਾਈਂ ਗਲਾਂ ਵਿਚ ਆਦਮੀਆਂ ਦੀਆਂ ਖੋਪਰੀਆਂ ਦੀ ਮਾਲਾ ਪਾਈਂ ਦੇਸ ਦੇਸ ਫਿਰਦੇ ਰਹਿੰਦੇ ਹਨ, ਜਦੋਂ ਇਨ੍ਹਾਂ ਨੂੰ ਭੁੱਖ ਲਗਦੀ ਹੈ ਤਾਂ ਕਿਸੇ ਦੇ ਬੂਹੇ ਅੱਗੇ ਖੜੇ ਹੋ ਜਾਂਦੇ ਹਨ (੧੨੯) ਨਾਲ ਲਗਦੇ ਹੀ ਉਸ ਨੇ ਦੱਖਣ ਦੇਸ ਦੀਆਂ ਦੇਵਦਾਸੀਆਂ ਦਾ ਵੀ ਵਰਨਣ ਕੀਤਾ ਹੈ" (੧੨੯) ਇਸ ਪਿਛੋਂ ਮੁਲਤਾਨ ਦੀ ਪਰਸਿੱਧ ਮੂਰਤੀ ਦਾ ਹਾਲ ਲਿਖਿਆ ਹੈ। ਫੇਰ ਨਾਰੀਅਲ ਵਾਲੇ ਮੁਲਕ ਦਾ ਜ਼ਿਕਰ ਕਰਦਾ ਹੈ ਅਤੇ ਇਸ ਦੇ ਵਪਾਰ ਦਾ ਹਾਲ ਦਸਦਾ ਹੈ, ਅਖ਼ੀਰ ਵਿਚ ਆਖਦਾ ਹੈ ਕਿ "ਹਿੰਦੁਸਤਾਨ ਦੇ ਰਾਜੇ ਕੰਨਾਂ ਵਿਚ ਸੋਨੇ ਦੇ ਵਾਲੇ, ਜਿਨ੍ਹਾਂ ਵਿਚ ਬੜੇ ਬੜੇ ਕੀਮਤੀ ਮੋਤੀ ਹੁੰਦੇ ਹਨ, ਪਹਿਨਦੇ ਹਨ" ਅਤੇ ਗਲਾਂ ਵਿਚ ਹਾਰ ਪਹਿਨਦੇ ਹਨ ਜਿਨ੍ਹਾਂ ਵਿਚ ਵਡਮੁੱਲੇ

ਜਵਾਹਰਾਤ ਹੁੰਦੇ ਹਨ। ਇਹੀ ਮਾਣਕ ਮੋਤੀ ਇਨ੍ਹਾਂ ਦਾ ਮਾਲ ਖ਼ਜ਼ਾਨਾ ਹਨ। ਏਸੇ ਤਰ੍ਹਾਂ ਆਪਣੇ ਆਪਣੇ ਦਰਜੇ ਮੁਜਬ ਫ਼ੌਜਾਂ ਦੇ ਸੈਨਾ-ਪਤੀ ਅਤੇ ਅਫ਼ਸਰ ਵੀ ਇਸ ਕਿਸਮ ਦੇ ਗਹਿਣੇ ਪਹਿਨਦੇ ਹਨ। ਏਥੇ ਅਮੀਰ ਲੋਕ ਆਦਮੀ ਦੀ ਗਰਦਨ ਉਤੇ ਸਵਾਰ ਹੁੰਦੇ ਹਨ। ਇਸ ਦੇ ਹੱਥ ਵਿਚ ਚਤਰ੍ਹਾ (ਛਤਰ) ਹੁੰਦਾ ਹੈ ਜਿਸ ਵਿਚ ਮੋਰ ਦੇ ਖੰਭ ਲੱਗੇ ਹੁੰਦੇ ਹਨ"। (੧੪੫) ਏਸ ਯਾਤਰੂ ਨੂੰ ਏਹ ਵੇਖ ਕੇ ਅਸਚਰਜ ਹੁੰਦਾ ਹੈ ਕਿ ਏਥੇ ਦੋ ਆਦਮੀ ਵੀ ਇਕੱਠੇ ਮਿਲ ਕੇ ਨਹੀਂ ਖਾਂਦੇ, ਅਤੇ ਨਾ ਇਕ ਦਸਤਰਖਾਨ ਉੱਤੇ ਖਾਂਦੇ ਹਨ, ਸਗੋਂ ਇਸ ਗੱਲ ਨੂੰ ਬੜਾ ਦੋਸ਼ ਸਮਝਦੇ ਹਨ। ਰਾਜਿਆਂ ਤੇ ਆਮੀਰਾਂ ਦੇ ਏਹ ਦਸਤੂਰ ਹੈ ਕਿ ਨਾਰੀਅਲ ਦੇ ਛਿਲਕੇ ਦਾ ਥਾਲੀ ਜਿਹਾ ਕੋਈ ਬਰਤਨ ਰੋਜ਼ ਬਣਾਉਂਦੇ ਹਨ ਅਤੇ ਉਹੋ ਹਰੇਕ ਦੇ ਸਾਹਮਣੇ ਰਖਿਆ ਜਾਂਦਾ ਹੈ। ਖਾਣ ਪਿਛੋਂ ਜੂਠਾ ਖਾਣਾ ਇਸ ਖੱਪਰ ਦੀ ਥਾਲੀ ਸਮੇਤ ਸੁਟ ਦਿੱਤਾ ਜਾਂਦਾ ਹੈ'। (੧੬੪) ਉਹ ਇਹ ਵੀ ਸ਼ਾਹਦੀ ਦਿੰਦਾ ਹੈ ਕਿ "ਏਥੋਂ ਦੇ ਅਕਸਰ ਰਾਜੇ ਆਪਣੀਆਂ ਰਾਣੀਆਂ ਤੋਂ ਪੜਦਾ ਨਹੀਂ ਕਰਾਉਂਦੇ। ਜਿਹੜਾ ਵੀ ਉਨ੍ਹਾਂ ਦੇ ਦਰਬਾਰ ਵਿਚ ਜਾਵੇ ਉਨ੍ਹਾਂ ਨੂੰ ਵੇਖ ਸਕਦਾ ਹੈ"। (੧੬੭)

੪—ਅਬੂਦਲਫ਼ ਮਿਸਅਰ ਬਿਨ ਮੁਹਲਹਲ ਯਨਬੂਈ ਸੰ ੩੩੧ ਹਿ.

ਇਹ ਇਕ ਵੱਡਾ ਅਰਬ ਯਾਤਰੂ ਹੈ। ਇਸ ਦਾ ਸਮਾਂ ਸੰਨ ੩੩੧ ਹਿ. ਤੋਂ ਸੰਨ ੩੭੭ ਹਿ. ਤਕ ਨਿਸਚਿਤ ਤੌਰ ਤੇ ਸਾਬਤ ਹੈ। ਇਹ ਬਗ਼ਦਾਦ ਤੋਂ ਤੁਰਕਿਸਤਾਨ ਆਇਆ ਅਤੇ ਬਖਾਰਾ ਦੇ ਸ਼ਾਹ ਨਸਰ ਸਾਮਾਨੀ (ਮ੍ਰਿਤੂ ਸੰਨ ੩੩੧ ਹਿ.) ਨੂੰ ਮਿਲਿਆ। ਓਥੋਂ ਇਕ ਚੀਨੀ ਦੂਤ ਨਾਲ ਚੀਨ ਨੂੰ ਤੁਰ ਗਿਆ। ਫੇਰ ਚੀਨ ਤੋਂ ਨਿਕਲ ਕੇ ਤੁਰਕਿਸਤਾਨ, ਕਾਬੁਲ, ਤਿੱਬਤ ਅਤੇ ਕਸ਼ਮੀਰ ਹੋ ਕੇ ਮੁਲਤਾਨ ਸਿੰਧ, ਅਤੇ ਹਿੰਦੁਸਤਾਨ ਦੇ ਦੱਖਣੀ ਸਾਹਿਲ (ਕੌਲਮ) ਤਕ ਪਹੁੰਚਿਆ ਇਸ ਦੀ ਕਿਤਾਬ ਦਾ ਕੁਝ ਅੰਸ਼ ਬਰਲਨ ਵਿਚ ਸੰਨ ੧੮੪੫ ਈ. ਵਿਚ ਲਾਤੀਨੀ ਅਨੁਵਾਦ ਸਹਿਤ ਛਪਿਆ ਹੈ ਪਰ ਮੇਰੀ ਨਜ਼ਰੋਂ ਨਹੀਂ

ਲੰਘਿਆ।

ਅਲਬੱਤਾ ਇਸ ਦੇ ਕੁਝ ਨਚੋੜ ਇਬਨ ਨਦੀਮ ਨੇ ਕਿਤਾਬ 'ਅਲਫ਼ਹਰਿਸਤ' ਵਿਚ ਅਤੇ ਯਾਕੂਤ ਨੇ 'ਮੁਅਜਮੁਲਬੁਲਦਾਨ' ਵਿਚ ਤੇ ਕਜ਼ਵੀਨੀ ਨੇ 'ਆਸਾਰੁਲਬਿਲਾਦ' ਵਿਚ ਦਿੱਤੇ ਹਨ। ਮੈਂ ਉਹ ਵੇਖੇ ਹਨ।. ਯਨਬੂਈ ਨੇ ਮੁਲਤਾਨ ਦੇ ਬੁਤਖ਼ਾਨੇ ਦਾ ਵਿਸਥਾਰ ਨਾਲ ਵੇਰਵਾ ਦਿੱਤਾ ਹੈ। ਏਸੇ ਤਰ੍ਹਾਂ ਮਦਰਾਸ ਦੀ ਪੈਦਾਵਾਰ ਅਤੇ ਓਥੋਂ ਦੀਆਂ ਬਣੀਆਂ ਹੋਈਆਂ ਚੀਜ਼ਾਂ ਦਾ ਜ਼ਿਕਰ ਕੀਤਾ ਹੈ। ਵਧੇਰੇ ਸੰਭਾਵਨਾ ਹੈ ਕਿ ਇਹ ਪਹਿਲਾ ਅਰਬ ਯਾਤਰੂ ਹੈ ਜੋ ਹਿੰਦੁਸਤਾਨ ਵਿਚ ਖ਼ੁਸ਼ਕੀ ਦੇ ਰਸਤੇ ਦਾਖ਼ਲ ਹੋਇਆ।

੫. ਬਜ਼ੁਰਗ ਬਿਨ ਸ਼ਹਿਰਯਾਰ ਸੰਨ ੩੦੦ ਹਿ.

ਇਹ ਇਕ ਜਹਾਜ਼ਰਾਨ ਸੀ ਜੋ ਆਪਣੇ ਜਹਾਜ਼ ਇਰਾਕ ਦੀ ਬੰਦਰਗਾਹ ਤੋਂ ਹਿੰਦੁਸਤਾਨ ਦੇ ਸਾਹਿਲਾਂ ਅਤੇ ਟਾਪੂਆਂ ਤੋਂ ਲੈ ਕੇ ਚੀਨ ਅਤੇ ਜਾਪਾਨ ਤਕ ਲੈ ਜਾਂਦਾ ਤੇ ਲੈ ਆਉਂਦਾ ਸੀ। ਏਸ ਨੇ 'ਅਜਾਇਬੁਲ ਹਿੰਦ' ਨਾਮੀ ਪੁਸਤਕ ਵਿਚ ਆਪਣੇ ਤੇ ਆਪਣੇ ਦੂਜੇ ਸਾਥੀਆਂ ਦੇ ਸਮੁੰਦਰੀ ਮੁਸ਼ਾਹਦਿਆਂ ਨੂੰ ਅਰਬੀ ਵਿਚ ਲਿਖਿਆ ਹੈ, ਜਿਨ੍ਹਾਂ ਵਿਚ ਦੱਖਣ ਅਤੇ ਗੁਜਰਾਤ ਦੀਆਂ ਫੁਟਕਲ ਘਟਨਾਵਾਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਸਾਰੀਆਂ ਨਾਲੋਂ ਵੱਧ ਮਹੱਤਤਾ ਵਾਲੀ ਘਟਨਾ ਇਕ ਹਿੰਦੂ ਰਾਜੇ ਦਾ ਕੁਰਾਨ ਦਾ ਹਿੰਦੀ ਵਿਚ ਉਲਥਾ ਕਰਵਾ ਕੇ ਉਸ ਨੂੰ ਸੁਣਨਾ ਹੈ। ਉਸ ਨੇ ਹਿੰਦੁਸਤਾਨ ਦੇ ਸ਼ਹਿਰਾਂ ਵਿਚੋਂ ਕੋਲਮ 'ਕਲ੍ਹਾ' ਹੇਠਲਾ ਕਸ਼ਮੀਰ (ਪੰਜਾਬ), ਸੈਮੂਰ (ਚੈਮੂਰ) ਸੋਬਾਰਾ, ਠੱਠਾ, ਬਾਨਾ, ਮਾਨਕੀਰ (ਮਹਾਨਗਰ ਵਲਭ ਰਾਏ ਦੀ ਰਾਜਧਾਨੀ) ਅਤੇ ਸੀਲੂਨ ਦਾ ਨਾਂ ਲਿਆ ਹੈ। ਏਥੋਂ ਦੇ ਜੋਗੀਆਂ, ਉਨ੍ਹਾਂ ਦੀਆਂ ਤਪਸਿਆਵਾਂ, ਅਤੇ ਆਪਣੇ ਆਪ ਨੂੰ ਮਾਰ ਮੁਕਾਉਣ ਅਤੇ ਭਸਮ ਕਰ ਲੈਣ ਆਦਿ ਬਹੁਤ ਸਾਰੀਆਂ ਘਟਨਾਵਾਂ ਦਾ ਵਰਨਣ ਕੀਤਾ ਹੈ। ਇਸ ਕਿਤਾਬ ਵਿਚ ਅਨੋਖੀ ਗਲ ਇਹ ਹੈ ਕਿ ਥਾਂ ਥਾਂ ਵਪਾਰੀਆਂ ਤੇ ਸੁਦਾਗਰਾਂ ਲਈ "ਬਣਿਆਣੀਆ" ਦਾ ਸ਼ਬਦ

ਵਰਤਿਆ ਹੈ ਜੋ ਸਪਸ਼ਟ ਤੌਰ ਤੇ ਹਿੰਦੀ ਸ਼ਬਦ 'ਬਣੀਆ' ਦਾ ਰੂਪਾਂਤਰ ਹੈ । ਏਸ ਸਮੇਂ ਵਿਚ ਛੋਟੀ ਕਿਸ਼ਤੀ ਨੂੰ ਅਰਬ ਮਲਾਹ 'ਬਾਰਜਾ' ਆਖਦੇ ਸਨ । ਇਹ ਸ਼ਬਦ ਹਿੰਦੀ ਸ਼ਬਦ 'ਬੇੜਾ' ਹੈ। ਇਸ ਦਾ ਅਰਬੀ ਬਹੁਵਚਨ ਬਵਾਰਿਜ ਹੈ। ਪਰ ਇਸ ਕਿਤਾਬ ਵਿਚ ਇਹ ਸ਼ਬਦ ਸਮੁੰਦਰੀ ਡਾਕੂਆਂ ਲਈ ਵੀ ਵਾਰ ਵਾਰ ਬੋਲਿਆ ਗਿਆ ਹੈ। 'ਹਿੰਡੋਲ' ਨੂੰ ਡੋਲੀ ਅਤੇ ਡੋਲੇ ਦੇ ਅਰਥਾਂ ਵਿਚ ਅਤੇ ਬਲੰਜ ਨੂੰ ਪਲੰਗ ਦੇ ਅਰਥਾਂ ਵਿਚ ਏਸ ਕਿਤਾਬ ਵਿਚ ਵਰਤਿਆ ਗਿਆ ਹੈ। ਹਿੰਦੂਆਂ ਦੀ ਛੂਤ ਛਾਤ ਦਾ ਵੀ ਇਸ ਵਿਚ ਜ਼ਿਕਰ ਹੈ (੧੧੮)

ਇਹ ਕਿਤਾਬ ਸੰਨ ੧੮੮੬ ਈ. ਵਿਚ ਲੀਡਨ* ਵਿਚ ਛਪੀ ਹੈ। ਇਸ ਦਾ ਫ਼ਰਾਂਸੀਸੀ ਅਨੁਵਾਦ ਤਾਂ ਇਸ ਦੇ ਨਾਲ ਹੀ ਛਪਿਆ ਹੈ ਪਰ ਅੰਗਰੇਜ਼ੀ ਉਲਥਾ ਹੁਣੇ ਏਸੇ ਮਹੀਨੇ ਛਪ ਕੇ ਨਿਕਲਿਆ ਹੈ ।

੬. ਮਸਊਦੀ ਸੰਨ ੩੦੩ ਹਿ.

ਮਸਊਦੀ, ਜਿਸ ਦਾ ਨਾਂ ਅਬੁੱਲਹਸਨ ਅਲੀ ਸੀ, ਇਕ ਉੱਚ ਕੋਟੀ ਦਾ ਇਤਿਹਾਸਕਾਰ, ਭੂਗੋਲ-ਲੇਖਕ ਅਤੇ ਯਾਤਰੂ ਹੋਣ ਕਰਕੇ ਮਸ਼ਹੂਰ ਹੈ । ਇਸ ਨੇ ਆਪਣੀ ਉਮਰ ਦੇ ਪੱਚੀ ਵਰ੍ਹੇ ਸੈਰ ਸਫ਼ਰ ਵਿਚ ਗੁਜ਼ਾਰੇ । ਮਸਊਦੀ ਨੇ ਆਪਣੇ ਵਤਨ ਬਗ਼ਦਾਦ ਤੋਂ ਸਫ਼ਰ ਸ਼ੁਰੂ ਕੀਤਾ ਅਤੇ ਇਰਾਕ, ਸ਼ਾਮ, ਆਰਮੇਨੀਆ, ਰੂਮ (ਏਸ਼ੀਆ ਕੋਚਕ) ਅਫ਼ਰੀਕਾ, ਸੂਡਾਨ ਜ਼ੰਗਬਾਰ ਤੋਂ ਛੁਟ ਚੀਨ, ਤਿੱਬਤ, ਹਿੰਦੁਸਤਾਨ ਅਤੇ ਸਰੰਦੀਪ ਦਾ ਸਫ਼ਰ ਕੀਤਾ। ਪਾਣੀਆਂ ਵਿਚ ਇਸ ਨੇ ਹਿੰਦੁਸਤਾਨ, ਚੀਨ, ਅਰਬ, ਹਬਸ਼, ਫ਼ਾਰਸ ਅਤੇ ਰੂਮ ਦੇ ਸਾਗਰਾਂ ਦੀ ਸੈਰ ਕੀਤੀ । ਇਸ ਦੀਆਂ ਬਹੁਤ ਸਾਰੀਆਂ ਵਡ-ਅਕਾਰੀਆਂ ਪੁਸਤਕਾਂ ਵਿਚੋਂ ਕੇਵਲ ਦੋ ਇਤਿਹਾਸਕ ਪੁਸਤਕਾਂ ਮੌਜੂਦ ਹਨ । ਇਕ 'ਕਿਤਾਬੁਲ-ਤੰਬੀਹ-ਵੱਲਅਸ਼ਰਾਫ਼' ਹੈ ਜੋ ਸੰਖੇਪ ਹੈ, ਦੂਜੀ ਇਸ ਤੋਂ ਵੱਡੀ ਹੈ, ਇਸ ਦਾ ਨਾਂ 'ਮਰੂਜੁੱਜ਼ਹਬ—ਵ—

*Leyden ਦਖਣੀ ਹਾਲੈਂਡ ਵਿਚ ਯੂਨੀਵਰਸਟੀ ਟਾਊਨ ਹੈ ।

ਮਆਦਿਨਲਜਵਾਹਿਰ' ਹੈ। ਇਹ ਦੂਜੀ ਪੁਸਤਕ ਵਧੇਰੇ ਵਾਕਫ਼ੀ ਭਰਪੂਰ ਹੈ। ਭਾਵੇਂ ਇਹ ਹੈ ਤਾਂ ਇਸਲਾਮ ਦਾ ਇਤਿਹਾਸ, ਪਰ ਏਸ ਦੇ ਮੁਖਬੰਧ ਵਿਚ ਸਾਰੀ ਦੁਨੀਆ ਦੀਆਂ ਕੌਮਾਂ ਦਾ ਸੰਖੇਪ ਇਤਿਹਾਸ ਹੈ। ਮਸਊਦੀ ਨੇ ਦਰਿਆਵਾਂ ਦੇ ਹਾਲ ਬਹੁਤ ਵਿਸਥਾਰ ਨਾਲ ਲਿਖੇ ਹਨ। ਏਸ ਦੇ ਬਿਆਨ ਤੋਂ ਇਕ ਅਨੋਖੀ ਗੱਲ ਇਹ ਮਲੂਮ ਹੁੰਦੀ ਹੈ ਕਿ ਜਿਸ ਤਰ੍ਹਾਂ ਅੱਜ ਜਹਾਜ਼ ਚਲਾਉਣ ਵਾਲੀਆਂ ਕੰਪਨੀਆਂ ਅਤੇ ਉਨ੍ਹਾਂ ਦੇ ਜਹਾਜ਼ਾਂ ਦੇ ਨਾਂ ਹੁੰਦੇ ਹਨ ਏਸੇ ਤਰ੍ਹਾਂ ਜਹਾਜ਼ਾਂ ਦੇ ਮਾਲਕਾਂ ਦੀ ਨਿਸਬਤ ਨਾਲ ਭਾਈਆਂ ਅਤੇ ਪੁਤਰਾਂ; 'ਐਂਡ ਬਰਾਦਰਜ਼, ਐਂਡ ਸਨਜ਼', ਦੇ ਢੰਗ ਤੇ ਉਨ੍ਹਾਂ ਜਹਾਜ਼ਾਂ ਦੇ ਨਾਂ ਵੀ ਰੱਖੇ ਜਾਂਦੇ ਸਨ ਜੋ ਹਿੰਦ ਸਾਗਰ ਵਿਚ ਆਉਂਦੇ ਜਾਂਦੇ ਸਨ। ਇਸ ਨੇ ਸਭ ਤੋਂ ਪਹਿਲਾਂ ਦਰਿਆ ਰਾਇਦ (ਰਾਵੀ) ਅਤੇ ਗੰਗਾ ਦਾ ਅਤੇ ਪੰਜਾਬ ਦੇ ਪੰਜਾਂ ਦਰਿਆਵਾਂ ਦਾ ਵਾਰ ਵਾਰ ਨਾਂ ਲਿਆ ਹੈ (੩੭੨) ਇਹ ਵੀ ਦਸਿਆ ਹੈ ਕਿ ਇਨ੍ਹਾਂ ਵਿਚੋਂ ਹਰੇਕ ਕਿੱਥੋਂ ਕਿੱਥੋਂ ਨਿਕਲਿਆ ਹੈ। ਕਨੌਜ ਦਾ, ਜੋ ਪਰਸਿੱਧ ਕਨੌਜ ਤੋਂ ਬਿਨਾਂ, ਸਿੰਧ ਵਿਚ ਵਾਕਿਆ ਸੀ, ਅਤੇ ਜਿਸ ਦੇ ਰਾਜੇ ਬੌਵਰਾਹ ਦੇ ਨਾਂ ਤੋਂ ਪਰਸਿੱਧ ਸਨ), ਵਰਨਣ ਕੀਤਾ ਹੈ ਅਤੇ ਇਸ ਦਾ ਠਿਕਾਣਾ ਦੱਸਿਆ ਹੈ। ਇਹ ਲਿਖਿਆ ਹੈ ਕਿ ਮੈਂ "ਤਿੱਬਤ ਦੇ ਪਰਬਤਾਂ ਤੋਂ ਵਡੇਰੇ ਪਰਬਤ ਨਹੀਂ ਡਿੱਠੇ" (੩੮੯) ਸਪਸ਼ਟ ਹੈ ਕਿ ਇਨ੍ਹਾਂ ਪਰਬਤਾਂ ਤੋਂ ਭਾਵ ਹਿਮਾਲਿਆ ਪਰਬਤ ਹੈ। ਇਹ ਵੀ ਲਿਖਿਆ ਹੈ ਕਿ "ਹਿੰਦੁਸਤਾਨ ਵਿਚ ਬਹੁਤ ਸਾਰੀਆਂ ਬੋਲੀਆਂ ਬੋਲੀਆਂ ਜਾਂਦੀਆਂ ਹਨ (੩੮੧-੧੬੩) ਅਨੋਖੀ ਗਲ ਇਹ ਹੈ ਕਿ ਏਸ ਨੇ ਕੰਧਾਰ ਨੂੰ ਰਹਬੂਤਾਂ (ਰਾਜਪੂਤਾਂ) ਦਾ ਦੇਸ ਦੱਸਿਆ ਹੈ (੩੭੨) ਖੰਬਾਇਤ ਵਿਚ ਉਹ ਸੰਨ ੩੦੩ ਹਿ. ਵਿਚ ਪੁੱਜਾ ਸੀ। ਉਹ ਇਸ ਸਮੇਂ ਰਾਜਾ ਵਲਭ ਰਾਏ ਦੇ ਅਧੀਨ ਇਕ ਬ੍ਰਾਹਮਣ ਬਾਣੀਏ (?) ਦੇ ਰਾਜ ਥਲੇ ਸੀ (੨੫੪) ਮੁਲਤਾਨ ਵਿਚ ਉਹ ਸੰਨ ੩੦੦ ਹਿ. ਦੇ ਪਿੱਛੋਂ ਆਪਣਾ ਪੁਜਣਾ ਪਰਗਟ ਕਰਦਾ ਹੈ ਅਤੇ ਓਥੋਂ ਦੇ ਮੁਸਲਮਾਨ ਅਰਬ ਬਾਦਸ਼ਾਹ ਅਤੇ ਵਜ਼ੀਰਾਂ ਦੇ ਨਾਂ ਦਸਦਾ ਹੈ (੩੭੬)

ਮਸਊਦੀ ਨੇ ਆਪਣੀ ਕਿਤਾਬ ਮਰੂਜੁਜ਼ੱਹਬ ਸੰਨ ੩੩੨ ਹਿ. ਵਿਚ, ਸੈਰ ਸਫ਼ਰ ਖ਼ਤਮ ਕਰਨ ਪਿੱਛੋਂ ਲਿੱਖੀ ਹੈ। ਪੈਰਸ ਵਿਚ ਨੌ ਸੈਂਚੀਆਂ ਵਿਚ ਇਹ ਕਿਤਾਬ ਫ਼ਰੈਂਚ ਅਨੁਵਾਦ ਸਹਿਤ ਛਪੀ ਅਤੇ ਮਿਸਰ ਵਿਚ ਕਈ ਵਾਰ ਛਪ ਚੁਕੀ ਹੈ।

੭. ਅਸਤਖ਼ਰੀ ਸੰਨ ੩੪੦ ਹਿ.

ਅਬੂ ਇਸਹਾਕ ਇਬਰਾਹੀਮ ਬਿਨ ਮੁਹੰਮਦ ਫ਼ਾਰਸੀ ਅਸਤਖ਼ਰੀ ਦੇ ਨਾਂ ਤੋਂ ਪਰਸਿੱਧ ਹੈ। ਇਹ ਬਗ਼ਦਾਦ ਦੇ ਮਹੱਲਾ ਕਰਖ਼ ਦਾ ਰਹਿਣ ਵਾਲਾ ਸੀ। ਇਹ ਬਹੁਤ ਵਡਾ ਯਾਤਰੂ ਸੀ। ਇਸ ਨੇ ਏਸ਼ੀਆ ਦੇ ਅਕਸਰ ਮੁਲਕਾਂ ਦੀ ਸੈਰ ਕੀਤੀ ਸੀ। ਜੁਗਰਾਫ਼ੀਏ ਸਬੰਧੀ ਇਸ ਦੀਆਂ ਦੋ ਕਿਤਾਬਾਂ ਹਨ, 'ਕਿਤਾਬੁਲ ਇਕਾਲੀਮ' ਅਤੇ 'ਕਿਤਾਬ ਮਸਾਲਿਕ-ਵਲ-ਮਮਾਲਿਕ'। ਪਹਿਲੀ ਕਿਤਾਬ ਸੰਨ ੧੮੩੯ ਈ. ਵਿਚ ਗੋਥਾ* ਵਿਚ ਅਤੇ ਦੂਜੀ ਕਿਤਾਬ ਲੀਡਨ† ਵਿਚ ਛਪੀ। ਇਸ ਵਿਚ ਅਰਬ ਅਤੇ ਈਰਾਨ ਦੇ ਪਿੱਛੋਂ ਮਾਵਰਾਉੱਨੱਹਰ (Transoxania) ਕਾਬੁਲਿਸਤਾਨ, ਸਿੰਧ ਅਤੇ ਹਿੰਦੁਸਤਾਨ ਦਾ ਵੇਰਵਾ ਹੈ। ਹਿੰਦ ਸਾਗਰ ਦਾ ਜਿਸ ਨੂੰ ਉਹ 'ਫ਼ਾਰਸ ਸਾਗਰ' ਆਖਦਾ ਹੈ, ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਉਹ ਹਿੰਦੁਸਤਾਨ ਵਿਚ ਸੰਨ ੩੪੦ ਹਿ. (ਸੰਨ ੯੫੧ ਈ.) ਵਿਚ ਆਇਆ ਸੀ ਅਤੇ ਆਪਣੇ ਸਮਕਾਲੀ ਯਾਤਰੂ ਇਬਨ ਹੌਕਲ ਨੂੰ ਏਥੇ ਹੀ ਮਿਲਿਆ ਸੀ। ਏਸ ਨੇ ਵੀ ਵਲਭ ਰਾਏ ਦੇ ਸ਼ਹਿਰ ਮਹਾਂਨਗਰ ਦਾ ਵਰਨਣ ਕੀਤਾ ਹੈ, ਪਰ ਮਲੂਮ ਹੁੰਦਾ ਹੈ ਕਿ ਉਸ ਦੇ ਰਾਜ ਦੇ ਟੋਟੇ ਹੋ ਚੁਕੇ ਸਨ। ਲਿਖਦਾ ਹੈ ਕਿ "ਇਸ (ਵਲਭ ਰਾਏ) ਦੇ ਅਧੀਨ ਬਹੁਤ ਸਾਰੇ ਰਾਜੇ ਹਨ"। ਇਸ ਤੋਂ ਛੁਟ ਮੁਲਤਾਨ, ਮਨਸੂਰਾ, ਸਮੰਦ ਅਲੂਰ, ਸਿੰਧ ਦਰਿਆ ਦਾ ਜ਼ਿਕਰ ਕੀਤਾ ਹੈ। ਏਸ ਦਾ ਕਾਰਨਾਮਾ ਕੇਵਲ

*Gotha ਜਰਮਨੀ ਦਾ ਇਕ ਸ਼ਹਿਰ।

†Leyden ਦਖਣੀ ਹਾਲੈਂਡ ਵਿਚ ਯੂਨੀਵਰਸਟੀ ਟਾਊਨ ਹੈ।

ਮੁਲਕਾਂ ਦਾ ਹਾਲ ਲਿਖਣਾ ਨਹੀਂ ਸਗੋਂ ਦੁਨੀਆ ਦਾ ਨਕਸ਼ਾ ਤਿਆਰ ਕਰਨਾ ਹੈ ਜਿਸ ਵਿਚ ਸਿੰਧ ਦਾ ਨਕਸ਼ਾ ਵੀ ਹੈ।

੮. ਇਬਨ ਹੌਕਲ ਸੰਨ ੩੩੧ ਹਿ. (ਸੰਨ ੯੪੩ ਈ.)

ਇਹ ਬਗ਼ਦਾਦ ਦਾ ਇਕ ਸੁਦਾਗਰ ਸੀ। ਸੰਨ ੩੩੧ ਹਿ. ਮੁਤਾਬਕ ਸੰਨ ੯੪੩ ਈ. ਵਿਚ ਏਸ ਨੇ ਬਗ਼ਦਾਦ ਛੱਡਿਆ ਅਤੇ ਯੂਰਪ ਅਫ਼ਰੀਕਾ ਅਤੇ ਏਸ਼ੀਆ ਦੇ ਮੁਲਕਾਂ ਦਾ ਸਫ਼ਰ ਕੀਤਾ। ਸਪੇਨ ਅਤੇ ਸਿਸਲੀ ਤੋਂ ਲੈ ਕੇ ਹਿੰਦੁਸਤਾਨ ਤਕ ਦੀ ਧਰਤੀ ਏਸ ਨੇ ਛਾਣ ਮਾਰੀ। ਇਬਨ ਹੌਕਲ ਨੇ ਵੀ ਮੁਲਕਾਂ ਦੇ ਨਕਸ਼ੇ ਤਿਆਰ ਕੀਤੇ ਪਰ ਅਫ਼ਸੋਸ ਹੈ ਕਿ ਇਸ ਦੀ ਛਪੀ ਕਿਤਾਬ ਵਿਚ ਇਹ ਨਕਸ਼ੇ ਨਹੀਂ ਦਿੱਤੇ ਗਏ। ਏਲੀਅਟ ਸਾਹਿਬ ਨੇ ਏਸ ਦੀ ਇਕ ਅਧੂਰੀ ਹੱਥ-ਲਿਖਤ ਨਵਾਬ ਅਵੱਧ ਦੇ ਪੁਸਤਕਾਲੇ ਵਿਚ ਵੇਖੀ ਸੀ। ਏਸ ਹੱਥ-ਲਿਖਤ ਵਿਚੋਂ ਏਲੀਅਟ ਸਾਹਿਬ ਨੇ ਆਪਣੀ ਕਿਤਾਬ ਵਿਚ ਉਹ ਨਕਸ਼ਾ ਪਾ ਦਿਤਾ ਹੈ ਜਿਹੜਾ ਉਨ੍ਹਾਂ ਨੂੰ ਇਬਨ ਹੌਕਲ ਦੀ ਏਸ ਹੱਥ-ਲਿਖਤ ਵਿਚੋਂ ਲਭਿਆ ਸੀ। ਇਹ ਨਕਸ਼ਾ ਭਾਵੇਂ ਗ਼ਲਤ ਹੈ ਪਰ ਫੇਰ ਵੀ ਗ਼ਾਲਬਨ ਹਿੰਦੁਸਤਾਨ ਦੇ ਇਕ ਸੂਬੇ ਦਾ ਇਹ ਪਹਿਲਾ ਭੂਗੋਲਕ ਨਕਸ਼ਾ ਹੈ ਜੋ ਦੁਨੀਆ ਵਿਚ ਤਿਆਰ ਹੋਇਆ। ਏਸ ਨਕਸ਼ੇ ਵਿਚ ਗੁਜਰਾਤ ਤੋਂ ਲੈ ਕੇ ਸੀਸਤਾਨ ਤਕ ਦੀਆਂ ਅਬਾਦੀਆਂ ਦਾ ਠਿਕਾਣਾ ਵਿਖਾਇਆ ਹੈ। ਇਹ ਪਹਿਲਾ ਅਰਬ ਯਾਤਰੂ ਅਤੇ ਭੂਗੋਲ ਲੇਖਕ ਹੈ ਜਿਸ ਦੀ ਕਿਤਾਬ ਵਿਚ ਹਿੰਦੁਸਤਾਨ ਦੀ ਪੂਰੀ ਲੰਬਾਈ ਚੌੜਾਈ ਦੱਸਣ ਦੀ ਕੋਸ਼ਸ਼ ਕੀਤੀ ਗਈ ਹੈ। ਆਖਦਾ ਹੈ "ਹਿੰਦੁਸਤਾਨ ਦੇ ਮੁਲਕ ਵਿਚ ਸਿੰਧ, ਕਸ਼ਮੀਰ ਅਤੇ ਤਿੱਬਤ ਦਾ ਹਿੱਸਾ ਸ਼ਾਮਲ ਹੈ" (੯)। "ਹਿੰਦੁਸਤਾਨ ਮਹਾਂ ਦੀਪ ਦੇ ਪੂਰਬ ਵਲ ਫ਼ਾਰਸ ਸਾਗਰ ਹੈ ਇਸ ਦੇ ਪੱਛਮ ਅਤੇ ਦੱਖਣ ਵਿਚ ਮੁਸਲਮਾਨੀ ਮੁਲਕ ਹਨ। ਇਸ ਦੇ ਉੱਤਰ ਵਲ ਚੀਨ ਹੈ" (੧੧)। "ਭਾਰਤ ਦੀਪ ਦੀ ਲੰਬਾਈ ਮਕਰਾਨ ਤੋਂ ਮਨਸੂਰਾ ਬੁਧ ਅਤੇ ਸਾਰੇ ਸਿੰਧ ਦੇ ਸੂਬੇ ਤੋਂ ਲੈ ਕੇ ਉੱਥੇ ਤਕ ਜਿਥੇ ਕਨੌਜ ਮੁੱਕੇ, ਫੇਰ ਇਸ ਤੋਂ ਅੱਗੇ ਵਧ ਕੇ ਤਿੱਬਤ ਤਕ ਚਾਰ ਮਹੀਨਿਆਂ ਦਾ

ਮਸਊਦੀ ਨੇ ਆਪਣੀ ਕਿਤਾਬ ਮਰੂਜੁਜ਼ੱਹਬ ਸੰਨ ੩੩੨ ਹਿ. ਵਿਚ, ਸੈਰ ਸਫ਼ਰ ਖ਼ਤਮ ਕਰਨ ਪਿੱਛੋਂ ਲਿੱਖੀ ਹੈ। ਪੈਰਸ ਵਿਚ ਨੌ ਸੈਂਚੀਆਂ ਵਿਚ ਇਹ ਕਿਤਾਬ ਫ਼ਰੈਂਚ ਅਨੁਵਾਦ ਸਹਿਤ ਛਪੀ ਅਤੇ ਮਿਸਰ ਵਿਚ ਕਈ ਵਾਰ ਛਪ ਚੁਕੀ ਹੈ।

੭. ਅਸਤਖ਼ਰੀ ਸੰਨ ੩੪੦ ਹਿ.

ਅਬੂ ਇਸਹਾਕ ਇਬਰਾਹੀਮ ਬਿਨ ਮੁਹੰਮਦ ਫ਼ਾਰਸੀ ਅਸਤਖ਼ਰੀ ਦੇ ਨਾਂ ਤੋਂ ਪਰਸਿੱਧ ਹੈ। ਇਹ ਬਗ਼ਦਾਦ ਦੇ ਮਹੱਲਾ ਕਰਖ਼ ਦਾ ਰਹਿਣ ਵਾਲਾ ਸੀ। ਇਹ ਬਹੁਤ ਵਡਾ ਯਾਤਰੂ ਸੀ। ਇਸ ਨੇ ਏਸ਼ੀਆ ਦੇ ਅਕਸਰ ਮੁਲਕਾਂ ਦੀ ਸੈਰ ਕੀਤੀ ਸੀ। ਜੁਗਰਾਫ਼ੀਏ ਸਬੰਧੀ ਇਸ ਦੀਆਂ ਦੋ ਕਿਤਾਬਾਂ ਹਨ, 'ਕਿਤਾਬੁਲ ਇਕਾਲੀਮ' ਅਤੇ 'ਕਿਤਾਬ ਮਸਾਲਿਕ-ਵਲ-ਮਮਾਲਿਕ'। ਪਹਿਲੀ ਕਿਤਾਬ ਸੰਨ ੧੮੩੯ ਈ. ਵਿਚ ਗੋਥਾ* ਵਿਚ ਅਤੇ ਦੂਜੀ ਕਿਤਾਬ ਲੀਡਨ† ਵਿਚ ਛਪੀ। ਇਸ ਵਿਚ ਅਰਬ ਅਤੇ ਈਰਾਨ ਦੇ ਪਿਛੋਂ ਮਾਵਰਾਉਨੱਹਰ (Transoxania) ਕਾਬੁਲਿਸਤਾਨ, ਸਿੰਧ ਅਤੇ ਹਿੰਦੁਸਤਾਨ ਦਾ ਵੇਰਵਾ ਹੈ। ਹਿੰਦ ਸਾਗਰ ਦਾ ਜਿਸ ਨੂੰ ਉਹ 'ਫ਼ਾਰਸ ਸਾਗਰ' ਆਖਦਾ ਹੈ, ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਉਹ ਹਿੰਦੁਸਤਾਨ ਵਿਚ ਸੰਨ ੩੪੦ ਹਿ. (ਸੰਨ ੮੫੧ ਈ.) ਵਿਚ ਆਇਆ ਸੀ ਅਤੇ ਆਪਣੇ ਸਮਕਾਲੀ ਯਾਤਰੂ ਇਬਨ ਹੌਕਲ ਨੂੰ ਏਥੇ ਹੀ ਮਿਲਿਆ ਸੀ। ਏਸ ਨੇ ਵੀ ਵਲਭ ਰਾਏ ਦੇ ਸ਼ਹਿਰ ਮਹਾਂਨਗਰ ਦਾ ਵਰਨਣ ਕੀਤਾ ਹੈ, ਪਰ ਮਲੂਮ ਹੁੰਦਾ ਹੈ ਕਿ ਉਸ ਦੇ ਰਾਜ ਦੇ ਟੋਟੇ ਹੋ ਚੁਕੇ ਸਨ। ਲਿਖਦਾ ਹੈ ਕਿ "ਇਸ (ਵਲਭ ਰਾਏ) ਦੇ ਅਧੀਨ ਬਹੁਤ ਸਾਰੇ ਰਾਜੇ ਹਨ"। ਇਸ ਤੋਂ ਛੁਟ ਮੁਲਤਾਨ, ਮਨਸੂਰਾ, ਸਮੰਦ ਅਲੂਰ, ਸਿੰਧ ਦਰਿਆ ਦਾ ਜ਼ਿਕਰ ਕੀਤਾ ਹੈ। ਏਸ ਦਾ ਕਾਰਨਾਮਾ ਕੇਵਲ

*Gotha ਜਰਮਨੀ ਦਾ ਇਕ ਸ਼ਹਿਰ।

†Leyden ਦਖਣੀ ਹਾਲੈਂਡ ਵਿਚ ਯੂਨੀਵਰਸਟੀ ਟਾਊਨ ਹੈ।

ਮੁਲਕਾਂ ਦਾ ਹਾਲ ਲਿਖਣਾ ਨਹੀਂ ਸਗੋਂ ਦੁਨੀਆ ਦਾ ਨਕਸ਼ਾ ਤਿਆਰ ਕਰਨਾ ਹੈ ਜਿਸ ਵਿਚ ਸਿੰਧ ਦਾ ਨਕਸ਼ਾ ਵੀ ਹੈ।

੮. ਇਬਨ ਹੌਕਲ ਸੰਨ ੩੩੧ ਹਿ. (ਸੰਨ ੯੪੩ ਈ.)

ਇਹ ਬਗ਼ਦਾਦ ਦਾ ਇਕ ਸੁਦਾਗਰ ਸੀ। ਸੰਨ ੩੩੧ ਹਿ. ਮੁਤਾਬਕ ਸੰਨ ੯੪੩ ਈ. ਵਿਚ ਏਸ ਨੇ ਬਗ਼ਦਾਦ ਛੱਡਿਆ ਅਤੇ ਯੂਰਪ ਅਫ਼ਰੀਕਾ ਅਤੇ ਏਸ਼ੀਆ ਦੇ ਮੁਲਕਾਂ ਦਾ ਸਫ਼ਰ ਕੀਤਾ। ਸਪੇਨ ਅਤੇ ਸਿਸਲੀ ਤੋਂ ਲੈ ਕੇ ਹਿੰਦੁਸਤਾਨ ਤਕ ਦੀ ਧਰਤੀ ਏਸ ਨੇ ਛਾਣ ਮਾਰੀ। ਇਬਨ ਹੌਕਲ ਨੇ ਵੀ ਮੁਲਕਾਂ ਦੇ ਨਕਸ਼ੇ ਤਿਆਰ ਕੀਤੇ ਪਰ ਅਫ਼ਸੋਸ ਹੈ ਕਿ ਇਸ ਦੀ ਛਪੀ ਕਿਤਾਬ ਵਿਚ ਇਹ ਨਕਸ਼ੇ ਨਹੀਂ ਦਿੱਤੇ ਗਏ। ਏਲੀਅਟ ਸਾਹਿਬ ਨੇ ਏਸ ਦੀ ਇਕ ਅਧੂਰੀ ਹੱਥ-ਲਿਖਤ ਨਵਾਬ ਅਵੱਧ ਦੇ ਪੁਸਤਕਾਲੇ ਵਿਚ ਵੇਖੀ ਸੀ। ਏਸ ਹੱਥ-ਲਿਖਤ ਵਿਚੋਂ ਏਲੀਅਟ ਸਾਹਿਬ ਨੇ ਆਪਣੀ ਕਿਤਾਬ ਵਿਚ ਉਹ ਨਕਸ਼ਾ ਪਾ ਦਿਤਾ ਹੈ ਜਿਹੜਾ ਉਨ੍ਹਾਂ ਨੂੰ ਇਬਨ ਹੌਕਲ ਦੀ ਏਸ ਹੱਥ-ਲਿਖਤ ਵਿਚੋਂ ਲਭਿਆ ਸੀ। ਇਹ ਨਕਸ਼ਾ ਭਾਵੇਂ ਗ਼ਲਤ ਹੈ ਪਰ ਫੇਰ ਵੀ ਗ਼ਾਲਬਨ ਹਿੰਦੁਸਤਾਨ ਦੇ ਇਕ ਸੂਬੇ ਦਾ ਇਹ ਪਹਿਲਾ ਭੂਗੋਲਕ ਨਕਸ਼ਾ ਹੈ ਜੋ ਦੁਨੀਆ ਵਿਚ ਤਿਆਰ ਹੋਇਆ। ਏਸ ਨਕਸ਼ੇ ਵਿਚ ਗੁਜਰਾਤ ਤੋਂ ਲੈ ਕੇ ਸੀਸਤਾਨ ਤਕ ਦੀਆਂ ਅਬਾਦੀਆਂ ਦਾ ਠਿਕਾਣਾ ਵਿਖਾਇਆ ਹੈ। ਇਹ ਪਹਿਲਾ ਅਰਬ ਯਾਤਰੂ ਅਤੇ ਭੂਗੋਲ ਲੇਖਕ ਹੈ ਜਿਸ ਦੀ ਕਿਤਾਬ ਵਿਚ ਹਿੰਦੁਸਤਾਨ ਦੀ ਪੂਰੀ ਲੰਬਾਈ ਚੌੜਾਈ ਦੱਸਣ ਦੀ ਕੋਸ਼ਸ਼ ਕੀਤੀ ਗਈ ਹੈ। ਆਖਦਾ ਹੈ "ਹਿੰਦੁਸਤਾਨ ਦੇ ਮੁਲਕ ਵਿਚ ਸਿੰਧ, ਕਸ਼ਮੀਰ ਅਤੇ ਤਿੱਬਤ ਦਾ ਹਿੱਸਾ ਸ਼ਾਮਲ ਹੈ" (੯)। "ਹਿੰਦੁਸਤਾਨ ਮਹਾਂ ਦੀਪ ਦੇ ਪੂਰਬ ਵਲ ਫ਼ਾਰਸ ਸਾਗਰ ਹੈ ਇਸ ਦੇ ਪੱਛਮ ਅਤੇ ਦੱਖਣ ਵਿਚ ਮੁਸਲਮਾਨੀ ਮੁਲਕ ਹਨ। ਇਸ ਦੇ ਉੱਤਰ ਵਲ ਚੀਨ ਹੈ" (੧੧)। "ਭਾਰਤ ਦੀਪ ਦੀ ਲੰਬਾਈ ਮਕਰਾਨ ਤੋਂ ਮਨਸੂਰਾ ਬੁਧ ਅਤੇ ਸਾਰੇ ਸਿੰਧ ਦੇ ਸੂਬੇ ਤੋਂ ਲੈ ਕੇ ਉੱਥੇ ਤਕ ਜਿਥੇ ਕਨੌਜ ਮੁੱਕੇ, ਫੇਰ ਇਸ ਤੋਂ ਅੱਗੇ ਵਧ ਕੇ ਤਿੱਬਤ ਤਕ ਚਾਰ ਮਹੀਨਿਆਂ ਦਾ

ਪੈਂਡਾ ਹੈ, ਚੌੜਾਈ ਫ਼ਾਰਸ ਸਾਗਰ ਤੋਂ ਲੈ ਕੇ ਕਨੌਜ ਤਕ ਤਿੰਨ ਮਹੀਨਿਆਂ ਦਾ ਰਾਹ ਹੈ"। ਇਹ ਬਿਆਨ ਭਾਵੇਂ ਕਿੰਨਾ ਹੀ ਕੋਝਾ ਹੋਵੇ ਪਰ ਹਿੰਦੁਸਤਾਨ ਦੀ ਹੱਦ-ਬੰਦੀ ਦੀ ਇਹ ਪਹਿਲੀ ਕੋਸ਼ਸ਼ ਹੈ।

੯. ਬੁਸ਼ਾਰੀ ਮੁਕਦਸੀ ਸੰਨ ੩੭੫ ਹਿ.

ਸ਼ਮਸੁੱਦੀਨ ਮੁਹੰਮਦ ਬਿਨ ਅਹਿਮਦ ਬੁਸ਼ਾਰੀ ਸ਼ਾਮ ਦੇਸ਼ ਵਿਚ ਬੈਤੁਲ ਮੁਕੱਦਸ ਦਾ ਰਹਿਣ ਵਾਲਾ ਸੀ। ਇਸ ਨੇ ਆਪਣੀ ਕਿਤਾਬ ਸੰਨ ੩੭੫ ਹਿ. ਵਿਚ ਖ਼ਤਮ ਕੀਤੀ ਹੈ। ਇਸ ਨੇ ਸਿਰਫ਼ ਆਪਣੇ ਸਮੇਂ ਦੇ ਮੁਸਲਿਮ ਸੰਸਾਰ ਦੀ ਯਾਤਰਾ ਕੀਤੀ ਹੈ। ਹਿੰਦੁਸਤਾਨ ਵਿਚ ਵੀ ਆਇਆ ਪਰ ਸਿੰਧ ਤੋਂ ਅੱਗੇ ਨਹੀਂ ਵਧਿਆ। ਏਸ ਦੀ ਕਿਤਾਬ ਦੀ ਖ਼ਾਸ ਵਿਸ਼ੇਸ਼ਤਾ ਦੇਸਾਂ ਦੇ ਨਕਸ਼ੇ ਸਨ, ਜੋ ਛਪੀ ਕਿਤਾਬ ਵਿਚ ਮੌਜੂਦ ਨਹੀਂ। ਏਸ ਦੀ ਕਿਤਾਬ ਦਾ ਨਾਂ 'ਅਹਸਨੁਲ ਤਕ਼ਾਸੀਮ ਫ਼ੀ ਮਾਰਫ਼ਤੁਲ ਅਕਾਲੀਮ' ਹੈ। ਕਿਤਾਬ ਦਾ ਅਖ਼ੀਰੀ ਕਾਂਡ ਸਿੰਧ ਬਾਰੇ ਹੈ। ਸਾਡੇ ਪਾਸ ਉਸ ਦੀ ਉਹ ਲਿਖਤ ਹੈ ਜੋ ਦੂਜੀ ਵਾਰ ਸੰਨ ੧੯੦੬ ਈ. ਵਿਚ ਲੀਡਨ ਵਿਚ ਛਪੀ ਹੈ।

ਮੁਕੱਦਸੀ ਦੀ ਕਿਤਾਬ ਦੀ ਇਕ ਹੋਰ ਖ਼ਾਸ ਗੱਲ ਇਹ ਹੈ ਕਿ ਇਸ ਨੇ ਮੁਲਕ ਦੀ ਵੰਡ ਸੂਬਿਆਂ ਦੇ ਸ਼ਹਿਰਾਂ ਅਨੁਸਾਰ ਕੀਤੀ ਹੈ। ਫ਼ੇਰ ਹਰੇਕ ਦਾ ਅੱਡ ਅੱਡ ਵੇਰਵਾ ਹੈ ਅਤੇ ਹਰ ਥਾਂ ਦੇ ਵਪਾਰ, ਪੈਦਾਵਾਰ, ਉਦਯੋਗ, ਧਰਮ ਅਤੇ ਸਿਖਿਆਂ ਦਾ ਹਾਲ ਲਿਖਿਆ ਹੈ। ਏਸ ਲਈ ਇਸ ਕਿਤਾਬ ਨੂੰ ਖ਼ਾਸ ਮਹੱਤਤਾ ਪਰਾਪਤ ਹੈ। ਇਸ ਤਰਾਂ ਸਿੰਧ ਦਾ ਹਾਲ ਇਸ ਨੇ ੧੪ ਪੰਨਿਆਂ ਵਿਚ ਲਿਖਿਆ ਹੈ।

੧੦. ਅਲਬਰੂਨੀ ਸੰਨ ੪੦੦ ਹਿ.

'ਕਿਤਾਬੁਲ ਹਿੰਦ' ਦੇ ਲੇਖਕ ਤੋਂ ਲੋਕ ਇੰਨੇ ਜਾਣੂ ਹਨ ਕਿ ਉਸ ਦਾ ਹਾਲ ਬਿਆਨ ਕਰਨ ਦੀ ਲੋੜ ਨਹੀਂ। ਕੇਵਲ ਇੰਨਾ ਆਖਣਾ ਕਾਫ਼ੀ ਹੈ ਕਿ ਅਲਬਰੂਨੀ, ਜੋ ਅਸਲ ਵਿਚ ਖ਼ਵਾਰਜ਼ਮ (ਖੀਵਾ) ਦਾ

ਰਹਿਣ ਵਾਲਾ ਸੀ, ਜਦੋਂ ਹਿੰਦੁਸਤਾਨ ਆਇਆ, ਤਾਂ ਮਹਿਮੂਦ ਗ਼ਜ਼ਨਵੀ ਦੇ ਹਮਲੇ ਗਾਲਬਨ ਸ਼ੁਰੂ ਨਹੀਂ ਸ ਹੋਏ, ਪਰ ਏਸ ਨੇ ਆਪਣੀ ਪੁਸਤਕ ਮਹਿਮੂਦ ਦੇ ਦੋ ਸਾਲ ਪਿੱਛੋਂ ਲਿਖੀ ਹੈ। 'ਕਿਤਾਬੁਲ ਹਿੰਦ' ਤੋਂ ਬਿਨਾਂ ਏਸ ਨੇ ਹੋਰ ਢੇਰ ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਵਿੱਚੋਂ 'ਕਾਨੂੰਨੇ ਮਸਊਦੀ' ਖ਼ਾਸ ਵਰਨਣ ਯੋਗ ਹੈ ਜੋ ਅਜੇ ਤਕ ਛਪੀ ਨਹੀਂ। ਉਸ ਵਿਚ ਹਿੰਦੁਸਤਾਨ ਦੇ ਬ_ਤ ਸਾਰੇ ਸ਼ਹਿਰਾਂ ਦੇ ਨਾਂ ਲਿਖੇ ਹਨ ਅਤੇ ਇਨ੍ਹਾਂ ਦਾ ਲਮਕਾਰ ਤੇ ਵਿਥਕਾਰ ਨਿਯਤ ਕੀਤਾ ਹੈ।

'ਕਿਤਾਬੁਲ ਹਿੰਦ' ਦੀ ਅਸਲ ਅਰਬੀ ਟੈਕਸਟ ਤੇ ਉਸ ਦਾ ਅੰਗਰੇਜ਼ੀ ਅਤੇ ਹਿੰਦੀ ਤਰਜਮਾ ਤਕ ਵੀ ਛਪ ਚੁਕਿਆ ਹੈ। ਇਸ ਕਿਤਾਬ ਵਿਚ ਹਿੰਦੁਸਤਾਨ ਦਾ ਪੂਰਾ ਜੁਗਰਾਫ਼ੀਆ ਵਿਆਖਿਆ ਸਹਿਤ ਮੌਜੂਦ ਹੈ।

੧੧. ਇਬਨ ਬਤੂਤਾ ਸੰਨ ੭੭੯ ਹਿ. (ਸੰ. ੧੩੭੭ ਈ.)

ਇਹ ਯਾਤਰੂ ਮਰਾਕਸ਼ ਦਾ ਵਸਨੀ ਸੀ ਅਤੇ ਮੁਹੱਮਦ ਤੁਗ਼ਲਕ ਦੇ ਸਮੇਂ ਹਿੰਦੁਸਤਾਨ ਆਇਆ ਸੀ। ਇਸ ਦੇਸ ਦੇ ਚੱਪੇ ਚੱਪੇ ਨੂੰ ਉਸ ਨੇ ਵੇਖਿਆ ਸੀ। ਇਬਨ ਬਤੂਤਾ ਨੇ ਆਪਣੇ ਸਫ਼ਰਨਾਮੇ 'ਅਜਾਇਬੁਲ ਅਸਫ਼ਾਰ' ਵਿਚ ਜਿਸ ਖ਼ੂਬੀ ਨਾਲ ਆਪਣੇ ਮੁਸ਼ਾਹਦਿਆਂ ਦਾ ਜ਼ਿਕਰ ਕੀਤਾ ਹੈ ਉਹ ਸਭ ਨੂੰ ਮਲੂਮ ਹੈ। ਸਾਡੇ ਲਈ ਇਸ ਦੇ ਬਿਆਨ ਦਾ ਸਭ ਨਾਲੋਂ ਮਹੱਤਤਾ ਵਾਲਾ ਹਿੱਸਾ ਦੱਖਣ ਦੇ ਉਸ ਵੇਲੇ ਦੇ ਹਾਲਾਤ ਹਨ ਜਦੋਂ ਕਿ ਮੁਸਲਮਾਨਾਂ ਨੇ ਅਜੇ ਉਸ ਨੂੰ ਫ਼ਤਿਹ ਨਹੀਂ ਸੀ ਕੀਤਾ।

੧੨. ਦੂਜੇ ਇਤਿਹਾਸਕਾਰ ਤੇ ਭੂਗੋਲ-ਲੇਖਕ

ਉੱਪਰ ਦੀਆਂ ਸਤਰਾਂ ਵਿਚ ਮੈਂ ਕੇਵਲ ਉਨ੍ਹਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਹੈ ਜਿਹੜੇ ਹਿੰਦੁਸਤਾਨ ਖੁਦ ਆਏ ਪਰ ਇਨ੍ਹਾਂ ਤੋਂ ਛੁਟ ਬਹੁਤ ਸਾਰੇ

ਅਜੇਹੇ ਅਰਬ ਭੂਗੋਲ-ਲੇਖਕ ਜਾਂ ਅਜੇਹੇ ਅਰਬ–ਇਤਿਹਾਸਕਾਰ ਹਨ ਜਿਨ੍ਹਾਂ ਨੇ ਹਿੰਦੁਸਤਾਨ ਦਾ ਹਾਲ ਲਿਖਿਆ ਹੈ । ਇਨ੍ਹਾਂ ਵਿੱਚੋਂ ਇਕ ਇਬਨ ਰਸਤਾ (ਸੰਨ ੨੯੦ ਹਿ.) ਦੂਜਾ ਕਦਾਮਾ ਬਿਨ ਜ਼ਾਫ਼ਰ (ਸੰ. ੨੯੬ ਹਿ.) ਤੇ ਤੀਜਾ ਬਲਾਜ਼ੁਰੀ (ਸੰਨ ੨੭੯ ਹਿ. ੮੯੨ ਈ.) ਹੈ ਜਿਸ ਦੀ ਕਿਤਾਬ 'ਫ਼ੁਤੂਹੁਲ ਬੁਲਦਾਨ' ਬਹੁਤ ਅਮੁੱਲੀ ਕਿਤਾਬ ਹੈ । ਇਸ ਤੋਂ ਬਿਨਾਂ ਇਬਨ ਨਦੀਮ ਬਗ਼ਦਾਦੀ (ਸੰਨ ੩੭੦ ਹਿ.) ਦੀ 'ਕਿਬਾਬੁਲ ਫ਼ਹਰਿਸਤ' ਹੈ ।

ਇਹ ਤਾਂ ਮੁੱਢਲੇ ਲੋਕ ਹਨ । ਪਿਛਲਿਆਂ ਵਿੱਚੋਂ (੧) ਸੂਫ਼ੀ ਦਮਿਸ਼ਕੀ (ਸੰ. ੭੨੮ ਹਿ. ੧੩੨੬ ਈ.) ਹੈ ਜਿਸ ਦੀ ਕਿਤਾਬ 'ਅਜਾਇਬੁਲ ਬੱਰਵਲ ਬਹਿਰ' ਹੈ। (੨) ਸਿਸਲੀ ਦਾ ਅਰਬ ਭੂਗੋਲ-ਲੇਖਕ ਇਦਰੀਸੀ ਸੰਨ (੫੬੦ ਹਿ. ਸੰਨ ੧੧੬੫ ਈ.) ਹੈ । ਜਿਸ ਦੀ ਕਿਤਾਬ 'ਅਸਾਰੁਲ ਬਿਲਾਦ' ਹੈ । (੩) ਅਬੁਲਫ਼ਿਦਾ (ਸੰ. ੭੩੨ ਹਿ. ਸੰਨ ੧੩੩੧ ਈ.) ਜਿਸ ਦੀ ਕਿਤਾਬ 'ਤਕਵੀਮੁਲ ਬੁਲਦਾਨ' ਹੈ। (੪) ਯਾਕੂਤ, (ਸੰਨ ੬੨੭ ਹਿ. ਸੰਨ ੧੨੨੯ ਈ.) ਜਿਸ ਦੀ ਵਡ੍ਹ-ਅਕਾਰੀ ਪੁਸਤਕ 'ਮੁਅਜਮ ਬੁਲਦਾਨ' ਹੈ। (੫) ਮਿਸਰ ਦਾ ਵਸਨੀਕ ਨਵੀਰੀ (ਸੰਨ ੭੩੩ ਹਿ. ਸੰਨ ੧੩੩੧ ਈ.) ਹੈ ਜਿਸ ਦੀ ਕਿਤਾਬ 'ਨਿਹਾਇਤੁਲ ਅਰਬ ਫ਼ੀ ਫ਼ੁਨੂਨੁਲ ਅਦਬ' ਹੈ (੬) ਸ਼ਿਹਾਬੁਦੀਨ ਉਮਰੀ (ਸੰਨ ੭੪੮ ਹਿ. ੧੩੪੬ ਈ.) ਜਿਸ ਦੀ ਕਿਤਾਬ ਦਾ ਨਾਂ 'ਮਸਾਲਿਕੁਲ ਅਬਸਾਰ–ਵ–ਮੁਮਾਲਿਕੁਲ ਅਮਸਾਰ' ਹੈ।

ਇਦਰੀਸੀ ਦੇ ਅੰਗ ਅਤੇ 'ਨਿਹਾਇਤੁਲ ਅਰਬ' ਦੀਆਂ ਪੰਜ ਜਿਲਦਾਂ ਅਤੇ 'ਮਸਾਲਿਕੁਲ ਅਬਸਾਰ' ਦੀ ਕੇਵਲ ਇੱਕੋ ਇਕ ਜਿਲਦ ਮਿਸਰ ਵਿਚ ਛਪੀ ਹੈ। ਇਨ੍ਹਾਂ ਸਭਨਾਂ ਵਿਚ ਕੁਝ ਨਾ ਕੁਝ ਹਿੰਦੁਸਤਾਨ ਦਾ ਹਾਲ ਹੈ। ਜੇ ਇਨ੍ਹਾਂ ਸਾਰੀਆਂ ਕਿਤਾਬਾਂ 'ਚੋਂ ਲੈ ਕੇ ਹਿੰਦੁਸਤਾਨ ਦੇ ਬਾਰੇ ਦਿੱਤੇ ਗਏ ਹਾਲਾਤ ਅਤੇ ਬਿਆਨਾਂ ਨੂੰ ਇਕ ਥਾਂ ਕਰ ਦਿੱਤਾ ਜਾਵੇ ਤਾਂ ਏਲੀਅਟ ਸਾਹਿਬ ਦੇ ਅਧੂਰੇ ਕੰਮ ਦੀ ਪੂਰਤੀ ਹੋ ਜਾਵੇ ਅਤੇ ਮਧ-ਕਾਲ ਦੇ ਹਿੰਦੁਸਤਾਨ ਬਾਰੇ ਬਹੁਤ ਸਾਰੇ ਨਵੇਂ ਗਿਆਨ ਸਾਡੇ

ਸਾਹਮਣੇ ਆ ਜਾਣ। ਇਸ ਗੱਲ ਦਾ ਬੜਾ ਅਫ਼ਸੋਸ ਹੈ ਕਿ ਯੂਰਪੀਨ ਇਤਿਹਾਸਕਾਰਾਂ ਨੇ ਪਰਾਚੀਨ ਹਿੰਦੁਸਤਾਨ ਬਾਰੇ ਯੂਨਾਨੀਆਂ ਦੇ ਬਿਆਨਾਂ ਨੂੰ ਜੋ ਮਹੱਤਤਾ ਦਿੱਤੀ ਹੈ ਅਤੇ ਵਾਲ ਦੀ ਖੱਲ ਲਾਹੁਣ, ਅਤੇ ਝੂਠ ਨੂੰ ਸੱਚ ਕਰ ਵਿਖਾਉਣਾ ਅਤੇ ਇਕ ਇਕ ਨਾਂ ਦੀ ਛਾਣ ਬੀਣ ਤੇ ਜਾਚਤੋਲ ਵਿਚ ਜੋ ਮਿਹਨਤ ਕੀਤੀ ਹੈ, ਜੇ ਇਸ ਮਿਹਨਤ ਦਾ ਕੁਝ ਅੰਸ਼ ਉਹ ਅਰਬਾਂ ਦੇ ਬਿਆਨਾਂ ਦੀ ਖੋਜ ਉੱਤੇ ਵੀ ਲਾਉਂਦੇ ਤਾਂ ਯੂਨਾਨੀ ਤੇ ਫ਼ਾਰਸੀ ਇਤਿਹਾਸਾਂ ਵਿਚਕਾਰ, ਜੋ ਕੁਝ ਸਦੀਆਂ ਦਾ ਪਾੜਾ ਰਹਿ ਜਾਂਦਾ ਹੈ, ਬਹੁਤ ਕੁਝ ਪੂਰਾ ਹੋ ਗਿਆ ਹੁੰਦਾ।

ਵਪਾਰਕ ਸਬੰਧ

ਅਰਬ ਦੇਸ ਤਿੰਨ ਪਾਸਿਉਂ ਸਮੁੰਦਰ ਤੋਂ ਘਿਰਿਆ ਹੋਇਆ ਹੈ। ਮੁਲਕ ਵਿਚ ਵਸੋਂ ਦੇ ਮੁਤਾਬਕ ਕਾਫੀ ਉਪਜ ਤੇ ਹਰਿਆਈ ਵੀ ਨਹੀਂ। ਅਜੇਹਾ ਦੇਸ ਸੁਭਾਵਕ ਹੀ ਵਪਾਰੀ ਦੇਸ ਹੋਵੇਗਾ, ਫੇਰ ਖ਼ੁਸ਼-ਕਿਸਮਤੀ ਨਾਲ ਉਸ ਦੇ ਚਾਰੇ ਪਾਸੇ ਦੁਨੀਆ ਦੇ ਵੱਡੇ ਵੱਡੇ ਦੇਸ ਵਸਦੇ ਹਨ। ਇਕ ਪਾਸੇ ਇਰਾਕ, ਦੂਜੇ ਪਾਸੇ ਸ਼ਾਮ, ਤੀਜੇ ਪਾਸੇ ਮਿਸਰ ਤੇ ਅਫ਼ਰੀਕਾ ਸਾਹਮਣੇ ਹਿੰਦੁਸਤਾਨ ਤੇ ਇਕ ਬੰਨੇ ਈਰਾਨ। ਇਨ੍ਹਾਂ ਸਾਰੇ ਦੇਸਾਂ ਨਾਲ ਅਰਬਾਂ ਦੇ ਸਿੱਧੇ ਪੁਰਾਣੇ ਸਬੰਧ ਸਨ ਪਰ ਏਥੇ ਅਸੀਂ ਕੇਵਲ ਹਿੰਦੁਸ-ਤਾਨ ਬਾਰੇ ਵਿਚਾਰ ਕਰਨੀ ਹੈ। ਬਹਿਰੈਨ, ਓਮਾਨ, ਹਜ਼ਰ ਮੌਤ, ਯਮਨ, ਹਿਜਾਜ਼ ਆਦਿ ਉਹ ਅਸਥਾਨ ਹਨ ਜੋ ਲਾਲ ਸਾਗਰ, ਹਿੰਦ ਸਾਗਰ ਅਤੇ ਫ਼ਾਰਸ ਖਾੜੀ ਕੰਢੇ ਵਸਦੇ ਹਨ। ਸੁਭਾਵਕ ਤੌਰ ਤੇ ਇਨ੍ਹਾਂ ਥਾਵਾਂ ਨੂੰ ਹੀ ਏਸ ਸਮੁੰਦਰੀ ਵਪਾਰ ਦਾ ਮੌਕਾ ਪਰਾਪਤ ਸੀ। ਇਸ ਤੋਂ ਪਹਿਲਾਂ ਅਰਬਾਂ ਦੀ ਹਿੰਦੁਸਤਾਨ ਵਿਚ ਸਮੁੰਦਰੀ ਆਵਾਜਾਈ ਦਾ ਨਕਸ਼ਾ ਵਿਖਾਇਆ ਗਿਆ ਹੈ ਕਿ ਹਿੰਦੁਸਤਾਨ ਦੇ ਕੰਢਿਉਂ ਜਹਾਜ਼ ਚੱਲ ਕੇ ਯਮਨ ਦੀ ਬੰਦਰਗਾਹ ਤੇ ਪੁਜਦੇ ਸਨ ਅਤੇ ਉੱਥੋਂ ਉਨ੍ਹਾਂ ਦਾ ਸਮਿਆਨ ਊਠਾਂ ਤੇ ਲੱਦਕੇ ਖੁਸ਼ਕੀ ਦੇ ਰਸਤੇ ਲਾਲ ਸਾਗਰ ਦੇ ਕੰਢੇ ਕੰਢੇ ਸ਼ਾਮ ਅਤੇ ਮਿਸਰ ਆਉਂਦਾ ਸੀ ਅਤੇ ਉਥੋਂ ਰੂਮ ਸਾਗਰ ਹੁੰਦਾ ਹੋਇਆ ਯੂਰਪ

ਚਲਿਆ ਜਾਂਦਾ ਸੀ।

ਸਾਨੂੰ ਜਦੋਂ ਤੋਂ ਦੁਨੀਆ ਦੇ ਵਪਾਰ ਦੇ ਹਾਲਾਤ ਦਾ ਗਿਆਨ ਹੈ, ਅਸੀਂ ਅਰਬਾਂ ਨੂੰ ਆਪਣੇ ਕਾਰਵਿਹਾਰ ਵਿਚ ਰੁੱਝੇ ਵੇਖਦੇ ਹਾਂ ਅਤੇ ਇਨ੍ਹਾਂ ਰਾਹਾਂ ਤੋਂ ਉਨ੍ਹਾਂ ਦੇ ਊਠਾਂ ਦੇ ਕਾਫ਼ਲੇ ਸ਼ਾਮ ਤੇ ਮਿਸਰ ਤਕ ਆਉਂਦੇ ਜਾਂਦੇ ਵੇਖਦੇ ਹਾਂ। ਇਸ ਵੇਲੇ ਸਾਡੇ ਪਾਸ ਦੁਨੀਆ ਦੀ ਅੰਤਰ-ਰਾਸ਼ਟਰੀ ਤਵਾਰੀਖ਼ ਦੀ ਸਭ ਤੋਂ ਪੁਰਾਣੀ ਕਿਤਾਬ 'ਤੌਰਾਤ' ਹੈ। ਇਸ ਵਿਚ ਅਸੀਂ ਹਜ਼ਰਤ ਇਬਰਾਹੀਮ ਦੇ ਦੋ ਪੀੜ੍ਹੀਆਂ ਪਿਛੋਂ ਹੀ ਹਜ਼ਰਤ ਯੂਸਫ਼ ਦੇ ਸਮੇਂ ਵਿਚ ਇਸ ਤਜਾਰਤੀ ਕਾਫ਼ਲੇ ਨੂੰ ਇਸੇ ਰਸਤਿਉਂ ਲੰਘਦਿਆਂ ਵੇਖਦੇ ਹਾਂ। ਇਹ ਓਹੀ ਕਾਫ਼ਲਾ ਹੈ ਜੋ ਹਜ਼ਰਤ ਯੂਸਫ਼ ਨੂੰ ਮਿਸਰ ਪੁਚਾਉਂਦਾ ਹੈ (ਰਚਨਾ ੩੭–੨੫)। ਏਸ ਰਸਤੇ ਦਾ ਜ਼ਿਕਰ ਯੂਨਾਨੀ ਇਤਿਹਾਸਕਾਰਾਂ ਨੇ ਵੀ ਕੀਤਾ ਹੈ। ਮੁਕਦੀ ਗੱਲ ਇਹ ਕਿ ਹਜ਼ਰਤ ਯੂਸਫ਼ ਦੇ ਸਮੇਂ ਤੋਂ ਲੈ ਕੇ ਮਾਰਕੋ ਪੋਲੋ ਅਤੇ ਵਾਸਕੋਡੀਗਾਮਾਂ ਦੇ ਸਮੇਂ ਤਕ ਹਿੰਦੁਸਤਾਨ ਦੀ ਤਜਾਰਤ ਦੇ ਮਾਲਕ ਅਰਬ ਹੀ ਰਹੇ।*

ਯੂਨਾਨੀਆਂ ਨੇ ਜਦ ਮਿਸਰ ਉੱਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਸਿੱਧਾ ਏਸ ਤਜਾਰਤ ਨੂੰ ਆਪਣੇ ਹੇਠ ਲੈ ਲਿਆ। ਕਿਉਂਕਿ ਮਿਸਰ ਤੋਂ ਸ਼ਾਮ ਤਕ ਦਾ ਰਸਤਾ ਉਨ੍ਹਾਂ ਲਈ ਹਰ ਕਿਸਮ ਦੇ ਖ਼ਤਰੇ ਤੋਂ ਖਾਲੀ ਸੀ ਏਸ ਲਈ ਇਸ ਦਾ ਇਹ ਅਸਰ ਹੋਇਆ ਕਿ ਅਰਬਾਂ ਦੀ ਤਜਾਰਤ ਦੀ ਉਹ ਪਹਿਲੀ ਰੌਣਕ ਬਾਕੀ ਨਾ ਰਹੀ, ਇਨਸਾਈਕਲੋ-ਪੀਡੀਆ ਬਰੀਟੈਨੀਕਾ ਦੇ 'ਅਰਬ' ਆਰਟੀਕਲ ਦਾ ਲੇਖਕ ਲਿਖਦਾ ਹੈ:

"ਦੱਖਣੀ ਪੱਛਮੀ ਅਰਬ (ਹਜ਼ਰ ਮੌਤ ਅਤੇ ਯਮਨ) ਦੀ ਖ਼ੈਰ ਬਰਕਤ ਦਾ ਸਭ ਤੋਂ ਵੱਡਾ ਕਾਰਣ ਇਸ ਸਮੇਂ ਇਹ ਸੀ ਕਿ ਮਿਸਰ ਅਤੇ ਹਿੰਦੁਸਤਾਨ ਵਿਚਕਾਰ ਸੁਦਾਗਰੀ ਦਾ ਮਾਲ ਪਹਿਲਾਂ ਸਮੁੰਦਰ ਦੇ

*ਐਲਫਿਨਸਟਨ ਦੀ ਤਾਰੀਖ ਹਿੰਦ ਦਾ ਦਸਵਾਂ ਅਧਿਆਇ (ਵਪਾਰ)

ਰਸਤੇ ਏਥੇ ਆਉਂਦਾ ਸੀ ਅਤੇ ਫੇਰ ਸੁੱਕੇ ਸੁੱਕੇ ਪੱਛਮੀ ਕੰਢੇ ਤੇ ਜਾਂਦਾ ਸੀ। ਇਹ ਤਜਾਰਤ ਏਸ ਸਮੇਂ ਬੰਦ ਹੋ ਗਈ ਕਿਉਂ ਜੋ ਮਿਸਰ ਦੇ ਟੌਲਮੀਆਂ ਨੇ ਹਿੰਦੁਸਤਾਨ ਤੋਂ ਸਿਕੰਦਰੀਆਂ ਤਕ ਸਿੱਧਾ ਰਾਹ ਤੋਰ ਲਿਆ"।*

ਮੋਲੂਮ ਹੁੰਦਾ ਹੈ ਕਿ ਇਸ ਪਰਯੋਜਨ ਲਈ ਯੂਨਾਨੀਆਂ ਨੇ ਸਕੂਤਰਾ ਦੀਪ ਉੱਤੇ ਕਬਜ਼ਾ ਕਰ ਕੇ ਉਥੇ ਨਵੀਂ ਵਸੋਂ ਕਾਇਮ ਕਰ ਲਈ ਸੀ ਜਿਸ ਦੀ ਯਾਦਗਾਰ ਉਥੇ ਮਸਲਮਾਨ ਅਰਬ ਜਾਹਾਜ਼ਰਾਨਾਂ ਤੇ ਪਿਛੋਂ ਵੀ ਨਜ਼ਰ ਆਈ।†

ਪਰ ਇਹ ਪਰਗਟ ਹੁੰਦਾ ਹੈ ਕਿ ਇਹ ਤਜਾਰਤ ਉੱਕੀ ਯੂਨਾਨੀਆਂ ਦੇ ਹੱਥਾਂ ਵਿਚ ਨਹੀਂ ਸੀ ਚਲੀ ਗਈ, ਕਿਉਂਕਿ ਹਜ਼ਰਤ ਮਸੀਹ ਤੋਂ ਦੋ ਸਦੀਆਂ ਪਹਿਲੋਂ ਅਗਥਰਸ਼ੀਦਿਸ (Agatharchides) ਯੂਨਾਨੀ ਇਤਿਹਾਸਕਾਰ ਬਿਆਨ ਕਰਦਾ ਹੈ ਕਿ "ਜਹਾਜ ਹਿੰਦੁਸਤਾਨ ਦੇ ਕੰਢਿਉਂ ਸਬਾ (ਯਮਨ) ਆਉਂਦੇ ਹਨ ਅਤੇ ਓਥੋਂ ਮਿਸਰ ਪੁਜਦੇ ਹਨ।"‡

ਏਸੇ ਤਰ੍ਹਾਂ ਆਰਟੀ ਮੀਡਰਜ਼,—ਜੋ ਮਸੀਹ ਤੋਂ ੧੦੦ ਸਾਲ ਪਹਿਲਾਂ ਹੋਇਆ ਆਖਦਾ ਹੈ—"ਸਬਾ ਵਾਲੇ (ਯਮਨ ਦੀ ਇਕ ਕੌਮ) ਆਸ ਪਾਸ ਦੇ ਲੋਕਾਂ ਕੋਲੋਂ ਸੁਦਾਗਰੀ ਦਾ ਮਾਲ ਖ਼ਰੀਦਦੇ ਹਨ ਅਤੇ ਆਪਣੇ ਗੁਆਂਢੀ ਦੇਸਾਂ ਨੂੰ ਦਿੰਦੇ ਹਨ। ਏਸੇ ਤਰਾਂ ਹਥੋਂ ਹੱਥੀਂ ਇਹ ਮਾਲ ਸ਼ਾਮ ਤੇ ਅਲਜਜ਼ਾਇਰ (ਅਲਜੇਰੀਆ) ਤੱਕ ਪੁਜ ਜਾਂਦਾ ਹੈ।§

---

*ਗਿਾਰਵੀਂ ਐਡੀਸ਼ਨ ਜਿਲਦ ੨ ਪੰਨਾ ੨੬੪.

†ਸਫ਼ਰਨਾਮਾ ਅਬੂਜ਼ੈਦ ਪੰਨਾ ੧੩੪ (ਪੈਰਸ ਐਡੀਸ਼ਨ)

‡ਐਲਫ਼ਿਨਸਟਨ ਦੀ ਤਾਰੀਖ ਹਿੰਦ ਜਿਲਦ ਪਹਿਲੀ ਪੰਨਾ ੧੯੨. ਸੰਨ ੧੯੧੬ ਈ·

§ਡੰਕਰ (Duncker) ਦਾ ਪਰਾਚੀਨ ਸਮੇਂ ਦਾ ਇਤਿਹਾਸ (History of Antiquities) ਜਿਲਦ ਪਹਿਲੀ ਪੰਨਾ ੩੧੦—੩੧੨.

ਇਸੇ ਤਰ੍ਹਾਂ ਦੇ ਹੋਰ ਬਿਆਨਾਂ ਤੋਂ ਵੀ ਇਹ ਸਾਬਤ ਹੁੰਦਾ ਹੈ ਕਿ ਅਰਬ ਇਸ ਸਮੇਂ ਵਿਚ ਉੱਕੇ ਮੁੱਕ ਨਹੀਂ ਸੀ ਗਏ ਸਗੋਂ ਯੂਨਾਨੀਆਂ ਦੇ ਨਾਲ ਨਾਲ ਇਨ੍ਹਾਂ ਦਾ ਤੋਰਾ ਵੀ ਤੁਰੀ ਜਾਂਦਾ ਸੀ।*

ਹਿੰਦੁਸਤਾਨ ਤੇ ਅਰਬ ਦਾ ਦੂਜਾ ਰਸਤਾ ਜੋ ਫ਼ਾਰਸ ਖਾੜੀ ਵਿਚੋਂ ਸੀ, ਹਮੇਸ਼ ਖੁਲ੍ਹਾ ਰਿਹਾ ਅਤੇ ਸਮੁੰਦਰੀ ਕੰਢਿਆਂ ਦੇ ਪਾਰਸੀ ਤੇ ਅਰਬ ਸੁੱਕੇ ਸੁੱਕੇ ਤੇ ਪਾਣੀ ਰਾਹੀਂ ਹਮੇਸ਼ ਅਪਣਾ ਮਾਲ ਲਿਆਉਂਦੇ ਤੇ ਲਿਜਾਂਦੇ ਰਹੇ। ਉਹ ਹਿੰਦੁਸਤਾਨ ਦੇ ਸਾਰੇ ਸਾਹਲੀ ਅਸਥਾਨਾਂ ਅਤੇ ਹਿੰਦ ਸਾਗਰ ਦੇ ਇਕ ਇਕ ਦੀਪ ਨੂੰ ਦੇਖਦੇ ਭਾਲਦੇ ਬੰਗਾਲ ਅਤੇ ਆਸਾਮ ਹੁੰਦੇ ਚੀਨ ਨੂੰ ਚਲੇ ਜਾਂਦੇ ਸਨ ਅਤੇ ਫੇਰ ਓਥੋਂ ਏਸੇ ਰਸਤੇ ਮੁੜ ਆਉਂਦੇ ਸਨ।

ਯੂਰਪ ਤੇ ਹਿੰਦੁਸਤਾਨ ਦਾ ਰਸਤਾ ਬੜੀ ਮਹੱਤਤਾ ਵਾਲਾ ਸੀ ਤੇ ਹੁਣ ਵੀ ਹੈ। ਏਸੇ ਰਾਹੀਂ ਇਤਿਹਾਸ ਵਿਚ ਬੜੇ ਬੜੇ ਪਰੀਵਰਤਨ ਹੋਏ ਹਨ। ਉੱਪਰ ਆ ਚੁੱਕਿਆ ਹੈ ਕਿ ਇਹ ਰਸਤਾ ਪਹਿਲਾਂ ਨਰੋਲ ਅਰਬਾਂ ਦੇ ਹੱਥ ਵਿਚ ਸੀ। ਜਦੋਂ ਯੂਨਾਨੀਆਂ ਨੇ ਹਜ਼ਰਤ ਮਸੀਹ ਤੋਂ ਲੱਗ ਭੱਗ ਤਿੰਨ ਸੌ ਵਰ੍ਹੇ ਪਹਿਲਾਂ ਮਿਸਰ ਉਤੇ ਕਬਜ਼ਾ ਕੀਤਾ ਤਾਂ ਉਨਾਂ ਇਸ ਸਮੁੰਦਰੀ ਰਾਜ-ਮਾਰਗ ਉੱਤੇ ਵੀ ਕਬਜ਼ਾ ਕਰ ਲਿਆ। ਹਜ਼ਰਤ ਮਸੀਹ ਤੋਂ ਛੇ ਸੌ ਵਰ੍ਹੇ ਪਿੱਛੋਂ, ਜਦ ਇਸਲਾਮ ਆਇਆ ਅਤੇ ਅਰਬਾਂ ਨੇ ਤਰੱਕੀ ਕੀਤੀ ਤਾਂ ਛੇਵੀਂ-ਸਦੀ ਈਸਵੀਂ ਵਿਚ ਇਹ ਲੋਕ ਮਿਸਰ ਤੋਂ ਲੈ ਕੇ ਸਪੇਨ ਤਕ ਛਾ ਗਏ। ਲਗਦੇ ਹੱਥ ਰੂਮ ਸਾਗਰ ਉੱਤੇ ਵੀ ਉਨ੍ਹਾਂ ਦਾ ਕਬਜ਼ਾ ਹੋ ਗਿਆ ਜਦੋਂ ਰੂਮ ਸਾਗਰ ਦੇ ਮਹੱਤਤਾ ਵਾਲੇ ਦੀਪਾਂ, ਕਰੀਟ ਅਤੇ ਸਾਈਪਰਸ ਆਦਿ ਨੂੰ ਵੀ ਉਨ੍ਹਾਂ ਅਪਣੇ ਅਧੀਨ ਇਲਾਕਿਆਂ ਵਿਚ ਸ਼ਾਮਲ ਕਰ ਲਿਆ ਤਾਂ ਇਸ ਦਾ ਸਿੱਟਾ ਇਹ ਨਿਕਲਿਆ ਕਿ ਦੁਨੀਆ ਵਿਚ

*ਐਲਫ਼ਿਨਸਟਨ ਸਾਹਿਬ ਦੀ ਵੀ ਇਹੋ ਖੋਜ ਹੈ। ਵੇਖੋ ਉਨ੍ਹਾਂ ਦੀ ਤਾਰੀਖ ਹਿੰਦ ਜਿਲਦ ਪਹਿਲੀ ਪੰਨਾ ੧੯੨ ਸੰਨ ੧੯੧੬ ਈ.

ਤਜਾਰਤ ਅਤੇ ਸੁਦਾਗਰੀ ਦਾ ਇਹ ਸਭ ਤੋਂ ਵੱਡਾ ਰਾਜਮਾਰਗ ਅਰਬਾਂ ਦੇ ਹੱਥ ਵਿਚ ਆ ਗਿਆ ਅਤੇ ਸੱਦੀਆਂ ਤੋੜੀਂ ਉਨ੍ਹਾਂ ਦਾ ਇਸ ਉੱਤੇ ਕਬਜ਼ਾ ਰਿਹਾ। ਚੌਧਵੀਂ ਸਦੀ ਈਸਵੀ ਵਿਚ ਯੂਰਪ ਦੀਆਂ ਈਸਾਈ ਕੌਮਾਂ ਨੇ ਅਰਬਾਂ ਨੂੰ ਰੂਮੀ ਇਲਾਕਿਆਂ ਵਿਚੋਂ ਕੱਢਣ ਦੀ ਪੂਰੀ ਪੂਰੀ ਕੋਸ਼ਸ਼ ਕੀਤੀ ਪਰ ਠੀਕ ਉਸ ਵੇਲੇ, ਜਦੋਂ ਕਿ ਉਹ ਸਪੇਨ ਅਤੇ ਉੱਤਰੀ ਅਫਰੀਕਾ ਵਿਚ ਸਫਲ ਹੋ ਰਹੇ ਸਨ ਅਤੇ ਆਪਣਾ ਰਾਹ ਸਾਫ਼ ਕਰੀ ਜਾਂਦੇ ਸਨ, ਅਚਣਚੇਤ ਏਸ਼ੀਆਏ ਕੋਚਕ ਵਿਚੋਂ ਤੁਰਕਾਂ ਨੇ ਸਿਰ ਕਢਿਆ। ਹੁਣ ਫੇਰ ਇਹ ਰੂਮ ਸਾਗਰ ਵਾਲਾ ਰਾਜਮਾਰਗ ਮੁਸਲਮਾਨਾਂ ਕੋਲ ਹੀ ਰਹਿ ਗਿਆ। ਇਸ ਔਖ ਨੇ ਯੂਰਪੀ ਲੋਕਾਂ ਨੂੰ ਮਜ਼ਬੂਰ ਕੀਤਾ ਕਿ ਉਹ ਹਿੰਦੁਸਤਾਨ ਦਾ ਕੋਈ ਦੂਜਾ ਰਾਹ ਲੱਭਣ। ਏਸੇ ਕੋਸ਼ਸ਼ ਦਾ ਸਿੱਟਾ ਹੈ ਕਿ ਉੱਤਰੀ ਅਫ਼ਰੀਕਾ ਅਤੇ ਰੂਮ ਸਾਗਰ ਨੂੰ ਛੱਡ ਕੇ ਦੱਖਣੀ ਅਫ਼ਰੀਕਾ ਰਾਹੀਂ ਹਿੰਦੁਸਤਾਨ ਦਾ ਖੋਜ ਕਢਿਆ ਗਿਆ। ਇਸ ਰਸਤੇ ਵਿਚ ਡਚ ਅਤੇ ਪੁਰਤਗਾਲ, ਫੇਰ ਪਿੱਛੋਂ ਅੰਗਰੇਜ਼ ਤੇ ਫ਼ਰਾਂਸੀਸੀ ਵੀ ਸ਼ਰੀਕ ਹੋ ਗਏ। ਇਹ ਲੋਕ ਹਿੰਦੁਸਤਾਨ ਦੇ ਵਪਾਰ ਨੂੰ, ਜੋ ਹੁਣ ਤਕ ਅਰਬਾਂ ਦੇ ਹੱਥ ਵਿਚ ਚਲਿਆ ਆਉਂਦਾ ਸੀ, ਇਨ੍ਹਾਂ ਨਾਲ ਲੜ ਭਿੜ ਕੇ ਇੰਨ੍ਹਾਂ ਤੋਂ ਖੋਹਣ ਲੱਗੇ। ਇਸ ਖਿਚੋ ਤਾਣ ਵਿਚ ਪੱਛਮੀਆਂ ਤੇ ਪੂਰਬ ਵਾਲਿਆਂ ਦੀ ਇਕ ਸਖਤ ਸਮੁੰਦਰੀ ਜੰਗ ਵੀ ਹਿੰਦੁਸਤਾਨ ਦੇ ਕੰਢਿਆਂ ਤੇ ਲੜੀ ਗਈ। ਏਸ ਜੰਗ ਵਿਚ ਪੂਰਬ ਵਾਲਿਆਂ ਨੂੰ ਹਾਰ ਹੋਈ ਅਤੇ ਏਸੇ ਹਾਰ ਤੋਂ ਪੂਰਬ ਵਾਲਿਆਂ ਦੀਆਂ ਆਉਣ ਵਾਲੀਆਂ ਸਾਰੀਆਂ ਹਾਰਾਂ ਦਾ ਮੁੱਢ ਬੱਝਾ। ਇਸ ਜੰਗ ਵਿਚ ਮਿਸਰੀ, ਅਰਬੀ ਅਤੇ ਦੱਖਣ ਦੀਆਂ ਭਿੰਨ ਭਿੰਨ ਹਿੰਦੂ ਅਤੇ ਮੁਸਲਮਾਨ ਸਲਤਨਤਾਂ ਦੇ ਜੰਗੀ ਜਹਾਜਾਂ ਦੇ ਬੇੜੇ ਇਕ ਥਾਂ ਮਿਲ ਕੇ ਯੂਰਪੀ ਜਹਾਜ਼ਰਾਨ ਕੌਮਾਂ ਦੇ ਜਹਾਜ਼ਾਂ ਨਾਲ ਲੜਦੇ ਸਨ। ਏਸ ਹਾਰ ਦਾ ਇਹ ਸਿੱਟਾ ਨਿਕਲਿਆ ਕਿ ਲੱਗ ਭੱਗ ਉਸ ਸਮੇਂ ਤੋਂ ਅੱਜ ਤਕ ਸਾਰੇ ਹਿੰਦ ਟਾਪੂਆਂ ਅਤੇ ਸਾਹਿਲਾਂ ਦੀ ਤਜਾਰਤ ਯੂਰਪ ਵਾਲਿਆਂ ਦੇ ਹੱਥ ਵਿਚ ਆ ਗਈ। ਮਦਰਾਸ ਦੇ ਅਰਬ ਵਪਾਰੀਆਂ ਨੂੰ, ਜਿਨ੍ਹਾਂ ਨੂੰ ਮੋਪਲਾ ਆਖਿਆ ਜਾਂਦਾ ਹੈ ਅਤੇ ਜਿਹੜੇ ਉਸ ਸਮੇਂ

ਹਿੰਦੁਸਤਾਨ ਦੀ ਉਸ ਰੁੱਠ ਅਤੇ ਟਾਪੂਆਂ ਦੀ ਤਜਾਰਤ ਦੇ ਮਾਲਕ ਸਨ, ਹਰ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ।

ਇਸ ਪਿੱਛੋਂ ਵੀ ਰੂਮ ਸਾਗਰ ਵਾਲੇ ਨੇੜਲੇ ਰਸਤੇ ਦੀ ਮਾਲਕੀ ਦਾ ਖ਼ਿਆਲ ਯੂਰਪ ਵਾਲਿਆਂ ਦੇ ਦਿਲੋਂ ਦੂਰ ਨਹੀਂ ਹੋਇਆ, ਸੋ ਏਸ ਨੂੰ ਹੋਰ ਵੀ ਨੇੜੇ ਕਰਨ ਲਈ ਲਾਲ ਸਾਗਰ (Red Sea) ਅਤੇ ਰੂਮ ਸਾਗਰ ਵਿਚਕਾਰਲੇ ਥਲ-ਡਮਰੂ ਨੂੰ ਪੁੱਟ ਕੇ (ਸਵੇਜ਼) ਨਹਿਰ ਕੱਢੀ ਗਈ। ਇਸ ਪਿਛੋਂ ਮਿਸਰ ਤੇ ਸਵੇਜ਼ ਉਤੇ ਕਬਜ਼ਾ ਜ਼ਰੂਰੀ ਸਮਝਿਆ ਗਿਆ ਤਾ ਜੋ ਯੂਰਪ ਅਤੇ ਹਿੰਦੁਸਤਾਨ ਦਾ ਏਹ ਮਹੱਤਤਾ ਵਾਲਾ ਇਤਿਹਾਸਕ ਰਾਜਮਾਰਗ ਹਮੇਸ਼ ਲਈ ਸੁਰਖਿਅਤ ਹੋ ਜਾਵੇ।

ਇਹ ਉਹ ਘਟਨਾਵਾਂ ਹਨ। ਜੋ ਹਿੰਦੁਸਤਾਨ ਅਤੇ, ਉਸ ਦੇ ਟਾਪੂਆਂ ਉੱਤੇ ਯੂਰਪੀ ਕੌਮਾਂ ਦੇ ਸੁਦਾਗਰਾਂ ਦੀ ਆਵਾਜਾਈ ਦੇ ਸਿਲਸਲੇ ਵਿਚ ਹਿੰਦੁਸਤਾਨ ਦੀ ਹਰੇਕ ਤਾਰੀਖ਼ ਵਿਚ ਲਿਖੀਆਂ ਹੋਈਆਂ ਮਿਲਦੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਅਰਬਾਂ ਤੇ ਹਿੰਦੂਆਂ ਦੇ ਵਪਾਰਕ ਸਬੰਧਾਂ ਦੇ ਇਤਿਹਾਸ ਦੇ ਵਖਰੇ ਵਖਰੇ ਦੌਰ ਸਪਸ਼ਟ ਹੁੰਦੇ ਹਨ।

ਹਿੰਦੁਸਤਾਨ ਤੇ ਅਰਬ ਦਾ ਦੂਜਾ ਤਿਜਾਰਤੀ ਰਸਤਾ, ਜਿਸ ਦਾ ਸਬੰਧ ਫ਼ਾਰਸ ਖਾੜੀ ਨਾਲ ਸੀ, ਓਵੇਂ ਜਿਵੇਂ ਹਮੇਸ਼ਾਂ ਅਰਬਾਂ ਦੇ ਹੱਥਾਂ ਵਿਚ ਰਿਹਾ ਪਰਤੀਤ ਹੁੰਦਾ ਹੈ। ਪਰ ਨਿਰਸੰਦੇਹ ਉੱਮਾਨ, ਹਜ਼ਰ ਮੌਤ ਅਤੇ ਇਰਾਕ ਵਿਚ ਭਿੰਨ ਭਿੰਨ ਰਾਜਾਂ ਦੀ ਅਦਲਾ-ਬਦਲੀ, ਬੰਦਰਗਾਹਾਂ ਦੀ ਟੁਟ-ਭੱਜ ਤੇ ਬਣਤਰ ਨਾਲ ਤਜਾਰਤੀ ਕੇਂਦਰ ਇਸ ਸ਼ਹਿਰ ਤੋਂ ਉਸ ਸ਼ਹਿਰ, ਜਾਂ ਇਸ ਬੰਦਰਗਾਹ ਤੋਂ ਉਸ ਬੰਦਰਗਾਹ ਵਿਚ ਹੁੰਦਾ ਰਿਹਾ।

ਬੰਦਰਗਾਹ ਉਬਲਾ

ਸੰਨ ੧੪ ਹਿ. ਵਿਚ ਅਰਬਾਂ ਦੇ ਇਰਾਕ ਉਤੇ ਕਬਜ਼ਾ ਕਰਨ ਤੋਂ

ਪਹਿਲਾਂ ਈਰਾਨੀ ਰਾਜ ਸਮੇਂ ਹਿੰਦੁਸਤਾਨ ਲਈ ਫ਼ਾਰਸ ਖਾੜੀ ਦੀ ਸਭ ਤੋਂ ਵੱਡੀ ਅਤੇ ਪਰਸਿੱਧ ਬੰਦਰਗਾਹ 'ਉਬਲਾ' ਸੀ ਜੋ ਬਸਰੇ ਦੇ ਕੋਲ ਵਾਕਿਆ ਸੀ। 'ਉਬਲਾ' ਨਾਲ ਹਿੰਦੁਸਤਾਨ ਦੀ ਤਜਾਰਤੀ ਆਵਾਜਾਈ ਇਤਨੀ ਜ਼ਿਆਦਾ ਸੀ ਕਿ ਅਰਬ ਵਾਲੇ 'ਉਬਲਾ' ਨੂੰ ਹਿੰਦੁਸਤਾਨ ਦਾ ਹੀ ਇਕ ਅੰਗ ਸਮਝਦੇ ਸਨ। ਚੀਨ ਅਤੇ ਹਿੰਦੁਸਤਾਨ ਤੋਂ ਆਉਣ ਵਾਲੇ ਜਹਾਜ਼ ਏਥੇ ਠਹਿਰਦੇ ਸਨ ਅਤੇ ਉਧਰ ਜਾਣ ਵਾਲੇ ਏਥੋਂ ਹੀ ਚਲਦੇ ਸਨ।*

ਹਿੰਦੁਸਤਾਨ ਦੇ ਵਪਾਰ ਤੇ ਪੈਦਾਵਾਰ ਨੂੰ ਜੋ ਮਹੱਤਤਾ ਅਰਬਾਂ ਦੀ ਨਿਗਾਹ ਵਿਚ ਪਰਾਪਤ ਸੀ ਉਸ ਦਾ ਅਨੁਮਾਨ ਇਸ ਗੱਲ ਤੋਂ ਹੋਵੇਗਾ ਕਿ ਹਜ਼ਰਤ ਉਮਰ ਨੇ ਇਕ ਅਰਬ ਯਾਤਰੂ ਨੂੰ ਪੁਛਿਆ ਕਿ ਹਿੰਦੁਸਤਾਨ ਬਾਰੇ ਤੇਰੀ ਕੀ ਰਾਇ ਹੈ? ਉਸ ਨੇ ਤਿੰਨ ਸੰਖੇਪ ਵਾਕਾਂ ਵਿਚ ਅਜੇਹਾ ਜਚਿਆ ਤੁਲਿਆ ਉਤਰ ਦਿੱਤਾ ਜਿਸ ਤੋਂ ਵਧੇਰੇ ਜਚਵਾਂ ਤੁਲਵਾਂ ਉਤਰ ਹੋਰ ਨਹੀਂ ਹੋ ਸਕਦਾ। ਉਸ ਨੇ ਆਖਿਆ: "ਬਹਿਰਹਾ ਦੁੱਰੁਨ–ਵ–ਜਬਿਲਹਾ ਯਾਕੁਤੁਨ–ਵ-ਸ਼ਜਰੁਹਾ ਇਤਰੁਨ"। ਉਸ ਦੇ ਦਰਿਆ ਮੋਤੀ ਹਨ। ਉਸ ਦੇ ਪਹਾੜ ਲਾਲ ਹਨ ਅਤੇ ਉਸ ਦੇ ਦਰਖ਼ਤ ਇਤਰ ਹਨ।†

ਇਰਾਨ ਦੀ ਜਿਤ ਪਿਛੋਂ ਹਜ਼ਰਤ ਉਮਰ ਨੂੰ ਖ਼ਿਆਲ ਆਇਆ ਕਿ ਇਰਾਕ ਦੀ ਇਹ ਬੰਦਰਗਾਹ ਵੀ ਅਰਬਾਂ ਦੇ ਕਬਜ਼ੇ ਵਿਚ ਆ ਜਾਵੇ। ਸੋ ਸੰਨ ੧੪ ਹਿ. ਵਿਚ ਆਪ ਨੇ ਉਸ ਉੱਤੇ ਕਬਜ਼ਾ ਕਰਨ ਦਾ ਹੁਕਮ ਦਿੱਤਾ ਅਤੇ ਲਿਖਿਆ – "ਉਸ ਨੂੰ ਮੁਸਲਮਾਨਾਂ ਦਾ ਤਜਾਰਤੀ ਸ਼ਹਿਰ (ਕੀਰਵਾਨ ਅਥਵਾ ਕਾਰਵਾਨ) ਬਣਾ ਦਿੱਤਾ

---

*'ਉਬਲਾ' ਦੇ ਹਾਲਾਤ ਲਈ ਵੇਖੋ ਅਖ਼ਬਾਰ ਤੱਵਾਲ ਅਬੂ ਹਨੀਫ਼ਾ ਦੈਨਵਰੀ ਸੰਨ ੨੨੮ ਹਿ. ਪੰਨਾ ੧੩੩ (ਲੀਡਨ) ਅਤੇ ਮੁਅਜਮੁਲਬੁ ਲਦਾਨ ਯਾਕੂਤ ਰੂਮੀ ਜਿ. ੧ ਪੰ. ੮੮, ਅਤੇ ਜਿ. ੨ ਪੰ. ੧੯੬ (ਮਿਸਰ) ਅਤੇ ਤਾਰੀਖ਼ ਬਸਰਾ ਨੁਅਮਾਨ ਅਜ਼ਮੀ (ਬਗਦਾਦ) ਹਾਸ਼ੀਆ ਪੰ. ੧੧.

†ਅਲ ਅਖ਼ਬਾਰ ਤੱਵਾਲ ਦੈਨਵਰੀ ਪੰ. ੩੨੬ (ਲੀਡਨ)

ਜਾਵੇ ।"* ਸੋ ਉਸ ਸਮੇਂ ਤੋਂ ਲੈ ਕੇ ਸੰਨ ੨੫੬ ਹਿ. ਤਕ ਏਹ ਬੰਦਰਗਾਹ ਕਾਇਮ ਰਹੀ ।† ਜੰਗੀਆਂ ਦੀ ਲੜਾਈ ਵਿਚ ਸੰਨ ੨੫੬ ਹਿ. ਵਿਚ ਇਹ ਤਬਾਹ ਹੋ ਗਈ । ਇਰਾਕ ਦੀ ਬਸਰਾ ਨਾਂ ਦੀ ਦੂਜੀ ਪਰਸਿਧ ਬੰਦਰਗਾਹ ਅਰਬਾਂ ਨੇ ਸੰਨ ੧੪ ਹਿ. ਵਿਚ ਹੀ ਬਣਾ ਲਈ ਸੀ ਪਰ ਬਸਰਾ 'ਉਬਲਾ' ਦੀ ਤਜਾਰਤੀ ਹੈਸੀਅਤ ਨੂੰ ਮਾਤ ਨਾ ਕਰ ਸਕਿਆ । ਵਧੇਰੇ ਸੰਭਾਵਨਾ ਹੈ ਕਿ ਇਸ ਦਾ ਕਾਰਣ ਇਹ ਹੋਇਆ ਕਿ ਬਸਰਾ ਨਿਰੋਲ ਤਜਾਰਤੀ ਕੇਂਦਰ ਹੋਣ ਦੀ ਥਾਂ ਵਧੇਰੇ ਅਰਬਾਂ ਦਾ ਜੰਗੀ ਅਤੇ ਰਾਜਸੀ ਕੇਂਦਰ ਬਣ ਗਿਆ ਪਰ ਫੇਰ ਵੀ ਹਿੰਦੁਸਤਾਨ, ਚੀਨ ਅਤੇ ਹਬਸ਼ ਦੇ ਵਪਾਰ ਦਾ ਰੁਖ ਹੌਲੀ ਹੌਲੀ ਏਧਰ ਮੁੜਨ ਲੱਗਾ ਅਤੇ ਬਸਰੇ ਨੇ ਰਾਜਸੀ ਪਰਵਰਤਨਾਂ ਦੇ ਹੁੰਦਿਆਂ ਹੋਇਆਂ ਵੀ ਬੜੀ ਰੌਣਕ ਹਾਸਲ ਕਰ ਲਈ, ਖ਼ਾਸ ਕਰ ਕੇ ਪਹਿਲੀ ਸਦੀ ਹਿਜਰੀ ਦੇ ਅੰਤ ਵਿਚ ਸਿੰਧ ਉਤੇ ਅਰਬਾਂ ਦਾ ਕਬਜ਼ਾ ਹੋ ਜਾਣ ਕਰਕੇ ਇਹ ਹਿੰਦੁਸਤਾਨ ਦੀ ਆਵਾਜਾਈ ਦਾ ਕੇਂਦਰ ਬਣ ਗਿਆ । ਕਿਸ਼ਤੀਆਂ ਅਤੇ ਜਹਾਜ਼ਾਂ ਦੇ ਦਾਖ਼ਲੇ ਦਾ ਮਸੂਲ ਇੰਨਾ ਵਧ ਗਿਆ ਸੀ ਕਿ ਇਹ ਬਗ਼ਦਾਦ ਦੇ ਖ਼ਲੀਫ਼ੇ ਦੇ ਮਾਲੀਏ ਦਾ ਇਕ ਵੱਡਾ ਅੰਗ ਬਣ ਗਿਆ ਸੀ । ਅਖ਼ੀਰ ਵਿਚ ਸੰਨ ੩੦੬ ਹਿ. ਵਿਚ ਮੁਕਤਦਰ-ਬਿੱਲਾ ਦੇ ਸਮੇਂ ਇਸ ਦਾ ਵਾਰਸਕ ਜੋੜ ੨੨੫੧੫ ਦੀਨਾਰ ਰਹਿ ਗਿਆ ਸੀ ।

ਸੈਰਾਫ਼

ਹਿੰਦੁਸਤਾਨ ਲਈ ਫ਼ਾਰਸ ਖਾੜੀ ਦੀ ਸਭ ਤੋਂ ਵੱਡੀ ਬੰਦਰਗਾਹ ਇਸ ਤੋਂ ਪਿਛੋਂ ਸੈਰਾਫ਼ ਬਣੀ । ਇਹ ਬਸਰੇ ਤੋਂ ਸੱਤ ਦਿਨਾਂ ਦੇ ਪੈਂਡੇ ਦੀ ਵਿੱਥ ਉੱਤੇ ਈਰਾਨੀ ਸੀਮਾ ਅੰਦਰ ਵਾਕਿਆ ਸੀ । ਤੀਜੀ ਸਦੀ ਹਿਜਰੀ ਵਿਚ ਇਸ ਦੀ ਕਿਸਮਤ ਦਾ ਸਤਾਰਾ ਚਮਕਿਆ ਅਤੇ ਇਹ ਵੱਡੇ ਵੱਡੇ ਜਹਾਜ਼ਰਾਨਾਂ, ਸਮੁੰਦਰੀ ਵਪਾਰੀਆਂ ਅਤੇ ਸੁਦਾਗਰਾਂ ਦਾ ਠਿਕਾਣਾ ਬਣ

*ਮੁਅਜ਼ਮੁਲਬੁਲਦਾਨ ਯਾਕੂਤ ਜਿ. ੨ ਪੰ. ੧੯੬ (ਮਿਸਰ)
†ਤਾਰੀਖ਼ੇ ਬਸਰਾ ਅਲਅਜ਼ਮੀ (ਬਗ਼ਦਾਦ) ਹਾਸ਼ੀਆ ਪੰਨਾ ੧੧.

ਗਈ। ਹਿੰਦੁਸਤਾਨ ਅਤੇ ਚੀਨ ਨੂੰ ਏਥੋਂ ਜਹਾਜ਼ ਚਲਦੇ ਸਨ ਅਤੇ ਉਥੋਂ ਜੋ ਜਹਾਜ਼ ਮਾਲ ਲੈ ਕੇ ਆਉਂਦੇ ਸਨ ਉਹ ਏਥੇ ਆਉਂਦੇ ਸਨ। ਤੀਜੀ ਸਦੀ ਹਿਜਰੀ ਵਿਚ ਇਸ ਬੰਦਰਗਾਹ ਦੀ ਜੋ ਹਾਲਤ ਸੀ ਉਸ ਦਾ ਹਾਲ ਅਬੂਜ਼ੈਦ ਦੇ ਬਿਆਨ ਤੋਂ ਮਲੂਮ ਹੁੰਦਾ ਹੈ। ਉਹ ਕਹਿੰਦਾ ਹੈ "ਇਹ ਫ਼ਾਰਸ ਦੀ ਬਹੁਤ ਵੱਡੀ ਬੰਦਰਗਾਹ ਹੈ ਅਤੇ ਬਹੁਤ ਵੱਡਾ ਸ਼ਹਿਰ ਹੈ। ਜਿੱਥੋਂ ਤਕ ਨਜ਼ਰ ਕੰਮ ਕਰਦੀ ਹੈ ਇਸ ਸ਼ਹਿਰ ਵਿਚ ਕੇਵਲ ਮਕਾਨਾਂ ਦਾ ਸਿਲਸਲਾ ਨਜ਼ਰ ਆਉਂਦਾ ਹੈ। ਏਥੇ ਖੇਤੀਬਾੜੀ ਨਹੀਂ ਹੁੰਦੀ ਸਗੋਂ ਸਾਰੀਆਂ ਚੀਜ਼ਾਂ ਸਮੁੰਦਰ ਰਾਹੀਂ ਬਾਹਰੋਂ ਆਉਂਦੀਆਂ ਹਨ"।*

ਚੌਥੀ ਸਦੀ ਹਿਜਰੀ ਵਿਚ ਬੁਸ਼ਾਰੀ ਮੁਕੱਦਸੀ ਨੇ ਜਦੋਂ ਇਸ ਨੂੰ ਡਿੱਠਾ ਸੀ, ਉਦੋਂ ਇਸ ਦਾ ਹਾਲ ਇਉਂ ਵਰਨਣ ਕੀਤਾ ਹੈ। "ਮੈਂ ਇਥੋਂ ਦੀਆਂ ਇਮਾਰਤਾਂ ਤੋਂ ਵਧੇਰੀਆਂ ਸੁੰਦਰ ਅਮਾਰਤਾਂ ਸਾਰੇ ਇਸਲਾਮੀ ਸੰਸਾਰ ਵਿਚ ਨਹੀਂ ਵੇਖੀਆਂ। ਇਹ ਇਮਾਰਤਾਂ ਸਾਲ ਦੀ ਲੱਕੜ ਤੇ ਇਟਾਂ ਦੀਆਂ ਬਣੀਆਂ ਹੋਈਆਂ ਹਨ। ਬਹੁਤ ਉਚੀਆਂ ਹਨ। ਇਕ ਇਕ ਘਰ ਦੀ ਕੀਮਤ ਇਕ ਇਕ ਲੱਖ ਦਿਰਹਮ ਤੋਂ ਵਧ ਹੈ"।†

ਏਸ ਸਮੇਂ ਦੇ ਨੇੜੇ ਤੇੜੇ ਅਸਤਖ਼ਰੀ ਨੇ ਸੈਰਾਫ਼ ਨੂੰ ਵੇਖਿਆ। ਕਹਿੰਦਾ ਹੈ "ਇਹ ਸ਼ੀਰਾਜ਼ ਜਿੰਨਾ ਵੱਡਾ ਹੈ। ਇਸ ਦੀਆਂ ਇਮਾਰਤਾਂ ਸਾਲ ਦੀ ਲੱਕੜ ਦੀਆਂ ਹਨ। ਇਹ ਲਕੜੀ ਜ਼ੰਗਸਤਾਨ (ਅਫ਼ਰੀਕਾ) ਤੋਂ ਸਮੁੰਦਰ ਰਾਹੀਂ ਆਉਂਦੀ ਹੈ। ਸਮੁੰਦਰ ਕੰਢੇ ਕਈ ਕਈ ਮੰਜ਼ਲੇ ਮਕਾਨ ਹਨ। ਏਥੋਂ ਦੇ ਲੋਕ ਮਕਾਨ ਤੇ ਘਣੀ ਰਕਮ ਖਰਚ ਕਰਦੇ ਹਨ। ਏਥੋਂ ਤਕ ਕਿ ਇਕ ਇਕ ਵਪਾਰੀ ੩੦, ੩੦ ਹਜ਼ਾਰ ਅਸ਼ਰਫੀਆਂ ਇਕ ਇਕ ਮਕਾਨ ਤੇ ਖ਼ਰਚ ਕਰ ਦਿੰਦਾ ਹੈ। ਸਾਹਮਣੇ ਬਾਗ਼ ਹੁੰਦੇ ਹਨ। ਪਾਣੀ ਪਹਾੜ ਤੋਂ

*ਮੁਅਜਮੁਲਬੁਲਦਾਨ ਯਾਕੂਤ ਜਿ. ੫ ਪੰਨਾ ੧੯੩ (ਮਿਸਰ)

†ਅਹਸਨੁੱਤਕਾਸੀਮ (ਲੀਡਨ) ਪੰ. ੪੨੬.

ਜਾਵੇ।"* ਸੋ ਓਸ ਸਮੇਂ ਤੋਂ ਲੈ ਕੇ ਸੰਨ ੨੫੬ ਹਿ. ਤਕ ਏਹ ਬੰਦਰਗਾਹ ਕਾਇਮ ਰਹੀ।† ਜੰਗੀਆਂ ਦੀ ਲੜਾਈ ਵਿਚ ਸੰਨ ੨੫੬ ਹਿ. ਵਿਚ ਇਹ ਤਬਾਹ ਹੋ ਗਈ। ਇਰਾਕ ਦੀ ਬਸਰਾ ਨਾਂ ਦੀ ਦੂਜੀ ਪਰਸਿਧ ਬੰਦਰਗਾਹ ਅਰਬਾਂ ਨੇ ਸੰਨ ੧੪ ਹਿ. ਵਿਚ ਹੀ ਬਣਾ ਲਈ ਸੀ ਪਰ ਬਸਰਾ 'ਉਬਲਾ' ਦੀ ਤਜਾਰਤੀ ਹੈਸੀਅਤ ਨੂੰ ਮਾਤ ਨਾ ਕਰ ਸਕਿਆ। ਵਧੇਰੇ ਸੰਭਾਵਨਾ ਹੈ ਕਿ ਇਸ ਦਾ ਕਾਰਣ ਇਹ ਹੋਇਆ ਕਿ ਬਸਰਾ ਨਿਰੋਲ ਤਜਾਰਤੀ ਕੇਂਦਰ ਹੋਣ ਦੀ ਥਾਂ ਵਧੇਰੇ ਅਰਬਾਂ ਦਾ ਜੰਗੀ ਅਤੇ ਰਾਜਸੀ ਕੇਂਦਰ ਬਣ ਗਿਆ ਪਰ ਫੇਰ ਵੀ ਹਿੰਦੁਸਤਾਨ, ਚੀਨ ਅਤੇ ਹਬਸ਼ ਦੇ ਵਪਾਰ ਦਾ ਰੁਖ ਹੌਲੀ ਹੌਲੀ ਏਧਰ ਮੁੜਨ ਲੱਗਾ ਅਤੇ ਬਸਰੇ ਨੇ ਰਾਜਸੀ ਪਰਵਰਤਨਾਂ ਦੇ ਹੁੰਦਿਆਂ ਹੋਇਆਂ ਵੀ ਬੜੀ ਰੌਣਕ ਹਾਸਲ ਕਰ ਲਈ, ਖ਼ਾਸ ਕਰ ਕੇ ਪਹਿਲੀ ਸਦੀ ਹਿਜਰੀ ਦੇ ਅੰਤ ਵਿਚ ਸਿੰਧ ਉਤੇ ਅਰਬਾਂ ਦਾ ਕਬਜ਼ਾ ਹੋ ਜਾਣ ਕਰਕੇ ਇਹ ਹਿੰਦੁਸਤਾਨ ਦੀ ਆਵਾਜਾਈ ਦਾ ਕੇਂਦਰ ਬਣ ਗਿਆ। ਕਿਸ਼ਤੀਆਂ ਅਤੇ ਜਹਾਜ਼ਾਂ ਦੇ ਦਾਖ਼ਲੇ ਦਾ ਮਸੂਲ ਇੰਨਾ ਵਧ ਗਿਆ ਸੀ ਕਿ ਇਹ ਬਗ਼ਦਾਦ ਦੇ ਖ਼ਲੀਫ਼ੇ ਦੇ ਮਾਲੀਏ ਦਾ ਇਕ ਵੱਡਾ ਅੰਗ ਬਣ ਗਿਆ ਸੀ। ਅਖ਼ੀਰ ਵਿਚ ਸੰਨ ੩੦੬ ਹਿ. ਵਿਚ ਮੁਕਤਦਰ-ਬਿੱਲਾ ਦੇ ਸਮੇਂ ਇਸ ਦਾ ਵਾਰਸਕ ਜੋੜ ੨੨੫੭੫ ਦੀਨਾਰ ਰਹਿ ਗਿਆ ਸੀ।

ਸੈਰਾਫ਼

ਹਿੰਦੁਸਤਾਨ ਲਈ ਫ਼ਾਰਸ ਖਾੜੀ ਦੀ ਸਭ ਤੋਂ ਵੱਡੀ ਬੰਦਰਗਾਹ ਇਸ ਤੋਂ ਪਿਛੋਂ ਸੈਰਾਫ਼ ਬਣੀ। ਇਹ ਬਸਰੇ ਤੋਂ ਸੱਤ ਦਿਨਾਂ ਦੇ ਪੈਂਡੇ ਦੀ ਵਿੱਥ ਉੱਤੇ ਈਰਾਨੀ ਸੀਮਾ ਅੰਦਰ ਵਾਕਿਆ ਸੀ। ਤੀਜੀ ਸਦੀ ਹਿਜਰੀ ਵਿਚ ਇਸ ਦੀ ਕਿਸਮਤ ਦਾ ਸਤਾਰਾ ਚਮਕਿਆ ਅਤੇ ਇਹ ਵੱਡੇ ਵੱਡੇ ਜਹਾਜ਼ਰਾਨਾਂ, ਸਮੁੰਦਰੀ ਵਪਾਰੀਆਂ ਅਤੇ ਸੁਦਾਗਰਾਂ ਦਾ ਠਿਕਾਣਾ ਬਣ

*ਮੁਅਜਮੁਲਬੁਲਦਾਨ ਯਾਕੂਤ ਜਿ. ੨ ਪੰ. ੧੯੬ (ਮਿਸਰ)

†ਤਾਰੀਖ਼ੇ ਬਸਰਾ ਅਲਅਜ਼ਮੀ (ਬਗ਼ਦਾਦ) ਹਾਸ਼ੀਆ ਪੰਨਾ ੧੧.

ਗਈ। ਹਿੰਦੁਸਤਾਨ ਅਤੇ ਚੀਨ ਨੂੰ ਏਥੋਂ ਜਹਾਜ਼ ਚਲਦੇ ਸਨ ਅਤੇ ਓਥੋਂ ਜੋ ਜਹਾਜ਼ ਮਾਲ ਲੈ ਕੇ ਆਉਂਦੇ ਸਨ ਉਹ ਏਥੇ ਆਉਂਦੇ ਸਨ। ਤੀਜੀ ਸਦੀ ਹਿਜਰੀ ਵਿਚ ਇਸ ਬੰਦਰਗਾਹ ਦੀ ਜੋ ਹਾਲਤ ਸੀ ਉਸ ਦਾ ਹਾਲ ਅਬੂਜ਼ੈਦ ਦੇ ਇਆਨ ਤੋਂ ਮਲੂਮ ਹੁੰਦਾ ਹੈ। ਉਹ ਕਹਿੰਦਾ ਹੈ "ਇਹ ਫ਼ਾਰਸ ਦੀ ਬਹੁਤ ਵੱਡੀ ਬੰਦਰਗਾਹ ਹੈ ਅਤੇ ਬਹੁਤ ਵੱਡਾ ਸ਼ਹਿਰ ਹੈ। ਜਿੱਥੋਂ ਤਕ ਨਜ਼ਰ ਕੰਮ ਕਰਦੀ ਹੈ ਇਸ ਸ਼ਹਿਰ ਵਿਚ ਕੇਵਲ ਮਕਾਨਾਂ ਦਾ ਸਿਲਸਲਾ ਨਜ਼ਰ ਆਉਂਦਾ ਹੈ। ਏਥੇ ਖੇਤੀਬਾੜੀ ਨਹੀਂ ਹੁੰਦੀ ਸਗੋਂ ਸਾਰੀਆਂ ਚੀਜ਼ਾਂ ਸਮੁੰਦਰ ਰਾਹੀਂ ਬਾਹਰੋਂ ਆਉਂਦੀਆਂ ਹਨ"।*

ਚੌਥੀ ਸਦੀ ਹਿਜਰੀ ਵਿਚ ਬੁਸ਼ਾਰੀ ਮੁਕੱਦਸੀ ਨੇ ਜਦੋਂ ਇਸ ਨੂੰ ਡਿੱਠਾ ਸੀ, ਉਦੋਂ ਇਸ ਦਾ ਹਾਲ ਇਉਂ ਵਰਨਣ ਕੀਤਾ ਹੈ। "ਮੈਂ ਇਥੋਂ ਦੀਆਂ ਇਮਾਰਤਾਂ ਤੋਂ ਵਧੇਰੀਆਂ ਸੁੰਦਰ ਅਮਾਰਤਾਂ ਸਾਰੇ ਇਸਲਾਮੀ ਸੰਸਾਰ ਵਿਚ ਨਹੀਂ ਵੇਖੀਆਂ। ਇਹ ਇਮਾਰਤਾਂ ਸਾਲ ਦੀ ਲੱਕੜ ਤੇ ਇਟਾਂ ਦੀਆਂ ਬਣੀਆਂ ਹੋਈਆਂ ਹਨ। ਬਹੁਤ ਉਚੀਆਂ ਹਨ। ਇਕ ਇਕ ਘਰ ਦੀ ਕੀਮਤ ਇਕ ਇਕ ਲੱਖ ਦਿਰਹਮ ਤੋਂ ਵਧ ਹੈ"।†

ਏਸ ਸਮੇਂ ਦੇ ਨੇੜੇ ਤੇੜੇ ਅਸਤਖ਼ਰੀ ਨੇ ਸੈਰਾਫ਼ ਨੂੰ ਵੇਖਿਆ। ਕਹਿੰਦਾ ਹੈ "ਇਹ ਸ਼ੀਰਾਜ਼ ਜਿੰਨਾ ਵੱਡਾ ਹੈ। ਇਸ ਦੀਆਂ ਇਮਾਰਤਾਂ ਸਾਲ ਦੀ ਲੱਕੜ ਦੀਆਂ ਹਨ। ਇਹ ਲਕੜੀ ਜ਼ੰਗਸਤਾਨ (ਅਫ਼ਰੀਕਾ) ਤੋਂ ਸਮੁੰਦਰ ਰਾਹੀਂ ਆਉਂਦੀ ਹੈ। ਸਮੁੰਦਰ ਕੰਢੇ ਕਈ ਕਈ ਮੰਜ਼ਲੇ ਮਕਾਨ ਹਨ। ਏਥੋਂ ਦੇ ਲੋਕ ਮਕਾਨ ਤੇ ਘਣੀ ਰਕਮ ਖਰਚ ਕਰਦੇ ਹਨ। ਏਥੋਂ ਤਕ ਕਿ ਇਕ ਇਕ ਵਪਾਰੀ ੩੦, ੩੦ ਹਜ਼ਾਰ ਅਸ਼ਰਫੀਆਂ ਇਕ ਇਕ ਮਕਾਨ ਤੇ ਖ਼ਰਚ ਕਰ ਦਿੰਦਾ ਹੈ। ਸਾਹਮਣੇ ਬਾਗ਼ ਹੁੰਦੇ ਹਨ। ਪਾਣੀ ਪਹਾੜ ਤੋਂ

*ਮੁਅਜਮੁਲਬੁਲਦਾਨ ਯਾਕੂਤ ਜਿ. ੫ ਪੰਨਾ ੧੯੩ (ਮਿਸਰ)

†ਅਹਸਨੁੱਤਕਾਸੀਮ (ਲੀਡਨ) ਪੰ. ੪੨੬.

ਆਉਂਦਾ ਹੈ" ।*

ਬੁਸ਼ਾਰੀ ਦਾ ਬਿਆਨ ਹੈ ਕਿ ਵੈਲਮੀਆਂ ਦੇ ਰਾਜ ਦੇ ਕਿਸੇ ਇਨਕਲਾਬ ਤੋਂ ਅਤੇ ਭੁਚਾਲ ਦੇ ਕਾਰਣ ਸੰਨ ੩੬੬ ਹਿ. ਵਿਚ ਸੈਰਾਫ਼ ਸ਼ਹਿਰ ਬਰਬਾਦ ਹੋ ਗਿਆ ਸੀ। ਇਸ ਪਿਛੋਂ ਲੋਕਾਂ ਨੇ ਏਸ ਨੂੰ ਮੁੜ ਅਬਾਦ ਕਰਨਾ ਚਾਹਿਆ † ਅਤੇ ਕੀਤਾ ਵੀ। ਕੁਝ ਦਿਨ ਹੋਰ ਇਸ ਨੂੰ ਸਫ਼ਲਤਾ ਪਰਾਪਤ ਵੀ ਹੋਈ। ਯਾਕੂਤ ਹਮਵੀ ਨੇ ਛੇਵੀਂ ਸਦੀ ਹਿਜਰੀ ਦੇ ਅਖ਼ੀਰ ਵਿਚ ਇਸ ਨੂੰ ਵੇਖਿਆ ਸੀ। ਉਸ ਦਾ ਬਿਆਨ ਹੈ: "ਇਸ ਸਮੇਂ ਟੁਟੀਆਂ ਫੁਟੀਆਂ ਪੁਰਾਣੀਆਂ ਨਿਸ਼ਾਨੀਆਂ ਤੋਂ ਛੁਟ ਉੱਥੇ ਕੁਝ ਨਹੀਂ। ਕੁਝ ਗਰੀਬ ਲੋਕ ਉਥੇ ਵਸਦੇ ਹਨ। ਸੈਰਾਫ਼ ਦੀ ਬਰਬਾਦੀ ਦਾ ਕਾਰਣ ਇਹ ਹੋਇਆ ਕਿ ਇਬਨ ਉਮੈਰਾ ਨੇ "ਕੈਸ਼" ਟਾਪੂ ਨੂੰ ਅਬਾਦ ਕਰ ਕੇ ਏਸ ਦੀ ਮਹੱਤਤਾ ਖ਼ਤਮ ਕਰ ਦਿੱਤੀ"।

ਕੇਸ਼

ਕੇਸ਼ ਜਾਂ 'ਕੇਸ਼' ਫ਼ਾਰਸ ਖਾੜੀ ਵਿਚ ਉੱਮਾਨ ਦੇ ਕੋਲ ਇਕ ਟਾਪੂ ਸੀ। ਇਸ ਨੇ ਸੈਰਾਫ਼ ਨੂੰ ਮਿਟਾ ਕੇ ਹਿੰਦੁਸਤਾਨ ਅਤੇ ਚੀਨ ਦੇ ਵਪਾਰ ਉੱਤੇ ਕਬਜ਼ਾ ਕਰ ਲਿਆ। ਏਸ ਦਾ ਹਾਕਮ ਉੱਮਾਨ ਦਾ ਬਾਦਸ਼ਾਹ ਸੀ। ਯਾਕੂਤ ਨੇ ਛੇਵੀਂ ਸਦੀ ਹਿਜਰੀ ਵਿਚ, ਜਦੋਂ ਏਸ ਨੂੰ ਵੇਖਿਆ ਹੈ, ਤਾਂ ਇਹ ਛੋਟਾ ਜੇਹਾ ਟਾਪੂ ਹਿੰਦੁਸਤਾਨ ਦੀ ਤਜਾਰਤ ਕਾਰਨ ਅਤੀ ਸੁੰਦਰ ਅਤੇ ਹਰਾ ਭਰਾ ਹੋ ਗਿਆ ਸੀ। ਹਿੰਦੁਸਤਾਨ ਦੇ ਸਾਰੇ ਜਹਾਜ਼ ਏਥੇ ਆ ਕੇ ਠਹਿਰਦੇ ਸਨ। "ਏਸੇ ਜਹਾਜ਼ੀ ਆਵਾ-ਜਾਈ ਦਾ ਸਿੱਟਾ ਸੀ ਜੋ ਯਾਕੂਤ ਆਖਦਾ ਹੈ ਕਿ "ਇਸ ਛੋਟੇ ਜੇਹੇ ਟਾਪੂ ਦੇ ਅਰਬ ਹਾਕਿਮ ਦਾ ਹਿੰਦੁਸਤਾਨ ਦੇ ਰਾਜਿਆਂ ਵਿਚ ਬੜਾ ਮਾਣ ਹੈ, ਕਿਉਂਕਿ ਉਸ ਦੇ ਪਾਸ ਜਹਾਜ਼ ਤੇ ਕਿਸ਼ਤੀਆਂ ਬਹੁਤ ਹਨ"‡ ਕਜ਼ਵੀਨੀ (ਸੰਨ ੬੮੬ ਹਿ.)

*ਮੁਅਜਮੁਲਬੁਲਦਾਨ ਯਾਕੂਤ ਜਿ. ੫ ਪੰ. ੧੯੩ (ਮਿਸਰ) ਦੇ ਹਵਾਲੇ ਤੋਂ।

†ਅਹਸਨੁੱਤਕਾਸੀਮ ਪੰ. ੪੬੪.

‡ਮੁਅਜਮੁਲਬੁਲਦਾਨ ਯਾਕੂਤ ਜਿ. ੭ ਪੰ. ੧੨੬ (ਮਿਸਰ) ਅਤੇ ਜਿ. ੫ ਪੰਨਾ ੧੯੩

ਕਹਿੰਦਾ ਹੈ ਕਿ "ਕੇਸ਼ ਹਿੰਦੁਸਤਾਨ ਦੀ ਤਜਾਰਤ ਦੀ ਮੰਡੀ ਅਤੇ ਓਥੋਂ ਦੇ ਜਹਾਜ਼ਾਂ ਦਾ ਘਾਟ ਹੈ। ਹਰ ਸੁੰਦਰ ਵਸਤ ਜੋ ਹਿੰਦੁਸਤਾਨ ਵਿਚ ਹੁੰਦੀ ਹੈ, ਏਥੇ ਲਿਆਈ ਜਾਂਦੀ ਹੈ"*

ਹਿੰਦੁਸਤਾਨ ਦੀਆਂ ਬੰਦਰਗਾਹਾਂ

ਹਿੰਦੁਸਤਾਨ ਦੀਆਂ ਬੰਦਰਗਾਹਾਂ ਦੇ ਨਾਂ ਸਾਨੂੰ ਪਹਿਲੀ ਸਦੀ ਹਿਜਰੀ ਤੋਂ ਮਿਲਣੇ ਸ਼ੁਰੂ ਹੁੰਦੇ ਹਨ ਅਤੇ ਤੀਜੀ ਸਦੀ ਤਕ ਇਹ ਨਾਂ ਬਹੁਲਤਾ ਨਾਲ ਵਧ ਜਾਂਦੇ ਹਨ। ਫੇਰ ਅਖੀਰ ਤਕ ਉਹੀ ਕਾਇਮ ਰਹਿੰਦੇ ਹਨ। ਇਨ੍ਹਾਂ ਵਿਚੋਂ ਅਰਬਾਂ ਦੇ ਵਿਚਾਰ ਅਨੁਸਾਰ ਫ਼ਾਰਸ ਖਾੜੀ ਦੇ ਪਿੱਛੋਂ ਸਭ ਨਾਲੋਂ ਪਹਿਲੀ ਬਲੋਚਿਸਤਾਨ ਦੀ ਬੰਦਰਗਾਹ ਤੀਜ਼, ਫੇਰ ਸਿੰਧ ਦੀ ਬੰਦਰਗਾਹ ਦੈਬਲ ਸੀ। ਗੁਜਰਾਤ ਵਿਚ ਥਾਨਾ, ਖੰਬਾਇਤ, ਸੋਬਾਰਾ, ਦੈਮੂਰ, ਮਦਰਾਸ ਵਿਚ ਕੋਲਮਮਲੀ, ਮਲੀਬਾਰ, ਰਾਸਕੁਮਾਰੀ (ਕੁਮਾਰ)। ਇਸ ਪਿਛੋਂ ਜਾਂ ਤਾਂ ਦੀਪਾਂ ਵਿਚ ਚਲੇ ਜਾਂਦੇ ਸਨ ਜਾਂ ਬੰਗਾਲ ਹੋ ਕੇ ਫੇਰ ਉਥੋਂ ਕਾਮਰੂਨ (ਕਾਮਰੂਬ ਜਾਂ ਕਾਮਰੂਪ) ਅਥਵਾ ਆਸਾਮ ਚਲੇ ਜਾਇਆ ਕਰਦੇ ਸਨ। ਫੇਰ ਉਥੋਂ ਅੱਗੇ ਚੀਨ ਜਾਂਦੇ ਸਨ। ਇਨ੍ਹਾਂ ਬੰਦਰਗਾਹਾਂ ਦੇ ਨਾਂ ਅਰਬੀ ਜੁਗਰਾਫ਼ੀਆ ਵਿਚ ਮਿਲਦੇ ਹਨ। ਇਬਨ ਹੌਕਲ ਨੇ ਦਸਵੀਂ ਸਦੀ ਈਸਵੀ ਵਿਚ ਸਿੰਧ ਦੀ ਬੰਦਰਗਾਹ ਦੈਬਲ ਬਾਰੇ ਲਿਖਿਆ ਹੈ ਕਿ "ਇਹ ਤਜਾਰਤ ਦੀ ਬਹੁਤ ਵੱਡੀ ਮੰਡੀ ਹੈ ਅਤੇ ਏਥੇ ਅਨੇਕ ਕਿਸਮ ਦੇ ਵਪਾਰ ਹੁੰਦੇ ਹਨ"†।

ਸਮੁੰਦਰੀ ਤਜਾਰਤੀ ਰਾਹ

ਸੁਲੇਮਾਨ ਤਾਜਰ ਤੀਜੀ ਸਦੀ ਹਿਜਰੀ ਵਿਚ ਇਨ੍ਹਾਂ ਜਹਾਜ਼ਾਂ ਦੇ ਰਾਹਾਂ ਦਾ ਇੰਜ ਵਰਨਣ ਕਰਦਾ ਹੈ: "ਪਹਿਲਾਂ ਬਸਰੇ ਤੇ ਉੱਮਾਨ ਤੋਂ ਸਾਰਾ ਮਾਲ ਸੈਰਾਫ਼ ਆ ਜਾਂਦਾ ਹੈ ਅਤੇ ਏਥੇ ਸੈਰਾਫ਼ ਵਿਚ ਜਹਾਜ਼ਾਂ ਤੇ ਲੱਦਿਆ ਜਾਂਦਾ ਹੈ ਅਤੇ ਏਥੋਂ ਹੀ ਪੀਣ ਵਾਲਾ ਮਿਠਾ ਪਾਣੀ ਨਾਲ ਲੈ ਲਿਆ ਜਾਂਦਾ ਹੈ। ਏਥੋਂ ਲੰਗਰ ਚੁਕ ਕੇ ਜਹਾਜ਼ ਮਸਕਤ ਵਿਚ

---

*ਆਸਾਰੁਲਬਿਲਾਦ ਕਜ਼ਵੀਨੀ ਵਲਾਇਤੀ ਐੱਡੀਸ਼ਨ ਪੰਨਾ ੧੬੧.

†ਸਫ਼ਰਨਾਮਾ ਇਬਨ ਹੌਕਲ ਪੰਨਾ ੨੩੦ (ਯੂਰਪ)

ਆ ਕੇ ਲੰਗਰ ਸੁਟਦੇ ਹਨ। ਏਥੋਂ ਫੇਰ ਪੀਣ ਦਾ ਪਾਣੀ ਲੈਂਦੇ ਹਨ। ਇਸ ਪਿਛੋਂ ਜਹਾਜ਼ ਹਿੰਦੁਸਤਾਨ ਨੂੰ ਰਵਾਨਾ ਹੋ ਜਾਂਦੇ ਹਨ। ਅਤੇ ਇਕ ਮਹੀਨੇ ਵਿਚ ਕੋਲਮਮਲੀ ਪੁਜਦੇ ਹਨ। ਏਥੋਂ ਚੀਨ ਜਾਣ ਵਾਲੇ ਜਹਾਜ਼ ਚੀਨ ਨੂੰ ਚਲੇ ਜਾਂਦੇ ਹਨ। ਕੋਲਮਮਲੀ ਵਿਚ ਜਹਾਜ਼ ਬਨਾਉਣ ਤੇ ਮਰੱਮਤ ਕਰਨ ਦਾ ਕਾਰਖ਼ਾਨਾ ਹੈ। ਏਥੋਂ ਵੀ ਮਿੱਠਾ ਪਾਣੀ ਨਾਲ ਲੈਂਦੇ ਹਨ। ਇਸ ਦਾ ਮਸੂਲ ਚੀਨੀ ਜਹਾਜ਼ਾਂ ਕੋਲੋਂ ਇਕ ਹਜ਼ਾਰ ਦਿਰਹਮ ਅਤੇ ਦੂਜੇ ਜਹਾਜ਼ਾਂ ਤੋਂ ਦਸ ਦੀਨਾਰ ਤੋਂ ਲੈ ਕੇ ਇਕ ਦੀਨਾਰ ਤਕ ਲੈਂਦੇ ਹਨ"।*

ਸੁਲੇਮਾਨ ਤੋਂ ੨੫ ਵਰ੍ਹੇ ਪਿਛੋਂ ਅਬੂਜ਼ੈਦ ਸੈਰਾਫ਼ੀ ਵਰਨਣ ਕਰਦਾ ਹੈ "ਹਿੰਦੁਸਤਾਨ ਦੇ ਸੱਜੇ ਹੱਥ ਉੱਮਾਨ ਨੂੰ ਜਹਾਜ਼ ਪੈਂਦਾ ਹੈ। ਏਥੋਂ ਅਦਨ, ਅਦਨ ਤੋਂ ਜੱਦਾ, ਜੱਦਿਓਂ ਜਾਰ (ਸ਼ਾਮ ਦਾ ਕੰਢਾ) ਫੇਰ ਲਾਲ ਸਾਗਰ। ਏਥੇ ਸਮੁੰਦਰ ਮੁਕ ਜਾਂਦਾ ਹੈ। ਇਸ ਪਿਛੋਂ ਬਰਬਰ ਦੇ ਕੰਢਿਆਂ ਦੁਆਲੇ ਸਮੁੰਦਰ ਘੁੱਮ ਜਾਂਦਾ ਹੈ ਅਤੇ ਹਬਸ਼ ਵਲ ਨੂੰ ਮੁੜ ਪੈਂਦਾ ਹੈ। ਸੈਰਾਫ਼ ਵਾਲਿਆਂ ਦੇ ਜਹਾਜ਼ ਜਦੋਂ ਜੱਦੇ ਪਹੁੰਚ ਜਾਂਦੇ ਹਨ ਤਾਂ ਏਥੋਂ ਅੱਗੇ ਨਹੀਂ ਵਧਦੇ। ਮਿਸਰ ਜਾਣ ਵਾਲੇ ਜਹਾਜ਼ ਏਥੇ ਤਿਆਰ ਰਹਿੰਦੇ ਹਨ। ਸੈਰਾਫ਼ ਦੇ ਜਹਾਜ਼ਾਂ ਤੋਂ ਮਾਲ ਉਤਾਰ ਕੇ ਮਿਸਰੀ ਜਹਾਜ਼ਾਂ ਉੱਤੇ ਲੱਦਿਆ ਜਾਂਦਾ ਹੈ ਅਤੇ ਉਹ ਏਸ ਨੂੰ ਲਾਲ ਸਾਗਰ ਵਿਚ ਲੈ ਜਾਂਦੇ ਹਨ। ਸੈਰਾਫ਼ ਵਾਲੇ ਹਿੰਦੁਸਤਾਨ ਅਤੇ ਚੀਨ ਦੇ ਸਮੁੰਦਰਾਂ ਤੋਂ, ਵਧੇਰੇ ਜਾਣੂ ਹਨ। ਇਸ ਤੋਂ ਛੁਟ ਹਿੰਦੁਸਤਾਨ ਅਤੇ ਚੀਨ ਦੀ ਸਮੁੰਦਰੀ ਤਜਾਰਤ ਤੋਂ ਜੋ ਨਫ਼ਾ ਹੈ ਉਹ ਲਾਲ ਸਾਗਰ ਦੀ ਤਜਾਰਤ ਤੋਂ ਨਹੀਂ"।†

ਇਬਨ ਖ਼ੁਰਦਾਜ਼ਬੇ, ਜੋ ਤੀਜੀ ਸਦੀ ਦੇ ਸ਼ੁਰੂ ਵਿਚ ਸੀ, ਜੱਦੇ ਦੀ

---

*ਸਫ਼ਰਨਾਮਾ ਸੁਲੇਮਾਨ ਤਾਜਰ ਪੰਨਾ ੧੫ ਪੈਰਸ ਸੰਨ ੧੮੧੧ ਈ. ਪੰ. ੧੫, ੧੬.

†ਸਫ਼ਰ-ਨਾਮਾ ਅਬੂਜ਼ੈਦ ਪੰ. ੧੩੬ ਪੈਰਸ-ਸੰ. ੧੮੧੧ ਈ.

ਤਜਾਰਤ ਦੀ ਸਿਫ਼ਤ ਵਿਚ ਆਖਦਾ ਹੈ ਕਿ "ਏਥੇ ਸਿੰਧ, ਹਿੰਦੁਸਤਾਨ ਜ਼ੰਜਬਾਰ, ਹਬਸ਼ ਅਤੇ ਫ਼ਾਰਸ ਦੀਆਂ ਚੀਜ਼ਾਂ ਮਿਲਦੀਆਂ ਹਨ"।* ਨਾਲ ਲਗਦੇ ਹੀ ਉਹ ਬਸਰੇ ਤੋਂ ਹਿੰਦੁਸਤਾਨ ਦੇ ਰਸਤੇ ਅਤੇ ਫਾਸਲੇ ਦੀ ਵਿਆਖਿਆ ਇੰਜ ਕਰਦਾ ਹੈ।

ਬਸਰਾ	ਤੋਂ	ਖਾਰਕ ਟਾਪੂ	ਤਕ	੫੦	ਫ਼ਰਸੰਗ
ਟਾਪੂ ਖਾਰਕ	ਤੋਂ	ਲਾਵਾਨ ਟਾਪੂ	ਤਕ	੮੦	,,
ਟਾਪੂ ਲਾਵਾਨ	ਤੋਂ	ਈਰਵਨ ਟਾਪੂ	ਤਕ	੭	,,
ਟਾਪੂ ਈਰਵਨ	ਤੋਂ	ਟਾਪੂ ਖੀਨ	ਤਕ	੭	,,
ਟਾਪੂ ਖੀਨ	ਤੋਂ	ਟਾਪੂ ਕੇਸ਼	ਤਕ	੭	,,
ਕੇਸ਼ ਟਾਪੂ	ਤੋਂ	ਇਬਨ ਕਾਵਾਂਨ ਟਾਪੂ	ਕਕ	੧੮	,,
ਟਾਪੂ ਇਬਨ ਕਾਵਾਨ	ਤੋਂ	ਹੁਰਮੁਜ਼ ਟਾਪੂ	ਤਕ	੭	,,
ਹੁਰਮੁਜ਼ ਟਾਪੂ	ਤੋਂ	ਸਾਰਾ	ਤਕ	੭	ਦਿਨਾਂ ਦਾ ਪੈਂਡਾ

ਆਖਦਾ ਹੈ ਕਿ ਇਹੀ ਸਾਰਾ ਫ਼ਾਰਸ ਅਤੇ ਸਿੰਧ ਦੀ ਵਿਚਲੀ ਹੱਦ ਹੈ। ਏਥੋਂ ਜਹਾਜ਼ ਦੈਬਲ ਜਾਂਦਾ ਹੈ।

ਸਾਰਾ	ਤੋਂ	ਦੈਬਲ	੮ ਦਿਨਾਂ ਦਾ ਪੈਂਡਾ
ਦੈਬਲ	ਤੋਂ	ਸਿੰਧ ਦਰਿਆ ਦਾ ਮੁਹਾਣਾ	੨ ਫ਼ਰਸੰਗ
ਸਿੰਧ ਦਰਿਆ	ਤੋਂ	ਓਤਗੀਨ	੪ ਦਿਨਾਂ ਦਾ ਪੈਂਡਾ

ਆਖਦਾ ਹੈ ਕਿ ਓਤਗੀਨ ਤੋਂ ਹਿੰਦੁਸਤਾਨ ਦੀ ਸੀਮਾਂ ਸ਼ੁਰੂ ਹੁੰਦਾ ਹੈ।

ਓਤਗੀਨ	ਤੋਂ	ਕੋਲੀ	੨ ਫ਼ਰਸੰਗ
ਕੋਲੀ	ਤੋਂ	ਸੰਦਾਨ	ਪੰਜ ਦਿਨ ੧੮ ਫ਼ਰਸੰਗ
ਸੰਦਾਨ	ਤੋਂ	ਮਲੀ	੫ ਦਿਨਾਂ ਦਾ ਪੈਂਡਾ
ਮਲੀ	ਤੋਂ	ਬਲੀਨ	੨ ਦਿਨਾਂ ਦਾ ਪੈਂਡਾ

*ਕਿਤਾਬੁਲ ਮਸਾਲਿਕ ਇਬਨ ਖ਼ੁਰਦਾਜ਼ਬੇ ਪੰਨਾ ੬੧ (ਲੀਡਨ)

ਬਲੀਨ ਤੋਂ ਰਾਹ ਅੱਡ ਅੱਡ ਹੁੰਦੇ ਹਨ। ਜਿਹੜੇ ਜਹਾਜ਼ ਕੰਢੇ ਦੇ ਨਾਲ ਨਾਲ ਚਲਦੇ ਹਨ ਉਹ ਬਲੀਨ ਤੋਂ ਪਾਪਟਨ ਜਾਂਦੇ ਹਨ ਜੋ ਦੋ ਦਿਨਾਂ ਦਾ ਪੈਂਡਾ ਹੈ।

ਪਾਪਟਨ ਤੋਂ	ਸੰਜਲੀ ਅਤੇ ਕਬਸ਼ਕਾਨ ਤਕ	ਇਕ ਦਿਨ ਦਾ ਪੈਂਡਾ
ਏਥੋਂ	ਗੋਦਾਵਰੀ ਦਾ ਮੁਹਾਣਾ	੩ ਫ਼ਰਸੰਗ
,,	ਕੇਲਕਾਨ	੨ ਦਿਨਾਂ ਦਾ ਪੈਂਡਾ
,,	ਸਮੁੰਦਰ	੧੦ ਫ਼ਰਸੰਗ
,,	ਓਰੰਨਚੀਨ	੧੨ ਫ਼ਰਸੰਗ

ਦੂਜੇ ਜਹਾਜ਼ ਬਲੀਨ, ਤੋਂ ਸਰੰਦੀਪ, ਫ਼ੇਰ ਜਾਵਾ ਚਲੇ ਜਾਂਦੇ ਹਨ ਅਤੇ ਕੁਝ ਬਲੀਨ ਤੋਂ ਹੀ ਸਿਧੇ ਚੀਨ ਚਲੇ ਜਾਂਦੇ ਹਨ।*

ਯੂਰਪ ਤੇ ਹਿੰਦੁਸਤਾਨ ਦੇ ਤਜਾਰਤੀ ਰਾਹ

ਅਰਬ ਰਾਜ ਵਿਚ ਦੀਂ

ਮਿਸਰ, ਸ਼ਾਮ, ਇਰਾਕ, ਈਰਾਨ ਅਤੇ ਰੂਮ ਸਾਗਰ, ਲਾਲ ਸਾਗਰ ਅਤੇ ਹਿੰਦ ਸਾਗਰ ਉੱਤੇ ਅਰਬਾਂ ਦਾ ਕਬਜ਼ਾ ਹੋ ਜਾਣ ਨਾਲ ਵੀ ਪੂਰਬ ਅਤੇ ਪੱਛਮ ਦੀ ਵਪਾਰਕ ਆਵਾਜਾਈ ਬੰਦ ਨਹੀਂ ਹੋਈ। ਮੁਸਲਮਾਨ ਸੁਦਾਗਰ ਯੂਰਪ ਨਹੀਂ ਸੀ ਜਾਂਦੇ ਅਤੇ ਰੂਮੀ ਏਧਰ ਇਨ੍ਹਾਂ ਦੇ ਮੁਲਕਾਂ ਵਿਚ ਨਹੀਂ ਸੀ ਆਉਂਦੇ ਪਰ ਦੋਹਾਂ ਕੌਮਾਂ ਵਿਚਕਾਰ ਯਹੂਦੀ ਕੌਮ ਅਜੇਹੀ ਸੀ, ਜੋ ਵਿਚੋਲੇ ਦਾ ਕੰਮ ਕਰਦੀ ਸੀ। ਯਹੂਦੀ ਇਸਲਾਮੀ ਮੁਲਕਾਂ ਵਿਚ ਪਰਮਾਣੀ ਧਰਮ ਵਾਲੇ (ਅਹਿਲੇ ਕਿਤਾਬ) ਮੰਨੇ ਜਾਦੇ ਸਨ, ਇਹ ਲੋਕ ਯੂਰਪ ਤੋਂ ਯੂਨਾਨੀਆਂ ਦੇ ਸਮੇਂ ਤੋਂ ਹੀ ਵਾਕਫ ਸਨ। ਤਰਾਬਜ਼ੰਦ, ਜੋ ਕ੍ਰਿਸ਼ਨ ਸਾਗਰ (Black Sea) ਦੇ ਕੰਢੇ ਏਸ਼ੀਆਏ ਕੋਚਕ ਅਤੇ ਰੂਸ ਦੀ ਸਰਹਦ ਹੈ, ਮੁਸਲਮਾਨਾਂ

*ਇਬਨ ਖ਼ੁਰਦਾਜ਼ਬੇ ਪੰ. ੬੧–੬੪ (ਲੀਡਨ)

ਅਤੇ ਈਸਾਈ ਸੁਦਾਗਰਾਂ ਦੇ ਮਿਲਣ ਦੀ ਥਾਂ ਸੀ। ਉਹ ਇਸ ਤੋਂ ਅੱਗੇ ਨਹੀਂ ਵਧਦੇ ਸਨ*। ਪਰ ਯਹੂਦੀ ਸੁਦਾਗਰ ਬੜੀ ਸੌਖ ਨਾਲ ਇਸਲਾਮੀ ਤੇ ਈਸਾਈ ਦੋਹਾਂ ਦੇਸਾਂ ਨੂੰ ਬਿਨਾ ਰੋਕ ਪਾਰ ਕਰ ਲੈਂਦੇ ਸਨ। ਇਬਨ ਖ਼ੁਰਦਾਜ਼ਬੇ ਲਿਖਦਾ ਹੈ ਕਿ "ਇਹ ਅਰਬੀ, ਫ਼ਾਰਸੀ, ਲਾਤੀਨੀ, ਫ਼ਰੰਗੀ, ਸਪੇਨੀ ਅਤੇ ਸਲਾਵੀ ਬੋਲੀਆਂ ਬੋਲਦੇ ਹਨ। ਏਹ ਪੂਰਬ ਤੋਂ ਪੱਛਮ ਅਤੇ ਪੱਛਮ ਤੋਂ ਪੂਰਬ ਖ਼ੁਸ਼ਕੀ ਤੇ ਪਾਣੀਆਂ ਵਿਚ ਭੱਜੇ ਫਿਰਦੇ ਹਨ। ਏਹ ਬਰਦੇ, ਦੇਬਾ, (ਇਕ ਕਿਸਮ, ਦਾ ਬੂਟੀਦਾਰ ਰੇਸ਼ਮੀ ਕਪੜਾ ਜੋ ਰੂਮ ਦੇਸ ਤੋਂ ਆਉਂਦਾ ਸੀ) ਰੇਸ਼ਮੀ ਕਪੜੇ, ਸਮੂਰ, ਪੋਸਤੀਨ ਅਤੇ ਤਲਵਾਰਾਂ ਵੇਚਦੇ ਹਨ। ਇਹ ਲੋਕ ਫ਼ਰੰਗਸਤਾਨ ਤੋਂ ਸਵਾਰ ਹੋ ਕੇ ਰੂਮ ਸਾਗਰ ਦੇ ਮਿਸਰੀ ਕੰਢੇ ਤੇ ਆਉਂਦੇ ਹਨ। ਓਥੇ ਖ਼ੁਸ਼ਕੀ ਤੇ ਉੱਤਰ ਕੇ ਵਪਾਰ ਦਾ ਮਾਲ ਜਾਨਵਰਾਂ ਦੀਆਂ ਪਿੱਠਾਂ ਉਤੇ ਲੱਦਕੇ ਲਾਲ ਸਾਗਰ (Red Sea) ਲਿਆਉਂਦੇ ਹਨ। ਏਥੋਂ ਫੇਰ ਜਹਾਜ਼ ਤੇ ਬੈਠ ਕੇ ਜੱਦਾ ਆਉਂਦੇ ਹਨ, ਏਥੋਂ ਸਿੰਧ ਹਿੰਦੁਸਤਾਨ ਅਤੇ ਚੀਨ ਜਾਂਦੇ ਹਨ। ਉਥੋਂ ਮੁੜ ਕੇ ਏਸੇ ਰਾਹ ਵਾਪਸ ਆਉਂਦੇ ਹਨ। ਦੂਜਾ ਰਾਹ ਇਹ ਚੁਣਦੇ ਹਨ ਕਿ ਯੂਰਪ ਤੋਂ ਤੁਰ ਕੇ ਰੂਮ ਸਾਗਰ 'ਚੋਂ ਨਿਕਲ ਕੇ ਅੰਤਾਕੀਆ (ਸ਼ਾਮ) ਆਉਂਦੇ ਹਨ ਅਤੇ ਫੇਰ ਸੁੱਕੇ ਸੁੱਕੇ ਏਥੋਂ ਜਾਬੀਆ (ਇਰਾਕ) ਚਲੇ ਜਾਂਦੇ ਹਨ। ਓਥੋਂ ਦਰਿਆ ਫ਼ੁਰਾਤ ਥਾਣੀ ਕਿਸ਼ਤੀਆਂ ਰਾਹੀਂ ਬਗ਼ਦਾਦ ਆਉਂਦੇ ਹਨ ਅਤੇ ਫੇਰ ਜਹਾਜ਼ ਚੜ੍ਹ ਕੇ ਦਿਜਲਾ ਰਾਹੀਂ ਉਬਲਾ ਪਹੁੰਚਦੇ ਹਨ। ਏਥੋਂ ਉੱਮਾਨ, ਸਿੰਧ ਹਿੰਦੁਸਤਾਨ ਤੇ ਚੀਨ ਚਲੇ ਜਾਂਦੇ ਹਨ"।†

ਰੂਸੀ ਸੁਦਾਗਰ

ਯਹੂਦੀਆਂ ਤੋਂ ਛੁਟ ਇਬਨ ਖ਼ੁਰਦਾਜ਼ਬੇ ਨੇ ਰੂਸੀ ਸੁਦਾਗਰਾਂ ਦਾ ਵਰਨਣ ਕੀਤਾ ਹੈ ਜੋ ਪਾਣੀ ਤੇ ਖ਼ੁਸ਼ਕੀ ਦੋਹਾਂ ਵਿਚ ਸਫ਼ਰ ਕਰਦੇ ਹਨ ਅਤੇ ਈਸਾਈ ਹੋਣ ਦਾ ਦਾਵਾ ਕਰਦੇ ਹਨ (ਰੂਸੀ ਦਸਵੀਂ ਸਦੀ ਈਸਵੀ ਵਿਚ

*ਨੁਖ਼ਬਾਤੁੱਦਹਰ ਫ਼ੀ ਅਜਾਇਬੁਲ ਬੱਰ-ਵਲ-ਬਹਿਰ ਸੂਫ਼ੀ ਦਿਮਿਸ਼ਕੀ ਪੰਨਾ ੧੬੬.
†ਇਬਨ ਖ਼ੁਰਦਾਜ਼ਬੇ ਪੰਨਾ. ੧੫੩, ੧੫੪ (ਲੀਡਨ)

ਈਸਾਈ ਹੋਏ ਹਨ)। ਇਬਨ ਖ਼ੁਰਦਾਜ਼ਬੇ ਦਾ ਬਿਆਨ ਹੈ ਕਿ ਇਹ ਲੋਕ ਸਲਾਵੀ (ਸਕਾਲੀਆ) ਨਸਲ ਦੇ ਹਨ। ਸਲਾਵੀਆ ਤੋਂ ਨਿਕਲ ਕੇ ਇਹ ਲੋਕ ਰੂਮ ਸਾਗਰ ਵਿਚ ਜਹਾਜ਼ ਤੇ ਸਵਾਰ ਹੁੰਦੇ ਹਨ । ਰੂਮ ਦਾ ਕੈਸਰ ਇਨ੍ਹਾਂ ਕੋਲੋਂ ਦਸਵਾਂ ਹਿੱਸਾ (ਦਸੌਧ) ਲੈਂਦਾ ਹੈ। ਏਥੋਂ ਓਹ ਜੁਰਜਾਨ ਸਾਗਰ (Caspean Sea) ਦੇ ਕਿਸੇ ਕੰਢੇ ਤੇ ਆ ਕੇ ਉਤਰਦੇ ਹਨ । ਫੇਰ ਓਥੋਂ ਸੁੱਕੇ ਸੁੱਕੇ ਊਠਾਂ ਉੱਤੇ ਬਗ਼ਦਾਦ ਆਉਂਦੇ ਹਨ ਅਤੇ ਏਥੇ ਈਸਾਈ ਬਣ ਕੇ ਜਜ਼ੀਆ ਦਿੰਦੇ ਹਨ ।

ਏਹ ਲੋਕ ਪੂਰਾ ਪੈਂਡਾ ਕਦੇ ਸੁੱਕੇ ਸੁੱਕੇ ਵੀ ਤੈਹ ਕਰਦੇ ਹਨ। ਸਪੇਨ ਜਾਂ ਫ਼ਰਾਂਸ ਤੋਂ ਇਹ ਲੋਕ ਦੁਰੇਡੇ ਸੂਸ (ਉਤਰੀ ਅਫ਼ਰੀਕਾ) ਆਉਂਦੇ ਹਨ। ਓਥੋਂ ਤੰਜਾ, ਓਥੋਂ ਅਲਜਜ਼ਾਇਰ, (ਅਲਜੇਰੀਆ) ਟੀਊਨਸ ਅਤੇ ਤਰਾਬਲੁਸ ਹੋ ਕੇ ਮਿਸਰ, ਮਿਸਰ ਤੋਂ ਰਮਲਾ (ਸ਼ਾਮ) ਹੋ ਕੇ ਦਿਮਿਸ਼ਕ, ਦਿਮਿਸ਼ਕੋਂ ਕੂਫ਼ੇ, ਫੇਰ ਬਗ਼ਦਾਦ, ਫੇਰ ਬਸਰੇ, ਫੇਰ ਅਹਵਾਜ਼, ਫੇਰ ਫ਼ਾਰਸ, ਫੇਰ ਕਿਰਮਾਨ ਫੇਰ (ਬਲੋਚਿਸਤਾਨ ਹੋ ਕੇ) ਸਿੰਧ, ਫੇਰ ਹਿੰਦੁਸਤਾਨ, ਫ਼ੇਰ ਚੀਨ ਜਾਂਦੇ ਹਨ ।*

ਹਿੰਦੁਸਤਾਨ ਦਾ ਕਾਫ਼ਲਾ ਖ਼ੁਰਾਸਾਂ ਰਾਹੀਂ

ਮਸਊਦੀ, ਜੋ ਹਿੰਦੁਸਤਾਨ ਸੰਨ ੩੦੫ ਹਿ. ਦੇ ਨੇੜੇ ਤੇੜੇ ਆਇਆ ਸੀ ਅਤੇ ਬਲਖ਼ ਤੇ ਖ਼ੁਰਾਸਾਂ ਤੋਂ ਵੀ ਲੰਘਿਆ ਸੀ, ਬਿਆਨ ਕਰਦਾ ਹੈ ਕਿ "ਖ਼ੁਰਾਸਾਂ ਤੋਂ ਚੀਨ ਨੂੰ ਸੁੱਕਾ ਰਾਹ ਵੀ ਹੈ ਅਤੇ ਹਿੰਦੁਸਤਾਨ ਦਾ ਮੁਲਕ ਖ਼ੁਰਾਸਾਂ ਨਾਲ ਮਿਲ ਜਾਂਦਾ ਹੈ। ਸਿੰਧ ਦੇ ਇਕ ਬੰਨੇ ਮੁਲਤਾਨ ਤੇ ਅਤੇ ਦੂਜੇ ਬੰਨੇ ਮਨਸੂਰਾ ਤੇ ਮੁਲਤਾਨ ਹੈ । ਕਾਫ਼ਲੇ ਖ਼ੁਰਾਸਾਂ ਤੋਂ ਸਿੰਧ ਨੂੰ ਅਤੇ ਏਵੇਂ ਜਿਵੇਂ ਹਿੰਦੁਸਤਾਨ ਨੂੰ ਬਰਾਬਰ ਆਉਂਦੇ ਜਾਂਦੇ ਰਹਿੰਦੇ ਹਨ । ਏਥੇ ਇਹ ਮੁਲਕ ਜ਼ਾਬੁਲਿਸਤਾਨ (ਅਫ਼ਗਾਨਿਸਤਾਨ) ਨਾਲ ਮਿਲ ਜਾਂਦਾ ਹੈ † । ਇਬਨ ਹੌਕਲ, ਜੋ

*ਇਬਨ ਖ਼ੁਰਦਾਜ਼ਬੇ ਪੰਨਾ ੧੫੩, ੧੫੪.

†ਮਰੂਜੁੱਜ਼ਹਬ ਮਸਊਦੀ

ਮਹਿਮੂਦ ਗ਼ਜ਼ਨਵੀ ਨਾਲੋਂ ੫੦ ਵਰ੍ਹੇ ਪਹਿਲਾਂ ਸੀ, ਆਖਦਾ ਹੈ ਕਿ "ਕਾਬੁਲ ਤੇ ਗ਼ਜ਼ਨੀ ਹਿੰਦੁਸਤਾਨ ਦੀ ਤਜਾਰਤ ਦੀਆਂ ਨਿਕਾਸੀ ਥਾਵਾਂ ਹਨ"।*

ਇਸੇਵਾਨ ਜਿਸਨੂੰ ਅਰਬ ਅਸੀਫ਼ਾਨ ਆਖਦੇ ਹਨ ਪੰਜਾਬ ਵਿਚ ਇਕ ਹਿੰਦੂ ਰਿਆਸਤ ਸੀ ਓਥੇ ਵੀ ਮੁਸਲਮਾਨ ਵਪਾਰੀ ਸਨ"।†

ਹਿੰਦੁਸਤਾਨ ਦੇ ਸਮੁੰਦਰੀ ਸਫ਼ਰ ਦਾ ਸਮਾਂ

ਮਸਊਦੀ ਨੇ ਹਿੰਦ ਸਾਗਰ ਦੇ ਉਤਾਰ ਚੜ੍ਹਾ, ਛੱਲਾਂ ਉਠਣ ਤੇ ਸ਼ਾਂਤ ਹੋਣ ਦੇ ਸਮੇਂ ਨਿਯਤ ਕੀਤੇ ਹਨ। ਏਸੇ ਹਿਸਾਬ ਨਾਲ ਜਹਾਜ਼ਾਂ ਦੇ ਚਲਣ ਦੇ ਮਹੀਨੇ ਨਿਯਤ ਕਰ ਦਿੱਤੇ ਹਨ। ਲਿਖਿਆ ਹੈ "ਸਾਡੇ ਦੇਸ (ਸ਼ਾਇਦ ਬਗ਼ਦਾਦ) ਅਤੇ ਹਿੰਦੁਸਤਾਨ ਵਿਚ ਰੁੱਤਾਂ ਦਾ ਫ਼ਰਕ ਹੈ। ਸਾਡੇ ਦੇਸੋਂ ਲੋਕ ਹਿੰਦੁਸਤਾਨ ਵਿਚ ਠੰਢਾਂ ਕੱਟਣ ਜਾਂਦੇ ਹਨ। ਕਿਉਂਕਿ ਜੂਨ (ਤੀਰ ਮਾਹ) ਦੇ ਮਹੀਨੇ ਹਿੰਦੁਸਤਾਨ ਨੂੰ ਜਹਾਜ਼ ਘੱਟ ਜਾਂਦੇ ਹਨ ਅਤੇ ਜਿਹੜੇ ਜਾਂਦੇ ਹਨ ਉਹ ਬਹੁਤ ਹਲਕੇ ਹੁੰਦੇ ਹਨ। ਇਨ੍ਹਾਂ ਵਿਚ ਵਧੇਰੇ ਮਾਲ ਨਹੀਂ ਲਦਿਆ ਜਾਂਦਾ। ਇਨ੍ਹਾਂ ਜਹਾਜ਼ਾਂ ਨੂੰ ਹਾਰੂ (ਤੀਰ ਮਾਹੀ) ਜਹਾਜ਼ ਆਖਦੇ ਹਨ"।‡

ਅਬੂਜ਼ੈਦ ਸੈਰਾਫ਼ੀ ਦਾ ਬਿਆਨ ਹੈ ਕਿ ਬਰਸਾਤ ਦੀ ਰੁੱਤੇ ਜਹਾਜ਼ ਨਹੀਂ ਚਲਦੇ। ਹਿੰਦੁਸਤਾਨ ਵਾਲੇ ਏਸ ਰੁੱਤੇ ਘਰ ਰਹਿੰਦੇ ਹਨ ਤੇ ਖੇਤੀ ਬਾੜੀ ਜਾਂ ਕੋਈ ਹੋਰ ਕਿੱਤਾ ਕਰਦੇ ਹਨ। ਏਸੇ ਬਰਸਾਤ ਤੇ ਉਨ੍ਹਾਂ ਦਾ ਗੁਜ਼ਾਰਾ ਹੈ। ਇਸ ਰੁੱਤੇ ਚਾਉਲ ਪੈਦਾ ਹੁੰਦਾ ਹੈ ਜੋ ਇਨ੍ਹਾਂ ਲੋਕਾਂ ਦੀ ਖ਼ੁਰਾਕ ਹੈ §

ਜਹਾਜ਼ ਚਲਾਉਣ ਸਬੰਧੀ ਅਰਬੀ ਵਿਚ ਕੁਝ ਹਿੰਦੀ ਸ਼ਬਦ

ਹਿੰਦੀ ਸਾਹਿਲਾਂ ਉਤੇ ਅਰਬਾਂ ਦੀ ਸਮੁੰਦਰੀ ਅਵਾਜਾਈ ਦਾ ਇਹ ਅਸਰ ਹੋਇਆ

*ਇਬਨ ਹੌਕਲ ਪੰਨਾ ੩੨੮ (ਯੂਰਪ)
†ਫ਼ਤੂਹੁਲਬੁਲਦਾਨ ਬਲਾਜ਼ੁਰੀ ਪੰ. ੪੪੬ (ਲੀਡਨ)
‡ਮਰੂਜੁਜ਼ੱਹਬ- ਮਸਊਦੀ
§ਸਫ਼ਰਨਾਮਾ ਅਬੂਜ਼ੈਦ ਸੈਰਾਫ਼ੀ ਪੰਨਾ ੧੨੬.

ਕਿ ਜਹਾਜ਼ ਦੇ ਜਹਾਜ਼ ਸਬੰਧੀ ਹਿੰਦੀ ਭਾਸ਼ਾ ਦੇ ਸ਼ਬਦ ਅਰਬੀ ਸਫ਼ਰਨਾਮਿਆਂ ਤੇ ਭੂਗੋਲਾਂ ਵਿਚ ਸ਼ਾਮਲ ਹੋ ਗਏ ਅਤੇ ਅਰਬੀ ਤੇ ਫ਼ਾਰਸੀ ਮਲਾਹਾਂ ਮੂੰਹ ਚੜ੍ਹ ਗਏ। ਇਨ੍ਹਾਂ ਵਿਚੋਂ ਇਕ ਸ਼ਬਦ 'ਬਾਰਜਾ' ਹੈ। ਬੈਰੂਨੀ ਨੇ ਦੱਸਿਆ ਹੈ ਕਿ ਇਹ ਅਸਲ ਵਿਚ ਹਿੰਦੀ ਸ਼ਬਦ 'ਬੇੜਾ' ਹੈ ਜਿਸ ਨੂੰ ਅਰਬ 'ਬਾਰਜਾ' ਆਖਦੇ ਹਨ। 'ਹ' ਅਰਬੀ ਵਿਚ 'ਜ' ਨਾਲ ਬਦਲ ਜਾਂਦਾ। ਏਸ ਸ਼ਬਦ ਦਾ ਬਹੁਵਚਨ 'ਬਵਾਰਿਜ' ਬਣਦਾ ਹੈ ਕਿਉਂਕਿ ਹਿੰਦੀ ਸਾਹਿਲਾਂ ਦੇ ਸਮੁੰਦਰੀ ਡਾਕੂ ਇਨ੍ਹਾ ਕਿਸ਼ਤੀਆਂ ਤੇ ਚੜ੍ਹ ਕੇ ਡਾਕਾ ਮਾਰਦੇ ਸਨ ਇਸ ਲਈ ਇਸ ਪਿਛੋਂ 'ਬਵਾਰਿਜ' ਹਿੰਦੁਸਤਾਨੀ ਸਮੁੰਦਰੀ ਡਾਕੂਆਂ ਨੂੰ ਆਖਣ ਲੱਗ ਪਏ।*

ਦੂਜਾ ਸ਼ਬਦ 'ਦੂਨੀਜ' ਹੈ ਜਿਸ ਦਾ ਬਹੁਵਚਨ 'ਦਵਾਨੀਜ' ਬਣਦਾ ਹੈ † ਇਹ ਹਿੰਦੀ ਸ਼ਬਦ "ਡੋਂਗੀ" ਦਾ ਅਰਬੀ ਰੂਪ ਹੈ। ਤੀਜਾ ਸ਼ਬਦ 'ਹੋਰੀ' ਨੂੰ ਹੁਣ ਵੀ ਬੰਬਈ ਵਾਲੇ 'ਹੋੜੀ' ਬੋਲਦੇ ਹਨ। ਤਿੰਨ ਸ਼ਬਦ ਹੋਰ ਹਿੰਦੁਸਤਾਨ ਯਾ ਹਿੰਦੁਸਤਾਨੀ ਟਾਪੂਆਂ ਦੀ ਉਪਜ ਹਨ। ਇਨ੍ਹਾਂ ਦਾ ਅਸਲ ਰੂਪ ਠੀਕ ਤਰ੍ਹਾਂ ਮਲੂਮ ਨਹੀਂ 'ਬਲੀਜ' ਜਹਾਜ਼ ਦੀ ਛੱਤ ਨੂੰ ਆਖਦੇ ਹਨ। 'ਜੋਸ਼' ਕਿਸ਼ਤੀ ਦੇ ਰੱਸੇ ਨੂੰ ਅਤੇ 'ਕਨੇਰ' ਨਾਰੀਅਲ ਦੇ ਰੱਸੇ ਨੂੰ ਆਖਿਆ ਜਾਂਦਾ ਹੈ। ਜੋ ਜਹਾਜ਼ਾਂ ਦੇ ਬਨ੍ਹੰਣ ਅਤੇ ਤਖ਼ਤਿਆਂ ਦੇ ਜੋੜਨ ਲਈ ਕੰਮ ਆਉਂਦਾ ਹੈ। ਇਨ੍ਹਾਂ ਸ਼ਬਦਾਂ ਦਾ ਮੂਢ ਹਿੰਦੁਸਤਾਨੀ ਹੈ ‡ ਇਕ ਸ਼ਬਦ ਅਜੇਹਾ ਹੈ ਜਿਹੜਾ ਏਸ ਸਮੇਂ ਦੀ ਪਛੱਮੀ ਅੰਤਰ ਰਾਸ਼ਟਰੀ ਸਮੁੰਦਰੀ ਤਜਾਰਤ ਦਾ ਸੰਖੇਪ ਇਤਿਹਾਸ ਹੈ। ਇਹ ਸ਼ਬਦ ਅਰਬੀ ਵਿਚ 'ਨਾਖ਼ੁਜ਼ਾ' ਹੈ ਅਤੇ ਏਸ ਦਾ ਬਹੁਵਚਨ 'ਨਵਾਖ਼ਜ਼ਾ' ਬਣਦਾ ਹੈ, ਪਰ ਹਿੰਦੁਸਤਾਨ ਵਾਲੇ ਇਸ ਦੇ ਫ਼ਾਰਸੀ ਰੂਪ ਅਥਵਾ 'ਨਾਖ਼ੁਦਾ' ਤੋਂ ਵਧੇਰੇ ਵਾਕਫ਼ ਹਨ ਜੋ ਅਸਲ ਵਿਚ

*ਕਿਤਾਬੁਲ ਹਿੰਦ ਅਲਬ਼ਰੈਨੀ ਪੰ. ੧੦੨ (ਲੰਡਨ) 'ਅਜਾਇਬੁਲ ਹਿੰਦ ਬਜ਼ੁਰਗ' ਪੰਨਾ ੧੧੪ (ਪੈਰਸ)

†ਯਾਕੂਤ ਹਮਵੀਂ ਦੀ ਮੁਅਜਮੁਲ ਬੁਲਦਾਨ ਸ਼ਬਦ ਕੈਸ ਹੇਠ -ਜਿ. ੭ ਅਤੇ ਅਜਾਇਬੁਲਹਿੰਦ ਬਜ਼ੁਰਗ ਪੰ. ੬੯ ਬਰੇਲ ਲੀਡਨ ਐਡੀਸ਼ਨ।

(‡) ਵੇਖੋ ਸਿਵਾ ਉਸਬੀਲ ਫ਼ਿਲ ਮੌਲਦ-ਵੱ-ਦਖ਼ੀਲ ਡਾਕਟਰ ਆਰਨਲਡ

'ਨਾਉਖ਼ੁਦਾ' ਹੈ । ਨਾਉ ਹਿੰਦੀ ਸ਼ਬਦ ਹੈ 'ਖ਼ੁਦਾ' 'ਮਾਲਕ' ਦੇ ਅਰਥਾਂ ਵਿਚ ਫ਼ਾਰਸੀ ਹੈ। ਹਾਫ਼ਿਜ਼ ਆਖਦਾ ਹੈ "ਮਾ ਖ਼ੁਦਾ ਦਾਰੇਮ ਮਾਰਾ ਨਾਖ਼ੁਦਾ ਦਰਕਾਰ ਨੇਸਤ" (ਉਲਥਾ: ਅਸੀਂ 'ਖ਼ੁਦਾ' ਤੇ ਭਰੋਸਾ ਰਖਦੇ ਹਾਂ, ਸਾਨੂੰ 'ਨਾਖ਼ੁਦਾ' ਦੀ ਲੋੜ ਨਹੀਂ) (ਉਲਥਾਕਾਰ)

ਹਿੰਦੀ ਪੈਦਾਵਾਰ ਤੇ ਵਪਾਰ

ਏਹ ਅਰਬ ਸੁਦਾਗਰ ਹਿੰਦੁਸਤਾਨ ਤੇ ਉਸ ਦੇ ਦੀਪਾਂ ਤੋਂ ਆਪਣੇ ਦੇਸ ਨੂੰ ਕੀ ਲੈ ਜਾਂਦੇ ਸਨ, ਇਸ ਦਾ ਮੋਟਾ ਮੋਟਾ ਅਨੁਮਾਨ ਉਸ ਗਲ ਬਾਤ ਤੋਂ ਹੋਵੇਗਾ ਜੋ ਸੰਨ ੧੪ ਹਿ. ਵਿਚ ਇਕ ਅਰਬ ਯਾਤਰੂ ਨੇ ਹਜ਼ਰਤ ਉਮਰ ਨਾਲ ਕੀਤੀ ਸੀ ।ਇਹ ਗੱਲ ਬਾਤ ਇਉਂ ਸੀ ਕਿ "ਹਿੰਦੁਸਤਾਨ ਦੇ ਸਮੁੰਦਰ ਮੋਤੀ,ਉਸ ਦੇ ਪਹਾੜ ਲਾਲ ਅਤੇ ਉਸ ਦੇ ਦਰਖ਼ਤ ਇਤਰ ਹਨ" ਇਸ ਤੋਂ ਮਲੂਮ ਹੁੰਦਾ ਹੈ ਕਿ ਛੇਵੀਂ ਸਦੀ ਈਸਵੀ ਵਿਚ ਅਰਬ ਵਾਲੇ ਹਿੰਦੁਸਤਾਨ ਤੋਂ ਮਾਣਕ ਮੋਤੀ ਅਤੇ ਸੁਗੰਧੀਆਂ ਲੈ ਜਾਂਦੇ ਸਨ । ਨੌਵੀਂ ਸਦੀ ਈਸਵੀ ਵਿਚ ਇਕ ਅਰਬ ਯਾਤਰੂ ਇਸ ਦਾ ਕਾਰਨ ਦਸਦਾ ਹੈ ਕਿ ਸੈਰਾਫ਼ ਦੇ ਜਹਾਜ਼ ਮਿਸਰ ਨੂੰ ਲਾਲ ਸਾਗਰ ਹੋ ਕੇ ਕਿਉਂ ਨਹੀਂ ਜਾਂਦੇ ਅਤੇ ਜੱਦਿਉਂ ਮੁੜ ਕੇ ਹਿੰਦੁਸਤਾਨ ਕਿਉਂ ਚਲੇ ਜਾਂਦੇ ਹਨ । ਆਖਦਾ ਹੈ "ਇਸ ਲਈ ਕਿ ਉਹ ਚੀਨ ਅਤੇ ਹਿੰਦੁਸਤਾਨ ਦੇ ਸਮੁੰਦਰ ਵਾਂਙੂੰ, ਜਿਸ ਦੇ ਪਾਣੀਆਂ ਵਿਚ ਮੋਤੀ ਅਤੇ ਅੰਬਰ ਹੁੰਦਾ ਹੈ, ਜਿਸ ਦੇ ਪਹਾੜਾਂ ਵਿਚ ਜਵਾਹਰਾਤ ਅਤੇ ਸੋਨੇ ਦੀਆਂ ਖਾਣਾਂ ਹਨ, ਜਿਸ ਦੇ ਜਾਨਵਰਾਂ ਦੇ ਮੂੰਹ ਵਿਚ ਹਾਥੀ ਦੰਦ ਹਨ, ਜਿਸ ਦੀ ਪੈਦਾਵਾਰ ਵਿਚ ਆਬਨੂਸ, ਬੇਦ, ਊਦ (ਅਗਰ), ਕਾਫ਼ੂਰ, ਲੌਂਗ, ਜੋਜ਼ਬੂਆ (ਜਾਇਫਲ) ਮਜੀਠ, ਚੰਦਨ ਅਤੇ ਹਰ ਤਰ੍ਹਾਂ ਦੀਆਂ ਸੁਗੰਧੀਆਂ ਹੁੰਦੀਆਂ ਹਨ, ਜਿਸ ਦੇ ਪੰਛੀਆਂ ਵਿਚ ਤੋਤੇ, ਮੋਰ ਆਦਿ ਪੰਛੀ ਹਨ, ਜਿਸਦੀ ਧਰਤੀ ਦੇ ਮਲ ਵਿਚੋਂ ਮੁਸ਼ਕ ਅਤੇ ਜ਼ੁਬਾਦ (ਇਕ ਜਾਨਵਰ ਦਾ ਸੁਗੰਧਤ ਮੁੜ੍ਹਕਾ) ਹੈ*" ।(... ... ...)†

*ਅਬੂਜ਼ੈਦ ਸੈਰਾਫ਼ੀ ਪੰਨਾ ੧੩੫ ਪੈਰਸ ਸੰਨ ੧੮੧੧ ਈ. †(ਇਨ੍ਹਾਂ ਦੇ ਮੁਕਾਬਲੇ ਵਿਚ ਲਾਲ ਸਾਗਰ ਵਿਚ ਕੋਈ ਖਿੱਚ ਨਹੀਂ । (ਉਲਥਾਕਾਰ)

ਇਬਨ ਖ਼ੁਰਦਾਜ਼ਬੇ (ਸੰਨ ੨੫੦ ਹਿ.), ਜੋ ਅਠਵੀਂ ਸਦੀ ਈਸਵੀ ਦੇ ਕੁਝ ਚਿਰ ਪਿਛੋਂ ਹੋਇਆ, ਹਿੰਦੁਸਤਾਨ ਦੀਆਂ ਉਨ੍ਹਾਂ ਉਪਜਾਂ ਅਤੇ ਵਪਾਰ ਦੀਆਂ ਚੀਜ਼ਾਂ ਦੀ ਜਿਹੜੀਆਂ ਅਰਬ ਅਤੇ ਇਰਾਕ ਜਾਂਦੀਆਂ ਸਨ, ਇਹ ਸੂਚੀ ਦਿੰਦਾ ਹੈ ਖ਼ੁਸ਼ਬੂਦਾਰ ਲੱਕੜੀਆਂ, ਚੰਦਨ, ਕਪੂਰ, ਲੌਂਗ, ਜੋਜ਼ਬੂਆ (ਜਾਇਫਲ), ਕਬਾਬ ਚੀਨੀ, ਗਰੀ, ਸਣ ਦੇ ਕਪੜੇ, ਰੂੰ ਦੇ ਮਖਮਲੀ ਕਪੜੇ ਤੇ ਹਾਥੀ। ਅਤੇ ਸਰੰਦੀਪ ਤੋਂ ਹਰ ਤਰ੍ਹਾਂ ਦੇ ਲਾਲ, ਮੋਤੀ, ਬਲੌਰ ਤੇ ਸੁੰਬਾਜ਼ਜ* ਜਿਸ ਨਾਲ ਜਵਾਹਰਾਤ ਠੀਕ ਠਾਕ ਕੀਤੇ ਜਾਂਦੇ ਹਨ। ਮਲੀਬਾਰ ਤੋਂ ਕਾਲੀ ਮਿਰਚ, ਗੁਜਰਾਤ ਤੋਂ ਸਿੱਕਾ, ਦੱਖਣ ਤੋਂ ਮਜੀਠ ਤੇ ਦਾਜੀ (?) ਅਤੇ ਸਿੰਧ ਤੋਂ ਕੁਠ (ਇਕ ਦਵਾਈ ਹੈ) ਬਾਂਸ ਅਤੇ ਬੈਂਤ† ਦਸੌਰ ਜਾਂਦੇ ਹਨ

ਮਸਊਦੀ (ਸੰਨ ੩੦੩ ਹਿ.) ਅਤੇ ਬੁਸ਼ਾਰੀ (ਸੰਨ ੧੩੦ ਹਿ.) ਦੋਹਾਂ ਨੇ ਖੰਬਾਇਤ (ਕਾਠੀਆਵਾੜ) ਦੀਆਂ ਜੁਤੀਆਂ ਦੀ ਸ਼ਲਾਘਾ ਕੀਤੀ ਹੈ ਜੋ ਏਥੋਂ ਬਣ ਕੇ ਬਾਹਰ ਜਾਂਦੀਆਂ ਸਨ‡ ਥਾਨਾ (ਬੰਬਈ) ਦੇ ਕਪੜੇ ਪਰਸਿੱਧ ਸਨ। ਉਹ ਜਾਂ ਤਾਂ ਏਥੇ ਹੀ ਬਣਦੇ ਸਨ ਜਾਂ ਦੇਸ ਦੇ ਅੰਦਰੋਂ ਤਿਆਰ ਹੋ ਕੇ ਆਉਂਦੇ ਸਨ ਪਰ ਬਾਹਰ ਏਸੇ ਬੰਦਰਗਾਹ ਤੋਂ ਜਾਂਦੇ ਸਨ ਇਨ੍ਹਾਂ ਨੂੰ ਬੋਲਦੇ ਥਾਨਾ ਦੇ ਕਪੜੇ ਹੀ ਸਨ§।

ਮਿਸਅਰ ਬਿਲ ਮਹਲਹਲ਼, ਜੋ ਸੰਨ ੩੩੧ ਹਿ. ਵਿਚ ਹਿੰਦੁਸਤਾਨ ਆਇਆ ਸੀ ਅਤੇ ਦੇਸ ਨੇ ਦੱਖਣ ਦੀ ਸੈਰ ਕੀਤੀ ਸੀ, ਕੋਲਮ (ਟਰਾਵਨਕੋਰ ਮਦਰਾਸ ਵਿਚ ਹੈ) ਦਾ ਹਾਲ ਲਿਖਦਾ ਹੈ "ਏਥੇ ਹੀ ਮਿੱਟੀ

---

*ਸੁੰਬਾਦਾ ਦਾ ਅਰਬੀ ਰੂਪ ਹੈ ਜੋ ਇਕ ਕਿਸਮ ਦਾ ਪੱਥਰ ਹੈ ਜਿਸ ਨਾਲ ਤਲਵਾਰਾਂ ਆਦਿ ਦੀ ਧਾਰ ਤਿਖੀ ਕੀਤੀ ਜਾਂਦੀ ਹੈ। ਸੰਗਤਰਾਸ਼ ਇਸ ਨਾਲ ਨਗਾਂ ਨੂੰ ਕਟਦੇ ਹਨ ਤੇ ਚਮਕਾਉਂਦੇ ਹਨ ਇਨ੍ਹਾਂ ਪਥਰਾਂ ਦੀਆਂ ਖਾਣਾ ਚੀਨ ਸਾਗਰ ਦੇ ਟਾਪੂਆਂ ਵਿਚ ਮਿਲਦੀਆਂ ਹਨ। ਫਰਹੰਗੇ ਆਨੰਦਰਾਜ

†ਕਿਤਾਬੁਲ ਮਸਾਲਿਕ ਵੱਲ ਮਮਾਲਿਕ ਇਬਨ ਖ਼ੁਰਦਾਜ਼ਬੇ ਪੰ. ੭੧ (ਲੀਡਨ)

‡ਮਰੂਜੁੱਜ਼ਬ ਮਸਊਦੀ ਜਿ. ਪਹਿਲੀ ਪੰ. ੩੫੩ ਪੈਰਸ ਅਤੇ ਅਹਸਨੁੱਤਕਾਸੀਮ ਬੁਸ਼ਾਰੀ (ਲੀਡਨ) ਪੰ. ੪੮੨.।

§ਤਕਵੀਮੁਲਬੁਲਦਾਨ ਅਬੁਲ ਫ਼ਿਦਾ ਪੰ.੩੦੯

ਦੇ ਭਾਂਡੇ (ਗ਼ਜਾਇਰ)* ਤਿਆਰ ਹੁੰਦੇ ਹਨ ਜੇਹੜੇ ਸਾਡੇ ਮੁੱਲਕ ਵਿਚ ਚੀਨੀ ਦੇ ਭਾਂਡਿਆਂ ਦੇ ਨਾਂ ਵਿਕਦੇ ਹਨ, ਪਰ ਅਸਲ ਵਿਚ ਉਹ ਚੀਨੀ ਨਹੀਂ ਕਿਉਂਕਿ ਚੀਨ ਦੀ ਮਿੱਟੀ ਕੋਲਮ ਦੀ ਮਿੱਟੀ ਨਾਲੋਂ ਸਖ਼ਤ ਹੁੰਦੀ ਹੈ ਅਤੇ ਅਗ ਉੱਤੇ ਵਧੇਰੇ ਚਿਰ ਤਕ ਠਹਿਰ ਸਕਦੀ ਹੈ । ਕੋਲਮ ਦੀ ਮਿੱਟੀ (ਗ਼ਜ਼ਾਇਰ) ਦਾ ਰੰਗ ਘਸਮੈਲਾ ਹੁੰਦਾ ਹੈ । ਏਥੇ ਚੀਨੀ ਮਿਟੀ ਦਾ ਰੰਗ ਚਿੱਟਾ ਅਤੇ ਹੋਰ ਰੰਗ ਦਾ ਹੁੰਦਾ ਹੈ। ਏਥੇ ਸਾਗਵਾਨ ਦੀ ਲੱਕੜ ਇੰਨੀ ਲੰਮੀ ਹੁੰਦੀ ਹੈ ਕਿ ਕਦੇ ਕਦੇ ੧੦੦ ਹੱਥ ਤਕ ਅਪੜ ਜਾਂਦੀ ਹੈ। ਮਜੀਠ, ਬੈਂਤ ਅਤੇ ਨੇਜੇ ਦੀ ਲਕੜੀ ਵੀ ਏਥੇ ਬਹੁਤ ਹੈ। ਰੇਉਂਦ ਚੀਨੀ, ਤੇ ਜਾਪਾਨ, ਜੋ ਬਹੁਤ ਘੱਟ ਮਿਲਦੀ ਹੈ ਤੇ ਅੱਖਾਂ ਦੇ ਰੋਗਾਂ ਲਈ ਬੜੀ ਗੁਣਕਾਰੀ ਹੈ, ਏਥੇ ਪੈਦਾ ਹੁੰਦੀ ਹੈ। ਏਥੋਂ ਹੀ ਵਪਾਰੀ ਲੋਕ ਊਦ (ਅਗਰ) ਕਪੂਰ ਅਤੇ ਲੁਬਾਣ ਵੀ ਲੈ ਜਾਂਦੇ ਹਨ।†

ਹਿੰਦੁਸਤਾਨ ਤੋਂ ਇਕ ਕਿਸਮ ਦਾ ਜ਼ਹਿਰ ਵੀ ਬਾਹਰ ਜਾਂਦਾ ਸੀ ਜਿਸ ਦਾ ਨਾਂ ਕਜਵੀਨੀ ਨੇ 'ਬੇਸ਼' ਲਿਖਿਆ ਹੈ ਜੋ ਬਿਸ ਦਾ ਰੂਪਾਂਤਰ ਹੈ ਬਿਸ ਹਿੰਦੀ ਵਿਚ ਜ਼ਹਿਰ ਨੂੰ ਆਖਦੇ ਹਨ।‡

ਅਲਾਇਚੀ

ਅਲਾਇਚੀ ਜਿੰਨੀ ਦਿਲ ਨੂੰ ਤਾਕਤ ਦੇਣ ਵਾਲੀ ਤੇ ਹਰ-ਮਨ ਪਿਆਰੀ ਵਸਤੂ ਹੈ ਇੰਨੀ ਹੀ ਏਸ ਦੀ ਨਿਰੁਕਤੀ ਵੀ ਸੁਆਦਲੀ ਹੈ। ਕਾਰੋਮੰਡਲ ਅਤੇ ਮਲੀਬਾਦ ਵਿਚਕਾਰ ਇਕ ਰਾਸ ਦਾ ਨਾਂ ਰਾਸ ਹੇਲੀ ਹੈ§ ਇਹ ਥਾਂ ਅਲਾਇਚੀ ਦੀ ਖਾਣ ਹੈ। ਅਨੁਮਾਨ ਇਹ ਹੈ ਕਿ ਸੰਸਕ੍ਰਿਤ ਵਿਚ ਜੋ ਏਸ ਨੂੰ

---

*'ਗ਼ਜ਼ਾਇਰ' ਦਾ ਇਕਵਚਨ 'ਗ਼ਜ਼ਾਰਾ' ਹੈ ਇਸ ਦੇ ਅਰਥ 'ਸੁਗੰਧਤ ਮਿੱਟੀ' ਦੇ ਹਨ ਪਰ ਸੰਭਵ ਹੈ ਪਿਛੋਂ ਇਹ ਚੀਨੀ ਦੇ ਭਾਂਡਿਆਂ ਦੇ ਅਰਥਾਂ ਵਿਚ ਵਰਤਿਆ ਗਿਆ ਹੋਵੇ (ਵੇਖੋ ਮੁਅਜ਼ਮੁਲ ਬੁਲਦਾਨ ਯਾਕੂਤ ਜਿ. ੮ ਪੰ. ੩੪੮ ਸ਼ਬਦ ਨਹਰਵਾਨ ਹੇਠ)

†ਆਸਾਰੁਲ ਬਿਲਾਦ ਕਜ਼ਵੀਨੀ ਪੰਨਾ ੭੦ ਗੋਟਿੰਜਨ (ਸੰਨ ੧੮੪੮)

‡ਏਹੀ ਕਿਤਾਬ ਪੰਨਾ ੮੪.

§ਇਬਨ ਬਤੂਤਾ ਜਿ. ਦੂਜੀ ਅਤੇ ਤਕਵੀਮੁਲ ਬੁਲਦਾਨ ਅਬੂਫ਼ਿਦਾ ਪੰ. ੩੫੪.

ਏਲ ਅਤੇ ਫ਼ਾਰਸੀ ਵਿਚ ਹੇਲ ਆਖਿਆ ਜਾਂਦਾ ਹੈ, ਇਹ ਨਾਂ ਏਸੇ ਰਾਸ ਹੇਲੀ ਤੋਂ ਲਿਆ ਗਿਆ ਹੈ। ਏਸੇ ਏਲ ਤੋਂ ਉਰਦੂ ਸ਼ਬਦ ਇਲਾਇਚੀ (ਅਲਾਇਚੀ) ਨਿਕਲਿਆ ਹੈ। ਜਿਵੇਂ ਊਦ (ਅਗਰ) ਦਾ ਨਾਂ, ਜੋ ਮੰਡਲ (ਕੋਰੋਮੰਡਲ) ਤੋਂ ਦਸੌਰ ਜਾਂਦਾ ਸੀ, ਅਰਬੀ ਵਿਚ ਮੰਡਲ ਹੋ ਗਿਆ ਸੀ, ਇਸੇ ਤਰ੍ਹਾਂ ਹੀ ਅਲਾਇਚੀ ਬਾਰੇ ਹੋਇਆ ਜਾਪਦਾ ਹੈ ।*

ਦਸਵੀਂ ਸਦੀ ਈਸਵੀ ਦੇ ਅਖ਼ੀਰ ਵਿਚ ਮਸਊਦੀ ਆਖਦਾ ਹੈ ਕਿ "ਦੀਪ (ਮਾਲ-ਦੀਪ ਅਤੇ ਸੰਗਲ ਦੀਪ ਆਦਿ ਹਿੰਦੀ ਟਾਪੂਆਂ) ਤੋਂ ਨਾਰੀਅਲ ਅਤੇ ਏਥੋਂ ਹੀ ਮਜੀਠ ਦੀ ਲਕੜੀ ਬੈਂਤ ਅਤੇ ਸੋਨਾ ਵਪਾਰੀ ਲੈ ਜਾਂਦੇ ਹਨ"†

ਮਹਿਰਾਜ ਦੇ ਟਾਪੂਆਂ ਦੇ ਧਨ ਬਾਰੇ ਉਹ ਇਉਂ ਬਿਆਨ ਕਰਦਾ ਹੈ ਕਿ "ਇਨ੍ਹਾਂ ਟਾਪੂਆਂ ਵਿਚ ਭਾਂਤ ਭਾਂਤ ਦੀਆਂ ਖ਼ੁਸ਼ਬੂਆਂ ਹਨ। ਏਥੋਂ ਹੀ ਮੁਸ਼ਕਪੂਰ, ਊਦ (ਅਗ਼ਰ), ਲੌਂਗ, ਜਾਇਫ਼ਲ, ਕਬਾਬਚੀਨੀ, ਜਵਤਰੀ, ਵੱਡੀ ਅਲਾਇਚੀ ਆਦਿ ਲੈ ਜਾਂਦੇ ਹਨ‡ ਬਾਜ਼ੇ ਇਨ੍ਹਾਂ ਟਾਪੂਆਂ ਤੋਂ ਛੋਟੀਆਂ ਛੋਟੀਆਂ ਕਿਸ਼ਤੀਆਂ ਤੇ ਬੈਠ ਕੇ, ਜੋ ਕੇਵਲ ਇੱਕੋ ਲਕੜ ਨੂੰ ਵਿਚੋਂ ਪੋਲਾ ਕਰ ਕੇ ਬਣਾ ਲੈਂਦੇ ਹਨ, ਗਰੀ, ਗੰਨੈ, ਕੇਲੇ ਅਤੇ ਗਰੀ ਦਾ ਪਾਣੀ ਲੈ ਕੇ ਆਉਂਦੇ ਹਨ। ਇਨ੍ਹਾਂ ਟਾਪੂਆਂ ਦੇ ਵਸਨੀਕ ਵਟੇ ਵਿਚ ਲੋਹਾ ਲੈਂਦੇ ਹਨ" ।§

ਇਬਨੁਲਫ਼ਕੀਹ ਹਮਦਾਨੀ ਸੰਨ ੩੩੦ ਹਿ. ਵਿਚ ਲਿਖਦਾ ਹੈ ਕਿ "ਹਿੰਦੁਸਤਾਨ ਅਤੇ ਸਿੰਧ ਨੂੰ ਅੱਲਾ ਤਆਲਾ ਨੇ ਇਹ ਵਿਸ਼ੇਸ਼ਤਾ ਦਿੱਤੀ ਹੈ ਕਿ ਏਥੇ ਹਰ ਤਰ੍ਹਾਂ ਦੀ ਸੁਗੰਧੀ ਮਾਣਕ ਮੋਤੀ, ਜਿਵੇਂ ਲਾਲ ਤੇ ਹੀਰੇ ਆਦਿ, ਗੈਂਡਾ, ਹਾਥੀ, ਮੋਰ, ਊਦ, ਅੰਬਰ, ਲੌਂਗ, ਵਾਲਛੜ, ਕੁਲੰਜਣ, ਦਾਰਚੀਨੀ, ਗਰੀ, ਹਰੜ, ਬੋਬਾ, ਮਜੀਠ, ਬੈਂਤ, ਚੰਦਨ, ਸਾਗਵਾਨ ਦੀ ਲੱਕੜੀ ਅਤੇ ਕਾਲੀ ਮਿਰਚ ਪੈਦਾ ਹੁੰਦੀ ਹੈ" ।@

---

*ਆਸਾਰਉਲ ਬਿਲਾਦ ਕਜ਼ਵੀਨੀ (ਗੌਟਿੰਜਨ) ਪੰ. ੮੨.

†ਮਰੂੱਜ਼ਹਬ ਕਾਂਡ ੧੬

‡ਏਹੀ ਕਿਤਾਬ

§ਸੁਲੇਮਾਨ ਤਾਜਰ ਪੰ. ੧੯

@ਕਿਤਾਬੁਲਦਾਨ ਇਬਨੁਲ ਫ਼ਕੀਹਿਲਹਮਦਾਨੀ ਪੰਨਾ ੨੫੧ (ਲੀਡਨ)

ਅਰਬੀ ਕੋਸ਼ ਦੀ ਪੁਰਾਣੀ ਸ਼ਾਹਦੀ

ਇਸ ਗੱਲ ਨੂੰ ਜਾਣਨ ਲਈ, ਕਿ ਹਿੰਦੁਸਤਾਨ ਤੋਂ ਅਰਬ ਵਾਲੇ ਕੀ ਕੀ ਚੀਜ਼ਾਂ ਆਪਣੇ ਵਤਨ ਨੂੰ ਲੈ ਜਾਂਦੇ ਸਨ, ਖੁਦ ਅਰਬੀ ਭਾਸ਼ਾ ਦੇ ਕੋਸ਼ ਵਿਚ, ਕੁਝ ਸਾਧਨ ਮੌਜੂਦ ਹਨ। ਅਰਬ ਵਿਚ ਹਿੰਦੁਸਤਾਨ ਦੀਆਂ ਬਣੀਆਂ ਤਲਵਾਰਾਂ ਪਰਸਿੱਧ ਸਨ, ਏਸੇ ਲਈ ਤਲਵਾਰ ਦੇ ਨਾਂ ਹਿੰਦੀ ਹਿੰਦਵਾਨੀ ਮੁਹਿੰਨਦ, ਆਮ ਤੌਰ ਤੇ ਅਰਬੀ ਵਿਚ ਵਰਤੇ ਜਾਂਦੇ ਹਨ। ਅਰਬੀ ਵਿਚ ਹੇਠ ਦਿਤੇ ਸ਼ਬਦਾਂ ਦਾ ਮੂਲ ਹਿੰਦੀ ਹੈ। ਇਹ ਸ਼ਬਦ ਆਪਣੇ ਮੂਲ ਤੇ ਦੇਸ ਦਾ ਆਪ ਪਤਾ ਦਿੰਦੇ ਹਨ, ਇਨ੍ਹਾਂ ਦਾ ਵਧੇਰੇ ਸਬੰਧ ਮਸਾਲਿਆਂ, ਸਗੰਧੀਆਂ ਤੇ ਦਵਾਈਆਂ ਨਾਲ ਹੈ। ਅਸੀਂ ਇਨ੍ਹਾਂ ਦੇ ਮੂਲ ਹਿੰਦੀ ਰੂਪ ਪਤਾ ਕਰਨ ਦਾ ਜਤਨ ਕੀਤਾ ਹੈ ਤਾਂ ਜੋ ਅਜ ਇਨ੍ਹਾਂ ਦੇ ਦੇਸ ਵਾਲੇ ਇਨ੍ਹਾਂ ਨੂੰ ਆਪਣੇ ਘਰ ਦੇ ਬੰਦਿਆਂ ਵਾਂਙੂ ਪਛਾਣ ਸਕਣ।

ਅਰਬੀ ਨਾਂ	ਹਿੰਦੀ	ਉਰਦੂ
ਸੰਦਲ	ਚੰਦਨ	ਸੰਦਲ
ਮਿਸਕ	ਮੂਸ਼ਿਕ	ਮੁਸ਼ਕ
ਤੰਬੂਲ	ਤਾਂਮਬੂਲ	ਪਾਨ (ਤੰਬੂਲ)
ਕਾਫ਼ੂਰ	ਕਪੂਰ	ਕਾਫ਼ੂਰ
ਕਰਨਫ਼ੁਲ	ਕਨਕ ਫੁੱਲ	ਲੌਂਗ
ਫ਼ਿਲਫ਼ਿਲ	ਪਿੱਪਲੀ, ਪਿੱਪਲਾ	ਗੋਲ ਮਿਰਚ (ਏਸੇ ਤੋਂ ਗਾਲਬਨ ਅੰਗਰੇਜ਼ੀ ਸ਼ਬਦ ਪੈਪਰ ਬਣਿਆ ਹੈ)
ਫੋਫਲ	ਕੋਬਲ,	ਸਪਾਰੀ, ਡਲੀ
ਜ਼ੰਜਬੀਲ	ਜੌਂਜਾਬੀਰਾ	ਸੌਂਠ, ਅਦਰਕ
ਨੀਲੋਫ਼ਰ	ਨੀਲੋਫਲ	ਨੀਲੋਫ਼ਰ
ਹੇਲ	ਏਲ	ਏਲਾਇਚੀ (ਅਲਾਇਚੀ)

ਦਵਾਈਆਂ

ਅਰਬੀ ਨਾਂ	ਹਿੰਦੀ	ਉਰਦੂ
ਜਾਏਫ਼ਲ	ਜਾਏਫਲ	ਜਾਇਫਲ
ਇਤਰੀਫਲ	ਤ੍ਰੀਫਲ	ਇਤਰੀਫਲ
ਸ਼ਖੀਰਾ	ਸ਼ਖਰ	ਤੂਤੀਆ
ਬਲੇਲਜ	ਬਹੇੜਾ	ਬਹੇੜਾ
ਹਲੇਲਜ	ਹੱਰਾ	ਹਲੇਲਾ
ਬਲਾਜ਼ੁਰ	ਭਿਲਾਤਕਾ	ਭਲਾਵਾ

ਉਦ ਹਿੰਦੀ, ਕੁਸਤ ਹਿੰਦੀ (ਕੁਠ), ਸਾਜ਼ਜ ਹਿੰਦੀ (ਤੇਜਪਾਤ) ਕੁਰਤੁਮ ਹਿੰਦੀ (ਕਸੁੰਭ) ਤੇ ਤਮਰ ਹਿੰਦੀ (ਹਿੰਦੁਸਤਾਨੀ ਖਜੂਰ ਅਥਵਾ (ਇਮਲੀ) ਇਨ੍ਹਾਂ ਦੇ ਤੱਧਿਤ ਇਨ੍ਹਾਂ ਦੇ ਨਾਲ ਹਨ । ਊਦ ਕਿਉਂਕਿ ਕਾਰੋਮੰਡਲ ਤੋਂ ਜਾਂਦਾ ਸੀ ਇਸ ਲਈ ਅਰਬਾਂ ਨੇ ਏਸ ਦਾ ਨਾਂ ਹੀ ਮੰਡਲ ਰੱਖ ਦਿਤਾ।*

ਕਪੜਿਆਂ ਦੀਆਂ ਕਿਸਮਾਂ

ਅਰਬੀ	ਹਿੰਦੀ	ਉਰਦੂ
ਕਰਫ਼ਸ	ਕਿਰਪਾਸ	ਮਲਮਲ
ਸ਼ੀਤ	ਛੀਂਟ	ਛੀਂਟ
ਫ਼ੂਤਾ	ਪਟ, ਲੁੰਗੀਵਾਲ	ਰੁਮਾਲ

ਰੰਗ

ਨੀਲਜ	ਨੀਲ
ਕਿਰਮਿਜ਼	ਕਿਰਮਜ

*ਅਸਾਰੁਲਬਿਲਾਦ ਕਜ਼ਵੀਨੀ ਪੰ. ੮੨ (ਗੋਟਿੰਜਨ) ਸੰਨ ੧੮੪੮ ਈ.

ਫਲ

ਮੌਜ਼	ਮੌਸ਼ਾ	ਕੇਲਾ
ਨਾਰਜੀਲ	ਨਾਰੀਅਲ	
ਅੰਬਜ	ਆਮ	
ਲੈਮੂੰ .	ਲੈਮੂ (ਏਸੇ ਤੋਂ ਅੰਗਰੇਜ਼ੀ ਲੈਮਨ ਹੈ)।	

ਇਹ ਸ਼ਬਦ ਆਪ ਮੂੰਹੋਂ ਬੋਲ ਰਹੇ ਹਨ ਕਿ ਕਿਸ ਦੇਸ ਵਿਚ ਉਹ ਜੰਮੇ ਪਲੇ ਅਤੇ ਕਿੱਥੇ ਜਾ ਕੇ ਉਨ੍ਹਾਂ ਨੇ ਇਹ ਨਵਾਂ ਰੰਗ ਰੂਪ ਧਾਰਿਆ।

ਕੁਰਾਨ ਪਾਕ ਵਿਚ ਤਿੰਨ ਹਿੰਦੀ ਸ਼ਬਦ

ਇਸ ਗਲ ਸਬੰਧੀ ਆਲਮਾਂ ਫ਼ਾਜ਼ਲਾਂ ਵਿਚ ਚੰਗਾ ਤਕੜਾ ਮਤ ਭੇਦ ਰਿਹਾ ਹੈ ਕਿ ਕੁਰਾਨ ਪਾਕ ਵਿਚ ਕਿਸੇ ਓਪਰੀ ਭਾਸ਼ਾ ਦਾ ਸ਼ਬਦ ਹੈ ਜਾਂ ਨਹੀਂ ? ਪਰ ਫ਼ੈਸਲਾ ਏਹੀ ਹੋਇਆ ਕਿ ਕੁਰਾਨ ਵਿਚ ਓਪਰੀ ਬੋਲੀ ਦੇ ਅਜੇਹੇ ਸ਼ਬਦ ਮੌਜੂਦ ਹਨ ਜਿਹੜੇ ਅਰਬੀ ਭਾਸ਼ਾ ਵਿਚ ਆ ਕੇ ਵਰਤੇ ਜਾਣ ਲੱਗ ਪਏ ਸਨ ਅਤੇ ਆਪਣਾ ਪਹਿਲਾ ਰੂਪ ਬਦਲ ਕੇ ਅਰਬੀ ਭਾਸ਼ਾ ਦੇ ਸ਼ਬਦ ਬਣੇ ਹੋਏ ਸਨ। ਹਾਫ਼ਿਜ਼ ਇਬਨ ਹਜਰ ਅਤੇ ਹਾਫ਼ਿਜ਼ ਸੇਉਤੀ ਨੇ ਕੁਰਾਨ ਪਾਕ ਦੇ ਇਸ ਕਿਸਮ ਦੇ ਸ਼ਬਦ ਇਕੱਤਰ ਕੀਤੇ ਹਨ। ਅਸਾਂ ਹਿੰਦੀਆਂ ਨੂੰ ਵੀ ਮਾਣ ਹੈ ਕਿ ਸਾਡੇ ਦੇਸ ਦੇ ਵੀ ਕੁਝ ਸ਼ਬਦ ਅਜੇਹੇ ਸੁਭਾਗੇ ਹਨ ਜੋ ਏਸ ਪਾਕ ਅਤੇ ਪਵਿੱਤਰ ਪੁਸਤਕ ਵਿਚ ਜਗ੍ਹਾ ਪਾ ਸਕੇ ਹਨ। ਪਹਿਲੇ ਆਲਮਾਂ ਨੇ ਜਿਨ੍ਹਾਂ ਸ਼ਬਦਾਂ ਦਾ ਹਿੰਦੀ ਹੋਣਾ ਪਰਗਟ ਕੀਤਾ ਸੀ ਉਹ ਬੇਅਰਥ ਤੇ ਬੇਥਵੇ ਸਨ, ਜਿਵੇਂ 'ਅਬਲਈ' ਬਾਰੇ ਇਹ ਕਹਿਣਾ ਕਿ ਹਿੰਦੀ ਵਿਚ ਏਸ ਦੇ ਅਰਥ 'ਪੀਣ' ਦੇ ਹਨ ਜਾਂ 'ਤੂਬਾ' ਨੂੰ ਹਿੰਦੀ ਆਖਣਾ, ਜਿਵੇਂ ਸਈਦ ਬਿਨ ਜ਼ਿਬੀਰ ਤੋਂ ਰਵਾਇਤ ਹੈ*। ਪਰ ਏਸ ਗੱਲ ਵਿਚ ਸ਼ਕ ਨਹੀਂ ਕਿ 'ਜੰਨਤ' ਦੀ ਤਰੀਫ਼ ਵਿਚ ਇਸ 'ਜੰਨਤ ਨਿਸ਼ਾਂ' ਮੁਲਕ ਦੀਆਂ ਤਿੰਨ ਖ਼ੁਸ਼ਬੂਆਂ ਅਥਵਾ ਮਿਸਕ

*ਵੇਖੋ ਅਲ-ਇਤਕਾਨ ਫ਼ੀ ਉਲੂਮੁਲ ਕੁਰਾਨ ਨੌਅ ੩੮

(ਮੁਸ਼ਕ) ਜੰਜਬੀਲ (ਸੁੰਢ ਜਾਂ ਅਦਰਕ) ਅਤੇ ਕਾਫ਼ੂਰ (ਕਪੂਰ) ਦਾ ਵੇਰਵਾ ਜ਼ਰੂਰ ਹੈ।

ਅਰਬਾਂ ਦੀ ਹਿੰਦੁਸਤਾਨ ਨਾਲ ਤਜਾਰਤਾ ਦੀ ਪਰਾਚੀਨਤਾ ਬਾਰੇ ਤੌਰਾਤ ਦੀ ਸਾਖੀ

ਉੱਪਰ ਦੇ ਬਿਆਨਾਂ ਤੇ ਸ਼ਬਦਾਂ ਦੀ ਨਿਰੁਕਤੀ ਨੂੰ ਸਾਹਮਣੇ ਰਖਦਿਆਂ ਹੋਇਆਂ, ਤੌਰਾਤ ਦੇ ਇਨ੍ਹਾਂ ਭਿੰਨ ਭਿੰਨ ਹਵਾਲਿਆਂ ਤੇ ਧਿਆਨ ਦਿਓ। ਮਸੀਹ ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ ਜਿਹੜੇ ਅਰਬ ਵਪਾਰੀ ਕਈ ਵੇਰੀ ਮਿਸਰ ਨੂੰ ਜਾਂਦੇ ਦਿਸਦੇ ਹਨ ਉਨ੍ਹਾਂ ਦਾ ਸਮਿਆਨ ਇਹ ਸੀ–ਬਲਸਾਨ, ਸਨੌਬਰ ਅਤੇ ਹੋਰ ਸੁਗੰਧ ਵਾਲੀਆਂ ਵਸਤਾਂ*। ਯਮਨ ਦੀ ਮਲਕਾ ਹਜ਼ਰਤ ਸੁਲੇਮਾਨ ਲਈ ਜੋ ਤੁਹਫ਼ਾ ਸੰਨ ੬੫੦ ਈ. ਪੂ. ਵਿਚ ਸ਼ਾਮ ਲਿਆਈ ਸੀ, ਉਹ ਵੀ "ਸੁਗੰਧ ਵਾਲੀਆਂ ਚੀਜ਼ਾਂ, ਢੇਰ ਸੋਨਾ ਅਤੇ ਵਡਮੁੱਲੇ ਜਵਾਹਰਾਤ" (ਸਨ)† ਹਜ਼ਕਿਆਲ ਨਬੀ ਸੰਨ ੫੨੮ ਈ. ਪੂ. ਦੇ ਸਮੇਂ ਵਿਚ ਓਜ਼ਾਲ (ਯਮਨ) ਤੋਂ ਅਸਪਾਤ, ਤੇਜਪਾਤ ਅਤੇ ਮਸਾਲਾ, ਅਰਬ ਲੋਕ ਹੀ ਸ਼ਾਮ ਦੇਸ ਨੂੰ ਲੈ ਜਾਂਦੇ ਸਨ। ਹਜ਼ਕਿਆਲ ਨਬੀ ਆਖਦੇ ਹਨ ਕਿ "ਓਜ਼ਾਲ (ਯਮਨ) ਤੋਂ ਤਬਰੇ ਬਾਜ਼ਾਰ ਵਿਚ ਆਬਦਾਰ ਫ਼ੌਲਾਦ, ਤੇਜਪਾਤ ਅਤੇ ਮਸਾਲਾ ਵੇਚਣ ਆਉਂਦੇ ਹਨ"‡ ਇਹ ਗੱਲ ਚੰਗੀ ਤਰ੍ਹਾਂ ਮਲੂਮ ਹੈ ਕਿ ਲੋਬਾਣ ਅਤੇ ਭਾਂਤ ਭਾਂਤ ਦੇ ਸੁਗੰਧੀ ਵਾਲੇ ਫੁਲ ਖੁਦ ਯਮਨ ਵਿਚ ਪੈਦਾ ਹੁੰਦੇ ਸਨ ਪਰ ਆਬਦਾਰ ਫ਼ੌਲਾਦ (ਤਲਵਾਰ) ਤੇਜਪਾਤ ਅਤੇ ਮਸਾਲਿਆਂ ਦਾ ਦੇਸ ਹਿੰਦੁਸਤਾਨ ਹੀ ਸੀ ਅਤੇ ਹੁਣ ਵੀ ਤਲਵਾਰ, ਤੇਜਪਾਤ ਅਤੇ ਮਸਾਲਿਆਂ ਦਾ ਦੇਸ ਓਹੀ ਹੀ ਹੈ। ਇਸ ਤੋਂ ਸਾਫ਼ ਪਰਗਟ ਹੁੰਦਾ ਹੈ ਕਿ ਅਰਬਾਂ ਦੇ ਹਿੰਦ ਨਾਲ ਤਜਾਰਤੀ ਸਬੰਧ ਮਸੀਹ ਤੋਂ ਘੱਟੋ ਘਟ ਦੋ ਹਜ਼ਾਰ ਵਰ੍ਹੇ ਪਹਿਲੋਂ ਦੇ ਹਨ।

---

*ਰਚਨਾ: ੩੭: ੨੬

†ਦੂਜੇ ਦਿਨ ੯: ੯

‡ਹਜ਼ਕਿਆਲ ੨੭: ੧੯

ਅਰਬ ਯਾਤਰੂਆਂ ਦੇ ਦ੍ਰਿਸ਼ਟੀ ਕੋਣ ਤੋਂ ਹਿੰਦੁਸਤਾਨ ਦੀ ਪੈਦਾਵਾਰ ਤੇ ਵਪਾਰ

ਅਰਬ ਯਾਤਰੂਆਂ ਦੀਆਂ ਨਜ਼ਰਾਂ ਵਿਚ ਭਾਰਤੀ ਫਲਾਂ ਵਿਚੋਂ ਸਭ ਤੋਂ ਪਹਿਲੀ ਚੀਜ਼ 'ਗਰੀ' ਹੈ। ਨੌਵੀਂ ਸਦੀ ਈਸਵੀ ਦਾ ਅਰਬ ਯਾਤਰੂ ਅਬੂਜ਼ੈਦ ਆਖਦਾਂ ਹੈ ਕਿ "ਉੱਮਾਨ ਦੇ ਅਰਬ ਇਉਂ ਕਰਦੇ ਹਨ ਕਿ ਉਹ ਉਨ੍ਹਾਂ ਥਾਵਾਂ ਤੇ ਜਿਥੇ 'ਗਰੀ' ਹੁੰਦੀ ਹੈ ਤਖਾਣਾਂ ਵਾਲੇ ਸੰਦ ਲੈ ਕੇ ਚਲੇ ਜਾਂਦੇ ਹਨ। ਪਹਿਲਾਂ ਉਹ ਗਰੀ ਦੇ ਬ੍ਰਿਛ ਨੂੰ ਵੱਢ ਕੇ ਸੁਟ ਦਿੰਦੇ ਹਨ ਤਾਕਿ ਸੁੱਕ ਜਾਵੇ। ਜਦੋਂ ਉਹ ਸੁੱਕ ਜਾਂਦਾ ਹੈ ਤਾਂ ਇਸ ਦੀਆਂ ਫੱਟੀਆਂ ਚੀਰ ਲੈਂਦੇ ਹਨ ਅਤੇ ਗਰੀ ਦੇ ਰੇਸ਼ਿਆਂ ਨੂੰ ਵੱਟ ਕੇ ਰਸੀ ਤਿਆਰ ਕਰਦੇ ਹਨ ਅਤੇ ਏਸੇ ਨਾਲ ਫਟੀਆਂ ਨੂੰ ਸੀਂਉ ਕੇ ਕਿਸ਼ਤੀ ਤਿਆਰ ਕਰਦੇ ਹਨ। ਏਸੇ ਦਾ ਮਸਤੌਲ ਬਣਾਉਂਦੇ ਹਨ ਏਸ ਦੇ ਝੌਂਝੇ ਨੂੰ ਬੁਣ ਕੇ ਪਾਲ (ਬਾਦਬਾਨ) ਤਿਆਰ ਕਰਦੇ ਹਨ। ਜਦੋਂ ਏਹ ਜਹਾਜ਼ ਬਣ ਕੇ ਤਿਆਰ ਹੋ ਜਾਂਦੇ ਹਨ ਤਾਂ ਫ਼ੇਰ ਉਨ੍ਹਾਂ ਵਿਚ ਗਰੀ ਭਰਦੇ ਹਨ ਅਤੇ ਉੱਮਾਨ ਲੈ ਆਉਂਦੇ ਹਨ। ਇਸ ਤਰੀਕੇ ਨਾਲ ਬੜਾ ਧਨ ਕਮਾਉਂਦੇ ਹਨ"।*

ਗਰੀ ਪਿਛੋਂ ਅਰਬ ਯਾਤਰੂ ਨਿੰਬੂ ਅਤੇ ਅੰਬ ਦਾ ਨਾਂ ਬੜੀ ਹੈਰਾਨੀ ਨਾਲ ਲੈਂਦੇ ਹਨ। ਇਬਨ ਹੌਕਲ (ਸੰਨ ੩੫੦ ਹਿ.) ਸਿੰਧ ਦਾ ਵਰਨਣ ਕਰਦਾ ਹੋਇਆ ਆਖਦਾ ਹੈ "ਉਨ੍ਹਾਂ ਦੇ ਦੇਸ ਵਿਚ ਸੇਉ ਦੇ ਬਰਾਬਰ ਇਕ ਫਲ ਹੁੰਦਾ ਹੈ ਜਿਸ ਨੂੰ 'ਨਿੰਬੂ' ਆਖਦੇ ਹਨ। ਇਹ ਬੜਾ ਖੱਟਾ ਹੁੰਦਾ ਹੈ ਇਕ ਹੋਰ ਮੇਵਾ ਉਨ੍ਹਾਂ ਦੇ ਦੇਸ ਵਿਚ ਹੁੰਦਾ ਹੈ ਜਿਹੜਾ ਸ਼ਫਤਾਲੂ (ਆੜੂ) ਵਰਗਾ ਹੁੰਦਾ ਹੈ ਉਸ ਦਾ ਨਾਂ 'ਅੰਬਜ' ਅਥਵਾ ਅੰਬ ਹੈ। ਏਸ ਦਾ ਸੁਆਦ ਵੀ ਸ਼ਫਤਾਲੂ (ਆੜੂ) ਨਾਲ ਮਿਲਦਾ ਜੁਲਦਾ ਹੁੰਦਾ ਹੈ"।†

ਅੰਬ ਦੇ ਹਿੰਦੀ ਸ਼ੁਕੀਨ ਚਰਾ ਅੰਬ ਦੀ

*ਅਬੂਜ਼ੈਦ ਪੰ. ੧੩੧

†ਇਬਨ ਹੌਕਲ ਪੰ. ੨੨੮

ਏਸ ਅਰਬੀ ਕਦਰਦਾਨੀ ਵੱਲ ਵੀ ਤੱਕਣ ਦੀ ਖੇਚਲ ਕਰਨ।

ਮਸਊਦੀ ਦਾ ਬਿਆਨ ਹੈ ਕਿ "ਨਰੰਗੀ ਅਤੇ ਨਿੰਬੂ ਵੀ ਹਿੰਦੁਸਤਾਨ ਦੀਆਂ ਖ਼ਾਸ ਚੀਜਾਂ ਹਨ। ਇਹ ਅਰਬ ਵਿਚ ਤੀਜੀ ਸਦੀ ਹਿਜਰੀ ਵਿਚ ਹਿੰਦੁਸਤਾਨੋਂ ਲਿਆਏ ਗਏ ਸਨ। ਇਹ ਪਹਿਲਾਂ ਉੱਮਾਨ ਫੇਰ ਉਥੋਂ ਇਰਾਕ ਤੇ ਸ਼ਾਮ ਤੀਕ ਪੁਜੇ, ਏਥੋਂ ਤੀਕ ਕਿ ਇਹ ਸ਼ਾਮ ਦੇ ਸਮੁੰਦਰੀ ਕੰਢੇ ਦੇ ਸ਼ਹਿਰਾਂ ਅਤੇ ਮਿਸਰ ਵਿਚ ਘਰ ਘਰ ਫੈਲ ਗਏ" ਪਰ ਉਨ੍ਹਾਂ ਵਿਚ ਮਸਊਦੀ ਦੇ ਕਥਨ ਅਨੁਸਾਰ ਹਿੰਦੁਸਤਾਨ ਵਾਲਾ ਸੁਆਦ ਨਹੀਂ*

ਇਬਨ ਹੌਕਲ (ਸੰਨ ੩੫੦ ਹਿ.) ਸਿੰਧ ਅਤੇ ਗੁਜਰਾਤ ਦੀ ਪੈਦਾਵਾਰ ਤੇ ਵਪਾਰ ਦਾ ਇਹ ਹਾਲ ਬਿਆਨ ਕਰਦਾ ਹੈ:

ਮਨਸੂਰਾ, ਜਿਸ ਦਾ ਪੁਰਾਣਾ ਨਾਂ ਬ੍ਰਹਮਣਾਬਾਦ ਹੈ, ਏਥੇ ਨਿੰਬੂ ਅਤੇ ਅੰਬ ਹਨ। ਗੰਨੇ ਵੀ ਹਨ। ਭਾ ਸਸਤੇ ਹਨ। ਹਰਿਆਈ ਵੀ ਹੈ।

ਅਲੋਰ, ਮੁਲਤਾਨ ਜਿੱਡਾ ਵੱਡਾ ਹੈ, ਸ਼ਹਿਰ ਦੁਆਲੇ ਕੰਧ ਹੈ। ਸਿੰਧ ਦਰਿਆ ਦੇ ਕੰਢੇ ਹੈ। ਬਹੁਤ ਹਰਾ ਭਰਾ ਹੈ ਅਤੇ ਤਕੜਾ ਵਪਾਰ ਕੇਂਦਰ ਹੈ।

ਦੈਬਲ, ਸਿੰਧ ਦਰਿਆ ਦੇ ਪੂਰਬ ਵਲ ਸਮੁੰਦਰ ਤੇ ਹੈ। ਬਹੁਤ ਵੱਡੀ ਮੰਡੀ ਹੈ। ਭਾਂਤ ਭਾਂਤ ਦਾ ਵਪਾਰ ਏਥੇ ਹੁੰਦਾ ਹੈ। ਦੈਬਲ ਏਸ ਦੇਸ ਦੀ ਬੰਦਰਗਾਹ ਹੈ। ਅਨਾਜ ਵੀ ਹੁੰਦੇ ਹਨ। ਏਥੇ ਵਸੋਂ ਕੇਵਲ ਤਜਾਰਤ ਤੇ ਵਪਾਰ ਕਰਕੇ ਹੈ।

ਕਾਹਮਲ, ਕਾਹਮਲ ਤੋਂ ਮਕਰਾਨ ਤਕ ਬੁੱਧਾਂ ਤੇ ਮੀਦੀਆ ਦਾ ਮੁਲਕ ਹੈ। ਏਥੇ ਦੋ ਕੁਹਾਂਡਾਂ ਵਾਲੇ ਊਂਠ ਹੁੰਦੇ ਹਨ ਜਿਨ੍ਹਾਂ ਦੀ ਨਸਲ ਲੈਣ ਕਰਕੇ ਖੁਰਾਸਾਂ ਅਤੇ ਫ਼ਾਰਸ ਵਿਚ ਬੜੀ ਕਦਰ ਹੈ

ਕੰਦਾਬੀਲ, ਇਹ ਬੁਧਾਂ ਦਾ ਤਜਾਰਤੀ ਸ਼ਹਿਰ ਹੈ। ਮਕਾਨ ਛਪਰਾਂ ਤੇ ਝੋਪੜੀਆਂ ਦੇ ਹਨ।

ਜੈਮੂਰ ਅਤੇ ਖੰਬਾਇਤ (ਗੁਜਰਾਤ ਅਤੇ ਕਾਠੀਆਵਾੜ) ਏਥੇ ਵਧੇਰੇ ਕਰਕੇ ਚਾਉਲ ਹੁੰਦਾ ਹੈ। ਮਾਖਿਉਂ ਵੀ ਮਿਲਦਾ ਹੈ।

*ਮਰੂਜੁਜ਼ਹਬ ਜਿ. ੨ ਪੰ. ੪੩੮ ਯੂਰਪ

ਕਲਵਾਨ, ਏਥੇ ਅਨਾਜ ਦੀ ਬਹੁਲਤਾ ਹੈ। ਫਲ ਘਟ ਹਨ। ਜਾਨਵਰ ਤੇ ਡੰਗਰ ਵਧੇਰੇ ਹਨ।

ਕੀਜ਼ਕਾਨਾਨ,(ਕਜ਼ਦਾਰ ਦੀ ਰਾਜਧਾਨੀ) ਏਥੇ ਮੰਦਾ ਹੈ। ਅੰਗੂਰ ਅਨਾਰ ਤੇ ਸਰਦਾ ਮੇਵੇ ਹੁੰਦੇ ਹਨ। ਖਜੂਰਾਂ ਨਹੀਂ ਹੁੰਦੀਆਂ।

ਕੰਜ਼ਪੂਰ, ਮਕਰਾਨ ਦਾ ਸਭ ਤੋਂ ਵੱਡਾ ਸ਼ਹਿਰ ਹੈ। ਏਥੇ ਗੰਨੇ, ਛੁਹਾਰੇ ਅਤੇ ਫਾਨੀਜ਼ (ਇਕ ਕਿਸਮ ਦਾ ਹਲਵਾ) ਬਣਦਾ ਹੈ ਜੋ ਏਥੋਂ ਸਾਰੀ ਦੁਨੀਆ ਵਿਚ ਜਾਂਦਾ ਹੈ।

ਕੰਦਾਬੀਲ -- ਇਹ ਹਿੰਦੁਸਤਾਨ ਦੇ ਗ਼ੱਲੇ ਦੀ ਬੜੀ ਮੰਡੀ ਹੈ।

ਇਸ ਪਿਛੋਂ ਵਸ਼ਾਰੀ ਮੁਕੱਦਸੀ (ਸੰਨ ੩੭੫ ਹਿ.) ਦਾ ਬਿਆਨ ਬਹੁਤ ਵਿਆਖਿਆ ਸਹਿਤ ਹੈ ਉਹ ਇਕ ਇਕ ਸ਼ਹਿਰ ਦਾ ਹਾਲ ਬਿਆਨ ਕਰਦਾ ਹੈ।

ਵੈਹੰਸਦ-ਇਹ ਮਨਸੂਰਾ ਤੋਂ ਵੱਡਾ ਸ਼ਹਿਰ ਹੈ। ਬੜਾ ਸਾਫ਼ ਸੁਥਰਾ ਸ਼ਹਿਰ ਹੈ। ਬੜੇ ਅਛੇ ਫਲ, ਵੱਡੇ ਵੱਡੇ ਦਰਖ਼ਤ ਹਨ, ਭਾ ਸਸਤੇ ਹਨ। ਮਾਖਿਉਂ ਇਕ ਦਿਰਹਮ ਦਾ ਤਿੰਨ ਮਣ (ਅਰਬੀ ਵਿਚ ਮਣ ਬਹੁਤ ਛੋਟਾ ਹੁੰਦਾ ਹੈ) ਰੋਟੀ ਤੇ ਦੁਧ ਦੇ ਸਸਤੇ ਭਾ ਦੀ ਕੁਝ ਨਾ ਪੁੱਛੋ। ਅਖਰੋਟ ਤੇ ਬਦਾਮ ਦੇ ਦਰਖ਼ਤ ਬਹੁਤ ਹਨ।

ਕਨੌਜ-(ਮੁਲਤਾਨ ਕੋਲ)ਬੜਾ ਸ਼ਹਿਰ ਹੈ। ਸ਼ਹਿਰ ਉਦਾਲੇ ਸ਼ਹਿਰ ਪਨਾਹ ਹੈ। ਏਥੇ ਗੋਸ਼ਤ ਬਹੁਤ ਸਸਤਾ ਹੈ। ਬਾਗ਼ ਬਹੁਤ ਹਨ। ਮੰਡੀ ਬੜੀ ਲਾਹੇਵੰਦ ਹੈ। ਕੇਲੇ ਏਥੇ ਸਸਤੇ ਹਨ, ਪਰ ਕਣਕ ਬਹੁਤ ਘਟ ਹੈ। ਲੋਕਾਂ ਦੀ ਖ਼ੁਰਾਕ ਜਿਆਦਾ ਕਰਕੇ ਚਾਉਲ ਹੈ।

ਮੁਲਤਾਨ-- ਮਨਸੂਰਾ ਦੇ ਬਰਾਬਰ ਵੱਡਾ ਹੈ। ਪਰ ਓਥੋਂ ਨਾਲੋਂ ਵਧ ਏਥੇ ਫਲ ਨਹੀਂ, ਹਾਂ ਮੰਦਾ ਉਥੋਂ ਨਾਲੋਂ ਵਧ ਹੈ। ਰੋਟੀ ਇਕ ਦਿਰਹਮ ਦੀ ੩੦ ਮਣ, ਫ਼ਾਨੀਜ਼ ਹਲਵਾ ਇਕ ਦਿਰਹਮ ਦਾ ੩ ਮਣ ਵਿਕਦਾ ਹੈ। ਏਥੋਂ ਦੇ ਵਪਾਰੀ ਸੌਦੇ ਵਿਚ ਝੂਠ ਨਹੀਂ ਬੋਲਦੇ। ਏਥੋਂ ਦੇ ਵਪਾਰ

ਦਾ ਹਾਲ ਬਹੁਤ ਚੰਗਾ ਹੈ।

ਤੂਰਾਨ ਤੋਂ ਫ਼ਾਨੀਜ਼ ਹਲਵਾ, ਸਿੰਦਾਨ ਤੋਂ ਚਾਉਲ ਅਤੇ ਕਪੜੇ ਦਸੌਰ ਜਾਂਦੇ ਹਨ। ਸਾਰੇ ਸਿੰਧ ਵਿਚ ਫ਼ਰਸ਼ੀ ਦਰੀਆਂ ਬਹੁਤ ਚੰਗੀਆਂ ਤਿਆਰ ਹੁੰਦੀਆਂ ਹਨ। ਬਰੀਕ ਕਪੜੇ ਤੇ ਗਰੀ ਅਤੇ ਮਨਸੂਰਾ ਤੋਂ, ਖੰਬਾਇਤ ਦੀਆਂ ਬਣੀਆਂ ਹੋਈਆਂ ਜੁਤੀਆਂ, ਸਿੰਧ ਤੋਂ ਹਾਥੀ ਤੇ ਹਾਥੀ ਦੰਦ ' ਤੇ ਹੋਰ ਵਡਮੁੱਲੀਆਂ ਚੀਜ਼ਾਂ ਅਤੇ ਵਧੀਆ ਦਵਾਈਆਂ ਦਸੌਰ ਜਾਂਦੀਆਂ ਹਨ। ਏਥੋਂ ਦੀ ਖ਼ਾਸ ਪੈਦਾਵਾਰ ਦੋ ਫਲ ਹਨ। ਇਕ ਦਾ ਨਾਂ ਨਿੰਬੂ ਹੈ ਅਤੇ ਦੂਜੇ ਦਾ ਅੰਬ ਜੋ ਬਹੁਤ ਸੁਆਦੀ ਹੁੰਦਾ ਹੈ। ਪੂਰਬ ਅਤੇ ਫ਼ਾਰਸ ਵਿਚ ਜੋ ਉਮਦਾ ਬੁਖ਼ਤੀ ਊਂਠ ਹੁੰਦੇ ਹਨ, ਉਹ ਸਿੰਧੀ ਊਂਠਾਂ ਦੀ ਨਸਲ ਲੈ ਕੇ ਹੀ ਪੈਦਾ ਕੀਤੇ ਜਾਂਦੇ ਹਨ। ਇਨ੍ਹਾਂ ਸਿੰਧੀ ਊਂਠਾਂ ਦੇ, ਜਿਨ੍ਹਾਂ ਨੂੰ ਪਾਲਾ (ਫ਼ਾਲਿਜ) ਆਖਦੇ ਹਨ, ਦੋ ਕੁਹਾਂਡ ਹੁੰਦੇ ਹਨ। ਇਹ ਇੰਨੇ ਕੀਮਤੀ ਹੁੰਦੇ ਹਨ ਕਿ ਦੂਜੇ ਦੇਸਾਂ ਵਿਚ ਕੇਵਲ ਬਾਦਸ਼ਾਹਾਂ ਦੀ ਸਵਾਰੀ ਦੇ ਹੀ ਕੰਮ ਆਉਂਦੇ ਹਨ। ਏਸੇ ਤਰ੍ਹਾਂ ਖੰਬਾਇਤ ਦੀਆਂ ਜੁਤੀਆਂ ਦੀ ਵੀ ਕਦਰ ਹੈ।*

ਮਸਊਦੀ ਨੇ ਹਿੰਦੁਸਤਾਨ ਦੇ ਮੋਰਾਂ ਦੀ ਸਿਫ਼ਤ ਕੀਤੀ ਹੈ ਅਤੇ ਲਿਖਿਆ ਹੈ ਕਿ "ਭਾਵੇਂ ਹਿੰਦੁਸਤਾਨ ਤੋਂ ਲਿਜਾ ਕੇ ਇਰਾਕ ਆਦਿ ਵਿਚ ਮੋਰਾਂ ਦੀ ਨਸਲ ਤਿਆਰ ਹੋਈ ਹੈ ਪਰ ਹਿੰਦੁਸਤਾਨ ਵਾਲਾ ਕਦ ਕਾਠ ਤੇ ਰੰਗ ਰੂਪ ਇਨ੍ਹਾਂ ਵਿਚ ਨਹੀਂ"।†

ਹਿੰਦੁਸਤਾਨ ਦੇ ਬਰੀਕ ਕਪੜਿਆਂ ਦੀ ਹਮੇਸ਼ਾਂ ਤੋਂ ਸਿਫ਼ਤ ਹੁੰਦੀ ਰਹੀ ਹੈ ਅਤੇ ਹਰ ਕੌਮ ਦੇ ਲੋਕਾਂ ਦੇ ਬਿਆਨਾਂ ਤੋਂ ਏਸ ਦਾ ਸਬੂਤ ਮਿਲਦਾ ਹੈ ਕਿ ਏਥੇ ਬਹੁਤ ਬਰੀਕ ਕਪੜੇ ਬੁਣੇ ਜਾਂਦੇ ਸਨ। ਕਿਹਾ ਜਾਂਦਾ ਹੈ ਕਿ ਮਿਸਰੀ ਮਮੀਆਂ, ਜਿਨ੍ਹਾਂ ਬਰੀਕ ਕਪੜਿਆਂ ਵਿਚ ਲਪੇਟੀਆਂ ਹੋਈਆਂ

*ਅਰਸਨੁੱ ਤਕਾਸੀਮ ਫ਼ੀ ਮਾਰਫ਼ਤੁਲ ਅਕਾਲੀਮ ਦੁਸ਼ਾਰੀ ਮਕਦਸੀ ਪੰਨਾ ੪੭੪-੪੮੨ (ਲੀਡਨ)

†ਮਰੂਜੁਜ਼ੱਹਬ ਜਿਲਦ ੨ ਪੰਨਾ ੪੩੮ (ਲੀਡਨ)

ਮਿਲਦੀਆਂ ਹਨ, ਉਨ੍ਹਾਂ ਦੀ ਬਣਤਰ ਹਿੰਦੁਸਤਾਨੀ ਹੀ ਹੈ। ਇਹ ਤਾਂ ਹੋਇਆ ਇਕ ਅਨੁਮਾਨ ਪਰ ਅਠਵੀਂ ਸਦੀ ਈਸਵੀ ਦਾ ਇਕ ਅਰਬ ਯਾਤਰੂ, ਸੁਲੇਮਾਨ, ਹਿੰਦੁਸਤਾਨ ਦੇ ਇਕ ਅਸਥਾਨ ਬਾਰੇ ਲਿਖਦਾ ਹੈ ਕਿ "ਜਿਹੋ ਜਹੇ ਕਪੜੇ ਏਥੇ ਬੁਣੇ ਜਾਂਦੇ ਹਨ, ਉਹੋ ਜਹੇ ਕਿਤੇ ਹੋਰ ਨਹੀਂ ਬੁਣੇ ਜਾਂਦੇ। ਇਹ ਏਨੇ ਬਰੀਕ ਹੁੰਦੇ ਹਨ ਕਿ ਇਕ 'ਪੂਰਾ ਕਪੜਾ' ਜਾਂ (ਥਾਨ) ਇਕ ਮੁੰਦਰੀ ਵਿਚ ਆ ਜਾਂਦਾ ਹੈ। ਇਹ ਕਪੜੇ ਸੂਤੀ ਹੁੰਦੇ ਹਨ ਅਸਾਂ ਆਪਣੀ ਅਖੀਂ ਇਹ ਕਪੜੇ ਵੇਖੇ ਹਨ"।*

ਅਰਬ ਗੈਂਡੇ ਦੇ ਸਿੰਗ ਵੀ ਏਥੋਂ ਚੀਨ ਲੈ ਜਾਂਦੇ ਸਨ। ਉਨ੍ਹਾਂ ਵਿਚ ਚਿਤਰ ਬਣ ਜਾਂਦੇ ਸਨ। ਉਨ੍ਹਾਂ ਦੀ ਪੇਟੀ ਬਣਦੀ ਸੀ ਜੋ ਇੰਨੀ ਵੱਡਮੁਲੀ ਹੁੰਦੀ ਸੀ ਕਿ ਚੀਨ ਵਿਚ ਇਕ ਇਕ ਦਾ ਮੁਲ ਦੋ ਦੋ ਤਿੰਨ ਤਿੰਨ ਹਜ਼ਾਰ ਅਸ਼ਰਫੀਆਂ ਹੁੰਦਾ ਸੀ।†

ਇਕ ਜਾਨਵਰ ਨੂੰ, ਜਿਸਦੇ ਮੁੜ੍ਹਕੇ ਤੋਂ ਖੁਸ਼ਬੂ ਕਢਦੇ ਸਨ ਅਰਬ ਵਪਾਰੀ ਹਿੰਦੁਸਤਾਨ ਤੋਂ ਮਰਾਕੂ ਲੈ ਜਾਂਦੇ ਸਨ ‡ ਕਾਲਾ ਲੂਣ ਵੀ ਹਿੰਦੁਸਤਾਨ ਤੋਂ ਬਾਹਰ ਜਾਂਦਾ ਸੀ।

ਪਾਨ (ਤੰਬੂਲ) ਦਾ ਵਿਆਖਿਆ ਸਹਿਤ ਬਿਆਨ ਅਰਬ ਯਾਤਰੂਆਂ ਵਿਚੋਂ ਮਸਊਦੀ ਨੇ ਕੀਤਾ ਹੈ। ਇਹ ਬਿਆਨ ਅਜ ਤੋਂ ਨੌਂ ਸੌ ਵਰ੍ਹੇ ਪਹਿਲਾਂ ਦਾ ਹੈ। ਉਸਨੇ ਆਖਿਆ ਹੈ। "ਪਾਨ (ਤੰਬੂਲ) ਇਕ ਕਿਸਮ ਦਾ ਪੱਤਾ ਹੁੰਦਾ ਹੈ ਜੋ ਹਿੰਦੁਸਤਾਨ ਵਿਚ ਪੈਦਾ ਹੁੰਦਾ ਹੈ। ਇਸ ਨੂੰ ਚੂਨਾ ਤੇ ਸਪਾਰੀ ਮਿਲਾ ਕੇ ਜਦੋਂ ਚਬਦੇ ਹਨ ਤਾਂ ਅਨਾਰ ਦੇ ਦਾਨਿਆਂ ਵਾਂਙੂ ਦੰਦ ਲਾਲ ਹੋ ਜਾਂਦੇ ਹਨ ਅਤੇ ਮੂੰਹ ਖੁਸ਼ਬੂਦਾਰ ਹੋ ਜਾਂਦਾ ਹੈ। ਦਿਲ ਵਿਚ ਖੇੜਾ ਆਉਂਦਾ ਹੈ। ਹਿੰਦੁਸਤਾਨ ਵਾਲੇ ਚਿਟੇ ਦੰਦਾਂ ਨੂੰ ਅਤੇ ਜੋ ਪਾਨ

---

*ਸਫ਼ਰਨਾਮਾ ਸੁਲੇਮਾਨ ਤਾਜਰ ਪੰ. ੩੦ (ਪੈਰਸ)

† " " " " ੩੧

‡ਤੁਹਫਾਤੁਲ ਅਹਬਾਬ ਅਬੂ ਹਾਮਿਦ ਗ਼ਰਨਾਤੀ ਪੰ. ੪੯ (ਪੈਰਸ)

§ਮਫਾਤੀਹੁਲ ਉਲੂਮ, ਖ਼ਵਾਰਜ਼ਮੀ ਪੰਨਾ ੨੫੯ (ਲੀਡਨ)

ਨਹੀਂ ਖਾਂਦੇ ਉਨ੍ਹਾਂ ਨੂੰ ਪਸਿੰਦ ਨਹੀਂ ਕਰਦੇ" ਖ਼ੈਰ ਪਾਨ ਦਾ ਵਰਨਣ ਤਾਂ ਏਥੇ ਗੌਣ ਹੈ ਉਸ ਸਮੇਂ ਪਾਨ ਜਿਹੀ ਕੋਮਲ ਸ਼ੈ ਅਰਬ ਨਹੀਂ ਸੀ ਪਹੁੰਚ ਸਕਦੀ ਪਰ ਸਪਾਰੀਆਂ ਹਮੇਸ਼ਾਂ ਪਹੁੰਚਦੀਆਂ ਸਨ। ਸੰਨ ੩੦੫ ਹਿ. ਵਿਚ ਮਸਊਦੀ ਆਖਦਾ ਹੈ ਕਿ "ਹੁਣ ਅਜ ਕਲ੍ਹ ਯਮਨ ਤੇ ਹਿਜਾਜ਼ ਵਿਚ ਤੇ ਅੱਗੇ ਮੱਕੇ ਵਿਚ ਲੋਕ ਸਪਾਰੀਆਂ ਵੀ ਬੜੀ ਬਹੁਲਤਾ ਨਾਲ ਖਾਣ ਲਗ ਪਏ ਹਨ" * ਹੁਣ ਅਜ ਕਲ੍ਹ ਸਾਡੇ ਸਮੇਂ ਵਿਚ ਤਾਂ ਹਰੇ ਤਾਜ਼ੇ ਪਾਨ ਅਦਨ ਤਕ ਅਤੇ ਅੱਗੇ ਸੁਕੇ ਮੱਕੇ ਤੀਕ ਬਹੁਤ ਪਹੁੰਚਣ ਲੱਗ ਪਏ ਹਨ। ਇਹ ਹਿੰਦੁਸਤਾਨ ਦੀ ਵਜ਼ਾਦਾਰੀ ਦੀ ਬਰਕਤ ਹੈ। ਜੋ ਵੀ ਹੈ,ਸਪਾਰੀਆਂ ਹਿੰਦੁਸਤਾਨ ਤੋਂ ਅਰਬ ਉਸੇ ਸਮੇਂ ਤੋਂ ਜਾ ਰਹੀਆਂ ਹਨ। ਅਰਬ ਵਿਚ ਰਾਸ ਕੁਮਾਰੀ ਦਾ ਊਦ (ਅਗਰ) ਮਸ਼ਹੂਰ ਸੀ ਅਤੇ ਏਥੋਂ ਹੀ ਜਾਂਦਾ ਸੀ† ਕਿਉਂਕਿ ਅਰਬ ਰਾਸ ਕੁਮਾਰੀ ਨੂੰ ਕਿਮਾਰ ਆਖਦੇ ਸਨ ਏਸ ਲਈ ਉਨ੍ਹਾਂ ਵਿਚ ਏਸ ਦਾ ਨਾਂ ਊਦ ਕਿਮਾਰੀ ਪਰਸਿੱਧ ਸੀ। ਕਸਤੂਰੀ ਤਿਬੱਤੋਂ ਲਿਆਉਂਦੇ ਸਨ‡ ਹੀਰਾ ਕਸ਼ਮੀਰ ਦੇ ਪਹਾੜ ਤੋਂ ਆਉਂਦਾ ਸੀ। §

ਹਿੰਦੁਸਤਾਨ ਵਿਚ ਸਮੁੰਦਰ ਰਾਹੀਂ ਆਉਣ ਵਾਲਾ ਮਾਲ

ਇਹ ਚੀਜ਼ਾਂ ਤਾਂ ਖੈਰ ਹਿੰਦੁਸਤਾਨੋਂ ਦਸੌਰ ਜਾਂਦੀਆਂ ਸਨ ਪਰ ਇਨ੍ਹਾਂ ਦੇ ਵਟਾਂਦਰੇ ਵਿਚ ਅਰਬ ਵਾਲੇ ਹਿੰਦੁਸਤਾਨ ਵਾਲਿਆਂ ਨੂੰ ਕੀ ਲਿਆ ਕੇ ਦਿੰਦੇ ਸਨ? ਟਾਪੂਆਂ ਵਾਲੇ ਤਾਂ ਆਪਣੀ ਲੋੜ ਦੀਆਂ ਚੀਜ਼ਾਂ ਲੈਂਦੇ ਸਨ, ਜਿਵੇਂ ਕਪੜੇ ਆਦਿ। ਕੁਝ ਟਾਪੂਆਂ ਬਾਰੇ ਅਰਬਾਂ ਨੇ ਲਿਖਿਆ ਹੈ ਕਿ ਉਥੋਂ ਦੇ ਲੋਕ ਨੰਗੇ ਰਹਿੰਦੇ ਹਨ ਉਹ ਕਪੜੇ ਨਹੀਂ ਲੈਂਦੇ ਸਗੋਂ ਲੋਹਾ ਲੈਂਦੇ ਹਨ। @

---

*ਮਰੂਜੁੱਜ਼ਹਬ ਜਿ. ੨ ਪੰਨਾ ੮੪ (ਪੈਰਸ)

†ਸਫਰਨਾਮਾ ਸੁਲੇਮਾਨ ਅਤੇ ਅਬੂਜ਼ੈਦ ਪੰਨਾ ੯੩, ੧੩੦

‡ " " " " " ੧੧੧

§ਅਜਾਇਬੁਲ ਹਿੰਦ ਬਜ਼ੁਰਗ ਪੰਨਾ ੧੨੮ (ਪੈਰਸ)

@ਸਫਰ ਨਾਮਾ ਸੁਲੇਮਾਨ ਤੇ ਅਬੂਜ਼ੈਦ ਪੰ. ੯

ਤੀਜੀ ਸਦੀ ਹਿਜਰੀ (ਨੌਵੀਂ ਸਦੀ ਈਸਵੀ) ਵਿਚ ਸਿੰਧ ਦੇ ਸੋਨੇ ਦੇ ਸਿੱਕਿਆਂ ਦੀ ਹਿੰਦੁਸਤਾਨ ਵਿਚ ਮੰਗ ਰਹਿੰਦੀ ਸੀ। ਓਥੋਂ ਦੀ ਇਕ ਇਕ ਅਸ਼ਰਫ਼ੀ ਏਥੇ ਤਿੰਨ ਤਿੰਨ ਅਸ਼ਰਫੀਆਂ ਵਿਚ ਚਲਦੀ ਸੀ। ਮਿਸਰ ਤੋਂ ਪੰਨੇ ਦੀ ਮੁੰਦਰੀ ਬਣ ਕੇ ਏਥੇ ਆਉਂਦੀ ਸੀ ਜੋ ਉਚੇਚ ਨਾਲ ਡਬੀਆਂ ਵਿਚ ਰੱਖੀ ਹੁੰਦੀ ਸੀ। ਮੂੰਗੇ ਅਤੇ ਇੱਕ ਹੋਰ ਮਮੂਲੀ ਪੱਥਰ ਦੀ, ਜਿਸ ਦਾ ਨਾਂ ਦੰਜ ਸੀ, ਏਥੇ ਮੰਗ ਸੀ* ਸ਼ਰਾਬ ਵੀ ਮਿਸਰੋਂ ਏਥੇ ਆਉਂਦੀ ਸੀ† ਰੂਮ ਤੋਂ ਰੇਸ਼ਮੀ ਕਪੜੇ, ਸਮੂਰ, ਪੋਸਤੀਨ ਤੇ ਤਲਵਾਰਾਂ ਆਉਂਦੀਆਂ ਸਨ‡ ਫ਼ਾਰਸ ਤੋਂ ਗੁਲਾਬ ਦਾ ਅਰਕ, ਜੋ ਬੜਾ ਪਰਸਿੱਧ ਸੀ ਹਿੰਦੁਸਤਾਨ ਆਉਂਦਾ ਸੀ§ ਬਸਰੇ ਤੋਂ ਦੈਬਲ (ਸਿੰਧ ਦੀ ਬੰਦਰਗਾਹ) ਵਿਚ ਖਜੂਰਾਂ ਆਉਂਦੀਆਂ ਸਨ @। ਕਾਟੋਮੰਡਲ ਵਿਚ ਅਰਬ ਤੋਂ ਘੋੜੇ ਆਉਂਦੇ ਸਨ ※।

ਕੀ ਹਿੰਦੁਸਤਾਨੀ ਵੀ ਜਹਾਜ਼ਰਾਨ ਸਨ ?

ਹਿੰਦੁਸਤਾਨ ਦੀ ਖ਼ੁਸ਼ਕੀ ਤੇ ਪਾਣੀ ਦੀ ਹਰ ਤਰ੍ਹਾਂ ਦੀ ਬਾਹਰੀ ਤਜਾਰਤ ਦੇ ਬਿਆਨ ਵਿਚ ਕਿਤੇ ਹਿੰਦੂਆਂ ਦਾ ਨਾਂ ਨਹੀਂ ਆਉਂਦਾ। ਨਾ ਹੀ ਹਿੰਦੂਆਂ ਦਾ ਨਾਂ ਸਮੁੰਦਰੀ ਸਫ਼ਰ ਕਰਨ ਵਾਲਿਆਂ ਅਤੇ ਜਹਾਜ਼ ਚਲਾਉਣ ਵਾਲਿਆਂ ਵਿਚ ਕਿਸੇ ਨੇ ਵਰਨਣ ਕੀਤਾ ਹੈ। ਯੂਨਾਨੀਆਂ ਤੋਂ ਲੈਕੇ ਅਰਬਾਂ ਤਕ ਦੇ ਇਤਿਹਾਸ, ਭੂਗੋਲ ਤੇ ਸਫ਼ਰ-ਨਾਮੇ ਇਸ ਤੋਂ ਖ਼ਾਲੀ ਹਨ। ਹਰ ਥਾਂ ਹਿੰਦੁਸਤਾਨ ਦੇ ਸਮੁੰਦਰੀ ਵਪਾਰੀਆਂ ਦੀ ਹੈਸੀਅਤ ਵਿਚ ਯੂਨਾਨੀਆਂ, ਰੂਮੀਆਂ ਅਤੇ ਅਰਬਾਂ ਹੀ ਦੇ ਨਾਂ ਆਉਂਦੇ ਹਨ।

*ਸਫਰਨਾਮਾ ਸੁਲੇਮਾਨ ਤੇ ਅਬੂਜ਼ੈਦ ਪੰ. ੧੪੫
†ਇਬਨ ਹੌਕਲ ਪੰ. ੨੩੧
‡ਇਬਨ ਖੁਰਦਾਜ਼ਬੇ ਪੰ. ੧੫੩ (ਲੀਡਨ)
§ਇਬਨ ਹੌਕਲ ਪੰ. ੨੧੩
@ਤਕਵੀਮੁਲਬੁਲਦਾਨ_ਅਬੁਲਫਿਦਾ ਪੰਨਾ ੩੪੯
※ ” ” ” ੩੫੫

ਏਥੋਂ ਤਕ ਕਿ ਮਾਰਕੋਪੋਲੋ ਦੇ ਸਫ਼ਰ ਨਾਮੇ ਵਿਚ ਵੀ ਅਰਬਾਂ ਦੇ ਹੀ ਨਾਂ ਹਨ। ਏਸੇ ਕਾਰਨ ਐਲਫ਼ਿਨਸਟਨ ਸਾਹਿਬ ਆਦਿ ਨੇ ਏਹ ਖਿਆਲ ਪਰਗਟ ਕੀਤਾ ਹੈ ਕਿ ਦਰਿਆ ਸਿੰਧ ਅਤੇ ਗੰਗਾ ਵਿਚ ਕਿਸ਼ਤੀ ਤੇ ਡੋਂਗੀ ਤੇ ਸਮੁੰਦਰ ਦੇ ਕੰਢੇ ਕੰਢੇ ਇਕ ਬੰਦਰਗਾਹ ਤੋਂ ਦੂਜੇ ਬੰਦਰਗਾਹ ਤਕ ਜਾਣ ਦੇ ਛੁਟ ਹਿੰਦੂਆਂ ਨੇ ਕਦੇ ਸਮੁੰਦਰ ਨੂੰ ਪਾਰ ਕਰਨ ਦੀ ਹਿੰਮਤ ਨਹੀਂ ਕੀਤੀ, ਏਥੋਂ ਤਕ ਕਿ ਸਿਕੰਦਰ ਦੇ ਸਮੇਂ ਵਿਚ ਵੀ ਸਿੰਧ ਦਰਿਆ ਵਿਚ ਯੂਨਾਨੀਆਂ ਨੂੰ ਨਾ ਤਾਂ ਕੋਈ ਜਹਾਜ਼ ਮਿਲੇ ਤੇ ਨਾ ਜਹਾਜ਼ ਚਲਾਉਣ ਵਾਲੇ। ਪਰ ਛੋਟੀਆਂ ਛੋਟੀਆਂ ਡੋਂਗੀਆਂ ਅਤੇ ਬੇੜੀਆਂ ਉੱਤੇ ਮਾਛੀ ਅਲਬਤਾ ਇਨ੍ਹਾਂ ਨੂੰ ਮਿਲਦੇ ਰਹੇ। ਹਾਂ ਕਾਰੋਮੰਡਲ ਦੇ ਲੋਕ ਨਿਰਸੰਦੇਹ ਜਾਵਾ ਦੀਪ ਵਿਚ ਜਾਣ ਦੀ ਹਿੰਮਤ ਕਰਸਕੇ।*

ਪਰ ਅਸੀਂ ਇਨ੍ਹਾਂ ਲੋਕਾਂ ਦੀ ਇਸ ਖੋਜ ਨਾਲ ਮਤ-ਭੇਦ ਰਖਦੇ ਹਾਂ। ਸਾਡਾ ਖਿਆਲ ਹੈ ਕਿ ਸਾਰੇ ਹਿੰਦੂ ਤਾਂ ਨਹੀਂ ਪਰ ਘਟੋ ਘਟ ਸਿੰਧ ਤੇ ਗੁਜਰਾਤ ਦੇ ਲੋਕਾਂ ਉੱਤੇ ਇਹ ਗੱਲ ਲਾਗੂ ਨਹੀਂ ਹੁੰਦੀ, ਸਗੋਂ ਮਨੂੰ ਜੀ ਦੇ ਸ਼ਾਸਤਰ ਵਿਚ ਇਕ ਅਜੇਹਾ ਵਾਕ ਆਉਂਦਾ ਹੈ ਜੋ ਇਸ ਗੱਲ ਨੂੰ ਪਰਗਟ ਕਰਦਾ ਹੈ ਕਿ ਉਸ ਸਮੇਂ ਦੇ ਹਿੰਦੂਆਂ ਵਿਚੋਂ ਕੁਝ ਲੋਕ ਅਜੇਹ ਸਨ ਜੋ ਸਮੁੰਦਰ ਦੇ ਸਫ਼ਰ ਤੋਂ ਵਾਕਫ਼ ਸਨ। ਉਹ ਵਾਕ ਇਹ ਹੈ:-†

समुद्र यान कुशल: देश कालार्थ दर्शिन:
स्थापत्ति तु यां वृद्धि सा तथाधिगम प्रति।

"ਸਮੁੰਦਰ ਦੇ ਰਸਤੇ ਵਿਚ ਸੁਖ ਸਾਂਤੀ, ਦੇਸ, ਸਮਾਂ ਅਤੇ ਅਰਥ ਇਨ੍ਹਾਂ ਚੋਹਾਂ ਦੇ ਜਾਨਣ ਵਾਲੇ ਜੋ ਵਿਆਜ ਠਹਿਰਾਉਣ ਓਹ ਵਿਆਜ ਲੈਣਾ ਚਾਹੀਦਾ ਹੈ"

(ਅਧਿਆਏ ੮: ੧੫੭)

ਯੂਨਾਨੀ ਇਤਿਹਾਸਕਾਰ ਏਰੀਯਨ (Arrian) ਸਿਕੰਦਰ ਦੇ ਵਿਰਤਾਂਤ ਵਿਚ ਦਸਦਾ ਹੈ ਕਿ "ਹਿੰਦੁਸਤਾਨ ਵਿਚ ਉਸ ਨੂੰ ਆਪਣੇ ਜਹਾਜ਼ ਆਪ

*ਐਲਫ਼ਿਨਸਟਨ ਦੀ ਤਾਰੀਖ਼ ਹਿੰਦ ਦਸਵਾਂ ਬਾਬ (ਤਜਾਰਤ)
†ਮਨੂੰ ਸ਼ਾਸਤਰ ਉਰਦੂ ਅਨੁਵਾਦ ਲਾਲਾ ਸੁਆਮੀ ਦਿਆਲ ਨਵਲ ਕਿਸ਼ੋਰ

ਤਿਆਰ ਕਰਵਾਉਣੇ ਪਏ"। ਪਰ ਨਾਲ ਲਗਦੇ ਇਹ ਵੀ ਲਿਖਦਾ ਹੈ ਕਿ "ਹਿੰਦੂਆਂ ਦੀ ਚੌਥੀ ਸ਼੍ਰੇਣੀ ਵਿਚ ਉਹ ਲੋਕ ਹਨ ਜੋ ਜਹਾਜ਼ ਬਣਾਉਂਦੇ ਹਨ, ਚਲਾਉਂਦੇ ਹਨ ਜਾਂ ਠੇਹਲਦੇ ਹਨ। (ਮਲਾਹ) ਅਜੇਹੇ ਹਨ ਜੋ ਦਰਿਆਵਾਂ ਨੂੰ ਪਾਰ ਕਰ ਲੈਂਦੇ ਹਨ"।*

ਯੂਨਾਨੀਆਂ ਦੇ ਇਕ ਬਿਆਨ ਤੋਂ ਮਲੂਮ ਹੰਦਾ ਹੈ ਕਿ ਲਾਲ ਸਾਗਰ ਦੇ ਮੁਹਾਣੇ ਦੇ ਇਕ ਟਾਪੂ ਵਿਚ, ਜੋ ਸ਼ਾਇਦ ਸਕੋਤਰਾ ਹੋਵੇ, ਅਰਬਾਂ ਤੇ ਯੂਨਾਨੀਆਂ ਦੇ ਕੋਲ ਕੁਝ ਹਿੰਦੂਆਂ ਦੀ ਵੀ ਵਸੋਂ ਸੀ।†

ਇਸ ਵਿਚ ਕਿਸੇ ਤਰ੍ਹਾਂ ਦਾ ਸ਼ਕ ਸ਼ੁਬਾ ਨਹੀਂ ਕਿ ਮਾਲਦੀਪ, ਲੰਕਾ, ਜਾਵਾ ਅਤੇ ਦੂਜੇ ਮਲਾਈ ਟਾਪੂਆਂ ਦੇ ਖ਼ਾਸੇ ਤਕੜੇ ਹਿੱਸੇ ਵਿਚ ਹਿੰਦੂ ਵਸੋਂ ਸੀ। ਉਨ੍ਹਾਂ ਦੀ ਰਹੁ ਰੀਤ ਅਤੇ ਧਰਮ ਕਰਮ ਸਗੋਂ ਬੋਲੀ ਤਕ ਤੋਂ ਹਿੰਦੂਪੁਣਾ ਪਰਗਟ ਹੁੰਦਾ ਹੈ। ਅਰਬ ਯਾਤਰੂਆਂ ਤੇ ਵਪਾਰੀਆਂ ਨੇ ਏਸੇ ਲਈ ਇਨ੍ਹਾਂ ਟਾਪੂਆਂ ਨੂੰ ਹਿੰਦੁਸਤਾਨ ਦਾ ਅੰਸ਼ ਨਿਸਚੇ ਕੀਤਾ ਅਤੇ ਏਸੇ ਹੈਸੀਅਤ ਨਾਲ ਉਨ੍ਹਾਂ ਦਾ ਵੇਰਵਾ ਦਿੱਤਾ, ਸਗੋਂ ਨੌਵੀਂ ਸਦੀ ਈਸਵੀ ਦਾ ਯਾਤਰੂ ਅਬੂਜ਼ੈਦ ਆਖਦਾ ਹੈ ਕਿ ਰਾਸ ਕੁਮਾਰੀ ਨੂੰ ਵੀ ਜਾਵਾ ਦੇ ਮਹਿਰਾਜ ਨੇ ਜਿੱਤ ਲਿਆ ਸੀ"।‡ ਇਹ ਗਲ ਖ਼ਾਸ ਧਿਆਨ ਯੋਗ ਹੈ ਕਿ ਅਰਬਾਂ ਨੇ ਜਾਵਾ ਦੇ ਬਾਦਸ਼ਾਹ ਨੂੰ ਹਮੇਸ਼ਾ 'ਮਹਿਰਾਜ' ਆਖਿਆ ਹੈ ਅਤੇ ਉਸ ਦੇ ਟਾਪੂਆਂ ਨੂੰ ਮਹਿਰਾਜ ਦਾ ਰਾਜਖੇਤਰ ਦਸਿਆ ਹੈ।

ਪਰ ਏਸ ਤੋਂ ਵਧ ਇਹ ਕਿ ਨੌਵੀਂ ਸਦੀ ਈਸਵੀ ਵਿਚ ਅਬੂਜ਼ੈਦ ਸੈਰਾਫ਼ੀ ਇਸ ਸਿਲਸਿਲੇ ਵਿਚ ਕਿ "ਹਿੰਦੁਸਤਾਨ ਵਾਲੇ ਨਾਲ ਮਿਲ ਕੇ ਨਹੀਂ ਖਾਂਦੇ" ਆਖਦਾ ਹੈ ਕਿ ਜਦੋਂ ਇਹ ਹਿੰਦੂ ਸੈਰਾਫ਼ (ਇਰਾਕ ਦੀ ਬੰਦਰਗਾਹ) ਆਉਂਦੇ ਹਨ ਅਤੇ ਕੋਈ (ਅਰਬ) ਸੁਦਾਗਰ ਇਨ੍ਹਾਂ ਨੂੰ ਰੋਟੀ ਵਰਜਦਾ ਹੈ ਤਾਂ ਉਹ ਕਦੇ ਸੌ ਤੇ ਕਦੇ ਸੌ ਤੋਂ ਵੱਧ ਗਿਣਤੀ ਵਿਚ ਹੁੰਦੇ ਹਨ, ਪਰ ਉਨ੍ਹਾਂ ਲਈ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਹਰੇਕ ਦੇ ਸਾਹਮਣੇ ਅੱਡ ਅੱਡ ਥਾਲੀ

---

*ਐਲਫਿਨਸਟਨ ਜਿ. ਪਹਿਲੀ ਪੰਨਾ ੧੯੨.

† ,, ,, ,, ੧੯੩.

‡ਅਬੂਜ਼ੈਦ ਪੰਨਾ ੯੭,

ਪਰੋਸੀ ਜਾਵੇ, ਜਿਸ ਵਿਚ ਕੋਈ ਹੋਰ ਨਾਂ ਖਾਵੇ"* ਏਸ ਵਾਕ ਤੋਂ ਇਹ ਸਾਫ਼ ਪਰਗਟ ਹੁੰਦਾ ਹੈ ਕਿ ਹਿੰਦੂ ਘਟ ਤੋਂ ਘਟ ਅਰਬ ਰਾਜ ਸਮੇਂ ਇਰਾਕ ਦੀ ਬੰਦਰਗਾਹ ਤੇ ਬਹੁਗਿਣਤੀ ਵਿਚ ਆਉਣ ਜਾਣ ਲਗ ਪਏ ਸਨ। ਹਿੰਦੂਆਂ ਦਾ ਹੇਠਲੇ ਕਸ਼ਮੀਰ (ਪੰਜਾਬ) ਤੋਂ ਸਿੰਧ ਤਕ ਦਰਿਆ ਦਾ ਸਫ਼ਰ ਕਰਦਿਆਂ ਰਹਿਣਾ ਅਰਬਾਂ ਨੇ ਵੀ ਬਿਆਨ ਕੀਤਾ ਹੈ।† ਇਸ ਤੋਂ ਵਧ ਇਕ ਹੋਰ ਸਬੂਤ ਹੈ ਕਿ ਬਜ਼ੁਰਗ ਬਿਨ ਸ਼ਹਿਰਯਾਰ, ਜਹਾਜ਼-ਕਪਤਾਨ (ਨਾਖ਼ੁਦਾ) ਨੇ ਆਪਣੀ ਕਿਤਾਬ 'ਅਜਾਇਬੁਲ ਹਿੰਦ' ਵਿਚ ਵੀਹੀਂ ਬਾਈਂ 'ਬਾਨਾਨੀਆ' (ਅਥਵਾ 'ਬਾਣੀਆ') ਨਾਂ ਹੇਠ ਜਹਾਜ਼ ਦੇ ਹੋਰ ਮੁਸਾਫ਼ਰਾਂ ਵਾਙੂੰ ਹਿੰਦੁਸਤਾਨੀ ਵਪਾਰੀਆਂ ਦਾ ਨਾਂ ਲਿਆ ਹੈ, ਸਗੋਂ ਇਕ ਥਾਂ ਉਸਨੇ ਦੋ ਸ਼ਬਦ ਅਰਥਾਤ 'ਬਾਨਾਨੀਆ' ਤੇ 'ਤਾਜਰ' ਅੱਡ ਅੱਡ ਵਰਤੇ ਹਨ‡ । ਜਿਸਦਾ ਭਾਵ ਹਿੰਦੂ ਵਪਾਰੀ ਤੇ ਅਰਬ ਸੁਦਾਗਰ ਹਨ। ਅਰਬ ਵਿਚ ਅਜ ਤਕ ਹਿੰਦੂ ਵਪਾਰੀ ਤੇ ਤਾਜਰ 'ਬਾਣੀਆ' ਅਤੇ ਬਹੁਵਚਨ ਦੇ ਰੂਪ ਵਿਚ 'ਬਾਨਾਨੀਆ' ਹੀ ਅਖਵਾਉਂਦੇ ਹਨ । ਇਰਾਕ, ਬਹਿਰੈਨ, ਉੱਮਾਨ, ਸੂਡਾਨ, ਮਸੂਅ, ਪੋਰਟ ਸਈਦ ਅਤੇ ਕਾਹਿਰਾ (ਮਿਸਰ) ਵਿਚ ਇਨ੍ਹਾਂ ਦੇ ਅਜ ਵੀ ਵਪਾਰ ਹਨ। ਹਿਜਾਜ਼ ਅਤੇ ਮਿਸਰ ਦੇ ਸਫ਼ਰ ਸਮੇਂ ਇਨ੍ਹਾਂ ਬਾਣੀਆਂ ਨਾਲ ਮੇਰੀਆਂ ਮੁਲਾਕਾਤਾਂ ਹੋਈਆਂ ਹਨ।

ਇਹ ਨਿਤਾਪਰਤੀ ਦੀ ਬਜ਼ਾਰੀ ਅਰਬੀ ਬੋਲੀ ਏਸ ਖ਼ੂਬੀ ਨਾਲ ਬੋਲਦੇ ਹਨ ਕਿ ਸਾਡੇ ਦੇਸ ਦੇ ਚੰਗੇ ਚੰਗੇ ਮੌਲਵੀ ਇਨ੍ਹਾਂ ਦੇ ਮੂੰਹ ਵੱਲ ਤੱਕਦੇ ਰਹਿ ਜਾਂਦੇ ਹਨ। ਏਹ ਲੋਕ ਵਧੇਰੇ ਕਰਕੇ ਸਿੰਧੀ, ਮੁਲਤਾਨੀ ਅਤੇ ਗੁਜਰਾਤੀ ਹੁੰਦੇ ਹਨ ਜੋ ਰੱਬ ਜਾਣੇ ਕਦੋਂ ਤੋਂ ਇਨ੍ਹਾਂ ਮੁਲਕਾਂ ਵਿਚ ਆਉਂਦੇ ਜਾਂਦੇ ਹਨ। ਇਸ ਤਰਾਂ ਸੰਨ ੩੦੦ ਹਿ. ਵਿਚ ਵੀ ਏਹ ਲੋਕ ਅਦਨ ਕੋਲ ਅਰਬ ਜਹਾਜ਼ਾਂ ਵਿਚ ਬੈਠੇ ਨਜ਼ਰ

---

*ਅਬੂਜ਼ੈਦ ਪੰਨਾ ੧੪੬

†ਅਜਾਇਬੁਲ ਹਿੰਦ ਪੰਨਾ ੧੦੪.

‡ਅਜਾਇਬੁਲਹਿੰਦ ਪੰ. ੧੬੫.

ਆਉਂਦੇ ਹਨ ।*

ਹਿੰਦ ਸਾਗਰ ਦੇ ਜਹਾਜ਼

ਹਿੰਦੁਸਤਾਨ ਦੇ ਸਮੁੰਦਰ ਵਿਚ ਜੋ ਜਹਾਜ਼ ਚਲਦੇ ਸਨ ਅਤੇ ਉਹ ਜੋ ਰੂਮ ਸਾਗਰ ਵਿਚ ਚਲਦੇ ਸਨ, ਇਨ੍ਹਾਂ ਦੋਹਾਂ ਵਿਚ ਇਕ ਖ਼ਾਸ ਫ਼ਰਕ ਸੀ। ਰੂਮ ਸਾਗਰ ਦੇ ਜਹਾਜ਼ਾਂ ਦੇ ਫੱਟੇ ਲੋਹੇ ਦੀਆਂ ਕੀਲਾਂ ਨਾਲ ਜੜੇ ਜਾਂਦੇ ਸਨ ਅਤੇ ਹਿੰਦ ਸਾਗਰ ਦੇ ਜਹਾਜ਼ਾਂ ਦ ਫੱਟੇ ਡੋਰੀ ਨਾਲ ਸੀਤੇ ਜਾਂਦੇ ਸਨ ।† ਇਹ ਜਹਾਜ਼ ਕਿੰਨੇ ਵੱਡੇ ਹੁੰਦੇ ਸਨ ਏਸ ਦਾ ਅਨੁਮਾਨ ਏਸ ਗਲ ਤੋਂ ਹੋ ਸਕਦਾ ਹੈ ਕਿ ਇਨ੍ਹਾਂ ਵਿਚ ਦੋ ਦੋ ਛੱਤਾਂ ਹੁੰਦੀਆਂ ਸਨ, ਅੱਡ ਅੱਡ ਕਮਰੇ ਹੁੰਦੇ ਸਨ, ਪੀਣ ਲਈ ਪਾਣੀ ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦਾ ਸਟੋਰ ਹੁੰਦਾ ਸੀ, ਮੁਸਾਫਰਾਂ ਦੇ ਕਮਰਿਆਂ ਤੋਂ ਛੁਟ ਵਪਾਰੀ ਮਾਲ ਅਸਬਾਬ ਦੇ ਗੁਦਾਮ ਹੁੰਦੇ ਸਨ । ਜਹਾਜ਼ਾਂ ਵਿਚ ਮੁਸਾਫ਼ਰਾਂ ਤੋਂ ਛੁਟ ਖ਼ੁਦ ਇਕ ਹਜ਼ਾਰ ਦੀ ਗਿਣਤੀ ਵਿਚ ਕੰਮ ਕਰਨ ਵਾਲੇ ਖ਼ੁਲਾਸੀ ਤੇ ਮਲਾਹ ਅਤੇ ਜਹਾਜ਼ ਦੀ ਰਖਿਆ ਲਈ ਤੀਰ ਚਲਾਉਣ ਵਾਲੇ ਸਪਾਹੀ ਹੁੰਦੇ ਸਨ‡ ਬਜ਼ੁਰਗ ਬਿਨ ਸ਼ਹਿਰ ਯਾਰ, ਜਹਾਜ਼ ਕਪਤਾਨ ਸੰਨ ੩੦੬ ਹਿ. ਦੀ ਇਕ ਘਟਨਾ ਇਉਂ ਸੁਣਾਉਂਦਾ ਹੈ:

"ਸੰਨ ੩੦੬ ਹਿ. ਵਿਚ ਸੈਰਾਫ਼ ਤੋਂ ਇਕ ਜਹਾਜ਼ ਉਤੇ ਸਵਾਰ ਹੋ ਕੇ ਮੈਂ ਹਿੰਦੁਸਤਾਨ ਨੂੰ ਚੱਲਿਆ । ਸਾਡੇ ਨਾਲ ਅਬਦੁੱਲਾ ਬਿਨ ਜੁਨੈਦ ਦਾ ਜਹਾਜ਼ ਅਤੇ ਸਯਾਹ ਦਾ ਜਹਾਜ਼ ਵੀ ਸੀ । ਏਹ ਤਿੰਨੇ ਜਹਾਜ਼ ਬਹੁਤ ਵੱਡੇ ਸਨ। ਅਤੇ ਸਮੁੰਦਰ ਦੇ ਚੋਟੀ ਦੇ ਜਹਾਜ਼ਾਂ ਵਿਚੋਂ ਸਨ। ਇਨ੍ਹਾਂ ਦੇ ਕਪਤਾਨ ਤੇ ਮਲਾਹ ਬੜੇ ਮਸ਼ਹੂਰ ਸਨ । ਇਨ੍ਹਾ ਤਿੰਨਾਂ ਜਹਾਜ਼ਾਂ ਵਿਚ ਵਪਾਰੀ, ਮਲਾਹ, ਬਾਣੀਏ ਆਦਿ ਰਲਾ ਕੇ ਬਾਰਾਂ ਸੌ ਆਦਮੀ ਸਨ। ਇਨ੍ਹਾਂ ਵਿਚ ਮਾਲ ਅਸਬਾਬ ਇਤਨਾ ਜ਼ਿਆਦਾ ਸੀ,

---

*ਅਜਾਇਬੁਲਹਿੰਦ ਪੰ. ੧੪੭.

†ਸਫ਼ਰਨਾਮਾ ਸੁਲੇਮਾਨ ਪੰਨਾ ੮੮.

‡ਸਫ਼ਰਨਾਮਾ ਇਬਨ ਬਤੂਤਾ ਜਿ. ੨ (ਸਫ਼ਰ ਚੀਨ)

ਜਿਸ ਦਾ ਅਨੁਮਾਨ ਨਹੀਂ ਕੀਤਾ ਜਾ ਸਕਦਾ ਜਦੋਂ ਗਿਆਰਾਂ ਦਿਨਾਂ ਪਿਛੋਂ ਬਾਨਾ (ਬੰਬਈ) ਦੇ ਨਿਸ਼ਾਨ ਮਿਲੇ''।*

ਏਸ ਤੋਂ ਅੰਦਾਜ਼ਾ ਹੋਵੇਗਾ ਕਿ ਇਹ ਜਹਾਜ਼ ਇੰਨੇ ਵੱਡੇ ਹੁੰਦੇ ਸਨ ਕਿ ਮਾਲ ਅਸਬਾਬ, ਖੁਲਾਸੀਆਂ ਤੇ ਮਲਾਹਾਂ ਤੋਂ ਛੁਟ ਚਾਰ ਸੌ ਆਦਮੀ ਅਰਾਮ ਨਾਲ ਸਫ਼ਰ ਕਰ ਸਕਦੇ ਸਨ। ਚੀਨ ਜਾਣ ਵਾਲੇ ਜਹਾਜ਼ ਇੰਨੇ ਵੱਡੇ ਹੁੰਦੇ ਸਨ ਕਿ ਉਨ੍ਹਾਂ ਵਿਚ ਕੇਵਲ ਜਹਾਜ਼ ਨਾਲ ਸਬੰਧਤ ਇਕ ਹਜ਼ਾਰ ਆਦਮੀ ਹੁੰਦੇ ਸਨ, ਛੇ ਸੌ ਜਹਾਜ਼ ਚਲਾਉਣ ਲਈ, ਚਾਰ ਸੌ ਤੀਰ ਚਲਾਉਣ ਵਾਲੇ ਅਤੇ ਬੰਬ ਸੁੱਟਣ ਵਾਲੇ ਸਪਾਹੀ। ਬਾਕੀ ਮੁਸਾਫ਼ਰਾਂ ਦਾ ਅਨੁਮਾਨ ਲਾ ਲਓ। ਹਰ ਵੱਡੇ ਜਹਾਜ਼ ਵਿਚ ਤਿੰਨ ਛੋਟੀ ਕਿਸ਼ਤੀਆਂ, ਵੇਲੇ ਕੁਵੇਲੇ ਦੀ ਲੋੜ ਲਈ ਹੁੰਦੀਆਂ ਸਨ।†

ਸਮੁੰਦਰੀ ਤਜਾਰਤ ਦੀ ਦੌਲਤ

ਹਿੰਦ ਸਾਗਰ ਦੀ ਤਜਾਰਤ ਤੋਂ ਹਿੰਦੁਸਤਾਨ ਤੇ ਅਰਬ ਦੋਹਾਂ ਨੂੰ ਜੋ ਲਾਭ ਪਰਾਪਤ ਹੋਏ ਸਨ ਇਨ੍ਹਾਂ ਦਾ ਅਨੁਮਾਨ ਕੁਝਕੁ ਘਟਨਾਵਾਂ ਤੋਂ ਹੁੰਦਾ ਹੈ। ਵਲਭ ਰਾਏ ਦੀ ਰਾਜਧਾਨੀ ਮਹਾਂ ਨਗਰ 'ਸੋਨੇ ਦਾ ਸ਼ਹਿਰ' ਅਖਵਾਉਂਦਾ ਸੀ। ਮਹਿਰਾਜ ਦੀ ਰਾਜਧਾਨੀ (ਜਾਵਾਟਾਪੂ) ਦੇ ਬਜ਼ਾਰ ਵਿਚ ਦੁਕਾਨਾਂ ਦਾ ਅੰਤ ਸ਼ੁਮਾਰ ਨਹੀਂ ਸੀ। ਏਸ ਬਜ਼ੌਰ ਵਿਚ ਸਿਰਫ਼ ੮੦੦ ਹੱਟੀਆਂ ਸਰਾਫ਼ਾਂ ਦੀਆਂ ਸਨ।‡ ਉੱਮਾਨ ਵਿਚ ਇਕ ਮੋਤੀਆਂ ਦਾ ਵਪਾਰੀ ਸੀ। ਉਸ ਨੂੰ ਇਕ ਵੇਰ ਦੋ ਜੋਗੋਂ ਬਾਹਰੇ ਮੋਤੀ ਮਿਲੇ, ਜਿਨ੍ਹਾਂ ਦਾ ਮੁਲ ਬਗ਼ਦਾਦ ਦੇ ਖ਼ਲੀਫ਼ੇ ਨੇ ਇਕ ਲਖ ਦਿਰਹਮ ਭੇਟਾ ਕੀਤਾ§ ਇਕ ਜਹਾਜ਼-ਕਪਤਾਨ ਦਾ ਬਿਆਨ ਹੈ ਕਿ "ਸੰਨ ੩੧੭ ਹਿ. ਵਿਚ ਕਲਾ (ਹਿੰਦ) ਤੋਂ ਵਪਾਰ ਦਾ ਮਾਲ ਲੈ ਕੇ ਉੱਮਾਨ ਗਿਆ।

*ਅਜਾਇਬੁਲ ਹਿੰਦ ਪੰ. ੧੬੫, ੧੪੭

†ਸਫ਼ਰਨਾਮਾਂ ਇਬਨ ਬਤੂਤਾ ਜਿ. ੨ (ਕਾਲੀਕਟ ਦਾ ਬਿਆਨ)

‡ਅਜਾਇਬੁਲ ਹਿੰਦ ਪੰਨਾ ੧੩੭

§ ,, ,, ,, ੧੩੬

ਸਾੜ੍ਹੇ ਜਹਾਜ਼ ਤੇ ਇੰਨਾਂ ਮਾਲ ਅਸਬਾਬ ਸੀ ਕਿ ਉੱਮਾਨ ਦੇ ਹਾਕਮ ਨੇ ਸਾੜ੍ਹੇ ਜਹਾਜ਼ ਤੋਂ ੬ ਲਖ ਦੀਨਾਰ ਟੈਕਸ ਲਿਆ। ਇਹ ਉਸ ਇਕ ਲਖ ਦੀਨਾਰ ਤੋਂ ਵੱਖਰਾ ਸੀ ਜਿਸ ਨੂੰ ਉਸ ਨੇ ਆਪਣੀ ਮਿਹਰਬਾਨੀ ਨਾਲ ਮੁਆਫ਼ ਕਰ ਦਿਤਾ ਸੀ, ਜਾਂ ਲੋਕਾਂ ਨੇ ਚੋਰੀ ਛੁਪਾ ਲਿਆ ਅਤੇ ਜ਼ਾਹਿਰ ਨਹੀਂ ਕੀਤਾ ਸੀ* ਏਸੇ ਸਾਲ ਸਰੰਦੀਪੋਂ ਇਕ ਹੋਰ ਜਹਾਜ਼ ਆਇਆ ਜਿਸ ਨੇ ਆਪਣਾ ਮਸੂਲ ਛੇ ਲਖ ਦਿਤਾ † ਉੱਮਾਨ ਵਿਚ ਇਸਹਾਕ ਨਾਂ ਦਾ ਇਕ ਯਹੂਦੀ ਸੀ ਜੋ ਦੱਲਾਲੀ ਦਾ ਕਮ ਕਰਦਾ ਸੀ ਉਹ ਇਕ ਹੋਰ ਯਹੂਦੀ ਨਾਲ ਲੜ ਕੇ ਹਿੰਦੁਸਤਾਨ ਫੇਰ ਚੀਨ ਤੁਰ ਗਿਆ। ਉਸ ਨੇ ਤੀਹਾਂ ਵਰ੍ਹਿਆਂ ਵਿਚ ਏੱਨਾ ਧਨ ਪੈਦਾ ਕਰ ਲਿਆ ਕਿ ਆਪ ਜਹਾਜ਼ ਦਾ ਮਾਲਕ ਬਣ ਗਿਆ। ਅਖ਼ੀਰ ਵਿਚ ਤੀਹਾਂ ਵਰ੍ਹਿਆਂ ਪਿਛੋਂ ਸੰਨ ੩੦੦ ਹਿ. ਵਿਚ ਜਦੋਂ ਉਹ ਮੁੜ ਕੇ ਉੱਮਾਨ ਆਇਆ ਤਾਂ ਉਸ ਨੇ ਉੱਮਾਨ ਦੇ ਹਾਕਮ ਨੂੰ ਕੇਵਲ ਇਸ ਲਈ ਇਕ ਲਖ ਦਿਰਹਮ ਵੱਢੀ ਦਿੱਤੀ ਕਿ ਏਸ ਦਾ ਅਸਬਾਬ ਸਰਕਾਰੀ ਤੌਰ ਤੇ ਦੇਖਿਆ ਭਾਲਿਆ ਨਾ ਜਾਵੇ। ਇਸ ਕੋਲ ਕਸਤੂਰੀ ਦਾ ਏਨਾ ਜ਼ਖ਼ੀਰਾ ਸੀ ਕਿ ਇਕ ਵਾਰ ਇਸ ਨੇ ਇਕ ਲਖ ਮਿਸਕਾਲ (ਤੋਲਾ) ਕਸਤੂਰੀ ਸਿਰਫ਼ ਇਕ ਸੁਦਾਗਰ ਦੇ ਹਥ ਵੇਚੀ ਅਤੇ ਇਸ ਤੋਂ ਬਿਨਾਂ ੬੦ ਹਜ਼ਾਰ ਅਸ਼ਰਫੀਆਂ ਦੀ ਕਸਤੂਰੀ ਦੋ ਹੋਰ ਸੁਦਾਗਰਾਂ ਦੇ ਹਥ ਵੇਚੀ‡ ਇਕ ਹੋਰ ਆਦਮੀ ਜੋ ਬੜੀ ਗਰੀਬੀ ਦੀ ਹਾਲਤ ਵਿਚ ਉੱਮਾਨ ਤੋਂ ਚਲਿਆ ਸੀ, ਜਦੋਂ ਮੁੜ ਕੇ ਆਇਆ ਤਾਂ ਪੂਰਾ ਜਹਾਜ਼ ਉਸ ਦੇ ਮਾਲ ਅਸਬਾਬ ਨਾਲ ਲਦਿਆ ਹੋਇਆ ਸੀ ਜਿਸ ਵਿਚ ਦਸ ਲਖ ਅਸ਼ਰਫ਼ੀਆਂ ਦੀ ਤਾਂ ਕੇਵਲ ਕਸਤੂਰੀ ਹੀ ਸੀ। ਏਨੇ ਹੀ ਮੁਲ ਦੇ ਰੇਸ਼ਮੀ ਕਪੜੇ ਤੇ ਜਵਾਹਰਾਤ ਵੀ ਸਨ। ਇਸ ਤੋਂ ਪੰਜ ਲਖ ਦੀਨਾਰ ਮਸੂਲ ਵਸੂਲ ਕੀਤਾ ਗਿਆ§।

---

*ਅਜ਼ਾਇਬੁਲ ਹਿੰਦ ਪੰ. ੧੩੦.
† ,, ,, ੧੫੮
‡ਅਜਾਇਬੁਲ ਹਿੰਦ ਪੰ. ੧੦੮
§ਮੁਅਜਮੁਲਬੁਲਦਾਨ ਯਾਕੂਤ ਸ਼ਬਦ 'ਕੈਸ'

ਦੂਜੇ ਪਾਸੇ ਇਨ੍ਹਾਂ ਅਰਬ ਸੁਦਾਗਰਾਂ ਤੋਂ ਹਿੰਦੁਸਤਾਨੀ ਸਾਹਿਲਾਂ ਦੇ ਰਾਜਿਆਂ ਨੂੰ ਵੀ ਬੜੀ ਆਮਦਣ ਹੁੰਦੀ ਸੀ, ਇਸ ਲਈ ਉਹ ਇਨ੍ਹਾਂ ਦਾ ਬੜਾ ਸਤਕਾਰ ਕਰਦੇ ਸਨ* ਇਬਨ ਬਤੂਤਾ ਨੇ ਦੱਖਣ ਦੇ ਕੰਢਿਆਂ ਦੇ ਸ਼ਹਿਰਾਂ ਦਾ ਸਫ਼ਰ ਕਰਦਿਆਂ ਹੋਇਆਂ ਥਾਂ ਥਾਂ ਲਿਖਿਆ ਹੈ ਕਿ ਇਹ ਹਿੰਦੂ ਰਾਜੇ ਇਨ੍ਹਾਂ ਅਰਬ ਜਹਾਜ਼ਰਾਨਾਂ ਨੂੰ ਇਸ ਲਈ ਨਰਾਜ਼ ਨਹੀਂ ਸੀ ਹੋਣ ਦਿੰਦੇ ਕਿ ਇਨ੍ਹਾਂ ਦੇ ਮੁਲਕ ਦੀ ਆਮਦਨ ਇਨ੍ਹਾਂ ਦੀ ਆਵਾਜਾਈ ਤੇ ਨਿਰਭਰ ਹੈ। ਕਾਲੀਕਟ ਤੇ ਕਾਰੋਮੰਡਲ ਦੇ ਰਾਜੇ ਇਸ ਸਮੁੰਦਰੀ ਵਪਾਰ ਦੇ ਸਦਕੇ ਅਣਗਿਣਤ ਧਨ ਦੇ ਮਾਲਕ ਸਨ। ਕਾਰੋਮੰਡਲ ਦੇ ਇਕ ਰਾਜੇ ਦੀ ਮੌਤ ਤੇ ਜੋ ਸੋਨਾਂ ਅਤੇ ਜਵਾਹਰਾਤ ਉਸਦੇ ਇਕ ਮੁਸਲਮਾਨ ਗੁਮਾਸ਼ਤੇ ਦੇ ਹੱਥ ਲੱਗੇ ਉਨ੍ਹਾਂ ਨੂੰ ਚੁੱਕਣ ਲਈ ਸੱਤ ਹਜ਼ਾਰ ਬਲਦਾਂ ਦੀ ਲੋੜ ਸੀ† ਏਸੇ ਕਾਰੋਮੰਡਲ ਨੂੰ ਜਦੋਂ ਅਲਾਉੱਦੀਨ ਖ਼ਿਲਜੀ ਦੇ ਸੈਨਾ ਪਤੀ, ਮਲਿਕ ਕਾਫ਼ੂਰ ਨੇ ਇਕ ਵਾਰ ਫ਼ਤਿਹ ਕੀਤਾ ਤਾਂ ਉਸ ਨੂੰ ਸਰਕਾਰੀ ਖ਼ਜ਼ਾਨੇ ਤੋਂ ਹੋਰ ਚੀਜ਼ਾਂ ਤੋਂ ਛੁਟ "ਛਿਆਨਵੇਂ ਹਜ਼ਾਰ ਮਣ ਸੋਨਾ‡ ਅਤੇ ਪੰਜ ਸੌ ਮਣ ਮੋਤੀ§ ਤੇ ਜਵਾਹਰਾਤ ਲਭੇ" ਮੋਤੀ ਮਾਣਕਾਂ ਦੇ ਮੁਲ ਨੂੰ ਛੱਡ ਕੇ ਛਿਆਨਵੇਂ ਹਜ਼ਾਰ ਮਣ ਸੋਨਾ ਕੋਈ ਥੋੜਾ ਹੈ? ਅਲਾਊਦੀਨ ਦੇ ਸਮੇਂ ਵਿਚ ਤੇਰਾਂ ਚੌਦਾਂ ਸੇਰ ਦੇ ਨੇੜੇ ਮਣ ਹੁੰਦਾ ਸੀ ਜੋ ਅੰਗਰੇਜ਼ੀ ਹਿਸਾਬ ਨਾਲ ੨੯ ਪੌਂਡ ਦੇ ਬਰਾਬਰ ਸੀ। ਏਸ ਲਿਹਾਜ਼ ਨਾਲ ਕੇਵਲ ਏਸ ਸੋਨੇ ਦਾ ਹਸਾਬ ੨੬ ਲਖ ੯੮ ਹਜ਼ਾਰ ਪੌਂਡ ਹੁੰਦਾ ਹੈ।

ਕਾਰੋਮੰਡਲ ਦੀ ਤਜਾਰਤ ਸਾਰੀ ਦੀ ਸਾਰੀ ਅਰਬ,ਇਰਾਕ ਅਤੇ ਫ਼ਾਰਸ ਦੇ ਸਹਿਲਾਂ ਨਾਲ ਸੀ। ਵਿਆਖਿਆ ਅੱਗੇ ਆਵੇਗੀ।

---

*ਮੁਆਜਮੁਲ ਬੁਲਦਾਨ ਯਾਕੂਤ ਸ਼ਬਦ 'ਕੈਸ'

†ਜਾਮਿਉੱਤਵਾਰੀਖ ਹਵਾਲਾ ਏਲੀਅਟ ਜਿ. ਪਹਿਲੀ ਪੰ. ੬੯,੭੦ ਅਤੇ ਤਾਰੀਖ ਵੱਸਾਫ਼ ਹਵਾਲਾ ਏਲੀਅਟ ਜਿ. ੨ ਪੰ. ੩੨,੫੩.

‡ਤਰੀਖ ਜ਼ਿਆ ਬਰਨੀ ਪੰਨਾ ੩੩੩ ਕਲੱਕਤਾ ਐਡੀਸ਼ਨ

§ਖ਼ਜ਼ਾਇਨੁਲ ਫ਼ੁਤੂਹ ਅਮੀਰ ਖ਼ੁਸਰੋ ਅਲੀ ਗੜ੍ਹ ਐਡੀਸ਼ਨ ਪੰ. ੧੭੮.

ਰੂਮ ਸਾਗਰ ਰਾਹੀਂ ਹਿੰਦੁਸਤਾਨ ਦਾ ਦੂਜਾ ਸਮੁੰਦਰੀ ਰਸਤਾ ਅਰਬਾਂ ਨੇ ਲਭ ਲਿਆ ਸੀ।

ਉਪਰ ਆ ਚੁਕਿਆ ਹੈ ਕਿ ਕਿਸ ਤਰਾਂ ਪੁਰਤਗਾਲੀ ਜਹਾਜ਼ਰਾਨਾਂ ਨੇ ਰੂਮ ਸਾਗਰ ਨੂੰ ਛੱਡ ਕੇ ਅਫ਼ਰੀਕਾ ਦੀ ਪਿੱਠ ਪਿਛੋਂ ਹਿੰਦੁਸਤਾਨ ਦਾ ਰਸਤਾ ਲਭਿਆ। ਇਹ ਸਮਝਿਆ ਜਾਂਦਾ ਹੈ ਕਿ ਇਹ ਦਰਿਅਫ਼ਾਤ (ਲਭਤ) ਇਨ੍ਹਾਂ ਜਹਾਜ਼ਰਾਨਾਂ ਦਿਆਂ ਜਤਨਾਂ ਦੀ ਕ੍ਰਿਤੱਗ ਹੈ ਪਰ ਇਹ ਸੁਣ ਕੇ ਅਚੰਭਾ ਹੋਵੇਗਾ ਕਿ ਇਸ ਦਰਿਆਫ਼ਤ (ਲਭਤ) ਦਾ ਮਾਣ ਇਨ੍ਹਾਂ ਤੋਂ ਸੈਂਕੜੇ ਵਰ੍ਹੇ ਪਹਿਲਾਂ ਇਨ੍ਹਾਂ ਅਰਬ ਤਾਜਰਾਂ ਨੂੰ ਪਰਾਪਤ ਹੈ ਜਿਹੜੇ ਹਿੰਦ ਮਹਾਂ ਸਾਗਰ ਵਿਚ ਆਪਣੇ ਜਹਾਜ਼ ਚਲਾਇਆ ਕਰਦੇ ਸਨ। ਇਹ ਵੀ ਪਤਾ ਲਗ ਚੁੱਕਾ ਹੈ ਕਿ ਹਿੰਦੁਸਤਾਨੀ ਸਮੁੰਦਰ ਤੇ ਰੂਮ ਸਮੁੰਦਰ ਦੇ ਜਹਾਜ਼ਾਂ ਦੀ ਬਣਤਰ ਵਿਚ ਕੀ ਫ਼ਰਕ ਸੀ। ਵੱਡਾ ਫ਼ਰਕ ਏਹ ਸੀ, ਕਿ ਰੂਮ ਸਾਗਰ ਦੇ ਜਹਾਜ਼ਾਂ ਦੇ ਫਟੇ ਲੋਹੇ ਦੀਆਂ ਕੀਲਾਂ ਨਾਲ ਜੜ੍ਹੇ ਜਾਂਦੇ ਸਨ ਅਤੇ ਹਿੰਦੁਸਤਾਨੀ ਸਮੁੰਦਰ ਦੇ ਜਹਾਜ਼ ਮਜ਼ਬੂਤ ਰਸੀ ਨਾਲ, ਜੋ ਖਜੂਰ ਜਾਂ ਨਾਰੀਅਲ ਦੇ ਰੇਸ਼ਿਆਂ ਤੋਂ ਤਿਆਰ ਹੁੰਦੀ ਸੀ, ਸੀਤੇ ਜਾਂਦੇ ਸਨ। ਸੁਲੇਮਾਨ ਤਾਜਰ (ਜੋ ਸੰਨ ੨੩੭ ਹਿ. ਵਿਚ ਹੋਇਆ ਹੈ), ਜਿਸ ਦਾ ਨਾਂ ਉੱਪਰ ਵਾਰ ਵਾਰ ਆ ਚੁਕਿਆ ਹੈ, ਆਪਣੇ ਸਫ਼ਰਨਾਮੇ ਵਿਚ ਇਕ ਥਾਂ ਲਿਖਦਾ ਹੈ:

"ਉਨ੍ਹਾਂ ਗੱਲਾਂ ਵਿਚੋਂ, ਜਿਹੜੀਆਂ ਸਾਡੇ ਸਮੇਂ ਵਿਚ ਨਵੀਆਂ ਮਲੂਮ ਹੋਈਆਂ ਅਤੇ ਸਾਥੋਂ ਪਹਿਲੇ ਲੋਕਾਂ ਨੂੰ ਜਿਨ੍ਹਾਂ ਦਾ ਗਿਆਨ ਨਹੀਂ ਸੀ, ਇਕ ਇਹ ਹੈ ਕਿ ਇਹ ਗਲ ਪਹਿਲਾਂ ਕਿਸੇ ਦੇ ਸਾਨ ਗੁਮਾਨ ਵੀ ਨਹੀਂ ਸੀ ਕਿ ਉਹ ਸਮੁੰਦਰ ਜਿਸ ਦੇ ਕੰਢੇ ਉੱਤੇ ਹਿੰਦੁਸਤਾਨ ਤੇ ਚੀਨ ਵਸੇ ਹੋਏ ਹਨ, ਕਿਸ ਤਰ੍ਹਾਂ ਸ਼ਾਮ ਸਾਗਰ, ਰੂਮ ਸਾਗਰ ਅਥਵਾ ਮੈਡੀਟ੍ਰੇਨੀਅਨ (Mediterranian) ਨਾਲ ਮਿਲਿਆ ਹੋਇਆ ਹੈ ਅਤੇ ਇਸ ਗਲ ਦਾ ਕੋਈ ਹੇਤੂ ਵੀ ਇਨ੍ਹਾਂ ਪਾਸ ਨਹੀਂ ਸੀ ਪਰ ਸਾਡੇ ਸਮੇਂ ਵਿਚ ਇਉਂ ਹੋਇਆ ਕਿ ਅਰਬਾਂ ਦੇ ਕੁਝ ਸੀਤੇ ਹੋਏ ਜਹਾਜ਼ਾਂ ਦੇ ਫੱਟੇ, ਜੋ ਹਿੰਦ ਸਾਗਰ

ਵਿਚ ਟੁਟ ਗਏ ਸਨ ਤੇ ਉਨ੍ਹਾਂ ਦੇ 'ਮੁਸਾਫ਼ਰ ਡੁੱਬ ਗਏ ਸਨ, ਉਹ ਐਟਲਾਂਟਿਕ ਰਾਹੀਂ ਰੂਮ ਸਾਗਰ ਵਿਚੋਂ ਲਭੇ। ਏਸ ਤੋਂ ਇਹ ਗਲ ਚੰਗੀ ਤਰ੍ਹਾਂ ਨਾਲ ਸਿੱਧ ਹੋ ਗਈ ਕਿ ਹਿੰਦ ਸਾਗਰ ਚੀਨ ਉੱਪਰੋਂ ਚੱਕਰ ਖਾ ਕੇ ਰੂਮ ਸਾਗਰ ਵਿਚ ਜਾ ਮਿਲਿਆ ਹੈ, ਕਿਉਂ ਜੋ ਸੀਤੇ ਹੋਏ ਜਹਾਜ਼ ਕੇਵਲ ਸੈਰਾਫ਼ ਵਿਚ ਬਣਦੇ ਸਨ, ਰੂਮ ਤੇ ਸ਼ਾਮ ਦੇ ਜਹਾਜ਼ ਕਿੱਲਾਂ ਨਾਲ ਜੜੇ ਜਾਂਦੇ ਸਨ"।*

ਵਾਸਕੋਡੀਗਾਮਾ ਨੂੰ ਹਿੰਦੁਸਤਾਨ ਕਿਸ ਨੇ ਪਹੁੰਚਾਇਆ?

ਇਸ ਵਿਚ ਸ਼ਕ ਨਹੀਂ ਕਿ ਅਫ਼ਰੀਕਾ ਦੀ ਪਿੱਠ ਪਿੱਛੋਂ ਹੋ ਕੇ ਪੁਰਤਗਾਲੀ ਜਹਾਜ਼ਰਾਨ ਅਖ਼ੀਰ ਨੂੰ ਹਿੰਦ ਸਾਗਰ ਵਿਚ ਪੁੱਜੇ। ਫੇਰ ਵੀ ਉਨ੍ਹਾਂ ਨੂੰ ਹਿੰਦੁਸਤਾਨ ਦਾ ਪਤਾ ਨਾ ਲਗਿਆ। ਇਸ ਗਲ ਨੂੰ ਪੁਰਤਗਾਲੀ ਮੰਨਦੇ ਹਨ, ਬਦ-ਨਸੀਬ ਅਰਬ ਆਪ ਵੀ ਆਖਦੇ ਹਨ ਕਿ ਇਨ੍ਹਾਂ ਪੁਰਤਗਾਲੀਆਂ ਨੂੰ ਹਿੰਦੁਸਤਾਨ ਤਕ ਇਕ ਅਰਬ ਜਹਾਜ਼ਰਾਨ ਨੇ ਹੀ ਪਹੁੰਚਾਇਆ। ਇਸ ਦਾ ਨਾਂ 'ਇਬਨ ਮਾਜਦ' ਸੀ ਅਤੇ ਅਸਦੁਲ ਬਹਿਰ 'ਸਮੁੰਦਰ ਦਾ ਸ਼ੇਰ' ਉਸ ਦੀ ਉਪਾਧੀ ਸੀ। ਹਿੰਦ ਸਾਗਰ ਦੀ ਜਹਾਜ਼ਰਾਨੀ ਦੀ ਕਲਾ ਤੇ ਇਸ ਦੀਆਂ ਢੇਰ ਕਿਤਾਬਾਂ ਅਰਬੀ ਵਿਚ ਪੈਰਸ ਲਾਇਬਰੇਰੀ ਵਿਚ ਮੌਜੂਦ ਹਨ। ਕੁਝ ਸਾਲ ਹੋਏ ਕਿ ਪੈਰਸ ਦੇ ਓਰੀਐਂਟਲ ਕਿਤਾਬਾਂ ਦੇ ਪਰਕਾਸ਼ਕ, ਪਾਲ ਗਾਬਨਰ ਨੇ ਦੋ ਸੰਚੀਆਂ ਵਿਚ ਇਨ੍ਹਾਂ ਨੂੰ ਛਾਪ ਦਿੱਤਾ ਹੈ। ਤੀਜੀ ਸੰਚੀ ਵਿਚ ਅਰਬਾਂ ਦੀ ਜਹਾਜ਼ਰਾਨੀ ਦੀ ਕਲਾ ਅਤੇ ਜਹਾਜ਼ਰਾਨੀ ਦੇ ਯੰਤਰਾਂ ਉਤੇ ਪੂਰੀ ਬਹਿਸ ਹੈ। ਇਸ ਤੀਜੀ ਸੰਚੀ ਵਿਚ 'ਅਲਬਰਕੁਲ ਯਮਾਨੀ ਫ਼ੀ ਫ਼ਤਿਹੁਲ ਉਸਮਾਨੀ' ਦੇ ਹਵਾਲੇ ਤੋਂ, ਜੋ ਏਸੇ ਸਮੇਂ ਦੀ ਯਮਨ ਦੀ ਤਾਰੀਖ ਹੈ, ਪੁਰਤਗਾਲੀਆਂ ਦੇ ਆਉਣ ਤੇ ਹਿੰਦੁਸਤਾਨ ਦੀ ਭਾਲ ਵਿਚ ਉਨ੍ਹਾਂ ਦੀ ਸਿਰ-ਖਪਾਈ ਤੇ ਇਬਨ ਮਾਜਦ, ਸਮੁੰਦਰ ਦੇ ਸ਼ੇਰ ਦਾ ਇਨ੍ਹਾਂ ਪੁਰਤਗਾਲੀ

---

*ਸਫ਼ਰਨਾਮਾ ਸੁਲੇਮਾਨ ਪੰਨਾ ੬੯.

ਲੂੰਮੜੀਆਂ ਦੇ ਫੰਧੇ ਵਿਚ ਫਸ ਕੇ ਨਸ਼ੇ ਦੀ ਹਾਲਤ ਵਿਚ ਇਨ੍ਹਾਂ ਨੂੰ ਹਿੰਦੁਸਤਾਨ ਪੁਚਾਂ ਦੇਣਾ ਵਿਆਖਿਆ ਸਹਿਤ ਵਰਨਣ ਕੀਤਾ ਹੈ।

ਮਿਸਰਾ– "ਖ਼ੁਦਾ ਸੇ ਕਿਆ ਸਿਤਮੋ ਜੌਰੇ ਨਾਖ਼ੁਦਾ ਕਹੀਏ"।

ਹਿੰਦੁਸਤਾਨ ਦੀਆਂ ਕਾਲੀਆਂ ਮਿਰਚਾਂ ਤੇ ਯੂਰਪ

ਯੂਰਪ ਦੇ ਮੁੱਢਲੇ ਪੂਰਬੀ ਵਪਾਰੀ, ਜਿਹੜੇ ਸਤਾਰਵੀਂ ਸਦੀ ਤੋਂ ਹਿੰਦੁਸਤਾਨ ਆਉਣੇ ਸ਼ੁਰੂ ਹੋਏ, ਸਭ ਜਾਣਦੇ ਹਨ ਕਿ ਉਹ ਕਾਲੀਆਂ ਮਿਰਚਾਂ ਦੇ ਵਧੇਰੇ ਸ਼ੁਕੀਨ ਤੇ ਚਾਹਵਾਨ ਸਨ। ਇਨ੍ਹਾਂ ਨੂੰ ਹਿੰਦੁਸਤਾਨ ਤੋਂ ਲਦ ਲਦ ਕੇ ਲੈ ਜਾਂਦੇ ਸਨ ਪਰ ਤੇਰ੍ਹਵੀਂ ਸਦੀ ਦਾ ਇਕ ਅਰਬੀ ਭੂਗੋਲ-ਲੇਖਕ ਜ਼ਕਰੀਆ ਕਜ਼ਵੀਨੀ (ਸੰਨ ੬੮੬ ਹਿ.) ਗਾਲਬਨ ਆਪਣੇ ਕਿਸੇ ਅਗਲੇਰੇ ਲਿਖਾਰੀ ਦੀ ਪੁਸਤਕ ਵਿਚੋਂ ਵੇਖ ਕੇ ਮਲੀਬਾਰ ਦਾ ਹਾਲ ਬਿਆਨ ਕਰਦਾ ਹੈ:

"ਇਹ ਕਾਲੀਆਂ ਮਿਰਚਾਂ ਧੁਰ ਪੂਰਬ ਤੋਂ ਲੈ ਕੇ ਧੁਰ ਪਛੱਮ ਤਕ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਸਭ ਤੋਂ ਵਧੇਰੇ ਸ਼ੁਕੀਨ ਫ਼ਰੰਗੀ ਹਨ ਜੋ ਇਨ੍ਹਾਂ ਨੂੰ ਸ਼ਾਮ ਵਿਚ ਰੂਮ ਸਾਗਰ ਤੋਂ ਲੈ ਕੇ ਦੁਰੇਡੇ ਪਛੱਮ ਤਕ ਲੈ ਜਾਂਦੇ ਹਨ"*

ਗ਼ਾਲਬਨ ਤੁਰਕਾਂ ਨੇ ਕੁਸਤਨਤਿਨੀਆ ਨੂੰ ਜਿਤ ਕੇ ਅਤੇ ਰੂਮ ਸਾਗਰ ਉੱਤੇ ਕਬਜ਼ਾ ਕਰ ਕੇ ਹਿੰਦੁਸਤਾਨ ਦੀਆਂ ਇਨ੍ਹਾਂ ਕਾਲੀਆਂ ਮਿਰਚਾਂ ਦੇ ਸੁਆਦ ਤੋਂ ਇਨ੍ਹਾਂ ਨੂੰ ਵਾਂਜਾ ਕਰ ਦਿੱਤਾ ਅਤੇ ਅੰਤ ਵਿਚ ਇਨ੍ਹਾਂ ਮਿਰਚਾਂ ਲਈ ਆਪਣੀਆਂ ਜਾਨਾਂ ਹੀਲ ਉਹ ਦੂਜੇ ਸਮੁੰਦਰੀ ਰਸਤਿਓਂ ਹਿੰਦੁਸਤਾਨ ਆਏ ਤਾਂ ਜੋ ਕਿਸੇ ਨਾ ਕਿਸੇ ਤਰ੍ਹਾਂ ਇਸ ਸੁਗਾਤ ਨੂੰ ਆਪਣੇ ਮੁਲਕ ਪੁਚਾ ਸਕਣ।

ਇਕ ਅਰਬ ਹਿੰਦੁਸਤਾਨੀ ਦਾ ਵਤਨੀ ਗੀਤ

ਏਸ ਲੇਖ ਦਾ ਖ਼ਾਤਮਾ ਅਸੀਂ ਇਕ ਅਰਬ ਹਿੰਦੁਸਤਾਨੀ ਦੇਸ ਭਗਤ ਦੇ ਅਰਬੀ ਗੀਤ ਜਾਂ ਕਵਿਤਾ ਤੇ ਕਰਦੇ ਹਾਂ, ਜੋ ਉਸਨੇ ਕਿਸੇ ਇਤਰਾਜ਼

*ਆਸਾਰੁਲ ਬਿਲਾਦ ਕਜ਼ਵੀਨੀ ਪੰ. ੮੫ ਗੋਟਿੰਜਨ

ਕਰਨ ਵਾਲੇ ਦੇ ਉੱਤਰ ਵਿਚ ਹਿੰਦੁਸਤਾਨ ਦੀਆਂ ਖੂਬੀਆਂ ਅਤੇ ਉਸ ਦੀਆਂ ਪੈਦਾਵਾਰਾਂ ਦੀ ਸਿਫਤ ਵਿਚ ਲਿਖੀ ਹੈ।* ਉਸ ਕਵੀ ਦਾ ਨਾਂ ਅਬੂ ਜਿਲ੍ਹਾ ਸਿੰਧੀ ਹੈ ਅਤੇ ਉਸ ਦਾ ਕਲ ਹਰ ਤਰ੍ਹਾਂ ਨਾਲ ਸੰਨ ੬੮੬ ਹਿ. ਤੋਂ ਪਹਿਲਾਂ ਹੋਵੇਗਾ। ਕੋਈ ਅਨੋਖੀ ਗੱਲ ਨਹੀਂ ਜੇ ਤੀਜੀ ਜਾਂ ਚੌਥੀ ਸਦੀ ਹੀ ਹੋਵੇ ਕਿਉਂਕਿ ਸਿੰਧ ਵਿਚ ਅਰਬਾਂ ਦੇ ਰਾਜ ਦਾ ਸਮਾਂ ਏਸੇ ਵੇਲੇ ਸਮਾਪਤ ਹੁੰਦਾ ਹੈ।†

"ਲਕਦ ਅਨਕਰਾ ਅਸਹਾਬੀ, ਵਾ-ਮਾ ਜ਼ਾਲਿਕਾ ਬਿਲਅਮਸਲ
ਇਜਾ ਮਾ ਮਦਹਅਲਹਿੰਦਾ ਵਾ ਸਹਿਮਲ ਹਿੰਦੇ ਫ਼ਿਲ ਮਕਤਲ"।

(ਉਲਥਾ) ਮੇਰੇ ਮਿਤਰਾਂ ਨੇ ਇਨਕਾਰ ਕੀਤਾ, ਇਹ ਕੋਈ ਚੰਗੀ ਗੱਲ ਨਹੀਂ ਜਦੋਂ ਕਿ ਹਿੰਦੁਸਤਾਨ ਅਤੇ ਉਸ ਦੇ ਤੀਰਾਂ ਦੀ ਜੰਗ ਵਿਚ ਸ਼ਲਾਘਾ ਕੀਤੀ ਜਾ ਰਹੀ ਸੀ।

"ਲਿਉਮਰੀ ਇੰਨਹਾ ਅਰਜ਼ਾ, ਇਜ਼ਿਲ ਮਤਰੋ ਬਿਹਾ ਯਨਜਲ।
ਯਸ਼ੀਰੱਦੁੱਰੋ,—ਵਲ—ਯਾਕੂਤੋ—ਵਦ—ਦੁੱਰੋ ਲਿਮਨ ਯਅਤਲ।"

(ਉਲਥਾ) ਸੌਂਹੁੰ ਜੁਵਾਨੀ ਦੀ! ਇਹ ਉਹ ਧਰਤੀ ਹੈ ਕਿ ਜਦੋਂ ਏਥੇ ਪਾਣੀ ਵਰ੍ਹਦਾ ਹੈ ਤਾਂ ਉਸ ਵਿਚੋਂ ਉਨ੍ਹਾਂ ਲਈ ਮੋਤੀ ਤੇ ਲਾਲ ਪੈਦਾ ਹੁੰਦੇ ਹਨ ਜੋ ਭੂਸ਼ਣਾਂ ਤੋਂ ਵਾਂਜੇ ਹਨ।

"ਫ਼ਮਿਨਾਹਲ ਮਿਸ਼ਕੋ, ਵਲ—ਕਾਫ਼ੂਰੋ, ਵਲ—ਅੰਬਰੋ ਵਲ—ਮੰਦਲ।
ਵ—ਅਸਨਾਫੋ ਮਿਨਿੱਤੀਬੇ, ਲਿਯਸਤਾਅਮਲ ਮਨ ਯਤਫ਼ਲ।"

(ਉਲਥਾ) ਏਸ ਦੀਆਂ ਖਾਸ ਚੀਜ਼ਾਂ ਵਿਚੋਂ ਮੁਸ਼ਕ, ਕਾਫ਼ੂਰ, ਅੰਬਰ ਊਦ ਅਤੇ ਭਾਂਤ ਭਾਂਤ ਦੀਆਂ ਖੁਸ਼ਬੂਆਂ ਉਨ੍ਹਾਂ ਲਈ ਜੋ ਮੈਲੇ ਹਨ।

"ਵ-ਅਨਵਾਉਲ ਅਫ਼ਾਵੀਹੇ ਵ-ਜੋਜ਼ੁੱਤੀਬ-ਵੱ-ਸੰਬਲ।
ਵ-ਮਿਨਹਲ ਆਜੋ ਵੱ-ਸਾਜੋ, ਵਮਿਨਹਲ ਊਦੋ-ਵੱ-ਸੰਦਲ।"

(ਉਲਥਾ) ਭਾਂਤ ਭਾਂਤ ਦੇ ਅਤਰ, ਜੈਇਫ਼ਲ ਅਤੇ ਬਾਲਛੜ ਹਾਥੀ ਦੰਦ, ਸਾਗਵਾਨ ਊਦ ਅਤੇ ਚੰਦਨ ਓਥੇ ਹੁੰਦੇ ਹਨ।

*ਅਸਾਰੁਲ ਬਿਲਾਦ; ਕਜ਼ਵੀਨੀ ਪੰ. ੮੫.

†ਇਹ ਸ਼ਿਆਰ ਬਹਿਰ ਹਜ਼ਜ ਮੁਸੱਮਨ ਸਾਲਿਮ ਵਿਚ ਹਨ। ਵਜ਼ਨ ਅੱਠ ਵਾਰ ਮੁਫ਼ਾਈਲਨ ਹੈ (ਉਲਥਾਕਾਰ)

"ਵ-ਇੰਨ੍ਹੱ ਤੂਤੀਆ ਫ਼ੀਹਾ, ਕਮਿਸਲੁਲ ਜਬਲੇ ਅਲਅਤਵਲ ।
ਵ-ਮਿਨਹਲ ਬਬਰੋ ਵ-ਨਮਰੋ ਵ-ਮਿਨਹਲ ਫ਼ੀਲ ਵੱ-ਦਗ਼ਫਲ" ?

(ਉਲਥਾ) ਇਸ ਵਿਚ ਸੁਰਮਾਂ ਸਭ ਤੋਂ ਵੱਡੇ ਪਹਾੜ ਦੀ ਤਰ੍ਹਾਂ ਹੈ ਅਤੇ ਏਥੇ ਸ਼ੇਰ ਬਬਰ, ਚਿਤਰੇ, ਹਾਥੀ ਤੇ ਹਾਥੀ ਦੇ ਬੱਚੇ ਹੁੰਦੇ ਹਨ ।

"ਵ-ਮਿਨਹਲ ਕੂਕ ਵਲ ਬਬਗ਼ਾ-ਵ-ਤਾਊਸ ਵਲ-ਜੌਜ਼ਲ ।
ਵ-ਮਿਨਹਾ ਸ਼ਜਰ ਰਾਬਿਖ਼ ਵੱ-ਸਾਸਮੋ ਵ-ਲ ਫ਼ਿਲਫ਼ਿਲ ।"

(ਉਲਥਾ) ਏਥੇ ਦੇ ਪੰਛੀਆਂ ਵਿਚੋਂ ਕੂੰਜ ਤੇ ਤੋਤੇ, ਮੋਰ ਤੇ ਕਬੂਤਰ ਹਨ । ਏਥੇ ਦੇ ਬ੍ਰਿਛਾਂ ਵਿਚੋਂ ਗਰੀ, ਆਬਨੂਸ ਅਤੇ ਕਾਲੀਆਂ ਮਿਰਚਾਂ ਦੇ ਬੂਟੇ ਹਨ ।

ਸੁਰੂਫ਼ੋ ਮਾ ਲਹਾ ਮਿਸਲੋ, ਕਦਸਤਗਨਤ ਅਨੁੱਸੈਕਲ
ਵ-ਅਰਮਾਹੋ ਇਜ਼ਾ ਹਤਜ਼ਤ ਅਹਤਜ਼ਾ ਬਹਲ ਜਹਫ਼ਲ

(ਉਲਥਾ) ਏਥੇ ਦੀਆਂ ਤਲਵਾਰਾਂ ਨੂੰ ਕਦੇ ਜੰਗਾਲ ਨਹੀਂ ਲਗਦਾ ਅਤੇ ਅਜੇਹੇ ਨੇਜ਼ੇ ਹਨ ਕਿ ਜਦ ਉਹ ਹਿਲਣ ਤਾਂ ਫੌਜ ਦੀ ਫੌਜ ਹਿਲ ਜਾਂਦੀ ਹੈ ।

ਫ਼ਹਲ ਯਨਕਰ ਹਜੁਲ ਫ਼ਜ਼ਲੋ, ਇੱਲੁਰ ਰਜੁਲਾ (ਹੁਵਲ) ਅਖ਼ਤਲ

(ਉਲਥਾ) ਜਿਹੜਾ ਇਨ੍ਹਾਂ ਗੁਣਾਂ ਤੋਂ ਇਨਕਾਰ ਕਰਦਾ ਹੈ ਉਹ ਖਬਤੀ ਹੈ ।

ਵਿਦਿਅਕ ਸਬੰਧ

ਆਧਾਰ

ਅਰਬ ਤੇ ਹਿੰਦ ਦੇ ਵਿਦਿਅਕ ਸਬੰਧਾਂ ਦੀ ਵਿਆਖਿਆ ਅਰਬੀ ਦੀਆਂ ਰੇਠ ਲਿਖੀਆਂ ਪੁਰਾਣੀਆਂ ਪਰਮਾਣੀਕ ਕਿਤਾਬਾਂ ਵਿਚੋਂ ਕੀਤੀ ਗਈ ਹੈ।

(੧) ਜਾਹਿਜ਼

ਜਾਹਿਜ਼ ਨੇ ਸੰਨ ੨੪੫ ਹਿ. ਵਿਚ ਚਲਾਣਾ ਕੀਤਾ। ਜਾਹਿਜ਼ ਬਸਰੇ ਦਾ ਰਹਿਣ ਵਾਲਾ ਸੀ। ਇਹ ਅਰਬੀ ਭਾਸ਼ਾ ਦਾ ਪਰਸਿੱਧ ਲੇਖਕ, ਫ਼ਲਾਸਫ਼ਰ ਤੇ ਲੈਕਚਰਾਰ ਸੀ। ਇਸ ਦੀਆਂ ਬਹੁਤ ਸਾਰੀਆਂ ਛੋਟੀਆਂ ਵੱਡੀਆਂ ਕਿਤਾਬਾਂ ਹਨ ਜਿਨ੍ਹਾਂ ਵਿੱਚੋਂ 'ਕਿਤਾਬੁਲ ਬਿਆਨ-ਵ-ਤਬਯੀਨ, ਕਿਤਾਬੁਲ ਹੈਵਾਨ' ਰਸਾਲੇ, ਜਿਨ੍ਹਾਂ ਵਿਚ ਕਲਪਤ ਚਰਚੇ ਦਰਜ ਹਨ, ਛਪੀਆਂ ਪੁਸਤਕਾਂ ਵਿਚੋਂ ਹਨ। ਅਜੇ ਹੁਣੇ ਇਸ ਦੀ ਇਕ ਕਿਤਾਬ 'ਕਿਤਾਬੁਤਾਜ' ਮਿਸਰ ਤੋਂ ਛਪੀ ਹੈ। ਜਾਹਿਜ਼ ਦੀ 'ਕਿਤਾਬੁਲਬਿਆਨ' ਵਿਚ ਹਿੰਦੁਸਤਾਨ ਦੇ ਅਲੰਕਾਰਾਂ ਦੇ ਅਸੂਲਾਂ ਬਾਰੇ ਇਕ ਪੰਨਾ ਹੈ ਅਤੇ ਰਸਾਲਿਆਂ ਵਿਚੋਂ ਇਕ ਵਿਚ ਹਿੰਦੁਸਤਾਨ ਦੀਆਂ ਖ਼ੂਬੀਆਂ ਦਰਜ ਹਨ। ਇਹ ਕਿਤਾਬਾਂ ਮਿਸਰ ਵਿਚ ਛਪੀਆਂ ਹਨ।

(੨) ਯਾਕੂਬੀ

ਇਸ ਦਾ ਨਾਂ ਅਹਿਮਦ ਬਿਨ ਯਾਕੂਬ ਬਿਨ ਜਾਅਫ਼ਰ ਹੈ।

ਅੱਬਾਸੀ ਰਾਜ ਸਮੇਂ ਇਹ ਮੁਨਸ਼ੀ-ਖਾਨੇ ਦਾ ਅਫਸਰ ਸੀ। ਇਸ ਨੇ ਹਿੰਦੁਸਤਾਨ ਤੇ ਦੂਜੇ ਦੇਸਾਂ ਦਾ ਸੈਰ-ਸਪਾਟਾ ਕੀਤਾ ਸੀ। ਇਹ ਪਹਿਲਾ ਮੁਸਲਮਾਨ ਇਤਿਹਾਸਕਾਰ ਹੈ ਜਿਸ ਨੇ ਦੁਨੀਆ ਦੀਆਂ ਸਾਰੀਆਂ ਕੌਮਾਂ ਦਾ ਇਤਿਹਾਸ ਅਰਬੀ ਵਿਚ ਲਿਖਿਆ। ਸੰਨ ੨੮੭ ਹਿ. ਵਿਚ ਉਸ ਨੇ ਚਲਾਣਾ ਕੀਤਾ। ਉਸ ਦੀਆਂ ਦੋ ਪੁਸਤਕਾਂ ਛਪੀਆਂ ਹਨ। ਇਕ ਇਤਿਹਾਸ ਦੋ ਸੈਂਚੀਆਂ ਵਿਚ, ਦੂਜੀ ਭੂਗੋਲ, ਜਿਸ ਵਿਚ ਹਿੰਦੁਸਤਾਨ ਦਾ ਹਾਲ ਨਹੀਂ ਲਿਖਿਆ, ਪਰ ਇਤਿਹਾਸ ਦੀ ਪਹਿਲੀ ਸੈਂਚੀ ਵਿਚ, ਉਸ ਨੇ ਸਭ ਤੋਂ ਪਹਿਲੀ ਵਾਰ ਉਨ੍ਹਾਂ ਕਿਤਾਬਾਂ ਦਾ ਹਾਲ ਲਿਖਿਆ ਹੈ ਜਿਨ੍ਹਾਂ ਦਾ ਹਿੰਦੁਸਤਾਨੀ ਭਾਸ਼ਾਵਾਂ ਤੋਂ ਅਰਬੀ ਵਿਚ ਉਲਥਾ ਹੋਇਆ। ਇਹ ਦੋਵੇਂ ਕਿਤਾਬਾਂ ਲੀਡਨ ਵਿਚ ਛਪੀਆਂ ਹਨ।

(੩) ਮੁਹੰਮਦ ਬਿਨ ਇਸਹਾਕ ਜੋ 'ਇਬਨ ਨਦੀਮ' ਦੇ ਨਾਂ ਤੋਂ ਪਰਸਿਧ ਹੈ

ਏਹ ਸੰਨ ੩੭੭ ਹਿ. ਵਿਚ ਮੌਜੂਦ ਸੀ, ਤੇ ਬਗ਼ਦਾਦ ਦਾ ਵਸਨੀਕ ਸੀ। ਇਸ ਨੇ ਉਨ੍ਹਾਂ ਸਭ ਪੁਸਤਕਾਂ ਦੇ ਨਾਂ ਤੇ ਵੇਰਵੇ ਲਿਖੇ ਹਨ ਜੋ ਇਸ ਦੇ ਸਮੇਂ ਤਕ ਕਿਸੇ ਵਿਗਿਆਨ ਜਾਂ ਕਲਾ ਬਾਰੇ ਅਰਬੀ ਵਿਚ ਲਿਖੀਆਂ ਗਈਆਂ ਸਨ ਜਾਂ ਕਿਸੇ ਹੋਰ ਬੋਲੀ ਤੋਂ ਉਲਥਾਈਆਂ ਗਈਆਂ ਸਨ। ਇਨ੍ਹਾਂ ਵਿਚ ਹਿੰਦੁਸਤਾਨ ਦਾ ਵੀ ਹਿੱਸਾ ਹੈ। ਇਹ ਕਿਤਾਬ ਜਰਮਨ ਵਿਦਵਾਨ ਫਲੂਗਲ (Fluegel) ਦੇ ਪਰਬੰਦ ਅਤੇ ਫੁਟਨੋਟਾਂ ਹੇਠ ਲੈਪਜ਼ਿਗ ਵਿਚ ਸੰਨ ੧੮੭੧ ਈ. ਵਿਚ ਛਪੀ ਹੈ।

(੪) ਅਬੂ ਰੈਹਾਨ ਬੇਰੂਨੀ

(ਮ੍ਰਿਤੂ ਸੰਨ ੪੪੦ ਹਿ.)

ਬੈਰੂਨੀ ਨੇ 'ਕਿਤਾਬੁਲ ਹਿੰਦ' ਨਾਂ ਦੀ ਪੂਰੀ ਕਿਤਾਬ ਹੀ ਹਿੰਦੁਸਤਾਨੀ ਵਿਗਿਆਨ ਤੇ ਕਲਾ ਤੇ ਲਿਖੀ ਹੈ। ਇਹ ਪ੍ਰੋਫੈਸਰ ਜ਼ਖਾਊ ਦੇ ਉੱਦਮ ਨਾਲ ਸੰਨ ੧੮੮੭ ਈ. ਵਿਚ ਲੰਡਨ ਵਿਚ ਛਪੀ। ਅੰਗਰੇਜ਼ੀ ਅਤੇ ਹਿੰਦੀ ਵਿਚ ਵੀ ਇਸ ਦਾ ਤਰਜਮਾਂ ਹੋ ਚੁਕਿਆ ਹੈ।

(੫) ਕਾਜ਼ੀ ਸਾਇਦ ਅੰਦਲੁਸੀ

ਇਹ ਸਪੇਨ ਦਾ ਵਸਨੀਕ ਸੀ । ਏਸ ਦੀ ਕਿਤਾਬ ਦਾ ਨਾਂ 'ਤਬਕਾਤੁਲਉਮਮ' ਹੈ। ਇਹ ਸੰਨ ੪੬੨ ਹਿ. (ਸੰਨ ੧੦੭੦ ਈ.) ਵਿਚ ਮਰਿਆ । ਇਸ ਨੇ ਆਪਣੇ ਸਮੇਂ ਤਕ ਦੀਆਂ ਸਾਰੀਆਂ ਸੱਭ ਕੌਮਾਂ ਦੇ ਉਨ੍ਹਾਂ ਵਿਗਿਆਨਾਂ ਤੇ ਕਲਾ ਦਾ ਇਤਿਹਾਸ ਲਿਖਿਆ ਹੈ ਜੋ ਅਰਬੀ ਰਾਹੀਂ ਉਸ ਤਕ ਪੁਜੀਆਂ ਸਨ । ਇਨਾਂ ਵਿਚ ਹਿੰਦੁਸਤਾਨ ਉੱਤੇ ਵੀ ਇਕ ਕਾਂਡ ਦਿੱਤਾ ਹੈ । ਇਸ ਦੀ ਏਹ ਪੁਸਤਕ ਬੈਰੂਤ ਦੇ ਕੈਥੋਲਿਕ ਪ੍ਰੇਸ ਵਿਚ ਸੰਨ ੧੯੧੨ ਈ. ਵਿਚ ਛਪੀ ਸੀ । ਫੇਰ ਇਹ ਮਿਸਰ ਵਿਚ ਵੀ ਛਪ ਗਈ। ਮੇਰੇ ਸਾਹਮਣੇ ਬੈਰੂਤ ਵਾਲੀ ਲਿਖਤ ਹੈ। ਦਾਰੁਲ ਮੁਸੰਨਫ਼ੀਨ ਆਜ਼ਮ ਗੜ੍ਹ ਨੇ ਇਸ ਦਾ ਉਰਦੂ ਉਲਥਾ ਵੀ ਛਪਾ ਦਿਤਾ ਹੈ ।

(੬) ਇਬਨ ਅਬੀ ਅਸੈਬਆ ਮਵੱਫ਼ਿਕੁਦੀਨ

ਆਪਣੇ ਸਮੇਂ ਦਾ ਪਰਸਿੱਧ ਫ਼ਲਾਸਫ਼ਰ ਤੇ ਹਕੀਮ ਸੀ । ਇਸ ਦਾ ਦਾਦਾ ਸੁਲਤਾਨ ਸਲਾਹੁੱਦੀਨ ਦਾ ਹਕੀਮ ਸੀ । ਸੰਨ ੫੯੦ ਹਿ. (ਸੰਨ ੧੧੯੪ ਈ.) ਤੋਂ ਸੰ. ੬੬੮ ਹਿ. (ਸੰਨ ੧੨੭੦ ਈ.) ਤਕ ਇਸ ਦਾ ਸਮਾਂ ਹੈ । ਇਸ ਨੇ 'ਉਯੂਨਲ ਅਨਬਾਏ ਫ਼ੀ ਤਬਕਾਤੁਲ ਅੱਤਿਬਾਏ' ਨਾਂ ਦੀ ਇਕ ਪੁਸਤਕ ਵਿਚ ਦੁਨੀਆ ਦੀਆਂ ਸਾਰੀਆਂ ਸੱਭ ਕੌਮਾਂ ਦੇ ਪਰਸਿਧ ਹਕੀਮਾਂ ਦੀਆਂ ਜੀਵਨੀਆਂ ਲਿਖੀਆਂ ਹਨ। ਦੂਜੀ ਸੰਚੀ ਵਿਚ ਹਿੰਦੁਸ-ਤਾਨ ਦਾ ਵੀ ਇਕ ਕਾਂਡ ਹੈ । ਇਹ ਕਿਤਾਬ ਮਿਸਰ ਵਿਚ ਦੋ ਸੰਚੀਆਂ ਵਿਚ ਛਪੀ ਹੈ।

(੭) ਹਜ਼ਰਤ ਉਸਤਾਜ਼ ਅੱਲਾਮਾ ਸ਼ਿਬਲੀ ਨੁਅਮਾਨੀ (ਉਸ ਉਤੇ ਰੱਬ ਦੀ ਮਿਹਰ ਹੋਵੇ)

ਉਨ੍ਹਾਂ ਨੇ 'ਤਰਜ਼ਮੇ' ਸਿਰਲੇਖ ਹੇਠ ਇਕ ਵਿਸਥਾਰ ਪੂਰਵਕ ਲੈਕਚਰ ਮਹੱਮਡਨ ਐਜੂਕੇਸ਼ਨਲ ਕਾਨਫ਼ਰੰਸ ਅਲੀਗੜ੍ਹ ਵਿਚ ਦਿਤਾ ਸੀ ਜੋ

ਰਸਾਲਿਆਂ ਵਿਚ ਛਪ ਚੁਕਿਆ ਹੈ । ਇਸ ਵਿਚ ਵਿਸਥਾਰ ਸਹਿਤ ਉਨ੍ਹਾਂ ਕਿਤਾਬਾਂ ਦਾ ਵੇਰਵਾ ਸੀ ਜੋ ਯੂਨਾਨੀ, ਫ਼ਾਰਸੀ, ਇਬਰਾਨੀ, ਸੁਰਿਆਨੀ ਆਦਿ ਬੋਲੀਆਂ ਵਿਚ ਤਰਜਮਾ ਹੋਈਆਂ । ਏਸੇ ਸਬੰਧ ਵਿਚ ਇਕ ਸੰਖੇਪ ਬਿਆਨ ਉਨ੍ਹਾਂ ਕਿਤਾਬਾਂ ਬਾਰੇ ਵੀ ਹੈ ਜੋ ਸੰਸਕ੍ਰਿਤ ਤੋਂ ਅਰਬੀ ਅਤੇ ਫ਼ਾਰਸੀ ਵਿਚ ਉਲਥਾਈਆਂ ਗਈਆਂ ਸਨ, ਪਰ ਉਸ ਸਮੇਂ ਤਕ ਕਿਉਂਕਿ ਪੁਰਾਣੀਆਂ ਕਿਤਾਬਾਂ ਛਪੀਆਂ ਨਹੀਂ ਸਨ ਅਤੇ ਬਾਕ਼ੀਆਂ ਅਧੂਰੀਆਂ ਖੋਜਾਂ ਨਾ ਮੁਕੰਮਲ ਸਨ, ਇਸ ਲਈ ਐਡਰੇਸ ਦਾ ਇਹ ਹਿੱਸਾ ਨਾ ਮੁਕੰਮਲ ਜਿਹਾ ਸੀ ।

ਵਿਦਿਅਕ ਸਬੰਧਾਂ ਦਾ ਆਰੰਭ

ਬਰਮਕੀ

ਇਸ ਤੋਂ ਪਹਿਲਾਂ, ਕਿ ਅਰਬ ਅਤੇ ਹਿੰਦ ਦੇ ਵਿਦਿਅਕ ਸਬੰਧਾਂ ਬਾਰੇ ਗੱਲ ਬਾਤ ਸ਼ੁਰੂ ਕੀਤੀ ਜਾਵੇ, ਓਸ ਵੰਸ ਦਾ ਵਰਨਣ ਕਰਨਾ ਜ਼ਰੂਰੀ ਹੈ ਜਿਸ ਦੇ ਉੱਦਮ ਨਾਲ ਇਹ ਸਬੰਧ ਹੋਂਦ ਵਿਚ ਆਏ। ਆਮ ਕਰਕੇ ਅਰਬੀ ਬੋਲੀ ਵਿਚ ਇਹ ਵੰਸ 'ਬਰਮਕਾ' ਕੁਲ ਦੇ ਨਾਂ ਤੋਂ ਪਰਸਿਧ ਹੈ। ਇਹ ਉਹ ਵੰਸ ਹੈ ਜਿਸ ਨੇ ਬਗ਼ਦਾਦ ਦੀ ਅੱਬਾਸੀ ਖ਼ਲਾਫ਼ਤ ਸਮੇਂ ਪੰਜ੍ਹਾਂ ਸਾਲਾਂ ਤਕ, ਸੰਨ ੧੩੬ ਹਿ. ਤੋਂ ਲੈਕੇ ਸੰਨ ੧੮੬ ਹਿ. ਤਕ, ਬੜੇ ਅਮਨ, ਸ਼ਾਂਤੀ, ਸ਼ਾਸਨ ਪਰਬੰਧ, ਦਿਆਲਤਾ ਤੇ ਕਿਰਪਾਲਤਾ, ਬਖ਼ਸ਼ਸ਼ ਤੇ ਸਖ਼ਾਵਤ ਨਾਲ ਵਜ਼ੀਰੀ ਦੇ ਫ਼ਰਜ਼ਾਂ ਨੂੰ ਨਿਭਾਇਆ ਇਥੋਂ ਤਕ ਕਿ ਬਹੁਤ ਸਾਰੇ ਅਜੇਹੇ ਲੋਕ ਹਨ ਜੋ ਇਹ ਸਮਝਦੇ ਹਨ ਕਿ ਅੱਬਾਸੀ ਖ਼ਲਾਫ਼ਤ ਦੀ ਨੇਕਨਾਮੀ, ਮਸ਼ਹੂਰੀ, ਤੇ ਚੰਗਾ ਰਾਜ-ਪਰਬੰਧ ਇਨ੍ਹਾਂ ਬਰਮਕੀ ਵਜ਼ੀਰਾਂ ਦੇ ਤੁਫ਼ੈਲ ਨਾਲ ਸੀ। ਇਨ੍ਹਾਂ ਦੀਆਂ ਮਿਹਰਾਂ ਤੇ ਬਰਕਤਾਂ ਨਾਲ ਬਗ਼ਦਾਦ ਵਿਚ ਅਨੰਦ-ਮੰਗਲ ਬਣਿਆ ਹੋਇਆ ਸੀ। ਪਹਿਲੇ ਅੱਬਾਸੀ ਖਲੀਫ਼ਾ 'ਸੱਫਾਹ' ਤੋਂ ਲੈ ਕੇ ਪੰਜਵੇਂ ਖਲੀਫ਼ਾ 'ਮਹਾਂ ਹਾਰੂੰ ਰਸ਼ੀਦ' ਤਕ ਏਸ ਵੰਸ ਦੀਆਂ ਅੱਡ ਅੱਡ ਵਿਅਕਤੀਆਂ ਨੇ ਅਸਲ ਵਿਚ ਵਜ਼ੀਰੀ ਦੀ ਥਾਂ ਬਾਦਸ਼ਾਹੀ ਕੀਤੀ ਹੈ। ਇਸ ਵੰਸ ਦਾ ਮੁਢ ਭਾਵੇਂ 'ਸੱਫਾਹ' ਦੇ ਸਮੇਂ ਤੋਂ ਹੋਇਆ ਪਰ ਹਾਰੂੰ ਦੇ ਸਮੇਂ ਵਿਚ ਇਹ

ਲੋਕ ਚੜ੍ਹਦੀਆਂ ਕਲਾਂ ਵਿਚ ਆਏ। ਇਨ੍ਹਾਂ ਦੀ ਕਿਸਮਤ ਦਾ ਸੂਰਜ ਹਾਲਾਂ ਸ਼ਿਖਰ ਤੇ ਚਮਕਦਾ ਸੀ ਕਿ ਹਾਰੂੰ ਦੇ ਹਥੋਂ ਇਹ ਸਦਾ ਲਈ ਡੁੱਬ ਗਿਆ। ਹਾਰੂੰ ਰਸ਼ੀਦ ਨੇ ਜਿਨ੍ਹਾਂ ਕਾਰਣਾਂ ਕਰਕੇ ਇਸ ਨੂੰ ਨਸ਼ਟ ਕੀਤਾ ਉਹ ਸਦਾ ਗੁਪਤ ਰਹੇ ਹਨ, ਤਾਂ ਵੀ ਇਤਿਹਾਸਕਾਰਾਂ ਨੇ ਇਹ ਸਿਧ ਕੀਤਾ ਹੈ ਕਿ ਇਸ ਗਲ ਦਾ ਕੇਵਲ ਇਹ ਕਾਰਣ ਸੀ ਕਿ 'ਬਰਮਕੀਆਂ' ਨੇ ਆਪਣੀ ਸਖ਼ਾਵਤ ਤੇ ਨੇਕ-ਨਾਮੀ ਨਾਲ ਸਾਰਿਆਂ ਲੋਕਾਂ ਨੂੰ ਮੋਹਤ ਕਰ ਲਿਆ ਸੀ। ਨਾਲੇ ਦੇਸ ਦੀਆਂ ਸਾਰੀਆਂ ਚੰਗੀਆਂ ਚੰਗੀਆਂ ਤੇ ਉਮਦਾ ਜ਼ਮੀਨਾਂ ਆਪਣੀ ਜਗੀਰ ਬਣਾ ਲਈਆਂ ਸਨ। ਇਹ ਲੋਕ ਰਾਜ-ਪਰਬੰਧ ਤੇ ਇਸ ਹਦ ਤਕ ਛਾ ਗਏ ਸਨ, ਕਿ ਅਸਲ ਅੱਬਾਸੀ ਵੰਸ ਕੇਵਲ ਇਨ੍ਹਾਂ ਦੇ ਤਰਸ ਤੇ ਸੀ। ਅਜੇਹੀ ਹਾਲਤ ਵਿਚ ਜੇ ਬਰਮਕੀਆਂ ਦੀ ਵੇਲੇ ਸਿਰ ਖ਼ਬਰ ਨਾ ਲਈ ਜਾਂਦੀ, ਤਾਂ ਇਸਲਾਮੀ ਦੁਨੀਆ ਵਿਚ ਇਕ ਬਹੁਤ ਵਡਾ ਇਤਹਾਸਕ ਇੰਕਲਾਬ ਪੇਸ਼ ਆਉਂਦਾ ਅਤੇ ਅਬਾਸੀ ਵੰਸ ਸਦਾ ਲਈ ਮਿਟ ਜਾਂਦਾ। ਇਸ ਲਈ ਅੱਬਾਸੀ ਵੰਸ ਨੂੰ ਬਚਾਉਂਣ ਲਈ ਬਰਮਕੀ ਵੰਸ ਨੂੰ ਨਸ਼ਟ ਕਰਨਾ ਜ਼ਰੂਰੀ ਸੀ। ਕੋਈ ਵੀ ਕਾਰਣ ਹੋਣ, ਪਰ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਬਰਮਕੀਆਂ ਦਾ ਵੰਸ ਹੀ ਅਜੇਹਾ ਵੰਸ ਸੀ ਜਿਨ੍ਹਾਂ ਦੀ ਸਰਪਰਸਤੀ ਹੇਠ, ਧਾਰਮਕ ਗੱਲਾਂ ਨੂੰ ਯੁਕਤੀ ਨਾਲ ਸਿੱਧ ਕਰਨ ਦੀ ਵਿਦਿਆ, ਦਰਸ਼ਣ, ਚਿਕਿਤਸਾ, ਤਰਕ ਅਤੇ ਹੋਰ ਦੂਜੀਆਂ ਕੌਮਾਂ ਦੀਆਂ ਵਿਦਿਆਵਾਂ ਸਿਖਣ ਦਾ ਸ਼ੌਕ ਮੁਸਲਮਾਨਾਂ ਵਿਚ ਪੈਦਾ ਹੋਇਆ।

ਬਰਮਕੀ ਕੌਣ ਸਨ ?

ਆਮ ਤੌਰ ਤੇ ਪਰਸਿਧ ਹੈ ਕਿ ਬਰਮਕੀ ਮਜੂਸ ਅਥਵਾ ਈਰਾਨੀ ਅਗਨੀ ਪੂਜਕ ਸਨ। ਬਲਖ਼ ਵਿਚ 'ਨੌ-ਬਿਹਾਰ' ਨਾਂ ਦਾ ਮਿਨੂਚਿਹਰ ਦਾ ਬਣਾਇਆ ਹੋਇਆ ਇਕ ਅਗਨੀ ਮੰਦਰ ਸੀ। ਇਹ ਬਰਮਕੀ ਏਸੇ ਅਗਨੀ ਮੰਦਰ ਦੇ ਪੁਜਾਰੀ ਸਨ। ਜਦੋਂ ਮੁਸਲਮਾਨਾਂ ਨੇ ਸੰਨ. ੩੧ ਹਿ. (ਸੰਨ ੬੫੧ ਈ.)ਵਿਚ ਬਲਖ਼ ਨੂੰ ਜਿਤਿਆ ਤਾਂ ਇਹ ਅਗਨੀ ਮੰਦਰ ਵੀ ਏਸ ਕ੍ਰਾਂਤੀ

ਹਨੇਰੀ ਕਾਰਨ ਸੁੰਨ ਹੋ ਗਿਆ, ਪਰ ਕੁਝ ਸਮਾਂ ਪਾਕੇ ਇਸ ਦੀ ਜਵਾਲਾ ਫੇਰ ਭੜਕ ਉੱਠੀ। ਆਖ਼ੀਰ ਵਿਚ ਜਦੋਂ ਸੰ. ੮੬ ਹਿ.(ਸੰ. ੭੦੫ ਈ.)ਵਿਚ ਖੁਰਾਸਾਂ ਦੇ ਪਰਸਿੱਧ ਮੁਸਲਮਾਨ ਸੈਨਾਪਤੀ, ਕੁਤੈਬਾ ਨੇ ਸਦਾ ਲਈ ਇਸ ਮੁਲਕ ਨੂੰ ਇਸਲਾਮ ਦੇ ਰਾਜ ਖੇਤਰ ਵਿਚ ਦਾਖਲ ਕਰ ਲਿਆ, ਤਾਂ ਇਸ ਅਗਨੀ ਮੰਦਰ ਦੇ ਪੁਜਾਰੀਆਂ ਵਿਚੋਂ, ਜੋ ਪਰਾਚੀਨ ਬਾਦਸ਼ਾਹਾਂ ਦੇ ਸਮੇਂ ਤੋਂ ਬਲਖ਼ ਤੇ ਓਸ ਦੇ ਲਾਗੇ ਚਾਗੇ ਦੀ ਮੰਦਰ ਲਈ ਦਾਨ ਕੀਤੀ ਵਸੋਂ ਦੇ ਮਾਲਕ ਤੇ ਹਾਕਿਮ ਸਨ, ਕੁਝ ਲੋਕ ਆਪ ਆਪਣੀ ਮਰਜ਼ੀ ਨਾਲ ਮੁਸਲਮਾਨ ਹੋ ਗਏ ਅਤੇ ਦਿਮਿਸ਼ਕ ਚਲੇ ਆਏ । ਫੇਰ ਜਦੋਂ ਅਰਬਾਂ ਦਾ ਰਾਜ ਕੇਂਦਰ ਸੰ. ੧੩੩ ਹਿ. ਵਿਚ ਦਿਮਿਸ਼ਕੋਂ ਹਟਕੇ ਬਗ਼ਦਾਦ ਚਲਿਆ ਗਿਆ ਤਾਂ ਬਰਮਕੀ ਵੀ ਬਗ਼ਦਾਦ ਤੁਰ ਆਏ ਅਤੇ ਹੌਲੀ ਹੌਲੀ ਰਾਜ ਤੇ ਹਕੂਮਤ ਦੇ ਉੱਚੇ ਤੋਂ ਉੱਚੇ ਮਰਤਬਿਆਂ ਨੂੰ ਪਰਾਪਤ ਕਰਦੇ ਹੋਏ ਵਜ਼ੀਰੀ ਆਹੁਦੇ ਤਕ ਪੁਜ ਗਏ। ਜਿਨ੍ਹਾਂ ਲੋਕਾਂ ਨੇ ਕਦੇ ਸਾਰੇ ਇਸਲਾਮੀ ਸੰਸਾਰ ਤੇ ਰਾਜ ਕੀਤਾ ਹੈ।

ਇਹ ਵੰਸ, ਜੋ ਏਸ ਅਗਨੀ ਮੰਦਰ ਦਾ 'ਮਹਾਂ ਪੁਜਾਰੀ' ਸੀ, 'ਬਰਮਕ' ਦੇ ਨਾਂ ਨਾਲ ਪਰਸਿਧ ਸੀ। ਏਹੋ ਬਰਮਕ ਸ਼ਬਦ ਦਾ ਬਹੁਵਚਨ 'ਬਰਾਮਕਾ' ਹੈ ਜਿਸ ਨਾਲ ਇਸ ਵੰਸ ਦੀ ਇਜ਼ਤ, ਸ਼ੁਹਰਤ ਤੇ ਮਹੱਤਤਾ ਕਾਇਮ ਹੈ। ਸਵਾਲ ਇਹ ਹੈ, ਕਿ ਸ਼ਬਦ 'ਬਰਮਕ' ਦੀ ਨਿਰੁਕਤੀ ਕੀ ਹੈ ? ਪੁਰਾਣੇ ਇਤਿਹਾਸਕਾਰਾਂ ਤੇ ਕੋਸ਼ਕਾਰਾਂ ਨੇ ਏਧਰ ਧਿਆਨ ਨਹੀਂ ਦਿੱਤਾ। ਪਿਛਲੇ ਫ਼ਾਰਸੀ ਇਤਿਹਾਸਕਾਰਾਂ ਤੇ ਕੋਸ਼ਕਾਰਾਂ ਨੇ ਏਸ ਸ਼ਬਦ ਨੂੰ 'ਮਕੀਦਨ' (ਚੂਸਣਾ) ਫ਼ਾਰਸੀ ਕ੍ਰਿਆ ਤੋਂ ਕਢਕੇ ਦੱਸਿਆ ਹੈ ਜਿਸ ਉੱਪਰ 'ਬਰ' ਦਾ ਆਗਮ ਕਰਦੇ ਹੋਏ ਏਸ ਸ਼ਬਦ ਤੋਂ 'ਬਰ ਮਕੀਦਨ' ਕ੍ਰਿਆ ਤਿਆਰ ਕੀਤੀ ਹੈ, ਫ਼ੇਰ ਏਸ ਸ਼ਬਰ ਦੇ ਆਧਾਰ ਤੇ ਇਕ ਨਿਰਆਧਾਰ ਕਹਾਣੀ ਦੀ ਇਮਾਰਤ ਖੜੀ ਕੀਤੀ ਹੈ। ਕਹਿੰਦੇ ਹਨ, ਕਿ ਪਹਿਲਾ ਬਰਮਕ ਮੁਸਲਮਾਨ ਹੋਕੇ ਜਦੋਂ ਖ਼ਲੀਫ਼ਾ ਦੇ ਸਾਹਮਣੇ ਹਾਜ਼ਰ ਹੋਇਆ ਤਾਂ ਖ਼ਲੀਫ਼ਾ ਨੇ ਓਸ ਨੂੰ ਡਾਂਟ ਕੇ ਕਿਹਾ "ਤੈਨੂੰ ਬਾਦਸ਼ਾਹਾਂ ਦੇ ਦਰਬਾਰ ਵਿਚ ਆਉਣ ਦਾ ਵੀ ਸ਼ਹੂਰ ਨਹੀਂ, ਤੂੰ ਆਪਣੇ ਕੋਲ ਜ਼ਹਿਰ ਲੈਕੇ ਦਰਬਾਰ ਵਿਚ ਆਇਆ ਹੈਂ। ਮੇਰੇ ਕੋਲ ਅਜਿਹੇ ਮੋਹਰੇ ਹਨ ਜਿਨਾਂ ਤੋਂ ਮੈਨੂੰ ਪਤਾ ਲਗ ਜਾਂਦਾ ਹੈ ਕਿ

ਕਿਸ ਦੇ ਕੋਲ ਜ਼ਹਿਰ ਹੈ"। ਬਰਮਕ ਪਹਿਲੇ ਨੇ ਬੇਨਤੀ ਕੀਤੀ ਕਿ "ਇਹ ਕਸੂਰ ਬੇਸ਼ਕ ਮੈਥੋਂ ਹੋਇਆ, ਮੇਰੀ ਮੁੰਦਰੀ ਦੇ ਥੱਲੇ ਜ਼ਹਿਰ ਹੈ ਤਾਂ ਜੋ ਜੇ ਕਦੇ ਮੇਰੇ ਤੇ ਅਜੇਹੀ ਵਿਪਤਾ ਆ ਪਵੇ ਕਿ ਮੈਨੂੰ ਆਪਣੀ ਇੱਜ਼ਤ ਬਚਾਉਣ ਲਈ ਜਾਨ ਦੇਣੀ ਪਵੇ ਤਾਂ ਮੈਂ ਏਸ ਮੁੰਦਰੀ ਨੂੰ ਚੂਸ ਲਵਾਂ ਅਤੇ ਪਰਾਣ ਦੇ ਦੇਵਾਂ।" ਕਿਉਂ ਜੋ ਉਸ ਦੀ ਮਾਤ੍ਰੀ ਭਾਸ਼ਾ ਫ਼ਾਰਸੀ ਸੀ ਏਸ ਲਈ 'ਚੂਸ ਲਵਾਂ' ਨੂੰ ਫ਼ਾਰਸੀ ਵਿਚ ਓਸ ਨੇ 'ਬਰਮਕਮ' ਦੇ ਸ਼ਬਦ ਦੁਆਰਾ ਪਰਗਟ ਕੀਤਾ। ਏਸ ਵੇਲੇ ਤੋਂ ਇਸ ਦਾ ਨਾਂ ਹੀ ਬਰਮਕ ਹੋ ਗਿਆ* ਇਹ ਕਹਾਣੀ ਨਿਰਾ ਝੂਠ ਹੈ ਅਤੇ ਕੇਵਲ ਫ਼ਾਰਸੀ ਕਿਸਾ ਨਵੀਸਾਂ ਦਾ ਗਪੋੜ ਹੈ। ਦਿਮਿਸ਼ਕ ਦੇ ਦਰਬਾਰ ਦੀ ਬੋਲੀ ਫ਼ਾਰਸੀ ਨਹੀਂ, ਸਗੋਂ ਅਰਬੀ ਸੀ। ਏਸ ਤੋਂ ਛੁਟ ਏਸ ਕਿੱਸੇ ਦਾ ਤਾਤਪਰਜ ਏਹ ਹੋਵੇਗਾ ਕਿ ਬਰਮਕ ਦੀ ਉਪਾਧੀ ਸੰ. ੮੬ ਹਿ. ਤੋਂ ਚੱਲੀ, ਪਰ ਅਰਬੀ ਦੇ ਸਾਰੇ ਪਰਮਾਣੀਕ ਇਤਿਹਾਸਕਾਰਾਂ ਨੇ ਏਹੀ ਲਿਖਿਆ ਹੈ ਕਿ ਇਹ ਬਲਖ਼ ਦੇ ਪਰਧਾਨ ਪੁਜਾਰੀ ਦੀ ਪੁਰਾਣੀ ਉਪਾਧੀ ਸੀ। ਬਾਜ਼ੇ ਫ਼ਾਰਸੀ ਕੋਸ਼ਕਾਰਾਂ ਨੇ 'ਬਰਮਕ' ਨੂੰ ਕਿਸੇ ਥਾਂ ਦਾ ਨਾਂ ਦੱਸਿਆ ਹੈ ਜਿਸ ਤੋਂ ਤੱਦਿਤ ਕਰਕੇ ਲੋਕ ਇਨ੍ਹਾਂ ਲੋਕਾਂ ਨੂੰ ਬਰਮਕੀ ਆਖਣ ਲਗੇ† । ਇਕ ਅਰਬੀ ਸਾਹਿਤਕਾਰ ਨੇ ਏਸ ਸ਼ਬਦ ਦੀ ਨਿਰੁਕਤੀ ਏਦੋਂ ਵੀ ਵਧੇਰੇ ਦਿਲਚਸਪ ਬਿਆਨ ਕੀਤੀ ਹੈ। ਆਖਿਆ ਹੈ ਕਿ ਬਲਖ਼ ਦਾ ਏਹ ਉਪਾਸ਼ਨਾ ਮੰਦਰ, ਕਾਬੇ ਦੀ ਨਕਲ ਕਰਦਿਆਂ ਬਣਾਇਆ ਗਿਆ ਸੀ, ਏਸ ਲਈ ਏਸ ਦੇ ਪਰਧਾਨ ਪੁਜਾਰੀ ਨੂੰ 'ਬਰਮਕਾ' ਅਥਵਾ ਮੱਕਾ ਦਾ ਹਾਕਮ ਕਹਿੰਦੇ ਸਨ ਅਤੇ ਬਰਮਕ ਏਸੇ ਦਾ ਸੰਖੇਪ ਰੂਪ ਹੈ‡ । ਇਕ ਹੋਰ ਵਿਆਖਿਆ ਯਾਕੂਤ ਦੀ ਮੁਅਜਮੁਲ ਬੁਲਦਾਨ ਵਿਚ ਹੈ ਕਿ 'ਬਰ' ਦਾ ਅਰਥ ਹੈ 'ਪੁੱਤਰ' ਇਉਂ 'ਬਰਮਕਾ' ਦਾ ਅਰਥ ਹੋਇਆ 'ਮਕੇ ਦਾ ਪੁਤੱਰ' (ਨੌਬਿਹਾਰ ਦਾ ਸ਼ਬਦ)

---

*ਤਾਰੀਖ ਜਿਆਏ ਬਰਨੀ 'ਰੌਜ਼ਾਤੁਸੱਫ਼ਾ' ਬੁਰਹਾਨਕਾਤਿ

†ਬੁਰਹਾਨਕਾਤਿ

‡ਰਬੀਅਉਲ ਅਬਰਾਰ ਜ਼ਮਖਸ਼ਰੀ

ਸਾਡੀ ਉਰਦੂ ਭਾਸ਼ਾ ਵਿਚ 'ਅਲਬਰਾਮਿਕਾ' ਦੇ ਨਾਂ ਦੀ ਏਸ ਵੰਸ ਦੀ ਪਰਸਿਧ ਤਾਰੀਖ਼ ਲਿਖੀ ਗਈ ਹੈ। ਏਸ ਦੇ ਕਾਇੱਕ ਲੇਖਕ ਨੇ ਏਸ ਸ਼ਬਦ ਦੀ ਵਿਉਤਪਤੀ ਇਉਂ ਪਰਗਟ ਕੀਤੀ ਹੈ ਕਿ 'ਬਰਮਕ' ਸ਼ਬਦ ਅਸਲ ਵਿਚ 'ਬਰਮੁਗ' ਸੀ। ਮੁਗ, ਜਿਸ ਦਾ ਬਹੁਵਚਨ ਉਰਦੂ ਕਵਿਤਾ ਵਿਚ ਵੀ ਮੁਗਾਂ ਅਤੇ 'ਪੀਰੇ ਮੁਗ਼ਾਂ' ਕਰਕੇ ਵਰਤਿਆ ਗਿਆ ਹੈ, ਅਗਨੀ ਪੂਜ ਅਥਵਾ ਅਗ ਦੇ ਪੁਜਾਰੀ ਨੂੰ ਆਖਦੇ ਹਨ। ਇਸ ਦਾ ਯੂਨਾਨੀ ਰੂਪ ਮੈਗੂਸ* ਤੇ ਅਰਬੀ ਰੂਪ ਮਜੂਸ ਹੈ। ਬਰ, ਪਰਧਾਨ ਨੂੰ ਆਖਦੇ ਹਨ, ਏਸ ਲਈ 'ਬਰਮੁਗ' ਦਾ ਅਰਥ ਹੋਇਆ 'ਪਰਧਾਨ ਮਜੂਸ' ਜਾਂ 'ਮੁਖੀਆ ਮਜੂਸ'। ਸਾਨੂੰ ਏਸ ਵਿਆਖਿਆ ਦੇ ਮੰਨਣ ਵਿਚ ਕੋਈ ਦਰੇਗ਼ ਨਹੀਂ ਜੇ ਇਹ ਸਿੱਧ ਹੋ ਸਕੇ ਕਿ ਨੌਬਹਾਰ ਤੋਂ ਛੁਟ ਈਰਾਨ ਦੇਸ ਦੇ ਹਜ਼ਾਰਾਂ ਅਗਨੀ ਮੰਦਰਾਂ ਵਿਚੋਂ ਕਿਸੇ ਇਕ ਦੇ ਪਰਧਾਨ ਪੁਜਾਰੀ, ਪਰੋਹਤ ਜਾਂ ਮੁਖੀਏ ਨੂੰ ਏਸ ਨਾਂ ਨਾਲ ਸੰਬੋਧਤ ਕੀਤਾ ਗਿਆ ਹੈ। ਏਸ ਵਿਆਖਿਆ ਅਨੁਸਾਰ ਤਾਂ ਇਹ ਸ਼ਬਦ ਫ਼ਾਰਸੀ ਵਿਚ ਇੰਨਾਂ ਪਰਚਲਤ ਹੋਣਾ ਚਾਹੀਦਾ ਸੀ ਕਿ ਫ਼ਾਰਸੀ ਸ਼ਿਆਰਾਂ ਵਿਚ ਇਸ ਦੀ ਵਰਤੋਂ ਬਹੁਲਤਾ ਨਾਲ ਹੁੰਦੀ ਨਾਲੇ ਕੋਸ਼ਕਾਰ ਇਸ ਤੋਂ ਜਾਣੂ ਹੁੰਦੇ, ਪਰ ਇਨ੍ਹਾਂ ਦੀਆਂ ਇਹ ਊਲ ਜਲੂਲ ਗੱਲਾਂ ਹੀ ਦੱਸ ਰਹੀਆਂ ਹਨ ਕਿ ਇਨ੍ਹਾਂ ਨੂੰ ਆਪ ਇਸ ਸ਼ਬਦ ਦੀ ਅਸਲੀਅਤ ਦਾ ਪਤਾ ਨਹੀਂ ਸੀ। ਇਸ ਤੋਂ ਛੁਟ 'ਬਰਮੁਗ' ਸ਼ਬਦ ਨੂੰ ਅਰਬੀ ਵਿਚ 'ਬਰਮੁਜ' ਜਾਂ ਵੱਧ ਤੋਂ ਵੱਧ 'ਬਰਮੁਕ' ਆਖਣਾ ਚਾਹੀਦਾ ਸੀ, ਨਾ ਕਿ 'ਬਰਮਕ' ਨਾਂ ਹੀ ਇਸ ਦੀ ਕੋਈ ਹੋਰ ਮਿਸਾਨ ਹੀ ਦਿੱਤੀ ਜਾਂ ਸਕਦੀ ਹੈ ਕਿ ਫ਼ਾਰਸੀ ਦੇ 'ਗ਼ੈਨ' ਨੂੰ ਅਰਬੀ ਵਿਚ 'ਕਾਫ' ਨਾਲ ਬਦਲਿਆ ਗਿਆ ਹੋਵੇ। 'ਜੀਮ' ਨਾਲ ਅਲਬਤਾ ਇਸ ਨੂੰ ਬਦਲਿਆ ਗਿਆ ਹੈ, ਜਿਵੇਂ ਚਿਰਾਗ਼ ਤੋਂ ਸਿਰਾਜ। ਜਿਹਾ ਕਿ ਸਮਝਿਆ ਜਾਂਦਾ ਹੈ, ਤੁਰਕੀ ਨਾਂ 'ਹਲਾਕੂ' ਦੀ ਅਸਲ 'ਹਲਾਗੂ' ਨਹੀਂ ਸਗੋਂ ਹਲਾਗੂ ਹੈ। ਫੇਰ ਕੋਈ ਅਸਚਰਜ ਨਹੀਂ ਕਿ ਏਸ ਅਤਿਆਚਾਰੀ ਤੇ ਲਹੂ ਤਿਹਾਏ ਬਾਦਸ਼ਾਹ ਦੇ ਨਾਂ ਲਈ ਹਲਾਕੂ ਦਾ ਅਸ਼ੁਧ ਉਚਾਰਨ ਇਸ ਲਈ ਵੀ ਗ੍ਰਿਹਣ ਕੀਤਾ ਗਿਆ, ਤਾਂ ਜੋ ਅਰਬੀ ਸ਼ਬਦ 'ਹਲਾਕ' (ਮੌਤ) ਵੱਲ ਸੈਨਤ ਇਸ ਵਿਚ ਵਿਅੰਗ ਪੂਰਵਕ ਲੁਪਤ ਰਹੇ।

*ਇਸੇ ਤੋਂ ਅੰਗਰੇਜ਼ੀ ਸ਼ਬਦ ਮੈਜੀਸ਼ੀਅਨ (Magician) ਜਾਦੂਗਰ ਬਣਿਆ ਹੈ। ਉਲਥਾਕਾਰ

ਹਕੀਕਤ ਇਹ ਹੈ ਕਿ ਏਸ ਸ਼ਬਦ ਦੀ ਵਿਆਖਿਆ ਏਸ ਭੇਤ ਦੇ ਖੁਲ੍ਹ ਜਾਣ ਉਤੇ ਨਿਰਭਰ ਹੈ ਕਿ ਕੀ ਬਲਖ਼ ਦਾ ਇਹ ਪੂਜ ਮੰਦਰ ਵਾਸਤਵ ਵਿਚ ਮਜੂਸੀਆਂ ਦਾ ਅਗਨੀ ਮੰਦਰ ਸੀ? ਅਤੇ ਕੀ ਏਸ ਵੰਸ ਦਾ ਧਰਮ, ਇਸਲਾਮ ਧਾਰਨ ਕਰਨ ਤੋਂ ਪਹਿਲਾਂ, ਅਗਨੀ ਪੂਜਾ ਸੀ? ਇਸ ਦਾ ਉੱਤਰ ਈਰਾਨੀਆਂ ਵਲੋਂ ਤਾਂ ਏਹੀ ਮਿਲੇਗਾ ਕਿ ਹਾਂ ਅਜੇਹਾ ਹੀ ਸੀ। ਇਹ ਉਪਾਸ਼ਨਾ ਮੰਦਰ ਅਗਨੀ ਮੰਦਰ ਸੀ ਅਤੇ ਉਨ੍ਹਾਂ ਦਾ ਧਰਮ ਅਗਨੀ ਪੂਜਾ ਸੀ।

ਅਸਲ ਗੱਲ ਇਉਂ ਹੈ ਕਿ ਕਿਸੇ ਅਸਾਧਾਰਣ ਮਨੁਖ ਨੂੰ ਆਪਣੇ ਵਿਚ ਸ਼ਾਮਲ ਕਰਨ ਦੀ ਅਭਲਾਖਾ ਹਰੇਕ ਜਾਤੀ ਵਿਚ ਹੈ। ਕੀ ਈਰਾਨੀ ਸਿਕੰਦਰ ਨੂੰ ਗੁਪਤ, ਈਰਾਨੀ ਰਾਜ ਵੰਸ ਵਿਚੋਂ ਨਹੀਂ ਦਸਦੇ? ਅਤੇ ਕੀ ਮੁਸਲਮਾਨਾਂ ਨੇ ਆਪਣਿਆਂ ਕਿੱਸਿਆਂ ਵਿਚ ਰਿਚਰਡ, ਸ਼ੇਰ ਦਿਲ ਨੂੰ ਸੁਲਤਾਨ ਸਲਾਹੁੱਦੀਨ ਹੀ ਦੇ ਵੰਸ ਦੀ ਉਲਾਦ ਨਹੀਂ ਦਸਿਆ? ਏਹੀ ਹਾਲ ਬਰਮਕਾ ਦਾ ਹੋਇਆ। ਈਰਾਨੀਆਂ ਨੇ ਤਾਂ ਇਨ੍ਹਾਂ ਦੀ ਵੰਸਾਵਲੀ ਗੁਸ਼ਤਾਸਪ ਦੇ ਵਜ਼ੀਰ, ਜਾਮਾਸਪ ਨਾਲ ਜਾ ਮਿਲਾਈ ਅਤੇ ਸਿਧ ਕੀਤਾ ਕਿ ਇਹ ਈਰਾਨੀ ਵਜ਼ੀਰਾਂ ਦਾ ਪੁਰਾਣਾ ਵੰਸ ਸੀ।* ਇਸ ਦੇ ਉਲਟ ਅਰਬਾਂ ਨੇ ਇਹ ਦਾਵਾ ਕੀਤਾ ਹੈ ਕਿ ਪਹਿਲੇ ਜਾਫ਼ਰ ਬਰਮਕੀ, ਜਿਸ ਤੋਂ ਏਸ ਵੰਸ ਦੀ ਉੱਨਤੀ ਸ਼ੁਰੂ ਹੁੰਦੀ ਹੈ, ਖੁਰਾਸਾਂ ਦੇ ਅਰਬ ਸੈਨਾਪਤੀ ਕੁਤੈਬਾ ਦਾ ਪੁਤਰ ਸੀ, ਜਾਫ਼ਰ ਦੀ ਮਾਂ ਲੜਾਈ ਵਿਚ ਕੁਤੈਬਾ ਦੇ ਹਥ ਲਗੀ ਸੀ ਅਤੇ ਸੁਲਾਹ ਪਿਛੋਂ ਗਰਭਵਤੀ ਹੋਕੇ ਘਰ ਵਾਪਸ ਚਲੀ ਗਈ ਸੀ।†

ਵੰਸ ਆਦਿ ਦੇ ਇਨ੍ਹਾਂ ਵਿਰੋਧੀ ਬਿਆਨਾਂ ਤੋਂ ਇਕ ਪਾਸੇ ਹੋਕੇ ਸਾਨੂੰ ਏਸ ਉਪਾਸ਼ਨਾ ਮੰਦਰ ਦੀ ਦਸ਼ਾ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕੀ ਇਕ ਅਗਨੀ ਮੰਦਰ ਵਾਲੇ ਲੱਛਣ ਏਸ ਵਿਚ ਮਿਲਦੇ ਹਨ? ਅਗਨੀ ਮੰਦਰ ਬਾਰੇ ਸਭ ਨਾਲੋਂ ਪਹਿਲੀ ਗਲ ਇਹ ਹੈ ਕਿ ਓਹ ਅਸਲ ਵਿਚ ਜੁਆਲਾ ਦਾ ਮੰਦਰ ਹੋਵੇ ਅਥਵਾ ਉਸ ਵਿਚ ਅਗ ਬਲਦੀ

*ਸਿਆਸਤਨਾਮਾ ਅਤੇ ਨੁਜ਼ਹਤੁਲ ਕੁਲੂਬ ਹਮਦੁੱਲਦੁਲਾ ਮੁਸਤੌਫ਼ੀ।
†ਤਬਰੀ ਅਤੇ ਇਬਨ ਅਸੀਰ।

ਹੋਵੇ ਪਰ ਬਲਖ਼ ਦੇ ਏਸ ਉਪਾਸ਼ਨਾ ਮੰਦਰ ਬਾਰੇ ਪਿਛਲੇਰੇ ਸਮੇਂ ਦੇ ਅਣਗਹਿਲੀ ਕਰਨ ਵਾਲੇ ਲੋਕਾਂ ਤੋਂ ਛੁਟ ਕਿਸੇ ਹੋਰ ਨੇ ਅਜੇਹਾ ਨਹੀਂ ਲਿਖਿਆ। ਏਸ ਉਪਾਸ਼ਨਾ ਮੰਦਰ ਦਾ ਸਭ ਨਾਲੋਂ ਪੁਰਾਣਾ ਹਵਾਲਾ ਏਸ ਵੇਲੇ ਸਾਡੇ ਕੋਲ ਬਲਾਜ਼ੁਰੀ ਹੈ ਪਰ ਇਸ ਨੇ ਇਸ ਦੀ ਕੋਈ ਵਿਆਖਿਆ ਨਹੀਂ ਦਿਤੀ। ਇਸ ਪਿਛੋਂ ਮਸਊਦੀ (ਸੰਨ ੩੩੦ ਹਿ.) ਤੇ ਇਬਨੁਲਫ਼ਕੀਹ ਹਮਦਾਨੀ ਦਾ ਸਮਾਂ ਹੈ, ਫੇਰ ਮੁਅਜਮੁਲਬੁਲਦਾਨ ਯਾਕੂਤ (ਸੰਨ ੬੨੬ ਹਿ.) ਅਤੇ ਆਸਾਰੁਲਬਿਲਾਦ ਜ਼ਕਰੀਆ ਕਜ਼ਵੀਨੀ (ਸੰਨ ੬੮੬ ਹਿ.) ਦਾ ਬਿਆਨ ਹੈ। ਇਬਨੁਲਫ਼ਕੀਹ ਅਤੇ ਯਾਕੂਤ ਦਾ ਮੁਢਲਾ ਬਿਆਨ ਹਰਫ਼ ਹਰਫ਼ ਇਕੋ ਹੈ। ਯਾਕੂਤ ਦਾ ਆਪਣਾ ਬਿਆਨ ਉਮਰ ਬਿਨੁਲ ਅਜ਼ਰਕ ਤੋਂ ਲਿਆ ਗਿਆ ਹੈ।

ਮਸਊਦੀ ਦਾ ਬਿਆਨ

ਇਤਿਹਾਸਕਾਰ ਮਸਊਦੀ, ਨੌ-ਬਹਾਰ ਦੇ ਸਬੰਧ ਵਿਚ ਲਿਖਦਾ ਹੈ ਕਿ "ਨੌ-ਬਹਾਰ ਦੀ ਇਮਾਰਤ ਬਹੁਤ ਮਜ਼ਬੂਤ ਤੇ ਉੱਚੀ ਸੀ ਅਤੇ ਉਸ ਉੱਤੇ ਨੇਜ਼ਿਆਂ ਉੱਤੇ ਹਰੇ ਰੇਸ਼ਮੀ ਕਪੜੇ ਦੇ ਝੰਡੇ ਲਹਿਰਾਂਉਂਦੇ ਸਨ ਜਿਨ੍ਹਾਂ ਵਿਚੋਂ ਹਰੇਕ ਝੰਡੇ ਦਾ ਫ਼ਰੇਰਾ ਸੌ ਸੌ ਹਥ ਦੇ ਬਰਾਬਰ ਹੁੰਦਾ ਸੀ ਉਸ ਦੇ ਚੁਤਰਫੇ ਦੀਆਂ ਕੰਧਾਂ ਵੀ ਅਜੇਹੀਆਂ ਹੀ ਉੱਚੀਆਂ ਸਨ। ਉਸਦੇ ਝੰਡੇ ਦਾ ਰੇਸ਼ਮੀ ਕਪੜਾ ਏਨਾ ਵੱਡਾ ਸੀ ਕਿ ਉਹ ਦੂਰ ਤਕ ਜਾਂਦਾ ਸੀ"। * ਤੁਸਾਂ ਨੇ ਵੇਖਿਆ ਹੈ ਕਿ ਇਸ ਬਿਆਨ ਵਿਚ ਕਿਤੇ ਅੱਗ ਦਾ ਵਰਨਣ ਨਹੀਂ, ਅਤੇ ਨਾ ਇਮਾਰਤ ਦੀ ਇਹ ਬਣਤਰ ਤੇ ਨਾਂ ਹੀ ਏਹ ਝੰਡੇ ਅਗਨੀ ਮੰਦਰਾਂ ਵਿਚ ਹੁੰਦੇ ਹਨ।

ਇਬਨੁਲ ਫ਼ਕੀਹ ਦਾ ਬਿਆਨ

ਇਬਨੁਲ ਫ਼ਕੀਹ ਹਮਦਾਨੀ ਦਾ ਬਿਆਨ ਏਹ ਹੈ: "ਨੌ-ਬਹਾਰ ਇਹ ਬਰਮਕ ਦਾ ਬਣਾਇਆ ਹੋਇਆ ਮੰਦਰ ਸੀ, ਉਨ੍ਹਾਂ ਦਾ ਧਰਮ, ਮੂਰਤੀ ਪੂਜਾ ਸੀ। ਜਦੋਂ ਉਨ੍ਹਾਂ ਨੂੰ ਮੱਕੇ ਤੇ ਕੁਰੈਸ਼ ਦੇ ਧਰਮ ਦਾ ਹਾਲ ਮਲੂਮ ਹੋਇਆ ਤਾਂ ਇਨ੍ਹਾਂ ਨੇ ਵੀ ਇਹ ਉਪਾਸ਼ਨਾ ਮੰਦਰ

ਬਣਾ ਲਿਆ ਜਿਸ ਦਾ ਨਾਂ ਨੌ-ਬਹਾਰ ਰਖਿਆ ਗਿਆ ਜਿਸ ਦੇ ਅਰਥ 'ਨਵੇਂ' ਦੇ ਹਨ। ਅਜਮ (ਗ਼ੈਰ ਅਰਬ) ਇਸ ਦਾ ਹੱਜ ਕਰਦੇ ਸਨ। ਇਸ ਨੂੰ ਰੇਸ਼ਮੀ ਕਪੜਾ ਪਹਿਨਾਇਆ ਜਾਂਦਾ ਸੀ। ਓਸ ਉਤੇ ਇਕ ਗੁੰਬਜ਼ ਸੀ। ਜਿਸ ਦਾ ਨਾਂ 'ਅਸ਼ਬਤ' ਸੀ ਇਹ ਗੁੰਬਜ਼, ੧੦੦ ਹੱਥ ਲੰਮੀ ਤੇ ੧੦੦ ਹੱਥ ਚੌੜੀ ਸੀ। ਇਮਾਰਤ ਦੇ ਚੌਂਹੀਂ ਪਾਸੀਂ ਏਸ ਦੇ ਪੁਜਾਰੀਆਂ ਦੇ ਰਹਿਣ ਲਈ ੩੬੦ ਮੰਜ਼ਿਲੇ ਬਣੇ ਹੋਏ ਸਨ। ਸਾਲ ਦੇ ਹਰ ਦਿਨ ਲਈ ਇਕ ਪੁਜਾਰੀ ਹੁੰਦਾ ਸੀ। ਏਸ ਦੇ ਪਰਧਾਨ ਪੁਜਾਰੀ ਦਾ ਨਾਂ ਬਰਮਕਾ ਅਰਥਾਤ 'ਮੱਕੇ ਦਾ ਦਰਵਾਜ਼ਾ' ਤੇ 'ਉਸ ਦਾ ਵਾਲੀ' ਸੀ। ਇਸ ਤਰ੍ਹਾਂ ਹਰੇਕ ਦਾ ਨਾਂ ਬਰਮਕ ਹੁੰਦਾ ਸੀ। ਚੀਨ ਅਤੇ ਕਾਬੁਲ ਦੇ ਬਾਦਸ਼ਾਹਾਂ ਦਾ ਇਹੋ ਧਰਮ ਸੀ। ਜਦੋਂ ਓਹ ਏਥੇ ਆਉਂਦੇ ਸਨ ਤਾਂ ਬੜੀ ਮੂਰਤੀ ਅਗੇ ਮਥਾ ਟੇਕਦੇ ਸਨ"।*

ਤੁਸਾਂ ਖਿਆਲ ਕੀਤਾ ਹੋਵੇਗਾ ਕਿ ਇਸ ਬਿਆਨ ਵਿਚ ਵੀ ਅਗਨੀ ਦੀ ਹੋਂਦ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਸਗੋਂ ਇਸ ਦੀ ਥਾਂ ਏਥੇ ਬੁਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦਾ ਅਗਨੀ ਮੰਦਰਾਂ ਨਾਲ ਕੋਈ ਸਬੰਧ ਨਹੀਂ ਨਾ ਮਜੂਸ ਤੇ ਈਰਾਨੀ, ਮੂਰਤੀ-ਪੂਜਕ ਹਨ। ਫੇਰ ਇਹ ਗੱਲ ਆਉਂਦੀ ਹੈ ਕਿ ਚੀਨ ਤੇ ਕਾਬੁਲ ਦੇ ਬਾਦਸ਼ਾਹ ਦਾ ਓਹੀ ਧਰਮ ਸੀ। ਸਭ ਲੋਕ ਜਾਣਦੇ ਹਨ ਕਿ ਚੀਨ ਤੇ ਕਾਬੁਲ ਵਿਚ ਕਦੇ ਅਗਨੀ ਦੀ ਪੂਜਾ ਨਹੀਂ ਹੁੰਦੀ ਸੀ।

ਯਾਕੂਤ ਦਾ ਬਿਆਨ

ਯਾਕੂਤ ਰੂਮੀ ਇਕ ਪੁਰਾਣੇ ਲੇਖਕ ਦੇ ਹਵਾਲੇ ਦੇ ਅਧਾਰ ਤੇ ਬਿਆਨ ਕਰਦਾ ਹੈ:

"ਉਮਰ ਬਿਨ ਅਜ਼ਰਕ ਕਿਰਮਾਨੀ ਨੇ ਕਿਹਾ ਹੈ ਕਿ ਬਰਾਮਕਾ ਦਾ ਬਲਖ਼ ਵਿਚ ਸਦਾ ਹੀ ਮਾਣ ਸਤਕਾਰ ਹੁੰਦਾ ਰਿਹਾ ਹੈ ਅਤੇ (ਸਿਕੰਦਰ

*ਕਿਤਾਬੁਲ ਬੁਲਦਾਨ ਪੰ. ੩੨੩ (ਲੀਡਨ)

ਪਿਛੋਂ) ਜੋ ਥਾਂ ਥਾਂ ਰਜਵਾੜੇ ਸ਼ਾਹੀਆਂ ਜਾਂ ਅਰਾਜਕਤਾ ਦਾ ਦੌਰ ਈਰਾਨ ਵਿਚ ਆਇਆ ਸੀ, ਏਹ ਲੋਕ ਓਸ ਤੋਂ ਪਹਿਲਾਂ ਦੇ ਹੀ ਏਥੇ ਵਸਦੇ ਸਨ। ਇਨ੍ਹਾਂ ਦਾ ਧਰਮ, ਮੂਰਤੀ-ਪੂਜਾ ਸੀ। (ਇਸ ਪਿੱਛੋਂ ਮੱਕੇ ਵਾਂਙੂ ਤੇ ਉਸ ਦੇ ਟਾਕਰੇ ਵਿਚ ਨੌ-ਬਹਾਰ ਦਾ ਬਣਨਾ, ਜਿਹਾ ਕਿ ਉਪਰ ਦੱਸਿਆ ਗਿਆ ਹੈ), ਬਿਆਨ ਕੀਤਾ ਹੈ। ਇਸ ਵਿਚ ਚੌਹੀਂ ਪਾਸੀਂ ਬੁਤ ਖੜੇ ਸਨ ਅਤੇ ਉਨ੍ਹਾਂ ਨੂੰ ਰੇਸ਼ਮੀ ਕਪੜੇ ਪਹਿਨਾਏ ਜਾਂਦੇ ਸਨ। ਨੌ-ਬਹਾਰ ਦਾ ਅਰਥ ਨਵੀਂ ਬਹਾਰ ਹੈ ਕਿਉਂ ਜੋ ਹਰ ਨਵੀਂ ਬਹਾਰ ਵਿਚ ਇਨ੍ਹਾਂ ਉਤੇ ਫੁਲਾਂ ਦੀਆਂ ਨਵੀਆਂ ਕਲੀਆਂ ਚੜ੍ਹਾਈਆਂ ਜਾਂਦੀਆਂ ਸਨ, ਫ਼ਾਰਸ ਵਾਲੇ ਇਨ੍ਹਾਂ ਦੀ ਯਾਤਰਾ ਕਰਦੇ ਸਨ। ਇਸ ਦੇ ਸਭ ਤੋਂ ਵੱਡੇ ਗੁੰਬਜ਼ ਉਤੇ ਝੰਡੇ ਖੜੇ ਸਨ। ਇਸ ਗੁੰਬਜ਼ ਦਾ ਨਾਂ 'ਅਸਤਨ' ਸੀ। ਇਸ ਦੇ ਚੁਤਰਫ਼ੇ ੩੬੦ ਕਮਰੇ ਸਨ ਜਿਨ੍ਹਾਂ ਵਿਚ ਪੁਜਾਰੀ ਰਹਿੰਦੇ ਸਨ। ਹਿੰਦੁਸਤਾਨ, ਚੀਨ ਅਤੇ ਕਾਬੁਲ ਆਦਿ ਦੇ ਬਾਦਸ਼ਾਹ ਏਸ ਧਰਮ ਦੇ ਅਨੁਸਾਰੀ ਸਨ ਅਤੇ ਯਾਤਰਾ ਲਈ ਏਥੇ ਆਉਂਦੇ ਸਨ। ਆਕੇ ਬੜੇ ਬੁਤ ਅਗੇ ਮਥਾ ਰਗੜਦੇ ਸਨ ਇਹ ਇੰਨਾ ਉੱਚਾ ਸੀ ਕਿ ਏਸ ਦੇ ਝੰਡੇ ਦਾ ਫਰੇਰਾ ਉਡਕੇ ਬਲਖ਼ ਤੋਂ ਤਿਰਮਿਜ਼ ਜਾਕੇ ਡਿਗਦਾ ਸੀ।*

ਫੁਲਾਂ ਦੇ ਚੜ੍ਹਾਵੇ ਅਤੇ ਬਹਾਰ ਦੀਆਂ ਵਿਸ਼ੇਸ਼ਤਾਵਾਂ ਏਹ ਸਭ ਫ਼ਾਰਸੀ ਸ਼ਬਦ 'ਬਹਾਰ' ਦੀ ਸਮਾਨਤਾ ਤੋਂ ਘੜ ਲਈਆਂ ਗਈਆਂ ਹਨ ਤਾਂ ਜੋ 'ਨੌ-ਬਹਾਰ' ਨਾਂ ਦੀ ਸਮਾਨਤਾ ਪਰਗਟ ਹੋ ਸਕੇ।

ਕਜ਼ਵੀਨੀ ਦਾ ਬਿਆਨ

ਬਲਖ਼ ਦੇ ਹਾਲ ਵਿਚ ਲਿਖਦਾ ਹੈ: "ਇਥੇ ਉਹ ਇਮਾਰਤ ਸੀ ਜਿਸ ਦਾ ਨਾਂ ਨੌ-ਬਹਾਰ ਸੀ ਜੋ ਸਭ ਬੁਤ ਖ਼ਾਨਿਆਂ ਵਿਚੋਂ ਸਭ ਤੋਂ ਵਡਾ ਬੁਤਖ਼ਾਨਾ ਸੀ। (ਇਸ ਤੋਂ ਪਿਛੋਂ ਉਹੀ ਮੱਕੇ ਵਾਲੀ ਨਕਲ ਤੇ ਸਮਾਨਤਾ ਦੀ ਕਹਾਣੀ ਹੈ।) ਏਸ ਨੂੰ ਰੇਸ਼ਮ ਤੇ ਜਵਾਹਰਾਤ ਨਾਲ ਸਜਾਇਆ ਗਿਆ ਸੀ। ਇਸ ਵਿਚ ਬੁਤ ਖੜੇ ਸਨ। ਫ਼ਾਰਸ ਵਾਲਿਆਂ ਅਤੇ ਤੁਰਕਾਂ

*ਮਅਜਮੁਲ ਬਲਦਾਨ ਜਿ. ੮ ਪੰਨਾ ੩੨੧ (ਮਿਸਰ) ਸ਼ਬਦ-ਨੌਬਹਾਰ

ਦਾ ਏਸ ਉਤੇ ਵਿਸ਼ਵਾਸ਼ ਸੀ । ਓਹ ਇਸਦਾ ਹੱਜ ਕਰਦੇ ਸਨ ਅਤੇ ਚੜ੍ਹਾਵੇ ਚੜ੍ਹਾਉਂਦੇ ਸਨ । ਏਸ ਇਮਾਰਤ ਦੀ ਲੰਬਾਈ ੨੦੦ ਹੱਥ, ਚੌੜਾਈ ੧੦੦ ਹੱਥ ਤੇ ਉੱਚਾਈ ੧੦੦ ਹੱਥ ਤੋਂ ਵੱਧ ਸੀ । ਬਰਾਮਕਾ ਏਥੋਂ ਦੇ ਅਸਲੀ ਪੁਜਾਰੀ ਸਨ । ਹਿੰਦੁਸਤਾਨ ਦੇ ਰਾਜੇ ਤੇ ਚੀਨ ਦੇ ਖ਼ਾਕਾਨ ਏਥੇ ਆਉਂਦੇ ਸਨ * । ਅਤੇ ਮਥਾ ਟੇਕਦੇ ਸਨ" ।

ਵਿਹਾਰ, ਬੁਧ

ਇਨ੍ਹਾਂ ਸਾਰਿਆਂ ਬਿਆਨਾਂ ਤੋਂ ਇਸ ਗੱਲ ਵਿਚ ਕੋਈ ਸ਼ਕ ਨਹੀਂ ਰਹਿ ਜਾਂਦਾ ਕਿ ਇਹ ਮਜੂਸੀਆਂ ਦਾ ਅਗਨੀ ਮੰਦਰ ਨਹੀਂ, ਸਗੋਂ ਬੁਧਾਂ ਦਾ ਵਿਹਾਰ ਸੀ ਅਤੇ ਇਸੇ ਵਿਹਾਰ ਦਾ ਰੂਪਾਂਤਰ ਬਿਹਾਰ ਹੈ। ਨੌ-ਬਹਾਰ ਅਸਲ ਵਿਚ 'ਨਵ-ਵਿਹਾਰ' ਹੈ ਵਿਹਾਰ ਖ਼ਾਸ ਕਰਕੇ ਬੁਧਾਂ ਦੇ ਉਪਾਸਨਾ-ਮੰਦਰ ਤੇ ਖ਼ਾਨਗਾਹ ਨੂੰ ਕਹਿੰਦੇ ਹਨ, ਜਿਸ ਦੀ ਇਕ ਮਿਸਾਲ ਖ਼ੁਦ ਸਾਡੇ ਦੇਸ ਵਿਚ 'ਬਿਹਾਰ' ਪਰਾਂਤ ਹੈ ਜੋ ਅਸਲ ਵਿਚ ਬੋਧੀਆਂ ਦਾ ਵਿਹਾਰ ਹੈ। ਮੁਸਲਮਾਨਾਂ ਨੇ ਇਸ ਨੂੰ ਆਪਣੇ ਫ਼ਾਰਸੀ ਉਚਾਰਨ ਵਿਚ ਬਹਾਰ ਕਰ ਲਿਆ ਹੈ । ਏਸੇ ਨੌ-ਬਹਾਰ ਦੇ ਨਾਂ ਦੇ, ਸਿੰਧ ਵਿਚ, ਅਰਬਾਂ ਦੇ ਸ਼ੁਰੂ ਸ਼ੁਰੂ ਵਿਚ ਆਉਣ ਦੇ ਸਮੇਂ, ਕਈ ਵਿਹਾਰ ਸਨ ਅਤੇ ਇਨ੍ਹਾਂ ਦੀ ਜੋ ਵਿਆਖਿਆ ਅਰਬ ਇਤਿਹਾਸਕਾਰਾਂ ਨੇ ਲਿਖੀ ਹੈ ਉਹ ਹਰਫ਼ ਹਰਫ਼ ਬਲਖ਼ ਦੇ ਨੌ-ਬਹਾਰ ਤੇ ਪੂਰੀ ਢੁਕਦੀ ਹੈ ।.

ਬਿਲਾਜ਼ੁਰੀ (ਸੰਨ ੨੪੭ ਹਿ.) ਜੋ ਬੜਾ ਪੁਰਾਣਾ ਇਤਿਹਾਸਕਾਰ ਹੈ ਫ਼ੁਤੂਹੁਲਬੁਲਦਾਨ ਵਿਚ ਸਿੰਧ ਦੀ ਫ਼ਤਿਹ ਦੇ ਹਾਲ ਵਿਚ ਲਿਖਦਾ ਹੈ ਕਿ "ਦੈਬਲ ਵਿਚ ਇਕ ਬਹੁਤ ਵੱਡਾ ਬੁਦ (ਬੋਧੀਆਂ ਦਾ ਉਪਾਸਨਾ ਮੰਦਰ) ਸੀ ਜਿਸ ਦੇ ਉੱਪਰ ਇੱਕ ਬਹੁਤ ਵਡਾ ਥੰਮ ਸੀ ਅਤੇ ਇਸ

*ਆਸਾਰੁਲਬਿਲਾਦ ਕਜ਼ਵੀਨੀ ਪੰ. ੨੨੧ (ਗੋਟੰਜਨ)

ਉਤੇ ਬਹੁਤ ਵਡਾ ਲਾਲ ਝੰਡਾ ਸੀ ਜੋ ਇੰਨਾ ਵਡਾ ਸੀ ਕਿ ਜਦੋਂ ਹਵਾ ਚਲਦੀ ਸੀ ਤਾਂ ਓਹ ਸਾਰੇ ਸ਼ਹਿਰ ਉੱਪਰ ਲਹਿਰਾਉਂਦਾ ਸੀ। 'ਬੁਦ' ਜੇਹਾ ਕਿ (ਸਿੰਧ ਦੇ ਆਉਣ ਜਾਣ ਵਾਲੇ) ਲੋਕਾਂ ਨੇ ਦੱਸਿਆ ਹੈ, ਉਸ ਅਮਾਰਤ ਨੂੰ ਕਹਿੰਦੇ ਹਨ ਜਿਸ ਵਿਚ ਇਕ ਜਾਂ ਕਈ ਮੂਰਤੀਆਂ ਵਿਰਾਜਮਾਨ ਹੁੰਦੀਆਂ ਹਨ। ਇਸ ਵਿਚ ਇਕ ਬਹੁਤ ਵੱਡਾ ਮੁਨਾਰਾ ਹੁੰਦਾ ਹੈ ਅਤੇ ਕਦੇ ਏਸ ਮੁਨਾਰੇ ਦੇ ਹੀ ਅੰਦਰ ਬੁਤ ਰਖਿਆ ਹੁੰਦਾ ਹੈ, ਪਰ ਹਰ ਉਹ ਚੀਜ਼, ਜਿਸ ਦੀ ਉਪਾਸਨਾ ਦੇ ਤੌਰ ਤੇ ਇਜ਼ਤ ਕੀਤੀ ਜਾਵੇ, ਬੁੱਧ ਹੈ ਅਤੇ ਬੁਤ ਵੀ 'ਬੁਦ' ਹੁੰਦਾ ਹੈ*। ਕੀ ਏਸ ਬਿਆਨ ਪਿਛੋਂ ਵੀ ਏਸ ਗੱਲ ਦੇ ਯਕੀਨ ਕਰਨ ਵਿਚ ਕੋਈ ਸ਼ਕ ਰਹਿ ਜਾਂਦਾ ਹੈ ਕਿ ਬਲਖ਼ ਦਾ ਇਹ ਨੌ-ਬਹਾਰ ਬੁੱਧਾਂ ਦਾ ਬੁਤਖ਼ਾਨਾ ਸੀ, ਮਜੂਸੀਆਂ ਦਾ ਅਗਨੀ ਮੰਦਰ ਨਹੀਂ ਸੀ।

ਅਸਚਰਜ ਦੀ ਗਲ ਹੈ ਕਿ ਪਰਾਣਿਆਂ ਇਤਿਹਾਸਕਾਰਾਂ ਨੂੰ ਛੱਡਕੇ ਯੂਰਪ ਦੇ ਜਾਣਕਾਰ ਨਵੇਂ ਇਤਿਹਾਸ-ਖੋਜੀਆਂ ਦੀ ਵੀ ਏਧਰ ਨਿਗ੍ਹਾ ਨਹੀਂ ਪਈ। ਵਾਨਕ੍ਰੇਮਰ ਨੇ ਬਰਾਮਕਾ ਨੂੰ ਮਜ਼ਦਕੀ ਦੱਸਿਆ। † ਪ੍ਰੋਫੈਸਰ ਬਰਾਊਨ ਜੇਹੇ ਗੂੜ੍ਹ ਖੋਜੀ ਤੋਂ ਵੀ ਇਹ ਹਕੀਕਤ ਓਹਲੇ ਰਹੀ। ਓਹ ਵੀ ਨੌ-ਬਹਾਰ ਨੂੰ ਅਗਨੀ ਮੰਦਰ ਤੇ ਬਰਾਮਕਾ ਨੂੰ ਮਜੂਸੀ ਕਹਿੰਦੇ ਹਨ ‡। ਪਰ ਖੋਜ ਕਰਦੇ ਸਮੇਂ ਇਹ ਵੇਖਕੇ ਖ਼ੁਸ਼ੀ ਹੋਈ ਕਿ ਜ਼ਖਾਉ ਨੇ ਕਿਤਾਬੁਲਹਿੰਦ ਦੇ ਅੰਗਰੇਜ਼ੀ ਅਨੁਵਾਦ ਦੇ ਮੁਖਬੰਧ (ਪੰਨਾ ੩੧) ਵਿਚ ਨੌ-ਬਹਾਰ ਦਾ ਅਸਲ ਰੂਪ 'ਨੌ-ਵਿਹਾਰ' ਅਤੇ ਬੁੱਧ ਭਿਖਸ਼ੂਆਂ ਦੀ ਖ਼ਾਨਕਾਹ ਦੱਸਿਆ ਹੈ। ਵਰਤਮਾਨ ਕਾਲ ਦੇ ਪੂਰਬੀ ਬੋਲੀਆਂ ਸਬੰਧੀ ਖੋਜ ਕਰਨ ਵਾਲੇ ਯੂਰਪੀ ਵਿਦ੍ਵਾਨਾਂ ਵਿਚੋਂ, ਘਟ ਤੋਂ ਘਟ ਇਕ ਵਿਅਕਤੀ ਡਬਲਯੂ ਬਰਥਾਲਡ

*ਫ਼ੁਤੂਹੁਲਬੁਲਦਾਨ ਪੰਨਾ ੪੩੭ (ਬ੍ਰੇਲ ਐਡੀਸ਼ਨ ਸੰਨ ੧੮੬੬ ਈ.)

†ਅੰਗਰੇਜ਼ੀ ਅਨੁਵਾਦ ਸਲਾਹੁਦੀਨ ਖ਼ੁਦਾ ਬਖ਼ਸ਼

‡ਲਿਟਰੇਰੀ ਹਿਸਟਰੀ ਆਫ਼ ਪਰਸ਼ੀਆ ਜਿ. ੧, ਪੰਨਾ ੨੫੯

(W. Barthald) ਨੇ ਐਨਸਾਈਕਲੋਪੀਡੀਆ ਇਸਲਾਮ ਦੇ ਲੇਖ,'ਬਰਾਮਕਾ' (ਜਿ. ੧ ਪੰਨਾ ੬੬੩) ਉੱਤੇ ਕੁਝ ਸਤਰਾਂ ਵਿਚ ਇਸ ਗੱਲ ਵਲ ਸੈਨਤ ਕੀਤੀ ਹੈ, ਕਿ 'ਨੌ-ਬਹਾਰ' ਬੁੱਧਾਂ ਦਾ ਨੌ-ਵਿਹਾਰ ਮਲੂਮ ਹੁੰਦਾ ਹੈ ਜਿਵੇਂ ਕਿ ਇਕ ਚੀਨੀ ਯਾਤਰੂ ਬਿਆਨ ਕਰਦਾ ਹੈ ਅਤੇ ਇਬਨ ਫ਼ਕੀਹ ਨੇ ਇਸ ਇਮਾਰਤ ਦੀ ਜੋ ਸ਼ਕਲ ਦੱਸੀ ਹੈ, ਏਸ ਤੋਂ ਵੀ ਇਹ ਸਿੱਧ ਹੁੰਦਾ ਹੈ"। ਪੰਰ ਇਨ੍ਹਾਂ ਵਿਚੋਂ ਕਿਸੇ ਨੇ ਵੀ ਨਾਂ ਤਾਂ ਇਸ ਬਾਰੇ ਕੋਈ ਦਲੀਲ ਕਾਇਮ ਕੀਤੀ ਹੈ ਅਤੇ ਨਾ ਹੋਰ ਕੋਈ ਸਬੂਤ ਦਿੱਤਾ ਹੈ, ਫ਼ੇਰ ਏਸ ਦੇ ਨਾਲ ਹੀ ਏਸ ਭੁਲ ਨੂੰ ਜਿਉਂ ਦੀ ਤਿਉਂ ਮੰਨ ਲਿਆ ਹੈ ਕਿ ਬਰਾਮਕਾ ਨੂੰ ਈਰਾਨੀ ਨਸਲ ਦਾ ਮਜੂਸੀ ਮੰਨਿਆ ਹੈ ਅਤੇ ਇਹ ਗਲ ਵੀ ਮੰਨੀ ਹੈ ਕਿ ਈਰਾਨੀਆਂ ਨੇ ਇਸ ਨੂੰ ਅਗਨੀ ਮੰਦਰ ਬਣਾ ਲਿਆ ਸੀ।

ਪਰ ਮੇਰੇ ਨੇੜੇ ਇਹ ਉੱਕਾ ਹੀ ਗਲਤ ਹੈ। ਮੇਰਾ ਦਾਵਾ ਹੈ ਕਿ ਬਰਾਮਕਾ ਲੋਕ ਬੁੱਧ-ਮਤ ਦੇ ੈਰੂਕਾਰ ਸਨ, ਅਤੇ ਉਨ੍ਹਾਂ ਦਾ ਅਸਲ ਸਬੰਧ ਹਿੰਦੁਸਤਾਨ ਨਾਲ ਸੀ ਨਾ ਕਿ ਈਰਾਨ ਨਾਲ। ਇਹ ਠੀਕ ਹੈ ਕਿ ਬਰਾਮਕਾ ਦੇ ਸਮੇਂ ਦੇ ਬਾਜ਼ੇ ਨਿੰਦਿਆਂ ਕਰਨੇ ਵਾਲੇ ਕਵੀਆਂ ਜਾਂ ਦੁਸ਼ਟ ਲੋਕਾਂ ਨੇ ਸਰੀਹਣ ਉਨ੍ਹਾਂ ਨੂੰ ਮਜੂਸੀ ਜਾਂ ਅਗਨੀ ਪੂਜ ਦੱਸਿਆ ਹੈ। ਪਰ ਇਸ ਦਾ ਕਾਰਣ ਏਹ ਹੈ ਕਿ ਅਰਬਾਂ ਨੂੰ ਅਜਮ ਦੇ (ਗ਼ੈਰ ਅਰਬ) ਬਸ਼ਿੰਦਿਆਂ ਵਿਚੋਂ ਮਜੂਸੀ ਦੇ ਬਿਨਾਂ ਕੋਈ ਹੋਰ ਧਰਮ ਅਤੇ ਜਾਤੀ ਦਾ ਪਤਾ ਹੀ ਨਹੀਂ ਸੀ। ਦੂਜੀ ਗਲ ਇਹ ਹੈ ਕਿ ਈਰਾਨੀਆਂ ਤੇ ਬਰਮਕੀਆਂ ਦੀ ਰਾਜਨੀਤੀ ਦੀ ਇਹ ਮੰਗ ਸੀ ਕਿ ਉਹ ਆਪਸ ਵਿਚ ਅਜਮੀ ਬਣਕੇ ਇਕ ਦੂਜੇ ਦੇ ਮਿਤ੍ਰ ਤੇ ਮਦਦਗਾਰ ਬਣੇ ਰਹਿਣ, ਭਾਵੇਂ ਅਖੀਰ ਤਕ ਇਹ ਮਿਤੱਰਤਾ ਦਾ ਸਬੰਧ ਦੋਹਾਂ ਤੋਂ ਨਿਭ ਨਾ ਸਕਿਆ ਅਤੇ ਏਹੀ ਕਾਰਣ ਬਰਾਮਕਾ ਦੀ ਵੈਂਦੀਆਂ ਕਲਾ ਵਿਚ ਜਾਣ ਦਾ ਹੋਇਆ। ਮੇਰੇ ਏਸ ਦਾਵੇ ਦੇ ਪਖ ਵਿਚ, ਕਿ ਨੌ-ਬਹਾਰ ਬੁੱਧਾਂ ਦਾ ਉਪਾਸਨਾ ਮੰਦਰ ਸੀ ਅਤੇ ਬਰਾਮਕਾ ਅਸਲ ਵਿਚ ਬੋਧੀ ਸਨ, ਹੇਠ ਲਿਖੀਆਂ ਸ਼ਾਹਦੀਆਂ ਹਨ:

(ੳ) ਨੌਂਬਹਾਰ ਕਿਤੇ ਵੀ ਕਿਸੇ ਮਜੂਸੀ ਬੁਤਖ਼ਾਨੇ ਦਾ ਨਾਂ ਨਹੀਂ

ਸੀ, ਇਸ ਦੇ ਉਲਟ ਇਹ ਬੁੱਧਾਂ ਦੇ ਉਪਾਸਨਾ ਮੰਦਰ ਦਾ ਪਰਸਿੱਧ ਨਾਂ ਹੈ ਅਤੇ ਖ਼ੁਦ ਇਸ ਨੌ-ਬਹਾਰ ਨਾਂ ਦੇ, ਸਿੰਧ ਵਿਚ ਬੁੱਧਾਂ ਦੇ ਉਪਾਸਨਾ ਮੰਦਰ ਏਸੇ ਸਮੇਂ ਵਿਚ ਮੌਜੂਦ ਸਨ*

(ਅ) ਅਰਬ ਭੂਗੋਲ ਲੇਖਕਾਂ ਤੇ ਭਰੋਸੇ ਯੋਗ ਇਤਿਹਾਸਕਾਰਾਂ ਨੇ ਏਸ ਮੰਦਰ ਦਾ ਜੋ ਵੇਰਵਾ ਦਿੱਤਾ ਹੈ, ਉਹ ਪੂਰਾ ਪੂਰਾ ਬੋਧੀ ਉਪਾਸਨਾ ਮੰਦਰ ਦਾ ਚਿਤਰ ਹੈ।

(ੲ) ਸਤਵੀਂ ਸਦੀ ਈਸਵੀ ਦੇ ਇਕ ਚੀਨੀ ਯਾਤਰੂ ਹਵਾਨਕਿੰਗ (ਹਿਊਨਸਾਂਗ) ਨੇ ਬਲਖ਼ ਦੇ ਏਸ ਮੰਦਰ ਦਾ ਵੇਰਵਾ ਦਿੱਤਾ ਹੈ† ਅਤੇ ਕਿੰਗ ਦਾ ਇਹ ਸਮਾਂ ਲਗ ਭਗ ਓਹ ਹੋਵੇਗਾ ਜਦੋਂ ਅਰਬ ਫ਼ਾਤਿਹ ਏਥੇ ਪਹੁੰਚ ਚੁਕੇ ਜਾਂ ਪਹੁੰਚਣ ਵਾਲੇ ਹੋਣਗੇ।

(ਸ) ਮਸਊਦੀ, ਏਸ ਨੌ-ਬਹਾਰ ਦੇ ਹਾਲ ਵਿਚ ਲਿਖਦਾ ਹੈ, ਕਿ "ਬਾਜ਼ੀਆਂ ਰਵਾਇਤਾਂ ਵਿਚ ਆਉਂਦਾ ਹੈ ਅਤੇ ਖੋਜੀਆਂ ਨੇ ਬਿਆਨ ਕੀਤਾ ਹੈ ਕਿ ਉਨ੍ਹਾਂ ਨੇ ਨੌ-ਬਹਾਰ ਦੇ ਦਰਵਾਜ਼ੇ ਉੱਤੇ ਇਕ ਕੁਤਬਾ ਪੜ੍ਹਿਆ ਜਿਸ ਵਿਚ ਲਿਖਿਆ ਹੋਇਆ ਸੀ' "ਬੂਜ਼ਾਸਫ਼ ਦਾ ਕਥਨ ਹੈ ਕਿ ਬਾਦਸ਼ਾਹ ਦੇ ਦਰਵਾਜੇ ਤਿੰਨ ਖਸਲਤਾਂ ਦੇ ਮੁਥਾਜ ਹਨ, 'ਅਕਲ, ਸਬਰ ਤੇ ਮਾਲ' ਏਸ ਕੁਤਬੇ ਹੇਠ ਕਿਸੇ ਨੇ ਅਰਬੀ ਵਿਚ ਲਿਖ ਦਿੱਤਾ ਸੀ ਕਿ "ਬੂਜ਼ਾਸਫ਼ ਨੇ ਗਲਤ ਆਖਿਆ ਹੈ। ਜਿਸ ਪਾਸ ਇਨ੍ਹਾਂ ਤਿੰਨਾ ਗੱਲਾਂ ਵਿਚੋਂ ਕੋਈ ਇਕ ਵੀ ਹੋਵੇ ਉਹ ਬਾਦਸ਼ਾਹ ਦੇ ਦਰ ਉਤੇ ਕਿਉਂ ਜਾਵੇਗਾ" ?‡ ਖੋਜੀਆਂ ਨੂੰ ਇਸ ਬਾਰੇ ਕੋਈ ਸੰਦੇਹ ਨਹੀਂ ਕਿ ਅਰਬ ਵਾਲੇ ਬੁੱਧ ਨੂੰ ਹੀ ਬੂਜ਼ਾਸਫ਼ ਕਹਿੰਦੇ ਸਨ§ ਜੇਕਰ ਇਹ ਬੁੱਧਾਂ ਦਾ ਮੰਦਰ ਨਾ ਹੁੰਦਾ, ਬਲਕਿ ਮਜੂਸੀਆਂ ਦਾ ਅਗਨੀ ਮੰਦਰ ਹੁੰਦਾ ਤਾਂ ਇਸ ਦੇ ਵੱਡੇ ਦਰਵਾਜੇ ਤੇ ਬੁੱਧ ਦਾ ਬਚਨ ਕਿਉਂ ਲਿਖਿਆ ਹੁੰਦਾ।

*ਅੰਗਰੇਜ਼ੀ ਅਨੁਵਾਦ, ਚਚਨਾਮਾ ਏਲੀਅਟ ਜਿ. ੧ ਪੰ. ੧੫੦.

†ਐਨਸਾਈਕਲੋਪੀਡੀਆ ਆਫ਼ ਇਸਲਾਮ ਜਿ. ੧, ਪੰ. ੬੬੪.

‡ਮਰੂਜ਼ੁੱਜ਼ਹਬ ਜਿ. ੪ ਪੰ. ੪੯ (ਪੈਰਸ)

§ਕਿਤਾਬ ਅਲ ਫਹਿਰਿਸਤ ਇਬਨ ਨਦੀਮ ਪੰ. ੩੪੫. ਸਮੇਤ ਫ਼ਲੂਗਲ ਦੇ ਫੁਟ ਨੋਟਾਂ ਦੇ

(ਹ) ਬਲਖ਼, ਖੁਰਾਸਾਂ ਦਾ ਇਕ ਸ਼ਹਿਰ ਹੈ ਅਤੇ ਏਸ ਮੁਲਕ ਦਾ ਧਰਮ ਇਸਲਾਮ ਧਰਮ ਤੋਂ ਪਹਿਲਾਂ ਪਿਛਲੇ ਤੇ ਵਰਤਮਾਨ ਦੋਹਾਂ ਸਮਿਆਂ ਦੇ ਖੋਜੀਆਂ ਦੇ ਖਿਆਲ ਅਨੁਸਾਰ ਬੁਧ ਧਰਮ ਸੀ। ਸੋ ਇਬਨ ਨਦੀਮ ਨੇ ਵੀ ਖੁਰਾਸਾਂ ਦੀ ਇਕ ਪੁਰਾਣੀ ਤਾਰੀਖ਼ ਦੇ ਹਵਾਲੇ ਤੋਂ ਲਿਖਿਆ ਹੈ ਕਿ "ਇਸਲਾਮ ਤੋਂ ਪਹਿਲਾਂ ਖੁਰਾਸਾਂ ਦਾ ਧਰਮ ਬੁਧ ਧਰਮ ਸੀ।*

(ਕ) ਬਰਾਮਕਾ ਦੇ ਇਸਲਾਮ ਦੇ ਸਬੰਧ ਵਿਚ, ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ 'ਨੌ-ਬਹਾਰ' ਦੇ ਪੁਜਾਰੀ ਦਾ ਜੋ ਧਰਮ ਸੀ, ਓਹੀ ਧਰਮ ਹਿੰਦੁਸਤਾਨ, ਚੀਨ ਅਤੇ ਤੁਰਕਾਂ ਦੇ ਬਾਦਸ਼ਾਹ ਦਾ ਵੀ ਸੀ"†। ਸਭ ਲੋਕ ਇਹ ਜਾਣਦੇ ਹਨ ਕਿ ਹਿੰਦੁਸਤਾਨ, ਕਾਬੁਲ, ਚੀਨ ਤੇ ਤੁਰਕਸਤਾਨ ਦਾ ਧਰਮ, ਬੁੱਧ-ਮੱਤ ਸੀ। ਅਗਨੀ ਪੂਜਾ ਤੇ ਮਜੂਸੀਅਤ ਨਹੀਂ।

(ਖ) ਯਾਕੂਤ ਦੀ ਕਿਤਾਬ ਵਿਚ ਇਕ ਪਿਛਲੇਰੇ ਇਤਿਹਾਸਕਾਰ, ਉਮਰ ਬਿਨ ਅਜ਼ਰਕ ਕਿਰਮਾਨੀ ਦੇ ਹਵਾਲੇ ਨਾਲ ਇਉਂ ਆਉਂਦਾ ਹੈ (ਇਸ ਕਿਰਮਾਨੀ ਬਾਰੇ ਨਿਸਚਾ ਹੈ ਕਿ ਇਹ ਚੌਥੀ ਸਦੀ ਦਾ ਆਦਮੀ ਹੈ, ਕਿਉਂ ਜੋ ਇੱਨ ਬਿੱਨ ਏਹੀ ਵਾਰਤਾ ਇਬਨ ਫ਼ਕੀਹ ਦੀ ਪੁਸਤਕ ਵਿਚ ਮਿਲਦੀ ਹੈ ਜੋ ਚੌਥੀ ਸਦੀ ਦੇ ਮੱਧ ਵਿਚ ਹੋਇਆ ਹੈ। "ਜਦੋਂ ਹਜ਼ਰਤ ਉਸਮਾਨ ਦੇ ਸਮੇਂ ਵਿਚ ਬਲਖ਼ ਫ਼ਤਿਹ ਹੋਇਆ ਤਾਂ ਨੌ-ਬਹਾਰ ਦਾ ਮਹੰਤ ਬਰਮਕ ਵੀ ਖ਼ਲੀਫ਼ਾ ਦੇ ਦਰਬਾਰ ਵਿਚ ਗਿਆ, ਓਥੇ ਉਹ ਆਪਣੀ ਮਰਜ਼ੀ ਨਾਲ ਮੁਸਲਮਾਨ ਹੋ ਗਿਆ। ਜਦੋਂ ਉਹ ਮੁੜ ਕੇ ਬਲਖ਼ ਵਾਪਸ ਆਇਆ ਤਾਂ ਲੋਕ ਉਸ ਦੇ ਧਰਮ ਬਦਲ ਲੈਣ ਤੋਂ ਬੜੇ ਕਰੋਪ ਹੋਏ ਅਤੇ ਉਸ ਨੂੰ ਮਹੰਤੀ ਤੋਂ ਹਟਾਕੇ ਉਸ ਦੀ ਥਾਂ ਉਸ ਦੇ ਪੁਤਰ ਨੂੰ ਗੱਦੀ ਦੇ ਦਿਤੀ। ਫੇਰ ਨੇਜ਼ਕ ਤਰਖਾਨ (ਤੁਰਕਿਸਤਾਨ ਦੇ ਬਾਦਸ਼ਾਹ) ਨੇ ਉਸ ਨੂੰ ਲਿਖਿਆ ਕਿ ਇਸਲਾਮ ਨੂੰ ਛਡਕੇ ਮੁੜ ਆਪਣੇ ਧਰਮ ਵਿਚ ਵਾਪਸ ਆ ਜਾਵੇ। ਉਸ ਨੇ ਉੱਤਰ ਦਿੱਤਾ ਕਿ ਮੈਂ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਹੈ ਅਤੇ ਇਸ ਨੂੰ ਅੱਛਾ ਧਰਮ ਸਮਝਕੇ ਕਬੂਲ ਕੀਤਾ ਹੈ; ਇਸ ਲਈ ਮੈਂ ਇਸ ਨੂੰ ਛੱਡ ਨਹੀਂ ਸਕਦਾ। ਤਰਖਾਨ ਨੇ ਏਸ ਉਤੇ ਹਮਲਾ

*ਕਿਤਾਬ ਅਲ ਫਹਿਰੈਸਤ. ਇਬਨ ਨਦੀਮ ਪੰ. ੩੪੫.

†ਇਬਨੁਲਫਕੀਹ, ਕਜ਼ਵੀਨੀ ਅਤੇ ਯਾਕੂਤ ਦੇ ਹਵਾਲੇ ਉਪਰ ਆ ਚੁਕੇ ਹਨ।

ਕਰਨਾ ਚਾਹਿਆ ਪਰ ਬਰਮਕ ਦੀ ਧਮਕੀ ਤੋਂ ਓਹ ਏਸ ਵੇਲੇ ਚੁਪ ਹੋ ਗਿਆ। ਪਰ ਪਿਛੋਂ ਧੋਖੇ ਨਾਲ ਇਸ ਨੇ ਏਸ ਨੂੰ ਅਤੇ ਏਸ ਦੇ ਦਸ ਪੁਤਰਾਂ ਨੂੰ ਵੀ ਕਤਲ ਕਰ ਦਿੱਤਾ, ਕੇਵਲ ਇਕ ਛੋਟੀ ਉਮਰ ਦਾ ਮੁੰਡਾ ਬੱਚ ਗਿਆ"।

ਸਵਾਲ ਇਹ ਹੈ ਕਿ ਜੇ ਨੌ-ਬਹਾਰ, ਅਗਨੀ ਮੰਦਰ ਹੁੰਦਾ ਅਤੇ ਬਰਮਕਾ ਲੋਕ ਮਜੂਸੀ ਹੁੰਦੇ ਤਾਂ ਤੁਰਕ ਬੁੱਧਾਂ ਦੇ ਬਾਦਸ਼ਾਹ, ਤਰਖਾਨ, ਨੂੰ ਇਸ ਤੇ ਗੁੱਸਾ ਕਿਉਂ ਆਉਂਦਾ ? ਤੇ ਉਹ ਇਸ ਅਤੇ ਇਸ ਦੇ ਵੰਸ ਦੀ ਜਾਨ ਦਾ ਲਾਗੂ ਕਿਰੂੰ ਬਨਦਾ ?

(ਖ) ਬਰਮਕ ਤੇ ਓਸ ਦੀ ਔਲਾਦ ਦੇ ਕਤਲ ਹੋ ਜਾਣ ਤੋਂ ਪਿਛੋਂ ਬਰਮਕ ਦੀ ਘਰ ਵਾਲੀ ਆਪਣੇ ਨਿਆਣੀ ਉਮਰ ਦੇ ਬੱਚੇ ਨੂੰ ਲੈਕੇ ਭੱਜ ਗਈ ਅਤੇ ਨੱਠ ਕੇ ਕਸ਼ਮੀਰ ਆਈ ਸੋ ਏਸ ਨਿਆਣੀ ਉਮਰ ਦੇ ਮੁੰਡੇ ਨੇ ਕਸ਼ਮੀਰ ਵਿਚ ਹੀ ਵਿਦਿਆ ਪਰਾਪਤ ਕੀਤੀ ਅਤੇ ਏਥੇ ਹੀ ਚਿਕਿਤਸਾ, ਜੋਤਸ਼ ਤੇ ਹਿੰਦੁਸਤਾਨ ਦੀਆਂ ਹੋਰ ਵਿਦਿਆਵਾਂ ਪਰਾਪਤ ਕੀਤੀਆਂ। ਉਹ ਆਪਣੇ ਪਿਉ ਦਾਦੇ ਦੇ ਧਰਮ ਦਾ ਅਨੁਸਾਰੀ ਰਿਹਾ। ਅਚਨਚੇਤ ਇਕ ਸਮੇਂ ਬਲਖ਼ ਵਿਚ ਪਲੇਗ ਪੈ ਗਈ। ਓਥੋਂ ਦੇ ਲੋਕਾਂ ਨੇ ਸਮਝਿਆ ਕਿ ਆਪਣੇ ਧਰਮ ਤੋਂ ਪਤਿਤ ਹੋਣ ਕਰਕੇ ਉਨ੍ਹਾਂ ਤੇ ਇਹ ਆਪਤੀ ਆਈ ਹੈ ਸੋ ਉਨ੍ਹਾਂ ਨੌਜਵਾਨ ਬਰਮਕ ਨੂੰ ਕਸ਼ਮੀਰੋਂ, ਬਲਖ਼ ਸਦਕੇ ਨਵੇਂ ਸਿਰੇ ਤੋਂ ਨੌ-ਬਹਾਰ ਨੂੰ ਸਜਾਇਆ।*

ਬਲਖ਼ ਤੋਂ ਭੱਜਕੇ ਕਸ਼ਮੀਰ ਆਉਣ ਦਾ ਅਤੇ ਏਥੇ ਸ਼ਿਕਸ਼ਾ ਤੇ ਵਿੱਦਿਆ ਪਰਾਪਤ ਕਰਨ ਦਾ ਕੋਈ ਹੋਰ ਕਾਰਣ ਇਸ ਤੋਂ ਛੁਟ ਨਹੀਂ ਹੋ ਸਕਦਾ ਕਿ ਏਸ ਵੰਸ ਦਾ ਸਬੰਧ ਹਿੰਦੁਸਤਾਨ ਨਾਲ ਸੀ, ਅਤੇ ਇਨ੍ਹਾਂ ਦਾ ਧਰਮ ਬੁਧ ਸੀ। ਜਿਸ ਦਾ ਇਕ ਕੇਂਦਰ ਕਸ਼ਮੀਰ ਵੀ ਸੀ, ਨਹੀਂ ਤਾਂ ਉਨ੍ਹਾਂ ਲਈ ਵਧੇਰੇ ਸੋਖਾ ਇਹ ਸੀ ਕਿ ਉਹ ਤੁਰਕਾਂ ਦੇ ਜ਼ੁਲਮ ਤੇ ਅਤਿਆਚਾਰ ਤੋਂ ਭੱਜਕੇ ਆਪਣੀ ਜਾਤੀ ਅਤੇ ਆਪਣੇ ਧਰਮ ਵਾਲੇ

*ਵੇਖੋ ਮੁਅਜ਼ਮੁਲਬੁਲਦਾਨ ਯਾਕੂਤ ਸ਼ਬਦ 'ਨੌ-ਬਹਾਰ' ਅਤੇ ਕਿਤਾਬੁਲਬੁਲਦਾਨ ਇਬਨੁਲ ਫ਼ਕੀਹ ਪੰਨਾ ੩੨੪ (ਲੀਡਨ)

ਲੋਕਾਂ ਕੋਲ ਈਰਾਨ ਜਾਂਦੇ ਜਾਂ ਮੁਸਲਮਾਨਾਂ ਦੇ ਪਾਸ ਆਕੇ ਸ਼ਰਨ ਲੈਂਦੇ।

ਫ਼ੇਰ ਇਕ ਮਜੂਸੀ ਬਾਲਕ ਦੀ ਸ਼ਿਕਸ਼ਾ ਤੇ ਵਿਦਿਆ ਦੂਜੇ ਦੇਸ ਤੇ ਧਰਮ ਵਿਚ ਕੀ ਹੋ ਸਕਦੀ ਹੈ, ਅਤੇ ਏਥੇ ਓਸ ਨੂੰ ਆਪਣੇ ਧਰਮ ਦੀ ਕੀ ਤਾਲੀਮ ਮਿਲਦੀ?

(ਘ) ਇਹ ਤਾਂ ਇਸ ਵੰਸ ਦੇ ਹਿੰਦੁਸਤਾਨ ਦੇ ਨਾਲ ਸਬੰਧ ਦੀ ਘਟਨਾ ਓਸ ਦੇ ਮੁਸਲਮਾਨ ਹੋਣ ਤੋਂ ਪਹਿਲਾਂ ਦੀ ਹੈ। ਮੁਸਲਮਾਨ ਹੋਣ ਪਿਛੋਂ, ਏਸ ਵੰਸ ਨੇ ਹਿੰਦੁਸਤਾਨ ਨਾਲ ਆਪਣੇ ਸਬੰਧਾਂ ਨੂੰ ਹੋਰ ਵਧੇਰੇ ਮਜ਼ਬੂਤ ਕਰ ਦਿੱਤਾ, ਅਤੇ ਹਿੰਦੁਸਤਾਨ ਦੇ ਪੰਡਤਾਂ ਨੂੰ ਇਰਾਕ ਬੁਲਾਕੇ, ਆਪਣੇ ਦਰਬਾਰਾਂ ਵਿਚ ਥਾਂ ਦਿੱਤੀ। ਗਾਲਬਨ ਸਿੰਧ ਦੇ ਬੋਧੀ ਵਿਦਵਾਨਾਂ ਤੇ ਵੈਦ ਹਕੀਮਾਂ ਨੂੰ ਬੁਲਾ ਕੇ ਉਸ ਨੇ ਬਗ਼ਦਾਦ ਦੇ ਉਲਥਾ-ਵਿਭਾਗ ਅਤੇ ਹਸਪਤਾਲਾਂ ਵਿਚ ਨਿਯੁਕਤ ਕੀਤਾ। ਧਰਮਾਂ ਤੇ ਦਵਾ ਬੂਟੀਆਂ ਦੀ ਖੋਜ ਲਈ ਹਿੰਦੁਸਤਾਨ ਨੂੰ ਵਫ਼ਦ (ਡੈਪੂਟੇਸ਼ਨ) ਭੇਜਿਆ। ਇਬਨ ਨਦੀਮ, ਕਿਤਾਬਅਲ ਫ਼ਹਿਰਿਸਤ ਵਿਚ ਜੋ ਸੰਨ ੩੭੭ ਹਿ. ਦੀ ਲਿਖਤ ਹੈ, ਆਖਦਾ ਹੈ:

"ਅਰਬਾਂ ਦੇ ਰਾਜ ਸਮੇਂ ਹਿੰਦੁਸਤਾਨ ਦੇ ਮਾਮਲੇ ਵਿਚ ਜਿਸ ਨੇ ਵਧੇਰੇ ਦਿਲਚਸਪੀ ਲਈ, ਉਹ ਯਹੱਯਾ ਬਿਨ ਖ਼ਾਲਿਦ ਬਰਮਕੀ ਅਤੇ ਦੂਜੇ ਬਰਾਮਕਾ ਲੋਕ ਸਨ। ਏਸ ਦੀ ਹਿੰਦੁਸਤਾਨ ਦੇ ਮਾਮਲੇ ਸਬੰਧੀ ਦਿਲਚਸਪੀ ਤੇ ਪਰਬੰਧ ਅਤੇ ਇਥੋਂ ਦੇ ਪੰਡਤਾਂ ਅਤੇ ਵੈਦਾਂ ਨੂੰ ਇਥੋਂ ਤੋਂ ਬਗ਼ਦਾਦ ਬੁਲਵਾਉਣ ਬਾਰੇ (ਪਰਸਿਧ ਹੈ)"*

ਜੇ ਇਹ ਲੋਕ ਈਰਾਨੀ, ਮਜੂਸੀ ਹੁੰਦੇ ਤਾਂ ਉਨ੍ਹਾਂ ਦੇ ਏਸ ਧਿਆਨ ਤੇ ਉਦਮ ਦਾ ਕੇਂਦਰ ਹਿੰਦੁਸਤਾਨ ਦੀ ਥਾਂ, ਈਰਾਨ ਹੋਣਾ ਚਾਹੀਦਾ ਸੀ।

(ਙ) ਸਭ ਤੋਂ ਅੰਤ ਵਿਚ ਇਹ ਕਿ ਬਰਮਕ ਜੋ ਇਨ੍ਹਾਂ ਲੋਕਾਂ ਦੇ ਖ਼ਾਨਦਾਨ ਦੀ ਅੱਲ ਅਤੇ ਨੌ-ਬਹਾਰ ਦੇ ਮੁਖ ਪੁਜਾਰੀ ਦੀ ਉਪਾਧੀ ਸੀ ਇਹ

*ਕਿਤਾਬੁ-ਅਲ-ਫ਼ਹਿਰਿਸਤ ਪੰ. ੩੪੫ (ਲਿਪਜ਼ਗ ਸੰਨ ੧੮੭੧ ਈ.)

ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਪਰਮੁਖ' ਹੈ ਡਾਕਟਰ ਜ਼ਖ਼ਾਊ ਜੋ ਖ਼ੁਦ ਸੰਸਕ੍ਰਿ ਵਿਚ ਲਿਪੁੰਨ ਸਨ ਆਖਦੇ ਹਨ ਕਿ ਏਸ ਸ਼ਬਦ ਦੇ ਅਰਥ ਸੰਸਕ੍ਰਿਤ ਵਿ ਮੁਖੀਆ ਤੇ ਉੱਚ ਪਦਵੀ ਵਾਲੇ ਦੇ ਹਨ। ਅਸੀਂ ਵੀ ਸੰਸਕ੍ਰਿਤ ਵਿੱਦਵਾਨ ਤੋਂ ਪੁਛ ਕੀਤੀ ਸੀ ਉਨ੍ਹਾਂ ਨੇ ਵੀ ਇਸ ਗਲ ਦੀ ਤਸਦੀਂ ਕੀਤੀ ਹੈ।

(ਚ) ਨੌ-ਬਹਾਰ ਦੀ ਇਮਾਰਤ ਵਿਚ ਜੋ ਬਹੁਤ ਵੱਡਾ 'ਸਤੂਪ' ਜਾ ਗੁੰਬਜ਼ ਬਣਿਆ ਹੋਇਆ ਸੀ ਓਸ ਦਾ ਨਾਂ ਥੋੜੇ ਥੋੜੇ ਅੰਤਰੇ ਨਾਲ ਮੁਖ਼ਤਲਿਫ਼ ਲਿਖਤਾਂ ਵਿਚ ਮੁਖ਼ਤਲਿਫ਼ ਢੰਗਾਂ ਨਾਲ ਲਿਖਿਆ ਹੋਇਆ ਮਿਲਿਆ ਹੈ। ਯਾਕੂਤ ਦੀ ਮਿਸਰੀ ਸੰਚੀ ਵਿਚ ਇਸ ਦਾ ਨਾਂ, 'ਅਸਤਨ' ਦੱਸਿਆ ਗਿਆ ਹੈ। ਯੂਰਪ ਵਾਲੀ ਸੰਚੀ ਏਸ ਵੇਲੇ ਮੇਰੇ ਕੋਲ ਨਹੀਂ, ਪਰ ਇਬਨ ਫ਼ਕੀਹ ਦੀ ਲੀਡਨ ਦੀ ਛਪੀ ਹੋਈ ਸੰਚੀ ਜੋ ਮੇਰੇ ਕੋਲ ਹੈ ਓਸ ਵਿਚ ਅਸਲ 'ਮਤਨ' ਵਿਚ ਤਾਂ ਇਸ ਦਾ ਨਾਂ 'ਆਸਬਤ' ਲਿਖਿਆ ਗਿਆ ਹੈ ਪਰ ਪਰਸਿਧ ਵਿਦਵਾਨ ਡੀ ਖੋਈ, (De Gocje) ਏਸ ਸੰਚੀ ਦੇ ਸੰਪਾਦਕ ਨੇ, ਏਸ ਦੇ ਹੇਠ ਲਿਖੇ ਰੂਪਾਂਤਰ ਵਖਰੀਆਂ ਵਖਰੀਆਂ ਸੰਚੀਆਂ ਦੇ ਹਵਾਲੇ ਲੈਕੇ ਲਿਖੇ ਹਨ, ਜਿਵੇਂ 'ਅਸਤਨ,' 'ਅਸਤ,' 'ਅਸਬਤ'। ਮੇਰੇ ਖ਼ਿਆਲ ਵਿਚ ਇਹ ਠੀਕ ਸ਼ਬਦ 'ਆਸਤਬ' ਹੈ ਜੋ ਬੋਧੀ ਸ਼ਬਦ ਸਤੋਪ ਦਾ ਫ਼ਾਰਸੀ ਅਰਬੀ ਉਚਾਰਨ ਹੈ। ਸਭ ਲੋਕ ਜਾਣਦੇ ਹਨ ਕਿ 'ਸਤੂਪ' ਬੁਧਾਂ ਦਾ ਉਹ ਖਾਸ ਉਪਾਸਨਾ ਮੰਦਰ ਅਖਵਾਉਂਦਾ ਹੈ ਜਿਸ ਵਿਚ ਬੁਧ ਦੀ ਰਾਖ ਜਾਂ ਸਮਾਧੀ ਰਖੀ ਗਈ ਸੀ। ਹਿੰਦੁਸਤਾਨ ਵਿਚ ਅਜਿਹੀਆਂ ਕਈ ਇਮਾਰਤਾਂ ਨਿਕਲ ਚੁਕੀਆਂ ਹਨ। ਪੁਰਾਤੱਵ ਵੇਤਾਵਾਂ ਨੇ ਇਨ੍ਹਾਂ ਦਾ ਹਾਲ ਚੰਗੀ ਤਰ੍ਹਾਂ ਬਿਆਨ ਕੀਤਾ ਹੈ। ਪਰ ਏਥੇ ਵੀ ਫ਼ਾਰਸੀ ਦੇ ਇਕ ਸ਼ਬਦ ਦੀ ਸਮਾਨਤਾ ਨੇ ਧੋਖਾ ਦਿੱਤਾ ਹੈ। ਫ਼ਾਰਸੀ ਵਿਚ 'ਅਸਤਨ' ਖੰਬੇ ਨੂੰ ਆਖਦੇ ਹਨ ਜਿਸ ਦਾ ਦੂਜਾ ਫ਼ਾਰਸੀ ਰੂਪ 'ਸਤੂਨ' ਸਾਡੀ ਬੋਲੀ ਉਰਦੂ ਵਿਚ ਵੀ ਹੈ ਏਸ ਲਈ ਲਿਖਣ ਵਾਲਿਆਂ ਨੇ ਆਪਣੇ ਖਿਆਲ ਅਨੁਸਾਰ 'ਅਸਤਬ' ਨੂੰ ਨਿਰਾਰਥਕ ਸ਼ਬਦ ਸਮਝਕੇ ਏਸ ਨੂੰ ਫ਼ਾਰਸੀ ਭਾਸ਼ਾ ਦੀ ਸ਼ਬਦਾਵਲੀ ਅਨੁਸਾਰ ਸੋਧ ਦਿੱਤਾ ਤਾਂ ਜੋ ਇਸ ਦਾ ਕੁਝ ਅਰਥ ਬਣ ਸਕੇ

ਪਰ ਏਸ ਤੋਂ ਵਧੇਰੇ ਬੇ-ਅਰਥ ਗੱਲ ਹੋਰ ਕੀ ਹੋਵੇਗੀ ਜਦੋਂ ਕਿਸੇ ਗੁੰਬਜ਼ ਦਾ ਨਾਂ ਥੰਮ ਤੇ ਖੰਬਾ ਰਖ ਦਿੱਤਾ ਜਾਵੇ।

ਅਸੀਂ ਇਸ ਪਰੱਸ਼ਨ ਦੇ ਇਕੋ ਅੰਗ ਉਤੇ ਵਿਸਥਾਰ ਨਾਲ ਟੀਕਾ ਟਿਪਣੀ ਕੀਤੀ ਹੈ, ਸ਼ਾਹਿਦ ਲੋਕੀ ਵਿਚਾਰ ਕਰਨ ਕਿ ਅਸੀਂ ਬੇਅਰਥ ਹੀ ਏਸ ਪਰਸੰਗ ਨੂੰ ਬਹੁਤ ਵਿਸਤਾਰ ਦਿੱਤਾ ਹੈ ਪਰ ਏਨੀ ਪੁਣ-ਛਾਣ ਹੋਣ ਤੇ ਇਸ ਪਰੱਸ਼ਨ ਦਾ ਜੋ ਨਿਰਾਕਰਣ ਹੁੰਦਾ ਹੈ ਜੇ ਉਸਦੀ ਮਹੱਤਤਾ ਬਾਰੇ ਵਿਚਾਰ ਕੀਤਾ ਜਾਵੇ ਤਾਂ ਮੇਰਾ ਇਹ ਕਸੂਰ ਬਹੁਤ ਘਟ ਜਾਵੇਗਾ, ਅਤੇ ਪਾਠਕ-ਜਨ ਸਮਝ ਲੈਣਗੇ ਕਿ ਬਰਮਕੀ ਲੋਕਾਂ ਨੇ ਆਪਣੀ ਵਜ਼ੀਰੀ ਦੇ ਸਮੇਂ ਵਿਦਿਆਵਾਂ ਤੇ ਕਲਾਵਾਂ ਆਦਿ ਦਾ ਜੋ ਉਦਮ-ਪੂਰਵਕ ਪਰਚਾਰ ਕੀਤਾ ਅਤੇ ਉਸ ਨੂੰ ਜੋ ਆਸਰਾ ਦਿਤਾ, ਕਵਿਤਾ ਆਦਿ ਦਾ ਜੋ ਆਦਰ ਕੀਤਾ, ਅਤੇ ਹਿੰਦੁਸਤਾਨ ਦੀ ਚਿਕਿਤਸਾ ਅਤੇ ਜੋਤਸ਼ ਸ਼ਾਸਤਰ ਨੂੰ ਅਰਬੀ ਵਿਚ ਉਲਥਾਉਣ ਦਾ ਜੋ ਜਤਨ ਕੀਤਾ ਉਸ ਦੀ ਪਰਸੰਸਾ, ਮੇਰੇ ਉਪਰ ਦਿੱਤੇ ਹੋਏ ਪਰਮਾਣਾ ਪਿਛੋਂ, ਈਰਾਨ ਦੇ ਬਦਲੇ ਹਿੰਦੁਸਤਾਨ ਨੂੰ ਮਿਲ ਜਾਵੇਗੀ ਅਤੇ ਭਾਰਤ ਦਾ ਇਹ ਕੋਈ ਮਾਮੂਲੀ ਕਾਰਨਾਮਾ ਨਹੀਂ ਹੋਵੇਗਾ।

ਅਰਬੀ ਭਾਸ਼ਾ ਦੀ ਸਭ ਤੋਂ ਵਡੀ ਇਨਸਾਈਕਲੋਪੀਡੀਆ, ਇਬਨ ਫ਼ਜ਼ਲੁੱਲਾਹੁਲ ਉਮਰੀ ਮਿਸਰੀ ਦੀ ਕਿਤਾਬ ਮਸਾਲਿਕੁਲ ਅਬਸਾਰ ਫ਼ੀ ਮਮਾਲਿਕੁਲ ਅਮਸਾਰ ਹੈ ਜਿਸ ਦੀ ਪਹਿਲੀ ਜਿਲਦ ਹੁਣੇ ਛਪੀ ਹੈ ਇਸ ਵਿਚ ਨੌ-ਬਹਾਰ ਦਾ ਇਤਿਹਾਸ ਤੇ ਵੇਰਵਾ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ।*

'ਨੌ-ਬਹਾਰ ਨੂੰ ਹਿੰਦੁਸਤਾਨ (ਦੇ ਰਾਜਾ) ਮਤੋਸਹਿਰ ਨੇ ਬਲਖ਼ ਵਿਚ ਬਣਾਇਆ। ਏਥੇ ਉਹ ਨਛੱਤਰ ਪੂਜ ਆਉਂਦੇ ਸਨ ਜਿਹੜੇ ਚੰਦਰਮਾਂ ਦੇ ਉਪਾਸਕ ਹਨ। ਏਸ ਨੌ-ਬਹਾਰ ਦੇ ਮਹੰਤ ਦਾ ਨਾਂ ਬਰਮਕ ਹੁੰਦਾ ਸੀ। ਫ਼ਾਰਸ ਦੇ ਬਾਦਸ਼ਾਹ ਏਸ (ਉਪਾਸਨਾ ਮੰਦਰ) ਦਾ ਤੇ ਏਸ ਦੇ ਮਹੰਤ ਦਾ ਸਤਕਾਰ ਕਰਦੇ ਸਨ। ਅਖ਼ੀਰ ਨੂੰ ਇਹ ਅਹੁਦਾ ਖ਼ਾਲਿਦ ਬਿਨ ਬਰਮਕ ਦੇ ਪਿਤਾ ਨੂੰ ਮਿਲਿਆ ਅਤੇ ਏਸੇ ਲਈ ਇਨ੍ਹਾਂ ਨੂੰ ਬਰਾਮਕਾ ਆਖਦੇ ਹਨ। ਨੌ-ਬਹਾਰ ਬੜੀ ਉੱਚੀ ਇਮਾਰਤ ਸੀ ਅਤੇ ਹਰੇ ਰੇਸ਼ਮੀ ਕਪੜੇ ਨਾਲ ਢਕੀ

*ਉਪਰੋਕਤ ਕਿਤਾਬ ਜਿ. ਪਹਿਲੀ ਪੰ. ੨੨੩ (ਮਿਸਰੀ)

ਜਾਂਦੀ ਸੀ ਅਤੇ ਏਸੇ ਰੇਸ਼ਮੀ ਕਪੜੇ ਦੇ ਸੌ ਸੌ ਹਥ ਦੇ ਫਰੇਰੇ ਉਸ ਉਤੇ ਉਡਦੇ ਸਨ। ਇਸ ਦੇ ਉਪਰ ਲਗੇ ਸਿਲਾ ਲੇਖ ਵਿਚ ਉਹੀ ਵਾਕ ਲਿਖੇ ਹੋਏ ਸਨ"।... ...ਜਿਨ੍ਹਾਂ ਦਾ ਅਸੀਂ (ਉਪਰ ਹਵਾਲਾ ਦੇ ਆਏ ਹਾਂ, ਪਰ ਇਸ ਵਿਚ ਕੇਵਲ ਇਕ ਰੂਪਾਂਤਰ ਹੈ ਕਿ ਬੂਜ਼ਾਸਫ਼ ਦੀ ਥਾਂ 'ਸ਼ੂਰਾਸਫ਼' ਲਿਖਿਆ ਹੈ ਜੋ ਗਲਤ ਹੈ)।

ਇਸ ਬਿਆਨ ਵਿਚ ਏਸ ਦੇ ਬਨਾਉਣ ਵਾਲੇ ਦਾ ਨਾਂ 'ਹਿੰਦੀ' ਜ਼ਾਹਰ ਕਰਨਾ ਸਾਡੇ ਦਾਵੇ ਲਈ ਇਕ ਹੋਰ ਵਾਧੂ ਸ਼ਾਹਦੀ ਹੈ। ਏਸ ਬਿਆਨ ਵਿਚ ਨੌ-ਬਹਾਰ ਨੂੰ ਚੰਦਰਮਾਂ ਪੂਜਕਾਂ ਦਾ ਉਪਾਸਨਾ ਮੰਦਰ ਆਖਿਆ ਗਿਆ ਹੈ ਪਰ ਅਗਨੀ ਮੰਦਰ ਉਕਾ ਹੀ ਨਹੀਂ ਆਖਿਆ ਗਿਆ ਏਸ ਦਾ ਚੰਦਰਮਾਂ ਉਪਾਸਨਾ ਮੰਦਰ ਹੋਣਾ ਵੀ ਹਿੰਦੁਸਤਾਨ ਵੱਲ ਸੈਨਤ ਕਰਦਾ ਹੈ ਕਿਉਂਕਿ ਕੁਝ ਲੋਕਾਂ ਦੇ ਖਿਆਲ ਵਿਚ ਹਿੰਦੂ ਸ਼ਬਦ ਦਾ ਅਸਲ ਰੂਪ ਇੰਦੂ ਹੈ ਤੇ ਇੰਦੂ ਚੰਦ ਨੂੰ ਆਖਦੇ ਹਨ ਏਸੇ ਸਬੰਧ ਤੋਂ ਏਸ ਦੇਸ਼ ਦਾ ਇਹ ਨਾਂ ਪਿਆ ਹੈ* ਇਹ ਉਹੀ ਸਾਖੀਆਂ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਦਾਵੇ ਦੇ ਸਬੂਤ ਵਿਚ ਪੇਸ਼ ਕਰਦੇ ਹਾਂ। ਇਨ੍ਹਾਂ ਸਾਖੀਆਂ ਤੋਂ ਹੀ ਹਿੰਦੁਸਤਾਨ ਅਤੇ ਅਰਬ ਦੇ ਵਿਦਿਅਕ ਸਬੰਧਾਂ ਦੀ ਉਹ ਖੋਈ ਹੋਈ ਕੜੀ ਮਿਲ ਜਾਂਦੀ ਹੈ ਜਿਸ ਨਾਲ ਬਰਾਮਕਾ ਤੇ ਹਿੰਦੁਸਤਾਨ ਦੇ ਵਿਦਿਅਕ ਸਬੰਧਾਂ ਦੀ ਸੰਗਲੀ ਪਕੀ ਹੋ ਜਾਂਦੀ ਹੈ ਅਤੇ ਏਹ ਭੇਤ ਖੁਲ੍ਹ ਜਾਂਦਾ ਹੈ ਕਿ ਬਰਾਮਕਾ ਨੂੰ ਵਿਸ਼ੇਸ਼ ਕਰਕੇ ਹਿੰਦੁਸਤਾਨ ਦੀ ਵਿਦਿਆ ਤੇ ਕਲਾ ਨਾਲ ਕਿਉਂ ਏਨਾ ਪ੍ਰੇਮ ਸੀ ਅਤੇ ਏਥੋਂ ਦੇ ਪੰਡਤਾਂ ਨਾਲ ਉਨ੍ਹਾਂ ਦੇ ਐਸੇ ਮੇਲ ਮਿਲਾਪ ਰਖਣ ਦੇ ਕੀ ਕਾਰਣ ਹਨ ?

ਪਿਛਲੇ ਪਰਕਰਣ ਵਿਚ ਅਰਬ ਤੇ ਹਿੰਦੁਸਤਾਨ ਦੇ ਵਿਉਪਾਰਕ ਸਬੰਧਾਂ ਦੀ ਪੂਰੀ ਵਿਆਖਿਆ ਹੋ ਚੁਕੀ ਹੈ ਪਰ ਅਸਲੀਅਤ ਇਹ ਹੈ ਕਿ ਹਿੰਦੁਸਤਾਨ ਤੇ ਅਰਬ ਵਿਚਕਾਰ ਵਪਾਰ ਤੋਂ ਛੁਟ ਦੂਜੇ ਹੋਰ ਉਦੇਸ਼ਾਂ

*ਜ਼ੁਬਦਾਤੱ ਸੁਹਾਇਫ਼ ਫ਼ੀ ਸਿਆਹਤੁਲ ਮੁਆਰਿਫ਼ ਲਿਖਤ ਨੂਫ਼ਲ ਆਫ਼ਿੰਦੀ (ਏਹ ਇਸ ਸਮੇਂ ਦੇ ਇਕ ਸ਼ਾਮੀ ਈਸਾਈ ਵਿਦਵਾਨ ਦੀ ਲਿਖਤ ਹੈ) ਪੰਨਾ ੬੩

ਲਈ ਵੀ ਆਵਾਜਾਈ ਦੇ ਸਬੰਧ ਪਹਿਲੀ ਸਦੀ ਹਿਜਰੀ ਦੇ ਅਖ਼ੀਰ ਤੋਂ ਸ਼ੁਰੂ ਹੋ ਚੁਕੇ ਸਨ। ਸੋ ਜਦ ਮੁਹੰਮਦ ਬਿਨ ਕਾਸਿਮ (ਸੰਨ ੯੬ ਹਿ.) ਸਿੰਧ ਦੇ ਹਮਲੇ ਸਮੇਂ ਇਕ ਕਸਬੇ ਵਿਚ ਪੁਜਾ ਤਾਂ ਪਤਾ ਲਗਾ ਕਿ ਓਥੋਂ ਦੇ ਵਸਨੀਕ, ਦੋ ਬੋਧੀਆਂ ਨੂੰ ਇਰਾਕ ਦੇ ਗਵਰਨਰ ਹਜਾਜ ਦੇ ਕੋਲ ਭੇਜ ਕੇ ਪਹਿਲਾਂ ਹੀ ਉਸ ਨਾਲ ਸੁਲਾਹਨਾਮਾ ਕਰ ਚੁਕੇ ਹਨ ਤੇ ਉਸਤੋਂ ਅਮਨ ਸ਼ਾਂਤੀ ਦੀ ਸਨਦ ਪਰਾਪਤ ਕਰ ਲਈ ਹੈ। ਇਸ ਪਿਛੋਂ ਜਦੋਂ ਖ਼ਲਾਫ਼ਤ ਦਾ ਕੇਂਦਰ ਸ਼ਾਮ ਤੋਂ ਹਟਕੇ ਇਰਾਕ ਆ ਗਿਆ ਅਰਥਾਤ ਉਮਵੀਆਂ ਦੀ ਥਾਂ ਅੱਬਾਸੀ ਇਸਲਾਮੀ ਰਾਜ ਸੰਘਾਸਣ ਉਤੇ ਬੈਠੇ ਤਾਂ ਸਿੰਧ ਤੇ ਇਰਾਕ ਦੇ ਨੇੜ ਨੇ ਫ਼ਾਰਸ ਖਾੜੀ ਵਿਚ ਇਨ੍ਹਾਂ ਦੋਹਾਂ ਕੌਮਾਂ ਵਿਚਕਾਰ ਮਿਤਰਤਾ ਦਾ ਇਕ ਨਵਾਂ ਸੰਘਮ ਪੈਦਾ ਕਰ ਦਿਤਾ। ਸੱਫ਼ਾਹ ਦੇ ਦੋ ਤਿੰਨ ਸਾਲ ਦੇ ਰਾਜ ਪਿਛੋਂ ਅਬਾਸੀ ਖਾਨਦਾਨ ਦਾ ਦੂਜਾ ਖ਼ਲੀਫ਼ਾ ਮਨਸੂਰ ਸੰਨ ੧੩੬ ਹਿ. ਵਿਚ ਬਾਦਸ਼ਾਹ ਬਣਿਆ। ਸੰਨ ੧੪੬ ਹਿ. ਵਿਚ ਰਾਜਧਾਨੀ ਦਾ ਬਨਣਾ ਸਮਾਪਤ ਹੋਇਆ ਅਤੇ ਬਗ਼ਦਾਦ ਵਸ ਗਿਆ। ਇਸ ਤੋਂ ਅੱਠ ਵਰ੍ਹੇ ਪਿਛੋਂ ਅਰਥਾਤ ਸੰਨ ੧੫੪ ਹਿ. ਤੋਂ ਅਰਬ ਤੇ ਭਾਰਤ ਦੇ ਵਿਦਿਅਕ ਸਬੰਧਾਂ ਦਾ ਬਾਕਾਇਦਾ ਆਰੰਭ ਹੋਇਆ।

ਸੰਸਕ੍ਰਿਤ ਤੋਂ ਉਲਥੇ ਦਾ ਆਰੰਭ

ਅਰਬਾਂ ਵਿਚ ਦੂਜੀਆਂ ਭਾਸ਼ਾਵਾਂ ਤੋਂ ਇਲਮੀ ਕਿਤਾਬਾਂ ਦੇ ਉਲਥੇ ਕਰਾਉਣ ਦਾ ਖਿਆਲ ਪਹਿਲੀ ਸਦੀ ਹਿਜਰੀ ਦੇ ਮੱਧ ਤੋਂ ਹੀ ਪੈਦਾ ਹੋ ਚੁਕਿਆ ਸੀ, ਪਰ ਕਿਉਂ ਜੋ ਹੁਣ ਤਕ ਰਾਜ ਕੇਂਦਰ ਸ਼ਾਮ ਸੀ ਇਸ ਲਈ ਯੂਨਾਨੀ ਤੇ ਸੁਰਿਆਨੀ ਭਾਸ਼ਾਵਾਂ ਦੇ ਉਲਥੇ ਨੂੰ ਪਰਧਾਨਤਾ ਰਹੀ ਪਰ ਜਦੋਂ ਇਰਾਕ ਵਿਚ ਅੱਬਾਸੀ ਖ਼ਲੀਫ਼ਿਆਂ ਦਾ ਸੰਘਾਸਣ ਵਿੱਛ ਗਿਆ ਤਾਂ ਹਿੰਦੁਸਤਾਨ ਤੇ ਈਰਾਨੀ ਭਾਸ਼ਾਵਾਂ ਨੂੰ ਵੀ ਆਪਣੇ ਗੁਣ ਦੱਸਣ ਦਾ ਮੌਕਾ ਮਿਲਿਆ। ਸੋ ਜਦੋਂ ਮਨਸੂਰ ਦੇ ਵਿਦਿਆ ਪਰੇਮ ਦਾ ਚਰਚਾ ਆਮ ਹੋਇਆ ਤਾਂ ਸੰਨ ੧੫੪ ਹਿ. (੭੭੧ ਈ.) ਵਿਚ ਸਿੰਧ ਦੇ ਇਕ ਡੇਪੂਟੇਸ਼ਨ ਦੇ ਨਾਲ,

ਜੋਤਸ਼ ਸ਼ਾਸਤਰ ਅਤੇ ਗਣਿਤ ਵਿਗਿਆਨ ਦਾ ਇਕ ਵਿਦਵਾਨ ਪੰਡਤ ਸੰਸਕ੍ਰਿਤ ਦਾ ਸਿਧਾਂਤ ਲੈਕੇ ਬਗ਼ਦਾਦ ਪਹੁੰਚਿਆ* ਅਤੇ ਖ਼ਲੀਫ਼ਾ ਦੇ ਹੁਕਮ ਨਾਲ ਦਰਬਾਰ ਦੇ ਇਕ ਗਣਿਤ ਵੇਤਾ ਇਬਰਾਹੀਮ ਫ਼ਜ਼ਾਰੀ ਦੀ ਸਹਾਇਤਾ ਨਾਲ ਏਸ ਨੇ, ਇਸ ਦਾ ਉਲਥਾ ਅਰਬੀ ਵਿਚ ਕੀਤਾ† ਇਹ ਪਹਿਲਾ ਦਿਨ ਸੀ ਕਿ ਅਰਬਾਂ ਨੂੰ ਹਿੰਦੁਸਤਾਨ ਦੀ ਯੋਗਤਾ ਤੇ ਵਿਦਿਵਤਾ ਦਾ ਅਨੁਮਾਨ ਹੋਇਆ। ਫਿਰ ਹਾਰੂੰ ਨੇ ਆਪਣੇ ਇਲਾਜ ਲਈ ਏਥੋਂ ਦੇ ਵੈਦ ਬੁਲਾਏ ਜਿਨ੍ਹਾਂ ਨੇ ਅਰਬਾਂ ਵਿਚ ਹਿੰਦੁਸਤਾਨ ਦੀ ਵਿਦਿਅਕ ਮਹਤੱਤਾ ਤੇ ਵਡੱਪਣ ਦੀ ਧਾਕ ਬਠਾਲ ਦਿੱਤੀ। ਇਸ ਪਿਛੋਂ ਬਰਾਮਕਾ ਦੀ ਛਤਰ ਛਾਇਆ ਹੇਠ ਚਕਿਤਸਾ, ਫ਼ਲਿਤ ਜੋਤਸ਼, ਗਣਿਤ ਜੋਤਸ਼, ਸਾਹਿਤ ਅਤੇ ਨੀਤੀ ਦੀਆਂ ਪੁਸਤਕਾਂ ਦਾ ਉਲਥਾ ਸੰਸਕ੍ਰਿਤ ਤੋਂ ਅਰਬੀ ਵਿਚ ਹੋਇਆ। ਇਸ ਨੇ ਹਿੰਦੁਸਤਾਨ ਦੀ ਪਰਸਿਧੀ ਨੂੰ ਹੋਰ ਵੀ ਚਾਰ ਚੰਦ ਲਾ ਦਿੱਤੇ।

ਅਰਬਾਂ ਵਿਚਕਾਰ ਹਿੰਦੁਸਤਾਨ ਦਾ ਮਾਣ

ਇਹ ਦੱਸਣ ਲਈ ਕਿ ਇਨ੍ਹਾਂ ਉਲਥਿਆਂ ਦੇ ਕਾਰਣ ਅਰਬਾਂ ਦੇ ਦਿਲਾਂ ਵਿਚ ਹਿੰਦੁਸਤਾਨ ਲਈ ਕਿੰਨਾ ਮਾਣ ਤੇ ਸਤਕਾਰ ਪੈਦਾ ਹੋ ਗਿਆ ਸੀ ਮੈਂ ਤੁਸਾਂ ਨੂੰ ਅਰਬੀ ਦੇ ਦੋ ਤਿੰਨ ਪੁਰਾਣੇ ਲੇਖਕਾਂ ਦੇ ਵਿਚਾਰ ਸਰਵਣ ਕਰਵਾਉਣਾ ਚਾਹੁੰਦਾ ਹਾਂ। ਇਨ੍ਹਾਂ ਵਿਚੋਂ ਪਹਿਲੀ ਵਿਅਕਤੀ ਜਾਹਿਜ਼ ਹੈ। ਇਹ ਮਸ਼ਹੂਰ ਲੇਖਕ ਫ਼ਲਾਸਫ਼ਰ ਤੇ ਤਰਕ ਵੇਤਾ ਸੀ। ਬਸਰੇ ਦਾ ਵਸਨੀਕ ਹੋਣ ਦੇ ਕਾਰਨ ਹਿੰਦੁਸਤਾਨ ਨਾਲ ਵੀ ਏਸ ਦੇ ਸਬੰਧ ਸਨ।‡ ਸੰਨ ੨੫੫ ਹਿ. ਵਿਚ ਏਸ ਨੇ ਚਲਾਣਾ ਕੀਤਾ। ਏਸ ਦਾ ਇਕ ਰਸਾਲਾ ਇਸ ਚਰਚਾ ਬਾਰੇ ਹੈ ਕਿ ਦੁਨੀਆ ਦੀਆਂ ਗੋਰੀਆਂ ਤੇ ਕਾਲੀਆਂ ਕੌਮਾਂ ਵਿਚੋਂ ਕਿਹੜੀ ਵਧੀਆ ਹੈ ? ਉਹ ਆਪਣਾ ਫੈਸਲਾ ਕਾਲੀਆਂ ਕੌਮਾਂ ਦੇ ਪੱਖ ਵਿਚ ਦਿੰਦਾ ਹੈ। ਇਸ ਸਬੰਧੀ ਉਹ

*ਕਿਤਾਬੁਲ ਹਿੰਦ ਬੈਰੂਨੀ ਪੰ. ੨੦੮ (ਲੰਡਨ)

†ਅਖ਼ਬਾਰੁਲ ਹੁਕਮਾ ਕਿਫ਼ਤੀ ਪੰ. ੧੭੭ (ਮਿਸਰ)

‡ਇਬਨ ਖ਼ਲਕਾਨ ਵਿਚ ਅਮਰ ਬਿਨ ਬਹਿਰੁਲ ਜਾਹਿਜ਼ ਦਾਹਾਲ।

ਆਖਦਾ ਹੈ:-

"ਹਿੰਦੁਸਤਾਨ ਦੇ ਵਸਨੀਕਾਂ ਨੂੰ ਅਸੀਂ ਵੇਖਿਆ ਹੈ ਕਿ ਓਹ ਜੋਤਸ਼ ਅਤੇ ਗਣਿਤ ਵਿਦਿਆ ਵਿਚ ਅਗੇ ਵਧੇ ਹੋਏ ਹਨ । ਇਨ੍ਹਾਂ ਦੀ ਇਕ ਖ਼ਾਸ ਲਿਪੀ ਹੈ। ਚਿਕਿਤਸਾ ਵਿਚ ਵੀ ਉਹ ਅਗੇ ਹਨ ਅਤੇ ਚਕਿਤਸਾ ਦੇ ਕੁਝ ਅਜੀਬ ਭੇਤ ਇਨ੍ਹਾਂ ਨੂੰ ਮਲੂਮ ਹਨ। ਦੀਰਘ ਰੋਗਾਂ ਦੀਆਂ ਦਵਾਈਆਂ ਖ਼ਾਸ ਕਰਕੇ ਇਨ੍ਹਾਂ ਦੇ ਕੋਲ ਹਨ। ਇਸ ਤੋਂ ਬਿਨਾਂ ਮੂਰਤੀਕਾਰੀ, ਰੰਗਾਂ ਦੁਆਰਾ ਚਿੱਤ੍ਰ ਤਿਆਰ ਕਰਨਾ ਅਤੇ ਉਸਾਰੀ ਆਦਿ ਵਿਚ ਇਨ੍ਹਾਂ ਨੂੰ ਪੂਰਨਤਾ ਪਰਾਪਤ ਹੈ । ਸ਼ਤਰੰਜ ਇਨ੍ਹਾਂ ਲੋਕਾਂ ਦੀ ਹੀ ਕਾਢ ਹੈ। ਜੋ ਬੁੱਧੀ ਤੇ ਵਿਚਾਰ ਦਾ ਸਭ ਤੋਂ ਅਛਾ ਖੇਡ ਹੈ। ਇਹ ਲੋਕ ਤਲਵਾਰਾਂ ਬਹੁਤ ਵਧੀਆ ਬਣਾਉਂਦੇ ਹਨ ਅਤੇ ਇਨ੍ਹਾਂ ਦੇ ਚਲਾਉਣ ਦੇ ਸਭ ਢੰਗ ਜਾਣਦੇ ਹਨ। ਇਹ ਜ਼ਹਿਰ ਉਤਾਰਨ ਤੇ ਪੀੜ ਦੂਰ ਕਰਨ ਦੇ ਮੰਤਰ ਜਾਣਦੇ ਹਨ । ਇਨ੍ਹਾਂ ਦਾ ਸੰਗੀਤ ਵੀ ਬਹੁਤ ਮਨੋਹਰ ਹੈ। ਇਨ੍ਹਾਂ ਦੇ ਇਕ ਸਾਜ਼ ਦਾ ਨਾਂ 'ਕੰਕਲਾ' ਹੈ ਜੋ ਕੱਦੂ ਉਤੇ ਇਕ ਤਾਰ ਨੂੰ ਤਾਣਕੇ ਬਣਾਉਂਦੇ ਹਨ, ਇਹ ਸਤਾਰ ਦੀਆਂ ਤਾਰਾਂ ਤੇ ਖੜਤਾਲਾਂ ਦਾ ਕੰਮ ਦਿੰਦਾ ਹੈ । ਇਨ੍ਹਾਂ ਲੋਕਾਂ ਦੇ ਵਿਚ ਹਰ ਪਰਕਾਰ ਦਾ ਨਾਚ ਵੀ ਹੈ।..................ਇਨ੍ਹਾਂ ਦੀਆਂ ਅਨੇਕ ਪਰਕਾਰ ਦੀਆਂ ਲਿਪੀਆਂ ਹਨ। ਕਵਿਤਾ ਦਾ ਭੰਡਾਰ ਵੀ ਹੈ ਅਤੇ ਭਾਸ਼ਣਾ ਦਾ ਅੰਸ਼ ਵੀ ਹੈ। ਚਕਿਤਸਾ, ਦਰਸ਼ਨ, ਸਾਹਿਤ ਤੇ ਨੀਤੀ ਦੇ ਸ਼ਾਸਤਰ ਵੀ ਇਨ੍ਹਾਂ ਕੋਲ ਹਨ । ਇਨ੍ਹਾਂ ਕੋਲੋਂ ਹੀ 'ਕਲੀਲਾ ਦਿਮਨਾ' ਨਾਂ ਦੀ ਕਿਤਾਬ ਸਾਡੇ ਪਾਸ ਆਈ ਹੈ । ਉਨ੍ਹਾਂ ਵਿਚ ਵਿਚਾਰ ਤੇ ਵੀਰਤਾ ਵੀ ਹੈ ਅਤੇ ਕਈ ਅਜੇਹੇ ਗੁਣ ਹਨ ਜੋ ਚੀਨੀਆਂ ਵਿਚ ਵੀ ਨਹੀਂ ਹਨ। ਇਨ੍ਹਾਂ ਵਿਚ ਸਵਛਤਾ ਤੇ ਪਵਿਤਰਤਾ ਦੇ ਵੀ ਗੁਣ ਹਨ । ਸੁਹੱਪਣ, ਸਲੋਣਾਪਨ, ਸੋਹਣਾ ਕੱਦ ਤੇ ਸੁਗੰਧੀਆਂ ਵੀ ਹਨ। ਇਨ੍ਹਾਂ ਦੇ ਦੇਸ ਤੋਂ ਬਾਦਸ਼ਾਹਾਂ ਕੋਲ ਊਦ (ਅਗਰ) ਦੀ ਅਜੇਹੀ ਲਕੜੀ ਆਉਂਦੀ ਹੈ ਜਿਸ ਦੀ ਉਪਮਾ ਨਹੀਂ ਮਿਲਦੀ। ਵਿਚਾਰ ਵਿਦਿਆ ਵੀ ਇਨ੍ਹਾਂ ਕੋਲੋਂ ਆਈ ਹੈ ਇਹ ਲੋਕ ਅਜੇਹੇ ਮੰਤਰ ਜਾਣਦੇ ਹਨ ਜਿਨ੍ਹਾਂ ਨੂੰ ਜੇ ਇਹ ਜ਼ਹਿਰ ਉਤੇ

ਪੜ੍ਹ ਦੇਣ ਤਾ ਜ਼ਹਿਰ ਬੇਅਸਰ ਹੋ ਜਾਵੇ। ਫੇਰ ਜੋਤਸ਼ ਤੇ ਗਣਿਤ ਵਿਦਿਆ ਵੀ ਉਨ੍ਹਾਂ ਦੀ ਹੀ ਕਾਢ ਹੈ ਇਨ੍ਹਾਂ ਦੀਆਂ ਤੀਵੀਆਂ ਨੂੰ ਗਉਣਾ ਤੇ ਆਦਮੀਆਂ ਨੂੰ ਰਸੋਈ ਬਨਾਉਣ ਦਾ ਕੰਮ ਚੰਗਾ ਆਉਂਦਾ ਹੈ। ਸਰਾਫ਼ ਤੇ ਰੁਪਏ ਪੈਸੇ ਦਾ ਵਿਹਾਰ ਕਰਨ ਵਾਲੇ ਆਪਣੀਆਂ ਥੈਲੀਆਂ ਤੇ ਖ਼ਜ਼ਾਨੇ ਇਨ੍ਹਾਂ ਦੇ ਛੁਟ ਕਿਸੇ ਹੋਰ ਦੇ ਹਵਾਲੇ ਨਹੀਂ ਕਰਦੇ। ਜਿੰਨੇ (ਇਰਾਕ ਵਿਚ) ਸਰਾਫ਼ ਹਨ, ਸਾਰਿਆਂ ਦਾ ਖ਼ਜ਼ਾਨਚੀ ਖਾਸ ਸਿੰਧੀ ਹੋਵੇਗਾ ਜਾਂ ਕਿਸੇ ਸਿੰਧੀ ਦਾ ਮੁੰਡਾ, ਕਿਉਂ ਜੋ ਇਨ੍ਹਾਂ ਨੂੰ ਮਨੀਮਾ ਤੇ ਸਰਾਫ਼ੀ ਦੇ ਕੰਮਾਂ ਨਾਲ ਸੁਭਾਵਕ ਲੱਗਾ ਹੈ, ਨਾਲੇ ਏਹ ਇਮਾਨਦਾਰ ਤੇ ਵਫ਼ਾਦਾਰ ਨੌਕਰ ਹੁੰਦੇ ਹਨ।*

ਦੂਜੀ ਵਿਅਕਤੀ ਯਾਕੂਬੀ ਹੈ ਜੋ ਯਾਤਰੂ, ਇਤਿਹਾਸ ਲੇਖਕ ਤੇ ਵਿਦਵਾਨ ਵੀ ਸੀ। ਆਖਦੇ ਹਨ ਕਿ ਓਹ ਹਿੰਦੁਸਤਾਨ ਵੀ ਆਇਆ ਸੀ ਸੰਨ ੨੭੮ ਹਿ. ਦੇ ਲਗ ਪਗ ਉਸ ਦਾ ਦਿਹਾਂਤ ਹੋਇਆ, ਉਹ ਆਪਣੇ ਇਤਿਹਾਸ ਵਿਚ ਹਿੰਦੁਸਤਾਨ ਦਾ ਮਿਥਿਆਸ ਲਿਖਕੇ ਆਖਦਾ ਹੈ:– "ਅਤੇ ਹਿੰਦੁਸਤਾਨ ਦੇ ਲੋਕ ਬੁਧੀਵਾਨ ਤੇ ਵਿਚਾਰਵਾਨ ਹਨ ਉਹ ਇਸ ਲਿਹਾਜ਼ ਨਾਲ ਸਭ ਕੌਮਾਂ ਤੋਂ ਵਧਕੇ ਹਨ। ਗਣਿਤ ਤੇ ਫਲਿਤ ਜੋਤਸ਼ ਵਿਚ ਉਨ੍ਹਾਂ ਦੀਆਂ ਗੱਲਾਂ ਸਾਰਿਆਂ ਨਾਲੋਂ ਵਧੇਰੇ ਠੀਕ ਨਿਕਲਦੀਆਂ ਹਨ। ਸਿਧਾਂਤ ਇਨ੍ਹਾਂ ਦੇ ਵਿਚਾਰ ਦਾ ਸਿੱਟਾ ਹੈ ਜਿਸ ਤੋਂ ਯੂਨਾਨੀਆਂ ਤੇ ਈਰਾਨੀਆਂ ਤਕ ਨੇ ਲਾਭ ਉਠਾਇਆ ਹੈ। ਚਕਿਸਤਾ ਵਿਚ ਉਨ੍ਹਾਂ ਦੀ ਤਸ਼ਖ਼ੀਸ ਸਭ ਤੋਂ ਵਧੀਆ ਹੈ। ਏਸ ਵਿਦਿਆ ਉਤੇ ਉਨ੍ਹਾਂ ਦੀ ਪੁਸਤਕ ਚਰਕ ਤੇ ਨਿਦਾਨ ਹੈ... ... ...ਚਕਿਸਤਾ ਬਾਰੇ ਇਨ੍ਹਾਂ ਦੀਆਂ ਹੋਰ ਵੀ ਕਈ ਪੁਸਤਕਾਂ ਹਨ, ਨਿਆਏ ਅਤੇ ਦਰਸ਼ਣ ਵਿਚ ਇਨ੍ਹਾਂ ਦੀਆਂ ਲਿਖਤਾਂ ਹਨ ਜਿਨ੍ਹਾਂ ਦੀ ਵਿਆਖਿਆ ਬਹੁਤ ਲੰਮੀ ਹੈ।†

ਤੀਜਾ ਬਿਆਨ ਅਬੂਜ਼ੈਦ ਸੈਰਾਫ਼ੀ ਦਾ ਹੈ ਜੋ ਤੀਜੀ ਸਦੀ ਦੇ ਅੰਤ ਵਿਚ ਸੀ, ਓਹ ਲਿਖਦਾ ਹੈ:

*ਰਿਸਾਲਾ ਫ਼ਖਰੁ-ਸੂਦਾਨ ਅਲਲ ਬੈਜ਼ਾਨ ਜਾਹਿਜ਼ ਮਜਮੂਆ ਰਸਾਇਲ ਜਾਹਿਜ਼ ਪੰਨਾ ੮੧ (ਪਰਕਾਸ਼ਤ ਸੰਨ. ੧੩੨੪ ਹਿ. ਮਿਸਰ)

†ਤਾਰੀਖ਼ ਇਬਨ ਵਾਜ਼ਿਅ ਯਾਕੂਬੀ ਜਿ. ੨ ਪੰਨਾ. ੧੦੫ (ਲੀਡਨ)

"ਹਿੰਦੁਸਤਾਨ ਦੇ ਵਿਦਵਾਨ ਬ੍ਰਾਹਮਣ ਅਖਵਾਉਂਦੇ ਹਨ। ਇਨ੍ਹਾਂ ਵਿਚ ਕਵੀ ਵੀ ਹਨ ਜੋ ਰਾਜਿਆਂ ਦੇ ਦਰਬਾਰ ਵਿਚ ਰਹਿੰਦੇ ਹਨ। ਹਿੰਦੁਸਤਾਨੀ ਲੋਕ ਜੋਤਸ਼ੀ, ਦਾਰਸ਼ਨਕ, ਮਹੂਰਤ ਕੱਢਣ ਵਾਲੇ ਅਤੇ ਜਾਦੂਗਰ ਹੁੰਦੇ ਹਨ। ਇਹ ਕਨੌਜ ਵਿਚ ਜ਼ਿਆਦਾ ਹਨ ਜੋ ਜੌਜ਼ ਦੇ ਰਾਜ ਵਿਚ ਇਕ ਵੱਡਾ ਸ਼ਹਿਰ ਹੈ"। (ਪੰਨਾ ੧੨੭) ਤਾਤਪਰਜ ਇਹ ਕਿ ਖ਼ਲੀਫ਼ਾ ਮਨਸੂਰ ਅਤੇ ਹਾਰੂੰ ਰਸ਼ੀਦ ਦੀ ਛਤਰ ਛਾਇਆ ਹੇਠ ਬਰਾਮਕਾ ਦੀਆਂ ਕਦਰ-ਦਾਨੀਆਂ ਤੇ ਸਖ਼ਾਵਤਾਂ ਦੇ ਤੁਫ਼ੈਲ ਹਿੰਦੁਸਤਾਨ ਦੇ ਬੀਸੀਆਂ ਪੰਡਤ ਅਤੇ ਵੈਦ ਬਗ਼ਦਾਦ ਪੁੱਜੇ ਅਤੇ ਰਾਜ ਦੇ ਚਕਿਤਸਾ ਤੇ ਵਿਗਿਆਨਕ ਵਿਭਾਗਾਂ ਵਿਚ ਕੰਮ ਕਰਨ ਲਗੇ। ਇਨ੍ਹਾਂ ਲੋਕਾਂ ਨੇ ਗਣਿਤ, ਫਲਿਤ ਜੋਤਸ਼, ਗਣਿਤ ਜੋਤਸ਼, ਚਕਿਤਸਾ ਸਾਹਿਤ ਅਤੇ ਨੀਤੀ ਦੀਆਂ ਢੇਰ ਸਾਰੀਆਂ ਪੁਸਤਕਾਂ ਦਾ ਅਰਬੀ ਵਿਚ ਉਲਥਾ ਕੀਤਾ। ਬੜੇ ਸ਼ੋਕ ਦੀ ਗਲ ਹੈ ਕਿ ਇਨ੍ਹਾਂ ਪੰਡਤਾਂ ਦੇ ਹਿੰਦੁਸਤਾਨੀ ਨਾਂ ਅਰਬੀ ਉਚਾਰਣ ਵਿਚ ਜਾ ਕੇ ਅਜੇਹੇ ਬਦਲ ਗਏ ਹਨ ਕਿ ਅੱਜ ਗਿਆਰਾਂ ਬਾਰਾਂ ਸੌ ਵਰ੍ਹੇ ਪਿਛੋਂ ਇਨ੍ਹਾਂ ਦਾ ਸ਼ੁਧ ਉਚਾਰਣ ਕਰਨਾ ਬਿਲਕੁਲ ਕਠਨ ਹੋ ਗਿਆ ਹੈ। ਸ਼ਾਇਦ ਇਸ ਦਾ ਇਕ ਕਾਰਣ ਇਹ ਵੀ ਹੈ ਕਿ ਮੇਰੇ ਖ਼ਿਆਲ ਵਿਚ ਏਹ ਲੋਕ ਵਧੇਰੇ ਕਰਕੇ ਬੁਧ ਧਰਮ ਦੇ ਅਨੁਸਾਰੀ ਸਨ ਅਤੇ ਏਸ ਸਮੇਂ ਦੇ ਨਾਵਾਂ ਦੇ ਢੰਗ ਵਰਤਮਾਨ ਵੇਦਕ ਨਾਵਾਂ ਤੋਂ ਨਿਆਰੇ ਹਨ। ਫ਼ੇਰ ਇਨ੍ਹਾਂ ਵਿਚੋਂ ਬਾਜ਼ੇ ਨਾਂ ਅਜੇਹੇ ਵੀ ਹਨ ਜੋ ਨਾਂ ਨਹੀਂ, ਸਗੋਂ ਉਪਾਧੀਆਂ ਹਨ। ਇਨ੍ਹਾਂ ਹਿੰਦੀ ਨਾਵਾਂ ਦੀ ਅਰਬੀ ਵਿਚ ਅਜੇਹੀ ਹੀ ਕਾਇਆ ਪਲਟ ਹੋਈ ਹੈ ਜੇਹੀ ਕਿ ਅਰਬੀ ਨਾਵਾਂ ਦੀ ਯੂਰਪੀ ਭਾਸ਼ਾਵਾਂ ਵਿਚ।

ਪੰਡਤਾਂ ਤੇ ਵੈਦਾਂ ਦੇ ਨਾਂ

ਜੋ ਵੀ ਹੈ, ਅਰਬਾਂ ਦੀਆਂ ਲਿਖਤਾਂ ਵਿਚ ਹਿੰਦੁਸਤਾਨ ਦੇ ਜਿਨ੍ਹਾਂ ਪੰਡਤਾਂ ਤੇ ਵੈਦਾਂ ਦੇ ਨਾਂ ਆਏ ਹਨ ਉਹ ਇਹ ਹਨ:

ਬਹਿਲਾ, ਮਣਕਾ, ਬਾਜੀਗਰ (ਬਿਜੇਕਰ ?) ਫਲਬਰਫਲ (ਕਲਪ

ਰਾਏ ਕਲ ?) ਸਿੰਧਬਾਦ । ਇਹ ਨਾਂ ਜਾਹਿਜ਼ (ਸੰਨ ੨੫੫ ਹਿ.) ਨੇ ਲਏ ਹਨ । ਏਨੇ ਨਾਂ ਲਿਖਕੇ ਹੋਰਾਂ ਦੇ ਨਾਂ ਅਮਕਾ ਅਮਕਾ ਕਰਕੇ ਛੱਡ ਦਿੱਤੇ ਹਨ ਅਤੇ ਲਿਖਿਆ ਹੈ ਕਿ ਇਨ੍ਹਾਂ ਨੂੰ ਯਹੱਯਾ ਬਿਨ ਖ਼ਾਲਿਦ ਬਰਮਕੀ ਨੇ ਹਿੰਦੁਸਤਾਨ ਤੋਂ ਬਗ਼ਦਾਦ ਬੁਲਾਇਆ ਸੀ । ਏਹ ਸਭ ਵੈਦ ਹਕੀਮ ਸਨ ।*

ਇਬਨ ਅਬੀ ਅਸੀਬਾਅ ਨੇ ਇਨ੍ਹਾਂ ਵੈਦਾਂ ਵਿਚੋਂ 'ਮਨਕਾ' ਅਤੇ 'ਬਹਲਾ' ਦੇ ਪੁਤਰ ਦਾ, ਜੋ ਸ਼ਾਇਦ ਮੁਸਲਮਾਨ ਹੋ ਗਿਆ ਸੀ ਅਤੇ ਉਸਦਾ ਨਾਂ ਸਾਲਿਹ ਸੀ, ਜ਼ਿਕਰ ਕੀਤਾ ਹੈ । ਇਬਨ ਨਦੀਮ ਨੇ ਇਕ ਹੋਰ ਨਾਂ ਇਬਨ ਦਹਨ ਲਿਖਿਆ ਹੈ ਅਤੇ ਇਹ ਤਿੰਨੇ ਓਸ ਸਮੇਂ ਬਗ਼ਦਾਦ ਦੇ ਪਰਸਿੱਧ ਵੈਦ ਸਨ । ਦੂਜੀ ਥਾਂ ਜਿਨ੍ਹਾਂ ਹਿੰਦੁਸਤਾਨੀ ਵਿਦਵਾਨਾਂ ਦੀਆਂ ਚਕਿਤਸਾ ਅਤੇ ਜੋਤਸ਼ ਦੀਆਂ ਪੁਸਤਕਾਂ ਅਰਬੀ ਵਿਚ ਉਲਥਾ ਹੋਈਆਂ ਉਨ੍ਹਾਂ ਦੇ ਇਹ ਨਾਂ ਗਿਣਾਏ ਹਨ: ਬਾਖਰ, ਰਾਜਾ, ਮਨਕਾ, ਦਾਹਿਰ, ਅਨਕੂ, ਜੰਕਲ, ਅਰੀਕਲ, ਜਭਰ, ਐਂਦੀ, ਜਬਾਰੀ ।†

ਮਨਕਾ ਜਾਂ ਮਣਕਾ

ਇਬਨ ਅਬੀ ਅਸੀਬਾਅ ਨੇ ਆਪਣੀ ਤਾਰੀਖ਼ੁਲ ਅਤਿੱਬਾ ਵਿਚ ਲਿਖਿਆ ਹੈ ਕਿ ਇਹ ਚਕਿਤਸਾ ਤੇ ਇਲਾਜ ਕਰਨ ਵਿਚ ਬੜਾ ਨਿਪੁੰਨ ਸੀ ਇਕ ਵਾਰ ਹਾਰੂੰ ਰਸ਼ੀਦ ਸਖ਼ਤ ਬੀਮਾਰ ਹੋ ਗਿਆ । ਬਗ਼ਦਾਦ ਦੇ ਸਾਰੇ ਹਕੀਮ ਏਸ ਦੇ ਇਲਾਜ ਕਰਨ ਤੋਂ ਲਚਾਰ ਹੋ ਗਏ ਤਾਂ ਇਕ ਆਦਮੀ ਨੇ ਹਿੰਦੁਸਤਾਨ ਦੇ ਏਸ ਹਕੀਮ ਦਾ ਜ਼ਿਕਰ ਕੀਤਾ । ਸਫ਼ਰ ਖ਼ਰਚ ਭੇਜ ਕੇ ਓਸ ਨੂੰ ਸਦਿਆ ਗਿਆ ਏਸ ਦੇ ਇਲਾਜ ਕਰਨ ਨਾਲ ਖ਼ਲੀਫ਼ਾ ਨੂੰ ਅਰਾਮ ਹੋ ਗਿਆ । ਖ਼ਲੀਫ਼ਾ ਨੇ ਏਸ ਨੂੰ ਇਨਾਮ ਕਨਾਮ ਦੇਕੇ ਮਾਲਾ ਮਾਲ ਕਰ ਦਿੱਤਾ । ਫੇਰ ਏਹ ਉਲਥਾ ਵਿਭਾਗ ਵਿਚ ਸੰਸਕ੍ਰਿਤ ਦੀਆਂ ਪੁਸਤਕਾਂ ਦੇ ਉਲਥੇ ਲਈ ਨਿਯੁਕਤ ਹੋਇਆ‡ ਕੀ ਅਸੀਂ 'ਮਨਕੇ' ਸ਼ਬਦ ਨੂੰ 'ਮਾਣਕ' ਸਮਝੀਏ ?

---

*ਕਿਤਾਬੁਲ ਬਿਆਨ ਪੰਨਾ ੪੦ (ਮਿਸਰ)

†ਫ਼ਹਿਰਿਸਤ ਇਬਨ ਨਦੀਮ ਜ਼ਿਕਰੇ ਕੁਤਬੇ ਤਿੱਬ-ਵੱ-ਨਜੂਮ

‡ਤਾਰੀਖ਼ੁਲ ਅਤਿੱਬਾ ਜਿ. ੨ ਪੰ. ੩੩ (ਮਿਸਰ) ਅਤੇ ਫਹਿਰਿਸਤ ਇਬਨ ਨਦੀਮ ਪੰ. ੨੪੫.

ਸਾਲਿਹ ਬਿਨ ਬਹਿਲਾ

ਇਹ ਵੀ ਹਿੰਦੁਸਤਾਨੀ ਚਕਿਤਸਾ ਦਾ ਮਾਹਿਰ ਸੀ ਇਬਨ ਅਬੀ ਅਸੀਬਾਅ ਨੇ ਏਸ ਨੂੰ ਵੀ ਹਿੰਦੁਸਤਾਨ ਦੇ ਉਨ੍ਹਾਂ ਮਾਹਿਰ ਹਕੀਮਾਂ ਵਿਚ ਦਾਖ਼ਲ ਕੀਤਾ ਹੈ ਜੋ ਬਗ਼ਦਾਦ ਵਿਚ ਸਨ । ਇਕ ਮੌਕੇ ਤੇ ਜਦੋਂ ਖ਼ਲੀਫ਼ਾ ਹਾਰੂੰ ਰਸ਼ੀਦ ਦੇ ਚਾਚੇ ਦੇ ਪੁਤਰ ਭਰਾ ਨੂੰ ਸਕਤੇ (ਮੂਰਛਾ) ਦਾ ਰੋਗ ਹੋ ਗਿਆ ਅਤੇ ਮਸ਼ਹੂਰ ਯੂਨਾਨੀ ਈਸਾਈ ਦਰਬਾਰੀ ਹਕੀਮ ਜਿਬਰਈਲ ਬਖ਼ਤੀਸ਼ੂ ਨੇ ਕਹਿ ਦਿਤਾ ਸੀ ਕਿ ਇਹ ਹੁਣ ਬਚਦਾ ਨਹੀਂ, ਤਾਂ ਜਾਫ਼ਰ ਬਰਮਕੀ ਨੇ ਏਸ ਹਿੰਦੀ ਵੈਦ ਨੂੰ ਪੇਸ਼ ਕੀਤਾ ਅਤੇ ਏਸੇ ਵੈਦ ਤੋਂ ਇਲਾਜ ਕਰਾਉਣ ਦੀ ਸਲਾਹ ਦਿਤੀ । ਖ਼ਲੀਫ਼ਾ ਨੇ ਓਸ ਦੀ ਗੱਲ ਮੰਨ ਲਈ ਅਤੇ ਏਸ ਨੇ ਬੜੇ ਮੁਾਰਕੇ ਦਾ ਇਲਾਜ ਕੀਤਾ ।*

ਇਬਨ ਦਹਨ

ਇਹ ਬਰਮਕੀਆਂ ਦੇ ਸ਼ਿਫ਼ਾਖ਼ਾਨੇ ਦਾ ਵੱਡਾ ਅਫ਼ਸਰ ਸੀ ਅਤੇ ਇਹ ਵੀ ਉਨ੍ਹਾਂ ਲੋਕਾਂ ਵਿਚੋਂ ਸੀ ਜੇਹੜੇ ਸੰਸਕ੍ਰਿਤ ਤੋਂ ਅਰਬੀ ਵਿਚ ਪੁਸਤਕਾਂ ਦੇ ਉਲਥੇ ਲਈ ਨਿਯੁਕਤ ਹੋਏ ਸਨ† । ਪਰੋਫ਼ੈਸਰ ਜ਼ਖਾਊ ਨੇ 'ਇੰਡੀਆ' ਨਾਮੀ ਪੁਸਤਕ ਦੇ ਮੁਖਬੰਧ ਵਿਚ 'ਦਹਨ' ਨਾਂ ਦੀ ਅਸਲੀਅਤ ਜਾਨਣ ਦਾ ਜਤਨ ਕੀਤਾ ਹੈ। ਇਨ੍ਹਾਂ ਦੀ ਖੋਜ ਦਾ ਸਿੱਟਾ ਇਹ ਹੈ ਕਿ "ਇਹ ਨਾਂ ਧਨੀਆ ਜਾਂ ਧਨਣ ਹੋਵੇਗਾ, ਜੋ ਗਾਲਬਨ ਇਸ ਲਈ ਗਰਹਿਣ ਕੀਤਾ ਗਿਆ ਹੋਵੇ ਕਿ ਇਹ ਲਫ਼ਜ਼ੀ ਤੌਰ ਤੇ ਧਨਵੰਤਰੀ ਨਾਲ ਮੇਲ ਖਾਂਦਾ ਹੈ ਜੋ ਮਨੂੰ ਸ਼ਾਸਤਰ ਵਿਚ ਦੇਵਤਿਆਂ ਦੇ ਵੈਦ ਦਾ ਨਾਂ ਦਸਿਆ ਗਿਆ ਹੈ" ।‡

ਸੰਸਕ੍ਰਿਤ ਤੋਂ ਅਰਬੀ ਵਿਚ ਹੇਠ ਲਿਖੀਆਂ ਵਿਦਿਆਵਾਂ ਤੇ ਸ਼ਾਸਤਰਾਂ ਦਾ ਉਲਥਾ ਕੀਤਾ ਗਿਆ:-ਗਣਿਤ, ਜੋਤਸ਼, ਚਕਿਤਸਾ,

---

*ਤਾਰੀਖ਼ੁਲ ਅਤਿੱਬਾ ਜਿ. ੨ ਪੰਨਾ ੩੪ (ਮਿਸਰ)

†ਫ਼ਿਹਰਿਸਤ ਇਬਨ ਨਦੀਮ, ਪੰ. ੨੪੩.

‡ਪੰਨਾ ੩੩ ਮੁਖਬੰਧ ਅੰਗਰੇਜ਼ੀ ਉਲਥਾ.

ਗਣਿਤ ਜੋਤਸ਼, ਨੀਤੀ, ਕਥਾਵਾਂ ਤੇ ਕਹਾਣੀਆਂ, ਰਾਜਨੀਤੀ, ਖੇਲ, ਅਤੇ ਤਮਾਸ਼ੇ।

ਗਣਿਤ

ਅਰਬਾਂ ਦਾ ਸਰੀਹਣ ਬਿਆਨ ਹੈ ਕਿ ਉਨ੍ਹਾਂ ਨੇ ੧–੯ ਤਕ ਦੇ ਗਣਿਤ ਅੰਕ (ਹਿੰਦਸੇ) ਲਿਖਣ ਦਾ ਢੰਗ ਹਿੰਦੂਆਂ ਤੋਂ ਸਿਖਿਆ।* ਇਸੇ ਲਈ ਅਰਬ ਵਾਲੇ ਇਸ ਨੂੰ 'ਹਿੰਦੀ ਹਿਸਾਬ' ਜਾਂ 'ਅਰਕਾਮੇ ਹਿੰਦੀਆ' ਆਖਦੇ ਹਨ। ਫੇਰ ਅੱਗੇ ਅਰਬਾਂ ਤੋਂ ਯੂਰਪੀ ਲੋਕਾਂ ਨੇ ਸਿਖਿਆ। ਇਸੇ ਲਈ ਇਨ੍ਹਾਂ ਦੀਆਂ ਭਾਸ਼ਾਵਾਂ ਵਿਚ ਇਸ ਦਾ ਨਾਂ 'ਅਰਬੀ ਅੰਕ' (Arabic Figure) ਹੈ। ਠੀਕ ਉਹ ਸਮਾਂ ਮਲੂਮ ਨਹੀਂ ਜਿਸ ਵਿਚ ਅਰਬਾਂ ਨੇ ਇਹ ਢੰਗ ਹਿੰਦੂਆਂ ਤੋਂ ਸਿਖਿਆ। ਪਰ ਵਿਚਾਰ ਇਹ ਹੈ ਕਿ ਸੰਨ ੧੫੬ ਹਿ. ਵਿਚ ਸਿੰਧ ਤੋਂ ਜੋ ਪੰਡਤ ਸਿਧਾਂਤ ਲੈਕੇ ਮਨਸੂਰ ਦੇ ਦਰਬਾਰ ਵਿਚ ਬਗ਼ਦਾਦ ਗਿਆ ਸੀ ਉਸ ਨੇ ਅਰਬਾਂ ਨੂੰ ਇਹ ਤਰੀਕਾ ਸਿਖਾਇਆ। ਪਰ ਮੇਰੇ ਵਿਚਾਰ ਅਨੁਸਾਰ ਠੀਕ ਇਉਂ ਹੈ ਕਿ ਸਿਧਾਂਤ ਜਿਸ ਦਾ ਉਲਥਾ ਹੋਇਆ ਸੀ, ਏਸ ਦੇ ਤੇਰ੍ਹਵੇਂ ਤੇ ਚੌਬੀਵੇਂ ਅਧਿਆਇ ਵਿਚ ਖ਼ੁਦ ਹਿਸਾਬ ਤੇ ਅੰਕ ਦਾ ਵੇਰਵਾ ਹੈ। ਜਿਸ ਰਾਹੀਂ ਇਹ ਤਰੀਕਾ ਅਰਬਾਂ ਵਿਚ ਪਰਚਲਤ ਹੋਇਆ। ਅਰਬੀ ਵਿਚ ਪਹਿਲਾਂ ਲਫ਼ਜ਼ਾਂ ਵਿਚ ਅੰਕ ਲਿਖਦੇ ਸਨ। ਪਿਛੋਂ ਯਹੂਦੀਆਂ ਤੇ ਯੂਨਾਨੀਆਂ ਵਾਂਙੂ ਅਬਜਦ ਦੇ ਅਖਰਾਂ ਵਿਚ ਅੰਕ ਲਿਖਣ ਲਗੇ, ਜਿਵੇਂ ਹੁਣ ਵੀ ਅਰਬੀ ਗਣਿਤ ਜੋਤਸ਼ ਵਿਚ ਸੰਖੇਪ ਤੇ ਸੁਧੀ ਵਜੋਂ ਇਹ ਤਰੀਕਾ ਚਾਲੂ ਹੈ ਅਤੇ ਏਸੇ ਅਬਜਦ ਹੱਵਜ਼ ਦੇ ਕਾਇਦੇ ਤੋਂ ਤਾਰੀਖ਼ਾਂ ਕਢਣ ਦਾ ਢੰਗ ਪੂਰਬ ਵਿਚ ਪਰਚਲਤ ਹੈ। ਜੋ ਵੀ ਹੈ,

*ਰਸਾਇਲ ਇਖ਼ਵਾਨੁਲਸਫ਼ਾ ਜੋ ਚੌਥੀ ਸਦੀ ਵਿਚ ਸੰਚਿਤ ਹੋਏ। ਫ਼ਸਲ ਫ਼ੀ ਮਾਰਫ਼ਤ ਬਿਦਾਇਤੁਲ ਹਰੂਫ਼-ਵ-ਖੁਲਾਸਾਤੁਲ ਹਿਸਾਬ ਬਹਾਉਦੀਨ ਆਮਲੀ (ਕਲਕਤੇ ਦੀ ਛਪੀ ੧੬) ਅਤੇ ਏਸ ਦੀ ਟੀਕਾ ਵਲੋਂ ਮੌਲਵੀ ਇਸਮਤੁੱਲਾ ਅਤੇ ਕਸ਼ਫ਼ੁਜ਼ੱਨੂਨ (ਚਲਪੀ) ਅਤੇ ਮਿਫ਼ਤਾਹੁੱਸਆਦਤ ਤਾਸ਼ਕਬਰੀਜ਼ਾਦਾ ਇਲਮੁਲ ਹਿਸਾਬ ਅਤੇ ਕਿਤਾਬੁਲ ਹਿੰਦ (ਬੈਰੂਨੀ) ਪੰਨਾ ੬੩ (ਲੰਡਨ ਦੀ ਛਪੀ ਹੋਈ)

ਪਹਿਲੇ ਮੁਹੰਮਦ ਬਿਨ ਮੂਸਾ ਖ੍ਵਰਜ਼ਮੀ ਨੇ ਇਸ ਹਿੰਦੀ ਹਿਸਾਬ ਨੂੰ ਅਰਬੀ ਸੰਚੇ ਵਿਚ ਢਾਲਿਆ* ਇਨਸਾਈਕਲੋਪੀਡੀਆ ਬ੍ਰੀਟੈਨੀਕਾ (ਗਿਆਰਵਾਂ ਐਡੀਸ਼ਨ) ਵਿਚ ਅੰਕ (Numeral) ਉਤੇ ਜੋ ਲੇਖ (ਜਿਲਦ ੧੯, ਪੰਨਾ ੮੬੭) ਹੈ, ਇਸ ਵਿਚ ਪੁਰਾਣੇ ਹਿੰਦੀ, ਪੂਰਬੀ ਅਰਬੀ ਤੇ ਪਛਮੀ ਅਰਬੀ ਅਤੇ ਯੂਰਪੀਨ ਅੰਕਾ ਦੀਆਂ ਸ਼ਕਲਾਂ, ਸਿਲਾ-ਲੇਖਾਂ ਅਤੇ ਪੁਰਾਣੀਆਂ ਹਥ-ਲਿਖਤਾਂ ਤੋਂ ਨਕਲ ਕਰਕੇ ਦਿੱਤੀਆਂ ਹਨ ਜਿਸ ਤੋਂ ਇਕੋ ਨਜ਼ਰ ਨਾਲ ਮਲੂਮ ਹੋ ਸਕਦਾ ਹੈ ਕਿ ਹਿੰਦੁਸਤਾਨ ਤੋਂ ਅਰਬ ਵੱਲ ਇਹ ਅੰਕ ਕਿਵੇਂ ਗਏ। ਅਰਬੀ ਵਿਚ ਮਾਮੂੰ ਰਸ਼ੀਦ ਦੇ ਦਰਬਾਰੀ ਫਲਿਤ ਵੇਤਾ ਅਲਖ੍ਵਾਰਜ਼ਮੀ ਨੇ (ਸੰਨ ੭੮੦ ਈ. ੮੪੦ ਈ.) ਵਿਚ ਇਨ੍ਹਾਂ ਅੰਕਾਂ ਦੀਆਂ ਸ਼ਕਲਾਂ ਠੀਕ ਕੀਤੀਆਂ ਅਤੇ ਓਹੀ ਰੂਪ ਅੰਦਲੁਸ ਦੇ ਰਸਤੇ ਯੂਰਪ ਪਹੁੰਚੀਆਂ। ਯੂਰਪ ਵਿਚ ਗਣਿਤ ਦੀ ਇਕ ਖਾਸ ਸ਼ਾਖਾ ਨੂੰ ਅਲਗਾਰਿਥਮ, ਅਲਗਾਰੀਤਮ ਅਤੇ ਅਲਗੋਰਜ਼ਮ (Algorithm, Algoritems and Algorism) ਆਖਦੇ ਹਨ। ਇਹ ਸਭ ਅਲਖ੍ਵਾਰਜ਼ਮੀ ਦੇ ਰੂਪਾਂਤਰ ਹਨ।† ਅੰਦਲੁਸ ਵਾਲੇ ਇਨ੍ਹਾਂ ਹਿੰਦੀ ਅੰਕਾਂ ਨੂੰ ਹਿਸਾਬੁਲ ਗ਼ੁਬਾਰ (ਧੂਲ-ਕ੍ਰਮ) ਆਖਦੇ ਹਨ। ਸ਼ਾਇਦ ਇਸ ਲਈ ਕਿ ਇਹ ਹਿੰਦੂ ਆਪਣੇ ਢੰਗ ਨਾਲ ਜੇਹਾ ਕਿ ਹੁਣ ਤਕ ਪੇਂਡੂ ਪਾਠਸ਼ਾਲਾਂ ਵਿਚ ਰਵਾਜ ਹੈ, ਅੰਕ ਵਿਦਿਆ ਨੂੰ ਧਰਤੀ ਉਪਰ ਲਿਖਕੇ ਸਖਾਉਂਦੇ ਹਨ। ਯੂਰਪੀ ਅੰਕ ਇਨ੍ਹਾਂ ਗ਼ੁਬਾਰੀ ਅੰਕਾਂ (ਧੂਲ-ਕ੍ਰਮ) ਤੋਂ ਨਿਕਲੇ ਹਨ।

ਇਨ੍ਹਾਂ ਅੰਕਾਂ ਦੇ ਅਰਬ ਦੇ ਨਾ ਹੋਣ ਦਾ ਇਕ ਅਮਲੀ ਸਬੂਤ ਇਹ ਹੈ ਕਿ ਅਰਬੀ ਲਿਪੀ ਦੇ ਬਿਲਕੁਲ ਉਲਟ, ਇਹ ਖੱਬੇ ਤੋਂ ਸੱਜੇ ਵਲ ਨੂੰ ਲਿਖੇ ਜਾਂਦੇ ਹਨ। ਪਰ ਅਰਬੀ ਵਾਲੇ ਪੜ੍ਹਦੇ ਸਮੇਂ ਇਨ੍ਹਾਂ ਨੂੰ ਸੱਜੇ ਤੋਂ ਖੱਬੇ ਵਲ ਪੜ੍ਹਦੇ ਹਨ। ਇਬਨ ਨਦੀਮ ਨੇ ਇਨ੍ਹਾਂ ਹਿੰਦੀ ਅੰਕਾਂ ਨੂੰ ਸਿੰਧੀ ਲਿਪੀ ਦੇ ਸਿਰਲੇਖ ਹੇਠ ਨਕਲ ਕੀਤਾ ਹੈ ਅਤੇ ਹਜਾਰ ਤਕ ਲਿਖਣ ਦਾ ਢੰਗ ਦਸਿਆ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਅਰਬਾਂ ਵਿਚ

*ਤਬਕਾਤੁਲ ਉਮੂਮ ਸਾਇਦ ਅੰਦਲੁਸੀ, ਪੰ. ੧੪ (ਬੈਰੂਤ)

†ਇਨਸਾਈਕਲੋਪੀਡੀਆ ਬ੍ਰੀਟੈਨੀਕਾ ਜਿ. ੧੯ ਪੰ. ੮੬੭ ਕਾਲਮ ੨.

ਏਹ ਢੰਗ ਸਿੰਧੀ ਪੰਡਤਾਂ ਰਾਹੀਂ ਪਰਚਲਤ ਹੋਇਆ ।

ਅਲਖ੍ਵਾਰਜ਼ਮੀ ਦੇ ਪਿੱਛੋਂ ਜਿਸਦਾ ਸਮਾਂ ਤੀਜੀ ਸਦੀ ਹਿਜਰੀ ਅਤੇ ਨੌਵੀਂ ਸਦੀ ਈਸਵੀ ਦਾ ਮੁਢਲਾ ਸਮਾਂ ਹੈ, ਮੁਸਲਮਾਨਾਂ ਵਿਚ ਹਿੰਦੀ ਹਿਸਾਬ ਨੂੰ ਉਨੱਤ ਕਰਨ ਵਾਲੀ ਦੂਜੀ ਵਿਆਕਤੀ, ਅਲੀ ਬਿਨ ਅਹਿਮਦ ਨਸਵੀ (ਸੰਨ ੯੮੦ ਹਿ. ਸੰਨ ੧੦੪੦ ਈ.) ਹੈ, ਜਿਸ ਨੇ 'ਅਲਮੁਕਨਿਅ ਫ਼ਿਲ ਹਿਸਾਬੁਲ ਹਿੰਦੀ' (ਹਿੰਦੀ ਹਿਸਾਬ ਵਿਚ ਕਾਮਨਾ ਪੂਰੀ ਕਰਨ ਵਾਲੀ ਕਿਤਾਬ ਲਿਖੀ। ਇਸ ਪਿਛੋਂ ਏਸ ਵਿਸ਼ੇ ਤੇ ਹੋਰ ਵੀ ਕਿਤਾਬਾਂ ਲਿਖੀਆਂ ਗਈਆਂ ਭਾਵੇਂ ਇਸ ਤੋਂ ਬਹੁਤ ਪਹਿਲਾਂ ਅਰਥਾਤ ਅਲਖ਼੍ਵਾਰਜ਼ਮੀ ਦੇ ਹੀ ਸਮੇਂ ਵਿਚ ਯੂਨਾਨੀਆਂ ਦੀ ਅਰਸਮਾਤੀਕੀ (Arithmetic) ਅਰਬੀ ਵਿਚ' ਉਲਥਾਈ ਜਾ ਚੁਕੀ ਸੀ,* ਪਰ ਫੇਰ ਵੀ ਹਿੰਦੀ ਹਿਸਾਬ ਦੇ ਮਾਣ ਆਦਰ ਵਿਚ ਕਮੀ ਨਾ ਹੋਈ। ਇਹ ਗਲ ਸੁਣਕੇ ਆਪ ਨੂੰ ਅਸਚਰਜ ਹੋਵੇਗਾ ਕਿ ਹਿੰਦੀ ਹਿਸਾਬ ਆਮ ਜੰਨਤਾ ਵਿਚ ਵੀ ਪਰਚਲਤ ਹੋ ਗਿਆ ਸੀ। ਚੁਨਾਂਚਿ ਪਰਸਿੱਧ ਮੁਸਲਮਾਨ ਹਕੀਮ ਤੇ ਦਾਰਸ਼ਨਿਕ ਬੂਅਲੀ ਸੀਨਾ (ਸੰਨ ੪੨੮ ਹਿ. ਸੰਨ ੧੦੧੫ ਈ.) ਨੇ ਬਾਲ ਅਵਸਥਾ ਵਿਚ ਇਸ ਹਿੰਦੀ ਹਿਸਾਬ ਨੂੰ ਇਕ ਕੁੰਜੜੇ ਤੋਂ ਜੋ ਏਸ ਗਣਿਤ ਵਿਦਿਆ ਵਿਚ ਬਹੁਤ ਨਿਪੁੰਨ ਸੀ, ਸਿਖਿਆ ਸੀ।†

ਫਲਿਤ ਜੋਤਿਸ਼ ਅਤੇ ਗਣਿਤ ਜੋਤਿਸ਼

ਉਪਰ ਆ ਚੁਕਿਆ ਹੈ ਕਿ ਲੱਗ ਭੱਗ ਸੰਨ ੧੫੪ ਹਿ. (ਸੰਨ ੭੭੦ ਈ·) ਵਿਚ ਸਿੰਧ ਤੋਂ ਜੋ ਡੇਪੂਟੇਸ਼ਨ ਬਗ਼ਦਾਦ ਗਿਆ ਸੀ।‡ ਓਸ ਨਾਲ

---

*ਏਸ ਵਿਸ਼ੇ ਉਤੇ ਅੰਗਰੇਜ਼ੀ ਵਿਚ ਸਭ ਤੋਂ ਚੰਗੀ ਜਾਣਕਾਰੀਆਂ ਐਚ ਸੌਟਰ ਸਾਹਿਬ (H. Suter) ਦੇ ਲੇਖ 'ਹਿਸਾਬ' ਵਿਚ ਹਨ ਜੋ ਇਨਸਾਈਕਲੋ-ਪੀਡੀਆ ਆਫ਼ ਇਸਲਾਮ ਦੇ ਨੰਬਰ ੨੨ ਸੰਨ. ੧੯੧੬ ਈ. ਪੰਨਾ ੩੧੫ ਵਿਚ ਦਿਤੀਆਂ ਗਈਆਂ ਹਨ। ਅਰਬੀ ਵਿਚ ਮੁਹੰਮਦ ਬਿਨ ਅਹਿਮਦ ਖ਼੍ਵਾਰਜ਼ਮੀ (ਸੰਨ ੩੮੧ ਹਿ.) ਦੀ ਕਿਤਾਬ ਮਿਫਾਤੀਹੁਲ ਉਲੂਮ ਵਿਚ ਹਿਸਾਬੁਲ ਹਿੰਦ ਦੇ ਸਿਰਲੇਖ ਹੇਠ ਦੋ ਤਿੰਨ ਪੰਨਿਆਂ ਵਿਚ ਏਸ ਦੀ ਵਿਆਖਿਆ ਹੈ। ਪੰਨਾ ੧੯੩ ਛਾਪੇਖਾਨਾ ਬ੍ਰੋਲ, ਲੀਡਨ ਸੰਨ ੧੮੯੫ ਈ.

†ਉਯੂਨੁਲ ਅਨਬਾਏ ਜਿ. ੨ (ਮਿਸਰੀ)

‡ਤਬਕਾਤੁਲ ਉਮੂਮ ਸਾਇਦ ਅੰਦਲੁਸੀ, ਪੰਨਾ ੪੯ (ਬੇਰੂਤ)

ਇਕ ਪੰਡਤ, ਜੋਤਿਸ਼ ਦੀ ਇਕ ਪੁਸਤਕ ਲੈਕੇ ਗਿਆ ਸੀ ਸੰਸਕ੍ਰਿਤ ਵਿਚ ਏਸ ਕਿਤਾਬ ਦਾ ਪੂਰਾ ਨਾਂ 'ਬ੍ਰਿਸਪਤ ਸਿਧਾਂਤ' ਹੈ ਜੋ ਅਰਬੀ ਵਿਚ 'ਅੱਸਿੰਧ ਹਿੰਦ' ਦੇ ਨਾਂ ਨਾਲ ਪਰਸਿਧ ਹੋਇਆ। ਇਸ ਪਿੱਛੋਂ ਸੰਸਕ੍ਰਿਤ ਦੀ ਦੂਜੀ ਕਿਤਾਬ ਦਾ ਅਰਬੀ ਵਿਚ ਉਲਥਾ ਹੋਇਆ ਜਿਸ ਦਾ ਅਰਬੀ ਨਾਂ 'ਅਰਜ਼ਬਹਜ਼' ਹੈ। ਇਸ ਦਾ ਸੰਸਕ੍ਰਿਤ ਉਚਾਰਣ 'ਆਰੀਆ ਭੱਟ' ਹੈ ਇਸ ਪਿਛੋਂ ਤੀਜੀ ਸੰਸਕ੍ਰਿਤ ਪੁਸਤਕ ਦਾ ਅਰਬੀ ਵਿਚ ਉਲਥਾ ਹੋਇਆ ਜਿਸ ਦਾ ਅਰਬੀ ਵਿਚ ਵਧੇਰੇ ਪਰਸਿਧ ਨਾਂ 'ਆਰਕੰਦ' ਅਤੇ ਘਟ ਪਰਸਿਧ 'ਅਹਰਕਨ' ਹੈ। ਏਸ ਦਾ ਅਸਲੀ ਸੰਸਕ੍ਰਿਤ ਨਾਂ ਖੰਡਨ ਖਾਂਦਅਕ ਹੈ। ਜਿਸ ਹਿੰਦੀ ਪੰਡਤ ਰਾਹੀਂ ਪਹਿਲੀ ਪੁਸਤਕ ਸਿਧਾਂਤ ਸੰਨ ੧੫੪ ਹਿ. ਵਿਚ ਅਰਬੀ ਵਿਚ ਉਲਥਾਈ ਗਈ ਉਸ ਦੇ ਬਗ਼ਦਾਦ ਵਿਚ ਦੋ ਅਤਬ ਸ਼ਿਸ਼ ਹੋਏ। ਇਕ ਦਾ ਨਾਂ ਇਬਰਾਹੀਮ ਫ਼ਿਜ਼ਾਰੀ ਹੈ ਅਤੇ ਦੂਜੇ ਦਾ ਯਾਕੂਬ ਬਿਨ ਤਾਰਿਕ। ਇਨ੍ਹਾਂ ਦੋਹਾਂ ਨੇ ਸਿਧਾਂਤ ਨੂੰ ਆਪਣੇ ਆਪਣੇ ਢੰਗ ਨਾਲ ਅਰਬੀ ਵਿਚ ਉਲਥਾਇਆ। ਹਿੰਦੂਆਂ ਵਿਚ ਗ੍ਰੈਹਾਂ ਦਾ ਜੋ ਵਿਭਾਗ ਹੈ ਉਸ ਦਾ ਆਧਾਰ ਸਮੇਂ ਦਾ ਵਿਭਾਗ ਹੈ ਜਿਸ ਨੂੰ ਸੰਸਕ੍ਰਿਤ ਵਿਚ 'ਕਲਪ' ਆਖਦੇ ਹਨ ਅਰਥਾਤ ਹੋਰ ਪੁਰਾਣੀਆਂ ਕੌਮਾਂ ਵਾਂਙੂ ਇਨ੍ਹਾਂ ਦਾ ਵੀ ਵਿਸ਼ਵਾਸ਼ ਇਹ ਸੀ ਕਿ ਚੰਦ, ਸੂਰਜ, ਸ਼ਿਨੀ, ਬ੍ਰਿਹਸਪਤ ਆਦਿ ਇਹ ਸੱਤੇ ਗ੍ਰੈਹ, ਜਿਨ੍ਹਾਂ ਨੂੰ ਅਰਬ 'ਸਬਾ ਸੱਯਾਰਾ' ਆਖਦੇ ਹਨ, ਸਾਰੇ ਦੇ ਸਾਰੇ ਇਕੋ ਸਮੇਂ ਬਸੰਤ ਸਮਪਾਤ ਬਿਦੂੰ ਤੇ ਇਕੱਠੇ ਉਤਪਨ ਹੋਏ ਅਤੇ ਇਕੋ ਵੇਲੇ ਉਨ੍ਹਾਂ ਦੀ ਗਤੀ ਆਰੰਭ ਹੋਈ। ਹੁਣ ਇਹ ਆਪਣੀ ਆਪਣੀ ਚਾਲ ਚਲ ਰਹੇ ਹਨ। ਸੋ ਦੋ ਕਰੋੜ ਵਰ੍ਹਿਆਂ ਪਿਛੋਂ ਇਹ ਸੱਤੇ ਫੇਰ ਏਸੇ ਬਿੰਦੂ ਉਤੇ ਇਕਠੇ ਹੋ ਜਾਂਦੇ ਹਨ। ਫੇਰ ਪਰਲੋਂ ਆਉਂਦੀ ਹੈ ਤੇ ਦੁਨੀਆ ਦਾ ਨਾਸ਼ ਹੋ ਜਾਂਦਾ ਹੈ ਤੇ ਉਹ ਫੇਰ ਨਵੇਂ ਸਿਰਿਉਂ ਬਣਦੀ ਹੈ। ਮੁੜ ਫੇਰ ਇਸ ਦੀ ਗਤੀ ਦਾ ਆਰੰਭ ਹੁੰਦਾ ਹੈ। ਇਨ੍ਹਾਂ ਦੋਹਾਂ ਬਿੰਦੂਆਂ ਦੇ ਵਿਚਕਾਰ, ਜੋਤਿਸ਼ ਅਨੁਸਾਰ, ਸੂਰਜ ਦੇ ਸਾਲਾਂ ਦੀ ਗਿਣਤੀ ਦਾ ਨਾਂ ਕਲਪ ਹੈ। ਬ੍ਰਹਿਮ ਗੁਪਤ ਦੇ ਹਿਸਾਬ ਨਾਲ ਇਕ ਕਲਪ ਵਿਚ ਚਾਰ ਅਰਬ ਬੱਤੀ

ਕਰੋੜ ਸਾਲ ਹੁੰਦੇ ਹਨ। ਫੇਰ ਇਨ੍ਹਾਂ ਤੋਂ ਦਿਨਾਂ ਦਾ ਹਿਸਾਬ ਲਾਇਆ ਜ ਸਕਦਾ ਹੈ। ਅਰਬਾਂ ਨੇ ਏਸੇ ਕਲਪ ਦਾ ਨਾਂ 'ਸਨੀ ਉੱਸਿੱਧ ਹਿੰਦ' ਅਥਵ ਸਿਧਾਂਤ ਦੇ ਸਾਲ ਅਤੇ ਦਿਨਾਂ ਦੇ ਨਾਂ 'ਅੱਯਾਮੁੱਸਿੰਧ ਹਿੰਦ' ਰਖਿਆ ਹੈ।

ਕਿਉਂ ਜੋ ਅਜੇਹਾ ਅਰਬਾਂ ਤੇ ਕਰੋੜਾਂ ਸਾਲਾਂ ਦਾ ਹਿਸਾਬਾ ਲਾਉਣਾ ਕਠਣ ਹੁੰਦਾ ਸੀ, ਇਸ ਲਈ ਪੰਜਵੀਂ ਸਦੀ ਈਸਵੀ ਦੇ ਅਖੀਰ ਵਿਚ ਆਰੀਆ ਭੱਟ ਨੇ ਸੌਖ ਲਈ ਇਹ ਕੀਤਾ ਕਿ ਕਲਪ ਦਾ ਹਜਾਰਵਾਂ ਭਾਗ ਲੈਕੇ ਏਸ ਉਤੇ ਹਿਸਾਬ ਕਾਇਮ ਕੀਤਾ ਜਿਸਦਾ ਨਾਂ ਜੁਗ ਅਤੇ ਮਹਾਂ ਜੁਗ ਹੈ, ਆਰੀਆ ਭੱਟ ਦੀ, ਇਸੇ ਅਸੂਲ ਬਾਰੇ ਜੋ ਪੁਸਤਕ ਹੈ, ਓਸ ਨੂੰ ਅਰਬ ਅਰਜਬਹਰ ਜਾਂ ਅਰਜਬਹਜ਼ ਅਤੇ ਜੁਗ ਨੂੰ 'ਸਨੀ ਅਰਜ ਬਹਜ਼' ਅਰਥਾਤ ਆਰੀਆ ਭੱਟ ਦੇ ਸਾਲ' ਆਖਣ ਲੱਗੇ। ਅਰਬਾਂ ਨੇ 'ਸਿੰਧ ਹਿੰਦ' ਤੇ ਅਰਜਬਹਰ ਦੇ ਅਸਲੀ ਸੰਸਕ੍ਰਿਤ ਅਰਥ ਸਮਝਣ ਵਿਚ ਇਹ ਗਲਤੀ ਕੀਤੀ ਹੈ ਕਿ ਉਹ ਸਮਝੇ ਕਿ ਏਸ ਦਾ ਅਰਥ ਖੁਦ ਏਹੋ 'ਅਸੂਲ ਹੈ। ਚੁਨਾਂਚਿ, ਉਨ੍ਹਾਂ ਨੇ ਗਲਤੀ ਨਾਲ 'ਅੱਸਿੰਧ ਹਿੰਦ' ਦਾ ਅਰਥ 'ਅੱਦਹਿਰੁਦਾਹਿਰ' ਅਥਵਾ 'ਬੇਅੰਤ ਸਮਾਂ' ਅਤੇ ਅਰਜਬਹਜ਼ ਦਾ ਅਰਥ 'ਹਜਾਰਵਾਂ ਹਿੱਸਾ' ਸਮਝਿਆ। ਇਸ ਦੂਜੀ ਪੁਸਤਕ ਨੂੰ ਅਰਬੀ ਵਿਚ ਅਬੁਲਹਸਨ ਅਹਵਾਜ਼ੀ ਨੇ ਅਰਬੀ ਵਿਚ ਉਲਥਾਇਆ ਸੀ। ਯਾਕੂਬ ਬਿਨ ਤਾਰਕ ਨੇ ਸੰਨ ੧੬੧ ਹਿ. ਵਿਚ ਏਸੇ ਪੰਡਤ ਤੋਂ ਜਾਂ ਕਿਸੇ ਹੋਰ ਆਉਣ ਵਾਲੇ ਪੰਡਤ ਤੋਂ 'ਅਰਕੰਦ' ਅਥਵਾ ਖੰਡ ਜਾਂ ਖ਼ੰਡੇਕ ਦਾ ਢੰਗ ਸਿਖਿਆ। ਇਹ ਵੀ ਬ੍ਰਹਮਗੁਪਤ ਦੀ ਹੀ ਲਿਖਤ ਹੈ ਪਰ ਏਸ ਦੇ ਕੁਝ ਅਸੂਲ ਸਿਧਾਂਤ ਤੋਂ ਵਖਰੇ ਹਨ।

ਇਨ੍ਹਾਂ ਤਿੰਨਾਂ ਪੁਸਤਕਾਂ ਵਿਚੋਂ ਮੁਢਲੇ ਅਰਬ ਗਣਿਤ ਜੋਤਿਸ਼ ਵੇਤਾਵਾਂ ਵਿਚ ਸਿਧਾਂਤ ਦਾ ਰਿਵਾਜ ਵਧੇਰੇ ਹੋਇਆ ਭਾਵੇਂ ਏਸ ਦੇ ਪਿਛੋਂ ਹੀ ਅਰਬੀ ਵਿਚ ਬਤਲੀਮੂਸ ਯੂਨਾਨੀ ਦੀ ਪੁਸਤਕ ਮਿਜਸਤੀ ਦਾ ਅਰਬੀ ਵਿਚ ਉਲਥਾ ਹੋ ਗਿਆ ਅਤੇ ਮਾਮੂੰ ਦੇ ਸਮੇਂ ਵੇਧ ਸ਼ਾਲਾ ਜਾਂ ਨੀਝ ਸ਼ਾਲਾ (Observatory) ਵੀ ਬਣ ਗਈ। ਖੋਜ ਵਿਚ ਵੀ ਵਾਧੇ ਹੋਏ। ਪਰ ਇਸ ਦੇ ਹੁੰਦੇ ਹੋਏ ਵੀ ਇਕ ਸਮੇਂ ਤਕ ਅਰਬ ਗਣਿਤ ਵੇਤਾ ਬਗਦਾਦ ਤੋਂ ਲੈਕੇ ਸਪੇਨ ਤਕ ਏਸੇ ਹਿੰਦੀ ਪੁਸਤਕ ਸਿਧਾਂਤ ਦੇ ਪਿਛੇ ਪਏ ਰਹੇ। ਏਸ ਦੇ ਸੰਖੇਪ

ਲਿਖੇ ਟੀਕੇ ਕੀਤੇ, ਗ਼ਲਤੀਆਂ ਠੀਕ ਕੀਤੀਆਂ, ਸੁਧੀਆਂ ਲਈ ਆਪਣੇ ਸੁਝਾਉ ਦਿਤੇ, ਏਥੋਂ ਤਕ ਕਿ ਪੰਜਵੀਂ ਸਦੀ ਹਿਜਰੀ (ਗਿਆਰਵੀਂ ਸਦੀ ਈਸਵੀ) ਤਕ ਅਰਥਾਤ ਬੈਰੂਨੀ ਦੇ ਸਮੇਂ ਤਕ ਏਹ ਸਿਲਸਲਾ ਚਲਦਾ ਰਿਹਾ। ਮਾਮੂੰ ਰਸ਼ੀਦ ਦੇ ਸਮੇਂ ਖ਼੍ਵਾਰਜ਼ਮੀ ਨੇ ਜੋ 'ਪਤਰੀ' ਤਿਆਰ ਕੀਤੀ, ਏਸ ਵਿਚ ਵੀ ਉਸਨੇ ਈਰਾਨੀ ਤੇ ਯੂਨਾਨੀ ਅਸੂਲਾਂ ਦਾ ਵਾਧਾ ਕਰਦੇ ਹੋਏ ਅਸਲ ਹਿੰਦੀ ਅਸੂਲ ਨੂੰ ਕਾਇਮ ਰਖਿਆ ਅਤੇ ਏਸੇ ਕਾਰਣ ਆਪਣੀ ਪੁਸਤਕ ਦਾ ਨਾਂ 'ਅੱਸਿੰਧ ਹਿੰਦ ਸਗ਼ੀਰ' ਅਥਵਾ 'ਛੋਟਾ ਸਿਧਾਂਤ' ਰਖਿਆ *। ਇਸੇ ਤਰ੍ਹਾਂ ਹਸਨ ਬਿਨ ਸੱਬਾਹ, ਹਸਨ ਬਿਨ ਖੁਸੈਬ, ਫ਼ਜ਼ਲ ਬਿਨ ਹਾਤਿਮ ਤਬਰੇਜ਼ੀ, ਅਹਿਮਦ ਬਿਨ ਅਬਦੁੱਲਾ ਮਰਵ ਨਿਵਾਸੀ, ਇਬਨੁਲ ਅਦਮੀ, ਅਬਦੁੱਲਾ ਅਤੇ ਅਬੂਰੈਹਾਨ ਬੈਰੂਨੀ ਨੇ ਤੀਜੀ, ਚੌਥੀ ਅਤੇ ਪੰਜਵੀਂ ਸਦੀ ਵਿਚ ਸਿਧਾਂਤ ਦੀ ਸੋਧ ਤੇ ਪੂਰਤੀ ਦੇ ਬਾਰੇ ਜੋ ਕੁਝ ਕੰਮ ਕੀਤਾ। ਯੂਨਾਨੀ ਅਸੂਲ ਅਤੇ ਨਿਜੀ ਖੋਜਾਂ ਦੇ ਆਧਾਰ ਤੇ ਉਹ ਇਸ ਵਿਚ ਰੱਦ ਤ੍ਰੁਪ ਵੀ ਕਰਦੇ ਰਹੇ।

ਸਪੇਨ ਵਿਚ ਸਿਧਾਂਤ ਦਾ ਅਸੂਲ] ਚੌਥੀ ਸਦੀ ਹਿਜਰੀ ਵਿਚ ਪੁਜਾ। ਮੁਸਲਿਮਾਂ ਬਿਨ ਅਹਿਮਦ ਮਿਜਰੀਤੀ (ਮੈਡਰਡ ਦੇ ਨਿਵਾਸੀ) ਮ੍ਰਿਤੂ ਸੰਨ ੩੯੮ ਹਿ. (ਸੰਨ ੧੦੦੭ ਈ.) ਨੇ ਖ਼੍ਵਾਰਜ਼ਮੀ ਦੇ ਪਤਰੇ (ਜ਼ੀਚ) ਸਿੰਧ ਹਿੰਦ ਸਗ਼ੀਰ ਦਾ ਸੰਖੇਪ ਕੀਤਾ। ਫ਼ੇਰ ਸਪੇਨ ਦੇ ਵਸਨੀਕ ਅਬੁਲਕਾਸਿਮ ਅਸਬਗ਼ ਨੇ, ਜੋ ਇਬਨੁਲ ਸਮਹਾ ਦੇ ਨਾਂ ਤੋਂ ਪਰਸਿਧ ਹਨ ਅਤੇ ਸੰਨ ੪੨੬ ਹਿ. (੧੦੩੫ ਈ.) ਵਿਚ ਉਨ੍ਹਾਂ ਦਾ ਦਿਹਾਂਤ ਹੋਇਆ, ਸਿਧਾਂਤ ਦੇ ਅਸੂਲ ਤੇ ਬਹੁਤ ਵੱਡਾ ਪਤਰਾ ਤਿਆਰ ਕੀਤਾ। ਪਿਛੋਂ ਵਿਦਵਤਾ ਦਸਣ ਲਈ, ਫ਼ੈਸ਼ਨ ਦੇ ਤੌਰ ਤੇ ਲੋਕ ਨਵੀਆਂ ਖੋਜਾਂ ਦੇ ਨਾਲ ਨਾਲ ਸਿਧਾਂਤ ਦੇ ਅਸੂਲ ਅਨੁਸਾਰ ਵੀ ਸਿੱਟੇ ਕਢਦੇ ਸਨ, ਜਿਹਾ ਕਿ, ਏਸੇ ਸਪੇਨ ਦੇ ਵਸਨੀਕ ਇਬਰਾਹੀਮ ਜ਼ਰਕਾਲੀ ਨੇ ਇਸਤਰਲਾਬ ਯਾਂ ਨਛੱਤਰ-ਯੰਤਰ, ਬਾਰੇ ਜੋ 'ਸਫ਼ਾਇ ਜ਼ਰਕਾਲੀਆ' ਨਾਂ ਦੀ ਪੁਸਤਕ

*ਕਿਫ਼ਤੀ, ਪੰਨਾ ੧੭੮ (ਮਿਸਰੀ)

ਲਿਖੀ ਹੈ, ਉਸ ਵਿਚ ਕੀਤਾ ਹੈ। ਏਸੇ ਸਪੇਨ ਦੇ ਅਰਬਾਂ ਰਾਹੀਂ ਏਹ ਸਿਧਾਂਤ ਦੀ ਪੁਸਤਕ ਯਹੂਦੀਆਂ ਤਕ ਅਤੇ ਫੇਰ ਯੂਰਪ ਤਕ ਅਪੜੀ। ਯਹੂਦੀ ਵਿਦਵਾਨ ਇਬਰਾਹੀਮ ਬਿਨ ਅਜ਼ਰਾ ਨੇ ਆਪਣੀ ਇਬਰਾਨੀ ਲਿਖਤਾਂ ਵਿਚ ਸਿਧਾਂਤ ਦੇ ਬਾਜ਼ੇ ਅਸੂਲਾਂ ਉਤੇ ਪਤਰਾ ਤਿਆਰ ਕੀਤਾ।*

ਅਰਬੀ ਵਿਚ ਸੰਸਕ੍ਰਿਤ ਦੇ ਪਰੀਭਾਸ਼ਕ ਸ਼ਬਦ

ਅਰਬਾਂ ਦੇ ਜੋਤਿਸ਼ ਵਿਗਿਆਨ ਨੇ, ਇਨ੍ਹਾਂ ਦੀ ਨਿਜੀ ਖੋਜਾਂ ਦੇ ਆਸਰੇ ਉੱਨਤੀ ਦੀਆਂ ਬਹੁਤ ਸਾਰੀਆਂ ਮੰਜ਼ਲਾਂ ਤੈਹ ਕਰ ਲਈਆਂ, ਤਾਂ ਵੀ ਸੰਸਕ੍ਰਿਤ ਦੇ ਇਕ ਅਪਰਚਲਤ ਅਤੇ ਦੋ ਪਰਚਲਤ ਪਰੀਭਾਸ਼ਕ ਸ਼ਬਦ ਅਜੇਹੇ ਇਸ ਵਿਚ ਰਹਿ ਗਏ ਹਨ ਜੋ ਹੁਣ ਤਕ ਅਰਬਾਂ ਵਿਚ ਜੋਤਿਸ਼ ਵਿਗਿਆਨ ਦੇ ਆਉਣ ਦਾ ਰਸਤਾ ਦਸਦੇ ਹਨ। ਸੋ ਸਿਧਾਂਤ ਆਦਿ ਨਾਵਾਂ ਤੋਂ ਛੁਟ ਇਕ ਸੰਸਕ੍ਰਿਤ ਪਰੀਭਾਸ਼ਕ ਸ਼ਬਦ ਪੁਰਾਣੇ ਅਰਬੀ ਜੋਤਿਸ਼ ਵਿਗਿਆਨ ਵਿਚ 'ਕਰਦਜਾ' ਹੈ ਜਿਸ ਦੀ ਅਸਲ ਸੰਸਕ੍ਰਿਤ 'ਕ੍ਰਮਜੀਆ ਹੈ' ਜਿਸ ਲਈ ਅਰਬੀ ਵਿਚ ਪਿਛੋਂ ਦਾ ਪਰੀਭਾਸ਼ਕ ਸ਼ਬਦ 'ਵਤਰ ਮੁਸਤਵੀ' ਉਤਪਨ ਹੋਇਆ। ਦੂਜਾ ਬਾਕੀ ਰਹਿਆ ਪਰੀਭਾਸ਼ਕ ਸ਼ਬਦ ਜੋ ਅਜ ਤਕ ਅਰਬੀ ਗਣਿਤ ਅਤੇ ਤਕੋਣ ਮਿਤੀ ਵਿਚ ਵਰਤਿਆ ਜਾਂਦਾ ਹੈ, ਉਹ 'ਜੀਬ' ਹੈ ਜਿਸ ਨੂੰ ਗ਼ਲਤੀ

*ਸਧਾ ਹਿੰਦ, ਅਰਜਬਹਜ਼, ਅਤੇ ਅਰਕੰਦ ਦਾ ਵੇਰਵਾ ਫ਼ਹਿਰਿਸਤ ਇਬਨ-ਨਦੀਮ, ਮਸਊਦੀ, ਕਿਫ਼ਤੀ ਅਤੇ ਕਿਤਾਬੁਲ ਹਿੰਦ ਬੈਰੂਨੀ ਸਭ ਵਿਚ ਹੈ ਅਤੇ ਇਹ ਸਭੇ ਪੁਸਤਕਾਂ ਮੇਰੇ ਸਾਹਮਣੇ ਹਨ। ਪਰ ਅਰਬੀ ਵਿਰ, ਮਿਸਰ ਯੂਨੀਵਰਸਟੀ ਵਿਚ 'ਸੀਨੀਅਰ ਕੋਲੋ ਨਲਨਿਯੋ' ਨਾਮੀ ਇਕ ਪਰਸਿਧ ਇਟਾਲੀਅਨ ਵਿਦਵਾਨ ਨੇ ਸੰਨ ੧੯੦੯ ਈ. ਅਤੇ ਸੰਨ ੧੯੧੦ ਈ. ਵਿਚ ਅਰਬਾਂ ਦੇ ਗਣਿਤ ਜੋਤਿਸ਼ ਦੀ ਤਾਰੀਖ਼ ਬਾਰੇ ਬੜੇ ਖੋਜ ਭਰੇ ਲੈਕਚਰ ਦਿਤੇ ਸਨ। ਇਹ ਸਭ ਗਲਾਂ ਉਨ੍ਹਾਂ ਵਿਚੋਂ ਹੀ ੨੧–੨੨–੨੩ ਨੰ. ਦੇ ਲੈਕਚਰਾਂ ਵਿਚੋਂ ਲਈਆਂ ਗਈਆਂ ਹਨ ਅਤੇ ਇਨ੍ਹਾਂ ਤੋਂ ਛੁਟ ਤਬਕਾਤੁਲ ਉਮੁਮ ਸਾਇਦ ਅੰਦਲੁਸੀ ਪੰ. ੫੦ ਬੈਰੂਤ ਤੋਂ ਲੈਕੇ ਕੁਝ ਗਲਾਂ ਵਧਾਈਆਂ ਗਈਆਂ ਹਨ।

ਨਾਲ ਅਰਬੀ ਸ਼ਬਦ 'ਜ਼ੈਬ' ਜਿਸਦੇ ਅਰਥ ਗਲਾਵਾਂ ਹੈ, ਸਮਝਿਆ ਜਾਂਦਾ ਹੈ, ਹਾਲਾਂ ਕਿ ਇਹ ਸੰਸਕ੍ਰਿਤ ਸ਼ਬਦ 'ਜੀਵਾ' ਦਾ ਅਰਬੀ ਰੂਪ ਹੈ। ਫੇਰ ਏਸੇ ਤੋਂ ਜ਼ੈਬੁੱ ਤਮਾਮ, ਜਊਬ ਮਨਕੂਸਾ, ਜਊਬ ਮਬਸੂਤਾ ਅਤੇ ਮਜੀਬ ਆਦਿ ਪਰੀਭਾਸ਼ਕ ਸ਼ਬਦ ਉਤਪਨ ਹੋਏ ਅਤੇ ਇਸ ਤਰ੍ਹਾਂ ਕਾਂਟ ਛਾਂਟ ਹੋ ਕੇ ਅਰਬੀ ਢਾਂਚੇ ਵਿਚ ਢਲ ਗਏ ਕਿ ਅਜ ਇਨ੍ਹਾਂ ਉਤੇ ਗ਼ੈਰ ਅਰਬੀ ਹੋਣ ਦਾ ਸ਼ੰਕਾ ਵੀ ਨਹੀਂ ਹੋ ਸਕਦਾ।

ਆਖ਼ਰੀ ਸ਼ਬਦ 'ਔਜ' ਹੈ ਜੋ ਜੋਤਿਸ਼ ਦੀ ਪਰੀਭਾਸ਼ਾ ਵਿਚ ਸਭ ਤੋਂ ਉਚੇ ਨੁਕਤੇ, (ਉਚਾਈ ਬਿੰਦੂ) ਦਾ ਨਾਂ ਹੈ। ਇਹ ਹਿੰਦੀ ਸ਼ਬਦ 'ਓਚ' ਹੈ ਜੋ ਅਰਬੀ ਵਿਚ ਜਾਕੇ ਔਜ ਹੋ ਗਿਆ ਹੈ*। ਮੁਦਤਾਂ ਤੋਂ ਅਰਬੀ, ਫ਼ਾਰਸੀ ਤੇ ਫੇਰ ਉਰਦੂ ਵਿਚ ਇਸ 'ਔਜ' ਸ਼ਬਦ ਦੀ ਵਰਤੋਂ ਇਸ ਤਰ੍ਹਾਂ ਉੱਚ ਕੋਟੀ ਤੇ ਪੁਜੀ ਹੋਈ ਹੈ ਕਿ ਕਿਸੇ ਨੂੰ ਇਸ ਦੇ ਹਿੰਦੀ ਹੋਣ ਦਾ ਸ਼ਕ ਵੀ ਨਹੀਂ। ਇਹੋ ਕਾਰਣ ਹੈ ਕਿ ਨਰੋਲ ਅਰਬੀ ਗ੍ਰੰਥਾਂ ਵਿਚ ਇਸ ਦਾ ਮੂਲ ਰੂਪ ਨਹੀਂ ਲਭਦਾ। ਇਸ ਦੀ ਮਿਸਾਲ ਬਿਲਕੁਲ 'ਜਿਨਸ' ਸ਼ਬਦ ਜੇਹੀ ਹੈ ਜੋ ਅਰਬੀ ਵਿਚ ਮੰਤਕ (ਨਿਆਏ) ਦਾ ਇਕ ਪਰੀਭਾਸ਼ਕ ਸ਼ਬਦ ਹੈ ਅਤੇ ਯੂਨਾਨੀ ਸ਼ਬਦ 'ਜੀਨਸ' ਦਾ ਅਰਬੀ ਰੂਪ ਹੈ। ਪਰ ਅਰਬੀ ਵਿਚ ਆਕੇ ਜਿਨਸ, ਮੁਜਾਨਸਤ ਅਤੇ ਤਜਨੀਸ, ਆਦਿ ਹੋ ਕੇ ਵਖਰੇ ਵਖਰੇ ਕ੍ਰਿਆ ਭੇਦਾਂ ਵਿਚ ਇਸਦਾ ਪ੍ਰਯੋਗ ਹੋ ਗਿਆ ਹੈ। ਭਾਂਵੇਂ ਪੁਰਾਣੀ ਅਰਬੀ ਵਿਚ ਇਸ ਦਾ ਬਿਲਕੁਲ ਪਤਾ ਨਹੀਂ ਲਗਦਾ।

ਅਜਿਹੇ ਦੋ ਹੋਰ ਸ਼ਬਦ ਵੀ ਵਰਨਣ ਕਰਨ ਯੋਗ ਹਨ। ਹਿੰਦੂ ਵਿਦਵਾਨਾਂ ਨੇ ਨਛਤਰਾਂ ਦੀ ਗਤੀ ਬਾਰੇ ਓਸ ਮਧਿਅਨ ਰੇਖਾ ਦਾ ਹਿਸਾਬ ਲਾਇਆ ਸੀ ਜੋ ਵਸੋਂ ਦੇ ਅੱਧ ਵਿਚੋਂ ਲੰਘਦੀ ਹੈ। ਵਸੋਂ ਦਾ ਇਹ ਮੱਧ

*ਖੋਜ਼ੀਆਂ ਦੀ ਰਾਏ ਹੈ ਕਿ ਇਸ ਦੀ ਅਸਲ ਫ਼ਾਰਸੀ 'ਔਜ' ਸ਼ਬਦ ਹੈ ਜਿਹਾ ਕਿ ਖ਼ਾਰਜ਼ਮੀ ਨੇ ਮਿਫ਼ਾਤੀਹੁਲਉਲੂਮ ਪੰ. ੨੨੧ (ਲੀਡਨ) ਵਿਚ ਲਿਖਿਆ ਹੈ ਅਤੇ ਅਸਦੀ ਤੂਸੀ ਦੇ ਪੁਰਾਣੀ ਫਾਰਸੀ ਕੋਸ਼ ਵਿਚ ਵੀ ਇਹ ਸ਼ਬਦ ਮੌਜੂਦ ਹੈ ਪਰ ਖਿਆਲ ਇਹ ਕੀਤਾ ਜਾਂਦਾ ਹੈ, ਕਿ ਖੁਦ ਫ਼ਾਰਸੀ ਵਿਚ ਵੀ ਇਹ ਸ਼ਬਦ ਸੰਸਕ੍ਰਿਤ ਤੋਂ ਹੀ ਲਿਆ ਗਿਆ ਹੈ।

ਭਾਗ ਉਨ੍ਹਾਂ ਦੇ ਵਿਚਾਰਾਂ ਅਨੁਸਾਰ ਲੰਕਾ ਟਾਪੂ ਸੀ ਜਿਸ ਨੂੰ ਅਰਬ ਵਾਲੇ ਸਰੰਦੀਪ ਕਹਿੰਦੇ ਸਨ ਅਤੇ ਹੁਣ ਇਸ ਨੂੰ ਸੀਲੋਨ ਆਖਿਆ ਜਾਂਦਾ ਹੈ। ਹਿੰਦੂਆਂ ਦਾ ਖਿਆਲ ਸੀ ਕਿ ਓਹ ਭੂਮੱਧ ਰੇਖਾ ਉਤੇ ਵਾਕਿਆ ਹੈ। ਭੂ-ਮੱਧ ਰੇਖਾ ਤੇ ਪਿਰਥਵੀ ਦੀ ਮੱਧ ਵਸੋਂ ਵਾਲੀ ਇਹ ਮਧਿਆਨ ਰੇਖਾ ਜਿਸ ਬਿੰਦੂ ਉਤੇ ਇਕ ਦੂਜੇ ਨੂੰ ਕਟਦੇ ਹਨ, ਇਸ ਨੂੰ ਅਰਬ ਵਾਲੇ ਕੁਬਾਤੁਲ ਅਰਜ਼ (ਧਰਤੀ ਦਾ ਗੁੰਬਜ਼) ਆਖਦੇ ਹਨ। ਹਿੰਦੁਸਤਾਨੀ ਲੋਕ ਭੂਗੋਲਕ ਲੰਬਾਕਾਰ ਦਾ ਹਿਸਾਬ ਏਸੇ ਲੰਕਾ ਦੀ ਮਧਿਅਨ ਰੇਖਾ ਤੋਂ ਲਾਉਂਦੇ ਹਨ ਇਸ ਲਈ ਮੁਢਲੇ ਅਰਬ ਭੂਗੋਲਕਾਰਾਂ ਨੇ, ਲੰਕਾ ਨੂੰ ਕੁਬਾਤੁਲ ਅਰਜ਼ ਆਖਿਆ ਹੈ।

ਫੇਰ ਕਿਉਂ ਜੋ ਹਿੰਦ ਵਾਲਿਆਂ ਦਾ ਇਹ ਖਿਆਲ ਸੀ ਕਿ ਉਹੀ ਰੇਖਾ ਜੋ ਲੰਕਾ ਦੀ ਮਧਿਅਨ ਰੇਖਾ ਹੈ, ਓਹੀ ਮਾਲਵਾ ਦੇ ਸ਼ਹਿਰ ਉਜੈਨ ਵਿਚੋਂ ਲੰਘਦੀ ਹੈ। ਸੋ ਸਿਧਾਂਤ ਵਿਚ ਇਸੇ ਉਜੈਨ ਤੋਂ ਲੰਬਾਕਾਰ ਦਾ ਹਿਸਾਬ ਲਾਇਆ ਗਿਆ ਹੈ। ਇਸੇ ਲਈ ਹਿੰਦੂ ਲੋਕ ਵੀ ਉਜੈਨ ਤੋਂ ਹੀ ਲੰਬਾਕਾਰ ਦਾ ਹਿਸਾਬ ਲਾਉਣ ਲੱਗੇ। ਅਰਬਾਂ ਨੇ ਇਸੇ ਉਜੈਨ ਨੂੰ ਆਪਣੇ ਇਕ ਉਚਾਰਨ ਵਿਚ 'ਉਜ਼ੈਨ' ਆਖਿਆ। ਅਤੇ ਬਿਹ ਖਿਆਲ ਕੀਤਾ ਕਿ ਉਜ਼ੈਨ ਹੀ ਕੁਬਾਤੁਲ ਅਰਜ਼ ਹੈ। ਪਿਛੋਂ ਉਜ਼ੈਨ ਦੇ 'ਜ਼' ਦਾ ਨੁਕਤਾ ਹਟਕੇ ਇਹ ਸ਼ਬਦ 'ਉਰੈਨ' ਹੋ ਗਿਆ ਅਤੇ ਏਥੋਂ ਇਹ ਪਰੀਭਾਸ਼ਕ ਸ਼ਬਦ ਉਤਪਨ ਹੋਇਆ ਕਿ 'ਉਰੈਨ' ਹਰ ਮਾਧਮਿਕ ਸਿਥਤੀ ਦਾ ਨਾਂ ਹੈ ਜੇਹਾ ਕਿ ਸ਼ਰੀਫ਼ ਜ਼ੁਰਜਾਨੀ (ਪਰਸਿਧ ਮੁਸਲਮਾਨ ਫ਼ਲਾਸਫ਼ਰ) ਨੇ ਆਪਣੀ ਕਿਤਾਬ 'ਤਾਰੀਫ਼ਾਤ' ਵਿਚ ਲਿਖਿਆ ਹੈ।*

ਇਕ ਹੋਰ ਸ਼ਬਦ ਪੁਰਾਣੇ ਅਰਬ ਜੋਤਿਸ਼ ਵੇਤਾਵਾਂ ਨੇ 'ਬਜ਼ਮਾਸਾ' ਵਰਤਿਆ ਹੈ। ਇਹ ਸੰਸਕ੍ਰਿਤ ਦਾ 'ਅਧਮਾਸਾ' ਹੈ ਜਿਸ ਦਾ ਅਰਥ ਚੰਦ ਦਾ ਮਹੀਨਾ ਹੈ।

ਬਾਜ਼ੇ ਲੋਕ ਗਲਤ ਫਹਿਮੀ ਨਾਲ ਇਹ ਸਮਝਦੇ ਹਨ ਕਿ ਅਰਬੀ ਵਿਚ

---

*ਵੇਖੋ ਉਪਰੋਕਤ ਲੈਕਚਰ; ਪੰ. ੧੫੫ ਅਤੇ ੧੬੯ ਸਮੇਤ ਹਾਸ਼ੀਏ ਦੇ ਅਤੇ ਵੇਖੋ "ਸਿਵਾਉਸੁੱਬੀਲ. (ਮਿਸਟਰ ਆਰਨੰਡਲ)ਵਿਚ ਸ਼ਬਦ ਜੇਬ" ਅਤੇ 'ਔਜ' ਅਤੇ ਤਾਰੀਫ਼ਾਤ ਜੁਰਜਾਨੀ ਪੰ.੭(ਜੋ ੧੩੦੬. ਹਿ. ਵਿਚ ਮਿਸਰ ਵਿਚ ਛਪੀ)

ਗਣਿਤ ਅਤੇ ਅੰਕ ਨੂੰ ਜੋ ਹਿੰਦਸਾ ਆਖਦੇ ਹਨ। ਇਸ ਦੀ ਵਜਾ ਇਹ ਹੈ ਕਿ ਇਹ ਹਿੰਦ ਵੱਲ ਤਧਿਤ ਹੈ ਅਤੇ ਹੈਰਾਨੀ ਹੈ ਕਿ ਗਿਆਨ ਹੁੰਦੇ ਹੋਇਆਂ ਵੀ ਇਕ ਅੰਗਰੇਜ਼ ਵਿਦਵਾਨ, ਜਿਸ ਨੇ ਮੂਸਾ ਖ਼ੁਆਰਜ਼ਮੀ ਦੀ ਕਿਤਾਬੁਲ ਜਬਰ-ਵ-ਲਮੁਕਾਬਲਾ ਸੰਨ ੧੮੩੧ ਈ. ਵਿਚ ਲੰਦਨ ਤੋਂ ਪਰਕਾਸ਼ਤ ਕੀਤੀ ਹੈ ਜਿਸ ਦਾ ਨਾਂ ਫਰੈਡਰਕ ਰੋਸਨ (F. Rosen) ਹੈ, ਇਸੇ ਭੁਲ ਵਿਚ ਪੈਣਾ ਚਾਹੁੰਦਾ ਹੈ*। ਭਾਵੇਂ (ਹਿੰਦਸਾ) ਸ਼ਬਦ ਫ਼ਾਰਸੀ ਸ਼ਬਦ ਅੰਦਾਜ਼ੇ ਦਾ ਅਰਬੀ ਰੂਪਾਂਤਰ ਹੈ ਜਿਸ ਦਾ ਅਰਬੀ ਵਿਚ ਕ੍ਰਿਆ ਰੂਪ 'ਹੰਦਜਾਂ' ਤੇ 'ਹੰਦਸਾ' ਹੈ।† ਇਹ ਸ਼ਬਦ ਅਸਲ ਵਿਚ ਇੰਜਨੀਇਰਿੰਗ ਦੇ ਅਰਥਾਂ ਵਿਚ ਹੈ। ਮਗਰੋਂ, ਪਿਛੋਂ ਆਉਣ ਵਾਲੇ ਲੋਕਾਂ ਦੀ ਗਲਤੀ ਦੇ ਕਾਰਣ ਫ਼ਾਰਸੀ ਤੇ ਉਰਦੂ ਵਿਚ 'ਹਿੰਦਸਾ' ਆਖਣ ਲਗੇ ਤੇ ਇਸ ਤੋਂ ਅੰਕ ਦੇ ਅਰਥ ਲੈਣ ਲੱਗੇ, ਨਹੀਂ ਤਾਂ ਸ਼ੁਧ ਸ਼ਬਦ 'ਹਿੰਦਸਾ' (ਸਿਹਾਰੀ ਨਾਲ ਨਹੀਂ) ਹੈ ਸਗੋਂ ਹੰਦਸਾ (ਹਾਹੇ ਨੂੰ ਕੇਵਲ ਟਿਪੀ) ਹੈ। ਇਸੇ ਲਈ ਅਰਬੀ ਵਿਚ 'ਮੁਹਿੰਦਸ' ਇੰਜੀਨੀਅਰ ਨੂੰ ਆਖਦੇ ਹਨ, ਗਣਿਤ ਤੇ ਅੰਕ ਜਾਨਣ ਵਾਲੇ ਨੂੰ ਨਹੀਂ ਆਖਦੇ।

ਹਿੰਦੂ ਅਤੇ ਅੱਜਕਲ ਦੀਆਂ ਦੋ ਖੋਜਾਂ

ਅਰਬਾਂ ਨੇ ਹਿੰਦੀ ਜੋਤਿਸ਼ ਵਿਗਿਆਨ ਦੇ ਜੋ ਸਿਧਾਂਤਾਂ ਦੀ ਨਕਲ ਕੀਤੀ ਹੈ ਉਨ੍ਹਾਂ ਵਿਚੋਂ ਦੋ ਗਲਾਂ ਵਰਤਮਾਨ ਖੋਜ ਦੇ ਐਨ ਅਨੁਕੂਲ ਹਨ। ਬ੍ਰਹਮ ਗੁਪਤ ਨੇ ਸਾਲ ਦੇ ੩੬੫ ਦਿਨ ੬ ਘੰਟੇ ੧੨ ਮਿੰਟ ਅਤੇ ੯ ਸੈਕਿੰਡ ਨਿਸਚਤ ਕੀਤੇ ਹਨ ਅਤੇ ਵਰਤਮਾਨ ਖੋਜ ਅਨੁਸਾਰ ੩੬੫ ਦਿਨ ੬ ਘੰਟੇ ੯ ਮਿੰਟ ੯ $\frac{23}{100}$ ਸੈਕਿੰਡ ਹੁੰਦੇ ਹਨ। ਇਸੇ ਤਰ੍ਹਾਂ ਭੂਗਤੀ ਦਾ ਸਿਧਾਂਤ ਹੈ। ਆਰੀਆ ਭੱਟ ਤੇ ਓਸ ਦੇ ਹਿਮਾਇਤੀ ਭੂਗਤੀ ਨੂੰ ਮੰਨਦੇ ਸਨ। ਪਰ ਬ੍ਰਹਮ ਗੁਪਤ ਨੇ ਇਨ੍ਹਾਂ ਇਤਰਾਜ਼ਾ ਦੇ ਠੀਕ ਹੋਣ ਤੋਂ ਇਨਕਾਰ ਕੀਤਾ ਹੈ, ਜੋ ਇਸ ਸਿਧਾਂਤ ਬਾਰੇ, ਆਰੀਆ ਭੱਟ ਉਤੇ ਕੀਤੇ ਜਾਂਦੇ ਹਨ ਅਤੇ ਇੰਨ ਬਿੰਨ ਏਹੀ ਨਜ਼ਰੀਆ ਅਜ ਕਲ ਲੋਕਾਂ ਵਿਚ ਮੰਨਿਆ ਜਾਂਦਾ ਹੈ।

*ਅਲਜਬਰਵਲ ਮੁਕਾਬਲਾ, ਖ਼ੁਾਰਜ਼ਮੀ; ਅੰਗਰੇਜ਼ੀ ਭੂਮਿਕਾ ਪੰ. ੧੯੬, ੧੯੭ (ਸੰ. ੧੮੩੧ ਈ.(ਲੰਦਨ)

†ਮਿਫਾਤੀਹੁਲ ਉਲੂਮ, ਮੁਹੰਮਦ ਖ਼ਾਰਜ਼ਜੀ, ਪੰ. ੨੦੨ (ਲੀਡਨ)

ਚਕਿਤਸਾ ਸ਼ਾਸਤਰ

ਤੀਜੀ ਵਿਦਿਆ ਜਿਹੜੀ ਹਿੰਦੁਸਤਾਨ ਤੋਂ ਅਰਬਾਂ ਨੂੰ ਮਿਲੀ ਉਹ 'ਚਕਿਤਸਾ' ਹੈ। ਚਕਿਤਸਾ ਦੀਆਂ ਕੁਝ ਪੁਸਤਕਾਂ ਸੁਰਿਆਨੀ ਅਤੇ ਯੂਨਾਨੀ ਬੋਲੀਆਂ ਦੁਆਰਾ ਉੱਮੈਯਾ ਵੰਸ ਦੇ ਸਮੇਂ ਅਰਬੀ ਵਿਚ ਬਦਲੀਆਂ ਜਾ ਚੁਕੀਆਂ ਸਨ।* ਪਰ ਇਰਾਕ ਵਿਚ ਅੱਬਾਸੀ ਵੰਸ ਦੇ ਰਾਜ ਸਮੇਂ ਇਸ ਨੂੰ ਹੋਰ ਵੀ ਉੱਨਤੀ ਹੋਈ। ਇਸ ਦੇ ਮੁਢ ਦੀ ਗੱਲ ਕਥ ਜਿਹਾ ਕਿ ਉੱਪਰ ਦੱਸਿਆ ਜਾ ਚੁਕਿਆ ਹੈ, ਇਉਂ ਹੋਈ, ਕਿ ਹਾਰੂੰ ਰਸ਼ੀਦ ਦੇ ਇਲਾਜ ਲਈ ਹਿੰਦੁਸਤਾਨ ਤੋਂ ਮਣਕਾ ਜਾਂ ਮਾਣਕ ਨਾਂ ਦਾ ਵੈਦ ਸਦਿਆ ਗਿਆ ਅਤੇ ਇਸ ਦੇ ਇਲਾਜ ਨਾਲ ਖ਼ਲੀਫ਼ੇ ਨੂੰ ਸਿਹਤ ਹੋਈ ਅਤੇ ਇਸ ਤਰ੍ਹਾਂ ਰਾਜ ਨੇ ਹਿੰਦੁਸਤਾਨੀ ਚਕਿਤਸਾ ਵਲ ਧਿਆਨ ਦਿੱਤਾ, ਅਤੇ ਬਰਾਮਕਾ ਨੇ ਇਸਦੇ ਪਰਚਾਰ ਲਈ ਬਹੁਤ ਕੰਮ ਕੀਤਾ ਇਥੇ ਤਕ ਕਿ ਬਰਾਮਕਾ ਨੇ ਆਪਣੇ ਹਸਪਤਾਲ ਦਾ ਮੁਖ ਅਫ਼ਸਰ ਇਕ ਵੈਦ ਨੂੰ ਹੀ ਨਿਯੁਕਤ ਕੀਤਾ ਸੀ†। ਉਨ੍ਹਾਂ ਨੇ ਇਸੇ ਤੇ ਬਸ ਨਾ ਕੀਤੀ ਸਗੋਂ ਯਹਿਯਾ ਬਿਨ ਖ਼ਾਲਿਦ ਬਰਮਕੀ ਨੇ ਇਕ ਕਰਿੰਦੇ ਨੂੰ ਹਿੰਦੁਸਤਾਨ, ਇਸ ਮਨਸ਼ਾ ਨਾਲ ਭੇਜਿਆ ਕਿ ਓਥੇ ਜਾਕੇ ਹਿੰਦੁਸਤਾਨੀ ਜੜੀਆਂ ਬੂਟੀਆਂ ਲਿਆਵੇ‡ ਅਤੇ ਇਕ ਵੈਦ ਨੂੰ ਸਰਕਾਰੀ ਉਲਥਾ ਵਿਭਾਗ ਵਿਚ ਇਸ ਲਈ ਨਿਯੁਕਤ ਕੀਤਾ ਕਿ ਓਹ ਸੰਸਕ੍ਰਿਤ ਦੀਆਂ ਚਕਿਤਸਾ ਸਬੰਧੀ ਪੁਸਤਕਾਂ ਦਾ ਅਨੁਵਾਦ ਅਰਬੀ ਵਿਚ ਕਰਾਵੇ।§

ਇਸੇ ਤਰ੍ਹਾਂ ਖਲੀਫ਼ਾ ਮਵੱਫ਼ਿਕ ਬਿੱਲਾ, ਅੱਬਾਸੀ ਨੇ ਵੀ ਤੀਜੀ ਸਦੀ ਹਿਜਰੀ ਵਿਚ ਇਸੇ ਮਤਲਬ ਲਈ ਕੁਝ ਆਦਮੀ ਹਿੰਦੁਸਤਾਨ ਘੱਲੇ ਕਿ

*ਉਯੂਨੁਲ ਅੰਬੀਆ ਫ਼ੀ ਤਬ਼ਕਾਤੁਲ ਅੱਤਿਬਾ ਤਜ਼ਕਰਾ ਮਾਸਰ ਜਵੀਆ ਅਤੇ ਮੁਖ਼ਤਸਰੁਦਵਲ ਅਬੁਲਫਰਜ ਮਲਤੀ ਪੰ. ੧੯੨ (ਬੈਰੂਤ)

†ਫਹਿਰਿਸਤ ਇਬਨ ਨਦੀਮ ਪੰ. ੨੪੫

‡ਫਹਿਰਿਸਤ ਇਬਨ ਨਦੀਮ, ਪੰਨਾ ੩੪੫

§ ,, ,, ,, ੨੪੫

ਉਹ ਹਿੰਦੁਸਤਾਨ ਦੀਆਂ ਦਵਾਈਆਂ ਬਾਰੇ ਖੋਜ ਕਰਨ*। ਇਹ ਘਟਨਾ ਜ਼ਖਾਊ ਨੇ 'ਇੰਡੀਆ' ਦੀ ਭੂਮਕਾ ਵਿਚ ਲਿਖੀ ਹੈ ਪਰ ਅਰਬੀ ਇਤਿਹਾਸਾਂ ਵਿਚ ਇਸ ਘਟਨਾ ਉਤੇ ਖੁਦ ਮੇਰੀ ਨਜ਼ਰ ਨਹੀਂ ਪਈ। ਅਲਬੱਤਾ ਇਕ ਹੋਰ ਪ੍ਰਸੰਗ ਦੇ ਸਿਲਸਲੇ ਵਿਚ ਇਹ ਘਟਨਾ ਮਿਲੀ ਸੀ ਕਿ ਖ਼ਲੀਫ਼ਾ ਮੁਅਤਜ਼ਿਦ ਬਿੱਲਾ ਅੱਬਾਸੀ (ਸੰਨ ੨੭੯-ਸੰਨ ੨੬੫ ਹਿ.) ਨੇ ਅਹਿਮਦ ਬਿਨ ਸ਼ਫੀ ਦੈਲਮੀ ਨੂੰ, ਜੋ ਗਣਿਤ ਵਿਗਿਆਨ ਅਤੇ ਇਸਤਰਲਾਬ ਦਾ ਮਾਹਰ ਸੀ ਕੁਝ ਗੱਲਾਂ ਦੀ ਖੋਜ ਕਰਨ ਲਈ ਹਿੰਦੁਸਤਾਨ ਭੇਜਿਆ ਸੀ †। ਫਿਰ ਇਹ ਵੀ ਮਲੂਮ ਹੋਇਆ ਹੈ ਕਿ ਖ਼ਲੀਫ਼ਾ ਮੁਅਤਜ਼ਿਦ ਦੇ ਸਿੰਧ ਨਾਲ ਵਿਦਿਅਕ ਅਤੇ ਹੋਰ ਗਲਾਂ ਸਬੰਧੀ ਸਬੰਧ ਕਾਇਮ ਸਨ। ਸੋ ਸ਼ੱਵਾਲ, ਸੰਨ ੨੮੦ ਹਿ. ਵਿਚ ਜਦੋਂ ਦੈਬਲ (ਸਿੰਧ ਦੀ ਬੰਦਰਗਾਹ) ਵਿਚ ਬਹੁਤ ਥੜਾ ਚੰਦ ਗ੍ਰਹਿਣ ਲਗਿਆ ਅਤੇ ਨਾਲ ਹੀ ਭੂੰਚਾਲ ਵੀ ਆਇਆ ਜਿਸ ਵਿਚ ਡੇਢ ਲੱਖ ਆਦਮੀ ਦਬਕੇ ਮਰ ਗਏ ਸਨ ਤਾਂ ਸਮਾਚਾਰ ਲਿਖ ਭੇਜਣ ਵਾਲਿਆਂ ਨੇ ਤੁਰਤ ਖ਼ਲੀਫ਼ੇ ਦੇ ਦਰਬਾਰ ਵਿਚ ਏਸ ਗੱਲ ਦੀ ਖਬਰ ਦਿਤੀ ‡

ਚਕਿਤਸਾ ਸ਼ਾਸਤਰਾਂ ਦੇ ਉਲਥੇ

ਅਰਬੀ ਭਾਸ਼ਾ ਵਿਚ ਸੰਸਕ੍ਰਿਤ ਦੇ ਜਿਨ੍ਹਾਂ ਚਕਿਤਸਾ ਗ੍ਰੰਥਾਂ ਦੇ ਅਨੁਵਾਦ ਹੋਏ ਇਨ੍ਹਾਂ ਵਿਚੋਂ ਦੋ ਪੁਸਤਕਾਂ ਬਹੁਤ ਪਰਸਿਧ ਹਨ ਇਕ 'ਸ਼ਸ਼ਰਤ ਦੀ ਪੁਸਤਕ, ਜਿਸ ਨੂੰ ਅਰਬ ਸਸਰੋ ਆਖਦੇ ਹਨ, ਇਸ ਪੁਸਤਕ ਦੇ ਦਸ ਅਧਿਆਇ ਸਨ ਇਸ ਵਿਚ ਰੋਗਾਂ ਦੇ ਚਿੰਨ੍ਹ ਤੇ ਉਨ੍ਹਾਂ ਦੇ ਇਲਾਜ ਅਤੇ ਔਖਦੀਆਂ ਦੀ ਵਿਆਖਿਆ ਹੈ। ਯਹਿਯਾ ਬਿਨ ਖ਼ਾਲਿਦ ਬਰਮਕੀ ਦੇ ਹੁਕਮ ਨਾਲ, ਮਨਕਾ ਨੇ ਇਸ ਦਾ ਅਨੁਵਾਦ ਇਸ ਲਈ ਕੀਤਾ ਤਾਂ ਜੋ ਬਰਾਮਕਾ ਦੇ ਹਸਪਤਾਲ ਵਿਚ

---

* ਅੰਗਰੇਜ਼ੀ ਅਨੁਵਾਦ, ਜ਼ਖਾਊ, ਪੰ. ੩੦ ਇੰਡੀਆ ਦੀ ਭੂਮਿਕਾ

† ਸਵਾਨਿਹ (ਜੀਵਨੀ) ਹੁਸੈਨਬਿਨ ਮਨਸੂਰ ਹੱਲਾਜ (ਪੰਜਾ) ਅਜ਼ ਤਬਕਾਤ ਇਬਨ ਸੂਫ਼ੀਆ ਸ਼ੀਰਾਜ਼ੀ ਮੁਰੱਤਬਾ ਮੌਸੀਊ ਲੋਈ ਮਸੀਨਾਨ (Louis Massignon) (ਪੈਰਸ ਸੰਨ. ੧੯੧੪ ਹਿ.) ਪੰ. ੪੪

‡ ਤਾਰੀਖ਼ੁਲ ਖ਼ੁਲਫ਼ਾ 'ਸੇਊਤੀ' ਪੰ. ੩੯੦ (ਕਲਕਤਾ)

ਉਸ ਅਨੁਸਾਰ ਚਕਿਤਸਾ ਦਾ ਕੰਮ ਹੋਇਆ ਕਰੇ। ਦੂਜੀ ਪੁਸਤਕ ਚਰਕ ਦਾ ਚਕਿਤਸਾ ਗ੍ਰੰਥ ਹੈ ਜੋ ਹਿੰਦੁਸਤਾਨ ਵਿਚ ਚਕਿਤਸਾ ਦਾ ਬਹੁਤ ਵੱਡਾ ਮਾਹਰ ਰਿਸ਼ੀ ਹੋਇਆ ਹੈ। ਇਹ ਪੁਸਤਕ ਪਹਿਲਾਂ ਫ਼ਾਰਸੀ ਵਿਚ ਉਲਥਾਈ ਗਈ, ਫੇਰ ਅਬਦੁੱਲਾ ਬਿਨ ਅਲੀ ਨੇ ਇਸ ਦਾ ਫ਼ਾਰਸੀ ਤੋਂ ਅਰਬੀ ਵਿਚ ਉਲਥਾ ਕੀਤਾ।*

ਤੀਜੀ ਪੁਸਤਕ ਦਾ ਨਾਂ ਇਬਨ ਨਦੀਮ ਵਿਚ 'ਸੰਦ ਸਤਾਕ' ਅਤੇ ਯਾਕੂਬੀ ਦੀ ਪਰਕਾਸ਼ਤ ਮਤਨ ਵਿਚ 'ਸੰਧਸ਼ਾਨ' ਅਤੇ ਇਸੇ ਪੁਸਤਕ ਦੇ ਇਕ ਹੋਰ ਨੁਸਖੇ ਵਿਚ 'ਸੰਧਸਤਾਨ' ਹੈ। ਇਸ ਦੀ ਅਸਲ ਸੰਸਕ੍ਰਿਤ ਵਿਚ ਸ਼ਾਇਦ ਸਧਸਤਾਨ ਜਾਂ ਸੰਦੇਸਨ ਹੋਵੇ। ਇਬਨ ਨਦੀਮ ਨੇ ਅਰਬੀ ਵਿਚ ਇਸ ਦਾ ਅਰਥ 'ਖੁਲਾਸਾਏ ਕਾਮਿਆਬੀ' ਅਤੇ ਯਾਕੂਬੀ ਨੇ 'ਸੂਰਤੇ ਕਾਮਿਆਬੀ' ਦੱਸਿਆ ਹੈ। ਮੇਰੇ ਖ਼ਿਆਲ ਵਿਚ ਯਾਕੂਬੀ ਦਾ ਨੁਸਖਾ ਸ਼ੁਧ ਦਖਾਈ ਦਿੰਦਾ ਹੈ। ਭਾਵੇਂ ਕੁਝ ਵੀ ਹੋਵੇ ਬਗ਼ਦਾਦ ਦੇ ਵੱਡੇ ਅਫ਼ਸਰ ਇਬਨ ਦਹਨ ਨੇ ਇਸ ਦਾ ਅਨੁਵਾਦ ਕੀਤਾ ਸੀ।†

ਚੌਥੀ ਕਿਤਾਬ ਦਾ ਨਾਂ ਯਾਕੂਬੀ ਨੇ ਨਦਾਨ ਦੱਸਿਆ ਹੈ। ਇਬਨ ਨਦੀਮ ਨੇ ਇਸ ਦਾ ਜ਼ਿਕਰ ਨਹੀਂ ਕੀਤਾ। ਇਸ ਵਿਚ ਕੇਵਲ ੪੦੪ ਰੋਗਾਂ ਦੀ ਪਛਾਣ ਦਾ ਵਰਨਣ ਹੈ ਇਲਾਜ ਦਾ ਨਹੀਂ‡।

ਇਕ ਹੋਰ ਪੁਸਤਕ, ਜੜੀ ਬੂਟੀਆਂ ਦੇ ਅਨੇਕ ਨਾਵਾਂ ਬਾਰੇ ਉਲਥਾ ਹੋਈ ਜਿਨ੍ਹਾਂ ਵਿਚੋਂ ਇਕ ਇਕ ਬੂਟੀ ਦੇ ਦਸ ਦਸ ਨਾਂ ਦੱਸੇ ਗਏ ਸਨ। ਏਸ ਨੂੰ ਮਨਕਾ ਪੰਡਤ ਨੇ ਸੁਲੇਮਾਨ ਬਿਨ ਇਸਹਾਕ ਲਈ ਅਰਬੀ ਵਿਚ ਉਲਥਾਇਆ।§

ਇਕ ਹੋਰ ਪੁਸਤਕ ਸੀ ਜਿਸ ਦਾ ਵਿਸ਼ਾ ਇਹ ਸੀ ਕਿ ਹਿੰਦੀ ਅਤੇ ਯੂਨਾਨੀ ਦਵਾਈਆਂ ਵਿਚੋਂ ਕਿਹੜੀਆਂ ਦਵਾਈਆਂ ਠੰਡੀਆਂ ਹਨ ਤੇ

---

*ਇਬਨ ਨਦੀਮ, ਪੰਨਾ ੩੦੩

†ਇਬਨ ਨਦੀਮ, ਪੰਨਾ ੩੦੩ ਅਤੇ ਯਾਕੂਬੀ ਅੱਵਲ, ਪੰਨਾ ੧੦੫

‡ਯਾਕੂਬੀ ਅੱਵਲ, ਪੰਨਾ ੧੦੫

§ਇਬਨ ਨਦੀਮ; ਪੰ. ੩੦੩ ਤੇ ਯਾਕੂਬੀ ਅੱਵਲ ਪੰ. ੧੦੫

ਕਿਹੜੀਆਂ ਗਰਮ, ਕਿਸ ਦਵਾ ਵਿਚ ਕੀ ਸ਼ਕਤੀ ਅਤੇ ਕੀ ਅਸਰ ਹੈ, ਅਤੇ ਸਾਲ ਦੀਆਂ ਰੁਤਾਂ ਦੀ ਵੰਡ ਵਿਚ ਕੀ ਕੀ ਅੰਤਰੇ ਤੇ ਮਤਭੇਦ ਹਨ। ਇਸ ਪੁਸਤਕ ਦਾ ਵੀ ਅਰਬੀ ਵਿਚ ਉਲਥਾ ਹੋਇਆ ਸੀ*। ਇਬਨ ਨਦੀਮ ਨੇ ਹਿੰਦੀ ਚਕਿਤਸਾ ਦੀ ਇਕ ਹੋਰ ਪੁਸਤਕ ਦਾ ਨਾਂ ਅਸਤਾਂਗਰ ਲਿਖਿਆ ਹੈ ਜਿਸ ਦਾ ਅਨੁਵਾਦ ਇਬਨ ਦਹਨ ਨੇ ਕੀਤਾ ਸੀ।

ਨੌਕਸ਼ਨਲ(ਨੌਫਸ਼ਨਲ ?) ਨਾਂ ਦੇ ਇਕ ਵੈਦ ਦੀਆਂ ਦੋ ਪੁਸਤਕਾਂ ਦੇ ਉਲਥੇ ਕੀਤੇ ਗਏ। ਇਨ੍ਹਾਂ ਵਿਚੋਂ ਇਕ ਵਿਚ ਸੌ ਰੋਗਾਂ ਤੇ ਸੌ ਦਵਾਈਆਂ ਦਾ ਵੇਰਵਾ ਸੀ ਅਤੇ ਦੂਜੀ ਵਿਚ ਰੋਗਾਂ ਦੇ ਵਹਿਮਾਂ ਤੇ ਕਾਰਣਾਂ ਦਾ ਬਿਆਨ ਸੀ।

ਰਊਸਾ ਨਾਂ ਦੀ ਇਕ ਹਿੰਦੂ ਪੰਡਤਾਣੀ (ਤ੍ਰੀਮਤ) ਦੀ ਇਕ ਪੁਸਤਕ ਦਾ ਉਲਥਾ ਹੋਇਆ ਜਿਸ ਵਿਚ ਖ਼ਾਸ ਇਸਤਰੀ ਰੋਗਾਂ ਦਾ ਇਲਾਜ ਦਰਜ ਹੈ।

ਇਕ ਹੋਰ ਪੁਸਤਕ ਗਰਭਵਤੀ ਇਸਤਰੀਆਂ ਦੇ ਇਲਾਜ ਬਾਰੇ ਸੀ।

ਇਕ ਸੰਖੇਪ ਪੁਸਤਕ ਜੜ੍ਹੀ ਬੂਟੀਆਂ ਦੇ ਵਿਸ਼ੇ ਉਤੇ ਅਤੇ ਇਕ ਪੁਸਤਕ ਨਸ਼ੇ ਦੇ ਬਿਆਨ ਵਿਚ।†

ਮਸਊਦੀ ਨੇ ਚਕਿਤਸਾ ਦੀ ਇਕ ਪੁਸਤਕ ਦਾ ਨਾਂ ਅਤੇ ਹਾਲ ਇਸ੍ਹ ਤਰ੍ਹਾਂ ਲਿਖਿਆ ਹੈ ਕਿ "ਰਾਜਾ ਕੋਰਸ਼ ਲਈ ਚਕਿਤਸਾ ਦੀ ਇਕ ਵੱਡੀ ਪੁਸਤਕ ਲਿਖੀ ਗਈ ਸੀ ਜਿਸ ਵਿਚ ਰੋਗਾਂ ਦੇ ਕਾਰਣ, ਦਵਾ ਅਤੇ ਇਲਾਜ ਦੱਸਕੇ ਦਵਾਈਆਂ ਦੀ ਪਛਾਣ ਅਤੇ ਉਨ੍ਹਾਂ ਦੇ ਚਿਤੱਰ ਦਿੱਤੇ ਗਏ ਸਨ।‡

ਪੀਣ ਵਾਲੀਆਂ ਚੀਜ਼ਾਂ ਦੇ ਬਿਆਨ ਵਿਚ ਇਬਨ ਨਦੀਮ ਨੇ 'ਅਤਰ' ਦਾ ਵੇਰਵਾ ਦਿੱਤਾ ਹੈ ਜੋ ਵਧੇਰੇ ਸੰਭਾਵਨਾ ਹੈ ਕਿ 'ਅਤਰੀ' ਨਾਂ ਦੇ ਇਕ ਵੈਦ ਵੱਲ ਤੱਧਿਤ ਹੋਵੇ। ਇਕ ਹੋਰ ਪੰਡਤ ਦਾ ਨਾਂ ਸਾਵਬਰਮ 'ਇਬਨ ਨਦੀਮ' ਵਿਚ ਹੈ।§ ਇਸ ਦਾ ਅਸਲ ਰੂਪ ਸ਼ਾਇਦ 'ਸਤਿਆ ਵਰਨਣ'

---

*ਯਾਕੂਬੀ ਅਵੱਲ; ਪੰ. ੧੦੫

†ਉਪਰ ਦੀਆਂ ਸੱਤੇ ਕਿਤਾਬਾਂ ਦਾ ਜ਼ਿਕਰ ਇਬਨ ਨਦੀਮ ਨੇ ਪੰਨਾ ੩੦੩ ਉੱਤੇ ਦਿੱਤਾ ਹੈ

‡ਮਸਊਦੀ ਜਿਲਦ ਅੱਵਲ; ਪੰਨਾ ੧੬੨ (ਪੈਰਸ)

§ਇਬਨ ਨਦੀਮ; ਪੰ. ੩੦੫

ਹੋਵੇ ਜਿਸ ਦੀ 'ਸਤਿਆ' ਨਾਂ ਦੀ ਪੁਸਤਕ ਦਾ ਜ਼ਿਕਰ ਬੈਰੂਨੀ ਨੇ ਕੀਤਾ ਹੈ।*

ਪੁਸਤਕਾਂ ਤੋਂ ਛੁਟ ਹੁਣ ਅਸਾਂ ਸੰਸਕ੍ਰਿਤ ਅਤੇ ਹਿੰਦੁਸਤਾਨ ਦੇ ਉਨ੍ਹਾਂ ਬਾਕੀ ਰਹਿੰਦੇ ਅਸਰਾਂ ਦਾ ਜ਼ਿਕਰ ਕਰਨਾ ਹੈ ਜੋ ਅਰਬੀ ਚਕਿਤਸਾ ਵਿਚ ਹਾਲਾਂ ਤਕ ਮੌਜੂਦ ਹਨ।

ਇਨ੍ਹਾਂ ਵਿਚ ਉਨ੍ਹਾਂ ਅਸਰਾਂ ਦਾ ਵੇਰਵਾ ਨਹੀਂ ਜੋ ਹਿੰਦੁਸਤਾਨ ਦੇ ਮੁਸਲਮਾਨ ਬਾਦਸ਼ਾਹਾਂ ਦੇ ਸਮੇਂ ਅਰਬੀ ਚਕਿਤਸਾ ਉੱਤੇ ਪਏ, ਕਿਉਂ ਜੋ ਓਹ ਇਕ ਵਖਰਾ ਵਿਸ਼ਾ ਹੈ। ਸਗੋਂ ਏਥੇ ਉਨ੍ਹਾਂ ਅਸਰਾਂ ਤੇ ਵਿਚਾਰ ਹੈ ਜੋ ਚੌਥੀ ਸਦੀ ਹਿਜਰੀ ਤਕ ਦੀ ਅਰਬੀ ਚਕਿਤਸਾ ਤੇ ਪੈ ਚੁਕੇ ਸਨ। ਇਸ ਸਿਲਸਿਲੇ ਵਿਚ ਸਭ ਤੋਂ ਪਹਿਲਾਂ ਤਾਂ ਓਹ ਦਵਾਈਆਂ ਹਨ ਜੋ ਹਿੰਦੁਸਤਾਨ ਤੋਂ ਅਰਬ ਗਈਆਂ ਅਤੇ ਬਰਾਮਕੀਆਂ ਤੇ ਖ਼ਲੀਫ਼ਿਆਂ ਨੇ ਇਨ੍ਹਾਂ ਦੀ ਖੋਜ ਲਈ ਆਦਮੀ ਹਿੰਦੁਸਤਾਨ ਘੱਲੇ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਦਵਾਈਆਂ ਦੇ ਨਾਂ, ਨਾ ਕੇਵਲ ਜਨਮ ਅਸਥਾਨ ਦੇ ਲਿਹਾਜ਼ ਨਾਲ, ਸਗੋਂ ਬੋਲੀ ਦੇ ਲਿਹਾਜ਼ ਤੋਂ ਵੀ ਹਿੰਦੀ ਹਨ ਅਤੇ ਘਟ ਤੋਂ ਘਟ ਇਕ ਦਵਾ ਅਜੇਹੀ ਹੈ ਜਿਸ ਦਾ ਨਾਂ ਹਿੰਦੁਸਤਾਨ ਦੇ ਸੰਬੰਧ ਤੋਂ ਖ਼ੁਦ ਪੈਗੰਬਰ ਇਸਲਾਮ (ਉਨ੍ਹਾਂ ਉੱਤੇ ਰਬ ਦੀ ਮਿਹਰ ਹੋਵੇ) ਦੇ ਸਮੇਂ ਅਰਬ ਵਿਚ ਸੁਣਾਈ ਦਿੰਦਾ ਹੈ। ਅਰਥਾਤ ਕੁਸਤ ਹਿੰਦੀ† ਅਤੇ ਜਜੰਬੀਲ (ਜਰੰਜਾਬੀਰਾ) ਅਥਵਾ ਸੁੰਢ ਦਾ ਸ਼ਬਦ ਖ਼ੁਦ ਕੁਰਾਨ ਪਾਕ ਵਿਚ ਹੈ। ਇਸ ਕਿਸਮ ਦੀਆਂ ਕੁਝ ਹੋਰ ਦਵਾਈਆਂ ਦੇ ਨਾਂ ਵਪਾਰਕ ਸੰਬੰਧਾਂ ਦੇ ਅਧਿਆਇ ਵਿਚ ਅਸੀਂ ਦੇ ਦਿੱਤੇ ਹਨ।

ਅਰਬੀ ਵਿਚ ਦੋ ਸ਼ਬਦ ਜਿਨ੍ਹਾਂ ਵਿਚੋਂ ਇਕ ਤਾਂ ਇਕ ਦਵਾ ਅਤੇ ਦੂਜਾ ਗਿਜ਼ਾ ਦਾ ਨਾਂ ਹੈ, ਸਭ ਤੋਂ ਵਚਿੱਤਰ ਹਨ ਇਹ ਦਵਾ 'ਇਤਰੀਫ਼ਲ' ਹੈ ਜੋ ਇੰਨੀ ਪਰਸਿਧ ਹੈ, ਕਿ ਹਰੇਕ ਵੈਦ ਤੇ ਹਰੇਕ ਰੋਗੀ ਦੇ ਮੂੰਹ ਚੜ੍ਹੀ ਹੋਈ ਹੈ। ਮੁਹੰਮਦ ਖ਼੍ਵਾਰਜ਼ਮੀ ਨੇ ਚੌਥੀ ਸਦੀ ਵਿਚ ਲਿਖਿਆ ਹੈ ਕਿ ਇਹ 'ਇਤਰੀਫਲ' ਹਿੰਦੀ ਸ਼ਬਦ 'ਤਰੀਫਲ' ਹੈ, ਜੋ ਤਿੰਨ ਫ਼ਲਾਂ ਅਥਵਾ ਹਰੜਾਂ,

---

*ਜ਼ਖਾਊ ਦੀ ਕਿਤਾਬ 'ਇੰਡੀਆ' ਦੀ ਭੂਮਿਕਾ, ਪੰ. ੩੩

†ਸਹੀਹ ਬੁਖਾਰੀ. ਜਿ. ੨, ਪੰ. ੪੯ ਕਿਤਾਬੁਲਮਰਜ਼ਾ।

ਬਹੇੜਿਆਂ ਤੇ ਆਉਲਿਆਂ ਨੂੰ ਰਲਾ ਕੇ ਬਣਦਾ ਹੈ" ।* ਅਜੇਹੀ ਇਕ ਹੋਰ ਦਵਾ ਦਾ ਨਾ ਅੰਬਜਾਤ ਹੈ । ਖ਼੍ਵਾਰਜ਼ਮੀ ਆਖਦਾ ਹੈ ਕਿ "ਅੰਬ ਹਿੰਦੁਸਤਾਨ ਵਿਚ ਇਕ ਫਲ ਹੁੰਦਾ ਹੈ ਜਿਸ ਨੂੰ ਮਾਖੋ, ਨਿੰਬੂ ਅਤੇ ਹਰੜਾਂ ਵਿਚ ਮਿਲਾਕੇ ਅੰਬਜਾਤ ਤਿਆਰ ਕੀਤਾ ਜਾਂਦਾ ਹੈ । ਗਾਲਿਬਨ ਇਸ ਨੂੰ ਗੁੜੰਬਾ, ਅੰਬ ਦਾ ਅਚਾਰ ਜਾਂ ਮੁਰੱਬਾ ਆਖਣਾ ਚਾਹੀਦਾ ਹੈ । ਪਰ ਇਨ੍ਹਾਂ ਸਾਰਿਆਂ ਨਾਲੋਂ ਵਚਿਤਰ ਸ਼ਬਦ 'ਬਹਤਾ' ਹੈ ਜਿਸ ਦੀ ਵਿਆਖਿਆ ਖ਼੍ਵਾਰਜ਼ਮੀ ਨੇ ਇਸ ਤਰ੍ਹਾਂ ਕੀਤੀ ਹੈ ਕਿ "ਇਹ ਰੋਗੀਆਂ ਦੀ ਇਕ ਪਰਕਾਰ ਦੀ ਗ਼ਿੱਜ਼ਾ ਹੈ ਅਤੇ ਸਿੰਧੀ ਸ਼ਬਦ ਹੈ, ਇਹ ਦੁੱਧ ਅਤੇ ਘਿਉ ਵਿਚ ਚਾਉਲ ਪਕਾ ਕੇ ਤਿਆਰ ਹੁੰਦਾ ਹੈ" ।† ਤੁਸੀਂ ਸਮਝ ਲਿਆ ਹੋਵੇਗਾ ਕਿ ਇਹ ਸ਼ਬਦ, ਸਾਡਾ ਹਿੰਦੁਸਤਾਨੀ ਸ਼ਬਦ 'ਭਾਤ' ਹੈ ਜੋ ਅਰਬਾਂ ਦੇ ਖਿਆਲ ਵਿਚ ਰੋਗੀਆਂ ਲਈ ਇਕ ਨਰਮ ਅਤੇ ਹਲਕੀ ਗ਼ਿੱਜ਼ਾ ਹੋਵੇਗੀ, ਹੁਣ ਇਸ ਨੂੰ ਖੀਰ ਜਾਂ ਫਿਰਨੀ ਸਮਝਣਾ ਚਾਹੀਦਾ ਹੈ ।

ਡੰਗਰ ਡਾਕਟਰੀ ਜਾਂ ਸਲੋਤਰ

ਪਸ਼ੂ ਚਕਿਤਸਾ ਵਿਚ ਸ਼ਾਨਾਕ ਜਾਂ ਚਾਨਕ ਪੰਡਤ ਦੀ ਕਿਤਾਬ ਤਰਜਮਾ ਹੋਈ ।‡

ਨਜੂਮ 'ਜੋਤਸ਼' ਜਫ਼ਰ ਤੇ ਰਮਲ

ਸਭ ਨੂੰ ਮਲੂਮ ਹੈ ਕਿ ਇਹ ਚੀਜ਼ਾਂ ਹਿੰਦੁਸਤਾਨ ਨਾਲ ਕਿੰਨਾ ਸਬੰਧ ਰਖਦੀਆਂ ਹਨ । ਅੱਬਾਸੀ ਵੰਸ ਦੇ ਦੂਜੇ ਖ਼ਲੀਫ਼ਾ ਮਨਸੂਰ ਹੀ ਦੇ ਸਮੇਂ ਤੋਂ ਜੋ ਸੰਨ ੧੪੬ ਹਿ. ਵਿਚ ਗਦੀ ਤੇ ਬੈਠਿਆ ਇਨ੍ਹਾਂ ਚੀਜ਼ਾਂ ਦਾ ਰਵਾਜ ਹੋਇਆ । ਮਨਸੂਰ ਨੂੰ ਇਨ੍ਹਾਂ ਗਲਾਂ ਨਾਲ ਬੜੀ ਦਿਲਚਸਪੀ ਸੀ ਸੋ ਬਗ਼ਦਾਦ ਸ਼ਹਿਰ ਜਦੋਂ ਏਸ ਨੇ ਬਣਵਾਇਆ ਤਾਂ ਏਸ ਦੀ ਹਰੇਕ ਚੀਜ਼ ਮਹੂਰਤ ਵਿਚਾਰ ਵਿਚਾਰ ਕੇ ਤਿਆਰ ਕੀਤੀ ਗਈ । ਦਰਬਾਰ ਉੱਤੇ ਪਹਿਲੋਂ

*ਮਿਫ਼ਾਤੀਉਲ ਉਲੂਮ ਖ਼੍ਵਾਰਜ਼ਮੀ; ਪੰ. ੧੯੬

† " " " ੧੭੭

‡ਮਿਫ਼ਾਤੀਹੁਲਉਲੂਮ ਖ਼੍ਵਾਰਜ਼ਮੀ ਪੰ. ੧੧੬

ਤਾਂ ਈਰਾਨੀ ਜੋਤਸ਼ੀਆਂ ਦਾ ਕਬਜ਼ਾ ਸੀ ਫ਼ੇਰ ਹਿੰਦੂ ਜੋਤਸ਼ੀਆਂ ਨੇ ਆਪਣਾ ਅਸਰ ਜਮਾਇਆ। ਮਲੂਮ ਹੁੰਦਾ ਹੈ ਕਿ ਮਨਸੂਰ ਦੇ ਹੀ ਸਮੇਂ ਵਿਚ ਏਸ ਵਿਸ਼ੇ ਤੇ ਹਿੰਦੀ ਪੁਸਤਕਾਂ ਅਰਬੀ ਵਿਚ ਉਲਥਾਈਆਂ ਗਈਆਂ ਇਨ੍ਹਾਂ ਜੋਤਸ਼ੀ ਪੰਡਤਾਂ ਵਿਚੋਂ ਅਰਬਾਂ ਵਿਚ ਸਭ ਤੋਂ ਮਸ਼ਾਹੂਰ ਨਾਂ ਕਨਕਾ ਪੰਡਤ ਦਾ ਹੈ। ਇਬਨ ਅਬੀ ਅਸੀਬਾਅ ਨੇ ਲਿਖਿਆ ਹੈ ਕਿ ਇਹ ਇਕ ਮਸ਼ਹੂਰ ਅਤੇ ਪੰਰਸਿਧ ਵੈਦ ਸੀ।*

ਜ਼ਖਾਉ ਦੀ ਖੋਜ ਦੇ ਆਧਾਰ ਤੇ ਏਸ ਨਾਂ ਦੀ ਹਿੰਦੀ ਅਸਲੀਅਤ 'ਕਨਕਨਾਇਆ' ਹੋਵੇਗੀ, ਕਿਉਂ ਜੋ ਇਸ ਨਾਂ ਦਾ ਪਰਸਿਧ ਵੈਦ ਹਿੰਦੁਸਤਾਨ ਵਿਚ ਪਹਿਲਾਂ ਹੋ ਚੁਕਿਆ ਹੈ, ਜਿਸ ਦਾ ਨਾਂ ਹਿੰਦੁਸਤਾਨੀ ਦਵਾਈਆਂ ਵਿਚ ਪਰਮਾਣੀਕ ਹੈ।†

ਇਬਨ ਨਦੀਮ ਨੇ ਅਰਬੀ ਵਿਚ ਏਸ ਪੰਡਤ ਦੀਆਂ ਚਾਰ ਪੁਸਤਕਾਂ ਦਾ ਜ਼ਿਕਰ ਕੀਤਾ ਹੈ।‡

(੧) ਕਿਤਾਬੁਨਮੁਦਾਰ ਫ਼ਿਲਿ ਆਮਾਰ (ਉਮਰਾਂ ਦੇ ਬਿਆਨ ਬਾਰੇ ਕਿਤਾਬ)।

(੨) ਕਿਤਾਬੁਲ ਅਸਾਰੁਲ-ਮਵਾਲੀਦ (ਜੰਮਣ ਭੇਦ) ਜਾਤਕ।

(੩) ਕਿਤਾਣੁਲ-ਕਿਰਾਨਾਤਿਲ-ਕਬੀਰ (ਵੱਡੇ ਕਿਰਾਨ ਜਾਂ ਵੱਡੇ ਲਗਨ ਦੇ ਬਿਆਨ ਬਾਰੇ)।

(੪) ਕਿਤਾਬੁਲ ਕਿਰਾਨਾਤਿ-ਸਗ਼ੀਰੀ (ਛੋਟੇ ਲਗਨਾਂ ਦੇ ਬਿਆਨ ਬਾਰੇ)

ਇਬਨ ਅਬੀ ਅਸੀਬਾਅ ਦਾ ਬਿਆਨ ਹੈ ਕਿ ਇਹ ਪੁਸਤਕ ਚਕਿਤਸਾ ਬਾਰੇ ਹੈ ਪਰ ਇਬਨ ਨਦੀਮ ਨੇ ਏਸ ਦਾ ਜੋਤਸ਼ ਹੀ ਦੇ ਸਿਲਸਲੇ ਵਿਚ ਜ਼ਿਕਰ ਕੀਤਾ ਹੈ ਏਹ ਸੰਭਵ ਹੈ ਕਿ ਦੋਹਾਂ ਵਿਸ਼ਿਆਂ ਬਾਰੇ ਹੋਵੇ ਕਿਉਂ ਜੋ ਪੁਰਾਣੀ ਚਕਿਤਸਾ ਵਿਚ ਜੋਤਸ਼ ਦੀਆਂ ਬਹੁਤ ਸਾਰੀਆਂ ਗਲਾਂ ਦਾਖਲ ਸਨ।

*ਉਯੂਨੁਲ-ਅਨਬਾਇ ਫ਼ੀ ਤਬਕਾਤੁਲ ਅੱਤਿਬਾਇ ਜਿ. ੨ ਪੰ. ੩੩ (ਮਿਸਰ)

†ਮੁਖਬੰਧ ਇੰਡੀਆ ਪੰ. ੩੨

‡ਪੰਨਾ ੨੭੦

ਇਬਨ ਅਬੀ ਅਸੀਬਾਅ* ਨੇ ਇਸ ਦੀਆਂ ਦੋ ਕਿਤਾਬਾਂ ਦਾ ਹੋਰ ਨਾਂ ਲਿਆ ਹੈ।

(੫) ਕਿਤਾਬਫਿਤੁੱਵੱਹੁਮ (ਮਿਸਮਰੇਜ਼ਮ ਦੇ ਬਿਆਨ ਬਾਰੇ)

(੬) ਕਿਤਾਬ ਫ਼ੀ ਇਹਦਾਸਿਲ ਆਲਮ ਵੱਦੋਰ ਫ਼ਿਲ ਕਿਰਾਨ (ਦੁਨੀਆ ਦੀਆਂ ਘਟਨਾਵਾਂ ਅਤੇ ਨਛਤਰਾਂ ਦੇ ਲਗਨ ਸਬੰਧੀ ਕੁੰਡਲੀਆਂ)। ਏਹੀ ਲੇਖਕ ਮੁਸੱਲਮਾਨ ਜੋਤਸ਼ੀ ਅਬੂ ਮਾਸ਼ਰ ਬਲਖ਼ੀ ਸੰਨ ੨੭੨ ਹਿ. (ਸੰਨ ੮੮੬ ਈ.) ਦੇ ਹਵਾਲੇ ਦੇ ਆਧਾਰ ਤੇ ਬਿਆਨ ਕਰਦਾ ਹੈ:

"ਇਹ ਕਣਕਾ ਹਿੰਦੁਸਤਾਨ ਦੇ ਸਾਰੇ ਪੰਡਤਾਂ ਦੇ ਵਿਚਾਰ ਵਿਚ ਜੋਤਸ਼ ਦਾ ਸਭ ਤੋਂ ਵੱਡਾ ਪੰਡਤ ਹੈ"।

ਅਤਾਰਦ ਬਿਨ ਮੁਹੰਮਦ ਇਕ ਮੁਸਲਮਾਨ ਨਜੂਮੀ ਨੇ ਜੋ ਗ਼ਾਲਬਨ ਦੂਜੀ ਸਦੀ ਹਿਜਰੀ ਵਿਚ ਹੋਇਆ ਹੈ ਹਿੰਦੀ ਜ਼ਫਰ ਬਾਰੇ ਇਕ ਪੁਸਤਕ ਲਿਖੀ ਸੀ† ਏਸ ਤੋਂ ਛੁਟ ਇਬਨ ਨਦੀਮ ਨੇ ਤਿੰਨ ਹੋਰ 'ਹਿੰਦੂ ਜੋਤਸ਼ੀਆਂ ਦੇ ਨਾਂ ਲਏ ਹਨ‡।

(੧) 'ਜੋਦਰ ਹਿੰਦੀ' ਏਸ ਦੀ ਕਿਤਾਬ ਦਾ ਨਾਂ 'ਕਿਤਾਬੁਲ ਮਵਾਲੀਦ' (ਬਾਲ ਜੰਮਣ ਸਬੰਧੀ ਪੁਸਤਕ) ਹੈ।

(੨) ਨਹਿਕ ਜਾਂ ਨਾਇਗ (ਨਹਕ) ਹਿੰਦੀ, ਏਸ ਦੀ ਕਿਤਾਬ ਦਾ ਨਾਂ ਕਿਤਾਬ ਅਸਾਰੁਲ ਮਸਾਇਲ (ਸਵਾਲਾਂ ਦੇ ਭੇਤ ਹਨ)

(੩) ਸੰਘਲ ਹਿੰਦੀ (ਸੰਜਹਲ), ਏਸ ਦੀ ਕਿਤਾਬ ਦਾ ਨਾਂ ਕਿਤਾਬੁਲ ਮਵਾਲੀਦਿਲ ਕਬੀਰ (ਬਾਲ ਜੰਮਣ ਸਬੰਧੀ ਵੱਡੀ ਕਿਤਾਬ)। ਸੰਘਲ ਦਾ ਨਾਂ ਬੈਰੂਨੀ ਦੇ ਵੀ ਨਜੂਮ ਦੇ ਬਿਆਨ ਵਿਚ ਜ਼ਿਕਰ ਕੀਤਾ ਹੈ।§

ਹਿੰਦੁਸਤਾਨ ਦੀ ਕਿਸੇ ਭਾਸ਼ਾ ਤੋਂ ਇਕ ਕਿਤਾਬ ਹੱਥ ਰੇਖਾਵਾਂ ਅਤੇ ਪੈਰ ਵੇਖਣ ਬਾਰੇ ਅਰਬੀ ਵਿਚ ਤਰਜਮਾ ਹੋਈ।@

---

*ਉਯੂਨੁਲ ਅਨਬਾਇ ਫ਼ੀ ਤਬਕਾਤੁਲ ਅੱਤਿਬਾਇ ਜਿ. ੨ ਪੰ. ੩੩ (ਮਿਸਰੀ)

†ਇਬਨ ਨਦੀਮ ਪੰ. ੨੭੮

‡ ,, ,, ਨੰ. ੨੭੧

§ਕਿਤਾਬੁਲ ਹਿੰਦ ਪੰ. ੭੬

@ਇਬਨ ਨਦੀਮ ਪੰ. ੩੧੪

ਨਾਲੇ ਇਕ ਹੋਰ ਕਿਤਾਬ 'ਜ਼ਸਰੁਲ ਹਿੰਦ' ਹਿੰਦੀ ਮਹੂਰਤ ਬਾਰੇ ਹੈ ।*

ਸਰਪ ਵਿਦਿਆ

ਹਿੰਦੁਸਤਾਨ ਦੇ ਲੋਕ ਸੱਪਾਂ ਦੀਆਂ ਕਿਸਮਾਂ ਉਨ੍ਹਾਂ ਦੇ ਹਥੌਲੇ ਅਤੇ ਜੰਤਰ ਮੰਤਰ ਕਰਨ ਵਿਚ ਪਰਸਿਧ ਹਨ। ਏਸ ਇਲਮ ਦਾ ਨਾਂ ਉਨ੍ਹਾਂ ਸਰਪ ਵਿਦਿਆ ਰਖਿਆ ਹੋਇਆ ਹੈ । 'ਰਾਏ' ਨਾਂ ਦੇ ਇਕ ਪੰਡਤ ਦੀ ਕਿਤਾਬ ਏਸ ਵਿਦਿਆ ਸਬੰਧੀ ਤਰਜਮਾ ਹੋਈ ਜਿਸ ਵਿਚ ਸੱਪਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੇ ਜ਼ਹਿਰ ਦਾ ਬਿਆਨ ਸੀ ।† ਅਰਬੀ ਵਿਚ ਇਕ ਹੋਰ ਹਿੰਦੀ ਪੰਡਤ ਦੀ ਕਿਤਾਬ ਦਾ ਵੇਰਵਾ ਹੈ ਜੋ ਏਸੇ ਵਿਸ਼ੇ ਉਤੇ ਸੀ ।‡

ਜ਼ਹਿਰ ਵਿਦਿਆ

ਹਿੰਦੁਸਤਾਨੀ ਏਸ ਵਿਦਿਆ ਵਿਚ ਵੀ ਨਿਪੁੰਨ ਸਨ । ਜ਼ਕਰੀਆ ਕਜ਼ਵੀਨੀ ਨੇ ਆਸਾਰੁਲਬਿਲਾਦ ਵਿਚ ਹਿੰਦ ਦੇ ਵਰਨਣ ਵਿਚ 'ਬੇਸ਼' ਨਾਂ ਦੀ ਇਕ ਬੂਟੀ ਦਾ ਅਤੇ ਇਸ ਦੁਆਰਾ ਰਾਜਿਆਂ ਦੇ ਆਪੋਂ ਵਿਚੀਂ ਇਕ ਦੂਜੇ ਨੂੰ ਮਿਤ੍ਰਤਾ ਦੇ ਭੇਖ ਵਿਚ ਮਾਰਨ ਦੀ ਇਕ ਵਚਿਤਰ ਕਥਾ ਲਿਖੀ ਹੈ। ਏਹੋ 'ਬੇਸ਼' ਸ਼ਬਦ ਹਿੰਦੀ ਦਾ 'ਬਿਸ਼' ਸ਼ਬਦ ਹੈ ਜਿਸ ਦਾ ਅਰਥ ਜ਼ਹਿਰ ਹੈ। ਜੋ ਵੀ ਹੋਵੇ, ਬਾਦਸ਼ਾਹਾਂ ਨੂੰ ਆਪਣੀ ਰਖਿਆ ਅਤੇ ਆਪਣੀ ਜਾਨ ਬਚਾਉਣ ਲਈ ਇਸ ਵਿਦਿਆ ਤੋਂ ਜਾਣੂ ਹੋਣ ਦੀ ਬੜੀ ਲੋੜ ਰਹਿੰਦੀ ਸੀ। ਅਰਬੀ ਵਿਚ ਚਾਂਨਕ ਜਾਂ ਸ਼ਾਨਾਕ ਪੰਡਤ ਦੀ ਕਿਤਾਬ ਦਾ, ਜੋ ਲੜਾਈ ਬਾਰੇ ਹੈ, ਨਾਂ ਪਹਿਲਾਂ ਆ ਚੁਕਿਆ ਹੈ । ਏਸ ਕਿਤਾਬ ਦਾ ਆਖ਼ਰੀ ਅਧਿਆਇ ਸੀ 'ਖਾਣਾ ਅਤੇ ਜ਼ਹਿਰ'। ਮਲੂਮ ਹੁੰਦਾ ਹੈ ਕਿ ਏਸ ਤੋਂ ਛੁਟ ਖਾਸ ਜ਼ਹਿਰਾਂ ਦੇ ਬਿਆਨ ਵਿਚ ਵੀ ਏਸ ਦੀ ਕੋਈ ਕਿਤਾਬ ਸੀ, ਜੋ ਸਤਵੀਂ ਸਦੀ ਹਿਜਰੀ (ਤੇਰ੍ਹਵੀਂ ਸਦੀ ਈਸਵੀ) ਤਕ ਅਰਬੀ ਵਿਚ ਮੌਜੂਦ ਸੀ, ਕਿਉਂ ਜੋ

*ਇਬਨ ਨਦੀਮ ਪੰ. ੧੪

†ਇਬਨ ਨਦੀਮ ਪੰ. ੩੦੩.

‡ਉਯੂਨੁਲ ਅਨਬਾਇ ਫ਼ੀ ਤਬਕਾਤੁਲ ਅਤਿੱਬਾਇ ਪੰ. ੩੩ (ਮਿਸਰ)

ਇਬਨ ਅਬੀ ਅਸੀਬਾਅ ਨੇ ਸੰਨ ੬੬੮ ਹਿ. (ਸੰਨ ੧੨੭੦ ਈ.) ਵਿਚ ਏਸ ਕਿਤਾਬ ਦਾ ਪੂਰਾ ਹਾਲ ਏਸ ਤਰ੍ਹਾਂ ਲਿਖਿਆ ਹੈ ਕਿ 'ਇਹ ਕਿਤਾਬ ਪੰਜ ਅਧਿਆਇਵਾਂ ਵਿਚ ਹੈ। ਮਣਕਾ ਜਾਂ ਮਾਣਕ ਪੰਡਤ ਨੇ ਯਹਿੱਯਾ ਬਿਨ ਖ਼ਾਲਿਦ ਬਰਮਕੀ ਲਈ ਫ਼ਾਰਸੀ ਵਿਚ ਅਬੂਹਾਤਿਮ ਬਲਖ਼ੀ ਦੀ ਸਹਾਇਤਾ ਨਾਲ ਅਨੁਵਾਦ ਕੀਤਾ। ਫੇਰ ਅਬੱਾਸ ਬਿਨ ਸਯੀਦ ਜੌਹਰੀ ਨੇ ਏਸ ਦਾ ਉਲਥਾ ਮੁੜ ਖ਼ਲੀਫ਼ਾ ਮਾਮੂੰਨ ਰਸ਼ੀਦ (ਸੰਨ ੨੧੮ ਹਿ.) ਲਈ ਕੀਤਾ'* 'ਏਸੇ ਜ਼ਹਿਰ ਵਿਦਿਆ ਉਤੇ ਲੇਖਕ ਦਾ ਨਾਂ ਦਰਜ ਕੀਤੇ ਬਿਨਾਂ ਇਕ ਪੁਸਤਕ ਦਾ ਜ਼ਿਕਰ, ਜੋ ਹਿੰਦੀ ਤੋਂ ਅਰਬੀ ਵਿਚ ਤਰਜਮਾ ਹੋਈ, ਇਬਨ ਨਦੀਮ ਦੀ ਫ਼ਹਿਰਿਸਤ ਵਿਚ ਵੀ ਮੌਜੂਦ ਹੈ।†

ਸੰਗੀਤ

ਜਾਹਿਜ਼ (ਸੰਨ ੨੫੫ ਹਿ.) ਦਾ ਬਿਆਨ ਉਪਰ ਆ ਚੁਕਿਆ ਹੈ, ਜਿਸ ਵਿਚ ਏਸ ਨੇ ਹਿੰਦੁਸਤਾਨ ਦੇ ਸੰਗੀਤ ਦੀ ਸ਼ਲਾਘਾ ਕੀਤੀ ਹੈ ਅਤੇ ਉਰੇਚਾ ਇਕਤਾਰੇ ਦਾ ਵਰਨਣ ਕੀਤਾ ਹੈ। ਬਗ਼ਦਾਦ ਦੀਆਂ ਰਚਨਾਵਾਂ ਵਿਚ ਹਿੰਦੀ ਸੰਗੀਤ ਸਬੰਧੀ ਕਿਸੇ ਕਿਤਾਬ ਦਾ ਨਾਂ ਨਹੀਂ ਮਿਲਦਾ ਪਰ ਸਪੇਨ ਦੇ ਇਕ ਵਿਗਿਆਨਕ ਇਤਿਹਾਸਕਾਰ ਕਾਜ਼ੀ ਸਾਇਦ ਅੰਦਲੁਸੀ ਸੰਨ ੪੬੨ ਹਿ. (ਸੰਨ ੧੦੭੦ ਈ.) ਨੇ ਲਿਖਿਆ ਹੈ ਕਿ "ਸੰਗੀਤ ਸਬੰਧੀ ਹਿੰਦੁਸਤਾਨ ਦੀ ਇਕ ਪੁਸਤਕ 'ਨਾਫ਼ਰ' ਅਸਾਂ ਤੱਕ ਪਹੁੰਚੀ ਹੈ, ਜਿਸ ਦਾ ਸ਼ਬਦਾਰਥ 'ਸਿਆਨਪ ਦਾ ਫਲ' ਹੈ ਅਤੇ ਜਿਸ ਵਿਚ ਸੰਗੀਤਾਂ ਅਤੇ ਸੁਰਾਂ ਦਾ ਬਿਆਨ ਹੈ‡ ਅਸਚਰਜ ਨਹੀਂ ਕਿ ਇਹ ਸ਼ਬਦ ਫ਼ਾਰਸੀ ਦਾ 'ਨੌਬਰ' (ਨਵਾਂ ਫਲ) ਹੋਵੇ ਅਤੇ ਫ਼ਾਰਸੀ ਅਨੁਵਾਦ ਰਾਹੀਂ ਅਰਬੀ ਵਿਚ ਇਹ ਪੁਸਤਕ ਬਦਲੀ ਗਈ ਹੋਵੇ। ਪਰ ਮੇਰੇ ਇਕ ਹਿੰਦੂ ਮਿਤ੍ਰ 'ਨਾਫਰ' ਬਾਰੇ ਆਖਦੇ ਹਨ ਕਿ ਇਹ ਸ਼ਬਦ 'ਨਾਦ' ਹੋਵੇਗਾ ਜਿਸ ਦੇ ਅਰਥ ਸੰਸਕ੍ਰਿਤ ਵਿਚ 'ਅਵਾਜ਼' ਹਨ।

---

*ਉਯੂਨੁਲ ਅਨਬਾਇ ਫ਼ੀ ਤਬਕਾਤੁਲ ਤਿਅੱਬਾਇ ਪੰ. ੩੩

† ,, ,, ੩੧੭

‡ਤਬਕਾਤੁਲ ਉਮਮ ਕਾਜ਼ੀ ਸਾਇਦ ਅੰਦਲੁਸੀ ਪੰ. ੧੪ (ਬੈਰੂਤ)

ਮਹਾਂ ਭਾਰਤ

ਹਿੰਦੁਸਤਾਨ ਦੇ ਪਰਾਚੀਨ ਇਤਿਹਾਸ ਸਬੰਧੀ ਇਕ ਫ਼ਾਰਸੀ ਕਿਤਾਬ 'ਮੁਜਮਲੁਤੱਵਾਰੀਖ਼' ਪੈਰਸ ਲਾਇਬਰੇਰੀ ਵਿਚ ਹੈ ਜਿਸ ਵਿਚ ਬਹੁਤ ਕੁਝ ਮਹਾਂਭਾਰਤ ਦੀਆਂ ਕਥਾਵਾਂ ਹਨ। ਏਸ ਕਿਤਾਬ ਦੇ ਮੁਖਬੰਧ ਵਿਚ ਹੈ ਕਿ ਏਸ ਨੂੰ ਸੰਸਕ੍ਰਿਤ (ਹਿੰਦੁਵਾਨੀ) ਭਾਸ਼ਾ ਤੋਂ ਅਬੂਸਾਲਿਹ ਬਿਨ ਸ਼ੁਐਬ ਨੇ ਅਰਬੀ ਵਿਚ ਉਲਥਾਇਆ ਸੀ। ਫ਼ੇਰ ਸੰਨ ੪੧੭ ਹਿ. ਵਿਚ ਅਬੁਲ ਹਸਨ ਅਲੀ ਜਬਲੀ ਨੇ, ਜੋ ਕਿਸੇ ਦੈਲਮੀ ਅਮੀਰ ਦੀ ਲਾਇਬਰੇਰੀ ਦਾ ਪਰਬੰਧਕ ਸੀ, ਏਸ ਦਾ ਅਰਬੀ ਵਿਚ ਉਲਥਾ ਕੀਤਾ। ਏਲੀਅਟ ਸਾਹਿਬ ਨੇ ਏਸ ਦਾ ਕੁਝ ਕੁ ਸੰਖੇਪ ਦਿਤਾ ਹੈ।*

ਬੁਧ ਵਿਦਿਆ ਤੇ ਰਾਜਨੀਤੀ

ਏਸ ਵਿਦਿਆ ਸਬੰਧੀ ਹਿੰਦੀ ਭਾਸ਼ਾ (ਸੰਸਕ੍ਰਿਤ ਜਾਂ ਪਾਲੀ?) ਤੋਂ ਅਰਬੀ ਵਿਚ ਦੋ ਹਿੰਦੂ ਵਿਦਵਾਨਾਂ ਦੀਆਂ ਕਿਤਾਬਾਂ ਅਰਬੀ ਵਿਚ ਅਨੁਵਾਦ ਹੋਈਆਂ ਇਨ੍ਹਾਂ ਵਿਚੋਂ ਇਕ ਦਾ ਨਾਂ ਅਰਬ 'ਸ਼ਾਨਾਕ' ਦੱਸਦੇ ਹਨ ਅਤੇ ਦੂਜੀ ਦਾ ਬਾਖਰ ਜਾਂ ਬਾਝਰ। ਸ਼ਾਇਦ ਪਹਿਲਾ ਨਾਂ ਚਾਨਕ ਹੋਵੇ ਅਤੇ ਦੂਜਾ ਵਿਆਘਰ। ਚਾਨਕ ਜਾਂ ਸ਼ਾਨਾਕ, ਹਿੰਦੀ ਪੁਸਤਕ ਦਾ ਮਜ਼ਮੂਨ ਇਹ ਹੈ: "ਯੁਧ ਪਰਬੰਧ; ਰਾਜੇ ਨੂੰ ਕਿਹੋ ਜਿਹੇ ਆਦਮੀ ਚੁਣਨੇ ਚਾਹੀਦੇ ਹਨ; ਸੰਵਾਰਾਂ ਦੀ ਤਰਤੀਬ; (ਵਿਵਸਥਾ) ਅਤੇ ਖਾਣਾ ਤੇ ਜ਼ਹਿਰ †। ਬਾਝਰ ਜਾਂ ਵਿਆਘਰ ਦੀ ਪੁਸਤਕ 'ਤਲਵਾਰਾਂ ਦੀ ਪਛਾਣ, ਓਸ ਦਿਆਂ ਗੁਣਾਂ ਅਤੇ ਚਿਨ੍ਹਾਂ' ਸਬੰਧੀ ਹੈ ‡। ਸੰਸਕ੍ਰਿਤ ਤੋਂ ਇਕ ਹੋਰ ਪੁਸਤਕ ਦਾ ਅਰਬੀ ਵਿਚ ਅਨੁਵਾਦ ਹੋਇਆ ਜਿਸ ਦਾ ਅਰਬੀ ਨਾਂ 'ਅਦਬੁਲਮੁਲਕ' ਅਥਵਾ 'ਰਾਜ ਸ਼ਾਸਨ ਢੰਗ' ਹੈ ਏਸ ਕਿਤਾਬ ਦੇ ਅਰਬੀ ਅਨੁਵਾਦਕ ਦਾ ਨਾਂ ਅਬੂਸਾਲਿਹ ਬਿਨ ਸ਼ੁਐਬ ਹੈ। ਓਸ ਦੇ

---

*ਤਾਰੀਖ਼ ਹਿੰਦ ਏਲੀਅਟ ਜਿ. ੧ ਪੰ. ੧੦੦

†ਇਬਨ ਨਦੀਮ ਪੰਨਾ ੩੧੫.

‡ਓਹੀ

ਲੇਖਕ ਦਾ ਪਤਾ ਨਹੀਂ। ਏਸ ਵੇਲੇ ਕੇਵਲ ਏਸ ਦਾ ਫ਼ਾਰਸੀ ਅਨੁਵਾਦ ਮੌਜੂਦ ਹੈ। ਏਹ ਅਨੁਵਾਦ ਸੰ. ੪੧੭ ਵਿਚ ਅਬੁਲ ਹਸਨ ਬਿਨ ਅਲੀ ਜਬਲੀ ਨੇ ਕੀਤਾ ਸੀ, ਜੋ ਇਕ ਦੈਲਮੀ ਅਮੀਰ ਦੀ ਲਾਇਬਰੇਰੀ ਦਾ ਪਰਬੰਧਕ ਸੀ।*

ਰਸਾਇਣ

ਪੁਰਾਣੀ ਰਸਾਇਣ ਵਿਦਿਆ ਦੀ ਅਸਲ ਜੋ ਕੁਝ ਵੀ ਹੋਵੇ ਪਰ ਏਸ ਵਿੱਦਿਆ ਸਬੰਧੀ ਇਕ ਹਿੰਦੂ ਵਿਦਵਾਨ ਦੀ ਕਿਤਾਬ ਦੇ ਅਨੁਵਾਦ ਦਾ ਪਤਾ ਇਬਨ ਨਦੀਮ ਦੀ ਅਲਫ਼ਹਿਰਿਸਤ ਵਿਚ ਮਿਲਦਾ ਹੈ †। ਪਰਸਿਧ ਅਰਬ ਰਸਾਇਣਿਕ ਜਾਬਿਰ ਬਿਨ ਹਯਾਨ ਦੀ ਇਕ ਪੁਸਤਕ 'ਖ਼ਾਤਿਫ਼' ਵੀ ਏਸੇ ਹਿੰਦੀ ਨਿਸਬਤ ਨਾਲ ਦਿੱਤੀ ਗਈ ਹੈ।‡ ਪਰ ਏਸ ਹਿੰਦੀ ਵਿਦਵਾਨ ਦੇ ਨਾਂ ਬਾਰੇ ਬਹੁਤ ਸੰਦੇਹ ਹੈ।

ਤਰਕ ਸ਼ਾਸਤਰ

ਫ਼ਹਿਰਿਸਤ ਇਬਨ ਨਦੀਮ (ਸੰਨ ੩੭੭ ਹਿ.) ਵਿਚ ਇਕ ਅਰਬੀ ਪੁਸਤਕ ਦਾ, ਜੋ ਹਿੰਦੀ ਤੋਂ ਤਰਜਮਾ ਹੋਈ, ਇੰਜ ਜ਼ਿਕਰ ਕੀਤਾ ਗਿਆ ਹੈ। 'ਕਿਤਾਬ ਹੁਦੂਦ§ ਮੰਤਿਕੁਲ ਹਿੰਦ'@ (ਭਾਰਤ ਦੇ ਤਰਕ ਸ਼ਾਸਤਰ ਦੇ ਨਿਯਮ) ਪਰ ਯਾਕੂਬੀ ਸੰਨ ੨੭੮ ਹਿ. ਨੇ ਜੋ ਇਬਨ ਨਦੀਮ ਤੋਂ ਸੌ ਸਾਲ ਪਹਿਲਾਂ ਹੋਇਆ ਹੈ ਏਸ ਕਿਤਾਬ ਦਾ ਵੇਰਵਾ ਮੰਤਕ ਤੇ ਫ਼ਲਸਫ਼ੇ ਦੀਆਂ ਪੁਸਤਕਾ ਦੇ ਪਰਸੰਗ ਵਿਚ ਏਸ ਨਾਂ ਨਾਲ ਕੀਤਾ ਹੈ 'ਕਿਤਾਬ ਤੁਫ਼ਾ ਫ਼ੀ ਇਲਮ ਹੁਦੂਦੁਲ ਮੰਤਿਕ' ※ (ਤੋਫ਼ਾ 'ਟੋਪਾ' ਦੀ ਕਿਤਾਬ, ਮੰਤਕ ਦੇ ਅਸੂਲ ਸਬੰਧੀ ਵਿਦਿਆ ਬਾਰੇ)। ਏਥੇ ਬਹਿਸ ਏਹ ਹੈ ਕਿ ਮੰਤਕ ਤੋਂ ਮੰਤਕ ਵਿਦਿਆ ਦੀ ਪਰੀਭਾਸ਼ਾ ਮੁਰਾਦ ਹੈ ਜਿਸ ਨੂੰ ਨਿਆਏ (ਲਾਜਕ) ਆਖਦੇ ਹਨ ਜਾਂ ਏਸਦੇ ਸ਼ਬਦਾਰਥ ਅਥਵਾ ਬੋਲਣਾ ਮੁਰਾਦ ਹੈ ਅਤੇ ਕਿਤਾਬ ਕੇਵਲ ਕਿੱਸਾ ਕਹਾਣੀ

---

*ਏਲੀਅਟ ਜਿ. ਅੱਵਲ ਪੰਨਾ. ੧੧੨
†ਇਬਮ ਨਦੀਮ ਪੰ.੩੫੩
‡ ,, ,, ੩੫੯
§ਹੱਦ ਕਿਸੇ ਚੀਜ਼ ਦੀ ਓਸ ਦੀ ਜ਼ਾਤੀਆਤ-ਦੁਆਰਾ ਤਾਰੀਫ਼ ਜਿਵੇਂ ਇਨਸਾਨ ਦੀ ਤਾਰੀਫ਼ ਹੈਵਾਨੇ ਨਾਤਕ (ਉਲਥਾਕਾਰ)
@ਇਬਨ ਨਦੀਮ ਪੰਨਾ ੩੦੫
※ਯਾਕੂਬੀ ਪੰ. ੧੦੫

ਹੋਵੇ ਜਾਂ ਓਸ ਵਿਚ ਨੀਤੀ ਤੇ ਸਦਾਚਾਰ ਸਬੰਧੀ ਵਰਨਣ ਕੀਤਾ ਗਿਆ ਹੋਵੇ ਅਤੇ ਏਸ ਸ਼ਬਦ ਦਾ ਅਭਿਪਰਾ ਇਹ ਹੋਵੇ ਕਿ ਆਦਮੀ ਦੇ ਬੋਲਣ ਦੀਆਂ ਸੀਮਾਵਾਂ ਦਸਣ ਵਾਲੀ ਪੁਸਤਕ ਕਿ ਕਿਥੇ ਬੋਲਣਾ ਤੇ ਕਿਥੇ ਨਹੀਂ ਬੋਲਣਾ ਚਾਹੀਦਾ ਤੇ ਕਿਸ ਤਰ੍ਹਾਂ ਬੋਲਣਾ ਚਾਹੀਦਾ ਹੈ। ਇਬਨ ਨਦੀਮ ਨੇ ਏਸ ਕਿਤਾਬ ਦਾ ਜ਼ਿਕਰ ਏਸ ਸਿਰਲੇਖ ਹੇਠ ਕੀਤਾ ਹੈ। "ਉਨ੍ਹਾਂ ਹਿੰਦੀ ਪੁਸਤਕਾਂ ਦੇ ਨਾਂ ਜੇਹੜੀਆਂ ਕਿੱਸਾ ਕਹਾਣੀ ਤੇ ਕਥਾਵਾਂ ਬਾਰੇ ਹਨ". ਏਸ ਤੋਂ ਪਤਾ ਲਗਦਾ ਹੈ ਕਿ ਇਹ ਪੁਸਤਕ ਮੰਤਕ ਸਬੰਧੀ ਨਹੀ ਸੀ।

ਅਲੰਕਾਰ ਸ਼ਾਸਤਰ

ਜਾਹਿਜ਼ (ਸੰਨ ੨੫੫ ਹਿ.) ਨੇ ਆਪਣੀ ਪੁਸਤਕ 'ਕਿਤਾਬੁਲ ਬਿਆਨ-ਵੱ-ਤਬਈਨ' ਵਿਚ ਲਿਖਿਆ ਹੈ* ਕਿ "ਜਿਸ ਸਮੇਂ ਯਹਿਯਾ ਬਿਨ ਖ਼ਾਲਿਦ ਬਰਮਕੀ ਨੇ ਬਹੁਤ ਸਾਰੇ ਹਿੰਦੂ ਪੰਡਤਾਂ ਨੂੰ ਸਦਿਆ ਸੀ, ਮੁਅਮਿਰ ਨੇ ਉਨ੍ਹਾਂ ਵਿਚੋਂ ਇਕ ਨੂੰ ਪੁੱਛਿਆ ਕਿ ਹਿੰਦੁਸਤਾਨ ਵਾਲਿਆਂ ਦੇ ਵਿਚਾਰ ਅਨੁਸਾਰ ਬਲਾਗ਼ਤ ਕਿਸ ਨੂੰ ਆਖਦੇ ਹਨ ? ਓਸ ਨੇ ਆਖਿਆ ਮੇਰੇ ਕੋਲ ਏਸ ਵਿਸ਼ੇ ਤੇ ਇਕ ਛੋਟਾ ਜੇਹਾ 'ਰਿਸਾਲਾ' ਹੈ ਪਰ ਮੈਂ ਏਸ ਦਾ ਉਲਥਾ ਨਹੀਂ ਕਰ ਸਕਦਾ ਅਤੇ ਨਾ ਇਹ ਵਿਦਿਆ ਮੈਨੂੰ ਆਉਂਦੀ ਹੀ ਹੈ। ਮੈਂ ਏਸ ਸੰਖੇਪ ਰਿਸਾਲੇ ਨੂੰ ਲੈਕੇ ਉਲਥਾਕਾਰਾਂ ਕੋਲ ਗਿਆ ਉਨ੍ਹਾਂ ਨੇ ਏਸ ਦਾ ਇਹ ਅਨੁਵਾਦ ਕੀਤਾ। ਇਸ ਪਿਛੋਂ ਜਾਹਿਜ਼ ਨੇ ਏਸ ਰਿਸਾਲੇ ਦਾ ਖ਼ੁਲਾਸਾ ਇਕ ਪੰਨੇ ਤੇ ਦਿੱਤਾ ਹੈ ਜਿਸ ਵਿਚ ਇਹ ਬਹਿਸ ਹੈ ਕਿ ਵਕਤਾ ਨੂੰ ਕਿਹੋ ਜੇਹਾ ਹੋਣਾ ਚਾਹੀਦਾ ਹੈ ਅਤੇ ਕਿਹੜੇ ਸਮੇਂ ਕਿਹੜਾ ਭਾਸ਼ਣ ਉਚਿਤ ਹੈ"।

ਇੰਦਰਜਾਲ

ਹਿੰਦੁਸਤਾਨ ਦੀ ਇਹ ਪਰਸਿਧ ਪੁਰਾਣੀ ਵਿਦਿਆ ਹੈ ਅਤੇ ਅਕਸਰ ਅਰਬੀ ਕਿਤਾਬਾਂ ਵਿਚ ਜਿੱਥੇ ਹਿੰਦੁਸਤਾਨ ਦੀ ਵਿਸ਼ੇਸ਼ਤਾਈਆਂ ਦਾ ਵਰਨਣ ਹੈ ਓਥੇ ਏਥੋਂ ਦੇ ਕਰਤਵਾਂ, ਬਾਜ਼ੀਗਰਾਂ ਤੇ ਜਾਦੂਗਰਾਂ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਇਬਨ ਨਦੀਮ ਆਖਦਾ ਹੈ

*ਕਿਤਾਬੁਲ ਬਿਆਨ-ਵੱ-ਤਬਈਨ ਜਿ. ਅੱਵਲ ਪੰਨਾ ੫੦ (ਮਿਸਰ)

"ਹਿੰਦੁਸਤਾਨ ਵਾਲਿਆਂ ਨੂੰ ਜਾਦੂ ਟੂਣੇ ਤੇ ਬੜਾ ਵਿਸ਼ਵਾਸ਼ ਹੈ"। ਫੇਰ ਆਖਦਾ ਹੈ ਕਿ "ਹਿੰ_ਸਤਾਨ ਵਾਲੇ 'ਇਲਮੇ ਤਵੱਹੁਮ' ਵਿਚ ਖ਼ਾਸ ਕਮਾਲ ਰਖਦੇ ਹਨ ਅਤੇ ਏਸ ਵਿਦਿਆ ਸਬੰਧੀ ਉਨ੍ਹਾਂ ਦੀਆਂ ਰਚਿਤ ਪੁਸਤਕਾਂ ਹਨ ਜਿਨ੍ਹਾਂ ਵਿਚੋਂ ਕੁਝ ਦਾ ਅਰਬੀ ਵਿਚ ਅਨੁਵਾਦ ਹੋਇਆ ਹੈ"। ਇਲਮੇ ਤਵੱਹੁਮ ਤੋਂ ਅਭਿਪਰਾਇ, ਸ਼ਾਇਦ ਓਹੀ ਚੀਜ਼ ਹੈ ਜਿਸ ਨੂੰ ਅਜ ਕਲ ਮਿਸਮਰੇਜ਼ਮ ਆਖਦੇ ਹਨ* । ਯਾਕੂਬੀ ਨੇ ਏਸ ਦੇ ਇਹ ਅਰਥ ਲਿਖੇ ਹਨ ਕਿ "ਜੇਹੋ ਜੇਹਾ ਖ਼ਿਆਲ ਕਰਕੇ ਨਿਸਚਾ ਕਰਵਾਇਆ ਜਾਵੇ ਓਹੋ ਜੇਹਾ ਹੀ ਹੋ ਜਾਵੇ" † । ਲਿਖਿਆ ਹੈ ਕਿ ਕੀਹਨ ਨਾਂ ਦੇ ਇਕ ਰਾਜੇ ਨੇ ਇਸ ਦੀ ਕਾਢ ਕਢੀ ਹੈ ।

ਇਬਨ ਨਦੀਮ ਨੇ ਇਕ ਹਿੰਦੂ ਲੇਖਕ ਦਾ ਵੇਰਵਾ ਦਿਤਾ ਹੈ ਜਿਸ ਦਾ ਨਾਂ ਸੰਪਾਦਕ ਤੋਂ ਵੀ ਪੜ੍ਹਿਆ ਨਹੀਂ ਗਿਆ ਅਤੇ ਏਵੇਂ ਜਿਵੇਂ ਲਕੀਰ ਬਣਾਕੇ ਏਸ ਨੂੰ ਛਡ ਦਿੱਤਾ ਗਿਆ ਹੈ । ਜ਼ਾਹਰ ਵਿਚ ਇਹ 'ਸੀਸਾ ਹਿੰਦੀ' ਮਲੂਮ ਹੁੰਦਾ ਹੈ। ਫੇਰ ਲਿਖਦਾ ਹੈ "ਇਹ ਪੁਰਾਣੇ ਲੋਕਾਂ ਵਿਚ ਹੈ ਏਸ ਦਾ ਨਜ਼ਰਬੰਦੀ ਤੇ ਜਾਦੂ ਦਾ ਢੰਗ ਹਿੰਦੁਸਤਾਨ ਵਾਲਾ ਹੈ। ਜਿਸ ਵਿਚ ਤਵੱਹੁਮ ਵਾਲਿਆਂ (ਮਿਸਮਰਾਈਜ਼ਰ ?) ਦਾ ਢੰਗ ਵਰਤਿਆ ਗਿਆ ਹੈ । ‡

ਕਥਾ ਕਹਾਣੀ

ਏਸ ਪਰਸੰਗ ਵਿਚ ਹਿੰਦੁਸਤਾਨ ਦੀਆਂ ਕਈ ਪੁਸਤਕਾਂ ਅਰਬੀ ਵਿਚ ਅਨੁਵਾਦ ਹੋਈਆਂ ਜਿਨ੍ਹਾਂ ਵਿਚੋਂ ਦੋ ਦੇ ਨਾਂ ਸਿੰਧਬਾਦ ਹਕੀਮ (ਪੰਡਤ) ਦੀ ਪੁਸਤਕ ਹੈ। ਏਸ ਦੇ ਦੋ ਨੁਸਖੇ ਹਨ ਇਕ ਛੋਟਾ ਦੂਜਾ ਵੱਡਾ। ਇਸ ਪੁਸਤਕ ਸਬੰਧੀ ਬਾਜ਼ਿਆਂ ਦਾ ਖਿਆਲ ਹੈ ਕਿ ਓਹ ਈਰਾਨੀਆਂ ਦੀ ਲਿਖਤ ਹੈ ਪਰ ਇਬਨ ਨਦੀਮ ਆਖਦਾ ਹੈ ਕਿ "ਠੀਕ ਏਹ ਹੈ ਕਿ ਇਹ ਹਿੰਦੁਸਤਾਨ ਦੀ ਲਿਖਤ ਹੈ" ਇਹ ਸੰਭਵ ਹੈ ਕਿ ਇਹ ਪੁਸਤਕ ਵੀ ਕੁਝ ਹੋਰ ਪੁਸਤਕਾਂ

*ਅਲਫ਼ਹਿਰਿਸ੍ਤ ਪੰਨਾ ੩੦੯

†ਯਾਕੂਬੀ ਜਿ. ੧ ਪੰਨਾ ੯੭.

‡ਇਬਨ ਨਦੀਮ ਪੰਨਾ ੩੧੨

ਵਾਂਙੂ ਪਹਿਲਾਂ ਫ਼ਾਰਸੀ ਵਿਚ ਉਲਥਾਈ ਗਈ ਹੋਵੇ ਅਤੇ ਫੇਰ ਫ਼ਾਰਸੀ ਤੋਂ ਅਰਬੀ ਵਿਚ ਬਦਲੀ ਗਈ ਹੋਵੇ, ਏਸੇ ਕਰਕੇ ਲੋਕਾਂ ਨੂੰ ਇਸ ਦੇ ਈਰਾਨੀ ਹੋਣ ਦਾ ਧੋਖਾ ਹੋਇਆ ਹੋਵੇ ।

ਅਲਫ਼ ਲੈਲਾ ਵਿਚ ਸਿੰਧਬਾਦ ਬੱਰੀ (ਸਿੰਧਬਾਦ ਦੇ ਖੁਸ਼ਕੀ ਦੇ ਸਫ਼ਰ) ਅਤੇ ਸਿੰਧਬਾਦ ਬਹਿਰੀ (ਸਿੰਧਬਾਦ ਦੇ ਪਾਣੀਆਂ ਦੇ ਸਫ਼ਰ) ਨਾਂ ਦੇ ਦੋ ਕਿੱਸੇ ਹਨ, ਜਿਨ੍ਹਾਂ ਵਿਚੋਂ ਇਕ ਵਿਚ ਤਾਂ ਸਿੰਧਬਾਦ ਨਾਂ ਦੇ ਇਕ ਵਪਾਰੀ ਦੇ ਸਮੁੰਦਰੀ ਸਫ਼ਰ ਅਤੇ ਦੂਜੇ ਵਿਚ ਓਸ ਦੇ ਖੁਸ਼ਕੀ ਦੇ ਸਫ਼ਰ ਦੀਆਂ ਵਚਿਤਰ ਘਟਨਾਵਾਂ ਦਰਜ ਹਨ। ਏਸ ਸਿੰਧਬਾਦ ਦੇ ਸ਼ਬਦ ਤੋਂ ਕਈ ਵਿਅਕਤੀਆਂ ਨੂੰ ਇਹ ਸੁਭਾ ਹੋਇਆ* ਕਿ ਓਹ ਹਿੰਦੀ ਕਿੱਸਾ ਏਹੀ ਹੈ, ਪਰ ਇਹ ਠੀਕ ਨਹੀਂ ਕਿਉਂ ਜੋ ਪਹਿਲਾਂ ਤਾਂ ਇਹ ਹਕੀਮ ਸਿੰਧਬਾਦ † ਦੇ ਕਿਸੇ ਹਨ, ਤੇ ਅਲਫ਼ ਲੈਲਾ ਵਿਚਲੇ, ਵਪਾਰੀ ਸਿੰਧਬਾਦ ਦੇ। ਦੂਜੇ ਅਲਫ਼ ਲੈਲਾ ਦੇ ਸਿੰਧਬਾਦ ਦੇ ਸਫ਼ਰ ਦੇ ਜੋ ਕਿੱਸੇ ਹਨ ਓਹ ਹਿੰਦੂ ਭਾਵਾਂ ਅਤੇ ਹਾਲਾਤ ਦੇ ਬਿਲਕੁਲ ਅਨੁਕੂਲ ਨਹੀਂ । ਫੇਰ ਮਸਊਦੀ‡ ਨੇ ਏਸ ਕਹਾਣੀ ਦੇ ਪਾਤਰ ਇਹ ਲਿਖੇ ਹਨ "ਸਤ ਵਜ਼ੀਰ, ਇਕ ਗੁਰੂ, ਇਕ ਮੁੰਡੇ ਇਕ ਰਾਣੀ ਵਾਲੀ ਕਹਾਣੀ" ਇਹ ਅਲਫ਼ਲੈਲਾ ਵਾਲੇ ਸਿੰਧਬਾਦ ਤੇ ਢੁਕਦੀ ਨਹੀਂ।

ਏਸ ਤੋਂ ਬਿਨਾਂ ਹਿੰਦੀ ਦੀਆਂ ਕੁਝ ਹੋਰ ਕਹਾਣੀਆਂ ਵੀ ਅਰਬਾਂ ਨੇ ਆਪਣੀ ਬੋਲੀ ਵਿਚ ਨਕਲ ਕਰਵਾਈਆਂ ਜਿਨ੍ਹਾਂ ਵਿਚੋਂ ਇਕ 'ਦੀਪਕ' ਹਿੰਦੀ ਦੀ ਕਹਾਣੀ ਹੈ ਜਿਸ ਵਿਚ ਇਕ ਜ਼ਨਾਨੀ ਤੇ ਇਕ ਮਰਦ ਦੀ ਕਥਾ ਹੈ। ਇਕ ਹਜ਼ਰਤ ਆਦਮ ਦੇ ਧਰਤੀ ਤੇ ਆਉਣ ਦੀ ਕਹਾਣੀ ਹੈ।§ ਮਲੂਮ ਨਹੀਂ ਏਸ ਕਹਾਣੀ ਤੋਂ ਕਿਹੜੀ ਦੇਵ ਬਾਣੀ (ਸੰਸਕ੍ਰਿਤ) ਦੀ ਕਥਾ ਵਲ ਸੈਨਤ ਹੈ। ਏਸੇ ਤਰ੍ਹਾਂ ਇਕ ਰਾਜੇ ਦੀ ਕਹਾਣੀ ਹੈ ਜਿਸ ਵਿਚ ਲੜਨ ਤੇ ਤਰਨ ਦਾ ਬਿਆਨ ਹੈ। ਇਕ ਹੋਰ ਕਹਾਣੀ ਵਿਚ ਦੋ ਹਿੰਦੀਆਂ ਦਾ ਹਾਲ

---

*ਰਸਾਇਲੇ ਸ਼ਿਬਲੀ ਪੰ: ੨੬੩ ਪਹਿਲੀ ਐਡੀਸ਼ਨ ਅਨੁਵਾਦਾਂ ਦਾ ਪਰਕਰਣ ।

†ਫਹਿਰਿਸਤ ਪੰ. ੩੦੫ ਸਤਰ ੨,੨੦ ਅਤੇ ਯਾਕੂਬੀ ਜਿ. ੧ ਪੰਨਾ ੧੦੫.

‡ਤਾਰੀਖ਼ ਮਰੁਜੁਜ਼ੱਹਬ ਮਸਊਦੀ ਜਿ. ੧ ਪੰ. ੧੬੨ (ਲੀਡਨ).

§ਫ਼ਹਿਰਿਸਤ ਇਬਨ ਨਦੀਮ ਪੰ. ੩੦੫

ਹੈ, ਜਿਨ੍ਹਾਂ ਵਿਚੋਂ ਇਕ ਸਖੀ-ਦਾਤਾ ਅਤੇ ਦੂਜਾ ਕੰਜੂਸ ਮਖੀ-ਚੂਸ ਸੀ। ਦੋਹਾਂ ਦੀ ਉਦਾਰਤਾ ਅਤੇ ਕੰਜੂਸੀ ਸਬੰਧੀ ਗੋਸ਼ਟ ਤੇ ਉਸ ਤੋਂ ਉਪਰੰਤ ਰਾਜੇ ਦਾ ਫ਼ੈਸਲਾ ਹੈ।* ਇਕ ਹੋਰ ਪੁਸਤਕ ਤਿਰੀਆ ਚਰਿਤਰ (ਔਰਤਾਂ ਦੇ ਫ਼ਰੇਬ) ਸਬੰਧੀ ਉਲਥਾ ਹੋਈ ਏਸ ਦੇ ਕਰਤਾ ਦਾ ਨਾਂ ਰਾਜਾ ਕੋਸ਼ ਲਿਖਿਆ ਹੈ।†

ਇਕ ਹੋਰ ਕਿਤਾਬ ਇਲਮੁਲ ਹਿੰਦ(ਹਿਕਮੁਲ ਹਿੰਦ ?)ਦਾ ਵੀ ਪਤਾ ਲਗਦਾ ਹੈ ਜਿਸ ਦਾ ਪਹਿਲਾਂ ਗਦ ਵਿਚ ਉਲਥਾ ਹੋਇਆ ਫੇਰ ਅੱਬਾਨ ਕਵੀ‡ ਨੇ ਏਸ ਨੂੰ ਪਦ ਵਿਚ ਬਦਲਿਆ। ਹਿੰਦੁਸਤਾਨ ਦੇ ਕਈ ਕਿੱਸਿਆਂ ਤੇ ਕਹਾਣੀਆਂ ਦੇ ਹਵਾਲੇ ਇਖਵਾਨੁੱਸਫ਼ਾ ਦੇ ਰਸਾਲਿਆਂ ਵਿਚ ਮਿਲਦੇ ਹਨ।

ਸਦਾਚਾਰ ਤੇ ਨੀਤੀ

ਪੁਰਾਣਿਆ ਵਿਦਵਾਨਾਂ ਦ , ਇਕ ਰੀਤੀ ਸੀ ਕਿ ਓਹ ਸਦਾਚਾਰ, ਨੀਤੀ ਅਤੇ ਸਿਆਣਪ ਦੀਆਂ ਗੱਲਾਂ ਕਿਸੇ, ਕਹਾਣੀਆਂ ਅਤੇ ਉਦਾਹਰਣਾਂ ਰਾਹੀਂ ਬਿਆਨ ਕੀਤਾ ਕਰਦੇ ਸਨ ਅਤੇ ਕੁੱਤਿਆਂ, ਚੂਹਿਆਂ, ਵਿੱਲੀਆਂ, ਕੌਵਾਂ, ਦੇ ਮੂੰਹੋਂ ਵਿਚਾਰ ਦੀਆਂ ਗੱਲਾਂ ਅਖਵਾਕੇ ਮਨੁੱਖ ਮਾਤਰ ਨੂੰ ਸਮਝਾਉਂਦੇ ਸਨ। ਸੰਸਕ੍ਰਿਤ ਦੀ ਇਕ ਖਾਸ ਪੁਸਤਕ, ਜਿਸ ਨੇ ਫ਼ਾਰਸੀ ਅਰਬੀ ਵਿਚ ਏਸ ਲਿਹਾਜ਼ ਨਾਲ ਖਾਸ ਪਰਸਿਧੀ ਪਰਾਪਤ ਕੀਤੀ, ਕਲੀਲਾ ਦਿਮਨਾ ਹੈ ਜਿਸ ਦਾ ਬੈਰੂਨੀ ਦੇ ਕਥਨ ਅਨੁਸਾਰ ਸੰਸਕ੍ਰਿਤ ਨਾਂ 'ਪੰਚ ਤੰਤਰ' ਹੈ। ਇਹ ਪੁਸਤਕ ਇਸਲਾਮ ਤੋਂ ਪਹਿਲਾਂ ਸੰਸਕ੍ਰਿਤ ਤੋਂ ਈਰਾਨ ਦੇ ਸਾਸਾਨੀ ਬਾਦਸ਼ਾਹਾਂ ਦੇ ਸਮੇਂ ਵਿਚ ਫ਼ਾਰਸੀ ਵਿਚ ਤਰਜਮਾ ਹੋਈ। ਫ਼ੇਰ ਅਬਦੁੱਲਾ ਬਿਨ ਮੁਕੱਫ਼ਾ ਨੇ ਦੂਜੀ ਸਦੀ ਹਿਜਰੀ ਦੇ ਮੱਧ ਵਿਚ ਏਸ ਕਿਤਾਬ ਨੂੰ ਅਰਬੀ ਵਿਚ ਉਲਥਾਇਆ। ਏਸ ਕਿਤਾਬ ਨੇ ਅਰਬੀ ਵਿਚ ਇੰਨੀ ਪਰਸਿਧੀ ਪਰਾਪਤ ਕੀਤੀ ਅਤੇ ਬਾਦਸ਼ਾਹਾਂ ਤੇ ਅਮੀਰਾਂ ਨੇ ਏਸ ਦੀ ਇੰਨੀ ਕਦਰ ਕੀਤੀ ਕਿ ਅਰਬੀ

---

*ਫ਼ਿਹਰਿਸਤ ਇਬਨ ਨਦੀਮ ਪੰ. ੩੧੬

†ਤਾਰੀਖ਼ ਯਾਕੂਬੀ ਜਿ. ੧ ਪੰਨਾ ੧੦੫

‡ਇਬਨ ਨਦੀਮ ਪੰ. ੧੧੯ ਗਾਲਬਨ ਇਹ ਓਹੀ ਕਿਤਾਬ ਕਲੀਲਾ ਦਿਮਨਾ ਹੈ ਜਿਸ ਦਾ ਜ਼ਿਕਰ ਅਗੇ ਆਉਂਦਾ ਹੈ।

ਤੋਂ ਫ਼ਾਰਸੀ ਵਿਚ, ਫ਼ਾਰਸੀ ਤੋਂ ਅਰਬੀ ਵਿਚ, ਗਦ ਤੋਂ ਪਦ ਵਿਚ ਤੇ ਪਦ ਤੋਂ ਗਦ ਵਿਚ ਏਸ ਨੂੰ ਕਈ ਬਾਰ ਬਦਲਿਆ ਜਾਂਦਾ ਰਿਹਾ ਅਤੇ ਉਲਥਾਕਾਰ ਕਵੀ ਤੇ ਲੇਖਕ ਲੋਕ ਏਸ ਦੇ ਗਦ ਤੇ ਪਦ ਦਿਆਂ ਉਲਥਿਆਂ ਵਿਚ ਆਪਣੇ ਜੌਹਰ ਵਿਖਾ ਵਿਖਾ ਕੇ ਮੁਸਲਮਾਨ ਬਾਦਸ਼ਾਹਾਂ ਤੋਂ ਵੱਡੇ ਵੱਡੇ ਇਨਾਮ ਪਰਾਪਤ ਕਰਦੇ ਰਹੇ। ਦੂਜੀ ਸਦੀ ਦੇ ਅਖ਼ੀਰ ਵਿਚ ਅੱਬਾਨ ਨਾਂ ਦੇ ਇਕ ਅਰਬੀ ਸ਼ਾਇਰ ਨੇ ਜਦੋਂ ਏਸ ਦਾ ਅਰਬੀ ਨਜ਼ਮ ਵਿਚ ਉਲਥਾ ਕਰਕੇ ਹਾਰੂੰ ਰਸ਼ੀਦ ਦੇ ਵਜ਼ੀਰ ਜਾਫ਼ਰ ਬਰਮਕੀ ਦੀ ਸੇਵਾ ਵਿਚ ਪੇਸ਼ ਕੀਤਾ ਤਾਂ ਓਸ ਨੇ ਓਸ ਨੂੰ ਇਕ ਲਖ ਦਿਰਹਮ ਇਨਾਮ ਦਿੱਤਾ* ਅਰਬੀ ਤੋਂ ਏਸ ਕਿਤਾਬ ਦੇ ਉਲਥੇ ਦੁਨੀਆ ਭਰ ਦੀਆਂ ਬੋਲੀਆਂ ਵਿਚ ਹੋਏ। ਯੂਰਪ, ਏਸ਼ੀਆ ਅਤੇ ਅਫ਼ਰੀਕਾ ਦੀ ਕੋਈ ਸੱਭਯ ਭਾਸ਼ਾ ਨਹੀਂ ਜਿਸ ਵਿਚ ਏਸ ਦਾ ਉਲਥਾ ਨਹੀਂ ਹੋਇਆ। ਏਸ ਕਿਤਾਬ ਦੇ ਅਨੁਵਾਦਾਂ ਤੇ ਸੰਚੀਆਂ ਦੇ ਉਲਟ ਫੇਰ ਦਾ ਖ਼ੁਦ ਇਕ ਖ਼ਾਸ ਵੱਡਾ ਇਤਿਹਾਸ ਹੈ। ਉਰਦੂ ਵਿਚ ਡਾਕਟਰ ਸੱਯਦ ਅਲੀ ਬਿਲਗਰਾਮੀ ਸੁਰਗਵਾਸੀ ਨੇ ਮੁਸਲਿਮ ਐਜੂਕੇਸ਼ਨਲ ਕਾਨਫ਼ਰੰਸ ਦੇ ਅਲੀਗੜ੍ਹ ਦੇ ਇਜਲਾਸ ਵਿਚ ਜੋ ਸੰਨ ੧੯੬੧ ਈ. ਵਿਚ ਹੋਇਆ ਸੀ, ਇਸ ਵਿਸ਼ੇ ਤੇ ਇਕ ਵਿਸਥਾਰ ਪੂਰਬਿਕ ਖੋਜ ਭਰਿਆ ਲੈਕਚਰ ਦਿੱਤਾ ਸੀ। ਏਸ ਸਬੰਧੀ ਦੂਜਾ ਲੇਖ ਮੇਰਾ ਹੈ ਜੋ ਅਲੀਗੜ੍ਹ ਦੇ ਮਾਸਕ ਮੈਗਜ਼ੀਨ ਵਿਚ ਸ਼ਾਇਦ ਸੰਨ ੧੯੦੫ ਈ. ਜਾਂ ਇਸ ਦੇ ਇਕ ਅੱਧ ਸਾਲ ਅੱਗੇ ਪਿੱਛੇ ਛਪਿਆ ਹੈ।

ਏਸ ਪੁਸਤਕ ਦਾ ਲੇਖਕ ਬੇਦਪਾ ਪੰਡਤ ਹੈ ਅਤੇ ਜਿਸ ਰਾਜਾ ਲਈ ਇਹ ਲਿਖੀ ਗਈ ਓਸ ਦਾ ਨਾਂ ਦਾਬੇਸ਼ਲੀਮ ਦੱਸਿਆ ਗਿਆ ਹੈ। ਬਾਦਸ਼ਾਹਾਂ ਨੂੰ ਜਿਨ੍ਹਾਂ ਗੱਲਾਂ ਦੀ ਜ਼ਰੂਰਤ ਹੈ ਉਨ੍ਹਾਂ ਦੀ ਜਾਨਵਰਾਂ ਦੇ ਕਿੱਸਿਆਂ ਕਹਾਣੀਆਂ ਰਾਹੀਂ, ਦਸ ਅਧਿਆਵਾਂ ਵਿਚ, ਸ਼ਿਕਸ਼ਾ ਦਿਤੀ ਗਈ ਹੈ। ਅਜੇਹਾ ਸਲੂਮ ਹੁੰਦਾ ਹੈ ਕਿ ਦਾਬੇਸ਼ਲੀਮ ਜਿਸ ਰਾਜੇ ਦਾ ਨਾਂ ਦੱਸਿਆ ਗਿਆ ਹੈ ਉਹ ਗੁਜਰਾਤ ਦਾ ਰਾਜਾ ਸੀ ਕਿਉਂ ਜੋ ਚੌਥੀ ਸਦੀ

*ਕਿਤਾਬੁਲ ਵੁਜ਼ਰਾਇ-ਵਲ-ਕਿਤਾਬ ਜਹਿਸ਼ਿਆਰੀ ਵੀਆਇਨਾ (ਅਸਟਰੀਆ) ਦੀ ਛਪੀ ਸੰ. ੧੯੨੬ ਪੰ. ੨੫੯.

ਹਿਜਰੀ (ਦਸਵੀਂ ਸਦੀ ਈਸਵੀ) ਦੇ ਅਰਬ ਯਾਤਰੂ ਇਬਨ ਹੌਕਲ ਨੇ ਗੁਜਰਾਤ ਦੇ ਰਾਜਾ ਵਲਭ ਰਾਇ ਦਾ ਨਾਂ ਲੈ ਕੇ ਲਿਖਿਆ ਹੈ ਕਿ "ਤਮਸੀਲਾਂ ਵਾਲੀ ਪੁਸਤਕ (ਕਿਤਾਬੁਲ ਅਮਸਾਲ) ਵਾਲਾ ਰਾਜਾ" * । ਅਤੇ ਅਰਬੀ ਵਿਚ ਤਮਸੀਲਾਂ ਵਾਲੀ ਪੁਸਤਕ ਏਹੋ 'ਕਲੀਲਾ ਦਿਮਨਾ' ਸਮਝੀ ਜਾਂਦੀ ਹੈ। ਯਾਕੂਬੀ ਨੇ ਲਿਖਿਆ ਹੈ ਕਿ ਰਾਜਾ ਦਾਬੇਸ਼ਲੀਮ ਦੇ ਸਮੇਂ ਬੇਦਪਾ ਪੰਡਤ ਨੇ ਇਹ ਕਿਤਾਬ ਲਿਖੀ † ਅਤੇ ਤਾਰੀਖ਼ੇ ਫ਼ਰਿਸ਼ਤਾ ਵਿਚ ਲਿਖਿਆ ਹੈ ਕਿ ਸੁਲਤਾਨ ਮਹਿਮੂਦ ਦੇ ਗੁਜਰਾਤ ਦੇ ਹਮਲੇ ਸਮੇਂ ਗੁਜਰਾਤ ਦੇ ਗਦੀਉਂ ਲਥੇ ਰਾਜਾ ਦੇ ਖ਼ਾਨਦਾਨ ਦੀ ਉਪਾਧੀ ਦਾਬੇਸ਼ਲੀਮ ਸੀ।

ਪ੍ਰੋਫੈਸਰ ਜ਼ਖਾਊ ਦੀ ਭੁੱਲ

'ਇੰਡੀਆ' ਦੇ ਮੁਖਬੰਧ ਵਿਚ ਪ੍ਰੋਫੈਸਰ ਜ਼ਖਾਊ ਇਬਨ ਨਦੀਮ ਦੇ ਹਵਾਲੇ ਤੋਂ ਕਿਤਾਬ ਬੇਦਪਾ ਫ਼ਿਲ ਹਿਕਮਤ (ਬੇਦਪਾ ਦੀ ਪੁਸਤਕ ਸਿਆਣਪ ਸਬੰਧੀ) ਦਾ ਨਾਂ ਲਿਆ ਹੈ। ਇਸ ਦੀ ਖੋਜ ਇਹ ਹੈ ਕਿ ਬੇਦਪਾ ਅਸਲ ਵਿਚ ਵੇਦ ਵਿਆਸ ਹੈ ਜੋ ਵਿਦਾਂਤ ਦਾ ਮੋਢੀ ਸੀ। ਏਸ ਲਈ ਸਿਆਣਪ ਦੇ ਵਿਸ਼ੇ ਸਬੰਧੀ ਬੇਦਪਾ ਦੀ ਪੁਸਤਕ ਤੋਂ ਮੁਰਾਦ ਵੇਦਾਂਤ ਹੈ ਫੇਰ ਏਸ ਗ਼ਲਤ ਅਨੁਮਾਨ ਉਤੇ ਇਕ ਹੋਰ ਅਨੁਮਾਨ ਖੜਾ ਕਰ ਲਿਆ ਕਿ ਮੁਸਲਮਾਨਾਂ ਵਿਚ ਇਕੋ ਬ੍ਰਹਮ ਦੀ ਫ਼ਿਲਾਸਫੀ ਦਾ ਸਿਧਾਂਤ ਏਸੇ ਵੇਦ ਵਿਆਸ ਦੇ ਤਰਜਮੇ ਤੋਂ ਆਇਆ। ‡ ਅਸਾਂ ਨੂੰ ਏਸ ਗੱਲ ਤੋਂ ਇਨਕਾਰ ਨਹੀਂ ਕਿ ਪਿੱਛਲੇ ਮੁਸਲਮਾਨ ਸੂਫ਼ੀਆਂ ਉਤੇ ਵੇਦਾਂਤ ਦਾ ਅਸਰ ਨਹੀਂ ਪਿਆ। ਪਰ ਏਸ ਤੋਂ ਇਨਕਾਰ ਹੈ ਕਿ ਏਸ ਪੁਰਾਤਨ ਸਮੇਂ ਵਿਚ ਵੇਦਾਂਤ ਤੋਂ ਅਰਬਾਂ ਤੇ ਮੁਸਲਮਾਨਾ ਨੂੰ ਕਿਸੇ ਕਿਸਮ ਦੀ ਵਾਕਫ਼ੀ ਸੀ ਵੀ। ਮੁਢਲੇ ਮੁਸਲਮਾਨ ਸੂਫੀਆਂ ਦੇ ਏਕਾਬ੍ਰਹਮ ਵਾਲੇ ਸਿਧਾਂਤ ਤੇ ਇਸਕੰਦਰੀਆ ਦੇ ਨਵੇਂ ਅਫ਼ਲਾਤੂਨੀ ਫ਼ਲਸਫ਼ੇ ਦਾ ਅਸਰ ਅਲਬੱਤਾ ਪਿਆ ਹੈ। ਜੋ ਵੀ ਹੋਵੇ, ਏਥੇ ਏਸ ਮਸਲੇ ਦੇ ਇਤਿਹਾਸ ਸਬੰਧੀ ਕੋਈ ਵਿਚਾਰ ਨਹੀਂ ਸਗੋਂ ਇਬਨ

---

* ਸਫ਼ਰਨਾਮਾ ਇਬਨ ਹੌਕਲ ਪੰ. ੨੨੭

† ਜਿਲਦ ਅੱਵਲ ਪੰ. ੯੭

‡ ਮੁਕਦਮਾ ਇੰਡੀਆ ਪੰਨਾ ੩੩.

ਨਦੀਮ ਦੇ ਏਸ ਵਾਕ ਤੋਂ ਵਿਦਵਾਨ ਖੋਜੀ ਨੂੰ ਜੋ ਧੋਖਾ ਹੋਇਆ ਹੈ ਏਸ ਨੂੰ ਦੂਰ ਕਰਨ ਦੀ ਲੋੜ ਹੈ। ਅਰਬੀ ਵਿਚ ਹਿਕਮਤ, ਸਿਆਣਪ, ਚਤੁਰਾਈ ਅਤੇ ਉਦਾਹਰਨਾਂ ਦੁਆਰਾ ਜੋ ਗਿਆਨ ਤੇ ਉਪਦੇਸ਼ ਦੀਆਂ ਗਲਾਂ ਸਮਝਾਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਹਿਕਮਤ ਆਖਦੇ ਹਨ । ਬੇਦਪਾ ਦੀ ਕਿਤਾਬ ਤੋਂ ਮੁਰਾਦ ਏਹੋ ਕਲੀਲਾ ਦਿਮਨਾ ਵਾਲੀ ਪੁਸਤਕ ਹੈ ਜਿਸ ਦਾ ਕਰਤਾ ਏਸ ਦੇ ਫ਼ਾਰਸੀ ਉਲਥੇ ਦੇ ਆਰੰਭ ਵਿਚ ਬੇਦਪਾ ਪੰਡਤ ਦੱਸਿਆ ਗਿਆ ਹੈ* । ਅਤੇ ਜਿਸਦਾ ਵਿਸ਼ਾ ਕਿੱਸਿਆਂ ਅਤੇ ਉਦਾਹਰਣਾਂ ਰਾਹੀਂ ਸਿਆਣਪ ਦੀਆਂ ਗੱਲਾਂ ਸਿਖਾਉਣਾ ਹੈ । ਏਸੇ ਲਈ ਇਬਨ ਨਦੀਮ ਨੇ ਬੇਦਪਾ ਦੀ 'ਕਿਤਾਬੇ ਹਿਕਮਤ' ਦਾ ਨਾਂ ਕਿੱਸਿਆਂ ਅਤੇ ਕਥਾਵਾਂ ਦੇ ਪਰਸੰਗ ਵਿਚ ਲਿਆ ਹੈ। ਦਰਸ਼ਨ ਦੇ ਪਰਸੰਗ ਵਿਚ ਨਹੀਂ ਲਿਆ ।

ਜੋ ਵੀ ਹੋਵੇ, ਇਹ ਉਹ ਜ਼ਰੂਰੀ ਪੁਸਤਕ ਹੈ ਜਿਸ ਨੂੰ ਹਿੰਦੁਸਤਾਨ ਦੇ ਦਿਮਾਗ਼ ਨੇ ਪੈਦਾ ਕੀਤਾ ਅਤੇ ਅਰਬਾਂ ਦੇ ਯਤਨਾਂ ਨੇ ਏਸਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਫੈਲਾ ਦਿਤਾ । ਬੈਰੂਨੀ ਲਿਖਦਾ ਹੈ ਕਿ ਅਬਦੁੱਲਾ ਬਿਨ ਮੁਕੱਫ਼ਾ ਮਜੂਸੀ (ਮਾਨੀ ਸੰਪਰਦਾ ਦੇ ਅਨੁਸਾਰੀ) ਨੇ ਆਪਣੇ ਵਿਚਾਰ ਤੇ ਵਿਸ਼ਵਾਸ਼ ਅਨੁਸਾਰ ਅਸਲ ਪੁਸਤਕ ਦੇ ਤਰਜਮੇ ਵਿਚ ਪਾਠ ਬਦਲੇ ਹਨ। ਮੇਰੀ ਦਿਲੀ ਇਛਿਆ ਸੀ ਕਿ ਮੈਨੂੰ ਓਸਦੀ ਅਸ਼ਲ ਪੁਸਤਕ, ਪੰਜ ਤੰਤਰ ਤੋਂ ਸ਼ੁਧ ਅਤੇ ਜਿਉਂ ਦਾ ਤਿਉਂ ਤਰਜਮਾ ਕਰਨ ਦਾ ਮੌਕਾ ਮਿਲ ਸਕਦਾ † । ਪਰ ਮਲੂਮ ਹੁੰਦਾ ਹੈ ਕਿ ਬੈਰੂਨੀ ਨੂੰ ਏਸ ਦਾ ਮੌਕਾ ਨਾ ਮਿਲ ਸਕਿਆ। ਇਹ ਪੁਸਤਕ ਅਰਬੀ ਵਿਚ ਆਮ ਹੈ ਅਤੇ ਮੁੰਡਿਆਂ ਦੀ ਸਕੂਲੀ ਪੜ੍ਹਾਈ ਦੇ ਕੋਰਸਾਂ ਵਿਚ ਅਜ ਕਲ ਵੀ ਕਿਤੇ ਕਿਤੇ ਦਾਖ਼ਲ ਹੈ।

ਹਿੰਦੀ ਸਿਆਣਪ ਤੇ ਚਤੁਰਾਈ ਦੀ ਦੂਜੀ ਪੁਸਤਕ 'ਬੁਜ਼ਾਸਫ--ਵ ਬਲੋਹਰ' ਹੈ-ਜਿਸ ਦੀ ਪਰਸਿਧੀ ਭਾਂਵੇ ਕਲੀਲਾ ਦਿਮਨਾ ਤੋਂ ਘਟ ਹੈ

---

*ਯਾਕੂਬੀ ਜਿਲਦ ਪਹਿਲੀ ਪੰ. ੯੭.

†ਕਿਤਾਬੁਲ ਹਿੰਦ ਪੰ. ੭੬ (ਲੰਡਨ)

ਪਰ ਏਸ ਦੀ ਮਹੱਤਤਾ ਤੇ ਉਚੱਤਾ ਏਸ ਤੋਂ ਕਿਤੇ ਵਧੇਰੇ ਹੈ। ਇਬਨ ਨਦੀਮ ਨੇ ਏਸ ਦਾ ਵੇਰਵਾ ਇਨ੍ਹਾਂ ਹਿੰਦੀ ਕਥਾਵਾਂ ਵਿਚ ਕੀਤਾ ਹੈ ਜੋ ਅਰਬੀ ਵਿਚ ਅਨੁਵਾਦ ਹੋਈਆਂ ਹਨ। ਏਸ ਵਿਚ ਤਾਂ ਕੋਈ ਸੰਦੇਹ ਨਹੀਂ ਕਿ ਬੂਜ਼ਾਸਫ਼ ਦਾ ਮਤਲਬ ਮਹਾਤਮਾ ਬੁਧ ਹੈ। ਪੁਰਾਣੀ ਫ਼ਾਰਸੀ ਵਿਚ 'ਦ' ਦੀ ਥਾਂ 'ਜ਼' ਲਿਖਦੇ ਸਨ ਏਸ ਲਈ ਬੂਦਾਸਫ਼ ਦੀ ਥਾਂ ਬੂਜ਼ਾਸਫ਼ ਬਣ ਗਿਆ। ਅਖੀਰ ਸ਼ਬਦਾਂਗ 'ਸਫ਼' ਜ਼ਖਾਊ ਦੇ ਕਹਿਨ ਅਨੁਸਾਰ 'ਸਤਵ' ਹੈ। ਬੋਧੀ ਸਤਵ ਦਾ ਬੂਜ਼ਾਸਫ਼ ਬਣ ਗਿਆ ਹੈ ਕਿਉਂਕਿ ਖਾਸ ਪਰਕਾਰ ਦਾ 'ਵਾ', ਜਿਵੇਂ ਰੋਮਨ (V), * ਅਰਬੀ ਵਿਚ 'ਫ' ਹੋ ਜਾਂਦਾ ਹੈ। ਫੇਰ ਬਲੋਹਰ ਦਾ ਮੂਲ ਜ਼ਖਾਊ ਸਾਹਿਬ 'ਪਰੋਹੇਤਰ' ਸਮਝਦੇ ਹਨ ਜਿਸ ਦੇ ਅਰਥ ਗੁਰੂ ਦੇ ਹਨ। ਏਸ ਕਿਤਾਬ ਵਿਚ, ਬੁਧ ਦੇ ਜਨਮ; ਸ਼ਿਕਸ਼ਾ; ਅਤੇ ਫੇਰ ਇਕ ਅਚਨਚੇਤ ਘਟਨਾ ਕਾਰਣ ਉਸਦਾ ਦੁਨੀਆ ਤੋਂ ਅਵਾਜ਼ਾਰ ਹੋ ਜਾਣਾ ਤੇ ਏਸ ਦੀ ਖਬਰ ਸੁਣਕੇ ਸਰੰਦੀਪ ਦੇ ਇਕ ਜੋਗੀ (ਫ਼ਕੀਰ) ਦਾ ਸੁਦਾਗਰ ਦੇ ਭੇਖ ਵਿਚ ਓਸ ਕੋਲ ਆਉਣਾ ਫੇਰ ਗੁਰੂ ਚੇਲੇ ਦੋਹਾਂ ਵਿਚਕਾਰ ਸ੍ਰਿਸ਼ਟੀ ਦੇ ਗੁੜ੍ਹ ਰਹੱਸਾਂ ਸਬੰਧੀ ਕਥਾਵਾਂ, ਕਹਾਣੀਆਂ, ਉਪਮਾਵਾਂ ਅਤੇ ਉਦਾਹਰਣਾਂ ਆਦਿ ਦੇ ਰੂਪ ਵਿਚ ਅਜੇਹੀਆਂ ਗੱਲਾਂ ਬਾਰੇ ਜੋ ਤਸੱਲੀ ਬਖ਼ਸ਼ ਪਰਸ਼ਨੋਤਰ ਹੋਏ ਸਨ (ਦਰਜ ਹਨ)। ਇਹ ਕਿਤਾਬ ਅਰਬੀ ਭਾਸ਼ਾ ਤੋਂ ਅਨੇਕ ਭਾਸ਼ਾਵਾਂ ਵਿਚ ਫੈਲੀ ਅਤੇ ਧਾਰਮਕ ਖੇਤਰਾਂ ਵਿਚ ਇੰਨੀ ਪਸੰਦ ਕੀਤੀ ਗਈ ਕਿ ਈਸਾਈਆਂ ਨੇ ਏਸ ਨੂੰ ਆਪਣੇ ਇਕ ਚੰਗੇ ਧਰਮਾਤਮਾ ਦੀ ਰਚਨਾ ਬਣਾ ਲਿਆ। ਮੁਸਲਮਾਨਾਂ ਦੇ ਇਕ ਫ਼ਿਰਕੇ ਨੇ ਏਸ ਦੇ ਇਕ ਵੱਡੇ ਅੰਗ ਨੂੰ ਅਪਣਾਉਂਦੇ ਹੋਏ ਏਸ ਨੂੰ ਆਪਣੇ ਇਕ ਇਮਾਮ ਦੀ ਲਿਖਤ ਦਸਿਆ। ਇਖ਼ਵਾਨੁੱਸਫ਼ਾ ਜੇਹੜੀ ਚੌਥੀ ਸਦੀ ਦੀ ਇਕ ਅਰਧ-ਧਾਰਮਕ ਅਤੇ ਅਰਧ-ਦਾਰਸ਼ਨਕ ਪੁਸਤਕ ਹੈ। ਜਿਸ ਦੀ, ਏਸ ਦ੍ਰਿਸ਼ਟੀ ਤੋਂ ਇਕ ਖਾਸ ਮਹੱਤਤਾ ਹੈ ਕਿ ਇਕ ਖ਼ਾਸ ਵਿਚਾਰ ਧਾਰਾ (ਜਾਂ ਸਕੂਲ ਆਫ਼ ਥਾਟ) ਦੇ ਢੰਗ ਤੇ ਇਹ ਕਿਤਾਬ ਚੌਥੀ ਸਦੀ ਵਿਚ ਇਕ

*F. V. ਫ਼ਨੀਕੀ ਅਖਰ ਵ ਦੇ ਹੀ ਰੂਪ ਹਨ। ਵੇਖੋ ਐਨਸਾਈਕਲੋਪੀਡੀਆ ਬ੍ਰੈਟੇਨੀਕਾ Alphabet ਸ਼ਬਦ ਹੇਠ (ਉਲਥਾਕਾਰ)

ਗੁਪਤ ਸਭਾ ਨੇ ਰਹੱਸ ਆਤਮਕ ਢੰਗ ਨਾਲ ਲਿਖੀ ਸੀ । ਇਸਲਾਮ ਦੀ ਇਕ ਖ਼ਾਸ ਸੰਪਰਦਾਇ ਦੇ ਵਿਚਾਰ ਅਨੁਸਾਰ ਉਹ ਇਕ ਵੱਡਾ ਧਾਰਮਕ-ਗ੍ਰੰਥ ਸਮਝਿਆ ਜਾਂਦਾ ਹੈ। ਏਸ ਪੁਸਤਕ ਵਿਚ ਵੀ ਇਸ ਬੂਜ਼ਾਸਫ਼--ਵ--ਬਲੋਹਰ ਦੀ ਪੁਸਤਕ ਦੇ ਅਨੇਕ ਅਧਿਆਇ ਦਾਖ਼ਲ ਹਨ । ਤੀਹ ਵਰ੍ਹੇ ਹੋਏ ਕਿ ਮੌਲਵੀ ਅਬਦੁਲ ਗ਼ੱਨੀ ਸਾਹਿਬ ਵਾਰਸੀ ਬਿਹਾਰੀ 'ਪਰਲੋਕ ਵਾਸੀ' ਨੇ ਏਸ ਦਾ ਅਰਬੀ ਤੋਂ ਬਹੁਤ ਸਰਲ ਉਰਦੂ ਵਿਚ ਅਨੁਵਾਦ ਕੀਤਾ । ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਏਸ ਕਿਤਾਬ ਦਾ ਇਹ ਉਰਦੂ ਉਲਥਾ ਛਪਿਆ ਅਤੇ ਮੇਰੇ ਪਿਰੀਆ ਨਿਗਰਾਨ ਸਾਹਿਬ ਕੋਲ ਇਹ ਪੁਸਤਕ ਆਈ ਤਾਂ ਓਸ ਸਮੇਂ ਮੈਂ ਅਰਬੀ ਦੀਆਂ ਮਮੂਲੀ ਕਿਤਾਬਾਂ ਪੜ੍ਹਦਾ ਸੀ। ਮੈਂ ਇਨ੍ਹਾਂ ਤੋਂ ਏਸ ਪੁਸਤਕ ਦੇ ਵੇਖਣ ਦੀ ਇਛਿਆ ਪਰਗਟ ਕੀਤੀ ਪਰ ਉਨ੍ਹਾਂ ਇਹ ਆਖ ਕੇ ਦੇਣ ਤੋਂ ਇਨਕਾਰ ਕੀਤਾ ਕਿ ਤੂੰ ਏਸ ਨੂੰ ਪੜ੍ਹ ਕੇ ਦੁਨੀਆ ਤੋਂ ਅਵਾਜ਼ਾਰ ਹੋ ਜਾਵੇਂਗਾ ਅਤੇ ਲਿਖਣਾ ਪੜ੍ਹਨਾ ਛੱਡ ਦੇਵੇਂਗਾ। ਏਸ ਫਿਕਟੇ ਨੇ ਮੇਰੇ ਸ਼ੌਕ ਨੂੰ ਜੁਰਮ ਕਰਨ ਲਈ ਪਰੇਰਿਆ। ਰਾਤ ਨੂੰ ਜਦੋਂ ਓਹ ਸੌਂ ਗਏ ਤਾਂ ਉਨ੍ਹਾਂ ਦੀ ਮੇਜ਼ ਉਤੋਂ ਮੈਂ ਇਹ ਪੁਸਤਕ ਮਲਕ ਦੇਕੇ ਖਿਸਕਾ ਲਿਆਇਆ ਅਤੇ ਸਵੇਰ ਹੁੰਦੇ ਤਕ ਏਸ ਨੂੰ ਖ਼ਤਮ ਕਰਕੇ ਫੇਰ ਉੱਥੇ ਹ ਮੇਜ਼ ਉਤੇ ਜਾਕੇ ਰਖ ਦਿੱਤਾ । ਉਹ ਦਿਨ ਸੀ ਤੇ ਅੱਜ ਦਾ ਦਿਨ ਕਿ ਮੇਰੀ ਨਜ਼ਰ ਵਿਚ ਉਹ ਕਿਤਾਬ ਦੁਨੀਆ ਦੀਆਂ ਉਨ੍ਹਾਂ ਕੁਝ ਕਿਤਾਬਾਂ ਵਿਚੋਂ ਹੈ ਜਿਨ੍ਹਾਂ ਦੀ ਤਾਸੀਰ ਗੁਨ੍ਹਾਗਾਰਾਂ ਦੇ ਦਿਲਾਂ ਵਿਚ ਵੀ ਘਰ ਕਰ ਲੈਂਦੀ ਹੈ। ਇਸ ਵਿਚ ਬਾਜ਼ੀਆਂ ਅਜੇਹੀਆਂ ਮਸਾਲਾਂ ਵੀ ਹਨ ਜੋ ਸਾਨੂੰ ਅੱਜ ਮਸੀਹ ਦੀ ਬਾਣੀ ਵਿਚੋਂ ਲੱਭਦੀਆਂ ਹਨ ਅਤੇ ਅਸੀਂ ਨਹੀਂ ਆਖ ਸਕਦੇ ਕਿ ਇਹ ਮੋਤੀ ਕਿਹੜੇ ਸਮੁੰਦਰ ਦੀ ਤਹਿ ਵਿਚੋਂ ਪਹਿਲਾਂ ਨਿਕਲੇ ਹਨ ।

ਅੰਤ ਵਿਚ ਇਨ੍ਹਾਂ ਦੋ ਮੁਸਲਮਾਨ ਵਿਦਵਾਨਾਂ ਦਾ ਵੇਰਵਾ ਕਰਨਾ ਹੈ ਜੋ ਸੈਰ ਕਰਨ ਦੇ ਵਿਚਾਰ ਤੋਂ ਨਹੀਂ ਸਗੋਂ ਹਿੰਦੁਸਤਾਨ ਦੀ ਵਿਦਿਆ ਤੇ ਕਲਾ ਦੀ ਗੰਗਾ ਵਿਚ ਅਸ਼ਨਾਨ ਕਰਨ ਲਈ ਏਸ ਦੇਸ ਵਿਚ ਆਏ ਤੇ ਸਫਲ ਹੋਕੇ ਵਾਪਸ ਮੁੜੇ। -

ਤਨੂਖੀ

ਇਨ੍ਹਾਂ ਵਿਚੋਂ ਪਹਿਲੀ ਵਿਅਕਤੀ ਮੁਹੰਮਦ ਬਿਨ ਇਸਮਾਈਲ ਤਨੂਖੀ ਸੀ। ਗ਼ਾਲਬਨ ਏਸ ਦਾ ਸਮਾਂ ਤੀਜੀ ਸਦੀ ਹਿਜਰੀ (ਨੌਵੀ ਸਦੀ ਈਸਵੀ) ਦਾ ਹੋਵੇਗਾ। ਇਹ ਫਲਿਤ ਤੇ ਗਣਿਤ ਜੋਤਸ਼ ਦਾ ਪਰਸਿਧ ਵਿਦਵਾਨ ਸੀ। ਏਥੋਂ ਉਹ ਆਪਣੇ ਵਿਸ਼ੇ ਸਬੰਧੀ ਬਹੁਤ ਸਾਰੇ ਅਦਭੁਤ ਗਿਆਨ ਲੈ ਕੇ ਵਾਪਸ ਗਿਆ ਸੀ।*

ਸ਼ੋਕ ਦੀ ਗਲ ਹੈ ਕਿ ਇਸ ਵਿਦਵਾਨ ਦੇ ਹਾਲਾਤ ਦਾ ਕੁਝ ਵਧੇਰੇ ਗਿਆਨ ਨਹੀਂ। ਜੇ ਸਪੇਨ ਦਾ ਇਕ ਮੁਸਲਮਾਨ ਇਤਿਹਾਸਕਾਰ ਕਾਜ਼ੀ ਸਾਇਦ ਏਸ ਦਾ ਵੇਰਵਾ ਨਾ ਦਿੰਦਾ ਤ੍ਹਾਂ ਸ਼ਾਇਦ ਏਸ ਦਾ ਨਾਂ ਵੀ ਨਾ ਮਲੂਮ ਹੁੰਦਾ।

ਬੈਰੂਨੀ

ਦੂਸਰਾ ਵਿਦਵਾਨ ਪਰਸਿਧ ਦਾਰਸ਼ਨਕ ਤੇ ਗਣਿਤ ਵੇਤਾ ਖ਼੍ਵਾਰਜ਼ਮ ਦਾ ਵਸਨੀਕ ਅਬੂਰੈਹਾਨ ਬੈਰੂਨੀ ਹੈ। ਏਸ ਵਿਦਵਾਨ ਨੂੰ ਸੰਸਾਰ ਦੀਆਂ ਅਨੇਕ ਜਾਤੀਆਂ ਦੇ ਵਿਚਾਰ, ਵਿਸ਼ਵਾਸ਼ ਅਤੇ ਸਮਸਿਆਵਾਂ ਜਾਨਣ ਦਾ ਖ਼ਾਸ ਸ਼ੌਕ ਸੀ। ਸੋ ਏਸ ਦੀ ਲਿਖਤ ਵਿਚੋਂ ਸ਼ਾਇਦ ਹੀ ਕੋਈ ਪੁਸਤਕ ਅਜੇਹੀ ਹੋਵੇ ਜਿਸ ਤੋਂ ਏਸ ਦੇ ਏਸ ਸ਼ੌਕ ਦਾ ਪਤਾ ਨਾ ਲਗਦਾ ਹੋਵੇ। ਏਸ ਵਿਚ ਕੋਈ ਸੰਦੇਹ ਨਹੀਂ ਕਿ ਓਹ ਹਿੰਦੁਸਤਾਨ ਆਉਣ ਤੋਂ ਪਹਿਲਾਂ ਵੀ ਹਿੰਦੁਸਤਾਨ ਅਤੇ ਏਸ ਦੀ ਵਿਦਿਆ ਦੇ ਬਾਰੇ ਪਹਿਲੇ ਲੇਖਕਾਂ ਦੇ ਰਾਹੀਂ ਬਹੁਤ ਕੁਝ ਜਾਣੂ ਸੀ। ਏਸ ਸਮੇਂ ਤਕ ਅਰਬੀ ਵਿਦਿਆ ਅਤੇ ਮੁਸਲਮਾਨਾਂ ਦੀ ਵਿਗਿਆਨਕ ਖੋਜ ਉੱਚ ਕੋਟੀ ਨੂੰ ਪੁਜ ਚੁਕੀ ਸੀ। ਜੇਹੜੀਆਂ ਵਿਦਿਆਵਾਂ ਉਨ੍ਹਾਂ ਨੇ ਹਿੰਦੂਆਂ, ਈਰਾਨੀਆਂ ਅਤੇ ਯੂਨਾਨੀਆਂ ਤੋਂ ਸਿਖੀਆਂ ਸਨ ਉਨ੍ਹਾਂ ਨੂੰ ਉੱਨਤ ਕਰਕੇ ਉਨ੍ਹਾਂ ਵਿਚ ਬਹੁਤ ਕੁਝ ਵਾਧੇ ਕਰ ਦਿਤੇ ਸਨ। ਬਹੁਤ ਸਾਰੇ ਅਸ਼ੁਧ

---

*ਤਬਕਾਤੁਲਉਮੁਮ ਕਾਜ਼ੀ ਸਾਇਦ ਅੰਦਲੂਸੀ ਪੰ.੫੬ ਬੈਰੂਤ ਅਤੇ ਅਖਬਾਰੁਲ ਹੁਕਮਾ ਕਿਫ਼ਤੀ ਪੰ. ੮੫ (ਮਿਸਰ)

ਸਿਧਾਂਤ ਦੀ ਸੁਧੀ ਅਤੇ ਅਧੂਰੀਆਂ ਗੱਲਾਂ ਦੀ ਪੂਰਤੀ ਕਰ ਚੁੱਕੇ ਸਨ। ਏਸ ਲਈ ਬੈਰੂਨੀ ਨੂੰ ਨਵੀਆਂ ਨਵੀਆਂ ਗੱਲਾਂ ਜਾਨਣ ਦਾ ਬਹੁਤ ਸ਼ੌਕ ਸੀ, ਏਸ ਤੋਂ ਛੁਟ ਹਿੰਦੁਸਤਾਨ ਦੀਆਂ ਵਿਦਿਆਵਾਂ ਸਿਖਣ ਦੀ ਹੋਰ ਕੋਈ ਵਜ੍ਹਾ ਨਹੀਂ ਸੀ।

ਜੋ ਵੀ ਹੋਵੇ, ਇਹ ਸਪਸ਼ਟ ਮਲੂਮ ਨਹੀਂ ਹੁੰਦਾ ਕਿ ਓਹ ਹਿੰਦੁਸਤਾਨ ਕਦੋਂ ਆਇਆ ਅਤੇ ਏਥੇ ਕਿੰਨੇ ਦਿਨ ਰਿਹਾ ਅਤੇ ਕਿੱਥੇ ਕਿੱਥੇ ਘੁਮਿਆ। ਪਰ ਇੰਨਾ ਮਲੂਮ ਹੈ ਕਿ ਸੰਨ ੪੦੮ ਹਿ. ਵਿਚ ਖ਼੍ਵਾਰਜ਼ਮ ਤੋਂ ਗ਼ਜ਼ਨੀ ਆਇਆ ਸੀ ਅਤੇ ਸੰਨ ੪੨੩ ਹਿ. ਵਿਚ ਗ਼ਜ਼ਨੀ ਵਿਚ ਏਸ ਨੇ ਕਿਤਾਬੁਲ ਹਿੰਦ ਖਤਮ ਕੀਤੀ। ਸੁਲਤਾਨ ਮਹਿਮੂਦ ਇਸ ਤੋਂ ਤਿੰਨ ਸਾਲ ਪਹਿਲਾਂ ਸੰਨ ੪੨੦ ਹਿ. ਵਿਚ ਪਰਲੋਕ ਸਧਾਰ ਚੁਕਿਆ ਸੀ। ਹੁਣ ਓਸ ਦੇ ਹਿੰਦੁਸਤਾਨ ਵਿਚ ਠਹਿਰਣ ਦਾ ਸਮਾਂ ਸੰਨ ੪੦੮ ਹਿ. ਤੋਂ ਸੰਨ ੪੨੨ ਹਿ. ਤਕ ਮਲੂਮ ਹੁੰਦਾ ਹੈ, ਜੋ ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦਾ ਸਮਾਂ ਹੈ। ਫ਼ਾਰਸੀ ਵਿਚ ਫਿਲਾਸਫ਼ਰਾਂ ਤੇ ਦਾਰਸ਼ਨਕਾਂ ਦੇ ਇਤਿਹਾਸ ਸਬੰਧੀ ਇਕ ਪੁਸਤਕ ਦੁਰਾਤੁਲ ਅਖ਼ਬਾਰ ਹੈ ਜੋ ਅਲੀ ਬਿਨ ਜ਼ੈਦ ਬਹਿਕੀ (ਮ੍ਰਿਤੂ ਸੰਨ ੫੬੫ ਹਿ.) ਦੀ ਅਰਬੀ ਪੁਸਤਕ 'ਤੱਤਿਮਾ ਸਿਵਾਨੁਲ ਹਿਕਮਤ' ਦਾ ਉਲਥਾ ਹੈ। ਏਸ ਵਿਚ ਲਿਖਿਆ ਹੈ ਕਿ 'ਏਸ ਨੇ ੪੦ ਵਰ੍ਹੇ ਹਿੰਦੁਸਤਾਨ ਵਿਚ ਬਤੀਤ ਕੀਤੇ'' ਜੇ ਇਹ ਸਮਾਂ ਠੀਕ ਹੋਵੇ* ਤਾਂ ਗੋਇਆ ਹਿੰਦੁਸਤਾਨ ਵਿਚ ਇਸ ਨੇ ਪਹਿਲੀ ਵਾਰ ਸੰਨ ੩੮੩ ਹਿ. ਵਿਚ ਚਰਨ ਪਾਏ, ਜਦੋਂ ਗ਼ਜ਼ਨਵੀਆਂ ਦੀ ਉੱਕੀ ਹੋਂਦ ਨਹੀਂ ਸੀ ਪਰ ਬੈਰੂਨੀ ਦੇ ਜੀਵਨ ਦੀਆਂ ਅੱਡ ਅੱਡ ਤਰੀਕਾਂ ਦੇ ਮੇਲਣ ਤੋਂ ਇੰਨਾ ਚਿਰ ਪਹਿਲਾਂ ਓਸਦਾ ਹਿੰਦੁਸਤਾਨ ਆਉਣਾ ਠੀਕ ਮਲੂਮ ਨਹੀਂ ਹੁੰਦਾ। ਭਾਵੇਂ ਏਸ ਨੇ ਹਿੰਦੁਸਤਾਨ ਵਿਚ ਪੰਜਾਬ ਅਤੇ ਸਿੰਧ ਤੋਂ ਅੱਗੇ ਸਫ਼ਰ ਨਹੀਂ

*ਇਹ ਪੁਸਤਕ ਓਰੀਐਂਟਲ ਕਾਲਜ ਮੈਗਜ਼ੀਨ ਲਾਹੌਰ ਬਾਬਤ ਫਰਵਰੀ ਸੰਨ ੧੯੨੯ ਈ. ਦੀ ਅੰਤਕਾ ਵਿਚ ਛਪਣੀ ਆਰੰਭ ਹੋਈ ਹੈ ਅਸਲ ਪੁਸਤਕ ਵਿਚ ਕੇਵਲ 'ਦਰ ਬਿਲਾਦ' ਹੈ ਪਰ ਸੰਪਾਦਕ ਨੇ ਮੂਲ ਪੁਸਤਕ 'ਤੱਤਿਮਾ' ਤੋਂ ਲੈਕੇ ਇਸ ਦੇ ਪਿਛੋਂ 'ਹਿੰਦ' ਸ਼ਬਦ ਵਧਾ ਦਿਤਾ ਹੈ।

ਕੀਤਾ* ਪਰ ਹਿੰਦੁਸਤਾਨ ਦਾ ਜੋ ਭੂਗੋਲ ਏਸ ਨੇ ਕਿਤਾਬੁਲ ਹਿੰਦ ਵਿਚ ਲਿਖਿਆ ਹੈ ਏਸ ਵਿਚ ਤਾਂ ਏਸ ਨੇ ਸਾਰੇ ਹਿੰਦੁਸਤਾਨ ਨੂੰ ਮਿਣ ਸੁਟਿਆ ਹੈ ਅਤੇ ਆਪਣੀ ਦੂਜੀ ਪੁਸਤਕ 'ਕਾਨੂੰਨ ਮਸਊਦੀ' ਵਿਚ, ਜੋ ਏਸ ਦੇ ਕੁਝ ਸਾਲ ਪਿਛੋਂ ਲਿਖੀ ਹੈ, ਸਾਰੇ ਹਿੰਦੁਸਤਾਨ ਦੇ ਵੱਡੇ ਵੱਡੇ ਸ਼ਹਿਰਾਂ ਦਾ ਲੰਬਕਾਰ ਤੇ ਵਿਥਕਾਰ ਦਰਜ ਕੀਤਾ ਹੈ।

ਜੋ ਵੀ ਹੋਵੇ, ਓਸ ਨੇ ਹਿੰਦੁਸਤਾਨ ਵਿਚ ਓਸ ਸਮੇਂ ਪਰਵੇਸ਼ ਕੀਤਾ ਜਦੋਂ ਹਿੰਦੁਸਤਾਨ ਦੀ ਧਰਤੀ ਤੇ ਸੁਲਤਾਨ ਮਹਿਮੂਦ ਦੇ ਹਮਲਿਆਂ ਕਾਰਣ ਥਰਥੱਲੀ ਮਚੀ ਹੋਈ ਸੀ। ਪਰ ਠੀਕ ਓਸੇ ਸਮੇਂ ਵਿਗਿਆਨ ਤੇ ਕਲਾ ਦਾ ਦੂਜਾ ਸੁਲਤਾਨ, ਕਲਮਕੱਲਾ ਬੜੀ ਗੰਭੀਰਤਾ ਤੇ ਸ਼ਾਂਤੀ ਨਾਲ ਹਿੰਦੁਸਤਾਨ ਦੀਆਂ ਵਿਦਿਅਕ ਜਿੱਤਾਂ ਵਿਚ ਰੁਝਿਆ ਹੋਇਆ ਸੀ ਅਤੇ ਏਸ ਰਾਜਸੀ ਲੜਾਈ ਭੜਾਈ ਤੇ ਰਗੜੇ ਝਗੜੇ ਨੂੰ ਤੱਕ ਤੱਕ ਅੰਦਰੋਂ ਅੰਦਰ ਕੁੜ੍ਹ ਰਿਹਾ ਸੀ † ਜ਼ਖਾਊ ਦੇ ਕਥਨ ਅਨੁਸਾਰ ਬੈਰੂਨੀ ਨੇ ਕਿਤਾਬੁਲ ਹਿੰਦ ਲਿਖਕੇ ਇਕ ਪਾਸੇ ਮੁਸਲਮਾਨਾਂ ਨੂੰ ਏਹ ਮਾਣ ਬਖ਼ਸ਼ਿਆ ਕਿ ਉਨ੍ਹਾਂ ਵਿਚੋਂ ਇਕ ਵਿਅਕਤੀ ਨੇ ਇਕ ਅਜੇਹੀ ਕਿਤਾਬ ਲਿਖੀ ਜਿਸ ਨੇ ਯੂਨਾਨੀ ਰਾਜਦੂਤਾਂ ਅਤੇ ਚੀਨੀ ਯਾਤ੍ਰੂਆਂ ਦੇ ਹਿੰਦੁਸਤਾਨ ਬਾਰੇ ਬਿਆਨਾਂ ਨੂੰ ਰੱਦੀ ਕਰ ਦਿੱਤਾ। ਦੂਜੇ ਪਾਸੇ ਹਿੰਦੁਸਤਾਨ ਉਤੇ ਇਹ ਇਹਸਾਨ ਕੀਤਾ ਕਿ ਓਸ ਦੀ ਪੁਰਾਣੀ ਸਭਿਅਤਾ, ਪੁਰਾਣੀ ਵਿਦਿਆ ਅਤੇ ਪੁਰਾਣੇ ਖ਼ਿਆਲਾਂ ਨੂੰ ਦੁਨੀਆ ਵਿਚ ਕਾਇਮ ਤੇ ਬਾਕੀ ਰਖਿਆ। ਓਸ ਸਮੇਂ ਦੇ ਭਾਰਤੀ ਵਿਦਵਾਨਾਂ ਨੂੰ ਜੋ ਆਪਣੀ ਵਿਦਿਆ ਬਾਰੇ ਅਭਿਮਾਨ ਸੀ, ਇਸ ਸਬੰਧੀ ਬੈਰੂਨੀ ਦਾ ਇਹ ਫ਼ਿਕਰਾ ਯਾਦ ਰਖਣ ਦੇ ਯੋਗ ਹੈ। ਉਹ ਲਿਖਦਾ ਹੈ ਕਿ "ਹਿੰਦੂਆਂ ਨੂੰ ਆਪਣੇ ਤੋਂ ਛੁਟ ਹੋਰਾਂ ਦੀ ਕੁਝ ਵਾਕਫ਼ੀਅਤ ਨਹੀਂ ਉਨ੍ਹਾਂ ਨੂੰ ਇਹ ਪੱਕਾ ਨਿਸਚਾ ਹੈ ਕਿ ਸੰਸਾਰ ਵਿਚ ਉਨ੍ਹਾਂ ਦੇ ਦੇਸ ਤੋਂ ਬਿਨਾਂ ਕੋਈ ਹੋਰ ਦੇਸ ਨਹੀਂ ਅਤੇ ਨਾਂ ਹੋਰ ਕੋਈ ਕੌਮ ਇਸ ਦੁਨੀਆ ਵਿਚ ਵਸਣ ਵਾਲੀ ਹੈ ਤੇ ਨਾਂ ਉਨ੍ਹਾਂ ਤੋਂ ਛੁੱਟ ਕਿਸੇ ਹੋਰ ਕੋਲ ਵਿਦਿਆ ਹੈ। ਏਥੋਂ ਤਕ ਕਿ ਜਦੋਂ ਉਨ੍ਹਾਂ ਨੂੰ ਖ਼ੁਰਾਸਾਂ

*ਕਿਤਾਬੁਲ ਹਿੰਦ ਪੰਨਾ ੧੧ (ਲੰਦਨ)

†ਕਿਤਾਬੁਲ ਹਿੰਦ ਬੈਰੂਨੀ ਦੀ ਭੂਮਕਾ

ਅਤੇ ਫ਼ਾਰਸ ਦੇ ਕਿਸੇ ਵਿਦਵਾਨ ਦਾ ਨਾਂ ਦਸਿਆ ਜਾਂਦਾ ਹੈ ਤਾਂ ਓਹ ਦਸਣ ਵਾਲੇ ਨੂੰ ਮੂਰਖ ਤੇ ਅਗਿਆਨੀ ਸਮਝਦੇ ਹਨ" ਫੇਰ ਆਖਦਾ ਹੈ ਕਿ "ਜੇ ਇਹ ਲੋਕ ਦੂਜੀਆਂ ਕੌਮਾਂ ਨਾਲ ਮੇਲ ਜੋਲ ਕਰਨ ਤਾਂ ਉਨ੍ਹਾਂ ਦਾ ਇਹ ਖ਼ਿਆਲ ਠੀਕ ਹੋ ਸਕਦਾ ਹੈ" ਫੇਰ ਆਖਦਾ ਹੈ ਕਿ "ਅਗਲੇ ਹਿੰਦੂ ਪੰਡਤ ਅਜੇਹੇ ਨਹੀਂ ਸਨ ਉਹ ਦੂਜੀਆਂ ਕੌਮਾਂ ਤੋਂ ਵੀ ਲਾਭ ਉਠਾਉਣ ਵਿਚ ਕਮੀ ਨਹੀਂ ਸੀ ਕਰਦੇ" ਉਦਾਹਰਣ ਵਜੋਂ ਵਰਾਹਮਿਹਰ ਆਖਦਾ ਹੈ ਕਿ "ਯੂਨਾਨੀ ਜੇ ਪਲੀਤ ਤੇ ਮਲੇਛ ਹਨ ਤਾਂ ਵੀ ਉਨ੍ਹਾਂ ਦਾ ਮਾਣ ਉਨ੍ਹਾਂ ਦੀ ਵਿੱਦਵਤਾ ਕਾਰਣ ਕਰਨਾ ਚਾਹੀਦਾ ਹੈ"। ਅਗੇ ਚਲਕੇ ਬੈਰੂਨੀ ਆਖਦਾ ਹੈ ਕਿ "ਜਦੋਂ ਤਕ ਮੈਨੂੰ ਉਨ੍ਹਾਂ ਦੀ ਬੋਲੀ ਨਹੀਂ ਸੀ ਆਉਂਦੀ ਮੈਂ ਉਨ੍ਹਾਂ ਦੇ ਸਾਹਮਣੇ ਸ਼ਿਸ਼ਾਂ ਵਾਂਙੂੰ ਬੈਠਦਾ ਸੀ ਪਰ ਜਦੋਂ ਉਨ੍ਹਾਂ ਦੀ ਕੁਝ ਬੋਲੀ ਆ ਗਈ ਅਤੇ ਮੈਂ ਜੋਤਸ਼ ਤੇ ਗਣਿਤ ਵਿਚ ਉਨ੍ਹਾਂ ਨੂੰ ਨਵੇਂ ਸਿਧਾਂਤ ਨਿਰਨੇ ਤੇ ਖੋਜਾਂ ਦਸਣੀਆਂ ਸ਼ੁਰੂ ਕੀਤੀਆਂ ਤਾਂ ਉਹ ਹੈਰਾਨ ਹੋ ਗਏ ਅਤੇ ਖ਼ੁਦ ਮੈਥੋਂ ਸਿਖਣ ਲੱਗੇ ਅਤੇ ਹੈਰਾਨੀ ਨਾਲ ਪੁਛਣ ਲੱਗੇ ਕਿ ਤੁਸੀਂ ਕਿਸ ਪੰਡਤ ਦੇ ਸ਼ਿਸ਼ ਹੋ ? ਫੇਰ ਜਦੋਂ ਮੈਂ ਉਨ੍ਹਾਂ ਦੀ ਵਿਦਿਅਕ ਤਰੁਟੀਆਂ ਵਿਖਾਉਣੀਆਂ ਸ਼ੁਰੂ ਕੀਤੀਆਂ ਤਾਂ ਉਹ ਮੈਨੂੰ ਜਾਦੂਗਰ ਜਾ ਗ਼ੈਬ ਗਿਆਨੀ ਸਮਝਣ ਲਗੇ ਅਤੇ ਵਿਦਿਆ ਸਾਗਰ ਆਖਣ ਲੱਗੇ"।*

ਬੈਰੂਨੀ ਦਾ ਵੱਡਾ ਕਾਰਨਾਮਾ ਇਹ ਹੈ ਕਿ ਓਸ ਨੇ ਹਿੰਦੂਆਂ ਤੇ ਮੁਸਲਮਾਨਾ ਵਿਚਕਾਰ ਵਿਦਿਅਕ ਦੂਤ ਦਾ ਕੰਮ ਕੀਤਾ। ਓਸ ਨੇ ਅਰਬਾਂ ਤੇ ਈਰਾਨੀਆਂ ਨੂੰ ਹਿੰਦੂਆਂ ਦੀਆਂ ਵਿਦਿਆਵਾਂ ਤੋਂ ਅਤੇ ਹਿੰਦੂਆਂ ਨੂੰ ਅਰਬਾਂ ਤੇ ਈਰਾਨੀਆਂ ਦੀ ਖੋਜ ਤੋਂ ਜਾਣੂ ਕੀਤਾ। ਏਸ ਨੇ ਅਰਬੀ ਜਾਨਣ ਵਾਲਿਆਂ ਲਈ ਸੰਸਕ੍ਰਿਤ ਤੋਂ ਅਤੇ ਸੰਸਕ੍ਰਿਤ ਜਾਨਣ ਵਾਲਿਆਂ ਲਈ ਅਰਬੀ ਤੋਂ ਕਿਤਾਬਾਂ ਤਰਜਮਾ ਕੀਤੀਆਂ। ਏਸ ਤਰ੍ਹਾਂ ਉਹ ਰਿਣ ਚੁਕਾਇਆ ਜੋ ਚਿਰਾਂ ਤੋਂ ਹਿੰਦੁਸਤਾਨ ਦਾ ਅਰਬੀ ਭਾਸ਼ਾ ਦੇ ਵਿਗਿਆਨ ਤੇ ਕਲਾ ਉੱਤੇ ਚਲਿਆ ਆ ਰਿਹਾ ਸੀ। ਓਸਨੇ ਹਿੰਦੁਸਤਾਨ ਬਾਰੇ ਤਿੰਨ ਕਿਸਮ ਦੀਆਂ ਪੁਸਤਕਾਂ ਲਿਖੀਆਂ। (੧) ਅਰਬੀ ਤੋਂ ਸੰਸਕ੍ਰਿਤ ਵਿਚ (੨) ਸੰਸਕ੍ਰਿਤ ਤੋਂ ਅਰਬੀ ਵਿਚ

*ਕਿਤਾਬੁਲ ਹਿੰਦ ਪੰ. ੧੨.

ਅਤੇ (੩) ਹਿੰਦੀ ਵਿਦਿਆਵਾਂ ਤੇ ਸਿਧਾਂਤ ਦੀ ਪੁਣ-ਛਾਣ ਤੇ ਖੋਜ ਪੜਤਾਲ ਦੇ ਸਬੰਧ ਵਿਚ। ਓਸ ਦੀਆਂ ਓਹ ਪੁਸਤਕਾਂ ਜੇਹੜੀਆਂ ਓਸ ਨੇ ਹਿੰਦੂਆਂ ਲਈ ਲਿਖੀਆਂ ਇਹ ਹਨ :

(੧) ਹਿੰਦੁਸਤਾਨ ਦੇ ਜੋਤਸ਼ੀਆਂ ਦੇ ਪਰਸ਼ਨਾਂ ਦੇ ਉਤਰ।

(੨) ਕਸ਼ਮੀਰ ਦੇ ਪੰਡਤਾਂ ਦੇ ਦਸ ਪਰਸ਼ਨਾਂ ਦੇ ਉਤਰ ਅਤੇ ਇਨ੍ਹਾਂ ਦੀ ਸ਼ੰਕਾ ਨਿਵਿਰਤੀ।

(੩) ਇਸਤਰਲਾਬ (ਨਛੱਤ ਯੰਤਰ) ਸਬੰਧੀ ਇਕ ਗੁਟਕਾ।

(੪) ਬਤਲੀਮੂਸ ਦੀ ਮਜਿਸਤੀ ਦਾ ਅਨੁਵਾਦ।

(੫) ਉਕਲੀਦਸ ਜਾਂ ਯੂਕਲਿਡ ਦੀਆਂ ਸਮਸਿਆਵਾਂ।

(੬) ਗਣਿਤ ਜੋਤਸ਼ ਸਬੰਧੀ ਇਕ ਪੁਸਤਕ।

ਏਸ ਦੀਆਂ ਦੂਜੀ ਕਿਸਮ ਦੀਆਂ ਪੁਸਤਕਾਂ ਜੋ ਅਰਬੀ ਦੇ ਜਾਣੂਆਂ ਲਈ ਏਸ ਨੇ ਲਿਖੀਆਂ, ਏਹ ਹਨ:

(੧) ਕਿਤਾਬੁਲ ਹਿੰਦ, ਹਿੰਦੂਆਂ ਦੇ ਵਿਸ਼ਵਾਸ਼, ਵਿਦਿਆਵਾਂ ਤੇ ਖੋਜਾਂ ਦਾ ਸੰਖੇਪ।

(੨) ਬ੍ਰਹਮਗੁਪਤ ਦੀ ਪਾਂਚ ਸਿਧਾਂਤਾਂ ਦਾ ਅਰਬੀ ਵਿਚ ਅਨੁਵਾਦ।

(੩) ਬ੍ਰਹਮਗੁਪਤ ਦੀ ਬ੍ਰਹਮ ਸਿਧਾਂਤ ਦਾ ਅਨੁਵਾਦ।

(੪) ਚੰਦ ਗ੍ਰਹਿਣ ਤੇ ਸੂਰਜ ਗ੍ਰਹਿਣ ਉਤੇ ਹਿੰਦੀ ਖੋਜਾਂ ਦਾ ਅਨੁਵਾਦ।

(੫) ਹਿੰਦੁਸਤਾਨ ਦੀ ਅੰਕ ਵਿਦਿਆ ਸਬੰਧੀ ਪੁਸਤਕ।

(੬) ਗਣਿਤ ਸਿਖਾਉਣ ਸਬੰਧੀ ਹਿੰਦੁਸਤਾਨੀ ਚਿਨ੍ਹਾਂ ਦਾ ਵਰਨਣ।

(੭) ਹਿੰਦੁਸਤਾਨੀ ਅਰਬਾ (ਤਰੈਰਾਸ਼ਕ) ਦਾ ਅਨੁਵਾਦ।

(੮) ਸਾਂਖ ਦਾ ਅਨੁਵਾਦ (ਦਰਸ਼ਨ)।

(੯) ਪਤੰਜਲੀ ਦਾ ਅਨੁਵਾਦ।

(੧੦) ਵਰਾਹਮਿਹਰ ਦੀ ਪੁਸਤਕ 'ਲਘੁ ਜਾਤਕਮ' ਦਾ ਅਨੁਵਾਦ (ਜੰਮਣ ਸਬੰਧੀ)।

(੧੧) ਵਸੁਦੇਵ ਦੇ ਮੁੜ ਸੰਸਾਰ ਵਿਚ ਆਉਣ ਬਾਰੇ ਇਕ ਗੁਟਕਾ ਆਦਿ (ਏਸ ਵਾਸੁਦੇਵ ਤੋਂ ਬੈਰੂਨੀ ਦਾ ਭਾਵ ਸ੍ਰੀ ਕ੍ਰਿਸ਼ਨ ਅਵਤਾਰ ਤੋਂ ਹੈ) ।

ਤੀਜੀ ਕਿਸਮ ਦੀਆਂ ਪੁਸਤਕਾਂ ਇਹ ਹਨ:

(੧) ਸਿਧਾਂਤ, ਆਰੀਆ ਭੱਟ ਅਤੇ ਖੰਡਾ ਖੰਡ ਹਿੰਦੀ ਗਣਿਤ ਜੋਤਸ਼ ਦੀਆਂ ਜੋਹੜੀਆਂ ਪੁਸਤਕਾਂ ਸੰਸਕ੍ਰਿਤ ਤੋਂ ਅਰਬੀ ਵਿਚ ਅਨੁਵਾਦ ਹੋਈਆਂ ਸਨ ਇਨ੍ਹਾਂ ਸਬੰਧੀ ਲੇਖਕਾਂ ਜਾਂ ਉਲਥਾਕਾਰਾਂ ਤੋਂ ਜੋ ਜੋ ਭੁਲਾਂ ਹੋਈਆਂ ਸਨ ਇਨ੍ਹਾਂ ਦੀ ਸੋਧ ।

(੨) ਉਚੇਚ ਕਰਕੇ ਸਿਧਾਂਤ ਸਬੰਧੀ ਪੰਜ ਸੌ ਪੰਨਿਆਂ ਦੀ ਇਕ ਪੁਸਤਕ ਜਿਸ ਦਾ ਨਾਂ 'ਜਵਾਮਿਉਲ ਮੌਜੂਦ-ਬਖਵਾਤਿਰਿਲ ਹੁਨੂਦ' ਹੈ ।

(੩) ਇਕ ਗੁਟਕਾ ਇਸ ਵਿਸ਼ੇ ਸਬੰਧੀ ਕਿ ਹਿੰਦੁਸਤਾਨੀ ਅੰਕਾਂ ਦੇ ਲਿਖਣ ਢੰਗ ਨਾਲੋਂ ਅਰਬੀ ਲਿਖਣ ਵਿਧੀ ਵਧੇਰੇ ਸ਼ੁਧ ਹੈ ।

(੪) ਹਿੰਦੀ ਅਸੂਲ ਅਨੁਸਾਰ ਜੋਤਸ਼ ਦੇ ਬਾਜ਼ੇ ਅਸੂਲਾਂ ਦੀ ਸੋਧ (ਫਿਲਇਰਸ਼ਾਦ ਇਲਾ ਤਸਹੀਹਿਲ ਮਬਾਦੀ ਅਲਿਨ ਨਮੂਜ਼ਾਰਾਤ) ਕਾਨੂੰਨ ਮਸਊਦੀ ਦੇ ਪੰਜਵੇਂ ਪਰਕਰਣ ਵਿਚ ਬੈਰੂਨੀ ਨੇ ਹਿੰਦੁਸਤਾਨ ਦੇ ਹੇਠ ਲਿਖੇ ਸ਼ਹਿਰਾਂ ਦਾ ਲੰਬਕਾਰ ਤੇ ਵਿਰਕਾਰ ਦੱਸਿਆ ਹੈ । ਲੋਹਾਵਰ (ਲਾਹੌਰ), ਔਵਸਤਾਨ (ਔਸਥਾਨ) ਜੋ ਕਸ਼ਮੀਰ ਦਾ ਰਾਜ ਨਗਰ ਸੀ, ਨੈਪਾਲ (ਆਖਦਾ ਹੈ ਕਿ ਇਹ ਹਿੰਦੁਸਤਾਨ ਤੇ ਤਿੱਬਤ ਵਿਚਕਾਰ ਰਖਤ ਅਸਥਾਨ ਹੈ) ਵੈਹਿੰਦ (ਏਹ ਸਿੰਧ ਦੀ ਤਰਾਈ ਵਿਚ ਹਿੰਦੁਸਤਾਨ ਦਾ ਇਕ ਖ਼ਾਸ ਸ਼ੰਹਿਰ ਸੀ) ਸਿਆਲਕੋਟ, ਮੋਲਤਾਨ, ਤੀਜ਼ (ਬਲੋਚਿਸਤਾਨ ਦੀ ਬੰਦਰਗਾਹ) ਸੋਮਨਾਤ (ਸੋਮਨਾਥ) ਨਹਿਲ ਵਾਲਾ (ਨਹਿਰਵਾਲਾ) ਖੰਬਾਇਤ ਵਿਹਾਰ (ਮਾਲਵਾ) ਓਜ਼ੈਨ (ਉਜੈਨ), ਭਰੋਚ (ਮੱਧ ਭਾਰਤ ਵਿਚ) ਕਾਲੰਜਰ, ਮਾਹੋਰਾ (ਮਥਰਾ), ਕਨੌਜ਼, (ਆਖਦਾ ਹੈ ਕਿ ਕਨੌਜ ਦਾ ਰਾਜ ਦੇਸ ਦਾ ਵਿਚਲਾ ਹਿੱਸਾ ਹੈ ਅਤੇ ਇਹ ਬੜੇ ਬੜੇ ਰਾਜਿਆਂ ਦੀ ਰਾਜਧਾਨੀ ਰਿਹਾ ਹੈ । ਗੰਗਾ ਦੇ ਪੱਛਮ ਵਿਚ ਹੈ । ਮਾਰੀ (ਇਹ ਕਨੌਜ ਰਾਜ ਦੀ ਵਰਤਮਾਨ ਕਾਲ ਦੀ ਰਾਜਧਾਨੀ ਹੈ) ਗਵਾਲੀਅਰ ਦਾ ਕਿਲ੍ਹਾ,

ਲੋਬਗਾਨੀ, ਦੈਬਲ (ਸਿੰਧ ਦੀ ਬੰਦਰਗਾਹ), ਕਜੁਰਾਹਾ, ਅਜੋਧ (ਅਜੁਧਿਆ) ਬਨਾਰਸ (ਬਨਾਰਸ ਆਖਦਾ ਹੈ ਕਿ ਇਹ ਪਵਿਤਰ ਨਗਰੀ ਹੈ ਅਤੇ ਏਥੇ ਹੀ ਅਜ ਕਲ ਹਿੰਦੂਆਂ ਦੀਆਂ ਸਭ ਵਿਦਿਆਵਾਂ ਦਾ ਕੇਂਦਰ ਹੈ) ਲੰਕਾ ਦੀਪ, ਜਮਕੋਟ, ਤਨਜਾਵਰ, ਸੰਗਲ ਦੀਪ, ਮਨਕਰੀ, (ਮਹਾਂ ਨਗਰੀ)

ਹਿੰਦੁਸਤਾਨ ਵਿਚ ਬੈਰੂਨੀ ਨੇ ਇਕ ਹੋਰ ਸ਼ਾਨਦਾਰ ਕੰਮ ਇਹ ਕੀਤਾ ਹੈ ਕਿ ਪ੍ਰਿਥਵੀ ਦੀ ਗਤੀ ਮਿਣੀ। ਅਰਬਾਂ ਵਿਚ ਪ੍ਰਿਥਵੀ ਦੀ ਗਤੀ ਦੀ ਮਿਣਤੀ ਮਾਮੂੰਨ ਰੱਸ਼ੀਦ ਨੇ ਤੀਜੀ ਸਦੀ ਹਿਜਰੀ ਦੇ ਆਰੰਭ ਵਿਚ ਕਰਵਾਈ ਸੀ, ਜਿਸ ਨੂੰ ਹੁਣ ਦੋ ਸੌ ਵਰ੍ਹੇ ਬੀਤ ਚੁਕੇ ਸਨ। ਬੈਰੂਨੀ ਨੂੰ ਇਸ ਦੀ ਖੋਜ ਦਾ ਬੜਾ ਸ਼ੌਕ ਸੀ। ਓਸ ਨੂੰ ਖ੍ਵਾਰਜ਼ਮ ਜਾਂ ਅਫ਼ਗਾਨਿਸਤਾਨ ਵਿਚ ਅਜੇਹੇ ਮੌਕੇ ਦਾ ਮੈਦਾਨ ਨਹੀਂ ਸੀ ਮਿਲਿਆ। ਹਿੰਦੁਸਤਾਨ ਵਿਚ ਏਸ ਨੂੰ ਸਬੱਬ ਨਾਲ ਅਜੇਹਾ ਮੈਦਾਨ ਲੱਭ ਗਿਆ, ਜਿਸ ਦੇ ਇਕ ਬੰਨੇ ਪਹਾੜ ਵੀ ਸੀ। ਸੋ ਏਸ ਨੇ ਏਸੇ ਮੈਦਾਨ ਵਿਚ ਆਪਣੇ ਹੰਦਸੀ (ਇੰਜੀਨਿਅਰੀ) ਨਿਯਮ ਅਨੁਸਾਰ ਪਿਰਥਵੀ ਦੀ ਗਤੀ ਦੀ ਮਿਣਤੀ ਕੀਤੀ।*

ਗਣਿਤ ਜੋਤਸ਼ ਤੇ ਖਗੋਲ ਵਾਲਾ ਹਿੰਦੁਸਤਾਨ ਅਤੇ ਸੰਸਕ੍ਰਿਤ ਦਾ ਪੂਰਾ ਕਰਜ਼ਾ ਮੁਸਲਮਾਨਾਂ ਨੇ ਅਕਬਰ ਤੇ ਮੁਹੰਮਦ ਸ਼ਾਹ ਦੇ ਸਮੇਂ ਨਬੇੜਿਆ। ਅਕਬਰ ਨੇ ਜੀਜ਼ੇ ਉਲਗ਼ ਬੇਗੀ ਦਾ, ਜੋ ਇਸਲਾਮੀ ਖਗੋਲ ਸਬੰਧੀ ਖੋਜਾਂ ਤੇ ਤੈਮੂਰੀ ਨੀਝਸ਼ਾਲਾ (ਜੋ ਮਰਾਗ਼ਾ ਵਿਚ ਸੀ) ਦੇ ਨਵੀਨ ਮੁਸ਼ਾਹਦਿਆਂ ਦਾ ਸੰਗਠਣ ਸੀ, ਸੰਸਕ੍ਰਿਤ ਵਿਚ ਅਨੁਵਾਦ ਕਰਵਾਇਆ †। ਅਤੇ ਮੁਹੰਮਦ ਸ਼ਾਹ ਦੇ ਸਮੇਂ ਰਾਜਾ ਜੈ ਸਿੰਘ ਨੇ ਜਦੋਂ ਦਿੱਲੀ, ਬਨਾਰਸ ਤੇ ਜੈਪੁਰ ਵਿਚ ਨੀਝਸ਼ਾਲੇ ਕਾਇਮ ਕਰਵਾਏ ਤਾਂ ਅਰਬੀ ਦੀਆਂ ਉੱਚ ਕੋਟੀ ਦੀਆਂ ਗਣਿਤ ਜੋਤਸ਼ ਸਬੰਧੀ ਪੁਸਤਕਾਂ ਦਾ ਸੰਸਕ੍ਰਿਤ ਵਿਚ ਤਰਜਮਾ

*ਕਾਨੂੰਨੇ ਮਸਊਦੀ—ਏਸ ਦਾ ਹੱਥ ਲਿਖਤ ਖਰੜਾ ਅਲੀਗੜ੍ਹ ਮੁਸਲਿਮ ਯੂਨੀਵਰਸਟੀ ਲਾਇਬਰੇਰੀ ਵਿਚ ਮੇਰੀ ਨਜ਼ਰੋਂ ਲੰਘਿਆ ਸੀ।

†ਆਈਨੇ ਅਕਬਰੀ।

ਕਰਵਾਇਆ ।*

ਗੰਭੀਰ ਖੇਲ

ਵਿਗਿਆਨ ਤੇ ਕਲਾ ਸਬੰਧੀ ਠੋਸ ਪਰੀਭਾਸ਼ਾਂ ਤੇ ਲੇਖਾਂ ਉਤੇ ਬਹਿਸ ਸੁਣਾਦਿਆਂ ਸੁਣਾਦਿਆਂ ਸ਼ਾਇਦ ਪਾਠਕਾਂ ਦੀ ਤਬੀਅਤ ਘਾਬਰ ਗਈ ਹੋਵੇ, ਇਸ ਲਈ ਅਖ਼ੀਰ ਵਿਚ ਖੇਲ ਦਾ ਜ਼ਮਿਆਨਾ ਕਰਦਾ ਹਾਂ ਤਾਂ ਜੋ ਅੰਤ ਵਿਚ ਥੋੜੇ ਸਮੇਂ ਲਈ ਵਕਤਾ ਤੇ ਸਰੋਤਾ ਗੱਣ, ਦੋਹਾਂ ਦਾ ਹੀ ਮਨ ਪਰਚ ਜਾਵੇ। ਸੰਸਾਰ ਵਿਚ ਦੋ ਖੇਲ ਅਰਥਾਤ ਸ਼ਤਰੰਜ ਤੇ ਚੌਂਪਟ (ਗਾਹਟੀ) ਪਰਸਿਧ ਹਨ । ਦੋਵੇਂ ਹੀ ਹਿੰਦੁਸਤਾਨ ਦੇ ਦਿਮਾਗ ਦੀਆਂ ਕਾਢਾਂ ਹਨ। ਏਸ ਵਿਸ਼ੇ ਤੇ ਅਰਬ ਲੇਖਕਾਂ ਵਿਚੋਂ ਸਭ ਤੋਂ ਚੰਗਾ ਯਾਕੂਬੀ ਨੇ ਲਿਖਿਆ ਹੈ । ਏਸ ਨੇ ਦੱਸਿਆ ਹੈ ਕਿ ਇਹ ਖੇਲ ਨਿਰੇ ਖੇਲ ਹੀ ਨਹੀਂ ਸਗੋਂ ਗਣਿਤ ਤੇ ਜੋਤਸ਼ ਦੇ ਦੋ ਸੂਖਮ ਸਿਧਾਂਤ ਏਨ੍ਹਾਂ ਦੇ ਆਧਾਰ ਹਨ। ਫੇਰ ਏਸ ਨੇ ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ ਕਿ ਇਹ ਖੇਲ ਅਸਲ ਵਿਚ ਦਿਨਾਂ ਦੇ ਫ਼ੇਰ ਦਾ ਚਿਤਰ ਹਨ। ਏਸ ਦੇ ਘਰ, ਆਕਾਸ਼ ਦੀਆਂ ਰਾਸੀਆਂ, ੩੬੦ ਦਿਨ, ਹਰੇਕ ਦਿਨ ਦੇ ੨੪ ਘੰਟੇ, ੧੨ ਘੰਟਿਆਂ ਦਾ ਦਿਨ ਅਤੇ ੧੨ ਘੰਟਿਆਂ ਦੀ ਰਾਤ ਦਾ ਪੂਰਾ ਚਿਤਰ, ਚੌਂਪਟ ਦੀ ਬਿਸਾਤ, ਚੌਂਪਟ ਦੇ ਚਿਨ੍ਹਾਂ ਅਤੇ ਚੌਪਟ ਦੇ ਖੇਲ ਵਿਚ ਹੈ। ਸ਼ਤਰੰਜ ਦੀ ਨੀਂਹ ਕੁਲ ੬੪ ਘਰਾਂ, ਫੇਰ ੩੨, ਫੇਰ ੧੬ ਫੇਰ ੮ ਫੇਰ ੪ ਘਰਾਂ ਉਤੇ ਹੈ। ਪਰ ਗਣਿਤ ਦੇ ਇਨ੍ਹਾਂ ਦਾਅ ਪੇਚਾਂ ਤੋਂ ਬਿਨਾਂ ਏਸ ਗੱਲ ਉਤੇ ਬਹੁਤ ਘੱਟ ਗੌਹ ਕੀਤਾ ਗਿਆ ਹੈ ਕਿ ਏਹ ਦੋਵੇਂ ਖੇਲ ਹਿੰਦੁਸਤਾਨ ਦੇ ਦੋ ਧਾਰਮਕ ਜਾਂ ਦਾਰਸ਼ਨਕ ਵਿਚਾਰਾਂ ਜਾਂ ਸ਼ਾਖਾਵਾਂ ਦੀ ਵਿਆਖਿਆ ਹਨ। ਚੌਸਰ ਏਸ ਸਿਧੀ ਲਈ ਹੈ ਕਿ ਮਨੁਖ ਕੇਵਲ ਬੇਬਸ ਹੈ ਅਤੇ ਆਕਾਸ਼ ਤੇ ਨਛੱਤਰਾਂ ਦੇ ਚੱਕਰ ਜੋ ਚਾਹੁੰਦੇ ਹਨ ਏਸ ਤੋਂ ਕਰਵਾਉਂਦੇ ਹਨ। ਸੰਸਾਰ ਖੇਤਰ ਵਿਚ ਕੋਈ ਆਦਮੀ ਆਪਣੀ ਇੱਛਾ ਤੇ ਵਿਚਾਰ ਅਨੁਸਾਰ ਪੈਰ ਨਹੀਂ ਪੁਟਦਾ, ਸਗੋਂ ਕੋਈ ਹੋਰ ਤਾਕਤ ਹੈ ਜੋ ਜਬਰਨ ਇਸ ਤੋਂ

*ਸੁਬਾਹਤੁਲ ਮਰਜਾਨ ਫ਼ੀ ਤਾਰੀਖ਼ੇ ਹਿੰਦੁਸਤਾਨ ਆਜ਼ਾਦ ਬਿਲਗਰਾਮੀ ।

ਕੰਮ ਕਰਾਵਾਉਂਦੀ ਹੈ। ਤੁਕ: ਦਰ ਦਸਤੇ ਦੀਗਰੇਸਤ ਸਪੀਦੋ ਸਿਆਹੇ ਮਾ(ਉਲਥਾ) ਸਾਡੀ ਲਾਭ ਅਤੇ ਹਾਨੀ ਕਿਸੇ ਹੋਰ ਦੇ ਹੱਥ ਵਿਚ ਹੈ। ਏਸ ਦੇ ਉਲਟ ਸ਼ਤਰੰਜ ਏਸ ਗੱਲ ਨੂੰ ਸਿਧ ਕਰਦੀ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਹੈ ਉਹ ਮਨੁਖ ਦੀ ਨਿਜੀ ਕੋਸ਼ਸ਼ਾਂ ਦਾ ਸਿੱਟਾ ਹੈ। ਏਸ ਦੀ ਹਾਰ ਜਿੱਤ, ਸਫਲਤਾ ਜਾਂ ਅਸਫਲਤਾ ਇਸ ਦੀ ਬੁਧੀ, ਵਿਹਾਟ, ਸਮਝ, ਬੂਝ, ਅਤੇ ਦੌੜ ਭੱਜ ਤੇ ਨਿਰਭਰ ਹਨ। ਤਾਤਪਰਜ ਇਹ ਹੈ ਕਿ ਇਹ ਦੋਵੇਂ ਖੇਲ ਦੁਨੀਆ ਦੀਆਂ ਨਾ ਫੈਸਲਾ ਹੋਨ ਵਾਲੀਆਂ ਸੱਮਸਿਆਵਾਂ ਦੇ ਅਮਲੀ ਫੈਸਲੇ ਹਨ। ਯਾਕੂਬੀ ਨੇ ਲਿਖਿਆ ਹੈ ਕਿ ਪਹਿਲਾਂ ਇਕ ਪੰਡਤ ਨੇ ਚੌਂਪਟ ਬਣਾਕੇ ਇਕ ਰਾਜੇ ਦੀ ਭੇਟਾ ਕੀਤੀ ਸੀ ਅਤੇ ਏਸ ਵਿਚ ਪਰਬਲ ਭਾਗ ਤੇ ਮਨੁਖ ਦੀ ਪਰਬੀਨਤਾ ਦੇ ਸਿਧਾਂਤ ਦੀ ਸ਼ਿਕਸ਼ਾ ਦਿੱਤੀ ਸੀ। ਏਸ ਦੇ ਪਿਛੋਂ ਦੂਜੇ ਪੰਡਤ ਨੇ ਸ਼ਤਰੰਜ ਬਣਾ ਕੇ ਪੇਸ਼ ਕੀਤੀ, ਜਿਸ ਤੋਂ ਇਹ ਸਿਧ ਹੁੰਦਾ ਸੀ ਕਿ ਮਨੁਖ ਦੇ ਵਸ ਵਿਚ ਹੀ ਸਭ ਕੁਝ ਹੈ। ਤਾਤਪਰਜ ਇਹ ਕਿ ਇਨ੍ਹਾਂ ਦੋਹਾਂ ਖੇਲਾਂ ਨੇ ਸਾਬਤ ਕਰ ਦਿੱਤਾ ਕਿ ਜਿਸ ਤਰ੍ਹਾਂ ਮਨੁਖ ਆਪਣੀ ਗੰਭੀਰ ਤਰਕਾਂ ਤੇ ਦਾਰਸ਼ਨਕ ਵਿਚਾਰਾਂ ਦੀ ਸਹਾਇਤਾ ਨਾਲ ਭਾਗ ਤੇ ਪਰਾਕ੍ਰਮ ਦੇ ਪਰਸ਼ਨ ਦਾ ਨਿਪਟਾਰਾ ਨਹੀਂ ਕਰ ਸਕਿਆ ਏਸੇ ਪਰਕਾਰ ਅਮਲੀ ਖੇਲਾਂ ਦੇ ਤਰਕ ਨਾਲ ਵੀ ਓਹ ਪਰਕਿਰਤੀ ਦੇ ਏਸ ਖੇਲ ਦਾ ਪਤਾ ਨਹੀਂ ਲਾ ਸਕਿਆ।

ਸ਼ਤਰੰਜ ਦੇ ਮੋਢੀ ਨੇ ਰਾਜਾ ਧਾਰਾਨੀ (ਦੋ ਰਵਾਇਤਾਂ ਹਨ) ਤੋਂ ਜੋ ਇਨਾਮ ਮੰਗਿਆ ਸੀ ਓਹ ਵੀ ਗਣਿਤ ਦਾ ਇਕ ਬਹੁਤ ਹੀ ਵਿਲਕਸ਼ਣ ਖੇਲ ਹੈ। ਏਸ ਦੀ ਕਾਢ ਕਢਣ ਵਾਲੇ ਨੇ ਇਹ ਇਨਾਮ ਮੰਗਿਆ ਕਿ ਸ਼ਤਰੰਜ ਦੇ ਪਹਿਲੇ ਘਰ ਵਿਚ ਇਕ ਕਣਕ ਦਾ ਦਾਣਾ ਰਖਿਆ ਜਾਵੇ। ਫੇਰ ਹਰ ਘਰ ਵਿਚ ਪਹਿਲੇ ਘਰ ਨਾਲੋਂ ਦੂਣਾ ਕੀਤਾ ਜਾਵੇ ਏਥੋਂ ਤਕ ਕਿ ਸਾਰੇ ਘਰ ਪੂਰੇ ਹੋ ਜਾਣ। ਜ਼ਾਹਿਰ ਵਿਚ ਤਾਂ ਰਾਜੇ ਨੇ ਏਸ ਨੂੰ ਬਹੁਤ ਮਮੂਲੀ ਇਨਾਮ ਸਮਝਿਆ ਪਰ ਜਦੋਂ ਏਸ ਦਾ ਹਿਸਾਬ ਲਾਇਆ ਗਿਆ ਤਾਂ ਇੰਨੀ ਵੱਡੀ ਰਕਮ ਬਣ ਗਈ ਕਿ ਏਸ ਦਾ ਦੇਣਾ ਰਾਜਾ ਦੇ ਵਸ ਵਿਚ ਨਹੀਂ

ਸੀ। ਯਾਕੂਬੀ ਤੇ ਮਸਊਦੀ ਨੇ ਏਸ ਦਾ ਪੂਰਾ ਹਿਸਾਬ ਲਾ ਕੇ ਦੱਸਿਆ ਹੈ* ਪਰ ਏਸ ਦੇ ਏਥੇ ਉਤਾਰਾ ਕਰਨ ਨਾਲ ਖੇਲ ਦੀ ਬਿਸਾਤ ਗੋਇਆ ਗਣਿਤ ਦੀ ਪਾਠਸ਼ਾਲਾ ਬਣ ਜਾਵੇਗੀ।

ਇਹ ਦੋਵੇਂ ਖੇਲ ਪਹਿਲੀ ਸਦੀ ਹਿਜਰੀ ਵਿਚ ਹੀ ਈਰਾਨ ਤੋਂ ਅਰਬ ਪਹੁੰਚ ਚੁਕੇ ਸਨ ਅਤੇ ਇਨ੍ਹਾਂ ਸਭਨਾ ਵਿਚੋਂ ਨਰਦ ਅਥਵਾ ਚੌਂਪਟ ਦਾ ਖੇਲ ਬਹੁਤ ਪਹਿਲਾਂ ਪਹੁੰਚ ਚੁਕਿਆ ਸੀ, ਕਿਉਂ ਜੋ ਏਸ ਦਾ ਵੇਰਵਾ ਹਦੀਸਾਂ ਵਿਚ ਮੌਜੂਦ ਹੈ ਅਤੇ ਸ਼ਤਰੰਜ ਏਸ ਪਿਛੋਂ ਅਰਥਾਤ ਦੂਜੀ ਸਦੀ ਵਿਚ ਗ਼ਾਲਬਨ ਅੱਬਾਸੀ ਸਮੇਂ ਵਿਚ ਅਰਬ ਤਕ ਪੁਜੀ ਹੈ ਕਿਉਂ ਜੋ ਏਸ ਬਾਰੇ ਦੂਜੀ ਸਦੀ ਦੇ ਵੱਡੇ ਵੱਡੇ ਮੁਸਲਮਾਨ ਵਿਦਵਾਨਾਂ ਦੀਆਂ ਰਾਇਆਂ ਮੌਜੂਦ ਹਨ। ਸ਼ਬਦ 'ਸ਼ਤਰੰਜ' ਬਾਰੇ ਈਰਾਨੀਆਂ ਦਾ ਦਾਵਾ ਹੈ ਕਿ ਇਹ ਉਨ੍ਹਾਂ ਦੀ ਮਲਕੀਅਤ ਹੈ ਅਤੇ ਏਸ ਸ਼ਬਦ ਦਾ ਮੂਲ 'ਹਸ਼ਤ ਰੰਜ' ਹੈ † ਕਿਉਂ ਜੋ ਇਸ ਵਿਚ ੮ ਘਰ ਹੁੰਦੇ ਹਨ। ਪਰ ਇਹ ਈਰਾਨੀਆਂ ਦੀ ਖੁਲਮਖੁੱਲਾ ਧੀਂਗਾ ਜ਼ੋਰੀ ਹੈ। ਸ਼ਤਰੰਜ ਨਾਂ ਵੀ ਹਿੰਦੁਸਤਾਨ ਦੀ ਮਲਕੀਅਤ ਹੈ। ਏਸ ਦੀ ਅਸਲ ਚਤਰੰਗ ‡ ਅਥਵਾ ਚੌਂਹ ਅੰਗਾ ਵਾਲਾ ਹੈ। ਫੇਰ ਭਾਵੇਂ ਏਸ ਦੇ ਸਾਰੇ ਮੁਹਰਿਆਂ ਉਤੇ ਸ਼ਾਹ (ਬਾਦਸ਼ਾਹ) ਫ਼ਰਜ਼ੀਨ (ਵਜ਼ੀਰ) ਪਿਆਦਾ ਆਦਿ ਆਖਕੇ ਈਰਾਨੀਆਂ ਨੇ ਕਬਜ਼ਾ ਕਰ ਲਿਆ ਹੈ ਪਰ ਦੋ ਚੀਜ਼ਾਂ ਅਜੇਹੀਆਂ ਬਾਕੀ ਹਨ ਜੋ ਹਿੰਦੁਸਤਾਨ ਦੀ ਮਲਕੀਅਤ ਦੇ ਨਾ ਮਿਸਣ ਵਾਲੇ ਤਮੱਸਕ ਹਨ। ਏਹ ਹਨ ਹਾਥੀ ਤੇ ਰੁਖ। ਹਾਥੀ ਤਾਂ ਭਲਾ ਹਿੰਦੁਸਤਾਨ ਦੀ ਨਿਸ਼ਾਨੀ ਹੈ ਹੀ ਪਰ 'ਰੁਖ' ਨਾਂ ਦੀ ਸਵਾਰੀ ਵੀ ਜਿਸ ਦਾ ਹਿੰਦੀ ਰੂਪ 'ਰਥ' ਹੈ ਹਿੰਦੁਸਤਾਨ ਤੋਂ ਬਾਹਿਰ ਨਹੀਂ ਮਿਲ ਸਕਦੀ ਅਸਲ ਖੋਜ ਦਸਦੀ ਹੈ ਕਿ ਚਤਰੰਗ ਖੇਲ ਦਾ ਵੇਰਵਾ ਰਮਾਇਣ ਆਦਿ ਵਿਚ ਵੀ ਮੌਜੂਦ

---

*ਇਹ ਪੂਰਾ ਹਾਲ ਯਾਕੂਬੀ ਜਿ. ੧ ਪੰ. ੯੯–੧੦੫ ਉੱਤੇ ਦਿੱਤਾ ਗਿਆ ਹੈ ਨਾਲੇ ਵੇਖੋ ਮਸਊਦੀ ਜਿ. ੧ ਪੰ. ੧੬੦ (ਲੀਡਨ)

†ਯਾਕੂਬੀ ਜਿ. ੧ ਪੰ. ੧੦੧ (ਲੀਡਨ)

‡ਸਿਵਾ ਉਸੱਬੀਲ ਫ਼ੀ ਮਾਰਫ਼ਤੁਲ ਮੌਲਦ ਵੱ–ਦਖੀਲ ਪ੍ਰੋਸਰ (ਹੁਣ ਡਾਕਟਰ) ਆਰਨਲਡ

ਹੈ।* ਈਰਾਨੀਆਂ ਤੋਂ ਛੁਟ ਯੂਨਾਨੀਆਂ, ਰੂਮੀਆਂ, ਮਿਸਰੀਆਂ, ਬਾਬਿਲੀਆਂ ਤੇ ਹੋਰ ਦੂਜੀਆਂ ਪੁਰਾਣੀਆਂ ਕੌਮਾਂ ਨੇ ਵੀ ਏਸ ਦੀ ਮਾਲਕੀ ਦਾ ਦਾਵਾ ਕੀਤਾ ਹੈ ਪਰ ਖੋਜ ਦੀ ਕਚਿਹਰੀ ਵਿਚ ਹਿੰਦੁਸਤਾਨ ਤੋਂ ਛੁਟ ਕਿਸੇ ਹੋਰ ਦਾ ਦਾਵਾ ਮੰਨਿਆ ਨਹੀਂ ਜਾ ਸਕਿਆ।† ਨਾਲ ਲਗਦੇ ਇਹ ਗੱਲ ਵੀ ਭੁਲਣੀ ਨਹੀਂ ਚਾਹੀਦੀ ਕਿ ਚਾਹੇ ਈਰਾਨ ਵਿਚ ਏਸ ਦਾ ਨਾਂ 'ਹਸ਼ਤ ਰੰਜ' ਹੋਵੇ ਜਾਂ ਹਿੰਦੁਸਤਾਨ ਵਿਚ 'ਚਤਰੰਗ' ਪਰ ਅਰਬਾਂ ਨੇ ਆਪਣੀ ਬੋਲੀ ਵਿਚ ਜੋ ਇਨ੍ਹਾਂ ਅਖਰਾਂ ਦਾ ਰੂਪਾਂਤਰ ਕਰਕੇ ਜੋ ਨਾਂ ਰਖਿਆ ਓਹੀ ਨਾਂ 'ਸ਼ਤਰੰਜ' ਅਜ ਈਰਾਨ ਵਿਚ ਵੀ ਤੇ ਹਿੰਦੁਸਤਾਨ ਵਿਚ ਵੀ ਪਰਚਲਤ ਹੈ।

---

*ਵੇਖੋ ਬ੍ਰਿਟਿਸ਼ ਐਨਸਾਈਕਲੋਪੀਡੀਆ ਜਿਲਦ ੬ ਪੰ. ੫੦੦ ਸਬਦ ਚੈਸ (Chess)
†ਓਹੋ

ਧਾਰਮਕ ਸਬੰਧ

ਆਧਾਰ

ਏਸ ਲੇਖ ਦੇ ਗਿਆਨ ਦੇ ਆਧਾਰ ਇਨ੍ਹਾਂ ਪੁਸਤਕਾਂ ਤੋਂ ਬਿਨਾਂ, ਜਿਨ੍ਹਾਂ ਦਾ ਵੇਰਵਾ ਉੱਤੇ ਆ ਚੁਕਿਆ ਹੈ, ਚਾਰ ਨਵੇਂ ਹੋਰ ਹਨ।

(੧) ਹਿੰਦੁਸਤਾਨੀ ਧਰਮਾਂ ਦੀ ਓਹ ਵਾਰਤਾ ਜੋ ਦੂਜੀ ਸਦੀ ਹਿਜਰੀ ਵਿਚ ਯਹਿਯਾ ਬਿਨ ਖ਼ਾਲਿਦ ਬਰਮਕੀ ਨੇ ਤਿਆਰ ਕਰਵਾਈ ਸੀ, ਜਿਸ ਦਾ ਸੰਖੇਪ ਇਬਨ ਨਦੀਮ ਨੇ ਕਿਤਾਬੁਲ ਫ਼ਹਿਰਿਸਤ ਵਿਚ ਸ਼ਾਮਲ ਕਰ ਲਿਆ ਹੈ, ਏਹੀ ਸੰਖੇਪ ਏਸ ਵੇਲੇ ਦੁਨੀਆ ਵਿਚ ਮਜੂਦ ਹੈ।

(੨) ਬੈਤੁਲ ਮੁਕੱਦਸ ਦੇ ਇਕ ਵਿਦਵਾਨ ਅਰਬ ਦਾਰਸ਼ਨਕ, ਤਰਕਵੇਤਾ ਤੇ ਇਤਿਹਾਸਕਾਰ, ਮੁਤੱਹਿਰ ਬਿਨ ਤਾਹਿਰ ਮੁਕੱਦਸੀ (ਸੰਨ ੩੩੫ ਹਿ.) ਦੀ ਯਾਦਗਾਰ ਲਿਖਤ ਕਿਤਾਬੁਲ ਬਦਆ-ਵੱ-ਤਾਰੀਖ ਜੋ ਸੰਨ ੧੮੯੯ ਈ. ਵਿਚ ਪੈਰਸ ਤੋਂ ੬ ਜਿਲਦਾਂ ਵਿਚ ਛਪੀ ਸੀ, ਏਸ ਵਿਚ ਇਕ ਬਾਬ ਹਿੰਦੁਸਤਾਨ ਦੇ ਧਰਮਾਂ ਸਬੰਧੀ ਵੀ ਹੈ।

(੩) ਤੀਜੀ ਕਿਤਾਬ ਅਬੁਲ ਅੱਬਾਸ ਈਰਾਨਸ਼ਹਿਰੀ ਦੀ 'ਕਿਤਾਬੁਦਿਆਨਾਤ' ਹੈ ਜਿਸ ਦੀ ਅਸਲ ਭਾਵੇਂ ਮੌਜੂਦ ਨਹੀਂ ਪਰ ਏਸ ਦੀਆਂ ਟੂਕਾਂ ਬੈਰੂਨੀ ਦੀ ਕਿਤਾਬੁਲ ਹਿੰਦ ਵਿਚ ਹਨ। ਏਸ ਵਿਚ ਵਧੇਰੇ ਕਰਕੇ ਬੁੱਧਾਂ ਦੇ ਹਾਲ ਸਨ।

(੪) ਏਸ ਦੇ ਪਿਛੋਂ ਸਭ ਤੋਂ ਵਧੇਰੇ ਮਹੱਤਤਾ, ਅਬਦੁਲ ਕਰੀਮ ਸ਼ਹਿਰਿਸਤਾਨੀ ਦੀ (ਸੰਨ ੪੬੯, ੫੪੯ ਹਿ.) ਪੁਸਤਕ 'ਮਿਲਲ-ਵੱ-ਨਹਲ ਨੂੰ ਪਰਾਪਤ ਹੈ ਜੋ ਕਈ ਵਾਰ ਯੂਰਪ, ਮਿਸਰ ਅਤੇ ਬੰਬਈ ਵਿਚ ਛਪ ਚੁਕੀ ਹੈ।

ਫੁਟਕਲ ਮਜ਼ਮੂਨ ਅਬਦੁਲ ਕਾਹਿਰ ਬਗ਼ਦਾਦੀ ਸੰਨ ੪੨੯ ਹਿ. (ਸੰਨ ੧੦੩੭ ਈ.) ਦੀ ਅਲਫ਼ਰਕ ਬੈਨਿਲ ਫਿਰਕ ਤੋਂ ਜੋ ਇਸਲਾਮੀ ਸੰਪਰਦਾਵਾਂ ਦਾ ਇਤਿਹਾਸ ਹੈ ਤੇ ਮਿਸਰ ਦੀ ਛਪੀ ਹੋਈ ਹੈ, ਅਤੇ ਮੁਰਤਜ਼ਾ ਜ਼ੈਦੀ ਦੀ ਏਸ ਕਿਤਾਬੁਲ ਮੁਅਤਜ਼ਿਲਾ ਤੋਂ ਲਏ ਗਏ ਹਨ ਜਿਸ ਨੂੰ ਪ੍ਰੋਫ਼ੈਸਰ ਆਰਨਲਡ ਨੇ ਹੈਦਰਾਬਾਦ ਦੇ ਦਾਇਰਾਤੁਲ ਮੁਆਰਿਫ਼ ਵਿਚ ਛਪਵਾਇਆ ਸੀ।

ਅਰਬ ਅਤੇ ਤੁਰਕ ਤੇ ਅਫ਼ਗ਼ਾਨ ਤੇ ਮੁਗ਼ਲ ਜੇਤੂਆਂ ਵਿਚ ਫ਼ਰਕ

ਏਸ ਤੋਂ ਪਹਿਲਾਂ ਕਿ ਅਸੀਂ ਅੱਗੇ ਵਧੀਏ ਇਕ ਗੱਲ ਵਲ ਪਾਠਕਾਂ ਦਾ ਧਿਆਨ ਦਵਾਉਣਾ ਜ਼ਰੂਰੀ ਹੈ ਕਿਉਂਕਿ ਹਿੰਦੁਸਤਾਨ ਵਿਚ ਜੋ ਤੁਰਕ, ਅਫ਼ਗ਼ਾਨ, ਤੇ ਮੁਗ਼ਲ ਜੇਤੂ ਆਏ ਓਹ ਮੁਸਲਮਾਨ ਸਨ। ਇਸ ਲਈ ਇਨ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਦਾ ਜ਼ਿਮਾਦਾਰ ਇਸਲਾਮ ਸਮਝਿਆ ਜਾਂਦਾ ਹੈ। ਇਸ ਅਸਲੀਅਤ ਤੋਂ ਸਾਨੂੰ ਸਭ ਨੂੰ ਜਾਣੂ ਹੋਣਾ ਚਾਹੀਦਾ ਸੀ ਕਿ ਤੁਰਕ ਜੇਤੂ ਜੋ ਹਿੰਦੁਸਤਾਨ ਆਏ ਖ਼ਾਸ ਖ਼ਾਸ ਅਫ਼ਸਰਾਂ ਜਾਂ ਅਹੁਦੇਦਾਰਾਂ ਨੂੰ ਛੱਡਕੇ ਸਮੁਚੇ ਤੌਰ ਤੇ ਕੌਮ ਦੀ ਸਮੂਹਕ ਦ੍ਰਿਸ਼ਟੀ ਤੋਂ ਉਹ ਇਸਲਾਮ ਦੇ ਪਰਤੀਨਿਧ ਨਹੀਂ ਸਨ ਅਤੇ ਨਾ ਉਨ੍ਹਾਂ ਦੇ ਰਾਜ ਅਸੂਲਾਂ ਨੂੰ ਇਸਲਾਮ ਦੇ ਸ਼ਾਸਨ-ਢੰਗ ਅਤੇ ਰਾਜ-ਸ਼ਾਸਨ-ਨਿਯਮਾਂ ਨਾਲ ਕੋਈ ਸਬੰਧ ਸੀ।

ਇਨ੍ਹਾਂ ਦੇ ਤੁਰਕ ਅਫ਼ਸਰ ਵਧੇਰੇ ਕਰਕੇ ਨਵੇਂ ਬਣੇ ਮੁਸਲਮਾਨ ਗ਼ੁਲਾਮ ਸਨ ਜਿਨ੍ਹਾਂ ਨੂੰ ਇਸਲਾਮ ਦੇ ਸੁਲਾਹ ਤੇ ਜੰਗ ਦੇ ਕਾਨੂੰਨਾਂ ਤੋਂ ਸ਼ਾਇਦ ਵਾਕ਼ਫ਼ੀ ਵੀ ਨਹੀਂ ਸੀ।

ਗ਼ਜ਼ਨੀ ਦਾ ਰਾਜ ਜਿਸ ਦੇਸ ਵਿਚ ਆਕੇ ਕਾਇਮ ਹੋਇਆ ਓਹ ਇਸਲਾਮੀ ਰਾਜ-ਹੱਦ ਦੀ ਸਭ ਤੋਂ ਆਖ਼ਰੀ ਗੁੱਠ ਸੀ। ਓਥੇ ਇਸਲਾਮ ਨੇ ਅਜਾਂ, ਪੂਰੇ ਪੈਰ ਵੀ ਨਹੀਂ ਸੀ ਜਮਾਏ। ਸੁਲਤਾਨ ਮਹਿਮੂਦ ਦੀ ਫ਼ੌਜ ਵਿਚ ਜੋ ਸਿਪਾਹੀ ਭਰਤੀ ਹੋਕੇ ਆਏ ਓਹ ਗ਼ਜ਼ਨੀ, ਖ਼ਿਲਜੀ, ਤੁਰਕਾਂ ਤੇ ਅਫ਼ਗ਼ਾਨਾਂ ਦੇ ਵਖੋ ਵੱਖ ਕਬੀਲੇ ਸਨ। ਹਿੰਦੂ ਵੀ ਏਸ ਦੀ ਫ਼ੌਜ ਵਿਚ ਦਾਖ਼ਲ ਸਨ।* ਤੁਰਕ ਕਬੀਲਿਆਂ ਦਾ ਇਹ ਹਾਲ ਸੀ ਕਿ ਓਹ ਵਧੇਰੇ ਕਰਕੇ ਮੁਸਲਮਾਨ ਨਹੀਂ ਸਨ। ਓਹ ਗ਼ੁਲਾਮਾਂ ਦੀ ਹੈਸੀਅਤ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਵਿਕਦੇ ਸਨ ਅਤੇ ਬਾਦਸ਼ਾਹ ਅਤੇ ਅਮੀਰ ਇਨ੍ਹਾਂ ਨੂੰ ਮੁਲ ਲੈਕੇ ਤੇ ਮੁਸਲਮਾਨ ਬਣਾਕੇ ਫ਼ੌਜ ਵਿਚ ਭਰਤੀ ਕਰ ਲੈਂਦੇ ਸਨ ਜਾਂ ਉਹ ਆਪ ਲੁਟਮਾਰ ਦੇ ਸ਼ੌਕ ਨਾਲ ਮੱਧ ਏਸ਼ੀਆ ਤੋਂ ਨਿਕਲ ਕੇ ਇਸਲਾਮੀ ਦੇਸਾਂ ਵਿਚ ਆਉਂਦੇ ਸਨ ਅਤੇ ਮੁਸਲਮਾਨ ਹੋਕੇ ਵੱਖ ਵੱਖ ਬਾਦਸ਼ਾਹਾਂ ਤੇ ਅਮੀਰਾਂ ਦੀ ਫ਼ੌਜ ਵਿਚ ਭਰਤੀ ਹੁੰਦੇ ਸਨ ਫ਼ੇਰ ਅੱਗੇ ਚਲਕੇ ਵੱਡੇ ਵੱਡੇ ਅਫ਼ਸਰ ਬਣ ਜਾਂਦੇ ਸਨ। ਏਥੋਂ ਤਕ ਕਿ ਬਾਦਸ਼ਾਹ ਵੀ ਬਣ ਜਾਂਦੇ ਸਨ। ਅਲਪਤਗੀਮ ਅਤੇ ਸਬੁਕਤਗੀਨ ਜੋ ਏਸ ਗ਼ਜ਼ਨਵੀ ਰਾਜ ਦੇ ਮੋਢੀ ਸਨ, ਏਹੋ ਜੇਹੇ ਹੀ ਤੁਰਕ ਗ਼ੁਲਾਮ ਸਨ। ਸੁਲਤਾਨ ਗ਼ੌਰੀ ਦੇ ਜਾਨਸ਼ੀਨ ਐਲਤਮਸ਼ ਆਦਿ ਵੀ ਅਜੇਹੇ ਹੀ ਸਨ। ਸਲਜੂਕੀ ਤੁਰਕ ਜੋ ਕੁਝ ਸਾਲਾਂ ਪਿਛੋਂ ਸ਼ਾਨਦਾਰ ਸਲਜੂਕੀ ਰਾਜ ਦੇ ਮੋਢੀ ਹੋਏ ਏਸੇ ਸਮੇਂ ਇਸਲਾਮੀ ਦੇਸ ਵਿਚ ਆਕੇ ਮੁਸਲਮਾਨ ਹੋਏ। ਏਹੀ ਹਾਲ ਸੁਲਤਾਨ ਮਹਿਮੂਦ ਦੀ ਫ਼ੌਜ ਦਾ ਵੀ ਸੀ ਤੁਰਕਿਸਤਾਨ ਤੇ ਮਾਵਰਾਉਨੱਹਿਰ ਦੇ ਤੁਰਕ ਰਿਜ਼ਾਕਾਰ † ਏਸ ਦੀ ਫ਼ੌਜ ਵਿਚ ਦਾਖ਼ਲ ਹੋ ਗਏ ਸਨ ਜੋ ਵਧੇਰੇ ਕਰਕੇ ਏਸੇ ਸਮੇਂ ਵਿਚ ਮੁਸਲਮਾਨ ਹੋਏ ਸਨ।‡

---

*ਕਾਮਿਲ ਇਬਨ ਅਸੀਰ ਜਿ. ੯ ਪੰ. ੧੩੫ ਬਰੇਲ (ਲੀਡਨ) ਸੰ. ੧੯੬੨ ਈ.

†ਤਾਰੀਖ਼ ਫਰਿਸ਼ਤਾ ਜਿ. ੧ ਪੰ. ੨੯,੩੨. ਨਵਲਕਿਸ਼ੋਰ

‡ਏਹੀ ਜਿ. ੧ ਪੰ. ੨੪

ਮੁਗ਼ਲ ਹਾਲੇ ਤਕ ਮੁਸਲਮਾਨ ਹੀ ਨਹੀਂ ਸੀ ਹੋਏ ਓਹ ਸੱਤਵੀ ਸਦੀ ਹਿਜਰੀ ਤਕ ਕਾਫ਼ਰ ਸਮਝੇ ਜਾਂਦੇ ਸਨ। ਅਲਾਉ-ਦੀਨ ਖ਼ਿਲਜੀ (ਮ੍ਰਿਤੂ ਸੰਨ ੭੧੬ ਹਿ.)ਦੇ ਸਮੇਂ ਤਕ ਫੌਜ ਵਿਚ ਮੁਗ਼ਲ ਮੁਸਲਮਾਨ ਕਰਕੇ ਨੌਕਰ ਰਖੇ ਜਾਂਦੇ ਸਨ। ਸ਼ੋ ਅਲਾਉਦੀਨ ਖ਼ਿਲਜੀ ਦੇ ਹੁਕਮ ਨਾਲ ਦਿੱਲੀ ਵਿਚ ਇਕੋ ਸਮੇਂ ਚੌਦਾਂ ਪੰਦਰਾਂ ਹਜ਼ਾਰ ਨੁਵੇਂ ਮੁਸਲਮਾਨ ਮੁਗ਼ਲ ਸਿਪਾਹੀ ਕਤਲ ਕੀਤੇ ਗਏ *

ਅਫ਼ਗ਼ਾਨਾਂ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਭਾਵੇਂ ਇਸਲਾਮ ਸੀ ਪਰ ਖ਼ੁਦ ਅਫ਼ਗ਼ਾਨ ਹਾਲੇ ਤਕ ਮੁਸਲਮਾਨ ਨਹੀਂ ਸਨ ਹੋਏ, ਤੇ ਕਾਫ਼ਰ ਹੀ ਸਮਝੇ ਜਾਂਦੇ ਸਨ † ਭਾਵੇਂ ਖ਼ਾਸ ਕਾਬੁਲ ਦੇ ਬਾਦਸ਼ਾਹ ਨੇ ਤੀਜੀ ਸਦੀ ਦੇ ਆਰੰਭ ਵਿਚ ਅਥਵਾ ਗ਼ਜ਼ਨਵੀਆਂ ਤੋਂ ਸੌ ਸਾਲ ਪਹਿਲਾਂ ਆਪਣਾ ਮੁਸਲਮਾਨ ਹੋਣਾ ਪਰਗਟ ਕੀਤਾ ਸੀ ‡ ਪਰ ਅਫ਼ਗ਼ਾਨਾਂ ਦੇ ਵਧੇਰੇ ਕਬੀਲੇ ਮਹਿਮੂਦ ਗ਼ਜ਼ਨਵੀ ਹੀ ਦੇ ਕਾਲ ਤੋਂ ਮੁਸਲਮਾਨ ਹੋਣੇ ਸ਼ੁਰੂ ਹੋਏ ਸਨ।§

ਇਨ੍ਹਾਂ ਤੋਂ ਛੁਟ ਗ਼ੌਰੀ ਕਬੀਲੇ ਚੌਥੀ ਸਦੀ ਦੇ ਮੱਧ ਤਕ ਅਰਥਾਤ ਗ਼ਜ਼ਨਵੀਆਂ ਦੀ ਉਤਪਤੀ ਦੇ ਪਿਛੋਂ ਤਕ ਮੁਸਲਮਾਨ ਨਹੀਂ ਸੀ ਹੋਏ।@ ਫੇਰ ਸੁਲਤਾਨ ਮਹਿਮੂਦ ਤੋਂ ਪਹਿਲਾਂ ਏਸ ਸਮੇਂ ਤਕ ਇਨ੍ਹਾਂ ਪਾਸਿਆਂ ਵਿਚ ਨਾਂ ਇਸਲਾਮੀ ਮਕਤਬ ਸਨ ਨਾ ਇਸਲਾਮੀ ਸ਼ਿਕਸ਼ਾਵਾਂ ਦਾ ਰਵਾਜ ਹੋਇਆ ਸੀ ਅਤੇ ਨਾ ਮੁਸਲਮਾਨ ਵਿਦਵਾਨ ਫੈਲੇ ਸਨ। ਇਨ੍ਹਾਂ ਕਾਰਣਾਂ ਤੋਂ ਇਨ੍ਹਾਂ ਕੌਮਾਂ ਦੇ ਓਸ ਵੇਲੇ ਦੇ ਰੰਗ ਢੰਗ, ਲੜਾਈ ਦੇ ਅਸੂਲਾਂ ਤੇ ਸ਼ਾਸਨ ਪਰਨਾਲੀ ਨੂੰ ਇਸਲਾਮ ਨਹੀਂ ਆਖਿਆ ਜਾ ਸਕਦਾ।

ਏਸ ਦੇ ਉਲਟ ਓਹ ਅਰਬ ਜੇਤੂੰ ਜੋ ਇਕ ਸਦੀ ਦੇ ਅੰਦਰ ਅੰਦਰ

---

*ਫਰਿਸ਼ਤਾ ਜਿ. ੧ ਪੰ. ੧੨੦ ਨਵਲ ਕਿਸ਼ੋਰ

†ਕਾਮਿਲ ਇਬਨ ਅਸੀਰ ਜਿ. ੯ ਪੰ. ੨੧੯

‡ਫ਼ਤੂਹੁਲ ਬੁਲਦਾਨ ਬਲਾਜ਼ੁਰੀ ਪੰ. ੪੦੨ (ਲੀਡਨ)

§ਕਾਮਿਲ ਇਬਨ ਅਸੀਰ ਜਿ. ੯ ਪੰ. ੨੧੯ (ਲੀਡਨ)

@ਸਫ਼ਰ ਨਾਮਾ ਇਬਨ ਹੌਲਕ ਪੰ. ੩੬੩ ਅਤੇ ਕਾਮਿਲ ਇਬਨ ਅਸੀਰ ਜਿ. ੯ ਪੰ. ੧੫੬ (ਲੀਡਨ) ਅਤੇ ਤਾਰੀਖ਼ੇ ਬਹਿਕੀ ਕਲਕਤੇ ਦੀ ਛਪੀ ਪੰ. ੧੨੭

ਇਕ ਪਾਸੇ ਸ਼ਾਮ ਦੇਸ ਦੀਆਂ ਹਦਾਂ ਟਪ ਕੇ ਮਿਸਰ ਤੇ ਉੱਤਰੀ ਅਫ਼ਰੀਕਾ ਦੇ ਰਾਹੀਂ ਸਪੇਨ ਤਕ ਪੁੱਜ ਢੁੱਕੇ ਸਨ ਅਤੇ ਦੂਜੇ ਬਨੇਂ ਇਰਾਕ ਦੇ ਰਸਤਿਓਂ ਖ਼ੁਰਾਸਾਂ ਤਕ, ਅਤੇ ਈਰਾਨ ਤੇ ਤੁਰਕਿਸਤਾਨ ਨੂੰ ਪਾਰ ਲੰਘ ਕੇ ਇਕ ਪਾਸੇ ਕਾਸ਼ਗਾਰ ਤੇ ਦੂਜੇ ਪਾਸੇ ਸਿੰਧ ਤਕ ਦਾ ਇਲਾਕਾ ਜਿੱਤ ਚੁਕੇ ਸਨ, ਓਹ ਲੋਕ ਸਨ ਜਿਨ੍ਹਾਂ ਵਿਚ ਇਸਲਾਮ ਦੀ ਸ਼ਿਕਸ਼ਾ ਜੀਉਂਦੀ ਸੀ। ਇਸਲਾਮ ਦੇ ਜੰਗੀ ਅਸੂਲ ਵਰਤੇ ਜਾਂਦੇ ਸਨ। ਟਾਂਵੇਂ ਟਾਂਵੇ ਅਫ਼ਸਰ ਅਜੇਹੀਆਂ ਮਹਾਨ ਵਿਅਕਤੀਆਂ ਵੀ ਸਨ ਜਿਨ੍ਹਾਂ ਨੇ ਇਸਲਾਮ ਦੇ ਪੈਗ਼ੰਬਰ ਦੀ ਸਤ-ਸੰਗਤ ਕੀਤੀ ਸੀ ਅਤੇ ਅਜੇਹੀਆਂ ਵਿਅਕਤੀਆਂ ਤਾਂ ਬਹੁਤ ਸਨ ਜਿਨਾਂ ਨੇ ਪੈਗ਼ੰਬਰ ਦੇ ਸਤਸੰਗੀਆਂ ਦੀ ਸੰਗਤ ਕੀਤੀ ਸੀ ਏਸ ਲਈ ਉਨ੍ਹਾਂ ਦੇ ਰੰਗ ਢੰਗ ਸ਼ਾਸਨ ਪਰਨਾਲੀ ਅਤੇ ਰਾਜ ਪਰਬੰਧ ਖ਼ੈਬਰ ਤੋਂ ਆਉਣ ਵਾਲੀ ਕੌਮਾਂ ਤੋਂ ਬਿਲਕੁਲ ਵਖਰਾ ਸੀ।

ਸੰਨ ੯੩ ਹਿ. ਵਿਚ ਕੁਤੈਬਾ ਨੇ ਸਮਰਕੰਦ ਫ਼ਤਹਿ ਕੀਤਾ। ਏਸ ਸਮੇਂ ਏਸ ਇਲਾਕੇ ਦੇ ਰਹਿਣ ਵਾਲੇ ਬੁਧ ਮਤ ਦੇ ਪੈਰੋ ਸਨ। ਕੁਤੈਬਾ ਨੇ ਕਿਸੇ ਵਜ੍ਹਾ ਤੋਂ (ਸ਼ਾਇਦ ਮਾਲੀ ਤੰਗੀ ਕਰਕੇ) ਮਜਬੂਰ ਹੋ ਕੇ ਉਨ੍ਹਾਂ ਦੇ ਬੁਤਾਂ ਨੂੰ ਸਾੜ ਕੇ ਇਨ੍ਹਾਂ ਤੋਂ ਸੋਨਾ ਚਾਂਦੀ ਪਰਾਪਤ ਕਰਨਾ ਅਵੱਸ਼ ਸਮਝਿਆ ਪਰ ਇਉਂ ਨਹੀਂ ਕੀਤਾ ਕਿ ਉਨ੍ਹਾਂ ਨੂੰ ਮੱਲੋ ਮਲੀ ਤੋੜਕੇ ਸਾੜ ਦਿਤਾ ਹੋਵੇ, ਸਗੋਂ ਬੜੀ ਸਫ਼ਾਈ ਨਾਲ ਖ਼ੁਦ ਸੁਲਾਹ ਦੀਆਂ ਸ਼ਰਤਾਂ ਵਿਚ ਏਸ ਨੇ ਇਕ ਦਫ਼ਾ ਇਹ ਤੈਹ ਕਰਵਾ ਲਈ ਸੀ ਕਿ ਇਹ ਬੁਤ ਮੁਸਲਮਾਨਾਂ ਦੇ ਕਬਜ਼ੇ ਵਿਚ ਦਿਤੇ ਜਾਣਗੇ। ਸੋ ਦੂਜੀ ਧਿਰ ਨੇ ਏਸ ਨੂੰ ਸਵੀਕਾਰ ਕੀਤਾ ਪਰ ਜਦ ਬੁਤਾਂ ਦੇ ਸਾੜਨ ਦਾ ਸਮਾਂ ਆਇਆ ਤਾਂ ਤੁਰਕ ਬਾਦਸ਼ਾਹ ਨੇ ਆਖਿਆ ਕਿ ਆਪਦਾ ਮੈਂ ਇਹਸਾਨਮੰਦ ਹਾਂ ਏਸ ਲਈ ਮੈਂ ਆਪਨੂੰ ਚਿਤਾਵਨੀ ਕਰਦਾ ਹਾਂ ਕਿ ਆਪ ਇਨ੍ਹਾਂ ਨੂੰ ਸਾੜੋ ਨਾ, ਕਿਉਂ ਜੋ ਇਨ੍ਹਾਂ ਵਿਚ ਕੁਝ ਅਜੇਹੇ ਬੁਤ ਹਨ ਕਿ ਜੇ ਇਹ ਸਾੜੇ ਗਏ ਤਾਂ ਨਿਸਚਾ ਕਰਕੇ ਜਾਣਨਾ ਕਿ ਆਪ ਦੀ ਤਬਾਹੀ ਹੋ ਜਾਵੇਗੀ। ਕੁਤੈਬਾ ਨੇ ਆਖਿਆ ਜੇ ਅਜੇਹਾ ਹੈ ਤਾਂ ਮੈਂ ਆਪ ਆਪਣੇ ਹਥੀਂ ਇਨ੍ਹਾਂ ਬੁਤਾਂ ਨੂੰ ਸਾੜਾਂਗਾ

ਸੋ ਆਪ ਆਪਣੇ ਹਥੀਂ ਇਨ੍ਹਾਂ ਨੂੰ ਅੱਗ ਲਾਈ ਪਰ ਜਦੋਂ ਏਸ ਦਾ ਕੋਈ ਸਿੱਟਾ ਜ਼ਾਹਿਰ ਨਾ ਹੋਇਆ ਤਾਂ ਬਹੁਤ ਸਾਰੇ ਤੁਰਕਾਂ ਦਾ ਵਿਸ਼ਵਾਸ਼ ਬੁਤ ਪੂਜਾ ਤੋਂ ਹਟ ਗਿਆ ਤੇ ਉਹ ਮੁਸਲਮਾਨ ਹੋ ਗਏ।*

ਅਰਬਾਂ ਨੇ, ਖ਼ੁਲਫ਼ਾਇ ਰਾਸ਼ਦੀਨ(Orthodox Caliphs)ਅਥਵਾ ਹਜ਼ਰਤ ਅਬੂਬਕਰ, ਉਮਰ, ਉਸਮਾਨ, ਅਲੀ ਦੇ ਸਮੇਂ ਵਿਚ (੬੩੨–੬੬੦ ਈ.) ਅਤੇ ਸਤਿਕਾਰ ਯੋਗ ਹਜ਼ਰਤ ਮੁਹੰਮਦ ਸਾਹਿਬ ਦੇ ਸਤਸੰਗੀਆਂ ਦੇ ਸਮੇਂ ਵਿਚ, ਜੰਗ ਦੇ ਸਮੇਂ ਦੀਆਂ ਅਚਨਚੇਤ ਘਟਨਾਵਾਂ ਨੂੰ ਛੱਡਕੇ, ਜਿਨ੍ਹਾਂ ਕੌਮਾਂ ਨਾਲ ਸੰਧੀ ਜਾਂ ਸੁਲਾਹ ਕੀਤੀ ਉਨ੍ਹਾਂ ਦੇ ਉਪਾਸਨਾ ਮੰਦਰਾਂ ਨੂੰ ਠੇਸ ਵੀ ਨਹੀਂ ਲਗਣ ਦਿੱਤੀ। ਈਰਾਨ ਦੇ ਅਗਨੀ ਮੰਦਰ ਵਿਚ ਓਵੇਂ ਹੀ ਜਿਉਂ ਦੀਆਂ ਤਿਉਂ ਜਵਾਲਾ ਦੀਆਂ ਜੋਤਾਂ ਜਲਦੀਆਂ ਰਹੀਆਂ। ਫ਼ਿਲਿਸਤੈਨ, ਸ਼ਾਮ, ਮਿਸਰ ਤੇ ਇਰਾਕ ਦੇ ਗਿਰਜੇ ਜੇਹੜੇ ਮੂਰਤੀਆਂ ਤੇ ਬੁਤਾਂ ਨਾਲ ਭਰੇ ਪਏ ਸਨ ਜਿਉਂ ਦੇ ਤਿਉਂ ਹੀ ਸੰਖਾਂ ਦੀਆਂ ਧੁਨੀਆਂ ਨਾਲ ਗੂੰਜਦੇ ਰਹੇ। ਪਰ ਇਹ ਨਵੇਂ ਮੁਸਲਮਾਨ ਤੁਰਕ ਜੇਤੂੰ ਇਨ੍ਹਾਂ ਨਾਲੋਂ ਵਧੇਰੇ ਆਪਣੇ ਦੀਨ ਧਰਮ ਦੇ ਜੋਸ਼ੀਲੇ ਗ਼ਾਜ਼ੀ ਅਤੇ ਸ਼ਰ੍ਹਾ ਦੇ ਸਚੇ ਪੈਰੋਕਾਰ ਨਹੀਂ ਸਨ ਅਤੇ ਨਾ ਹੀ ਹੋ ਸਕਦੇ ਸਨ।

ਅਰਬ ਜੇ ਮੁਸਲਮਾਨਾਂ ਤੋਂ ਬਿਨਾਂ ਹੋਰ ਜਾਤੀਆਂ ਤੋਂ ਜਜ਼ੀਆ ਲੈਂਦੇ ਸਨ ਤਾਂ ਏਸ ਤੋਂ ਛੁਟ ਕੋਈ ਹੋਰ ਕਰ ਉਪਜ ਦੇ ਟੈਕਸ ਤੋਂ ਬਿਨਾਂ ਇਨ੍ਹਾਂ ਕੋਲੋਂ ਵਸੂਲ ਨਹੀਂ ਕਰਦੇ ਸਨ, ਪਰ ਤੁਰਕ, ਅਫ਼ਗ਼ਾਨ ਅਤੇ ਮੁਗ਼ਲ ਦੀਨਦਾਰੀ ਦੇ ਜਜ਼ਬੇ ਵਿਚ ਆਕੇ ਮੁਸਲਮਾਨਾਂ ਤੋਂ ਬਿਨਾਂ ਹੋਰ ਪਰਜਾ ਤੋਂ ਜਜ਼ੀਆ ਵਸੂਲ ਕਰਦੇ ਸਨ ਤਾਂ ਨਾਲ ਲਗਦੇ ਏਦੋਂ ਦਸ ਗੁਣੇ ਹੋਰ ਮਸੂਲ ਤੇ ਟੈਕਸ ਆਪਣੀ ਮੁਸਲਮਾਨ ਤੇ ਗ਼ੈਰ ਮੁਸਲਮਾਨ ਰਈਅਤ ਤੋਂ ਲੈਂਦੇ ਸਨ। ਪਰ ਇਸਲਾਮ ਦੇ ਰਾਜ ਪਰਬੰਧ ਦੇ ਅਸੂਲਾਂ ਵਿਚ ਜਿਸ ਨੂੰ ਅਰਬਾਂ ਨੇ ਕਾਇਮ ਰਖਿਆ ਅਤੇ ਜਿਸ ਉੱਤੇ ਉਹ ਚਿਰਾਂ ਤੋੜੀ ਅਮਲ ਕਰਦੇ

*ਏਹ ਘਟਨਾ ਵਿਆਖਿਆ ਸਹਿਤ ਤਾਰੀਖ਼ ਤਬਰੀ ਜਿ. ੮ ਪੰਨਾ ੧੨੪੬ (ਲੀਡਨ) ਅਤੇ ਕਾਮਿਲ ਇਬਨ ਅਸੀਰ ਜਿ. ੪ ਪੰ. ੪੦੪ (ਲੀਡਨ) ਵਿਚ ਹੈ। ਅਤੇ ਅਖੀਰੀ ਅੰਗ ਫ਼ਤੂਹੁਲ ਬੁਲਦਾਨ ਬਲਾਜ਼ੁਰੀ (ਲੀਡਨ) ਪੰ. ੪੨੧ ਤੇ ਹੈ।

ਰਹੇ, ਕੇਵਲ ਦੋ ਪਰਕਾਰ ਦੇ ਹੀ ਕਰ ਸਨ ਮੁਸਲਮਾਨਾਂ ਕੋਲੋਂ ਜ਼ੁਕਾਤ ਅਤੇ ਦਸਵੰਧ (ਉਪਜ ਦਾ ਦਸਵਾਂ ਹਿੱਸਾ) ਤੇ ਗ਼ੈਰ ਮੁਸਲਮਾਨਾਂ ਕੋਲੋਂ ਜਜ਼ੀਆ ਤੇ ਖਰਾਜ।

ਅਸਲ ਇਹ ਹੈ ਕਿ ਇਸਲਾਮ ਨੇ ਦੁਨੀਆ ਦੀਆਂ ਸਾਰੀਆਂ ਕੌਮਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਸੀ (੧) ਮੁਸਲਮਾਨ (੨) ਅਹਿਲੇ ਕਿਤਾਬ ਜਾਂ ਧਾਰਮਕ ਗ੍ਰੰਥਾਂ ਵਾਲੇ (ਅਰਥਾਤ ਉਹ ਕੌਮਾਂ ਜੇਹੜੀਆਂ ਕਿਸੇ ਅਜੇਹੀ ਈਸ਼ਵਰੀ ਧਾਰਮਕ ਸ਼ਿਕਸ਼ਾ ਜਾਂ ਸੰਪਰਦਾਇ ਦੇ ਮੰਨਣ ਵਾਲੀਆਂ ਹਨ ਜਿਨ੍ਹਾਂ ਦਾ ਵੇਰਵਾ ਕੁਰਾਨ ਪਾਕ ਵਿਚ ਦਰਜ ਹੈ।(੩) ਮੁਸ਼ਾਬਿਹ ਅਹਿਲੇ ਕਿਤਾਬ(ਅਰਥਾਤ ਉਹ ਕੌਮਾਂ ਜੇਹੜੀਆਂ ਕਿਸੇ ਈਸ਼ਵਰੀ ਧਾਰਮਕ ਸ਼ਿਕਸ਼ਾ ਦੀਆਂ ਅਨੁਸਾਰੀ ਹੋਣ ਦੀਆਂ ਦਾਵੇਦਾਰ ਤਾਂ ਹਨ ਪਰ ਕੁਰਾਨ ਵਿਚ ਇਨ੍ਹਾਂ ਦਾ ਨਾਂ ਨਹੀਂ ਆਇਆ ਏਸੇ ਲਈ ਇਨ੍ਹਾਂ ਦੇ ਅਹਲੇ ਕਿਤਾਬ ਹੋਣ ਦਾ ਨਿਸਚਾ ਨਹੀਂ ਪਰ ਅਨੁਮਾਨ ਜੇਹਾ ਜ਼ਰੂਰ ਹੁੰਦਾ ਹੈ) ਅਤੇ (੪) ਕਾਫ਼ਰ। ਏਹ ਉਹ ਕੌਮਾਂ ਹਨ ਜੋ ਕਿਸੇ ਈਸ਼ਵਰੀ ਧਾਰਮਕ ਸ਼ਿਕਸ਼ਾ ਦੀਆਂ ਪੈਰੋ ਨਹੀਂ। ਇਸਲਾਮ ਨੇ ਆਪਣੇ ਇਸਲਾਮੀ ਰਾਜ ਵਿਚ ਮੁਸਲਮਾਨਾਂ ਦਾ ਦਰਜਾ ਜਾਤੀ ਤੇ ਦੇਸ ਦੇ ਵਿਤਕਰੇ ਤੋਂ ਛੁਟ ਸਾਰਿਆਂ ਅਧਿਕਾਰ ਵਿਚ ਬਰਾਬਰ ਕਰਾਰ ਦਿੱਤਾ ਹੈ। ਅਹਿਲੇ ਕਿਤਾਬ ਬਾਰੇ ਇਉਂ ਹੈ ਕਿ ਜ਼ਜ਼ੀਆ ਦੇਣ ਪਿਛੋਂ ਉਹਨਾ ਦੇ ਸਭ ਅਧਿਕਾਰ ਮੁਸਲਮਾਨਾਂ ਦੇ ਬਰਾਬਰ ਹਨ। ਉਨ੍ਹਾਂ ਦਾ ਕੋਹਿਆ ਹੋਇਆ ਜਾਨਵਰ ਖਾਧਾ ਜਾ ਸਕਦਾ ਹੈ। ਉਨ੍ਹਾਂ ਦੀਆਂ ਬੇਟੀਆਂ ਨਾਲ ਮੁਸਲਮਾਨ ਨਕਾਹ ਕਰ ਸਕਦੇ ਹਨ। ਰਾਜ ਉਨ੍ਹਾਂ ਦੀ ਜਾਨ ਮਾਲ, ਧਨ, ਧਰਮ ਅਤੇ ਉਪਾਸਨਾ ਅਸਥਾਨਾਂ ਦੀ ਰਖਿਆ ਦੀ ਜਿਮੇਂਦਾਰ ਹੈ। ਮੁਸ਼ਾਬਿਹ ਅਹਿਲੇ ਕਿਤਾਬ ਵੀ ਏਸ ਗੱਲ ਤੋਂ ਬਿਨਾਂ ਕਿ ਮੁਸਲਮਾਨ ਉਨ੍ਹਾਂ ਦਾ ਕੁੱਠਾ ਨਹੀਂ ਖਾਣਗੇ ਅਤੇ ਨਾ ਉਨ੍ਹਾਂ ਦੀਆਂ ਧੀਆਂ ਨਾਲ ਨਿਕਾਹ ਕਰਵਾਉਣਗੇ ਬਾਕੀ ਸਾਰੇ ਰਾਜਸੀ ਅਧਿਕਾਰਾਂ ਵਿਚ ਉਹ ਅਹਿਲੇ ਕਿਤਾਬ ਸਗੋਂ ਖ਼ੁਦ ਮੁਸਲਮਾਨਾਂ ਦੇ ਬਰਾਬਰ ਹਨ। ਏਸ ਕਾਰਨ ਜਦੋਂ ਕਿਸੇ ਗ਼ੈਰ ਕੌਮ ਤੇ ਇਸਲਾਮ ਦਾ ਰਾਜ ਕਾਇਮ ਹੋਵੇ ਤਾਂ ਸਭ ਤੋਂ ਪਹਿਲਾ ਫਰਜ਼ ਇਹ ਹੈ ਕਿ ਇਹ ਵੇਖਿਆ ਜਾਵੇ ਕਿ ਓਹ ਕੌਮ ਇਨ੍ਹਾਂ ਦੋਹਾਂ ਕਿਸਮਾਂ ਵਿਚੋਂ ਕਿਸ ਕਿਸਮ ਦੇ ਅੰਦਰ ਆਉਂਦੀ ਹੈ। ਪਰ ਅਫ਼ਸੋਸ ਹੈ ਕਿ ਇਸ ਦਾ

ਫ਼ੈਸਲਾ ਖ਼ੈਬਰ ਤੋਂ ਆਉਣ ਵਾਲੀਆਂ ਕੌਮਾਂ ਅਖ਼ੀਰ ਤਕ ਨਾ ਕਰ ਸਕੀਆਂ। ਇਕ ਪਾਸੇ ਤਾਂ ਇਹ ਹਿੰਦੂਆਂ ਤੋਂ ਜਜ਼ੀਆ ਲੈਣ ਤੇ ਡਟੇ ਹੋਏ ਸਨ, ਜੋ ਕੇਵਲ ਅਹਿਲੇ ਕਿਤਾਬ ਅਤੇ ਮੁਸ਼ਾਬਿਹ ਅਹਿਲੇ ਕਿਤਾਬ ਤੋਂ ਹੀ ਸਵੀਕਾਰ ਕੀਤਾ ਜਾ ਸਕਦਾ ਹੈ, ਪਰ ਦੂਜੇ ਪਾਸੇ ਇਨ੍ਹਾਂ ਦੇ ਉਪਾਸਨਾ ਮੰਦਰ ਤੇ ਰਹੁ ਰੀਤ ਦੀ ਰੱਖਿਆ ਦਾ ਵਾਹਿਦਾ ਨਹੀਂ ਕੀਤਾ ਜਾਂਦਾ, ਜੋ ਜਜ਼ੀਆ ਲੈਣ ਪਿਛੋਂ ਜ਼ਰੂਰੀ ਹੈ। ਅਖੀਰ ਇਹ ਹੈ ਕਿ ਸੁਲਤਾਨ ਅਲਾਉੱਦੀਨ ਖ਼ਿਲਜੀ ਦੇ ਸਮੇਂ (ਸੰਨ ੬੯੬ ਹਿ.) ਤਕ ਇਹ ਫ਼ੈਸਲਾ ਨਹੀਂ ਹੋ ਸਕਿਆ ਸੀ ਕਿ ਹਿੰਦੂਆਂ ਦੀ ਗਿਣਤੀ ਕਿਸ ਸ਼ਰੇਣੀ ਵਿਚ ਹੈ* ਇਹ ਸਾਰੀ ਗੜਬੜ ਏਸੇ ਦੋ ਅਮਲੀ ਦਾ ਸਿਟਾ ਸੀ ਪਰ ਅਰਬਾਂ ਨੇ ਸਿੰਧ ਵਿਚ ਪੈਰ ਰਖਦੇ ਸਾਰ ਇਕ ਮਿੰਟ ਵੀ ਏਸ ਫ਼ੈਸਲੇ ਵਿਚ ਢਿਲ ਨਹੀਂ ਕੀਤੀ ਕਿ ਇਨ੍ਹਾਂ ਕਿਸਮਾਂ ਵਿਚੋਂ ਹਿੰਦੂਆਂ ਦਾ ਦਰਜਾ ਇਸਲਾਮੀ ਰਾਜ ਵਿਚ ਕੀ ਹੈ ?

ਅਰਬ ਜੇਤੂਆਂ ਦੇ ਖਿਆਲ ਵਿਚ ਹਿੰਦੂ ਮੁਸਾਬਿਹ ਅਹਿਲੇ ਕਿਤਾਬ ਸਨ।

ਸਿੰਧ ਨੂੰ ਵਿਜੈ ਕਰਦਾ ਹੋਇਆ ਜਦੋਂ ਅਰਬ ਸੈਨਾ ਪਤੀ ਮੁਹੰਮਦ ਬਿਨ ਕਾਸਿਮ ਸਿੰਧ ਦੇ ਪਰਸਿਧ ਸ਼ਹਿਰ ਅੱਰੂਹ (ਅਲੂਰ) ਪੁੱਜਾ ਤਾਂ ਸ਼ਹਿਰ ਵਾਲਿਆਂ ਨੇ ਕਈ ਮਹੀਨਿਆਂ ਤੋੜੀਂ ਹਮਲਾ ਕਰਨ ਵਾਲਿਆਂ ਦਾ ਤਕੜਾਈ ਨਾਲ ਟਾਕਰਾ ਕੀਤਾ। ਪਿਛੋਂ ਸੁਲਾਹ ਕੀਤੀ ਅਤੇ ਇਸ ਵਿਚ ਦੋ ਸ਼ਰਤਾਂ ਪੇਸ਼ ਕੀਤੀਆਂ। ਪਹਿਲੀ ਇਹ ਕਿ ਸ਼ਹਿਰ ਦਾ ਕੋਈ ਆਦਮੀ ਕਤਲ ਨਾ ਕੀਤਾ ਜਾਵੇ, ਦੂਜੀ ਇਹ ਕਿ ਉਨ੍ਹਾਂ ਦੇ ਮੰਦਰਾਂ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ। ਮੁਹੰਮਦ ਬਿਨ ਕਾਸਿਮ ਨੇ ਜਦੋਂ ਇਨ੍ਹਾਂ ਸ਼ਰਤਾਂ ਨੂੰ ਸਵੀਕਾਰ ਕੀਤਾ ਤਾਂ ਇਹ ਸ਼ਬਦ ਆਖੇ।

"ਮਾ ਅਲਬੁਦੋ ਇੱਲਾ ਕਨਾਇੱਸ ਨਸਾਰਾ ਵਲ-ਯਹੂਦ-ਵ-ਬੁਯੂਤ

---

*ਤਾਰੀਖ਼ ਫ਼ੀਰੋਜ਼ ਸ਼ਾਹੀ ਜ਼ਿਆਏ ਬਰਨੀ ਪੰ. ੨੯੦,੨੯੧ (ਕਲਕਤਾ) ਅਤੇ ਤਾਰੀਖ਼ ਫ਼ਰਿਸ਼ਤਾ ਪੰ. ੧੧੦ (ਨਵਲਕਿਸ਼ੋਰ)

ਨੈਰਾਨਲ ਮਜੂਸ"

(ਬਲਾਜ਼ੁਰੀ ਪੰ. ੪੩੯)

(ਉਲਥਾ) ਹਿੰਦੁਸਤਾਨ ਦਾ ਮੂਰਤੀ ਮੰਦਰ ਵੀ ਈਸਾਈਆਂ ਤੇ ਯਹੂਦੀਆਂ ਦੇ ਉਪਾਸਨਾਂ ਮੰਦਰਾਂ ਤੇ ਮਜੂਸਾਂ ਦੇ ਅਗਨੀ ਮੰਦਰਾਂ ਜਿਹਾ ਹੀ ਹੈ"।

ਸਿੰਧ ਦੀ ਸਭ ਤੋਂ ਪੁਰਾਣੀ ਅਰਬੀ ਤਾਰੀਖ਼, ਦੇ ਫ਼ਾਰਸੀ ਤ਼ਰਜਮੇ ਚਚਨਾਮੇ ਵਿਚ ਇਹ ਘਟਨਾ ਇਉਂ ਲਿਖੀ ਹੈ:

"ਮੁਹੰਮਦ ਬਿਨ ਕਾਸਿਮ ਨੇ ਬ੍ਰਾਹਮਨਾਬਾਦ (ਸਿੰਧ) ਦੇ ਲੋਕਾਂ ਦਾ ਬਿਨੇ ਪੱਤਰ ਸਵੀਕਾਰ ਕੀਤਾ ਅਤੇ ਉਨ੍ਹਾਂ ਨੂੰ ਆਗਿਆ ਦਿੱਤੀ ਕਿ ਸਿੰਧ ਦੇ ਏਸ ਇਸਲਾਮੀ ਰਾਜ ਵਿਚ ਏਸੇ ਹੈਸੀਅਤ ਨਾਲ ਰਹਿਣ ਜਿਸ ਹੈਸ਼ੀਅਤ ਨਾਲ ਇਰਾਕ ਤੇ ਸ਼ਾਮ ਦੇ ਯਹੂਦੀ, ਈਸਾਈ ਤੇ ਪਾਰਸੀ ਰਹਿੰਦੇ ਹਨ"*।

ਏਸ ਪਰਕਾਰ ਇਕ ਅਰਬ ਜੇਤੂ ਨੇ ਸਪਸ਼ਟ ਰੂਪ ਵਿਚ ਇਸ ਗੱਲ ਦਾ ਏਲਾਨ ਕਰ ਦਿੱਤਾ ਸੀ ਕਿ ਹਿੰਦੂਆਂ ਨੂੰ ਮੁਸਲਮਾਨਾਂ ਦੇ ਰਾਜ ਵਿਚ ਓਹੀ ਅਧਿਕਾਰ ਪਰਾਪਤ ਹਨ, ਜੋ ਇਸਲਾਮੀ ਕਨੂੰਨ ਦੇ ਅਨਸਾਰ ਕਿਸੇ ਸਵਰਗੀ ਧਾਰਮਕ ਸ਼ਿਕਸ਼ਾ ਦੇ ਅਨੁਸਾਰੀ ਲੋਕਾਂ ਜਾਂ ਅਹਿਲੇ ਕਿਤਾਬ ਨੂੰ ਪਰਾਪਤ ਹਨ। ਅਤੇ ਉਨ੍ਹਾਂ ਦੇ ਮੂਰਤੀ ਮੰਦਰਾਂ ਨੂੰ ਵੀ ਓਹੀ ਦਰਜਾ ਦਿੱਤਾ ਜੋ ਅਹਿਲੇ ਕਿਤਾਬ ਜਾਂ ਮੁਸ਼ਾਬਿਹ ਅਹਿਲੇ ਕਿਤਾਬ ਦੇ ਉਪਾਸਨਾ ਮੰਦਰਾਂ ਤੇ ਪੂਜ ਅਸਥਾਨਾਂ ਦਾ ਇਸਲਾਮ ਵਿਚ ਹੈ। ਸਿੰਧ ਦੀਆਂ ਜਿੱਤਾਂ ਦੇ ਇਤਿਹਾਸਾਂ ਤੋਂ ਪਤਾ ਲਗਦਾ ਹੈ ਕਿ ਅਰਬ ਜੇਤੂਆਂ ਨੇ ਆਪਣੀਆਂ ਸ਼ਰਤਾਂ ਦੀ ਪੂਰੀ ਪੂਰੀ ਪਾਲਣਾ ਕੀਤੀ। ਇਕ ਬੋਧੀ ਮਤ ਦੇ ਅਨੁਸਾਰੀ ਨੇ ਇਕ ਮੌਕੇ ਤੇ ਇਕ ਹਿੰਦ ਰਾਜੇ ਨੂੰ ਸਲਾਹ ਦਿੱਤੀ:

"ਸਾਨੂੰ ਚੰਗੀ ਤਰ੍ਹਾਂ ਮਲੂਮ ਹੈ ਕਿ ਮੁਹੰਮਦ ਬਿਨ ਕਾਸਿਮ ਦੇ ਕੋਲ ਹਜਾਜ ਦਾ ਹੁਕਮ ਨਾਮਾ ਹੈ ਕਿ ਜੋ ਪਨਾਹ ਚਾਹੇ ਓਸ ਨੂੰ ਪਨਾਹ ਦੇਵੋ। ਏਸ ਲਈ ਸਾਨੂੰ ਨਿਸਚਾ ਹੈ ਕਿ ਆਪ ਇਸ ਗੱਲ ਨੂੰ ਉਚਿਤ ਸਮਝੋਗੇ

*ਚਚ ਨਾਮਾ ਤਾਰੀਖ਼ ਏਲੀਅਟ ਜਿ. ਪਹਿਲੀ ਪੰਨਾ ੧੯੬

ਕਿ ਅਸੀਂ ਏਸ ਨਾਲ ਸੁਲਾਹ ਕਰ ਲਵੀਏ, ਕਿਉਂ ਜੋ ਅਰਬ ਈਮਾਨਦਾਰ ਅਤੇ ਬਚਨ ਪਾਲਕ ਹਨ" ।*

ਦੈਬਲ ਸਿੰਧ ਦੀ ਪਹਿਲੀ ਥਾਂ ਹੈ ਜਿਥੇ ਅਰਬਾਂ ਨੇ ਹਮਲਾ ਕੀਤਾ। ਦੈਬਲ ਵਿਚ ਸਭ ਨਾਲੋਂ ਉੱਚੀ ਇਮਾਰਤ ਬੋਧੀਆਂ ਦਾ ਮੂਰਤੀ ਮੰਦਰ ਸੀ। ਮੁਹੰਮਦ ਬਿਨ ਕਾਸਿਮ ਨੇ ਕਿਲ੍ਹੇ ਵਾਲਿਆਂ ਨੂੰ ਸ਼ਹਿਰ ਦਾ ਦਰਵਾਜ਼ਾ ਖੋਲ੍ਹਣ ਉੱਤੇ ਮਜਬੂਰ ਕਰਨ ਲਈ ਮੰਦਰ ਦੇ ਉੱਚੇ ਮੁਨਾਰੇ ਜੋ ਸਭ ਤੋਂ ਉੱਚਾ ਅਤੇ ਬਾਹਰੋਂ ਨਜ਼ਰ ਆਉਂਦਾ ਸੀ, ਤੋਪ ਦਾ ਗੋਲਾ ਸੁੱਟਿਆ ਪਰ ਜਦੋਂ ਸ਼ਹਿਰ ਦਾ ਫ਼ਾਟਕ ਖੁਲ੍ਹ ਗਿਆ ਤਾਂ ਇਹ ਮੰਦਰ ਬਰਬਾਦ ਨਹੀਂ ਕੀਤਾ। ਸੋ ਬੋਧੀਆਂ ਦੇ ਨਸ਼ਟ ਹੋ ਜਾਣ ਪਿਛੋਂ ਵੀ ਤੀਜੀ ਸਦੀ ਹਿਜਰੀ ਤਕ ਇਹ ਇਮਾਰਤ ਮੌਜੂਦ ਸੀ। ਖ਼ਲੀਫ਼ਾ ਮੁਅਤਾਸਮ (ਸੰਨ ੨੧੮--੨੨੭ ਹਿ.) ਦੇ ਸਮੇਂ ਵਿਚ ਇਸ ਦਾ ਇਕ ਹਿੱਸਾ ਜੇਲ੍ਹਖ਼ਾਨੇ ਵਜੋਂ ਵਰਤਿਆ ਗਿਆ।† ਮੁਹੰਮਦ ਬਿਨ ਕਾਸਿਮ ਨੇ ਆਪ ਏਸ ਸ਼ਹਿਰ ਵਿਚ ਆਪਣੀ ਮਸੀਤ ਅਲੱਗ ਬਣਾਈ।‡ ਏਸੇ ਤਰ੍ਹਾਂ ਜਦੋਂ ਨੈਰੂਨ ਫ਼ਤਹਿ ਕੀਤਾ ਤਾਂ ਮੰਦਰ ਦੇ ਸਾਹਮਣੇ ਆਪਣੀ ਮਸੀਤ ਅਲੱਗ ਖੜੀ ਕੀਤੀ ।§

ਮੂਲਤਾਨ ਦਾ ਮੂਰਤੀ ਮੰਦਰ

ਏਸੇ ਤਰ੍ਹਾਂ ਮੁਲਤਾਨ ਦਾ ਸ਼ਾਨਦਾਰ ਮੰਦਰ ਸ਼ਹਿਰ ਫ਼ਤਹਿ ਹੋਣ ਦੇ ਪਿਛੋਂ ਵੀ ਠੀਕ ਠਾਕ ਰਿਹਾ, ਸਗੋਂ ਅਰਬਾਂ ਦੇ ਤਿੰਨ ਸੌ ਸਾਲ ਦੇ ਰਾਜ ਵਿਚ ਵੀ ਉਹ ਜਿਉਂ ਦਾ ਤਿਉਂ ਖੜੋਤਾ ਰਿਹਾ ਅਤੇ ਤਿੰਨ ਸਦੀਆਂ ਤਕ ਬਰਾਬਰ ਅਰਬ ਯਾਤਰੂਆਂ ਦੀ ਦਿਲਚਸਪੀ ਦਾ ਕੇਂਦਰ ਰਿਹਾ। ਆਖਰੀ ਸ਼ਖ਼ਸ ਜਿਸ ਨੇ ਏਸ ਦਾ ਹਾਲ ਬਿਆਨ ਕੀਤਾ ਹੈ ਉਹ ਬੁਸ਼ਾਰੀ ਹੈ, ਬੁਸ਼ਾਰੀ ਸੰਨ ੩੭੫ ਹਿ. ਦੇ ਨੇੜੇ ਤੇੜੇ ਏਸ ਮੰਦਰ ਨੂੰ ਵੇਖ ਕੇ ਗਿਆ ਹੈ।

---

*ਚਚ ਨਾਮਾ ਏਲੀਅਟ ਜਿਲਦ ਪਹਿਲੀ ਪੰ. ੧੫੯

†ਬਿਲਾਜ਼ੁਰੀ ਪੰ. ੪੩੭

‡ਓਹੋ ।

§ਚਚਨਾਮਾ ਏਲੀਅਟ ਪੰ. ੧੫੮

ਅਰਬ ਵਾਲਿਆਂ ਨੇ ਏਸ ਬੁਤਖਾਨੇ ਦੀ ਹੋਂਦ ਤੋਂ ਰਾਜਸੀ ਤੇ ਮਾਲੀ ਦੋਵੇਂ ਕਿਸਮ ਦੇ ਲਾਭ ਉਠਾਏ। ਰਾਜਸੀ ਏਹ ਕਿ ਜਦੋਂ ਕੋਈ ਰਾਜਾ ਮੁਲਤਾਨ ਉੱਤੇ ਹਮਲੇ ਦੀ ਤਿਆਰੀ ਕਰਦਾ ਤਾਂ ਅਰਬ ਅਮੀਰ ਓਸ ਨੂੰ ਇਹ ਕਹਿਕੇ ਡਰਾ ਦਿੰਦਾ ਕਿ ਜੇ ਤੁਸਾਂ ਨੇ ਏਧਰ ਆਉਣ ਦਾ ਇਰਾਦਾ ਕੀਤਾ ਤਾਂ ਅਸੀਂ ਏਸ ਮੰਦਰ ਨੂੰ ਮਿੱਟੀ 'ਚ ਮਿਲਾ ਦੇਵਾਂਗੇ। ਇਹ ਸੁਣਕੇ ਹਮਲਾਅਵਰ ਰੁਕ ਜਾਂਦੇ। ਮਾਲੀ ਲਾਭ ਏਹ ਉਠਾਇਆ ਕਿ ਸਾਰੇ ਹਿੰਦੁਸਤਾਨ ਦੇ ਲੋਕ ਏਸ ਮੰਦਰ ਦੀ ਯਾਤਰਾ ਨੂੰ ਆਉਂਦੇ ਸਨ ਅਤੇ ਓੱਥੇ ਚੜ੍ਹਾਵੇ ਭੇਟ ਚੜ੍ਹਾਉਂਦੇ ਸਨ। ਅਰਬ ਅਮੀਰ ਏਸ ਰਕਮ ਨੂੰ ਖ਼ਜ਼ਾਨੇ ਵਿਚ ਦਾਖ਼ਲ ਕਰ ਲੈਂਦੇ ਸਨ ਤੇ ਏਸੇ ਤੋਂ ਏਸ ਮੰਦਰ ਦੇ ਅਖ਼ਰਾਜਾਤ ਤੇ ਏਥੋਂ ਦੇ ਪੁਜਾਰੀਆਂ ਦੀਆਂ ਤਨਖ਼ਾਹਾਂ ਦਿੰਦੇ ਸਨ।*

ਅਰਬ ਯਾਤਰੂਆਂ ਨੇ ਮੁਲਤਾਨ ਦੇ ਏਸ ਬੁਤ ਖ਼ਾਨੇ ਦੀ ਪੂਰੀ ਪੂਰੀ ਵਾਰਤਾ ਬਿਆਨ ਕੀਤੀ ਹੈ ਇਸ ਮੰਦਰ ਵਿਚ ਸੋਨੇ ਚਾਂਦੀ ਦੀ ਬਹੁਲਤਾ ਸੀ। ਸੌ ਦੋ ਸੌ ਅਸ਼ਰਫ਼ੀਆਂ ਦਾ ਊਦ (ਅਗਰ) ਏਥੇ ਸੁਲਘਾਉਣ ਲਈ ਭੇਜਦੇ ਸਨ, ਜਿਸ ਨੂੰ ਪੁਜਾਰੀ ਅਰਬ ਵਪਾਰੀਆਂ ਹੱਥ ਵੇਚ ਦਿੰਦੇ ਸਨ † ਇਹ ਬੁਤ ਆਪ ਵੀ ਏਨੇ ਹੀ ਕੀਮਤੀ ਸੀ। ਏਸ ਦੀਆਂ ਦੋਹਾਂ ਅਖਾਂ ਦੀ ਥਾਂ ਤੇ ਵੱਡਮੁਲੇ ਪੱਥਰ ਜੜ੍ਹੇ ਹੋਏ ਸਨ। ਸਿਰ ਉੱਤੇ ਸੋਨੇ ਦਾ ਤਾਜ ਸੀ। ‡ ਤਾਤਪਰਜ ਇਹ ਕਿ ਸੰਨ ੩੭੫ ਹਿ. ਦੇ ਲਾਗੇ ਚਾਗੇ ਤਕ ਇਹ ਬੁਤਖ਼ਾਨਾ ਅਰਬ ਅਮੀਰਾਂ ਦੇ ਅਧੀਨ ਨਾ ਕੇਵਲ ਕਾਇਮ ਤੇ ਖੜੋਤਾ ਹੀ ਰਿਹਾ ਸੀ ਸਗੋਂ ਪੂਰੀ ਰੌਣਕ ਤੇ ਸੀ। ਪਰ ਜਦੋਂ ਅਬੂਰੈਹਾਨ ਬੈਰੂਨੀ ਸੰਨ ੪੦੦ ਹਿ. ਦੇ ਪਿਛੋਂ ਏਥੇ ਆਇਆ ਹੈ ਤਾਂ ਓਸ ਨੇ ਏਸ ਬੁਤਖ਼ਾਨੇ ਦੀ ਥਾਂ ਜਾਮੇ ਮਸਜਦ ਵੇਖੀ। ਏਸ ਤਬਦੀਲੀ ਦਾ ਕਾਰਣ ਓਸ ਨੇ ਏਹ ਲਿਖਿਆ ਹੈ।

"ਮੁਹੰਮਦ ਬਿਨ ਕਾਸਮ ਨੇ ਜਦੋਂ ਮੁਲਤਾਨ ਜਿੱਤਿਆ ਅਤੇ ਉਸ ਦੀ ਵਸੋਂ ਤੇ ਧਨ ਦਾ ਕਾਰਣ ਏਸੇ ਬੁਤਖ਼ਾਨੇ ਨੂੰ ਵੇਖਿਆ ਤਾਂ ਓਸ ਨੇ ਏਸ ਨੂੰ

*ਮੁਅਜ਼ਮੁਲ ਬੁਲਦਾਨ ਯਾਕੂਤ ਅਸਤਖ਼ਰੀ ਦੇ ਹਵਾਲੇ ਤੋਂ ਜਿ. ੮ ਪੰ. ੨੦੦ (ਮਿਸਰੀ)

†ਸਫ਼ਰ ਨਾਮਾਂ ਅਬੂਜ਼ੇਦ ਸੈਰਾਫ਼ੀ ਪੰ. ੧੩੦

‡ਸਫ਼ਰਨਾਮਾ ਬੁਸ਼ਾਰੀ ਮੁਕੱਦਸੀ ਜੋ ਅਹਸਨਲੱ ਤਕਾਸੀਮ ਕਰਕੇ ਪਰਸਿਧ ਹੈ ਪੰ.੪੮੩(ਲੀਡਨ)

ਆਪਣੀ ਹਾਲਤ ਤੇ ਛੱਡ ਦਿੱਤਾ ਅਤੇ ਏਸ ਦੇ ਗਲ ਵਿਚ ਗਾਂ ਦੀ ਹੱਡੀ* ਬੰਨ੍ਹ ਕੇ ਇਹ ਸਾਬਤ ਕੀਤਾ ਕਿ ਓਹ ਏਸ ਨੂੰ ਕਿਸੇ ਸ਼ਰਧਾ ਕਾਰਣ ਨਹੀਂ ਛੱਡ ਰਿਹਾ। ਏਸ ਨੇ ਮੁਸਲਮਾਨਾਂ ਲਈ ਜਾਮੇ ਮਸਜਦ ਅਲੱਗ ਬਣਾਈ ਫੇਰ ਜਦੋਂ ਮੁਲਤਾਨ ਉੱਪਰ ਕਰਮਤੀ ਲੋਕਾਂ ਦਾ (ਸ਼ੀਆ ਮੁਸਲਮਾਨਾਂ ਦੀ ਇਕ ਭੁਲੜ ਸੰਪਰਦਾਇ ਰਾਜ ਹੋ ਗਿਆ ਤਾਂ ਜਲਮ ਬਿਨ ਸ਼ੈਬਾਨ ਨੇ ਏਸ ਬੁਤਖ਼ਾਨੇ ਨੂੰ ਤੋੜ ਦਿੱਤਾ। ਏਸ ਦੀ ਇਮਾਰਤ ਨੂੰ ਜੋ ਇਟਾਂ ਦੀ ਬਣੀ ਹੋਈ ਸੀ ਅਤੇ ਉੱਚੇ ਥਾਂ ਤੇ ਖੜੋਤੀ ਸੀ, ਜਾਮੇ ਮਸਜਦ ਬਣਾ ਦਿੱਤਾ ਅਤੇ ਪਹਿਲੀ (ਮੁਹੰਮਦ ਬਿਨ ਕਾਸਮ ਵਾਲੀ' ਮਸੀਤ ਨੂੰ ਜੰਦਰਾ ਮਾਰ ਦਿੱਤਾ ਕਿਉਂ ਜੋ ਉਹ ਬਨੀ ਉੱਮੈਯਾ ਦੀ ਯਾਦਗਾਰ ਸੀ, ਜਿਨ੍ਹਾਂ ਨਾਲ ਇਨ੍ਹਾਂ ਦਾ ਵੈਰ ਸੀ। ਫੇਰ ਜਦੋਂ ਸੁਲਤਾਨ ਮਹਿਮੂਦ ਨੇ ਮੁਲਤਾਨ ਜਿੱਤਕੇ ਕਰਮਤੀਆਂ ਨੂੰ ਨਸ਼ਟ ਕਰ ਦਿੱਤਾ ਤਾਂ ਜਾਮਿਆ ਮਸਜਦ ਨੂੰ ਬੰਦ ਕਰਕੇ ਫੇਰ (ਮਹੰਮਦ ਬਿਨ ਕਾਸਿਮ ਵਾਲੀ) ਅਸਲੀ ਜਾਮਿ ਮਸਜਦ ਨੂੰ ਖੁਲ੍ਹਵਾ ਦਿੱਤਾ। ਹੁਣ ਓਸ ਬੁਤਖ਼ਾਨੇ ਦੀ ਥਾਂ ਕੇਵਲ ਮੈਦਾਨ ਹੈ"। †

ਏਸੇ ਸਿਲਸਿਲੇ ਵਿਚ ਬਲਾਜ਼ੁਰੀ ਨੇ, ਜੋ ਤੀਜੀ ਸਦੀ ਦੇ ਅਖ਼ੀਰ ਵਿਚ ਸੀ, ਏਹ ਅਣੋਖੀ ਗੱਲ ਲਿਖੀ ਹੈ ਕਿ ਲੋਕ ਇਸ ਬੁਤ ਨੂੰ ਹਜ਼ਰਤ ਅਯੂਬ ਦਾ ਬੁਤ ਖ਼ਿਆਲ ਕਰਦੇ ਸਨ (ਪੰਨਾ ੪੪)

ਅਧਿਕਾਰ ਤੇ ਸਨਮਾਨ

ਸਿੰਧ ਦੇ ਫ਼ਤਿਹ ਹੋਣ ਪਿਛੋਂ ਬ੍ਰਾਹਮਣਾਂ ਦਾ ਇਕ ਡੈਪੂਟੇਸ਼ਨ ਮੁਹੰਮਦ ਬਿਨ ਕਾਸਿਮ ਦੇ ਕੋਲ ਆਇਆ। ਮੁਹੰਮਦ ਨੇ ਏਸ ਦਾ ਸਨਮਾਨ ਕੀਤਾ। ਬ੍ਰਾਹਮਣਾਂ ਨੇ ਏਸ ਕੋਲ ਆਪਣੀ ਇਹ ਮੰਗ ਪੇਸ਼ ਕੀਤੀ ਕਿ ਹਿੰਦੂ ਰੀਤ ਅਨੁਸਾਰ ਸਾਡੀ ਜਾਤੀ ਦਾ ਦਰਜਾ ਦੂਜੀਆਂ ਜਾਤਾਂ ਨਾਲੋਂ ਉਚੇਰੇ ਰਖਿਆ ਜਾਵੇ। ਮੁਹੰਮਦ ਬਿਨ ਕਾਸਿਮ ਨੇ ਪੜਤਾਲ ਕਰਾਉਣ ਪਿਛੋਂ ਇਨ੍ਹਾਂ ਦੀ ਏਸ ਮੰਗ ਨੂੰ ਪਰਵਾਨ ਕੀਤਾ ਅਤੇ ਉਨ੍ਹਾਂ ਨੂੰ ਸਾਰਿਆਂ ਅਹੁਦਿਆਂ ਤੇ ਨਿਯੁਕਤ

* ਏਹ ਘਟਨਾ ਸਿੰਧ ਦੀਆਂ ਜਿੱਤਾਂ ਸਬੰਧੀ ਪੁਸਤਕਾਂ ਵਿਚ ਕਿਤੇ ਨਹੀਂ ਦਿੱਤੀ ਪਤਾ ਨਹੀਂ ਬੈਰੂਨੀ ਨੇ ਕਿਥੋਂ ਲਈ ਹੈ।

† ਕਿਤਾਬੁਲ ਹਿੰਦ ਬੈਰੂਨੀ ਪੰ. ੫੬

ਕਰਕੇ ਮਾਨ ਵਡਿਆਈ ਦਿੱਤੀ। ਬ੍ਰਾਹਮਣਾਂ ਨੇ ਏਸ ਦਾ ਉਚੇਚ ਧੰਨਵਾਦ ਕੀਤਾ ਅਤੇ ਪਿੰਡ ਪਿੰਡ ਆਪਣੇ ਹਾਕਮਾਂ ਦੇ ਗੁਣ ਗਾਉਂਦੇ ਫਿਰੇ ਅਤੇ ਜੋ ਇਨ੍ਹਾਂ ਨੂੰ ਹੱਕ ਮਿਲੇ ਸਨ ਏਸ ਸਬੰਧੀ ਥਾਂ ਥਾਂ ਜਾਕੇ ਮੁਹੰਮਦ ਬਿਨ ਕਾਸਮ ਦੀ ਉਪਮਾ ਕੀਤੀ ।*

ਜਜ਼ੀਆ

ਅਰਬ ਅਮੀਰ ਨੇ ਸਾਰੇ ਏਲਾਨ ਕਰਾ ਦਿਤਾ ਕਿ ਜੋ ਚਾਹੇ ਮੁਸਲਮਾਨ ਹੋਕੇ ਸਾਡਾ ਭਾਈ ਬਣ ਜਾਵੇ ਅਤੇ ਜੋ ਚਾਹੇ ਜਜ਼ੀਆ ਦੇ ਕੇ ਆਪਣੇ ਧਰਮ ਉਤੇ ਕਾਇਮ ਰਹੇ। ਸੋ ਬਾਜ਼ਿਆਂ ਨੇ ਇਸਲਾਮ ਸਵੀਕਾਰ ਕਰ ਲਿਆ ਤੇ ਬਾਜ਼ੇ ਆਪਣੇ ਪੁਰਾਣੇ ਧਰਮ ਉਤੇ ਕਾਇਮ ਰਹੇ।

ਚਚਨਾਮੇ ਵਿਚ ਲਿਖਿਆ ਹੈ "ਇਨ੍ਹਾਂ ਵਿਚੋਂ ਜੋ ਮੁਸਲਮਾਨ ਹੋ ਗਏ ਸਨ ਓਹ ਗ਼ੁਲਾਮੀ ਅਤੇ ਜਜ਼ੀਏ ਆਦਿ ਤੋਂ ਸੁਤੰਤਰ ਰਹੇ ਅਤੇ ਜੋ ਆਪਣੇ ਧਰਮ ਉਤੇ ਕ਼ਾਇਮ ਰਹੇ, ਉਨ੍ਹਾਂ ਦੇ ਤਿੰਨ ਦਰਜੇ ਕਾਇਮ ਕੀਤੇ ਗਏ। ਉੱਚੀ ਸ਼ਰੇਣੀ ਅਥਵਾ ਅਮੀਰਾਂ ਕੋਲੋਂ ੪੮ ਦਿਰਹਮ, ਵਿਚਲੀ ਸ਼ਰੇਣੀ ਦੇ ਲੋਕਾਂ ਕੋਲੋਂ ੨੪ ਦਿਰਹਮ ਅਤੇ ਹੇਠਲੀ ਸ਼ਰੇਣੀ ਤੋਂ ੧੨ ਦਿਰਹਮ ਜਜ਼ੀਏ ਵਜੋਂ ਲਏ ਗਏ। ਜਿਨ੍ਹਾਂ ਲੋਕਾਂ ਨੇ ਇਸਲਾਮ ਕਬੂਲ ਕਰ ਲਿਆ ਉਨ੍ਹਾਂ ਨੂੰ ਜਜ਼ੀਆ ਮੁਆਫ਼ ਕਰ ਦਿਤਾ ਗਿਆ ਅਤੇ ਜੋ ਆਪਣੇ ਪਿਉ ਦਾਦੇ ਦੇ ਧਰਮ ਤੇ ਕਾਇਮ ਰਹੇ ਉਨ੍ਹਾ ਨੇ ਜਜ਼ੀਆ ਦਿਤਾ। ਪਰ ਇਨ੍ਹਾਂ ਦੀਆਂ ਜ਼ਮੀਨਾਂ ਤੇ ਜੈਦਾਦਾਂ ਇਨ੍ਹਾਂ ਤੋਂ ਨਹੀਂ ਲਈਆਂ ਗਈਆਂ ਸਗੋਂ ਜਿਉਂ ਦੀਆਂ ਤਿਉਂ ਉਨ੍ਹਾਂ ਦੇ ਕਬਜ਼ੇ ਵਿਚ ਰਹਿਣ ਦਿਤੀਆਂ ਗ਼ਈਆਂ" ।†

ਅਜ ਕਲ੍ਹ ਦੇ ਹਿਸਾਬ ਨਾਲ ਇਕ ਦਿਰਹਮ ਵਧ ਤੋਂ ਵਧ 3½ ਆਨਿਆਂ ਦੇ ਬਰਾਬਰ ਹੈ। ਏਸ ਲਿਹਾਜ਼ ਨਾਲ ਇਹ ਮਸੂਲ ਅਮੀਰਾਂ ਤੋਂ ਦਸ ਰੁਪਏ ! ਵਿਚਕਾਰਲੇ ਮੇਲ ਦੇ ਲੋਕਾਂ ਕੋਲੋਂ ਪੰਜ ਰੁਪਏ ਸਾਲਾਨਾ ਦੇ ਹਿਸਾਬ ਨਾਲ ਵਸੂਲ ਹੋਇਆ ਹੋਵੇਗਾ ਅਤੇ ਕਾਇਦੇ

*ਚਚਨਾਮਾ ਏਲੀਅਟ ਪੰਨਾ ੧੯੨–੧੯੪.

†ਚਚਨਾਮਾ ਏਲੀਅਟ ਪੰਨਾ ੧੯੨

ਅਨੁਸਾਰ ਤਰੀਮਤਾਂ, ਬਚੇ, ਬੁੱਢੇ, ਧਾਰਮਕ ਅਹੁਦਾਦਾਰ, ਪੁਜਾਰੀ ਤੇ ਅਪਾਹਜ ਲੋਕ ਜੋ ਕਮਾਉਂਦੇ ਨਹੀਂ ਸਨ ਏਸ ਤੋਂ ਵਖ ਰਹੇ ਹੋਣਗੇ। ਮੁਸਲਮਾਨਾਂ ਕੋਲੋਂ ਜਜ਼ੀਆ ਦੀ ਥਾਂ $2\frac{1}{2}$ ਰੁਪਏ ਸੈਂਕੜਾ ਪਰਤੀ ਜ਼ੁਕਾਤ ਅਤੇ ਜ਼ਮੀਨ ਦੀ ਉਪਜ ਵਿਚੋਂ ਮੁਸਲਮਾਨਾਂ ਤੋਂ $\frac{1}{10}$ ਹਿਸਾ ਅਤੇ ਗ਼ੈਰ ਮੁਸਲਮਾਨਾਂ ਤੋਂ ਨਿਸਚਤ ਖ਼ਰਾਜ ਵਸੂਲ ਕੀਤਾ ਗਿਆ ਹੋਵੇਗਾ। ਏਸ ਤੋਂ ਛੁਟ ਅਰਬ ਵਾਲਿਆਂ ਦੇ ਰਾਜ ਵਿਚ ਕੋਈ ਹੋਰ ਟੈਕਸ ਨਹੀਂ ਸੀ।

ਹਿੰਦੂ ਅਤੇ ਮਸੀਤਾਂ

ਅਰਬਾਂ ਦੀ ਏਸ ਰਵਾਦਾਰੀ ਦਾ ਅਸਰ ਹਿੰਦੂਆਂ ਤੇ ਬਹੁਤ ਚੰਗਾ ਪਿਆ ਸੋ ਦੂਜੀ ਸਦੀ ਹਿਜਰੀ ਵਿਚ ਇਕ ਥਾਂ ਤੋਂ ਜਦੋਂ ਅਰਬ ਦਾ ਰਾਜ ਉਠ ਗਿਆ ਅਤੇ ਹਿੰਦੂਆਂ ਦਾ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਮੁਸਲਮਾਨਾਂ ਦੀ ਮਸੀਤ ਨੂੰ ਹਥ ਨਹੀਂ ਲਾਇਆ। ਮੁਸਲਮਾਨ ਏਸ ਵਿਚ ਬਰਾਬਰ ਨਮਾਜ਼ ਪੜ੍ਹਦੇ, ਜੁਮਾ ਪੜ੍ਹਦੇ ਅਤੇ ਜੁਮੇ ਦੇ ਖੁਤਬੇ ਵਿਚ ਅੱਗੇ ਵਾਂਙੂ ਆਪਣੇ ਖ਼ਲੀਫ਼ਾ ਦਾ ਨਾਂ ਲੈਂਦੇ ਰਹੇ।* ਏਸ ਤੋਂ ਬਿਨਾਂ ਚੌਥੀ ਸਦੀ ਹਿਜਰੀ ਦੇ ਅਰਬ ਯਾਤਰੂ ਅਸਤਖ਼ਰੀ ਤੇ ਇਬਨ ਹੌਕਲ ਬਿਆਨ ਕਰਦੇ ਹਨ ਕਿ ਖੰਬਾਇਤ ਤੋਂ ਚੈਮੂਰ ਤਕ ਦੇ ਇਲਾਕੇ ਭਾਵੇਂ ਅਨੇਕ ਰਾਜਿਆਂ ਦੀ ਅਮਲ ਦਾਰੀ ਵਿਚ ਹਨ ਪਰ ਹਰ ਸ਼ਹਿਰ ਵਿਚ ਹਰ ਥਾਂ ਮੁਸਲਮਾਨ ਵਸਦੇ ਹਨ ਅਤੇ ਉਨ੍ਹਾਂ ਦੀਆਂ ਮਸੀਤਾਂ ਹਨ ਜਿਥੇ ਉਹ ਜਮਾਤ ਵਿਚ ਮਿਲਕੇ ਨਮਾਜ਼ ਪੜ੍ਹਦੇ ਹਨ। ਹਿੰਦੂ ਰਾਜਿਆਂ ਦੇ ਸਮੇਂ ਸ਼ਹਿਰ ਖੰਬਾਇਤ ਦੀ ਜਾਮੇ ਮਸਜਦ ਦੇ ਟੁਟਣ ਤੇ ਬਣਨ ਦੀ ਦਿਲਚਸਪ ਕਥਾ ਅੱਗੇ ਆਉਂਦੀ ਹੈ।

ਹਿੰਦੂ ਧਰਮ ਦੀ ਖੋਜ

ਏਸ ਪਰਸਪਰ ਮੇਲ ਜੋਲ ਦਾ ਅਸਰ ਏਹ ਹੋਇਆ ਕਿ ਅਰਬਾਂ ਨੂੰ ਹਿੰਦੂ

*ਫ਼ੁਤੂਹੁਲ ਬੁਲਦਾਨ ਬਲਾਜੁਰੀ ਪੰ. ੪੪੬ (ਲੀਡਨ)

ਧਰਮਾਂ ਦੀ ਖੋਜ ਦਾ ਸ਼ੌਕ ਉਤਪਨ ਹੋਇਆ। ਸੋ ਯਹਿਯਾ ਬਰਮਕੀ ਨੇ, ਜਿਸ ਦੀ ਵਜ਼ੀਰੀ ਦਾ ਸਮਾਂ ਸੰਨ ੧੭੦ ਹਿ. ਤੋਂ ਸੰਨ ੧੯੦ ਹਿ. ਤਕ ਹੈ, ਇਕ ਆਦਮੀ ਨੂੰ ਹਿੰਦੁਸਤਾਨ ਉਚੇਚੇ ਤੌਰ ਤੇ ਏਸ ਲਈ ਭੇਜਿਆ ਕਿ ਓਹ ਏਥੋਂ ਦੀ ਦਵਾਈਆਂ ਅਤੇ ਏਥੋਂ ਦੇ ਮਤ ਮਤਾਂਤਰਾਂ ਦਾ ਵੇਰਵਾ ਲਿਖਕੇ ਲਿਆਵੇ। ਏਸ ਸਮੇਂ ਬਗ਼ਦਾਦ ਦੀ ਇਹ ਦਸ਼ਾ ਸੀ ਕਿ ਉਹ ਦੁਨੀਆ ਦੇ ਸਾਰੇ ਮਤ ਮਤਾਂਤਰਾਂ ਦਾ ਅਖਾੜਾ ਬਣਿਆ ਹੋਇਆ ਸੀ। ਅੱਬਾਸੀ ਖ਼ਲੀਫ਼ਿਆਂ ਅਤੇ ਉਨ੍ਹਾਂ ਦੇ ਬਾਜ਼ੇ ਫਲਸਫ਼ਾ-ਪ੍ਰੇਮੀ ਅਮੀਰਾਂ ਦੇ ਦਰਬਾਰਾਂ ਵਿਚ ਧਾਰਮਕ ਮਜਲਸਾਂ ਲੱਗਦੀਆਂ ਤੇ ਸ਼ਾਸਤਰ ਅਰਥ ਹੁੰਦੇ ਰਹਿੰਦੇ ਸਨ। ਦਿਨ ਅਤੇ ਸਮਾਂ ਨੀਅਤ ਹੁੰਦਾ ਸੀ, ਜਦੋਂ ਅਜੇਹੀਆਂ ਮਜਲਸਾਂ ਲੱਗਦੀਆਂ ਸਨ ਅਤੇ ਹਰ ਧਰਮ ਵਾਲੇ ਨੂੰ ਆਗਿਆ ਸੀ ਕਿ ਉਹ ਆਪਣੇ ਧਰਮ ਬਾਰੇ ਦਲੀਲਾਂ ਪੇਸ਼ ਕਰੇ ਤੇ ਇਸਲਾਮ ਤੇ ਇਤਰਾਜ਼ ਕਰੇ ਤੇ ਜਵਾਬ ਸੁਣੇ। ਇਨ੍ਹਾਂ ਮਜਲਸਾਂ ਅਤੇ ਸ਼ਾਸਤਰ ਅਰਥਾਂ ਵਿਚ ਤਰਕ ਵੇਤਾ ਸਾਰਿਆਂ ਨਾਲੋਂ ਅੱਗੇ ਰਹਿੰਦੇ ਸਨ। ਬਰਮਕੀਆਂ ਦਾ ਖ਼ਾਨਦਾਨ ਖ਼ਾਸ ਤੌਰ ਤੇ ਇਨ੍ਹਾਂ ਲੋਕਾਂ ਦੀ ਪਾਲਣਾ ਕਰਦਾ ਸੀ। ਕੋਈ ਅਸਚਰਜ ਨਹੀਂ ਕਿ ਏਸੇ ਕਾਰਣ ਏਹ ਜ਼ਰੂਰਤ ਪੇਸ਼ ਆਈ ਹੋਵੇ ਕਿ ਹਿੰਦੁਸਤਾਨ ਦੇ ਮਤ ਮਤਾਂਤਰਾਂ ਤੋਂ ਵੀ ਵਾਕਫ਼ੀ ਪਰਾਪਤ ਕੀਤੇ ਜਾਵੇ।

ਜੋ ਆਦਮੀ ਏਸ ਮਤਲਬ ਲਈ ਹਿੰਦੁਸਤਾਨ ਭੇਜਿਆ ਗਿਆ ਸੀ ਏਸ ਦੀ ਵਾਰਤਾ ਗਾਲਬਨ ਜਿਉਂ ਦੀ ਤਿਉਂ ਮੌਜੂਦ ਨਹੀਂ, ਪਰ ਇਬਨ ਨਦੀਮ ਜਿਸ ਨੇ ਆਪਣੀ ਪੁਸਤਕ ਏਸ ਘਟਨਾ ਦੇ ੭੦,੮੦ ਵਰ੍ਹੇ ਪਿਛੋਂ ਲਿਖੀ ਹੈ, ਇਕ ਲਿਖਤ ਦਾ ਹਵਾਲਾ ਦਿੰਦਾ ਹੈ, ਜੋ ਪਰਸਿਧ ਅਰਬ ਫ਼ਲਾਸਫ਼ਰ ਯਾਕੂਬ ਬਿਨ ਇਸਹਾਕ ਕੰਦੀ ਦੇ ਹੱਥ ਦੀ ਲਿਖੀ ਹੋਈ ਸੀ ਅਤੇ ਇਸ ਉੱਤੇ ਸੰਨ ੩੪੯ ਹਿ. ਦੀ ਤਾਰੀਖ਼ ਪਈ ਹੋਈ ਸੀ। ਏਸ ਵਿਚ ਯਹਿਯਾ ਬਰਮਕੀ ਦੇ ਇਕ ਆਦਮੀ ਨੂੰ ਹਿੰਦੁਸਤਾਨ ਦੇ ਮਤ ਮਤਾਂਤਰਾਂ ਦੀ ਖੋਜ ਕਰਨ ਲਈ ਹਿੰਦੁਸਤਾਨ ਭੇਜਣ ਦੀ ਖ਼ਬਰ ਦਰਜ ਸੀ ਅਤੇ ਉਸ ਉੱਤੇ 'ਹਿੰਦੁਸਤਾਨ ਦੇ ਧਰਮਾਂ ਤੇ ਵਿਸ਼ਵਾਸ਼ਾਂ' ਦਾ ਸਿਰਲੇਖ ਤੇ ਏਸ ਦੇ ਹੇਠ ਸੰਖੇਪ ਵਾਰਤਾ ਲਿਖੀ ਹੋਈ ਸੀ। ਏਸ ਤੋਂ ਅਨੁਮਾਨ ਹੁੰਦਾ ਹੈ ਕਿ ਸ਼ਾਇਦ ਇਹ ਓਸੇ ਆਦਮੀ ਦੀ ਵਿਥਿਆ ਦਾ ਸੰਖੇਪ ਹੈ।

ਏਸ ਲਿਖਤ ਵਿਚ ਪਹਿਲਾਂ ਗੁਜਰਾਤ ਦੇ ਰਾਜਾ ਵਲਭ ਰਾਏ ਦੀ ਰਾਜਧਾਨੀ ਮਹਾਨਗਰ ਦੇ ਬੁਤਖ਼ਾਨੇ ਦਾ ਹਾਲ ਲਿਖਿਆ ਹੈ ਕਿ ਇਸ ਵਿਚ ਸੋਨੇ, ਚਾਂਦੀ, ਲੋਹੇ, ਪਿੱਤਲ, ਹਾਥੀ ਦੰਦ ਤੇ ਹਰ ਪਰਕਾਰ ਦੇ ਵੱਡਮੁਲੇ ਪਥਰਾਂ ਅਤੇ ਜਵਾਹਾਰਤ ਦੇ ਵੀਹ ਹਜ਼ਾਰ ਬੁਤ ਹਨ। ਇਸ ਵਿਚ ਸੋਨੇ ਦਾ ਇਕ ਬੁਤ ੧੨ ਹੱਥ ਉਚਾ ਹੈ ਅਤੇ ਉਹ ਸੋਨੇ ਦੇ ਤਖ਼ਤ ਉੱਤੇ ਬੈਠਾ ਹੈ। ਇਹ ਤਖ਼ਤ ਇਕ ਸੋਨੇ ਦੇ ਗੁੰਬਦ-ਆਭਾਸ ਕਮਰੇ ਵਿਚ ਹੈ। ਇਹ ਕਮਰਾ ਚਿੱਟੇ ਮੋਤੀਆਂ ਤੇ ਲਾਲ, ਹਰੇ, ਪੀਲੇ ਤੇ ਆਸਮਾਨੀ ਰੰਗ ਦੇ ਜਵਾਹਰਾਤ ਨਾਲ ਜੜ੍ਹਿਆ ਹੋਇਆ ਹੈ। ਸਾਲ ਵਿਚ ਇਕ ਵੇਰ ਏਸ ਦਾ ਮੇਲਾ ਹੁੰਦਾ ਹੈ। ਰਾਜਾ ਆਪ ਪੈਦਲ ਓਥੇ ਚਲਕੇ ਜਾਂਦਾ ਹੈ ਤੇ ਪੈਦਲ ਓਥੋਂ ਮੁੜ ਕੇ ਆਉਂਦਾ ਹੈ। ਏਸ ਬੁਤ ਅੱਗੇ ਸਾਲ ਵਿਚ ਇਕ ਦਿਨ ਕੁਰਬਾਨੀ ਕੀਤੀ ਜਾਂਦੀ ਹੈ। ਅਤੇ ਲੋਕ ਆਪਣੀ ਜਾਨ ਵੀ ਏਸ ਤੇ ਕੁਰਬਾਨ ਕਰਦੇ ਹਨ। ਫੇਰ ਮੋਲਿਸਤਾਨ (ਮੁਲਤਾਨ) ਦੇ ਬੁਤ ਦਾ ਹਾਲ ਲਿਖਿਆ ਹੈ ਫੇਰ ਹੋਰ ਬੁਤਾਂ ਦਾ ਹਾਲ ਹੈ। ਏਸ ਪਿਛੋਂ ਹਿੰਦੁਸਤਾਨ ਦੀਆਂ ਕੁਝ ਸੰਪਰਦਾਵਾਂ ਅਤੇ ਉਨ੍ਹਾਂ ਦੇ ਬੁਤਾਂ ਦਾ ਹਾਲ ਬਿਆਨ ਕੀਤਾ ਹੈ।

(੧) ਸਭ ਤੋਂ ਪਹਿਲੀ ਸੰਪਰਦਾਇ ਦਾ ਨਾਂ 'ਮਹਾਂਕਾਲੀਆ' ਦੱਸਿਆ ਹੈ ਜੋ ਮਹਾਂ ਕਾਲੀ ਨੂੰ ਪੂਜਦੇ ਹਨ ਜਿਸ ਦੇ ਚਾਰ ਹੱਥ, ਅਸਮਾਨੀ ਰੰਗ, ਸਿਰ ਤੇ ਘਣੇ ਵਾਲ, ਦੰਦ ਨਿਕਲੇ ਹੋਏ, ਢਿਢ ਨੰਗਾ, ਪਿੱਠ ਉਤੇ ਹਾਥੀ ਦੀ ਖਲ ਪਈ ਹੋਈ ਹੁੰਦੀ ਹੈ, ਜਿਸ ਵਿਚੋਂ ਲਹੂ ਦੇ ਤੁਪਕੇ ਚੋਂਦੇ ਹਨ। ਇਕ ਹੱਥ ਵਿਚ ਅਜ਼ਗਰ, ਦੂਜੇ ਵਿਚ ਡੰਡਾ ਤੀਜੇ ਵਿਚ ਇਕ ਮਨੁਖ ਦੀ ਖੋਪਰੀ, ਚੌਥਾ ਹੱਥ ਉਤਾਹਾਂ ਉਠਿਆ ਹੋਇਆ। ਏਸ ਦੇ ਦੋਹਾਂ ਕੰਨਾਂ ਵਿਚ ਦੋ ਸਪ ਤੇ ਸਰੀਰ ਨਾਲ ਦੋ ਅਜ਼ਗਰ ਲਿਪਟੇ ਹੋਏ ਹਨ ਸਿਰ ਤੇ ਖੋਪੜੀਆਂ ਦੀਆਂ ਹਡੀਆਂ ਦਾ ਤਾਜ ਅਤੇ ਇਨ੍ਹਾਂ ਹੀ ਹੱਡੀਆਂ ਦੀ ਗਲ ਵਿਚ ਮਾਲਾ ਪਾਈ ਹੋਈ ਹੈ।

(੨) ਦੂਜੀ ਸੰਪਰਦਾਇ ਅਦੱਨੀਕਤੀਆ, ਅਲਅਦਤਬਕਤੀਆ (ਅਦਤ ਭਕਤੀ) ਅਰਥਾਤ ਸੂਰਜ (ਅਦਤ) ਪੂਜਨ ਵਾਲੇ। ਏਸ ਦਾ ਹੁਲੀਆ ਇਹ ਹੈ ਕਿ ਇਕ ਗੱਡੀ ਹੈ ਜਿਸ ਨੂੰ ਚਾਰ ਘੋੜੇ ਜੁੜੇ ਹੋਏ ਹਨ ਏਸ ਦੇ ਉੱਪਰ ਇਕ ਮੂਰਤੀ ਹੈ ਉਹ ਏਸ ਨੂੰ ਮੱਥਾ ਟੇਕਦੇ ਹਨ। ਏਸ ਦੀ ਪਰਕ੍ਰਮਾ ਕਰਦੇ ਹਨ।

ਧੂਪ ਸੁਲਘਾਉਂਦੇ ਹਨ। ਵਾਜਾ ਵਜਾਉਂਦੇ ਹਨ। ਏਸ ਲਈ ਬਹੁਤ ਸਾਰੀਆਂ ਜੈਦਾਦਾਂ ਵਕਫ਼ ਹਨ। ਬਹੁਤ ਸਾਰੇ ਪੁਜਾਰੀ ਹਨ ਜੋ ਏਸ ਬੁਤਖ਼ਾਨੇ ਅਤੇ ਜੈਦਾਦ ਦਾ ਪਰਬੰਧ ਕਰਦੇ ਹਨ। ਰੋਗੀ ਹਰ ਪਾਸਿਉਂ ਏਥੇ ਆਉਂਦੇ ਹਨ ਅਤੇ ਆਪਣੇ ਖ਼ਿਆਲ ਅਨੁਸਾਰ ਓਹ ਏਥੋਂ ਚੰਗੇ ਹੋਕੇ ਜਾਂਦੇ ਹਨ।

(੩) ਤੀਜਾ ਚੰਦਰ ਭਕਤੀਆ (ਚੰਦਰ ਭਗਤੀ) ਏਹ ਚੰਦਰਮਾਂ ਦੇ ਪੁਜਾਰੀ ਹਨ ਏਸ ਦੀ ਮੂਰਤੀ ਦੀ ਸਵਾਰੀ ਚਾਰ ਹੰਸਾ ਤੇ ਚਲਦੀ ਹੈ। ਮੂਰਤੀ ਦੇ ਹੱਥ ਵਿਚ ਇਕ ਬਹੁਤ ਵੱਡਾ ਲਾਲ ਹੁੰਦਾ ਹੈ ਜਿਸਨੂੰ ਚੰਦਰ ਕੇਤ (ਚੰਦਰ ਕੇਤੂ) ਆਖਦੇ ਹਨ। ਚੌਧਵੀਂ ਰਾਤ ਨੂੰ ਜਦੋਂ ਕਿ ਪੂਰਨਮਾਸ਼ੀ ਹੁੰਦੀ ਹੈ ਬਰਤ ਰਖਦੇ ਹਨ ਅਤੇ ਏਸ ਰਾਤ ਏਸ ਦੀ ਪੂਜਾ ਕਰਦੇ ਹਨ। ਭੋਜਨ ਸ਼ਰਾਬ ਤੇ ਦੁਧ ਏਸ ਦੇਵਤਾ ਦੇ ਪਾਸ ਲਿਆਉਂਦੇ ਹਨ। ਏਕਮ ਤੇ ਚੌਧਵੀਂ ਨੂੰ ਕੋਠਿਆਂ ਤੇ ਚੜ੍ਹ ਕੇ ਵੇਖਦੇ ਹਨ ਅਤੇ ਮੰਤਰ ਪੜ੍ਹਦੇ ਹਨ ਤੇ ਅਰਦਾਸ ਕਰਦੇ ਹਨ।

(੪)ਚੌਥਾ ਫ਼ਿਰਕਾ ਬਿਕਰੰਤੰਨੀਆ* ਨਾਂ ਦਾ ਹੈ ਜੋ ਆਪਣੇ ਦੁਆਲੇ ਸੰਗਲ ਬੰਨ੍ਹੀ ਰਖਦੇ ਹਨ ਸਿਰ ਤੇ ਦਾੜ੍ਹੀ ਦੇ ਵਾਲ ਮੁਨਾਉਂਦੇ ਹਨ। ਇਕ ਲੰਗੋਟੀ ਤੋਂ ਬਿਨਾਂ ਸਾਰਾ ਸਰੀਰ ਨੰਗਾ ਰਖਦੇ ਹਨ। ਜੋ ਇਨ੍ਹਾਂ ਦੀ ਸੰਪਰਦਾਇ ਵਿਚ ਦਾਖ਼ਲ ਹੁੰਦਾ ਹੈ ਉਸ ਨੂੰ ਆਖਦੇ ਹਨ ਕਿ ਪਹਿਲਾਂ ਸਭ ਕੁਝ ਦਾਨ ਕਰਦੇ।

(੫) ਪੰਜਵਾਂ ਫ਼ਿਰਕਾ ਗੰਗਾ ਯਾਤਰਾ (ਗੰਗਾ ਜਾਤਰੀ) ਹੈ। ਏਸ ਵਿਸ਼ਵਾਸ ਦੇ ਲੋਕ ਸਾਰੇ ਹਿੰਦੁਸਤਾਨ ਵਿਚ ਫੈਲੇ ਹੋਏ ਹਨ। ਇਨ੍ਹਾਂ ਦਾ ਵਿਸ਼ਵਾਸ ਹੈ ਕਿ ਜੋ ਗੁਨ੍ਹਾ ਵੀ ਮਨੁਖ ਕਰਦਾ ਹੈ ਗੰਗਾ ਜਾਕੇ ਇਸ਼ਨਾਨ ਕਰਨ ਨਾਲ ਸਭ ਧੋਤੇ ਜਾਂਦੇ ਹਨ।

(੬) ਛੇਵੇਂ ਰਾਜਪੂਤੀਆ (ਰਾਜਪੂਤ) ਹਨ। ਇਨ੍ਹਾਂ ਦਾ ਧਰਮ ਰਾਜਿਆਂ ਦੀ ਸਹਾਇਤਾ ਕਰਨਾ ਹੈ। ਇਨ੍ਹਾਂ ਦਾ ਵਿਸ਼ਵਾਸ ਹੈ ਕਿ ਰਾਜੇ ਦੀ ਖ਼ਾਤਰ ਜਾਨ ਦੇ ਦੇਣਾ ਭਗਤੀ ਹੈ।

---

*ਏਸ ਸ਼ਬਦ ਦੀ ਅਸਲੀਅਤ ਅਤੇ ਏਸ ਫ਼ਿਰਕੇ ਦਾ ਕੁਝ ਹਾਲ ਅਗੇ ਆਵੇਗਾ 'ਭਿਕਸ਼ੂ' ਸ਼ਬਦ ਹੇਠ। ਦੂਜੀਆਂ ਕਿਤਾਬਾਂ ਵਿਚ ਬਿਕਰੰਤੀਆ ਦੀ ਥਾਂ ਬਿਕਰਜੈਨ ਸ਼ਬਦ ਹੈ। ਬਜ਼ੁਰਗ ਬਿਨ ਸ਼ਹਿਰਯਾਰ ਨੇ ਇਨ੍ਹਾਂ ਦਾ ਨਾਂ ਬੇਕੂਰ ਦਸਿਆ ਹੈ (ਪੰ. ੧੫੫) ਬੈਰੂਨੀ ਨੇ ਇਨ੍ਹਾਂ ਨੂੰ ਮਹਾ ਦੇਵ ਦੇ ਉਪਾਸਕ ਦੱਸਿਆ ਹੈ ਵੇਖੋ ਕਿਤਾਬ ਹਿੰਦ ਪੰ. ੫੮

(੭) ਇਕ ਹੋਰ ਫ਼ਿਰਕਾ ਹੈ ਜੋ ਆਪਣੇ ਵਾਲ ਵਧਾਉਂਦਾ ਹੈ ਅਤੇ ਇਨ੍ਹਾਂ ਨੂੰ ਵੱਟ ਦੇਕੇ ਮੂੰਹ ਉਤੇ ਜਟਾਂ ਬਣਾਕੇ ਵਖੇਰ ਲੈਂਦਾ ਹੈ। ਇਨ੍ਹਾਂ ਦੇ ਵਾਲ ਹਰ ਪਾਸੇ ਵਿਖਰੇ ਹੁੰਦੇ ਹਨ। ਏਹ ਸ਼ਰਾਬ ਨਹੀਂ ਪੀਂਦੇ ਇਕ ਪਹਾੜ ਤੇ ਜ਼ਾਤਰਾ ਨੂੰ ਜਾਂਦੇ ਹਨ। ਇਸਤਰੀਆਂ ਨੂੰ ਵੇਖਕੇ ਭਜਦੇ ਹਨ। ਵਸੋਂ ਵਿਚ ਨਹੀਂ ਆਉਂਦੇ।*

ਇਸ ਸਬੰਧੀ ਇਬਨ ਨਦੀਮ ਦੇ ਸਮਕਾਲੀ ਜਾਂ ਉਸ ਦੇ ਲਾਗੇ ਚਾਗੇ ਦੇ ਸਮੇਂ (ਸੰਨ ੩੭੫ ਹਿ.) ਦੇ ਬੈਤੁਲਮੁਕੱਦਸ ਦੇ ਇਕ ਅਰਬ ਤਰਕਵਾਦੀ, ਮੁਤਹਿਰ, † ਦੀ ਕਿਤਾਬ ਅਲਬਦਾ-ਵੱ-ਤਾਰੀਖ਼ ਦਾ ਬਿਆਨ ਵਧੇਰੇ ਵਿਸਥਰਤ ਹੈ।

"ਹਿੰਦੁਸਤਾਨ ਵਿਚ ਨੌ ਸੌ ਫ਼ਿਰਕੇ ਹਨ ਪਰ ਇਨ੍ਹਾਂ ਵਿਚੋਂ ਕੇਵਲ ਨਨਾਨਵਿਆਂ ਦਾ ਹਾਲ ਮਲੂਮ ਹੈ। ਏਹ ਸਭ ਪੰਤਾਲੀ ਧਰਮਾਂ ਵਿਚ ਵੰਡੇ ਹੋਏ ਹਨ ਅਤੇ ਇਹ ਭੀ ਚਾਰ ਨਿਯਮਾਂ ਵਿਚ ਸੀਮਤ ਹਨ। ਇਨ੍ਹਾਂ ਦੀ ਮੋਟੀ ਵੰਡ ਅਸਲ ਵਿਚ ਦੋ ਸੰਪਰਦਾਵਾਂ ਵਿਚ ਹੈ: ਸਮਨੀ (ਬੁਧ) ਤੇ ਬ੍ਰਾਹਮਨੀ। ਸਮਨੀ ਜਾਂ ਤਾਂ ਈਸ਼ਵਰ ਨੂੰ ਮੰਨਦੇ ਹੀ ਨਹੀਂ ਜਾਂ ਅਜੇਹੇ ਈਸ਼ਵਰ ਨੂੰ ਮੰਨਦੇ ਹਨ ਜਿਸ ਨੂੰ ਕੁਝ ਵੀ ਅਧਿਕਾਰ ਨਹੀਂ। ਬ੍ਰਾਹਮਨੀ ਧਰਮ ਵਾਲਿਆਂ ਦੇ ਤਿੰਨ ਫ਼ਿਰਕੇ ਹਨ। ਇਕ ਫ਼ਿਰਕਾ ਤਾਂ ਇਹ ਮੰਨਦਾ ਹੈ ਕਿ ਈਸ਼ਵਰ ਇਕ ਹੈ ਅਤੇ ਪਾਪ ਤੇ ਪੁੰਨ ਦੋਹਾਂ ਦਾ ਫਲ ਮਿਲਦਾ ਹੈ ਪਰ ਇਹ ਇਸ ਗੱਲ ਨੂੰ ਨਹੀਂ ਮੰਨਦੇ ਕਿ ਏਸ ਸੰਸਾਰ ਵਿਚ ਕੋਈ ਈਸ਼ਵਰ ਦਾ ਰਸੂਲ ਜਾਂ ਦੂਤ ਵੀ ਆਉਂਦਾ ਹੈ। ਦੂਜਾ ਫ਼ਿਰਕਾ ਪੁਨਰ ਜੰਨਮ ਦੇ ਸਿਧਾਂਤ ਤੇ ਪੁੰਨ ਪਾਪ ਦੇ ਫਲ ਮਿਲਣ ਨੂੰ ਮੰਨਦਾ ਹੈ ਪਰ ਨਾ ਈਸ਼ਵਰ ਦੀ ਏਕਤਾ ਨੂੰ ਮੰਨਦਾ ਹੈ ਤੇ ਨਾਂ ਰਸੂਲ ਜਾਂ

*ਕਿਤਾਬ ਅਲਫਹਿਰਿਸਤ ਇਬਨ ਨਦੀਮ ਪੰ. ੩੪੫, ੩੪੯.

†ਹਾਜੀ ਖ਼ਲੀਫ਼ਾ ਨੇ ਏਸ ਕਿਤਾਬ ਦਾ ਲੇਖਕ ਅਬੂਜ਼ੈਦ ਅਹਿਮਦ ਬਿਨ ਸਹਿਲ ਬਲਖ਼ੀ ਨੂੰ ਨਿਸਚਤ ਕੀਤਾ ਹੈ ਪੇਰਸ ਐਡੀਸ਼ਨ ਦੇ ਐਡੀਟਰ ਨੇ ਕੁਝ ਜਿਲਦਾਂ ਉਤੇ ਤਾਂ ਬਲਖ਼ੀ ਦਾ ਨਾਂ ਲਿਖਿਆ ਹੈ ਫੇਰ ਪਿਛਲੇ ਬਿਆਨ ਨੂੰ ਸ਼ੁਧ ਕਰਕੇ ਮੁਤੱਹਿਰ ਬਿਨ ਤਾਹਿਰ ਨਾਂ ਲਿਖਿਆ ਹੈ।

ਈਸ਼ਵਰੀ ਦੂਤ ਦੇ ਸਿਧਾਂਤ ਨੂੰ ਮੰਨਦਾ ਹੈ।*

ਏਸ ਪਿਛੋਂ ਲੇਖਕ ਨੇ ਹਿੰਦੁਸਤਾਨ ਵਾਲਿਆਂ ਦੀ ਵਿਦਿਅਕ ਯੋਗਤਾ ਦਾ ਸੰਖੇਪ ਵਰਨਣ ਕੀਤਾ ਹੈ। ਫੇਰ ਇਹ ਦੱਸਿਆ ਹ ਕਿ ਪੁਰਾਣਿਆਂ ਸਮਿਆਂ ਵਿਚ ਜਦੋਂ ਹਿੰਦੁਸਤਾਨ ਵਿਚ ਮੁਕੱਦਮੇ ਹੁੰਦੇ ਸਨ ਤਾਂ ਲੋਕ ਆਪਣੀ ਸਚਾਈ ਦਾ ਕਿਵੇਂ ਸਬੂਤ ਦਿੰਦੇ ਸਨ ਜਿਵੇਂ ਤੱਤੇ ਲੋਹੇ ਨੂੰ ਹੱਥ ਲਾਉਣਾ ਆਦਿ। ਏਸ ਪਿਛੋਂ ਆਖਦਾ ਹੈ:

"ਮੁਸਲਮਾਨ ਇਨ੍ਹਾਂ ਦੇ ਖਿਆਲ ਵਿਚ ਪਲੀਤ ਹਨ। ਉਹ ਇਨ੍ਹਾਂ ਨੂੰ ਤੇ ਓਸ ਚੀਜ਼ ਨੂੰ ਜਿਸ ਨੂੰ ਕਿ ਇਹ ਛੂ ਦੇਣ ਹੱਥ ਨਹੀਂ ਲਾਉਂਦੇ। ਗਾਂ ਨੂੰ ਵਿਹ ਆਪਣੇ ਖ਼ਿਆਲ ਵਿਚ ਮਾਤਾ ਸਮਾਨ ਪੂਜਣ-ਯੋਗ ਮੰਨਦੇ ਹਨ। ਗਊ ਹਤਿਆ ਦੀ ਸਜ਼ਾ ਇਨ੍ਹਾਂ ਦੇ ਖ਼ਿਆਲ ਵਿਚ ਪਰਾਣ ਡੰਡ ਹੈ। ਪਰਾਈ ਇਸਤਰੀ ਨਾਲ ਭੋਗ ਕਰਨਾ ਓਸ ਮਰਦ ਲਈ ਜਾਇਜ ਹੈ ਜਿਸ ਦੀ ਇਸਤਰੀ ਨਾ ਹੋਵੇ ਤਾਂ ਜੋ ਵੰਸ ਚਲਦਾ ਰਹੇ† ਪਰ ਜੇ ਇਸਤਰੀ ਵਾਲਾ ਨਿਯੋਗ ਕਰੇ ਤਾਂ ਓਸ ਨੂੰ ਪਰਾਣ ਡੰਡ ਦਿੱਤਾ ਜਾਂਦਾ ਹੈ। ਜਦੋਂ ਕੋਈ ਆਦਮੀ ਇਨ੍ਹਾਂ ਵਿਚੋਂ ਮੁਸਲਮਾਨਾਂ ਦੇ ਹਥਾਂ ਵਿਚੋਂ ਨਿਕਲ ਕੇ ਮੁੜ ਇਨ੍ਹਾਂ ਕੋਲ ਵਾਪਸ ਜਾਂਦਾ ਹੈ ਤਾਂ ਏਸਨੂੰ ਮਾਰਦੇ ਨਹੀਂ ਸਗੋਂ ਏਸ ਦੇ ਸਰੀਰ ਦੇ ਸਾਰੇ ਵਾਲ ਮੁੰਨ ਕੇ ਏਸ ਨੂੰ ਪਰਾਸਚਤ ਕਰਾਉਂਦੇ ਹਨ (ਏਸ ਦੀ ਓਹੀ ਵਿਧੀ ਲਿਖੀ ਹੈ ਜੋ ਹੁਣ ਵੀ ਹਿੰਦੁਸਤਾਨ ਵਿਚ ਚਾਲੂ ਹੈ। ਅਰਥਾਤ ਗਊ ਦੀਆਂ ਕੁਝ ਚੀਜ਼ਾ ਵਸਤਾਂ ਨੂੰ ਮਿਲਾਕੇ ਪਿਲਾਉਣਾ ਆਦਿ) ਨੇੜੇ ਦੇ ਰਿਸ਼ਤੇ ਵਿਚ ਏਹ ਲੋਕ ਵਿਆਹ ਨਹੀਂ ਕਰਵਾਉਂਦੇ। ਬ੍ਰਹਮਣਾਂ ਦੇ ਮਤ ਵਿਚ ਸ਼ਰਾਬ ਵੀ ਹਰਾਮ ਹੈ ਕੁੱਠਾ ਵੀ"

ਏਸ ਪਿਛੋਂ ਹਿੰਦੂ ਦੇਵਤਿਆਂ ਅਤੇ ਉਨ੍ਹਾਂ ਦੇ ਭਿੰਨ ਭਿੰਨ ਉਪਾਸਕਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਹੈ ਹਰ ਦੇਵਤਾ ਦਾ ਰੂਪ ਦੱਸਿਆ ਹੈ ਫੇਰ ਮਹਾਂ ਦੇਵ, ਕਾਲੀ, ਮਹਾਂਕਾਲੀ ਤੇ ਲਿੰਗ ਉਪਾਸਨਾ ਦਾ ਹਾਲ

*ਜਿਲਦ ੪ ਪੰ, ੯, ੧੯ (ਪੈਰਸ) ਤੀਜੇ ਫਿਰਕੇ ਦਾ ਵਰਨਨ ਛੁੱਟ ਗਿਆ ਹੈ।

†ਸ਼ਾਇਦ ਨਿਯੋਗ ਸਿਧਾਂਤ ਦਾ ਵੇਰਵਾ ਹੈ।

ਲਿਖਿਆ ਹੈ। ਏਸ ਪਿਛੋਂ ਦੋ ਨਵੇਂ ਫਿਰਕਿਆਂ ਦਾ ਵਰਨਣ ਕੀਤਾ ਹੈ। ਜਿਨ੍ਹਾਂ ਵਿਚੋਂ ਇਕ ਦਾ ਨਾਂ ਜਲ ਭੁਕਤੀਆਂ (ਜਲ ਭਗਤ) ਹੈ, ਜੋ ਪਾਣੀ ਦੀ ਉਪਾਸ਼ਨਾ ਕਰਦੇ ਹਨ। ਦੂਜੇ ਦਾ ਨਾਂ ਅਗਨੀ ਹੋਤਰੀਆ (ਅਗਨੀ ਹੋਤਰੀ) ਦੱਸਿਆ ਹੈ, ਜੋ ਅਗਨੀ ਦੀ ਉਪਾਸਨਾ ਕਰਦੇ ਹਨ। ਰਿਸ਼ੀਆਂ ਦਾ ਜ਼ਿਕਰ ਕੀਤਾ ਹੈ ਤੇ ਦੱਸਿਆ ਹੈ ਕਿ ਇਹ ਉਹ ਲੋਕ ਹਨ ਜੋ ਧਿਆਨ ਅਤੇ ਸੰਮਾਧੀ ਲਾਕੇ ਆਪਣੀਆਂ ਬਾਹਰਲੀਆਂ ਇੰਦਰੀਆਂ ਨੂੰ ਬੇਕਾਰ ਕਰ ਲੈਂਦੇ ਹਨ ਅਤੇ ਸਮਝਦੇ ਹਨ ਕਿ ਜਿੰਨੇ ਵੀ ਉਹ ਪਰਕਿਰਤੀ ਤੋਂ ਦੂਰ ਹੋਣਗੇ ਉੱਨੀ ਹੀ ਉਨ੍ਹਾਂ ਦੀ ਆਤਮਾ-ਸ਼ਕਤੀ ਵਧੇਗੀ। ਏਹ ਹਮੇਸ਼ ਆਪਣੀਆਂ ਅੱਖਾਂ ਮੀਟ ਕੇ ਰਖਦੇ ਹਨ। ਅੰਤ ਵਿਚ ਜੋਗੀਆਂ ਤੇ ਆਪਣੀ ਜਾਨ ਦੀ ਬਲੀ ਦੇਣ ਵਾਲਿਆਂ ਦਾ ਹਾਲ ਲਿਖਿਆ ਹੈ।

ਬ੍ਰਾਹਮਣਾ ਦੇ ਸਬੰਧ ਵਿਚ ਲਿਖਿਆ ਹੈ ਕਿ "ਇਹ ਗਾਂ ਪੂਜਦੇ ਹਨ ਅਤੇ ਗੰਗਾ ਤੋਂ ਪਾਰ ਜਾਣਾ ਹਰਾਮ ਸਮਝਦੇ ਹਨ। ਕਿਸੇ ਹੋਰ ਨੂੰ ਆਪਣੇ ਧਰਮ ਵਿਚ ਲੈਣਾ ਇਨ੍ਹਾਂ ਲਈ ਜਾਇਜ਼ ਨਹੀਂ"। ਅੰਤ ਵਿਚ ਏਹ ਲੇਖਕ ਆਖਦਾ ਹੈ:

"ਇਨ੍ਹਾਂ ਵਿਚੋਂ ਜੋ ਲੋਕ ਕਿਆਮਤ (ਮੁਸਲਮਾਨਾਂ ਤੇ ਈਸਾਈਆਂ ਦੇ ਵਿਚਾਰ ਅਨੁਸਾਰ ਨਿਆਂ ਦਾ ਅੰਤਮ ਦਿਨ) ਅਤੇ ਰਸੂਲ ਜਾਂ ਈਸ਼ਵਰ ਦੂਤ ਨੂੰ ਨਹੀਂ ਮੰਨਦੇ ਓਹ ਵੀ ਪੁੰਨ ਪਾਪ ਨੂੰ ਆਵਾਗਵਨ ਤੇ ਪੁਨਰ ਜਨਮ ਦੇ ਰੂਪ ਵਿਚ ਮੰਨਦੇ ਹਨ। ਮੂਰਤੀ ਪੂਜਾ ਦਾ ਕਾਰਣ ਇਹ ਦੱਸਦੇ ਹਨ ਕਿ ਈਸ਼ਵਰ ਤਾਂ ਗਿਆਨ, ਸੂਝ-ਬੂਝ, ਅਨੁਭਵ ਤੋਂ ਉਤੇਰੇ ਅਤੇ ਇੰਦਿਆ ਦੀ ਪਕੜ ਤੋਂ ਪਰੇਰੇ ਹੈ ਏਸੇ ਲਈ ਇਕ ਵਚੋਲੇ ਤੇ ਵਸੀਲੇ ਦੀ ਲੋੜ ਹੈ।"

ਏਸ ਪਿਛੋਂ ਦੁਨੀਆ ਭਰ ਦੇ ਧਰਮਾਂ ਦੀ ਜਾਂਚ ਪੜਤਾਲ ਕਰਨ ਵਾਲੇ ਪਰਸਿਧ ਅਬਦੁਲ ਕਰੀਮ ਸ਼ਹਿਰਿਸਤਾਨੀ ਦਾ ਨਾਂ ਆਉਂਦਾ ਹੈ ਜਿਸ ਦਾ ਕਾਲ ਸੰਨ ੪੬੯ ਹਿ. ਤੋਂ ਸੰਨ ੫੪੯ ਹਿ. ਤਕ ਹੈ। ਏਸ ਨੇ ਮੁਤੱਹਿਰ ਮੁਕੱਦਸੀ ਦੇ ਬਿਆਨ ਨੂੰ ਵਧੇਰੇ ਵਿਸਥਾਰ ਨਾਲ

ਲਿਖਿਆ ਤੇ ਨਕਲ ਕੀਤਾ ਹੈ ਅਤੇ ਇਕ ਨਵੇਂ ਫ਼ਿਰਕੇ ਬਰਗਸਬਗੀਆਂ (ਬ੍ਰਿਕਸ਼ ਭਗਤ) ਦਾ ਵੇਰਵਾ ਦਿਤਾ ਹੈ ਜੋ ਬ੍ਰਿਛਾਂ ਦੀ ਉਪਾਸ਼ਨਾ ਕਰਦਾ ਹੈ।*

ਅਬੂਰੈਹਾਨ ਬੈਰੂਨੀ ਨੇ ਕਿਤਾਬੁਲ ਹਿੰਦ ਦੇ ਗਿਆਰਵੇਂ ਅਧਿਆਇ ਵਿਚ ਹਿੰਦੂਆਂ ਦੇ ਸਾਰੇ ਧਰਮਾਂ ਦਾ ਵਰਨਣ ਕੀਤਾ ਹੈ। ਇਸ ਵਿਚ ਸਾਰੇ ਦੇਵਤਿਆਂ ਦਾ ਸਰੂਪ ਅਤੇ ਵੇਰਵਾ ਦਿੱਤਾ ਹੈ। ਖ਼ੁਦ ਬੁਤਪੂਜਾ ਜਾਂ ਮੂਰਤੀ ਉਪਾਸਨਾ ਦੀ ਫ਼ਿਲੌਸਫ਼ੀ ਉੱਤੇ ਵਿਚਾਰ ਕੀਤਾ ਹੈ। ਲਿਖਿਆ ਹੈ। ਕਿ "ਏਹ ਮੂਰਤੀ ਪੂਜਾ ਕੇਵਲ ਹਿੰਦੁਸਤਾਨ ਦੇ ਗੁਆਰ ਤੇ ਮੁਗਧ ਲੋਕਾਂ ਦਾ ਧਰਮ ਹੈ,ਨਹੀਂ ਤਾਂ ਪੜ੍ਹੇ ਲਿਖੇ ਹਿੰਦੂ ਅਜੇਹਾ ਨਹੀਂ ਸਮਝਦੇ"। ਫੇਰ ਗੀਤਾ ਦੇ ਕੁਝ ਵਾਕ ਨਕਲ ਕੀਤੇ ਹਨ ਜਿਨ੍ਹਾਂ ਵਿਚੋਂ ਇਕ ਇਹ ਹੈ ਕਿ "ਬਹੁਤ ਸਾਰੇ ਲੋਕ ਮੈਨੂੰ ਛੱਡਕੇ ਦੂਜਿਆਂ ਨੂੰ ਪੂਜਦੇ ਹਨ ਪਰ ਮੈਂ ਇਨ੍ਹਾਂ ਤੋਂ ਬੇਪਰਵਾਹ ਹਾਂ" ਫੇਰ ਕ੍ਰਿਸ਼ਨ ਜੀ ਦਾ ਇਕ ਭਾਸ਼ਨ ਨਕਲ ਕੀਤਾ ਹੈ ਜਿਸ ਵਿਚ ਉਨ੍ਹਾਂ ਅਰਜੁਨ ਨੂੰ ਸੰਬੋਧਤ ਕਰਕੇ ਆਖਿਆ ਹੈ ਕਿ ਚੰਦਰਮਾਂ ਤੇ ਸੂਰਜ ਆਦਿ ਦੀ ਉਪਾਸਨਾ ਕਰਨ ਵਾਲਿਆਂ ਤੋਂ ਮੈਂ ਅਪਰਸਨ ਰਹਿੰਦਾ ਹਾਂ।

ਏਸ ਦੇ ਪਿੱਛੋਂ ਸੱਤ ਸਮੁੰਦਰੋਂ ਪਾਰ ਸਪੇਨ ਦੇਸ ਦੇ ਵਸਨੀਕ ਇਕ ਅਰਬ ਲੇਖਕ, ਕਾਜ਼ੀ ਸਾਇਦ (ਮ੍ਰਿਤੂ ਸੰਨ ੪੬੨ ਹਿ.) (ਸੰਨ ੧੦੭੦ ਈ.) ਦਾ 'ਈਮਾਨ ਬਿਲ ਗ਼ੈਬ' ਨਾਂ ਦਾ ਪਰਕਰਣ ਵੇਖੋ। ਉਹ ਆਪਣੀ ਪੁਸਤਕ ਤਬਕਾਤੁਲ ਉਮੁਮ ਵਿਚ ਜਿਸ ਵਿਚ ਸਾਰੀ ਦੁਨੀਆ ਦੀਆਂ ਸੱਭਿਯ ਕੌਮਾਂ ਦੀ ਵਿਦਿਆਵਾਂ ਦਾ ਇਤਿਹਾਸ ਬਿਆਨ ਕੀਤਾ ਗਿਆ ਹੈ ਲਿਖਦੇ ਹਨ:

"ਹਿੰਦੂ ਜਾਤੀ ਸਭ ਜਾਤੀਆਂ ਦੇ ਖ਼ਿਆਲ ਵਿਚ ਹਰ ਸਮੇਂ ਗੁਣਾਂ ਦੀ ਖਾਨ ਅਤੇ ਅਕਲ ਤੇ ਸਿਆਣਪ ਦਾ ਸੋਮਾ ਸਮਝੀ ਜਾਂਦੀ ਰਹੀ ਹੈ।.............. ਇਨ੍ਹਾਂ ਦਾ ਈਸ਼ਵਰੀ ਗਿਆਨ ਅੱਲਾ ਤਾਲਾ ਦੀ ਏਕਤਾ ਦਾ ਸਿਧਾਂਤ ਹੈ ਤੇ ਅਨੇਕ ਈਸ਼ਵਰ ਵਾਦ ਤੋਂ ਰਹਿਤ ਹੈ। ਇਨ੍ਹਾਂ ਦੇ ਅਨੇਕ ਫ਼ਿਰਕੇ ਹਨ। ਬਾਜ਼ੇ ਬ੍ਰਾਹਮਣ ਹਨ। ਬਾਜ਼ੇ ਗ੍ਰਹਿ ਉਪਾਸਕ ਹਨ। ਕੁਝ ਸ੍ਰਿਸ਼ਟੀ ਨੂੰ ਸਾਦਿ ਅਤੇ ਕੁਝ ਅਨਾਦੀ ਮੰਨਦੇ ਹਨ। ਨਬੀ ਤੇ ਰਸੂਲ ਨੂੰ ਨਹੀਂ ਮੰਨਦੇ। ਪਸ਼ੂਆਂ ਦੀ ਹਤਿਆ

*ਮਿਲਲ-ਵ-ਨੱਹਲ ਜਿਲਦ ਦੂਜੀ ਅੰਤਮ ਅਧਿਆਇ।

ਕਰਨਾ ਅਤੇ ਉਨ੍ਹਾਂ ਨੂੰ ਕਸ਼ਟ ਦੇਣਾ ਬੁਰਾ ਸਮਝਦੇ ਹਨ (ਏਸ ਪਿਛੋਂ ਲੇਖਕ ਨੇ ਸਪੇਨ ਤੋਂ ਹਿੰਦੁਸਤਾਨ ਦੇ ਦੂਰ ਹੋਣ ਦਾ ਪਜ ਕਰਕੇ ਏਸ ਦੇ ਵਧੇਰੇ ਹਾਲਾਤ ਨਾ ਜਾਨਣ ਤੇ ਸ਼ੋਕ ਪਰਗਟ ਕੀਤਾ ਹੈ ਅਤੇ ਹਿੰਦੁਸਤਾਨ ਤੋਂ ਅਰਬੀ ਰਾਹੀਂ ਸਪੇਨ ਤਕ ਜੋ ਵਿਦਿਆ, ਕਲਾ ਤੇ ਸਿਧਾਂਤ ਪੁੱਜੇ ਹਨ ਉਨ੍ਹਾਂ ਦੀ ਵਿਆਖਿਆ ਕੀਤੀ ਹੈ''। *

ਅਰਬ ਯਾਤਰੂਆਂ ਨੇ ਹਿੰਦੁਸਤਾਨ ਦੇ ਜੋ ਧਾਰਮਕ ਹਾਲਾਤ ਬਿਆਨ ਕੀਤੇ ਹਨ ਇਨ੍ਹਾਂ ਵਿਚੋਂ ਵਧੇਰੇ ਮੁਲਤਾਨ ਅਤੇ ਸਿੰਧ ਦੇ ਬਾਜ਼ੇ ਬੁਤਖ਼ਾਨਿਆਂ ਦਾ ਵੇਰਵਾ ਹੈ। ਜਿਵੇਂ ਇਹ ਕਿ ਮੁਲਤਾਨ ਦਾ ਪਰਸਿਧ ਬੁਤ ਲਕੜੀ ਦਾ ਸੀ। ਏਸ ਦੇ ਸਰੀਰ ਉੱਤੇ ਲਾਲ ਖੱਲ ਲਪੇਟੀ ਹੋਈ ਸੀ। ਏਸ ਦੀਆਂ ਦੋਹਾਂ ਅਖਾਂ ਦੀ ਥਾਂ ਦੋ ਲਾਲ ਸਨ ਅਤੇ ਸਿਰ ਉੱਤੇ ਸੋਨੇ ਦਾ ਤਾਜ ਸੀ † ਬੈਰੂਨੀ ਨੇ ਦੱਸਿਆ ਹੈ ਕਿ ਇਹ ਸੂਰਜ ਦੇਵਤਾ ਦੀ ਮੂਰਤੀ ਸੀ। ਏਸੇ ਕਾਰਣ ਏਸ ਦਾ ਨਾਂ ਅਦਤ (ਸੂਰਜ) ਸੀ।‡

ਦੂਜੀ ਸ਼ੈ ਜਿਸ ਦਾ ਇਨ੍ਹਾਂ ਅਰਬ ਯਾਤਰੂਆਂ ਨੇ ਬੜੀ ਘ੍ਰਿਣਾ ਨਾਲ ਵਰਨਣ ਕੀਤਾ ਹੈ ਉਹ ਇਨ੍ਹਾਂ ਮੰਦਰਾਂ ਦਾ ਹਾਲ ਹੈ ਜਿਨ੍ਹਾਂ ਵਿਚ ਦੇਵ ਦਾਸੀਆਂ ਰਖਣ ਦਾ ਰਵਾਜ ਸੀ। ਇਸ ਪ੍ਰਕਾਰ ਦੇ ਮੰਦਰਾਂ ਦਾ ਵੇਰਵਾ ਦਖਣ ਦੇ ਯਾਤਰੂਆਂ ਨੇ ਵਧੇਰੇ ਦਿੱਤਾ ਹੈ § ਪਰ ਮੁਕੱਦਸੀ ਜੋ ਸੰਨ ੩੭੫ ਹਿ. ਵਿਚ ਹਿੰਦੁਸਤਾਨ ਆਇਆ ਸੀ ਏਸ ਕਿਸਮ ਦੇ ਮੰਦਰਾਂ ਦਾ ਸਿੰਧ ਵਿਚ ਵੀ ਜ਼ਿਕਰ ਕਰਦਾ ਹੈ।@

ਤੀਜੀ ਚੀਜ਼ ਜਿਸ ਦਾ ਇਨ੍ਹਾਂ ਯਾਤਰੂਆਂ ਨੇ ਬਹੁਲਤਾ ਨਾਲ ਜ਼ਿਕਰ ਕੀਤਾ ਹੈ ਉਹ ਆਪਣੀ ਜਾਨ ਬਲੀਦਾਨ੍ਹ ਕਰਨ ਵਾਲਿਆਂ ਦਾ ਜ਼ਿਕਰ ਹੈ

*ਤਬਕਾਤੁਲ ਉਮੂਮ ਪੰ. ੫੧-੧੫ (ਬੈਰੂਤ)

†ਵੇਖੋ ਅਹਿਸਨੱ ਤਕਾਸੀਮ ਮੁਕੱਦਸੀ ਪੰ. ੪੮੩ ਅਤੇ ਆਸਾਰੁਲ ਬਿਲਾਦ ਕਜ਼ਵੀਨੀ ਪੰ. ੯੧ ਆਦਿ ਭੂਗੋਲ ਪੁਸਤਕਾਂ।

‡ਕਿਤਾਬੁਲ ਹਿੰਦ ਪੰ. ੫੬ (ਲੰਦਨ)

§ਸਫ਼ਰਨਾਮਾਏ ਸੁਲੇਮਾਨ ਤਾਜਰ ਅਤੇ ਅਬੂਜ਼ੈਦ ਸੈਰਾਫ਼ੀ ਪੰਨਾ ੧੩੦ (ਪੈਰਸ)

@ਅਹਿੱਸਨ ਤਕਾਸੀਮ ਪੰਨਾ ੪੮੩.

ਈਸ਼ਵਰੀ ਦੂਤ ਦੇ ਸਿਧਾਂਤ ਨੂੰ ਮੰਨਦਾ ਹੈ।*

ਏਸ ਪਿਛੋਂ ਲੇਖਕ ਨੇ ਹਿੰਦੁਸਤਾਨ ਵਾਲਿਆਂ ਦੀ ਵਿਦਿਅਕ ਯੋਗਤਾ ਦਾ ਸੰਖੇਪ ਵਰਨਣ ਕੀਤਾ ਹੈ। ਫੇਰ ਇਹ ਦੱਸਿਆ ਹ ਕਿ ਪੁਰਾਣਿਆਂ ਸਮਿਆਂ ਵਿਚ ਜਦੋਂ ਹਿੰਦੁਸਤਾਨ ਵਿਚ ਮੁਕੱਦਮੇ ਹੁੰਦੇ ਸਨ ਤਾਂ ਲੋਕ ਆਪਣੀ ਸਚਾਈ ਦਾ ਕਿਵੇਂ ਸਬੂਤ ਦਿੰਦੇ ਸਨ ਜਿਵੇਂ ਤੱਤੇ ਲੋਹੇ ਨੂੰ ਹੱਥ ਲਾਉਣਾ ਆਦਿ। ਏਸ ਪਿਛੋਂ ਆਖਦਾ ਹੈ:

"ਮੁਸਲਮਾਨ ਇਨ੍ਹਾਂ ਦੇ ਖਿਆਲ ਵਿਚ ਪਲੀਤ ਹਨ। ਉਹ ਇਨ੍ਹਾਂ ਨੂੰ ਤੇ ਓਸ ਚੀਜ਼ ਨੂੰ ਜਿਸ ਨੂੰ ਕਿ ਇਹ ਛੂ ਦੇਣ ਹੱਥ ਨਹੀਂ ਲਾਉਂਦੇ। ਗਾਂ ਨੂੰ ਇਹ ਆਪਣੇ ਖ਼ਿਆਲ ਵਿਚ ਮਾਤਾ ਸਮਾਨ ਪੂਜਣ-ਯੋਗ ਮੰਨਦੇ ਹਨ। ਗਊ ਹਤਿਆ ਦੀ ਸਜ਼ਾ ਇਨ੍ਹਾਂ ਦੇ ਖ਼ਿਆਲ ਵਿਚ ਪਰਾਣ ਡੰਡ ਹੈ। ਪਰਾਈ ਇਸਤਰੀ ਨਾਲ ਭੋਗ ਕਰਨਾ ਓਸ ਮਰਦ ਲਈ ਜਾਇਜ ਹੈ ਜਿਸ ਦੀ ਇਸਤਰੀ ਨਾ ਹੋਵੇ ਤਾਂ ਜੋ ਵੰਸ ਚਲਦਾ ਰਹੇ† ਪਰ ਜੇ ਇਸਤਰੀ ਵਾਲਾ ਨਿਯੋਗ ਕਰੇ ਤਾਂ ਓਸ ਨੂੰ ਪਰਾਣ ਡੰਡ ਦਿੱਤਾ ਜਾਂਦਾ ਹੈ। ਜਦੋਂ ਕੋਈ ਆਦਮੀ ਇਨ੍ਹਾਂ ਵਿਚੋਂ ਮੁਸਲਮਾਨਾਂ ਦੇ ਹਥਾਂ ਵਿਚੋਂ ਨਿਕਲ ਕੇ ਮੁੜ ਇਨ੍ਹਾਂ ਕੋਲ ਵਾਪਸ ਜਾਂਦਾ ਹੈ ਤਾਂ ਏਸਨੂੰ ਮਾਰਦੇ ਨਹੀਂ ਸਗੋਂ ਏਸ ਦੇ ਸਰੀਰ ਦੇ ਸਾਰੇ ਵਾਲ ਮੁੰਨ ਕੇ ਏਸ ਨੂੰ ਪਰਾਸਚਤ ਕਰਾਉਂਦੇ ਹਨ (ਇਸ ਦੀ ਓਹੀ ਵਿਧੀ ਲਿਖੀ ਹੈ ਜੋ ਹੁਣ ਵੀ ਹਿੰਦੁਸਤਾਨ ਵਿਚ ਚਾਲੂ ਹੈ। ਅਰਥਾਤ ਗਊ ਦੀਆਂ ਕੁਝ ਚੀਜ਼ਾ ਵਸਤਾਂ ਨੂੰ ਮਿਲਾਕੇ ਪਿਲਾਉਣਾ ਆਦਿ) ਨੇੜੇ ਦੇ ਰਿਸ਼ਤੇ ਵਿਚ ਏਹ ਲੋਕ ਵਿਆਹ ਨਹੀਂ ਕਰਵਾਉਂਦੇ। ਬ੍ਰਹਮਣਾਂ ਦੇ ਮਤ ਵਿਚ ਸ਼ਰਾਬ ਵੀ ਹਰਾਮ ਹੈ ਕੁੱਠਾ ਵੀ"

ਏਸ ਪਿਛੋਂ ਹਿੰਦੂ ਦੇਵਤਿਆਂ ਅਤੇ ਉਨ੍ਹਾਂ ਦੇ ਭਿੰਨ ਭਿੰਨ ਉਪਾਸਕਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਹੈ ਹਰ ਦੇਵਤਾ ਦਾ ਰੂਪ ਦੱਸਿਆ ਹੈ ਫੇਰ ਮਹਾਂ ਦੇਵ, ਕਾਲੀ, ਮਹਾਂਕਾਲੀ ਤੇ ਲਿੰਗ ਉਪਾਸਨਾ ਦਾ ਹਾਲ

---

*ਜਿਲਦ ੪ ਪੰ, ੬, ੧੯ (ਪੈਰਸ) ਤੀਜੇ ਫਿਰਕੇ ਦਾ ਵਰਨਨ ਛੁੱਟ ਗਿਆ ਹੈ!

†ਸ਼ਾਇਦ ਨਿਯੋਗ ਸਿਧਾਂਤ ਦਾ ਵੇਰਵਾ ਹੈ।

ਲਿਖਿਆ ਹੈ। ਏਸ ਪਿਛੋਂ ਦੋ ਨਵੇਂ ਫਿਰਕਿਆਂ ਦਾ ਵਰਨਣ ਕੀਤਾ ਹੈ। ਜਿਨ੍ਹਾਂ ਵਿਚੋਂ ਇਕ ਦਾ ਨਾਂ ਜਲ ਭੁਕਤੀਆਂ (ਜਲ ਭਗਤ) ਹੈ, ਜੋ ਪਾਣੀ ਦੀ ਉਪਾਸ਼ਨਾ ਕਰਦੇ ਹਨ। ਦੂਜੇ ਦਾ ਨਾਂ ਅਗਨੀ ਹੋਤਰੀਆ (ਅਗਨੀ ਹੋਤਰੀ) ਦੱਸਿਆ ਹੈ, ਜੋ ਅਗਨੀ ਦੀ ਉਪਾਸਨਾ ਕਰਦੇ ਹਨ। ਰਿਸ਼ੀਆਂ ਦਾ ਜ਼ਿਕਰ ਕੀਤਾ ਹੈ ਤੇ ਦੱਸਿਆ ਹੈ ਕਿ ਇਹ ਉਹ ਲੋਕ ਹਨ ਜੋ ਧਿਆਨ ਅਤੇ ਸੰਮਾਧੀ ਲਾਕੇ ਆਪਣੀਆਂ ਬਾਹਰਲੀਆਂ ਇੰਦਰੀਆਂ ਨੂੰ ਬੇਕਾਰ ਕਰ ਲੈਂਦੇ ਹਨ ਅਤੇ ਸਮਝਦੇ ਹਨ ਕਿ ਜਿੰਨੇ ਵੀ ਉਹ ਪਰਕਿਰਤੀ ਤੋਂ ਦੂਰ ਹੋਣਗੇ ਉੱਨੀ ਹੀ ਉਨ੍ਹਾਂ ਦੀ ਆਤਮਾ-ਸ਼ਕਤੀ ਵਧੇਗੀ। ਏਹ ਹਮੇਸ਼ ਆਪਣੀਆਂ ਅੱਖਾਂ ਮੀਟ ਕੇ ਰਖਦੇ ਹਨ। ਅੰਤ ਵਿਚ ਜੋਗੀਆਂ ਤੇ ਆਪਣੀ ਜਾਨ ਦੀ ਬਲੀ ਦੇਣ ਵਾਲਿਆਂ ਦਾ ਹਾਲ ਲਿਖਿਆ ਹੈ।

ਬ੍ਰਾਹਮਣਾ ਦੇ ਸਬੰਧ ਵਿਚ ਲਿਖਿਆ ਹੈ ਕਿ "ਇਹ ਗਾਂ ਪੂਜਦੇ ਹਨ ਅਤੇ ਗੰਗਾ ਤੋਂ ਪਾਰ ਜਾਣਾ ਹਰਾਮ ਸਮਝਦੇ ਹਨ। ਕਿਸੇ ਹੋਰ ਨੂੰ ਆਪਣੇ ਧਰਮ ਵਿਚ ਲੈਣਾ ਇਨ੍ਹਾਂ ਲਈ ਜਾਇਜ਼ ਨਹੀਂ"। ਅੰਤ ਵਿਚ ਏਹ ਲੇਖਕ ਆਖਦਾ ਹੈ:

"ਇਨ੍ਹਾਂ ਵਿਚੋਂ ਜੋ ਲੋਕ ਕਿਆਮਤ (ਮੁਸਲਮਾਨਾਂ ਤੇ ਈਸਾਈਆਂ ਦੇ ਵਿਚਾਰ ਅਨੁਸਾਰ ਨਿਆਂ ਦਾ ਅੰਤਮ ਦਿਨ) ਅਤੇ ਰਸੂਲ ਜਾਂ ਈਸ਼ਵਰ ਦੂਤ ਨੂੰ ਨਹੀਂ ਮੰਨਦੇ ਓਹ ਵੀ ਪੁੰਨ ਪਾਪ ਨੂੰ ਆਵਾਗਵਨ ਤੇ ਪੁਨਰ ਜਨਮ ਦੇ ਰੂਪ ਵਿਚ ਮੰਨਦੇ ਹਨ। ਮੂਰਤੀ ਪੂਜਾ ਦਾ ਕਾਰਣ ਇਹ ਦੱਸਦੇ ਹਨ ਕਿ ਈਸ਼ਵਰ ਤਾਂ ਗਿਆਨ, ਸੂਝ-ਬੂਝ, ਅਨੁਭਵ ਤੋਂ ਉਤੇਰੇ ਅਤੇ ਇੰਦਿਆ ਦੀ ਪਕੜ ਤੋਂ ਪਰੇਰੇ ਹੈ ਏਸੇ ਲਈ ਇਕ ਵਚੋਲੇ ਤੇ ਵਸੀਲੇ ਦੀ ਲੋੜ ਹੈ।"

ਏਸ ਪਿਛੋਂ ਦੁਨੀਆ ਭਰ ਦੇ ਧਰਮਾਂ ਦੀ ਜਾਂਚ ਪੜਤਾਲ ਕਰਨ ਵਾਲੇ ਪਰਸਿਧ ਅਬਦੁਲ ਕਰੀਮ ਸ਼ਹਿਰਿਸਤਾਨੀ ਦਾ ਨਾਂ ਆਉਂਦਾ ਹੈ ਜਿਸ ਦਾ ਕਾਲ ਸੰਨ ੪੬੯ ਹਿ. ਤੋਂ ਸੰਨ ੫੪੯ ਹਿ. ਤਕ ਹੈ। ਏਸ ਨੇ ਮੁਤੱਹਿਰ ਮੁਕੱਦਸੀ ਦੇ ਬਿਆਨ ਨੂੰ ਵਧੇਰੇ ਵਿਸਥਾਰ ਨਾਲ

ਲਿਖਿਆ ਤੇ ਨਕਲ ਕੀਤਾ ਹੈ ਅਤੇ ਇਕ ਨਵੇਂ ਫ਼ਿਰਕੇ ਬਰਗਸਬਰਗੀਆਂ (ਬ੍ਰਿਕਸ਼ ਭਗਤ) ਦਾ ਵੇਰਵਾ ਦਿਤਾ ਹੈ ਜੋ ਬ੍ਰਿਛਾਂ ਦੀ ਉਪਾਸ਼ਨਾ ਕਰਦਾ ਹੈ ।*

ਅਬੂਰੈਹਾਨ ਬੈਰੂਨੀ ਨੇ ਕਿਤਾਬੁਲ ਹਿੰਦ ਦੇ ਗਿਆਰਵੇਂ ਅਧਿਆਇ ਵਿਚ ਹਿੰਦੂਆਂ ਦੇ ਸਾਰੇ ਧਰਮਾਂ ਦਾ ਵਰਨਣ ਕੀਤਾ ਹੈ । ਇਸ ਵਿਚ ਸਾਰੇ ਦੇਵਤਿਆਂ ਦਾ ਸਰੂਪ ਅਤੇ ਵੇਰਵਾ ਦਿੱਤਾ ਹੈ । ਖ਼ੁਦ ਬੁਤਪੂਜਾ ਜਾਂ 'ਮੂਰਤੀ ਉਪਾਸਨਾ ਦੀ ਫ਼ਿਲੌਸਫ਼ੀ ਉੱਤੇ ਵਿਚਾਰ ਕੀਤਾ ਹੈ। ਲਿਖਿਆ ਹੈ। ਕਿ "ਏਹ ਮੂਰਤੀ ਪੂਜਾ ਕੇਵਲ ਹਿੰਦੁਸਤਾਨ ਦੇ ਗੁਆਰ ਤੇ ਮੂਰਖ ਲੋਕਾਂ ਦਾ ਧਰਮ ਹੈ,ਨਹੀਂ ਤਾਂ ਪੜ੍ਹੇ ਲਿਖੇ ਹਿੰਦੂ ਅਜੇਹਾ ਨਹੀਂ ਸਮਝਦੇ"। ਫੇਰ ਗੀਤਾ ਦੇ ਕੁਝ ਵਾਕ ਨਕਲ ਕੀਤੇ ਹਨ ਜਿਨ੍ਹਾਂ ਵਿਚੋਂ ਇਕ ਇਹ ਹੈ ਕਿ "ਬਹੁਤ ਸਾਰੇ ਲੋਕ ਮੈਨੂੰ ਛੱਡਕੇ ਦੂਜਿਆਂ ਨੂੰ ਪੂਜਦੇ ਹਨ ਪਰ ਮੈਂ ਇਨ੍ਹਾਂ ਤੋਂ ਬੇਪਰਵਾਹ ਹਾਂ" ਫੇਰ ਕ੍ਰਿਸ਼ਨ ਜੀ ਦਾ ਇਕ ਭਾਸ਼ਨ ਨਕਲ ਕੀਤਾ ਹੈ ਜਿਸ ਵਿਚ ਉਨ੍ਹਾਂ ਅਰਜੁਨ ਨੂੰ ਸੰਬੋਧਤ ਕਰਕੇ ਆਖਿਆ ਹੈ ਕਿ ਚੰਦਰਮਾਂ ਤੇ ਸੂਰਜ ਆਦਿ ਦੀ ਉਪਾਸਨਾ ਕਰਨ ਵਾਲਿਆਂ ਤੋਂ ਮੈਂ ਅਪਰਸਨ ਰਹਿੰਦਾ ਹਾਂ ।

ਏਸ ਦੇ ਪਿੱਛੋਂ ਸੱਤ ਸਮੁੰਦਰੋਂ ਪਾਰ ਸਪੇਨ ਦੇਸ ਦੇ ਵਸਨੀਕ ਇਕ ਅਰਬ ਲੇਖਕ, ਕਾਜ਼ੀ ਸਾਇਦ (ਮ੍ਰਿਤੂ ਸੰਨ ੪੬੨ ਹਿ.) (ਸੰਨ ੧੦੭੦ ਈ.) ਦਾ 'ਈਮਾਨ ਬਿਲ ਗ਼ੈਬ' ਨਾਂ ਦਾ ਪਰਕਰਣ ਵੇਖੋ। ਉਹ ਆਪਣੀ ਪੁਸਤਕ ਤਬਕਾਤੁਲ ਉਮੁਮ ਵਿਚ ਜਿਸ ਵਿਚ ਸਾਰੀ ਦੁਨੀਆ ਦੀਆਂ ਸੱਭਿਯ ਕੌਮਾਂ ਦੀ ਵਿਦਿਆਵਾਂ ਦਾ ਇਤਿਹਾਸ ਬਿਆਨ ਕੀਤਾ ਗਿਆ ਹੈ ਲਿਖਦੇ ਹਨ:

"ਹਿੰਦੂ ਜਾਤੀ ਸਭ ਜਾਤੀਆਂ ਦੇ ਖ਼ਿਆਲ ਵਿਚ ਹਰ ਸਮੇਂ ਗੁਣਾਂ ਦੀ ਖਾਨ ਅਤੇ ਅਕਲ ਤੇ ਸਿਆਣਪ ਦਾ ਸੋਮਾ ਸਮਝੀ ਜਾਂਦੀ ਰਹੀ ਹੈ ।............... ਇਨ੍ਹਾਂ ਦਾ ਈਸ਼ਵਰੀ ਗਿਆਨ ਅੱਲਾ ਤਾਲਾ ਦੀ ਏਕਤਾ ਦਾ ਸਿਧਾਂਤ ਹੈ ਤੇ ਅਨੇਕ ਈਸ਼ਵਰ ਵਾਦ ਤੋਂ ਰਹਿਤ ਹੈ । ਇਨ੍ਹਾਂ ਦੇ ਅਨੇਕ ਫ਼ਿਰਕੇ ਹਨ । ਬਾਜ਼ੇ ਬ੍ਰਾਹਮਣ ਹਨ । ਬਾਜ਼ੇ ਗ੍ਰਹਿ ਉਪਾਸਕ ਹਨ । ਕੁਝ ਸ੍ਰਿਸ਼ਟੀ ਨੂੰ ਸਾਦਿ 'ਅਤੇ ਕੁਝ ਅਨਾਦੀ ਮੰਨਦੇ ਹਨ। ਨਬੀ ਤੇ ਰਸੂਲ ਨੂੰ ਨਹੀਂ ਮੰਨਦੇ। ਪਸ਼ੂਆਂ ਦੀ ਹਤਿਆ

*ਮਿਲਲ-ਵ-ਨੱਹਲ ਜਿਲਦ ਦੂਜੀ ਅੰਤਮ ਅਧਿਆਇ ।

ਕਰਨਾ ਅਤੇ ਉਨ੍ਹਾਂ ਨੂੰ ਕਸ਼ਟ ਦੇਣਾ ਬੁਰਾ ਸਮਝਦੇ ਹਨ (ਏਸ ਪਿਛੋਂ ਲੇਖਕ ਨੇ ਸਪੇਨ ਤੋਂ ਹਿੰਦੁਸਤਾਨ ਦੇ ਦੂਰ ਹੋਣ ਦਾ ਪਜ ਕਰਕੇ ਏਸ ਦੇ ਵਧੇਰੇ ਹਾਲਾਤ ਨਾ ਜਾਨਣ ਤੇ ਸ਼ੋਕ ਪਰਗਟ ਕੀਤਾ ਹੈ ਅਤੇ ਹਿੰਦੁਸਤਾਨ ਤੋਂ ਅਰਬੀ ਰਾਹੀਂ ਸਪੇਨ ਤਕ ਜੋ ਵਿਦਿਆ, ਕਲਾ ਤੇ ਸਿਧਾਂਤ ਪੁੱਜੇ ਹਨ ਉਨ੍ਹਾਂ ਦੀ ਵਿਆਖਿਆ ਕੀਤੀ ਹੈ''। *

ਅਰਬ ਯਾਤਰੂਆਂ ਨੇ ਹਿੰਦੁਸਤਾਨ ਦੇ ਜੋ ਧਾਰਮਕ ਹਾਲਾਤ ਬਿਆਨ ਕੀਤੇ ਹਨ ਇਨ੍ਹਾਂ ਵਿਚੋਂ ਵਧੇਰੇ ਮੁਲਤਾਨ ਅਤੇ ਸਿੰਧ ਦੇ ਬਾਜ਼ੇ ਬੁਤਖ਼ਾਨਿਆਂ ਦਾ ਵੇਰਵਾ ਹੈ। ਜਿਵੇਂ ਇਹ ਕਿ ਮੁਲਤਾਨ ਦਾ ਪਰਸਿਧ ਬੁਤ ਲਕੜੀ ਦਾ ਸੀ। ਏਸ ਦੇ ਸਰੀਰ ਉੱਤੇ ਲਾਲ ਖੱਲ ਲਪੇਟੀ ਹੋਈ ਸੀ। ਏਸ ਦੀਆਂ ਦੋਹਾਂ ਅਖਾਂ ਦੀ ਥਾਂ ਦੋ ਲਾਲ ਸਨ ਅਤੇ ਸਿਰ ਉੱ ਸੋਨੇ ਦਾ ਤਾਜ ਸੀ † ਬੈਰੂਨੀ ਨੇ ਦੱਸਿਆ ਹੈ ਕਿ ਇਹ ਸੂਰਜ ਦੇਵਤਾ ਦੀ ਮੂਰਤੀ ਸੀ। ਏਸੇ ਕਾਰਣ ਏਸ ਦਾ ਨਾਂ ਅਦਤ (ਸੂਰਜ) ਸੀ।‡

ਦੂਜੀ ਸ਼ੈ ਜਿਸ ਦਾ ਇਨ੍ਹਾਂ ਅਰਬ ਯਾਤਰੂਆਂ ਨੇ ਬੜੀ ਘ੍ਰਿਣਾ ਨਾਲ ਵਰਨਣ ਕੀਤਾ ਹੈ ਉਹ ਇਨ੍ਹਾਂ ਮੰਦਰਾਂ ਦਾ ਹਾਲ ਹੈ ਜਿਨ੍ਹਾਂ ਵਿਚ ਦੇਵ ਦਾਸੀਆਂ ਰਖਣ ਦਾ ਰਵਾਜ ਸੀ। ਇਸ ਪ੍ਰਕਾਰ ਦੇ ਮੰਦਰਾਂ ਦਾ ਵੇਰਵਾ ਦਖਣ ਦੇ ਯਾਤਰੂਆਂ ਨੇ ਵਧੇਰੇ ਦਿੱਤਾ ਹੈ§ ਪਰ ਮੁਕੱਦਸੀ ਜੋ ਸੰਨ ੩੭੫ ਹਿ. ਵਿਚ ਹਿੰਦੁਸਤਾਨ ਆਇਆ ਸੀ ਏਸ ਕਿਸਮ ਦੇ ਮੰਦਰਾਂ ਦਾ ਸਿੰਧ ਵਿਚ ਵੀ ਜ਼ਿਕਰ ਕਰਦਾ ਹੈ।@

ਤੀਜੀ ਚੀਜ਼ ਜਿਸ ਦਾ ਇਨ੍ਹਾਂ ਯਾਤਰੂਆਂ ਨੇ ਬਹੁਲਤਾ ਨਾਲ ਜ਼ਿਕਰ ਕੀਤਾ ਹੈ ਉਹ ਆਪਣੀ ਜਾਨ ਬਲੀਦਾਨ ਕਰਨ ਵਾਲਿਆਂ ਦਾ ਜ਼ਿਕਰ ਹੈ

---

*ਤਬਕਾਤੁਲ ਉਮੂਮ ਪੰ. ੧੧-੧੫ (ਬੈਰੂਤ)

†ਵਿਖੇ ਅਹਿਸਨੱ ਤਕਾਸੀਮ ਮੁਕੱਦਸੀ ਪੰ. ੪੮੩ ਅਤੇ ਆਸਾਰੁਲ ਬਿਲਾਦ ਕਜ਼ਵੀਨੀ ਪੰ. ੮੧ ਆਦਿ ਭੂਗੋਲ ਪੁਸਤਕਾਂ।

‡ਕਿਤਾਬੁਲ ਹਿੰਦ ਪੰ. ੫੬ (ਲੰਦਨ)

§ਸਫ਼ਰਨਾਮਾਏ ਸੁਲੇਮਾਨ ਤਾਜਰ ਅਤੇ ਅਬੂਜ਼ੈਦ ਸੈਰਾਫ਼ੀ ਪੰਨਾ ੧੩੦ (ਪੈਰਸ)

@ਅਹਿਸੱਨ ਤਕਾਸੀਮ ਪੰਨਾ ੪੮੩.

ਅਤੇ ਇਨ੍ਹਾਂ ਦਾ ਅਜੇਹਾ ਹਾਲ ਲਿਖਿਆ ਹੈ ਜਿਸ ਨੂੰ ਸੁਣ ਕੇ ਸਰੀਰ ਦੇ ਲੂੰ ਕੰਡੇ ਖੜੇ ਹੁੰਦੇ ਹਨ। ਗੰਗਾ ਵਿਚ ਡੁਬ ਕੇ ਮਰਨਾ ਤਾਂ ਮਾਮੂਲੀ ਗੱਲ ਹੈ। ਸਤੀ ਹੋਣ ਵਾਲੀਆਂ ਇਸਤਰੀਆਂ ਦਾ ਜ਼ਿਕਰ ਵੀ ਏਸ ਦੇ ਮੁਕਾਬਲੇ ਵਿਚ ਘਟ ਦਰਜਾ ਰਖਦਾ ਹੈ। ਅਬੂਜ਼ੈਦ ਸੈਰਾਫ਼ੀ ਆਖਦਾ ਹੈ ਕਿ "ਇਨ੍ਹਾਂ ਲੋਕਾਂ ਨੂੰ ਅਵਾਗਵਨ ਤੇ ਪੁਨਰਜਨਮ ਉਤੇ ਇੰਨਾਂ ਨਿਸਚਾ ਹੈ ਕਿ ਇਨ੍ਹਾਂ ਲਈ ਆਪਣੇ ਆਪ ਨੂੰ ਅੱਗ ਵਿਚ ਜੀਉਂਦਾ ਸਾੜ ਦੇਣਾ ਮਮੂਲੀ ਗੱਲ ਹੈ। ਕੋਈ ਜਦੋਂ ਆਪਣੇ ਆਪ ਨੂੰ ਸਾੜਨਾ ਚਾਹੁੰਦਾ ਹੈ ਤਾਂ ਰਾਜੇ ਕੋਲੋਂ ਆਗਿਆ ਪਰਾਪਤ ਕਰਦਾ ਹੈ। ਫੇਰ ਬਜ਼ਾਰਾਂ ਵਿਚ ਫਿਰਦਾ ਹੈ। ਦੂਜੀ ਤਰਫ਼ ਅੱਗ ਚੰਗੀ ਤਰ੍ਹਾਂ ਭੜਕਾਈ ਜਾਂਦੀ ਹੈ ਅਤੇ ਛੈਣੇ ਬਜਾਏ ਜਾਂਦੇ ਹਨ। ਏਸ ਦੇ ਸਬੰਧੀ ਚੌਹੀਂ ਪਾਸੀਂ ਜਮ੍ਹਾਂ ਰਹਿੰਦੇ ਹਨ। ਫੇਰ ਫੁਲਾਂ ਦਾ ਇਕ ਤਾਜ ਬਣਾ ਕੇ ਜਿਸ ਵਿਚ ਜੋਤਾਂ ਜਗਦੀਆਂ ਹਨ ਏਸ ਦੇ ਸਿਰ ਉੱਤੇ ਰਖਦੇ ਹਨ। ਸਿਰ ਦੀ ਖਲੜੀ ਜਲਣੀ ਸ਼ੁਰੂ ਹੁੰਦੀ ਹੈ ਅਤੇ ਉਹ ਓਸੇ ਤਰ੍ਹਾਂ ਖੜਾ ਰਹਿੰਦਾ ਹੈ ਅਤੇ ਹੌਲੀ ਹੌਲੀ ਜਲ ਕੇ ਚਿਤਾ ਵਿਚ ਕੁਦ ਪੈਂਦਾ ਹੈ" ਇਕ ਹੋਰ ਦ੍ਰਿਸ਼ ਇਹ ਹੈ ਕਿ ਇਕ ਬੰਦਾ ਕਟਾਰ ਨਾਲ ਆਪਣੀ ਛਾਤੀ ਚੀਰ ਕੇ ਹੱਥ ਪਾਕੇ ਆਪਣਾ ਦਿਲ ਅੰਦਰੋਂ ਕਢ ਲੈਂਦਾ ਹੈ ਅਤੇ ਇਹ ਸਾਰਾ ਕੰਮ ਬੜੇ ਠਰ੍ਹਮੇ ਨਾਲ ਕਰਦਾ ਹੈ*।

ਸਭ ਤੋਂ ਦਰਦ ਭਰੇ ਦ੍ਰਿਸ਼ ਦਾ ਚਿਤਰ ਇਬਨ ਫ਼ਕੀਹ ਨੇ ਖਿਚਿਆ ਹੈ ਕਿ "ਮੁਲਤਾਨ ਦੇ ਇਕ ਮੰਦਰ ਵਿਚ ਇਕ ਬੰਦਾ ਆਇਆ ਜਿਸ ਨੇ ਆਪਣੇ ਸਿਰ ਅਤੇ ਉਂਗਲੀਆਂ ਉੱਤੇ ਤੇਲ ਵਿਚ ਭਿੱਜੀ ਰੂੰ ਲਪੇਟੀ ਹੋਈ ਸੀ। ਓਥੇ ਆਕੇ ਓਸਨੇ ਇਨ੍ਹਾਂ ਬੱਤੀਆਂ ਨੂੰ ਅੱਗ ਲਾ ਦਿੱਤੀ ਇਹ ਜਲਦੀਆਂ ਜਲਦੀਆਂ ਓਸ ਦੇ ਸਰੀਰ ਤਕ ਪੁੱਜ ਗਈਆਂ ਅਤੇ ਓਹ ਏਸੇ ਠਰ੍ਹਮੇ ਤੇ ਗੰਭੀਰਤਾ ਨਾਲ ਜਲਕੇ ਰਾਖ ਹੋ ਗਿਆ"† ।

ਬ੍ਰਾਹਮਣ ਤੇ ਸਮਨੀ, ਇਬਰਾਹੀਮ ਤੇ ਖ਼ਿਜ਼ਰ

ਮੁਤੱਹਿਰ ਮੁਕੱਦਸੀ (ਸੰਨ ੩੩੫ ਹਿ.) ਨੇ ਸਾਰੇ ਹਿੰਦੂ ਫ਼ਿਰਕਿਆਂ

---

*ਸਫਰ ਨਾਮਾ ਅਬੂਜ਼ੈਦ ਪੰਨਾ. ੧੧੫-੧੧੯

†ਅਸਾਰੁਲ ਬਿਲਾਦ ਕਜ਼ਵੀਨੀ ਪੰਨਾ ੮੧

ਨੂੰ ਦੋ ਹਿਸਿਆਂ ਵਿਚ ਵੰਡਿਆ ਹੈ। ਇਕ ਦਾ ਨਾਂ ਬ੍ਰਾਹਮਾਂਨੀਆ ਅਤੇ ਦੂਜੇ ਦਾ ਨਾਂ ਸਮਨੀਆ ਦੱਸਿਆ ਹੈ। ਪਰ ਅਜੀਬ ਗੱਲ ਇਹ ਹੈ ਕਿ ਬਾਜ਼ੇ ਅਰਬ ਲੇਖਕਾਂ ਨੂੰ ਬ੍ਰਾਹਮਣ ਸ਼ਬਦ ਦੀ ਸਮਾਨਤਾ ਤੋਂ ਇੰਨੀ ਸ਼ੁਭ ਭਾਵਨਾ ਪੈਦਾ ਹੋਈ ਕਿ ਉਨ੍ਹਾਂ ਨੇ ਇਹ ਮੰਨ ਲਿਆ ਕਿ ਬ੍ਰਾਹਮਣ ਦਰ ਅਸਲ ਹਜ਼ਰਤ ਇਬਰਾਹੀਮ ਦੇ ਪੈਰੋ ਹਨ। ਏਸੇ ਲਈ ਉਨ੍ਹਾਂ ਨੂੰ ਬ੍ਰਾਹਮਣ ਆਖਦੇ ਹਨ। ਪਰ ਸ਼ਹਿਰਿਸਤਾਨੀ ਨੇ ਏਸ ਗਲਤੀ ਨੂੰ ਦੂਰ ਕੀਤਾ ਅਤੇ ਦੱਸਿਆ ਕਿ ਇਹ ਸ਼ਬਦ ਬ੍ਰਹਮ ਵੱਲ ਤੱਧਿਤ ਹੈ ਇਬਰਾਹੀਮ ਵੱਲ ਨਹੀਂ। ਬ੍ਰਾਹਮਣਾਂ ਦਾ ਵਿਰੋਧੀ ਧੜ੍ਹਾ ਸਮਨੀਆ ਦਰ ਅਸਲ ਅਰਬੀ ਵਿਚ ਬੁਧਾਂ ਦਾ ਨਾਂ ਹੈ (ਏਸ ਦੀ ਖੋਜ ਬਾਰੇ ਅੱਗੇ ਵਿਆਖਿਆ ਸਹਿਤ ਵਿਚਾਰ ਕੀਤਾ ਜਾਵੇਗਾ) ਬੁਧ ਬਾਰੇ ਏਸ ਦੇ ਅਨੁਸਾਰੀਆਂ ਦਾ ਜੋ ਇਹ ਵਿਸ਼ਵਾਸ ਹੈ ਕਿ ਮਹਾਤਮਾ ਬੁਧ ਸਮੇਂ ਸਮੇਂ ਮਨੁਖ ਰੂਪ ਧਾਰ ਕੇ ਏਸ ਸੰਸਾਰ ਵਿਚ ਆਉਂਦੇ ਰਹੇ ਹਨ। ਏਸ ਲਈ ਕੁਝ ਚੰਗੇ ਵਿਚਾਰਵਾਨਾਂ ਨੇ ਸਮਾਨਤਾ ਦੇਣ ਲਈ ਏਹ ਆਖਣਾ ਸ਼ੁਰੂ ਕਰ ਦਿੱਤਾ ਕਿ ਇਹ ਓਹੀ ਬੁਧ ਹਨ ਜਿਨ੍ਹਾਂ ਨੂੰ ਮੁਸਲਮਾਨ ਖਿਜਰ ਆਖਦੇ ਹਨ। *

ਦੋ ਕੌਮਾਂ ਵਿਚ ਏਸ ਪ੍ਰਕਾਰ ਦਾ ਸਬੰਧ ਤੇ ਸਮਾਨਤਾ ਓਸ ਸਮੇਂ ਸਥਾਪਤ ਕਰਨ ਦੀ ਲੋੜ ਪੈਂਦੀ ਹੈ ਜਦੋਂ ਕਿ ਦੋਹਾਂ ਵਿਚਕਾਰ ਕਿਸੇ ਕਿਸਮ ਦਾ ਸਮਝੌਤਾ ਅਤੇ ਮੇਲ ਹੁੰਦਾ ਹੈ। ਇਹ ਦੋਵੇਂ ਉਦਾਹਰਣ ਏਹੀ ਸਿਧ ਕਰਦੇ ਹਨ ਕਿ ਕਿਸੇ ਵੇਲੇ ਹਿੰਦੂਆਂ ਤੇ ਅਰਬ ਮੁਸਲਮਾਨਾਂ ਵਿਚ ਏਸੇ ਪ੍ਰਕਾਰ ਦਾ ਸਮਝੌਤਾ ਅਤੇ ਮੇਲ ਸੀ।

ਇਸਲਾਮ ਦੇ ਪੈਗੰਬਰ ਦਾ ਆਦਰ ਕਰਨ ਵਾਲਾ ਇਕ ਹਿੰਦੂ ਰਾਜਾ

ਸੰਨ ੧੪੭ ਹਿ. ਵਿਚ ਜਦੋਂ ਮਨਸੂਰ ਅੱਬਾਸੀ ਦੇ ਸਮੇਂ ਵਿਚ ਅਲੀ ਦੇ ਵੰਸ਼ ਦੇ ਉਤਸ਼ਾਹੀ ਸੱਯਦਾਂ ਨੇ ਰਾਜ ਸਥਾਪਤ ਕਰਨ ਦਾ ਵਿਚਾਰ ਕੀਤਾ, ਤਾਂ ਸਿੰਧ ਵਿਚ ਵੀ ਏਸ ਦਾ ਸਮਿਆਨਾ ਹੋਇਆ। ਪਰ ਪਾਸਾ ਉਲਟ ਗਿਆ ਅਤੇ ਅਲੀ ਦੇ ਵੰਸ਼ ਵਾਲਿਆਂ ਨੂੰ ਸਫ਼ਲਤਾ ਨਾ ਹੋਈ ਓਸ ਸਮੇਂ ਇਨ੍ਹਾਂ ਨੂੰ ਇਕ ਠਕਾਣੇ ਦੀ ਭਾਲ ਹੋਈ ਜਿਥੇ ਉਹ ਸ਼ਰਣ ਲੈ ਸਕਣ। ਹਿੰਦੁਸਤਾਨ

---

*ਵੇਖੋ ਮਿਲਲ-ਵੱ-ਨਹਲ ਸ਼ਹਿਰਿਸਤਾਨੀ।

ਦੇ ਮੁਸਲਮਾਨ ਹਾਕਮ ਨੇ ਜੋ ਸੱਯਦਾਂ ਦਾ ਹਮਦਰਦ ਸੀ, ਉਨ੍ਹਾਂ ਨੂੰ ਆਖਿਆ ਕਿ ਤੁਸੀਂ ਘਬਰਾਉ ਨਾਂ। ਏਥੇ ਇਕ ਰਾਜਾ ਹੈ ਜੋ ਰਸੂਲ ਅੱਲਾ (ਆਪ ਤੋਂ ਰਬ ਰਾਜ਼ੀ ਹੋਵੇ) ਦਾ ਬੜਾ ਸਤਕਾਰ ਕਰਦਾ ਹੈ। ਤੁਸੀਂ ਉਸ ਕੋਲ ਚਲੇ ਜਾਵੋ। ਸੋ ਉਹ ਚਲੇ ਗਏ। ਰਾਜੇ ਨੇ ਬੜੀ ਧੂਮ ਧਾਮ ਨਾਲ ਉਨ੍ਹਾ ਦਾ ਸੁਆਗਤ ਕੀਤਾ ਅਤੇ ਉਹ ਬੜੇ ਸੁਖ ਨਾਲ ਓਥੇ ਰਹਿਣ ਲੱਗੇ।*

ਸਮਨੀਆ

ਹੁਣੇ ਉਪਰ ਦੀਆਂ ਸਤਰਾਂ ਵਿਚ ਸਮਨੀਆ ਫ਼ਿਰਕੇ ਦਾ ਜ਼ਿਕਰ ਹੋਇਆ ਹੈ ਅਤੇ ਆਖਿਆ ਗਿਆ ਹੈ ਕਿ ਅਰਬਾਂ ਵਿਚ ਇਹ ਬੁਧ ਮਤ ਵਾਲਿਆਂ ਦਾ ਨਾਂ ਸੀ। ਮੈਂ ਬਹੁਤ ਦਿਨਾਂ ਤਕ ਖੋਜ ਕਰਨ ਅਤੇ ਬਹੁਤ ਸਾਰੀਆਂ ਗਲਾਂ ਦੀ ਜਾਣਕਾਰੀ ਪਰਾਪਤ ਕਰਨ ਪਿਛੋਂ ਏਸ ਸਿਧਾਂਤ ਤੇ ਪੁੱਜਾ ਹਾਂ।

ਸਭ ਤੋਂ ਪਹਿਲਾਂ ਏਸ ਫ਼ਿਰਕੇ ਦਾ ਨਾਂ ਅਬਦੁਲਕਾਦਿਰ ਬਗ਼ਦਾਦੀ, ਜਿਸ ਨੇ ਸੰਨ ੪੨੯ ਹਿ. (ਸੰਨ ੧੦੩੭ ਈ.) ਵਿਚ ਚਲਾਣਾ ਕੀਤਾ, ਦੀ ਕਿਤਾਬ 'ਅਲਫ਼ਰਕ ਬੈਨਿਬ ਫ਼ਿਰਕ' ਵਿਚ ਏਸ ਪਰਸੰਗ ਵਿਚ ਨਜ਼ਰ ਪਿਆ ਕਿ ਇਸਲਾਮ ਦੇ ਮੁਅਤਜ਼ਿਲਾ ਨਾਂ ਦੇ ਬੁਧਿਵਾਨ ਫ਼ਿਰਕੇ ਦੇ, ਨਿਜ਼ਾਮ ਨਾਂ ਦੇ ਇਕ ਵੱਡੇ ਇਮਾਮ ਉੱਤੇ ਓਸ ਨੇ ਇਹ ਝੂਠਾ ਦੋਸ਼ ਲਾਇਆ ਹੈ ਕਿ ਓਸ ਨੇ 'ਨਬੀ ਨੂੰ ਨਾ ਮੰਨਣ ਦਾ ਸਿਧਾਂਤ' ਬ੍ਰਾਹਮਣਾ ਤੋਂ ਸਿੱਖਿਆ ਹੈ। ਅਤੇ ਇਹ ਸਿਧਾਂਤ ਸਮਨੀਆ ਤੋਂ ਸਿਖਿਆ ਹੈ 'ਕਿ ਏਸ ਗੱਲ ਦਾ ਕਦੇ ਨਿਰਣਾ ਨਹੀਂ ਹੋ ਸਕਦਾ ਕਿ ਸੱਚ ਕੀ ਹੈ ਤੇ ਮਿਥਿਆ ਕੀ ਹੈ' ਕਿਉਂ ਜੋ ਦੋਹਾਂ ਪੱਖਾਂ ਵਿਚ ਜ਼ੋਰਦਾਰ ਦਲੀਲਾਂ ਹੁੰਦੀਆਂ ਹਨ। ਫੇਰ ਮੈਂ ਮੁਰਤਜ਼ਾ ਜ਼ੈਦੀ ਦੀ ਕਿਤਾਬੁਲ ਮੁਅਤਜ਼ਿਲਾ ਵਿਚ ਪੜ੍ਹਿਆ ਕਿ "ਹਾਰੂੰ ਰਸ਼ੀਦ ਕੋਲ ਹਿੰਦੁਸਤਾਨ ਦਿਆਂ ਸਮਨੀਆ ਨੇ ਇਸਲਾਮ ਉੱਤੇ ਇਹ ਇਤਰਾਜ਼ ਕਹਿ ਭੇਜਿਆ" ਏਸ ਵਾਕ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਏਸ ਫ਼ਿਰਕੇ ਦਾ ਸਬੰਧ ਹਿੰਦੁਸਤਾਨ ਨਾਲ ਹੈ। ਏਸ ਪਿਛੋਂ ਸਿੰਧ ਦੇ ਹਾਲਾਤ ਦੀ ਖੋਜ ਵਿਚ ਸਸਨੀਆ ਦਾ ਨਾਂ ਵਾਰ ਵਾਰ ਮਿਲਿਆ। ਫੇਰ

*ਕਾਮਿਲ ਇਬਨ ਅਸੀਰ ਘਟਨਾਵਾਂ ਸੰਨ ੧੪੭ ਹਿ.

ਏਲੀਟਅ ਸਾਹਿਬ ਦੀ ਤਾਰੀਖ਼ ਨੂੰ ਵੇਖਿਆ ਕਿ ਪ੍ਰੋਫੈਸਰ ਮੂਲਰ ਆਦਿ ਦੇ ਆਧਾਰ ਤੇ ਆਖਦੇ ਹਨ ਕਿ ਇਨ੍ਹਾਂ ਸਮਨੀਆ ਦਾ ਮਤਲਬ 'ਬੁਧ ਮਤ ਵਾਲੇ' ਹੈ। ਏਸ ਸ਼ਬਦ ਦਾ ਸੰਸਕ੍ਰਿਤੀ ਮੂਲ 'ਸਰਮਨ' ਹੈ ਜਿਸ ਦੇ ਅਰਥ ਇਕ ਧਾਰਮਕ ਸਾਧੂ ਦੇ ਹਨ। ਏਲੀਅਟ ਸਾਹਿਬ ਏਹ ਵੀ ਆਖਦੇ ਹਨ ਕਿ ਯੂਨਾਨੀ ਯਾਤਰੂਆਂ ਤੇ ਇਤਿਹਾਸਕਾਰਾਂ ਨੇ ਵੀ ਇਨ੍ਹਾਂ ਨੂੰ ਸਰਾਮੀਨਸ, ਸਰਮੀਨੀਆ ਅਤੇ ਸਿਮੂਨੀ ਆਦਿ ਲਿਖਿਆ ਹੈ * ਏਲੀਅਟ ਸਾਹਿਬ ਦੇ ਏਸ ਬਿਆਨ ਤੋਂ ਥੋੜਾ ਹੋਰ ਅੱਗੋ ਪਤਾ ਲੱਗਿਆ। ਪਰ ਏਸ ਪਿਛੋਂ ਇਬਮ ਨਦੀਮ ਦੀ ਕਿਤਾਬਅਲ-ਫ਼ਹਿਰਿਸਤ ਨੇ ਏਸ ਗੋਰਖ ਧੰਨੇ ਨੂੰ ਬਿਲਕੁਲ ਸੁਲਝਾ ਦਿੱਤਾ। ਏਸ ਤੋਂ ਮੈਨੂੰ ਪੂਰੀ ਤਸੱਲੀ ਹੋ ਗਈ ਅਤੇ ਏਹ ਵੀ ਪਤਾ ਲੱਗ ਗਿਆ ਕਿ ਯੂਨਾਨੀਆਂ ਕੋਲ ਇਹ ਨਾਂ ਕਿਵੇਂ ਆਇਆ।

ਸਮਨੀਆ ਦੀ ਖੋਜ

ਹਮਜ਼ਾ ਇਸਫ਼ਹਾਨੀ, ਜਿਸ ਨੇ ਆਪਣੀ ਪੁਸਤਕ 'ਤਾਰੀਖ਼ੁ ਮਲੂਕਿਲ ਅਰਜ਼ (ਪਿਰਥਵੀ ਦੇ ਬਾਦਸ਼ਾਹਾਂ ਦਾ ਇਤਿਹਾਸ) ਲੱਗ ਭੱਗ ਸੰਨ ੩੫੦ ਹਿ. ਵਿਚ ਲਿਖੀ ਹੈ ਅਤੇ ਜੇਹੜੀ ਈਰਾਨ ਤੇ ਖ਼ੁਰਾਸਾਂ ਦੀ ਪਰਮਾਣੀਕ ਤਾਰੀਖ਼ ਹੈ, ਆਪਣੀ ਕਿਤਾਬ ਦੀ ਭੂਮਿਕਾ ਵਿਚ † ਲਿਖਦਾ ਹੈ।

"ਦੁਨੀਆ ਵਿਚ ਪਹਿਲਾਂ ਕੇਵਲ ਦੋ ਹੀ ਫ਼ਿਰਕੇ ਸਨ ਇਕ 'ਸਮਨੀ' ਤੇ ਦੂਜਾ ਕੁਲਦਾਨੀ (ਕਾਲਦੀਆਂ ਵਾਲੇ) ਸਮਨੀ ਪੂਰਬੀ ਦੇਸਾ ਵਿਚ ਸਨ ਅਤੇ ਉਨ੍ਹਾਂ ਦੇ ਕੁਝ ਬਚੇ ਖੁੱਚੇ ਬੰਦੇ ਹੁਣ ਵੀ ਹਿੰਦੁਸਤਾਨ ਦੀਆਂ ਗੁਠ੍ਹਾਂ ਅਤੇ ਚੀਨ ਵਿਚ ਵਸਦੇ ਹਨ। ਖ਼ੁਰਾਸਾਂ ਵਾਲੇ ਇਨ੍ਹਾਂ ਨੂੰ 'ਸ਼ਮਨਾਨ' ਬਹੁਵਚਨ ਦੇ ਰੂਪ ਵਿਚ ਅਤੇ 'ਸ਼ਮਨ' ਇਕ ਵਚਨ ਦੇ ਰੂਪ ਵਿਚ ਬੋਲਦੇ ਹਨ"।

ਏਸ ਤੋਂ ਮਲੂਮ ਹੋਇਆ ਕਿ ਅਰਬਾਂ ਨੇ ਬੁਧਾਂ ਦਾ ਇਹ ਨਾਂ ਖ਼ੁਰਾਸਾਨੀਆਂ ਤੋਂ ਸੁਣਿਆ ਅਤੇ ਓਹੀ ਇਨ੍ਹਾਂ ਵਿਚ ਪਰਚਲਤ ਹੋਇਆ।

*ਇੰਡੀਆ ਏਲੀਅਟ ਜਿ. ੧ ਪੰ. ੫੦੬.

†ਤਾਰੀਖ਼ ਮੁਲੂਕਿਲ ਅਰਜ਼ ਪੰ. ੭. ਕਾਵਿਆਨੀ ਪ੍ਰੈਸ (ਬਰਲਨ) ਦੀ ਛਪੀ ਹੋਈ।

ਇਸਫ਼ਹਾਨੀ ਦੇ ਬਿਆਨ ਨਾਲ ਇਬਨ ਨਦੀਮ (ਸੰਨ ੩੭੫ ਹਿ.) ਦਾ ਇਹ ਵਾਕਫ਼ੀ ਭਰਭੂਰ ਬਿਆਨ ਜੋੜ ਲਵੋ।

"ਮੈਂ ਇਕ ਖ਼ੁਰਾਸਾਨੀ ਦੀ ਹੱਥ ਲਿਖਤ ਪੜ੍ਹੀ, ਜਿਸ ਨੇ ਖ਼ੁਰਾਸਾਂ ਦੀ ਪੁਰਾਣੀ ਤੇ ਫੇਰ ਨਵੇਂ ਯੁਗ ਵਿਚ ਜੋ ਏਸ ਦੀ ਦਸ਼ਾਂ ਹੈ, ਦੇ ਹਾਲਾਤ ਲਿਖੇ ਸਨ। ਇਹ ਰਿਸਾਲਾ 'ਨੇਮਾਵਲੀ' ਦੇ ਰੂਪ ਵਿਚ ਸੀ ਏਸ ਵਿਚ ਲਿਖਿਆ ਸੀ ਕਿ ਸਮਨੀਆ ਦੇ ਪੈਗ਼ੰਬਰ ਦਾ ਨਾਂ ਬੂਜ਼ਾਸਫ਼ ਸੀ। ਪੁਰਾਣੇ ਸਮੇਂ ਵਿਚ ਅਤੇ ਇਸਲਾਮ ਤੋਂ ਪਹਿਲਾਂ ਮਾਵਰਾਉਨੱਹਰ (Transoxania) ਦੇ ਲੋਕ ਏਸੇ ਧਰਮ ਦੇ ਪੈਰੋ ਸਨ। ਸਮਨੀਆ ਸ਼ਬਦ 'ਸਮਨਾ' ਵੱਲ ਤੱਧਿਤ ਹੈ। ਏਹ ਲੋਕ ਸਾਰੇ ਸੰਸਾਰ ਵਾਲਿਆਂ ਅਤੇ ਸਾਰੇ ਹੋਰ ਧਰਮਾਂ ਦੇ ਮੰਨਣ ਵਾਲਿਆਂ ਨਾਲੋਂ ਵਧੇਰੇ ਸਖ਼ੀ ਦਾਤਾ ਹੁੰਦੇ ਹਨ। ਇਸ ਦਾ ਕਾਰਣ ਇਹ ਹੈ ਕਿ ਇਨ੍ਹਾਂ ਦੇ ਪੈਗ਼ੰਬਰ ਬੂਜ਼ਾਸਫ਼ ਨੇ ਇਨ੍ਹਾਂ ਨੂੰ ਇਹ ਦੱਸਿਆ ਹੈ ਕਿ ਸਭ ਤੋਂ ਵਡਾ ਗੁਨਾਹ ਜੋ ਨਜਾਇਜ਼ ਹੈ ਅਤੇ ਜਿਸ ਦਾ ਆਦਮੀ ਨੂੰ ਕਦਾਚਿਤ ਵਿਸ਼ਵਾਸ ਨਹੀਂ ਰਖਣਾ ਚਾਹੀਦਾ ਅਤੇ ਨਾਂ ਹੀ ਏਸ ਉੱਤੇ ਅਮਲ ਕਰਨਾ ਚਾਹੀਦਾ ਹੈ ਇਹ ਹੈ ਕਿ ਕੋਈ ਆਪਣੇ ਮੂੰਹੋਂ 'ਨਹੀਂ' ਸ਼ਬਦ ਕੱਢੇ। ਇਹ ਏਸ ਉਪਦੇਸ਼ ਉਤੇ ਅਮਲ ਕਰਦੇ ਹਨ ਅਤੇ 'ਨਹੀਂ' ਆਖਣਾ ਇਨ੍ਹਾਂ ਦੇ ਖ਼ਿਆਲ ਅਨੁਸਾਰ ਸ਼ੈਤਾਨ ਦਾ ਕੰਮ ਹੈ ਪਰ ਇਨ੍ਹਾਂ ਦਾ ਧਰਮ ਸ਼ੈਤਾਨ ਨੂੰ ਦੂਰ ਕਰਨਾ ਹੈ"।*

ਇਹ ਇੰਨ ਬਿੰਨ ਬੁਧ ਧਰਮ ਦੀ ਤਸਵੀਰ ਹੈ ਉਪਰ ਦੱਸਿਆ ਜਾ ਚੁਕਿਆ ਹੈ ਕਿ ਬੂਜ਼ਾਸਫ਼ ਅਸਲ ਵਿਚ 'ਬੋਧੀ ਸਤਵ' ਹੈ। ਨਾਲੇ ਇਹ ਗੱਲ ਵੀ ਮਲੂਮ ਹੈ ਕਿ ਇਸਲਾਮ ਤੋਂ ਪਹਿਲਾਂ ਮੱਧ ਏਸ਼ੀਆਂ ਦਾ ਧਰਮ ਬੁਧ ਹੀ ਸੀ। ਏਸ ਬਿਆਨ ਪਿਛੋਂ ਏਸ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ 'ਸਮਨੀਆ' ਅਤੇ 'ਬੁਧ' ਇਕੋ ਗੱਲ ਹੈ।

ਸਮਨੀਆ ਦੇ ਅਸੂਲ

ਅਬਦੁਲ ਕਾਦਿਰ ਬਗ਼ਦਾਦੀ ਸੰਨ ੪੨੯ ਹਿ. (ਸੰਨ ੧੦੩੭ ਈ.)

*ਅਲਫ਼ਹਿਰਿਸਤ ਇਬਨ ਨਦੀਮ ਪੰ. ੩੪੫.

ਨੇ ਸਮਨੀਆ ਦੇ ਇਕ ਅਸੂਲ ਦਾ ਪਰਸੰਗ ਵਿਚ ਵਰਨਣ ਕੀਤਾ ਹੈ ਜਿਸ ਨੂੰ ਅਰਬੀ ਪਰੀਭਾਸ਼ਾ ਵਿਚ 'ਤਕਾਫਉ ਅਦਿੱਲਾ' ਆਖਦੇ ਹਨ ਜੋ ਇਕ ਤਰ੍ਹਾਂ ਲਾਅਦਰੀਆ (Agnostic) ਫ਼ਿਰਕੇ ਦੇ ਅਸੂਲ ਦੇ ਨੇੜੇ ਨੇੜੇ ਹੈ। ਏਸ ਦੇ ਅਰਥ ਏਹ ਹਨ ਕਿ ਦੁਨੀਆ ਵਿਚ ਸਤ ਤੇ ਮਿਥਿਆ (ਏਸ ਤ੍ਰਹਾਂ ਮਿਲੇ ਹੋਏ ਹਨ ਕਿ ਹਰੇਕ ਸ਼ੈ ਦੇ 'ਅਸਤੀ' ਜਾਂ 'ਨਾਸਤੀ' (ਹਾਂ ਅਤੇ ਨਹੀਂ) ਦੋਵੇਂ ਅੰਗ ਹੋ ਸਕਦੇ ਹਨ ਅਤੇ ਦੋਹਾਂ ਵਿਚੋਂ ਨਾ ਕਿਸੇ ਨੂੰ ਗ਼ਲਤ ਆਖ ਸਕਦੇ ਹਾਂ ਨਾਂ ਠੀਕ। ਏਸ ਵਿਚ ਸ਼ਕ ਨਹੀਂ ਕਿ ਇਹ ਸਿਧਾਂਤ ਬੁਧ ਦਿਆਂ ਬਾਜ਼ੇ ਉਪਦੇਸ਼ਾਂ ਵਿਚ ਹੈ ਪਰ ਸਭ ਤੋਂ ਵਧੇਰੇ ਇਹ ਸਿਧਾਂਤ ਜੈਨੀਆਂ ਵਿਚਕਾਰ ਸਪਸ਼ਟ ਰੂਪ ਵਿਚ ਮਿਲਦਾ ਹੈ।

ਬੁਧ ਦਾ ਦੂਜਾ ਅਸੂਲ ਜਿਸ ਉੱਤੇ ਏਸ ਦੇ ਮਤ ਦੀ ਨੀਂਹ ਹੈ ਉਹ ਸੰਸਾਰ ਜਾਂ ਜੀਵਨ ਦੇ ਦੁਖ, ਬੁਰਾਈ ਜਾਂ ਵਿਪਤਾ ਤੋਂ ਛੁਟਕਾਰਾ ਹੈ। ਏਸੇ ਬੁਰਾਈ, ਦੁਖ ਤੇ ਵਿਪਤਾ ਨੂੰ ਇਬਨ ਨਦੀਮ ਨੇ ਸ਼ੈਤਾਨ ਦੇ ਸ਼ਬਦ ਦੁਆਰਾ ਪਰਗਟ ਕੀਤਾ ਹੈ ਜੋ ਬੁਰਾਈਆਂ ਦਾ ਕੇਂਦਰ ਹੈ ਅਤੇ ਇਹ ਆਖਿਆ ਹੈ ਕਿ ਸਮਨੀਆ ਦਾ ਧਰਮ ਸ਼ੈਤਾਨ ਨੂੰ ਦੂਰ ਕਰਨਾ "ਅਰਥਾਤ ਬੁਰਾਈਆਂ ਤੇ ਦੁਖਾਂ ਤੋਂ ਮੁਕਤੀ ਪਰਾਪਤ ਕਰਨਾ ਹੈ"।

ਸ਼ਹਿਰਿਸਤਾਨੀ ਨੇ ਜੋ ਪੰਜਵੀਂ ਸਦੀ ਹਿਜਰੀ ਦੇ ਅੰਤ (ਗਿਆਰਵੀਂ ਸਦੀ ਈਸਵੀ) ਵਿਚ ਹੋਇਆ ਹੈ, ਸਮਨੀਆ ਦੀ ਥਾਂ 'ਬੁਦ' ਸ਼ਬਦ ਵਰਤਿਆ ਹੈ। ਮਲੂਮ ਹੁੰਦਾ ਹੈ ਕਿ ਏਸ ਨੂੰ ਏਸ ਧਰਮ ਤੋਂ ਪੂਰੀ ਵਾਕਫ਼ੀ ਸੀ। ਉਹ ਆਖਦਾ ਹੈ। ਕਿ 'ਬੁਦ' (ਬੁਧ) ਤੋਂ ਅਭਿਪਰਾਇ ਉਹ ਹਸਤੀ ਹੈ ਜੋ ਨਾ ਤਾਂ ਜਨਮ ਲੈਕੇ ਪਰਗਟ ਹੁੰਦੀ ਹੈ ਤੇ ਨਾ ਹੀ ਉਹ ਵਿਆਹ ਸ਼ਾਦੀ ਰਚਾਉਂਦੀ ਹੈ। ਨਾ ਖਾਂਦੀ ਹੈ ਨਾ ਪੀਂਦੀ ਹੈ, ਨਾ ਬੁੱਢੀ ਹੁੰਦੀ ਹੈ ਨਾ ਹੀ ਮਰਦੀ ਹੈ। ਇਹ ਗੋਇਆ ਨਿਰਵਾਣ ਦੇ ਪਿਛੋਂ ਦੀ ਅਵਸਥਾ ਦਾ ਵੇਰਵਾ ਹੈ। ਇਸ ਪਿਛੋਂ ਓਸ ਨੇ ਗੌਤਮ ਬੁਧ ਦੇ ਉਪਦੇਸ਼ਾਂ ਦਾ ਇੰਜ ਵਰਨਣ ਕੀਤਾ ਹੈ ਕਿ ਮਨੁਖ ਦਸ ਗੁਨਾਹਾਂ ਤੋਂ ਬਚੇ ਅਤੇ ਦਸ ਅਖਲਾਕੀ ਵਰਤਾਂ ਦੀ ਪਾਲਣਾ ਕਰੇ। ਇਨ੍ਹਾਂ ਵਿਚੋਂ ਹਰੇਕ ਦਾ ਵਰਨਣ ਕੀਤਾ ਹੈ।

ਲਿਖਿਆ ਹੈ ਕਿ ਮੈਨੂੰ ਜਿਥੋਂ ਤਕ ਇਨ੍ਹਾਂ ਦੇ ਅਸੂਲਾਂ ਦਾ ਗਿਆਨ ਹੈ ਇਨ੍ਹਾਂ ਵਿਚ ਸ੍ਰਿਸ਼ਟੀ ਦੇ ਅਨਾਦੀ ਹੋਣ ਤੇ ਪੂਰਬ ਜਨਮ ਦੇ ਕੀਤੇ ਪੁੰਨ ਪਾਪ ਦਾ ਫਲ ਭੋਗਣ ਵਿਚ ਕੋਈ ਮਤਭੇਦ ਨਹੀਂ ਹੈ* ।

ਮੁਤੱਹਿਰ ਬਿਨ ਤਾਹਿਰ ਨੇ, ਕਿਸੇ ਅਰਬੀ ਭੂਗੋਲ ਦੀ ਪੁਸਤਕ ਅਲਮਸਾਲਿਕ ਤੋਂ, (ਇਬਨ ਖ਼ੁਰਦਾਜ਼ਬੇ ਵਾਲੀ ਅਲ-ਮਸਾਲਿਕ ਵੱਲ-ਮਮਾਲਿਕ ਨਹੀਂ, ਪਰ ਇਸ ਦੀ ਲਿਖਤ ਦੀ ਤਾਰੀਖ਼ ਨਿਸਚਤ ਤੌਰ ਤੇ ਤੀਸਰੀ ਸਦੀ ਦਾ ਅੰਤ ਜਾਂ ਚੌਥੀ ਸਦੀ ਦਾ ਆਰੰਭ ਹੋਵੇਗਾ) ਅਤੇ ਇਬਨ ਨਦੀਮ ਨੇ, ਕੰਦੀ ਤੋਂ ਛੁਟ ਕਿਸੇ ਹੋਰ ਦੀ ਲਿਖਤ ਤੋਂ, ਇਹ ਬਿਲਕੁਲ ਠੀਕ ਨਕਲ ਕੀਤਾ ਹੈ ਕਿ 'ਸਮਨੀਆ ਵਿਚ ਦੋ ਫ਼ਿਰਕੇ ਹਨ ਇਕ ਉਹ ਫ਼ਿਰਕਾ ਜੋ ਇਹ ਯਕੀਨ ਕਰਦਾ ਹੈ ਕਿ ਬੁਧ ਰਬ ਦਾ ਪੈਗ਼ੰਬਰ ਸੀ ਅਤੇ ਦੂਜੇ ਦਾ ਵਿਸ਼ਵਾਸ਼ ਹੈ ਕਿ ਬੁਧ ਆਪ ਰੱਬ ਸੀ, ਜੋ ਏਸ ਔਤਾਰ (ਬੁਧ ਦੇ ਜਾਮੇ) ਵਿਚ ਸੰਸਾਰ ਵਿਚ ਪਰਗਟ ਹੋਇਆ† ਅਵਿਪਰਾਇ ਉਸ ਮਤਭੇਦ ਤੋਂ ਹੈ ਕਿ ਬੁਧ ਮਤ ਵਿਚ ਈਸ਼ਵਰ ਦਾ ਵਜੂਦ ਹੈ ਜਾਂ ਨਹੀਂ। ਏਸ ਮਤ ਦਾ ਇਕ ਫ਼ਿਰਕਾ ਤਾਂ ਈਸ਼ਵਰ ਦੇ ਨਾਂ ਵਾਲੇ ਕਿਸੇ ਵਜੂਦ ਨੂੰ ਨਹੀਂ ਮੰਨਦਾ ਅਤੇ ਦੂਜਾ ਮੰਨਦਾ ਹੈ, ਪਰ ਅਸਲ ਗੱਲ ਇਹ ਹੈ ਕਿ ਬੁਧ ਨੇ ਆਪ ਇਹ ਸਿਧਾਂਤ ਬਿਲਕੁਲ ਗੜਬੜ ਵਿਚ ਰਖਿਆ ਹੈ ਤੇ ਓਸ ਨੂੰ ਬਿਲਕੁਲ ਸਪਸ਼ਟ ਨਹੀਂ ਕੀਤਾ। ਚੌਥੀ ਸਦੀ ਹਿਜਰੀ ਦੇ ਅੰਤ ਵਿਚ ਮੁਹੰਮਦ ਖ਼੍ਵਾਰਜ਼ਮੀ ਆਖਦਾ ਹੈ: "ਸਮਨੀਆ ਲੋਕ ਮੂਰਤੀ-ਪੂਜਕ ਹਨ ਅਤੇ ਸ੍ਰਿਸ਼ਟੀ ਦੇ ਅਨਾਦੀ ਹੋਣ, ਪੁਨਰ ਜਨਮ ਅਤੇ ਏਸ ਗੱਲ ਨੂੰ ਮੰਨਦੇ ਹਨ ਕਿ ਪਿਰਥਵੀ ਹਮੇਸ਼ ਥੱਲੇ ਨੂੰ ਜਾ ਰਹੀ ਹੈ। ਇਨ੍ਹਾਂ ਦੇ ਪੈਗ਼ੰਬਰ ਦਾ ਨਾਂ ਬੂਜ਼ਾਸਫ਼ ਹੈ ਜੋ ਹਿੰਦੁਸਤਾਨ ਵਿਚ ਪੈਦਾ ਹੋਇਆ। ਬੁਧ ਮਤ ਦੇ ਅਨੁਸਾਰੀ ਚੀਨ ਅਤੇ ਹਿੰਦੁਸਤਾਨ ਵਿਚ ਹਨ। ਕੁਲਦਾਨੀ ਲੋਕ ਵੀ ਆਪਣਾ ਸਬੰਧ ਏਸ ਵੱਲ ਜੋੜਦੇ ਹਨ‡

*ਮਿਲਲ-ਵੱ-ਨ੍ਹਲ ਸ਼ਹਿਰਿਸਤਾਨੀ 'ਮਜ਼ਾਹਿਬੇ ਹਿੰਦ'

†ਇਬਨ ਨਦੀਮ ਪੰ. ੩੪੭ ਅਤੇ ਕਿਤਾਬੁਲ ਬਦਾਅ-ਵੱ-ਤਾਰੀਖ ਜਿ. ੪ ਪੰਨਾ ੧੯.

‡ਮਿਫ਼ਾਤੀਹੁਲ ਉਲੂਮ ਖ਼੍ਵਾਰਜ਼ਮੀ ਪੰ. ੩੬ (ਲੀਡਨ)

ਪ੍ਰਸਿਧ ਮਹਾਨ ਵਿਦਿਵਾਨ ਅਰਬ ਇਤਿਹਾਸ ਲੇਖਕ ਤੇ ਯਾਤਰੂ ਮਸਊਦੀ (ਸੰਨ ੩੩੩ ਹਿ.) ਚੀਨ ਦੇ ਸਬੰਧ ਵਿਚ ਲਿਖਦਾ ਹੈ:

"ਇਨ੍ਹਾਂ ਦਾ ਧਰਮ ਪਹਿਲੇ ਲੋਕਾਂ ਦਾ ਧਰਮ ਹੈ। ਇਹ ਇਕ ਫ਼ਿਰਕਾ ਹੈ ਜਿਸ ਦਾ ਨਾਂ ਸਮਨੀਆ ਹੈ, ਜਿਨ੍ਹਾਂ ਦੀ ਉਪਾਸਨਾ ਦਾ ਢੰਗ ਓਹੀ ਹੈ ਜੋ ਇਸਲਾਮ ਤੋਂ ਪਹਿਲਾਂ ਕੁਰੈਸ਼ ਦਾ ਸੀ। ਮੂਰਤੀਆਂ ਦੀ ਪੂਜਾ ਕਰਦੇ ਹਨ ਅਤੇ ਪ੍ਰਾਰਥਨਾ ਕਰਦੇ ਹੋਏ ਇਨ੍ਹਾਂ ਵਲ ਮੂੰਹ ਕਰਦੇ ਹਨ। ਉਨ੍ਹਾਂ ਵਿਚੋਂ ਜੋ ਸਮਝਦਾਰ ਹਨ ਉਹ ਇਹ ਸਮਝਦੇ ਹਨ ਕਿ ਏਸ ਮੂਰਤੀ ਦਾ ਦਰਜਾ ਕੇਵਲ ਕਿਬਲੇ ਵਾਲਾ ਹੈ ਅਤੇ ਅਸਲ ਨਮਾਜ਼ ਰੱਬ ਦੀ ਹੈ। ਜੋ ਮੂਰਖ ਹਨ ਉਹ ਇਨ੍ਹਾਂ ਮੂਰਤੀਆਂ ਨੂੰ ਰੱਬ ਦਾ ਦਰਜਾ ਦਿੰਦੇ ਹਨ ਅਤੇ ਇਨ੍ਹਾਂ ਨੂੰ ਪੂਜਦੇ ਹਨ।*

ਬੁਧ ਦਾ ਸਰੂਪ

ਸੰਸਾਰ ਦੇ ਸਾਰੇ ਆਗੂਆਂ ਵਿਚੋਂ ਗ਼ਾਲਬਨ ਮਹਾਤਮਾ ਬੁਧ ਦੀ ਹੀ ਅਜੇਹੀ ਵਿਆਕਤੀ ਹੈ ਜਿਸ ਦੀ ਸ਼ਕਲ ਸੂਰਤ ਆਪ ਦੀ ਮੂਰਤੀਆਂ ਦੇ ਕਾਰਣ ਹਜ਼ਾਰਾਂ ਸਾਲ ਬੀਤ ਜਾਣ ਦੇ ਬਵਾਜੂਦ ਵੀ ਸੰਸਾਰ ਦੇ ਸਾਹਮਣੇ ਹੈ ਅਤੇ ਅਜਾਇਬ ਘਰਾਂ ਦੇ ਤੁਫ਼ੈਲ ਨਾਲ ਤਾਂ ਇਹ ਹੁਣ ਸੰਸਾਰ ਦੇ ਕੋਣੇ ਕੋਣੇ ਵਿਚ ਮੌਜੂਦ ਹੈ। ਅਰਬ ਵਾਲੇ ਵੀ ਬੁਧ ਦੀ ਏਸ ਸ਼ਕਲ ਸੂਰਤ ਤੋਂ ਜਾਣੂ ਸਨ। ਇਬਨ ਨਦੀਮ ਨੇ ਇਨ੍ਹਾਂ ਸ਼ਬਦਾਂ ਦੁਆਰਾ ਆਪ ਦਾ ਚਿਤ੍ਰ ਉਲੀਕਿਆ ਹੈ†

"ਇਕ ਬੰਦਾ ਇਕ ਚੌਂਕੀ ਤੇ ਬੈਠਾ ਹੈ। ਚਿਹਰੇ ਤੇ ਬਾਲ ਨਹੀਂ। ਠੋਡੀ ਥੱਲੇ ਨੂੰ ਝੁਕੀ ਹੋਈ, ਚਿਹਰੇ ਉਤੇ ਕੁਝ ਕੁਝ ਮੁਸਕਾਨ ਹੈ। ਉਂਗਲੀਆਂ ਕੁਝ ਬੰਦ ਅਤੇ ਕੁਝ ਖੁਲ੍ਹੀਆਂ ਹਨ"

ਬੁਧ ਦੀ ਇਕ ਮੂਰਤੀ ਬਗ਼ਦਾਦ ਵੀ ਗਈ ਸੀ। ਇਬਨ ਨਦੀਮ ਨੇ ਏਸ ਨੂੰ ਵੇਖਿਆ ਸੀ ਏਸ ਉੱਤੇ ਇਕ ਲੇਖ ਵੀ ਖੋਦਿਆ ਹੋਇਆ ਸੀ।‡

---

*ਤਾਰੀਖ਼ ਮਸਊਦੀ (ਮਰੂਜੁੱਜ਼ਹਬ) ਜਿ. ਪਹਿਲੀ ਪੰ. ੨੯੮ (ਲੀਡਨ)

†ਇਬਨ ਨਦੀਮ ਪੰ. ੩੪੭.

‡ਇਬਨ ਨਦੀਮ ਪੰ. ੧੯.

ਬੁਧ ਮੱਤ ਦਾ ਵਿਸਥਾਰ

ਅਰਬ ਵਾਲਿਆਂ ਨੂੰ ਇਹ ਗੱਲ ਚੰਗੀ ਤਰ੍ਹਾਂ ਮਲੂਮ ਸੀ ਕਿ ਬੁਧ ਮੱਤ ਕਿਹੜੇ ਕਿਹੜੇ ਦੇਸਾਂ ਵਿਚ ਫੈਲਿਆ ਸੀ। ਹੁਣੇ ਉੱਪਰ ਇਬਨ ਨਦੀਮ ਦਾ ਬਿਆਨ ਆ ਚੁਕਿਆ ਹੈ ਕਿ ਖੁਰਾਸਾਂ ਅਤੇ ਮਾਵਰਾਉਨੱਹਰ (Transoxania) ਅਥਵਾ ਮੱਧ ਏਸ਼ੀਆ ਦਾ ਧਰਮ ਇਸਲਾਮ ਤੋਂ ਪਹਿਲਾਂ ਬੁਧ ਸੀ। ਏਵੇਂ ਜਿਵੇਂ ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਚੀਨ ਵਿਚ ਵੀ ਇਹ ਧਰਮ ਹੈ ਤੇ ਉਹ ਹਿੰਦੁਸਤਾਨ ਤੋਂ ਗਿਆ ਹੈ। ਅਕਸਰ ਅਰਬ ਯਾਤਰੂਆਂ ਨੇ ਏਸ ਦਾ ਵਰਨਣ ਕੀਤਾ ਹੈ। ਸਭ ਤੋਂ ਪਹਿਲਾ ਅਰਬ ਯਾਤਰੂ ਜਿਸ ਦਾ ਸਫ਼ਰਨਾਮਾ ਸਾਡੇ ਪਾਸ ਹੈ ਉਹ ਸੁਲੇਮਾਨ ਤਾਜਰ ਹੈ ਸੰਨ ੨੩੭ ਹਿ. (ਸੰ. ੮੩੭ ਈ.) ਉਹ ਆਪਣੇ ਸਫ਼ਰ ਨਾਮੇ ਵਿਚ ਆਖਦਾ ਹੈ:

"ਚੀਨ ਦੇ ਧਰਮ ਦਾ ਮੁਢ ਹਿੰਦੁਸਤਾਨ ਤੋਂ ਹੈ। ਚੀਨੀ ਆਖਦੇ ਹਨ ਕਿ ਬੁਧ ਦੀਆਂ ਮੂਰਤੀਆਂ ਹਿੰਦੁਸਤਾਨ ਨੇ ਹੀ ਸਾਡੇ ਲਈ ਬਣਾਈਆਂ ਹਣ। ਇਨ੍ਹਾਂ ਦੋਹਾਂ ਮੁਲਕਾਂ ਦੇ ਲੋਕ ਆਵਾਗਵਣ (ਪੁਨਰ ਜਨਮ) ਦੇ ਸਿਧਾਂਤ ਨੂੰ ਤਾਂ ਇਕ ਸਾਰ ਮੰਨਦੇ ਹਨ ਪਰ ਹੋਰ ਮਮੂਲੀ ਗਲਾਂ ਵਿਚ ਇਨ੍ਹਾਂ ਦਾ ਮਤ ਭੇਦ ਹੈ"।*

ਏਸੇ ਤਰ੍ਹਾਂ ਦਖਣ ਅਤੇ ਟਾਪੂਆਂ ਵਿਚ ਉਹ ਏਸ ਧਰਮ ਦੇ ਪਰਭਾਵ ਵੇਖਦੇ ਸਨ।

ਭਿਕਸ਼ੂ

ਸੋ ਅਬੂਜ਼ੈਦ ਸੈਰਾਫ਼ੀ, ਜਿਸ ਨੇ ਤੀਜੀ ਸਦੀ ਦੇ ਅੰਤ ਵਿਚ ਦਖਣੀ ਭਾਰਤ, ਟਾਪੂਆਂ ਅਤੇ ਚੀਨ ਦਾ ਹਾਲ ਲਿਖਿਆ ਹੈ, ਬੋਧੀ ਸਾਧੂਆਂ ਦਾ ਵਰਨਣ ਕਰਦਾ ਹੈ ਅਤੇ ਇਨ੍ਹਾਂ ਦਾ ਨਾਂ ਬੇਕਰਜੀ ਲਿਖਦਾ ਹੈ ਜੋ ਸ਼ਾਇਦ ਭਿਕਸ਼ੂ ਦਾ ਰੂਪਾਂਤਰ ਹੈ ਕਿਉਂ ਜੋ ਸ਼ਬਦ ਦਾ ਰੂਪ ਤਾਂ ਭਿਕਸ਼ੂ ਸ਼ਬਦ ਦੇ ਸਮਾਨਾ ਹੈ ਹੀ, ਇਸ ਤੋਂ ਛੁਟ ਸੈਰਾਫ਼ੀ ਨੇ ਜੋ ਭਿਕਸ਼ੂਆਂ ਦਾ ਵਰਨਣ ਕੀਤਾ ਹੈ ਉਸ ਦੇ ਸਾਰੇ ਲਕਸ਼ਣ ਭਿਕਸ਼ੂਆਂ ਤੇ ਘਟਦੇ ਹਨ। ਉਹ ਆਖਦਾ ਹੈ:

"ਹਿੰਦੁਸਤਾਨ ਵਿਚ ਇਕ ਸੰਪਰਦਾਇ ਹੈ ਜਿਸ ਦਾ ਨਾਂ 'ਬੇਕਰ ਜੀਅਨ'

*ਸਫ਼ਰਨਾਮਾ ਸੁਲੇਮਾਨ ਤਾਜਰ ਪੈਰਸ ਦਾ ਛਪਿਆ ਹੋਇਆ ਸੰਨ ੧੯੧੧ ਈ. ਪੰ. ੫੭

ਹੈ। ਇਹ ਲੋਕ ਨੰਗੇ ਰਹਿੰਦੇ ਹਨ। ਇਨ੍ਹਾਂ ਦੇ ਵਾਲਾਂ ਦੀਆਂ ਲਟਾਂ ਇੱਨੀਆਂ ਵਡੀਆਂ ਹੁੰਦੀਆਂ ਹਨ ਕਿ ਉਹ ਫੈਲਕੇ ਨੰਗੇਜ ਢਕ ਲੈਂਦੀਆਂ ਹਨ। ਉਨ੍ਹਾਂ ਦੇ ਨਹੁੰ ਬਹੁਤ ਵਡੇ ਹੁੰਦੇ ਹਨ। ਉਹ ਇਨ੍ਹਾਂ ਨੂੰ ਕਟਾਉਂਦੇ ਨਹੀਂ, ਟੁਟ ਭਾਵੇਂ ਜਾਣ । ਏਹ ਲੋਕ ਹਮੇਸ਼ ਸ਼ਹਿਰੋ ਸ਼ਹਿਰ ਫਿਰਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਹਰੇਕ ਦੇ ਗਲ ਵਿਚ ਧਾਗੇ ਵਿਚ ਪਰੋਈ ਆਦਮੀ ਦੀ ਖੋਪਰੀ ਪਈ ਹੁੰਦੀ ਹੈ। ਜਦੋਂ ਇਨ੍ਹਾਂ ਨੂੰ ਬਹੁਤ ਭੁਖ ਲਗਦੀ ਹੈ ਤਾਂ ਇਹ ਕਿਸੇ ਦੁਆਰੇ ਅੱਗੇ ਜਾ ਖਲੋਂਦੇ ਹਨ। ਘਰ ਵਾਲਾ ਛੇਤੀ ਨਾਲ ਰਿਧੇ ਹੋਏ ਚਾਉਲ ਲੈਕੇ ਖ਼ੁਸ਼ੀ ਖ਼ੁਸ਼ੀ ਆਉਂਦਾ ਹੈ ਅਤੇ ਇਨ੍ਹਾਂ ਦੀ ਭੇਟਾ ਕਰਦਾ ਹੈ। ਉਹ ਏਸੇ ਖੋਪਰੀ ਵਿਚ ਪੁਆਕੇ ਖਾ ਲੈਂਦੇ ਹਨ। ਜਦੋਂ ਇਨ੍ਹਾਂ ਦਾ ਢਿਡ ਭਰ ਜਾਂਦਾ ਹੈ ਤਾਂ ਸ਼ਹਿਰ ਤੋਂ ਵਾਪਸ ਚਲੇ ਜਾਂਦੇ ਹਨ। ਫੇਰ ਕੇਵਲ ਭੁਖ ਲਗਣ ਦੇ ਸਮੇਂ ਬਾਹਰ ਨਿਕਲਦੇ ਹਨ।*

ਬਜ਼ੁਰਗ ਬਿਨ ਸ਼ਹਿਰਯਾਰ, ਜਹਾਜ਼ ਕਪਤਾਨ ਨੇ ਸੰਨ ੩੦੦ ਹਿ. ਵਿਚ ਸਰੰਦੀਪ ਤੋਂ ਲੰਘਦੇ ਹੋਏ ਏਸ ਕਿਸਮ ਦੇ ਸਾਧੂਆਂ ਨੂੰ ਵੇਖਿਆ ਸੀ। ਓਸ ਨੇ ਵੀ ਇਨ੍ਹਾਂ ਦਾ ਚਿਤ੍ਰ ਏਸੇ ਪ੍ਰਕਾਰ ਉਲੀਕਿਆ ਹੈ ਅਤੇ ਇਨ੍ਹਾਂ ਦਾ ਨਾਂ 'ਬੇਕੂਰ' ਦੱਸਿਆ ਹੈ। ਲਿਖਿਆ ਹੈ ਕਿ ਉਨ੍ਹਾਲਾਂ ਨੂੰ ਏਹ ਬਿਲਕੁਲ ਨੰਗੇ ਰਹਿੰਦੇ ਹਨ ਅਤੇ ਕੇਵਲ ਚਾਰ ਉਂਗਲ ਲੰਮੀ ਲੰਗੋਟੀ ਬੰਨ੍ਹਦੇ ਹਨ। ਸਿਆਲਾਂ ਨੂੰ ਫੂਹੜੀ ਉੱਤੇ ਲੈ ਲੈਂਦੇ ਹਨ। ਵਖਰੇ ਵਖਰੇ ਰੰਗਾਂ ਦੇ ਟੁਕੜਿਆਂ ਨੂੰ ਜੋੜ ਕੇ ਇਕ ਕਪੜਾ ਸੀ ਲੈਂਦੇ ਹਨ। ਏਸੇ ਨੂੰ ਉਤੇ ਲੈਂਦੇ ਹਨ। ਪਿੰਡੇ ਉੱਤੇ ਮਸਾਣਾਂ ਦੀ ਸੁਆਹ ਮਲਦੇ ਹਨ। ਗਲ ਵਿਚ ਆਦਮੀ ਦੀ ਖੋਪਰੀ ਪਾਉਂਦੇ ਹਨ, ਅਤੇ ਦੂਜਿਆਂ ਨੂੰ ਭੈ ਪੂਰਤ ਸਿਖਿਆ ਦੇਣ ਅਤੇ ਆਪਣੀ ਦੀਨਤਾ ਦਸਣ ਲਈ ਇਸ ਖੋਪਰੀ ਵਿਚ ਖਾਂਦੇ ਹਨ'' ।†

ਪਰ ਬੈਰੂਨੀ ਨੇ ਏਸ ਪ੍ਰਕਾਰ ਦੇ ਸਾਧੂਆਂ ਨੂੰ ਮਹਾਂਦੇਵ ਦੇ ਉਪਾਸਕ ਦੱਸਿਆ ਹੈ ਉਨ੍ਹਾਂ ਦੀ ਸੂਰਤ ਵੀ ਇਨ੍ਹਾਂ ਨਾਲ ਮਿਲਦੀ ਜੁਲਦੀ ਸੀ। ਉਹ ਵੀ ਗਲ ਵਿਚ ਰੁੰਡਮਾਲਾ ਪਾਕੇ ਜੰਗਲੋਂ ਜੰਗਲ ਭਉਂਦੇ ਫਿਰਦੇ ਸਨ ।‡

---

*ਸਫ਼ਰ ਨਾਮਾ ਅਬੂਜ਼ੈਦ ਸੈਰਾਫ਼ੀ ਪੰ, ੧੨੭. ੧੨੮

†ਅਜਾਇਬੁਲ ਹਿੰਦ ਬਜ਼ੁਰਗ ਬਿਨ ਸ਼ਹਿਰਯਾਰ ਪੰ. ੧੫੫ (ਲੀਡਨ)

‡ਕਿਤਾਬੁਲ ਹਿੰਦ ਪੰ. ੫੯.

ਜੋਗੀ

ਜੋਗੀਆਂ ਤੇ ਤਿਆਗੀ ਸਾਧੂਆਂ ਦੇ ਹਾਲ ਵੀ ਇਨ੍ਹਾਂ ਪੁਸਤਕਾਂ ਵਿਚ ਲਿਖੇ ਹਨ ਪਰ ਇਨ੍ਹਾਂ ਵਿਚੋਂ ਸਭ ਤੋਂ ਵਚਿਤਰ ਉਹ ਘਟਨਾ ਹੈ ਜਿਸ ਨੂੰ ਸੁਲੇਮਾਨ ਤਾਜਰ ਨੇ ਨੌਵੀਂ ਸਦੀ ਈਸਵੀ ਦੇ ਮਧ ਵਿਚ ਆਪਣੀਆਂ ਅਖਾਂ ਨਾਲ ਡਿਠਾ ਸੀ, ਆਖਦਾ ਹੈ :

"ਹਿੰਦੁਸਤਾਨ ਵਿਚ ਅਜੇਹੇ ਲੋਕ ਹਨ, ਜੋ ਹਮੇਸ਼ਾਂ ਪਹਾੜਾਂ ਤੇ ਜੰਗਲਾਂ ਵਿਚ ਭਉਂਦੇ ਫ਼ਿਰਦੇ ਹਨ ਅਤੇ ਲੋਕਾਂ ਨਾਲ ਬਹੁਤ ਘਟ ਮਿਲਦੇ ਹਨ। ਭੁਖ ਲਗਦੀ ਹੈ ਤਾਂ ਘਾ ਬੂਟ ਜਾਂ ਜੰਗਲ ਦੇ ਫਲ ਖਾ ਲੈਂਦੇ ਹਨ............ਇਨ੍ਹਾਂ ਵਿਚੋਂ ਬਾਜ਼ੇ ਬਿਲਕੁਲ ਨੰਗੇ-ਧੜੰਗੇ ਹੁੰਦੇ ਹਨ। ਅਲਬੱਤਾ ਚਿੱਤੇ ਦੀ ਖਲ ਦਾ ਕੋਈ ਟੁਕੜਾ ਉਨ੍ਹਾਂ ਦੇ ਸਰੀਰ ਦੁਆਲੇ ਹੁੰਦਾ ਹੈ। ਮੈਂ ਏਸੇ ਤਰ੍ਹਾਂ ਇਕ ਮਨੁਖ ਨੂੰ ਧੁਪ ਵਿਚ ਬੈਠਾ ਵੇਖਿਆ। ੧੬ ਸਾਲਾਂ ਪਿੱਛੋਂ ਜ਼ਦੋਂ ਫੇਰ ਮੈਂ ਓਧਰੋਂ ਲੰਘਿਆ ਤਾਂ ਮੈਂ ਉਸ ਨੂੰ ਏਸੇ ਤਰ੍ਹਾਂ ਤੇ ਏਸੇ ਹਾਲ ਵਿਚ ਵੇਖਿਆ। ਮੈਨੂੰ ਹੈਰਾਨੀ ਹੁੰਦੀ ਸੀ ਕਿ ਧੁਪ ਦੇ ਸੇਕ ਨਾਲ ਓਸ ਦੀ ਅਖ ਕਿਉਂ ਨਾ ਵੱਗ ਗਈ" ।*

ਸਮਨੀਆ ਤੇ ਇਸਲਾਮ

ਸਮਨੀਆ ਨਾਲ ਮੁਸਲਮਾਨਾਂ ਦੇ ਸਬੰਧ ਖ਼ੁਰਾਸਾਂ, ਤੁਰਕਿਸਤਾਨ ਤੇ ਅਫ਼ਗ਼ਾਨਿਸਤਾਨ ਤੋਂ ਅਰੰਭ ਹੁੰਦੇ ਹਨ ਅਤੇ ਹੌਲੀ ਹੌਲੀ ਉਹ ਹਿੰਦੁ-ਸਤਾਨ ਤਕ ਵਧਦੇ ਚਲੇ ਆਉਂਦੇ ਹਨ। ਜਿਵੇਂ ਬਲਖ਼ ਦੇ ਨੌਵਿਹਾਰ (ਨੌਬਹਾਰ) ਦੇ ਮਹੰਤ ਬਰਮਕੀਆਂ ਤੋਂ ਲੈ ਕੇ ਇਨ੍ਹਾਂ ਦੇਸਾਂ ਦੇ ਮਮੂਲੀ ਬੁਧਾਂ ਨੇ ਵੀ ਇਸਲਾਮ ਕਬੂਲ ਕਰਨ ਵਿਚ ਕੁਝ ਵਧੇਰੇ ਹੀਲ ਹੁਜਤ ਨਹੀਂ ਕੀਤੀ। ਏਹੀ ਦਸ਼ਾ ਸਾਨੂੰ ਸਿੰਧ ਵਿਚ ਵਿਖਾਈ ਦਿੰਦੀ ਹੈ। ਪਹਿਲੀ ਸਦੀ ਹਿਜਰੀ (ਸਤਵੀਂ ਸਦੀ ਈਸਵੀ) ਦੇ ਅੰਤ ਅਰਥਾਤ ਸਿੰਧ ਦੀ ਵਿਜੈ ਦੇ ਕੁਝ ਸਾਲ ਉਪਰੰਤ ਹੀ ਜਦੋਂ ਬਨੂ ਉੱਮੈਈਆ ਦੇ ਦੀਨਦਾਰ ਤੇ ਚੋਣਵੇਂ ਖ਼ਲੀਫ਼ਾ ਉਮਰ ਬਿਨ ਅਬਦੁਲ ਅਜ਼ੀਜ਼ ਨੇ ਸਿੰਧ ਦੇ ਲੋਕਾਂ ਨੂੰ ਮੁਸਲਮਾਨ ਹੋਣ

*ਸਫਰਨਾਮਾ ਸੁਲੇਮਾਨ ਤਾਜਰ ਪੰ. ੫੦.੫੧.

ਲਈ ਸਦਾ-ਪਤਰ ਭੇਜਿਆ ਤਾਂ ਬਹੁਤ ਸਾਰੇ ਰਾਜਿਆਂ ਨੇ ਇਸਲਾਮ ਕਬੂਲ ਕਰ ਲਿਆ।*

ਏਸੇ ਤਰ੍ਹਾਂ ਮਲੀਬਾਰ, ਮਾਲਦੀਪ ਅਤੇ ਬਾਜ਼ੇ ਦੂਜੇ ਟਾਪੂਆਂ ਵਿਚ ਵੀ ਸਾਨੂੰ ਅਜੇਹੀ ਕਿਸਮ ਦੀਆਂ ਘਟਨਾਵਾਂ ਮਿਲਦੀਆਂ ਹਨ। ਅਸੀਂ ਏਸ ਕਿਸਮ ਦੀਆਂ ਘਟਨਾਵਾਂ ਆਪਣੇ ਇਕ ਮਜ਼ਮੂਨ ਦੀ ਲੜੀ ਵਿਚ, ਜਿਸ ਦਾ ਸਿਰਲੇਖ 'ਹਿੰਦੁਸਤਾਨ ਵਿਚ ਇਸਲਾਮ' ਹੈ, ਵਿਸਥਾਰ ਸਹਿਤ ਬਿਆਨ ਕੀਤੀਆਂ ਹਨ। ਏਸ ਲਈ ਏਥੇ ਇਨ੍ਹਾਂ ਦੇ ਦੁਹਰਾਉਣ ਦੀ ਲੋੜ ਨਹੀਂ।

ਸਮਨੀਆਂ ਤੇ ਹਸਰੀਆ

ਇਕ ਥਾਂ ਕਿਤੇ ਉੱਪਰ ਇਹ ਦਸਿਆ ਗਿਆ ਹੈ ਕਿ ਪਰਸਿਧ ਫ਼ਲਾਸਫ਼ਰ ਤੇ ਤਰਕਵੇਤਾ, ਨਿਜ਼ਾਮ ਮੁਅਤਜ਼ਲੀ ਉਤੇ, ਜੋ ਦੂਜੀ ਸਦੀ ਦੇ ਅੰਤ (ਅਠਵੀਂ ਸਦੀ ਈਸਵੀ) ਵਿਚ ਹੋਇਆ ਹੈ ਅਤੇ ਖ਼ਲੀਫ਼ਾ ਮਾਮੂੰ ਰਸ਼ੀਦ ਦਾ ਉਸਤਾਦ ਸੀ, ਏਸ ਦੇ ਦੁਸ਼ਮਨਾਂ ਨੇ ਜੋ ਗ਼ਲਤ ਇਲਜ਼ਾਮ ਲਾਏ ਸਨ, ਉਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਓਸ ਨੇ ਜਵਾਨੀ ਦੇ ਦਿਨਾਂ ਵਿਚ ਮਜੂਸੀਆਂ ਤੇ ਸਮਨੀਆਂ ਦੀ ਸੰਗਤ ਕੀਤੀ ਸੀ ਅਤੇ 'ਤਕਾਫ਼ੂ ਅਦੱਲਾ' ਦਾ ਸਿਧਾਂਤ ਓਸ ਨੇ ਸਮਨੀਆਂ ਕੋਲੋਂ ਸਿਖਿਆ ਸੀ। ਫੇਰ ਅਮਕਾ ਸਿਧਾਂਤ ਅਮਕੇ ਤੋਂ ਅਤੇ ਢਿਮਕਾ ਸਿਧਾਂਤ ਢਿਮਕੇ ਤੋਂ ਸਿਖਿਆ ਆਦਿ ਦੀ ਇਕ ਸੂਚੀ ਵੀ ਦਿਤੀ ਗਈ ਹੈ। ਜੋ ਵੀ ਹੈ, ਇਹ ਟੂਕ ਕਿਤਾਬਾਂ ਵਿਚ ਇਕੋ ਤਰ੍ਹਾਂ ਦਰਜ ਹੈ, ਪਰ ਕੇਵਲ ਇਕ ਸ਼ਬਦ ਦਾ ਹਰ ਥਾਂ ਨਵਾਂ ਪਾਠ ਹੈ। ਸਭ ਨਾਲੋਂ ਪੁਰਾਣੀ ਕਿਤਾਬ ਜਿਸ ਵਿਚ ਮੈਨੂੰ ਇਹ ਟੂਕ ਮਿਲੀ ਹੈ ਉਹ ਅਬਦੁਲ ਕਾਦਿਰ ਬਗ਼ਦਾਦੀ (ਮ੍ਰਿਤੂ ਸੰਨ ੪੨੯ ਹਿ. ਸੰਨ ੧੦੩੭ ਈ.) ਦੀ 'ਕਿਤਾਬੁਲ ਫ਼ਰਕ ਬੈਨਿਲ ਫ਼ਿਰਕ' ਹੈ ਏਸ ਕਿਤਾਬ ਵਿਚ ਇਹ ਸ਼ਬਦ 'ਸਮਤੀਆ' (ਸਮਨੀਆ) ਲਿਖਿਆ ਹੈ ਪਰ ਇਕ ਹੋਰ ਪਰਮਾਣੀਕ ਹਦੀਸਦਾਨ ਤੇ ਇਤਿਹਾਸਕਾਰ ਸਮਆਨੀ ਮ੍ਰਿਤੂ ਸੰਨ ੫੬੨ ਨੇ ਏਸ ਪੂਰੀ ਟੂਕ ਨੂੰ ਨਕਲ ਕੀਤਾ

*ਫ਼ਤੂਹੁਲ ਬੁਲਦਾਨ ਬਲਾਜ਼ੁਰੀ, ਫ਼ਤਿਹ ਸਿੰਧ

ਹੈ, ਪਰ "ਸਮਨੀਆ" ਦੀ ਥਾਂ "ਹਸਰੀਆ" ਲਿਖਿਆ ਹੈ ਜੇਹਾ ਕਿ ਇਨ੍ਹਾਂ ਦੀ 'ਕਿਤਾਬੁਲ ਅਨਸਾਬ' ਦੀ ਏਸ ਪੁਰਾਣੀ ਲਿਖਤ ਵਿਚ ਹੈ, ਜਿਸ ਨੂੰ ਗਿਬ ਮੈਮੋਰੀਅਲ ਲੰਦਨ ਨੇ ਸੰਨ ੧੯੧੨ ਈ. ਵਿਚ ਜ਼ਿੰਕੋਗ੍ਰਾਫ ਦੁਆਰਾ ਓਵੇਂ ਜਿਵੇਂ ਛਾਪਿਆ ਹੈ। 'ਹਸਰੀਆ' ਨਾਂ ਦੇ ਕਿਸੇ ਫ਼ਿਰਕੇ ਦਾ ਵਜੂਦ ਮਲੂਮ ਨਹੀਂ। ਗ਼ਾਲਬਨ ਏਸੇ ਲਈ ਕਿਸੇ ਨੇ ਏਸ ਨੂੰ 'ਦਹਰੀਆ' ਕਰ ਦਿੱਤਾ ਹੈ, ਜਿਵੇਂ ਕਿ ਮੌਲਾਨਾ ਸ਼ਿਬਲੀ ਦੀ 'ਇਲਮੁਲ ਕਲਾਮ' ਨਾਂ ਦੀ ਪੁਸਤਕ ਵਿਚ ਨਕਲ ਕੀਤੀ ਟੂਕ ਵਿਚ ਹੈ। ਪਰ ਇਹ ਸਰੀਹਣ ਪਾਠ ਬਦਲੀ ਹੈ। ਏਸ ਸ਼ਬਦ 'ਸਮਨੀਆ' ਤੇ 'ਹਸਰੀਆ' ਦੇ ਭੇਦ ਬਾਰੇ ਮੈਂ ਢੇਰ ਵਿਚਾਰ ਕਰਦਾ ਰਿਹਾ ਪਰ ਅੰਤ ਨੂੰ ਰੱਬ ਦੀ ਕ੍ਰਿਪਾ ਨਾਲ ਇਕ ਸਿੱਟੇ ਤੇ ਪੁਜ ਕੇ ਮੈਨੂੰ ਬਿਲਕੁਲ ਤਸੱਲੀ ਹੋ ਗਈ। ਵਾਸਤਵ ਵਿਚ ਸਮਆਨੀ ਦੇ ਨੁਸਖੇ ਵਿਚ 'ਹਸਰੀਆ' ਨਹੀਂ ਬਲਕਿ 'ਹੇ' ਅਤੇ 'ਸੁਆਦ' ਤੋਂ ਦੋ ਨੁਕਤੇ ਕਾਤਬਾਂ ਨੇ ਉੱਡਾ ਦਿੱਤੇ ਹਨ। ਇਹ ਸ਼ਬਦ 'ਖ਼ਿਜ਼ਰੀਆ' ਹੈ। ਏਸ, ਸਿੱਟੇ ਤਕ ਪੁੱਜਣ ਵਿਚ ਵਿਚਲੇ ਜਿਸ ਸਬੰਧ ਨੇ ਸਹਾਇਤਾ ਦਿੱਤੀ ਉਹ ਇਮਾਮ ਸਮਆਨੀ ਦੇ ਸਮਕਾਲੀ ਫ਼ਿਲੋਸਫ਼ਰ ਤੇ ਹਦੀਸਦਾਨ ਸ਼ਹਿਰਸਤਾਨੀ ਦਾ ਇਹ ਵਿਚਾਰ ਸੀ ਕਿ 'ਬੁਧ' ਬਾਰੇ ਜੋ ਗੱਲਾਂ ਆਖੀਆਂ ਜਾਂਦੀਆਂ ਹਨ ਜੇ ਉਹ ਸਚ ਹਨ ਤਾਂ ਉਹ ਏਸ ਖ਼ਿਜ਼ਰ ਨਾਲ ਮਿਲਦਾ ਜੁਲਦਾ ਹੈ ਜਿਸ ਦੇ ਵਜੂਦ ਦਾ ਦਾਵਾ ਮੁਸਲਮਾਨ ਜੋਤਸ਼ੀ ਅਤੇ ਮੈਸਮਰਾਈਜ਼ਰ ਕੀਤਾ ਕਰਦੇ ਹਨ* ਏਸ ਤੋਂ ਮਲੂਮ ਹੋਇਆ ਕਿ ਬੁਧ ਨੂੰ ਖਿਜ਼ਰ ਮੰਨ ਕੇ ਬੁਧ ਮਤ ਦੇ ਅਨੁਸਾਰੀਆਂ ਦਾ ਨਾਂ ਲੋਕਾਂ ਨੇ ਖਿਜ਼ਰੀਆ ਰਖ ਲਿਆ ਸੀ। ਸਮਆਨੀ ਨੇ ਨਿਜ਼ਾਮ ਦੇ ਹਾਲ ਵਿਚ ਏਸੇ ਫ਼ਿਰਕੇ ਦਾ ਨਾਂ 'ਖਿਜ਼ਰੀਆ' ਲਿਖ ਦਿੱਤਾ। ਏਸ ਬਿਨਾ ਤੇ ਬਗ਼ਦਾਦੀ ਦਾ ਸਮਨੀਆ ਐਤੇ ਸਮਆਨੀ ਦਾ ਖ਼ਿਜ਼ਰੀਆ ਆਖਣਾ ਇਕੋ ਗੱਲ ਹੈ।

---

*ਮਿਲਲ-ਵੱ-ਨਹਲ ਸ਼ਹਿਰਿਸਤਾਨੀ ਜਿ. ੩ ਪੰਨਾ ੨੪੨ ਮਿਲਲ-ਵ-ਨਹਲ ਇਬਨ ਹਜ਼ਮ ਵਾਲੀ ਟੀਕਾ।

ਮੁਹਿੱਮਰਾ

ਬੁਧਾਂ ਦਾ ਇਕ ਤੀਜਾ ਨਾਂ ਅਰਬੀ ਕਿਤਾਬਾਂ ਵਿਚ ਮੁਹਿੱਮਰਾ ਅਰਥਾਤ 'ਲਾਲ ਵਸਤਰ ਪਹਿਨਣ ਵਾਲੇ' ਵੀ ਹੈ*। ਜਿਸ ਤੋਂ ਅਭਿਪਰਾਇ ਸ਼ਾਇਦ ਗੇਰੂਆ ਜਾਂ ਕੇਸਰੀ ਰੰਗ ਹੋਵੇ । ਏਹ ਰੰਗ ਬੁਧਾਂ ਦੇ ਧਾਰਮਕ ਆਗੂਆਂ ਦੀ ਪਛਾਣ ਸੀ ।

ਬੁਧ ਅਤੇ ਬੁਤ

ਏਸ ਸਮੇਂ ਇਕ ਹੋਰ ਸ਼ਬਦ ਵਲ ਧਿਆਨ ਦਿਵਾਉਣਾ ਹੈ, ਉਹ ਸ਼ਬਦ ਬੁਤ ਹੈ ਜਿਸ ਤੋਂ ਬੁਤ-ਪਰਸਤ ਅਤੇ ਬੁਤਖ਼ਾਨਾ ਆਦਿ ਸ਼ਬਦ ਬਣੇ ਹਨ। ਏਸ ਨੂੰ ਆਮਤੌਰ ਤੇ ਇਕ ਫ਼ਾਰਸੀ ਸ਼ਬਦ ਸਮਝਿਆ ਜਾਂਦਾ ਹੈ ਪਰ ਵਾਸਤਵ ਵਿਚ ਇਹ ਸ਼ਬਦ 'ਬੁਧ' ਤੋਂ 'ਬੁਦ' ਅਤੇ 'ਬੁਦ' ਤੋਂ 'ਬੁਤ' ਬਣਿਆ ਹੈ ਕਿਉਂ ਜੋ ਬੁਧ ਦੀ ਮੂਰਤੀ ਦੀ ਉਪਾਸ਼ਨਾ ਹੁੰਦੀ ਸੀ ਏਸ ਕਰਕੇ ਬੁਦ ਦੇ ਅਰਥ ਹੀ ਫ਼ਾਰਸੀ ਵਿਚ ਬੁਤ ਹੋ ਗਏ ਏਸੇ ਕਰਕੇ ਅਰਬੀ ਵਿਚ 'ਬੁਤ' ਨੂੰ 'ਬੁਦ' ਆਖਦੇ ਹਨ ਅਤੇ ਇਸ ਦਾ ਬਹੁਵਚਨ 'ਬਿਦਵਾ' ਹੁੰਦਾ ਹੈ।†

ਸਿਸਲੀ ਦਾ ਬੁਤ ਹਿੰਦੁਸਤਾਨ ਵਿਚ

ਅਰਬਾਂ ਨੂੰ ਏਹ ਚੰਗੀ ਤਰ੍ਹਾਂ ਮਲੂਮ ਸੀ ਕਿ ਬੁਤਾਂ ਤੇ ਮੂਰਤੀਆਂ ਦੇ ਗਾਹਕ ਵਧੇਰੇ ਕਰਕੇ ਹਿੰਦੁਸਤਾਨ ਦੇ ਲੋਕ ਹਨ। ਏਸੇ ਲਈ ਇਹ ਗਲ ਸੁਣਕੇ ਹੈਰਾਨੀ ਹੋਵੇਗੀ ਕਿ ਅਮੀਰ ਮੁਆਵੀਆ ਨੇ ਸੰਨ (੪੬ ਹਿ.) ਵਿਚ ਜਦੋਂ ਸਿਸਲੀ (ਇਟਲੀ) ਉਤੇ ਹਮਲਾ ਕੀਤਾ ਤਾਂ ਓਥੋਂ ਉਨ੍ਹਾਂ ਨੂੰ ਸੋਨੇ ਦੀਆਂ ਮੂਰਤੀਆਂ ਅਤੇ ਬੁਤ ਹੱਥ ਲਗੇ। ਉਨ੍ਹਾਂ ਨੇ ਸੋਚਿਆ ਕਿ ਸੋਨੇ ਦੀ ਅਸਲ ਲਾਗਤ ਤੋਂ ਬਿਨਾਂ ਇਨ੍ਹਾਂ ਮੂਰਤੀਆਂ ਅਤੇ ਬੁਤਾਂ ਦੀ ਬਣਾਈ ਅਤੇ ਕਾਰੀਗਰੀ ਦਾ ਮੁੱਲ ਵੀ ਵਸੂਲ ਹੋ ਜਾਵੇ, ਸੋ ਉਨ੍ਹਾਂ ਨੇ

---

*ਕਿਤਾਬੁਲ ਹਿੰਦ ਬੈਰੂਨੀ ਪੰਨਾ ੫੯੧.

†ਵੇਖੋ ਫ਼ਿਹਿਰਿਸੰਤ ਇਬਨ ਨਦੀਮ ਪੰ. ੩੪੭ ਅਤੇ ਸਫ਼ਰਨਾਮਾ ਸੁਲੇਮਾਨ ਪੰ. ਪਪ. ਪ੭ ਅਤੇ ਕਿਤਾਬੁਲ ਬਦਾਇ-ਵੱ-ਤਾਰੀਖ਼ ਪੰ. ੧੯ ਅਤੇ ਮਿਲਲ-ਵੱ-ਨਹਲ ਸ਼ਹਿਰਿਸਤਾਨੀ ਪੰ.੨੪੦

ਇਨ੍ਹਾਂ ਨੂੰ ਹਿੰਦੁਸਤਾਨ ਭੇਜਕੇ ਵੇਚਣ ਦਾ ਯਤਨ ਕੀਤਾ। ਬਾਜ਼ੇ ਇਤਿਹਾਸ-ਕਾਰਾਂ ਨੇ ਲਿਖਿਆ ਹੈ ਕਿ ਮੁਸਲਾਮਾਨਾਂ ਨੇ ਏਸ ਗਲ ਦੀ ਵਿਰੋਧਤਾ ਕੀਤੀ ਅਤੇ ਏਸ ਤੇ ਅਮਲ ਨਾ ਹੋਇਆ * ਪਰ ਬੈਰੂਨੀ ਦਾ ਬਿਆਨ ਹੈ ਕਿ ਉਹ ਮੂਰਤੀਆਂ ਏਥੇ ਲਿਆਂਦੀਆਂ ਗਈਆਂ ਅਤੇ ਵੇਚੀਆਂ ਗਈਆਂ† ਗਾਲਬਨ ਬੈਰੂਨੀ ਦੇ ਏਸ ਬਿਆਨ ਦਾ ਆਧਾਰ ਵਾਕਦੀ ਦੀ ਰਵਾਇਤ ਹੋ ਸਕਦੀ ਹੈ ਜਿਸ ਨੂੰ ਬਲਾਜ਼ੁਰੀ ਨੇ ‡ ਵੀ ਫ਼ੁਤੂਹੁਲ ਬੁਲਦਾਨ ਵਿਚ ਨਕਲ ਕੀਤਾ ਹੈ।

ਜੋ ਵੀ ਹੈ, ਅਰਬ ਤੇ ਹਿੰਦੁਸਤਾਨ ਦੇ ਇਨ੍ਹਾਂ ਧਾਰਮਕ ਸਬੰਧਾਂ ਨੇ ਆਪਣਾ ਅਸਰ ਦੱਸਿਆ ਅਤੇ ਇਨ੍ਹਾਂ ਦੋਹਾਂ ਕੌਮਾਂ ਨੂੰ ਇਕ ਦੂਜੇ ਤੋਂ ਪਰਭਾਵਤ ਹੋਣ ਦਾ ਮੌਕਾ ਮਿਲਿਆ। ਇੰਨਾ ਤਾਂ ਜ਼ਰੂਰ ਹੋਇਆ ਕਿ ਦੋਹਾਂ ਨੂੰ ਇਕ ਦੂਜੇ ਦੇ ਧਰਮ ਤੋਂ ਕੁਝ ਨਾ ਕੁਝ ਵਾਕਫ਼ੀ ਹੋਈ। ਮੇਰਾ ਵਿਚਾਰ ਇਹ ਹੈ ਕਿ ਏਸ ਸਮੇਂ ਹਿੰਦੁਸਤਾਨ ਵਿਚ ਬੁਧ ਧਰਮ ਦਾ ਜ਼ੋਰ ਸੀ ਅਤੇ ਏਹੀ ਲੋਕ ਅਰਬਾਂ ਦੇ ਧਰਮ ਤੋਂ ਵਧੇਰੇ ਪਰਭਾਵਤ ਹੋਏ। ਏਹ ਪਰਭਾਵ ਸਭ ਤੋਂ ਪਹਿਲਾਂ ਉਨ੍ਹਾਂ ਰਸਤਿਆਂ ਤੇ ਪਿਆ ਵਿਖਾਈ ਦਿੰਦਾ ਹੈ ਜਿਨ੍ਹਾਂ ਰਾਹੀਂ ਅਰਬ ਵਪਾਰੀ ਆਇਆ ਜਾਇਆ ਕਰਦੇ ਸਨ ਅਰਥਾਤ ਕਾਰੋਮੰਡਲ (ਮਾਅਰਬ) ਮਲੀਬਾਰ ਅਤੇ ਕੋਲਮ ਤੋਂ ਲੈਕੇ ਕੱਛ ਅਤੇ ਗੁਜਰਾਤ ਤਕ ਅਤੇ ਓਧਰ ਸਿੰਧ ਤੋਂ ਲੈਕੇ ਕਸ਼ਮੀਰ ਤਕ ।

ਦਖੱਣੀ ਹਿੰਦ ਅਤੇ ਹਿੰਦੁਸਤਾਨ ਦੇ ਦਖੱਣੀ ਟਾਪੂਆਂ ਨਾਲ ਅਰਬਾਂ ਦੇ ਸਬੰਧ ਸਭ ਤੋਂ ਵਧੇਰੇ ਰਹੇ ਹਨ ਅਤੇ ਇਸ ਦਾ ਕਾਰਣ ਵਪਾਰ ਤੋਂ ਬਿਨਾਂ ਸਰੰਦੀਪ ਦੇ ਇਕ ਰਵਾਇਤੀ ਪੈਰ ਚਿੰਨ੍ਹ ਦੀ ਯਾਤਰਾ ਦੀ ਖਿਚ ਵੀ ਸੀ।

ਅਰਬ ਤੇ ਹਿੰਦ ਦਾ ਇਕ ਸਾਝਾਂ ਪਵਿਤਰ ਅਸਥਾਨ

ਪਰਸਿਧ ਹੈ ਕਿ ਸਰੰਦੀਪ, ਸੀਲੋਨ ਜਾਂ ਲੰਕਾ(ਜੋ ਵੀ ਕਹੋ) ਦੇ ਪਹਾੜ ਦੀ ਚਿਟਾਨ ਉੱਤੇ ਪੈਰ ਦਾ ਇਕ ਚਿੰਨ੍ਹ ਹੈ। ਈਸ਼ਵਰ ਜਾਣੇ, ਕਦੋਂ ਤੋਂ ਏਹ ਪੈਰ ਚਿੰਨ੍ਹ ਲੋਕਾਂ ਦੀ ਸ਼ਰਧਾ ਦਾ ਕੇਂਦਰ ਚਲਿਆ ਆਉਂਦਾ ਹੈ। ਪਰ ਸਭ ਤੋਂ

*ਅਮਾਰੀ ਸਿਸਲੀ, ਨਿਹਾਹਿਤੁਲ ਅਰਬ ਦੇ ਆਧਾਰ ਤੇ ਪੰ. ੪੨੬.
†ਕਿਤਾਬੁਲ ਹਿੰਦ ਬੈਰੂਨੀ ਪੰ. ੬੦
‡ਫ਼ੁਤੂਹੁਲ ਬੁਲਦਾਨ ਬਲਾਜ਼ੁਰੀ ਪੰ. ੨੩੫ (ਲੀਡਨ)

ਅਨੋਖੀ ਗੱਲ ਇਹ ਹੈ ਕਿ ਮੁਸਲਮਾਨ ਅਰਬ, ਬੁਧ ਅਤੇ ਸਾਧਾਰਣ ਹਿੰਦੂ ਤਿੰਨੋ ਏਸ ਪੈਰ ਚਿੰਨ੍ਹ ਉੱਤੇ ਦਿਲੀ ਸ਼ਰਧਾ ਰਖਦੇ ਆਏ ਹਨ। ਏਹ ਉਹ ਚੀਜ਼ ਹੈ ਜਿਸਦੀ ਦੂਜੀ ਮਿਸਾਲ ਧਰਮ ਸੰਸਾਰ ਵਿਚ ਪੇਸ਼ ਨਹੀਂ ਕੀਤੀ ਜਾ ਸਕਦੀ ਮੁਸਲਮਾਨ ਏਸ ਨੂੰ ਹਜ਼ਰਤ ਆਦਮ ਦਾ ਪੈਰ ਚਿੰਨ੍ਹ ਸਮਝਦੇ ਹਨ ਅਤੇ ਇਸ ਦਾ ਸਤਕਾਰ ਕਰਦੇ ਹਨ। ਬੁਧ ਉਸ ਨੂੰ ਸ਼ਾਕੀਆ ਮੁਨੀ ਦੇ ਪੈਰ ਦਾ ਚਿੰਨ੍ਹ ਅਤੇ ਹਿੰਦੂ ਸ਼ਿਵ ਦੇ ਪੈਰ ਦਾ ਚਿੰਨ੍ਹ ਸਮਝਦੇ ਹਨ ਅਤੇ ਏਸ ਦੀ ਪੂਜਾ ਕਰਦੇ ਹਨ। ਦੂਰ ਦੂਰ ਤੋਂ ਲੋਕ ਏਸ ਦੀ ਯਾਤਰਾ ਨੂੰ ਜਾਂਦੇ ਹਨ। ਮੁਸਲਮਾਨ ਅਰਬ ਯਾਤਰੂਆਂ ਅਤੇ ਇਰਾਕ ਦੇ ਦਰਵੇਸ਼ਾਂ ਨੂੰ ਏਸ ਦੀ ਯਾਤਰਾ ਦਾ ਬੜਾ ਚਾਅ ਸੀ। ਲੱਗ ਭੱਗ ਹਰੇਕ ਸਮੁੰਦਰੀ ਸਫ਼ਰ ਕਰਨ ਵਾਲੇ ਅਰਬ ਯਾਤਰੂ ਨੇ ਏਸ ਦਾ ਵਰਨਣ ਕੀਤਾ ਹੈ ਅਤੇ ਏਸ ਦੀ ਯਾਤਰਾ ਦਾ ਸ਼ੌਕ ਉਸ ਨੂੰ ਏਥੇ ਖਿਚ ਲਿਆਇਆ ਹੈ। ਅਖ਼ੀਰ ਏਹੀ ਚੀਜ਼ ਇਸ ਟਾਪੂ ਵਿਚ ਮੁਸਲਮਾਨ ਦਰਵੇਸ਼ਾਂ ਦੀ ਬਹੁਤ ਆਵਾਜਾਵੀ ਦਾ ਕਾਰਨ ਬਣ ਗਈ ਅਤੇ ਉਨ੍ਹਾਂ ਦੀ ਏਥੇ ਵਧੇਰੇ ਆਵਾਜਾਵੀ ਦੇ ਕਾਰਣ ਇਸਲਾਮ ਦੇ ਪੈਰ ਉੱਥੇ ਜੰਮ ਗਏ। ਇਬਨ ਬਤੂਤਾ ਦੇ ਸਮੇਂ ਏਥੋਂ ਦਾ ਰਾਜਾ ਹਿੰਦੂ ਸੀ ਪਰ ਚਿੰਨ੍ਹ ਵਾਲੇ ਪਰਬਤ ਦੇ ਲਾਗੇ ਖ਼ਵਾਜਾ ਖ਼ਿਜਰ ਦੀ ਖੁੰਦਰ ਵੀ ਵਿਖਾਈ ਦਿੰਦੀ ਸੀ। ਕਿਤੇ ਬਾਬਾ ਤਾਹਿਰ ਦੀ ਖੁੰਦਰ ਮਿਲਦੀ ਸੀ। ਚੀਲਾਉ (ਸਲਾਇਮ) ਵਿਚ ਹਾਥੀਆਂ ਦੀ ਬਹੁਲਤਾ ਸੀ ਪਰ ਇਕ ਸ਼ੀਰਾਜ਼ੀ ਬਜ਼ੁਰਗ ਸ਼ੈਖ਼ ਅਬੱਦੁਲਾ ਖ਼ਫ਼ੀਫ਼ (ਮ੍ਰਿਤੂ ਸੰਨ ੩੩੧ ਹਿ.) ਦੀ ਦੁਆ ਦੀ ਬਰਕਤ ਕਾਰਣ ਇਹ ਕਿਸੇ ਨੂੰ ਤਕਲੀਫ ਨਹੀਂ ਦਿੰਦੇ। ਏਸ ਲਈ ਉਸ ਸਮੇਂ ਤੋਂ ਜਦੋਂ ਕਿ ਏਸ ਬਜ਼ੁਰਗ ਫ਼ਕੀਰ ਦੀ ਏਹ ਕਰਾਮਾਤ ਜ਼ਾਹਰ ਹੋਈ ਹੈ, ਉਥੋਂ ਦੇ ਮੂਰਤੀ-ਪੂਜਕ ਵੀ ਮੁਸਲਮਾਨਾਂ ਦਾ ਸਤਕਾਰ ਕਰਦੇ ਹਨ। ਇਨ੍ਹਾਂ ਨੂੰ ਆਪਣੇ ਘਰੀਂ ਠਹਿਰਾਉਂਦੇ ਹਨ ਅ ਆਪਣਿਆਂ ਬਾਲ ਬਚਿਆਂ ਵਿਚ ਇਨ੍ਹਾਂ ਨੂੰ ਰਹਿਣ ਦੀ ਆਗਿਆ ਦਿੰਦੇ ਹਨ ਅਤੇ ਹੁਣ ਤਕ (ਇਬਨ ਬਤੂਤਾ ਦੇ ਸਮੇਂ ਤਕ) ਸ਼ੈਖ਼ ਅਬੱਦੁਲਾ ਦੇ ਨਾਂ ਦਾ ਸਨਮਾਮ ਕਰਦੇ ਹਨ।

ਹਿੰਦੁਸਤਾਨ ਵਿਚ ਇਸਲਾਮ

ਜੋ ਵੀ ਹੋਵੇ, ਇਸ ਪਰਕਾਰ ਦੇ ਅਨੇਕ ਵਪਾਰਕ, ਸਮਾਜਕ

ਤੇ ਰਾਜਸੀ ਸਬੰਧਾਂ ਦਾ ਇਹ ਸਿੱਟਾ ਨਿਕਲਿਆ ਕਿ ਸਿੰਧ ਗੁਜਰਾਤ ਕਾਰੋਮੰਡਲ, ਮਲੀਬਾਰ, ਮਾਲਦੀਪ, ਸਰੰਦੀਪ ਅਤੇ ਜਾਵਾ ਵਿਚ ਇਸਲਾਮ ਨੇ ਹੌਲੀ ਹੌਲੀ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ। ਇਨ੍ਹਾਂ ਟਾਪੂਆਂ ਵਿਚ ਇਕ ਪਾਸੇ ਹਿੰਦੂਆਂ ਅਤੇ ਦੂਜੇ ਪਾਸੇ ਚੀਨੀਆਂ ਦੇ ਪਰਭਾਵ ਹੇਠ ਬੁਧ ਮਤ ਫੈਲਿਆ ਹੋਇਆ ਸੀ। ਪਰ ਹਰ ਸਦੀ ਦੇ ਭੂਗੋਲਾਂ ਤੇ ਸਫ਼ਰ ਨਾਮਿਆਂ ਦੇ ਪੜ੍ਹਨ ਤੋਂ ਮਲੂਮ ੍ਹੰਦਾ ਹੈ ਕਿ ਲੜਾਈ ਭੜਾਈ ਤੋਂ ਬਿਨਾਂ ਪੂਰੇ ਅਮਨ ਚੈਨ ਨਾਲ ਇਸਲਾਮ ਦੇ ਪਰਭਾਵ ਏਥੇ ਵਧਦੇ ਜਾਂਦੇ ਹਨ ਅਤੇ ਦੋਹਾਂ ਕੌਮਾਂ ਲਈ ਇਕ ਦੂਜੇ ਤੋਂ ਵਾਕਫ਼ੀ ਦਾ ਮੌਕਾ ਮਿਲਦਾ ਜਾਂਦਾ ਹੈ। ਏਸ ਸਮੇਂ ਦੀਆਂ ਕੁਝ ਫੁਟਕਲ ਘਟਨਾਵਾਂ ਬਿਆਨ ਕਰਨ ਪਿਛੋਂ ਇਹ ਪਰਕਰਣ ਸਮਾਪਤ ਕੀਤਾ ਜਾਵੇਗਾ।

ਪੰਜਾਬ ਜਾਂ ਸਰਹਦ ਦੇ ਇਕ ਰਾਜਾ ਦਾ ਮੁਸਲਮਾਨ ਹੋ ਜਾਣਾ

ਬਲਾਜ਼ੁਰੀ ਜੋ ਤੀਜੀ ਸਦੀ ਹਿਜ਼ਰੀ (ਨੌਂਵੀਂ ਸਦੀ ਈਸਵੀ) ਦੇ ਅੰਤ ਦਾ ਇਤਿਹਾਸਕਾਰ ਹੈ ਬਿਆਨ ਕਰਦਾ ਹੈ ਕਿ ਕਸ਼ਮੀਰ, ਕਾਬੁਲ ਤੇ ਮੁਲਤਾਨ ਦੇ ਵਿਚਕਾਰ ਅਸੀਫ਼ਾਨ (ਅਸੀਵਾਨ)* ਨਾਂ ਦਾ ਇਕ ਸ਼ਹਿਰ ਵਸਦਾ ਸੀ। ਏਥੋਂ ਦੇ ਰਾਜੇ ਦਾ ਇਕ ਲਾਡਲਾ ਪੁਤਰ ਬਹੁਤ ਸਖ਼ਤ ਬੀਮਾਰ ਹੋਇਆ। ਰਾਜੇ ਨੇ ਮੰਦਰ ਦੇ ਪੁਜਾਰੀਆਂ ਨੂੰ ਸਦ ਕੇ ਆਖਿਆ ਕਿ ਏਸ ਦੀ ਕੁਸ਼ਲਤਾ ਲਈ ਪਰਾਰਥਨਾ ਕੀਤੀ ਜਾਵੇ। ਪੁਜਾਰੀਆਂ ਨੇ ਅਗਲੇ ਦਿਨ ਆਕੇ ਆਖਿਆ ਕਿ ਪਰਾਰਥਨਾ ਕੀਤੀ ਗਈ ਹੈ ਅਤੇ ਦੇਵਤਿਆਂ ਨੇ ਉਸ ਦੇ ਜੀਉਂਦੇ ਰਖਣ ਦਾ ਵਚਨ ਕੀਤਾ ਹੈ, ਪਰ ਸੰਜੋਗ ਨਾਲ ਉਹ ਮੁੰਡਾ ਏਸ ਤੋਂ ਥੋੜੇ ਚਿਰ ਪਿਛੋਂ ਮਰ ਗਿਆ। ਰਾਜੇ ਨੂੰ ਬੜਾ ਸਖ਼ਤ ਦੁਖ ਹੋਇਆ। ਏਸੇ ਵੇਲੇ ਜਾਕੇ ਮੰਦਰ ਢੁਆ ਦਿਤਾ ਅਤੇ

---

*ਅਮੀਰ ਖੁਸਰੋ ਨੇ ਖਜ਼ਾਇਨੁਲਫੁਤੂਹ ਵਿਚ 'ਸੀਵਾਨ' ਨਾਂ ਦੇ ਇਕ ਕਿਲ੍ਹੇ ਦਾ, ਜੋ ਦਿਲੀਓਂ ਸੌ ਫ਼ਰਸੰਗ ਦੀ ਵਿਥ ਤੇ ਸੀ ਅਤੇ ਸੰਨ ੭੦੮ ਵਿਚ ਸੀਤਲ ਚੰਦ ਏਸ ਦਾ ਰਾਜਾ ਸੀ, ਜ਼ਿਕਰ ਕੀਤਾ ਹੈ।

ਪੁਜਾਰੀਆਂ ਨੂੰ ਕਤਲ ਕਰ ਦਿਤਾ। ਫੇਰ ਸ਼ਹਿਰ ਵਿਚ ਜੋ ਮੁਸਲਮਾਨ ਸੁਦਾਗਰ ਸਨ ਉਨ੍ਹਾਂ ਨੂੰ ਬੁਲਾਕੇ ਉਨ੍ਹਾਂ ਦੇ ਧਰਮ ਦਾ ਹਾਲ ਪੁੱਛਿਆ। ਉਨ੍ਹਾਂ ਨੇ ਇਸਲਾਮ ਦੇ ਸਿਧਾਂਤ ਦਸੇ। ਰਾਜਾ ਮੁਸਲਮਾਨ ਹੋ ਗਿਆ।* ਬਲਾਜ਼ੁਰੀ ਆਖਦਾ ਹੈ ਕਿ "ਇਹ ਘਟਨਾ ਖ਼ਲੀਫ਼ਾ ਮੁਅਤਾਸਮ ਬਿੱਲਾ ਦੇ ਸਮੇਂ ਵਾਪਰੀ" ਮੁਅਤਾਸਮ ਬਿੱਲਾ ਦਾ ਸਮਾਂ ਸੰਨ ੨੧੮ ਹਿ. ਤੋਂ ਸੰਨ ੨੨੭ ਹਿ. ਤਕ ਹੈ।

ਅਰਬਾਂ ਤੇ ਹਿਦੂਆਂ ਵਿਚ ਧਾਰਮਕ ਸ਼ਾਸਤਰਾਰਥ

ਏਹ ਸਬੰਧ ਏਸ ਹਦ ਤਕ ਵਧ ਚੁਕੇ ਸਨ ਕਿ ਅਰਬ ਮੁਸਲਮਾਨਾਂ ਅਤੇ ਹਿੰਦੂਆਂ ਬਲਕਿ ਬੁਧਾਂ ਵਿਚ ਵੀ ਮਿਤਰਾਂ ਦੀ ਤਰ੍ਹਾਂ ਧਰਮ ਸਬੰਧੀ ਸ਼ਾਸਤਰਾਰਥ ਹੁੰਦੇ ਸਨ। ਮੁਅਤਾਸਮ ਦੇ ਪਿਤਾ ਹਾਰੂੰ ਰਸ਼ੀਦ (ਦੂਜੀ ਸਦੀ ਹਿਜਰੀ ਦਾ ਅੰਤ) ਦੇ ਸਮੇਂ ਦੀ ਘਟਨਾ ਹੈ ਕਿ ਹਿੰਦੁਸਤਾਨ ਦੇ ਕਿਸੇ ਰਾਜੇ ਨੇ ਹਾਰੂੰ ਰਸ਼ੀਦ ਨੂੰ ਆਖ ਭੇਜਿਆ ਕਿ "ਆਪ ਆਪਣੇ ਧਰਮ ਦੇ ਕਿਸੇ ਵਿਦਵਾਨ ਨੂੰ ਮੇਰੇ ਕੋਲ ਭੇਜ ਦੇਵੋ ਜੋ ਮੈਨੂੰ ਇਸਲਾਮ ਬਾਰੇ ਦ ਅਤੇ ਮੇਰੇ ਰੂਬਰੂ ਮੇਰੇ ਇਕ ਪੰਡਤ ਨਾਲ ਸ਼ਾਸਤਰਾਰਥ ਕਰੇ। ਦੂਜੀ ਰਵਾਇਤ ਇੰਜ ਹੈ ਕਿ ਕਿਸੇ ਰਾਜੇ ਦੇ ਪਾਸ ਬੁਧ ਧਰਮ ਦਾ ਇਕ ਵਿਦਵਾਨ ਪੰਡਤ ਸੀ ਏਸ ਨੇ ਰਾਜੇ ਨੂੰ ਤਿਆਰ ਕੀਤਾ ਸੀ ਅਤੇ ਉਸ ਨੇ ਆਖ ਭੇਜਿਆ ਸੀ ਕਿ ਮੈਨੂੰ ਏਹ ਆਖਿਆ ਗਿਆ ਹੈ ਕਿ 'ਤਲਵਾਰ ਤੋਂ ਛੁਟ ਆਪਦੇ ਪਾਸ ਆਪਦੇ ਧਰਮ ਦੀ ਸਚਿਆਈ ਦੀ ਕੋਈ ਦਲੀਲ ਨਹੀਂ ਹੈ, ਜੇ ਆਪਨੂੰ ਆਪਣੇ ਧਰਮ ਦੀ ਸਚਿਆਈ ਦਾ ਵਿਸ਼ਵਾਸ ਹੋਵੇ ਤਾਂ ਆਪ ਆਪਣੇ ਕਿਸੇ ਵਿਦਵਾਨ ਨੂੰ ਭੇਜੋ ਜੋ ਆਕੇ ਮੇਰੇ ਇਕ ਪੰਡਤ ਨਾਲ ਸ਼ਾਸਤਰਾਰਥ ਕਰੇ। ਖ਼ਲੀਫ਼ਾ ਨੇ ਇਕ ਅੱਛੇ ਹਦੀਸਦਾਨ ਵਿਦਵਾਨ ਨੂੰ ਏਸ ਕੰਮ ਲਈ ਭੇਜ ਦਿਤਾ। ਪੰਡਤ ਨੇ ਜਦੋਂ ਅਕਲੀ ਇਤਰਾਜ਼ ਸ਼ੁਰੂ ਕੀਤੇ ਤਾਂ ਮੁਲਾਂ ਜੀ ਨੇ ਉਤਰ ਵਿਚ ਹਦੀਸਾਂ ਪੇਸ਼ ਕਰਨੀਆਂ ਸ਼ੁਰੂ ਕਰ ਦਿਤੀਆਂ। ਪੰਡਤ ਨੇ ਆਖਿਆ ਕਿ ਇਹ ਤਾਂ ਉਨ੍ਹਾਂ ਲਈ ਪਰਮਾਣੀਕ ਹਨ ਜੋ ਤੁਹਾਡੇ ਧਰਮ ਨੂੰ ਮੰਨਦੇ ਹੋਣ। ਇਕ ਰਵਾਇਤ ਵਿਚ ਹੈ ਕਿ ਪੰਡਤ ਨੇ

*ਫ਼ਤੂਹੁਲਬੁਲਦਾਨ ਬਲਾਜ਼ੁਰੀ ਪੰ. ੪੪੬

ਪੁੱਛਿਆ ਜੇ ਤੁਹਾਡਾ ਖ਼ੁਦਾ ਹਰੇਕ ਸ਼ੈ ਦੀ ਸਮਰਥਾ ਰਖਦਾ ਹੈ ਤਾਂ ਕੀ ਉਸ ਵਿਚ ਆਪਣੇ ਵਰਗੀ ਕਿਸੇ ਹੋਰ ਵਿਅਕਤੀ ਨੂੰ ਵੀ ਬਣਾਉਣ ਦੀ ਸਮਰਥਾ ਹੈ? ਉਸ ਭੋਲੇ ਭਾਲੇ ਮੁਲਾਂ ਨੇ ਆਖਿਆ ਏਸ ਤਰ੍ਹਾਂ ਦੀਆਂ ਗੱਲਾਂ ਦਾ ਉਤਰ ਦੇਣਾ ਸਾਡਾ ਕੰਮ ਨਹੀਂ ਏਹ ਤਰਕਵੇਤਾਵਾਂ ਦਾ ਕੰਮ ਹੈ। ਰਾਜੇ ਨੇ ਏਸ ਵਿਦਵਾਨ ਨੂੰ ਵਾਪਸ ਕਰ ਦਿਤਾ ਅਤੇ ਹਾਰੂੰ ਰਸ਼ੀਦ ਨੂੰ ਆਖ ਭੇਜਿਆ ਕਿ ਪਹਿਲਾਂ ਤਾਂ ਵੱਡਿਆਂ ਦੇ ਕਹਿਣ ਤੇ ਮੈਨੂੰ ਪਤਾ ਲੱਗਾ ਸੀ ਪਰ ਹੁਣ ਆਪਣੀ ਅਖੀਂ ਵੇਖ ਕੇ ਨਿਸਚਾ ਹੋ ਗਿਆ ਹੈ ਕਿ ਤੁਹਾਡੇ ਪਾਸ ਤੁਹਾਡੇ ਧਰਮ ਦੀ ਸਚਿਆਈ ਦੀ ਕੋਈ ਦਲੀਲ ਨਹੀਂ। ਖ਼ਲੀਫ਼ਾ ਨੇ ਤਰਕਵੇਤਾਵਾਂ ਨੂੰ ਸਦਕੇ ਇਹ ਪਰਸ਼ਨ ਉਨ੍ਹਾਂ ਦੇ ਅੱਗੇ ਰਖਿਆ। ਉਨ੍ਹਾਂ ਵਿਚੋਂ ਇਕ ਛੋਟੀ ਅਵਸਥਾ ਦੇ ਬਾਲਕ ਨੇ ਉਠ ਕੇ ਕਿਹਾ "ਹੇ ਮੁਸਲਮਾਨਾਂ ਦੇ ਸੁਆਮੀ! ਏਹ ਇਤਰਾਜ਼ ਠੀਕ ਨਹੀਂ ਹੈ। ਅੱਲਾ ਜਾਂ ਈਸ਼ਵਰ ਉਹ ਹਸਤੀ ਹੈ, ਜਿਸ ਨੂੰ ਨਾ ਕਿਸੇ ਨੇ ਬਣਾਇਆ ਹੈ ਨਾ ਪੈਦਾ ਕੀਤਾ ਹੈ ਅਤੇ ਜੋ ਨਾ ਕਿਸੀ ਦਾ ਸਿਰਜਿਆ ਹੋਇਆ ਹੈ। ਹੁਣ ਜੇ ਉਹ ਆਪਣੇ ਜੇਹਾ ਕੋਈ ਦੂਜਾ ਅੱਲਾ ਪੈਦਾ ਕਰੂਗਾ, ਤਾਂ ਉਹ ਉਸ ਜਿਹਾ ਕਦੰਤ ਨਹੀਂ ਹੋ ਸਕੇਗਾ ਕਿਉਂ ਕਿ ਆਖ਼ਰ ਉਹ ਉਸ ਦਾ ਬਣਾਇਆ ਹੋਇਆ ਹੋਵੇਗਾ। ਫੇਰ ਦੂਜੀ ਗਲ ਇਹ ਹੈ ਕਿ ਠੀਕ ਖ਼ੁਦਾ ਦੀ ਤਰ੍ਹਾਂ ਜੇ ਕੋਈ ਹੋਰ ਖ਼ੁਦਾ ਹੋ ਜਾਵੇ ਤਾਂ ਇਸ ਵਿਚ ਖ਼ੁਦਾ ਦਾ ਅਪਮਾਨ ਹੈ। ਖ਼ੁਦਾ ਦਾ ਕਿਸੇ ਪਰਕਾਰ ਅਪਮਾਨ ਹੋ ਨਹੀਂ ਸਕਦਾ ਅਤੇ ਖ਼ੁਦਾ ਨੂੰ ਆਪਣਾ ਅਪਮਾਨ ਕਰਨ ਦਾ ਅਧਿਕਾਰ ਨਹੀਂ ਹੈ। ਇਹ ਪਰਸ਼ਨ ਤਾਂ ਅਜੇਹਾ ਹੈ ਜਿਵੇਂ ਕੋਈ ਆਖੇ ਕਿ ਕੀ ਖ਼ੁਦਾ ਮੂਰਖ ਹੋ ਸਕਦਾ ਹੈ? ਕੀ ਖ਼ੁਦਾ ਮਰ ਸਕਦਾ ਹੈ? ਕੀ ਖ਼ੁਦਾ ਖਾ ਸਕਦਾ ਹੈ ਜਾਂ ਪੀ ਸਕਦਾ ਹੈ ਜਾਂ ਸੌਂ ਸਕਦਾ ਹੈ? ਸਭ ਲੋਕ ਜਾਣਦੇ ਹਨ ਕਿ ਈਸ਼ਵਰ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਕਰ ਸਕਦਾ ਕਿਉਂਕਿ ਇਹ ਸਭ ਕੁਝ ਉਸ ਦੀ ਸ਼ਾਨ ਦੇ ਵਿਰੁਧ ਹੈ। ਏਹ ਉਤਰ ਸਭ ਨੇ ਪਸੰਦ ਕੀਤਾ, ਖ਼ਲੀਫ਼ਾ ਨੇ ਚਾਹਿਆ ਕਿ ਏਸੇ ਬਾਲਕ ਨੂੰ ਏਸ ਪੰਡਤ ਦੇ ਟਾਕਰੇ ਲਈ ਹਿੰਦੁਸਤਾਨ ਘਲਿਆ ਜਾਵੇ। ਪਰ ਸਿਆਣਿਆਂ ਨੇ ਬੇਨਤੀ ਕੀਤੀ ਕਿ

ਹਜ਼ੂਰ ! ਜੋ ਵੀ ਹੈ, ਇਹ ਅਜੇ ਇਆਣਾ ਹੈ। ਜੇ ਇਕ ਉੱਤਰ ਭੁਹ ਗਿਆ ਤਾਂ ਜ਼ਰੂਰੀ ਨਹੀਂ ਕਿ ਏਸ ਨੂੰ ਸਾਰੇ ਉੱਤਰ ਸੁਝ ਜਾਣ। ਸੋ ਇਕ ਹੋਰ ਪਰਸਿਧ ਤਰਕਵੇਤਾ ਨੂੰ ਚੁਣ ਕੇ ਖ਼ਲੀਫ਼ਾ ਨੇ ਹਿੰਦੁਸਤਾਨ ਘੱਲਿਆ। ਇਕ ਰਵਾਇਤ ਵਿਚ ਇਉਂ ਹੈ ਕਿ ਉਹ ਬੋਧੀ ਏਸ ਤਰਕਵੇਤਾ* ਨਾਲ ਕਦੇ ਸ਼ਾਸਤਰਾਰਥ ਕਰ ਚੁਕਿਆ ਤੇ ਭਾਜ ਖਾ ਚੁਕਿਆ ਸੀ। ਦੂਜੀ ਰਵਾਇਤ ਇਹ ਹੈ ਕਿ ਏਸ ਪੰਡਤ ਨੇ ਰਸਤੇ ਵਿਚ ਹੀ ਇਕ ਆਦਮੀ ਘੱਲਕੇ ਪਤਾ ਕਢਿਆ ਕਿ ਏਹ ਨਿਰਾ ਮੁਲਾਂ ਹੀ ਹੈ ਜਾਂ ਤਰਕ-ਵਿਦਿਆ ਤੋਂ ਵੀ ਜਾਣੂ ਹੈ। ਜਦੋਂ ਏਸ ਨੂੰ ਪਤਾ ਲੱਗਾ ਕਿ ਉਹ ਤਰਕ ਵਿਦਿਆ ਦਾ ਵੀ ਬਹੁਤ ਵੱਡਾ ਪੰਡਤ ਹੈ ਤਾਂ ਫੇਰ ਦੋਵੇਂ ਰਵਾਇਤਾਂ ਦਸਦੀਆਂ ਹਨ ਕਿ ਏਸ ਪੰਡਤ ਨੇ, ਏਸ ਦੇ ਟਾਕਰੇ ਵਿਚ ਆਪਣੇ ਆਪਨੂੰ ਕਮਜ਼ੋਰ ਪਾਕੇ ਏਸ ਤੋਂ ਪਹਿਲਾਂ ਕਿ ਉਹ ਮੁਸਲਮਾਨ ਸ਼ਾਸਤਰਾਰਥੀ ਰਾਜੇ ਦੇ ਦਰਬਾਰ ਵਿਚ ਪਹੁੰਚੇ, ਰਸਤੇ ਵਿਚ ਹੀ ਉਸ ਨੂੰ ਜ਼ਹਿਰ ਦੁਆ ਦਿੱਤਾ।†

ਭਾਵੇਂ ਏਸ ਵਾਰਤਾ ਦੇ ਸਾਰੇ ਅੰਗ ਠੀਕ ਹੋਣ ਜਾਂ ਨਾ ਹੋਣ ਪਰ ਜੋ ਵੀ ਹੈ, ਏਸ ਤੋਂ ਇੰਨਾ ਸਿਧ ਹੁੰਦਾ ਹੈ ਕਿ ਦੋਹਾਂ ਕੌਮਾਂ ਦੇ ਧਾਰਮਕ ਸਬੰਧਾਂ ਅਤੇ ਜੋੜ ਮੇਲਾਂ ਨੇ ਏਸ ਹਦ ਤਕ ਉੱਨਤੀ ਕਰ ਲਈ ਸੀ।

ਇਕ ਸ਼ਾਸ਼ਤਰਾਰਥੀ ਰਾਜਾ

ਇਤਹਾਸਕਾਰ ਮਸਊਦੀ, ਜੋ ਸੰਨ ੩੦੩ ਹਿ. ਵਿਚ ਹਿੰਦੁਸਤਾਨ ਆਇਆ ਸੀ, ਖੰਬਾਇਤ ਦੇ ਹਾਲ ਵਿਚ ਲਿਖਦਾ ਹੈ ਕਿ:

"ਮੈਂ ਜਦੋਂ ਸੰਨ ੩੦੨ ਹਿ. ਵਿਚ ਏਥੇ ਆਇਆ ਤਾਂ ਏਥੋਂ ਦਾ ਹਾਕਮ ਇਕ ਬਾਣੀਆਂ (ਬਣੀਆ) ਸੀ ਜੋ ਬ੍ਰਾਹਮਣੀ ਮਤ ਦਾ ਅਨੁਸਾਰੀ ਸੀ ਅਤੇ ਉਹ ਮਹਾਂ ਨਗਰ ਦੇ ਰਾਜਾ ਵਲਭ ਰਾਏ ਦੇ ਅਧੀਨ ਸੀ। ਉਸ

*ਧਰਮ ਦੀਆਂ ਗਲਾਂ ਨੂੰ ਬੁਧੀ ਅਤੇ ਤਰਕ ਨਾਲ ਠੀਕ ਸਿਧ ਕਰਨਾ(ਕਲਾਮ) ਅਖਵਾਉਂਦਾ ਹੈ ਏਸ ਦਾ ਮਤਲਬ ਤਰਕ ਸ਼ਾਸਤਰ ਹੈ। ਉਲਥਾਕਾਰ

†ਕਿਤਾਬੁਲ ਮਨੀਆ–ਵਲ–ਅਮਲ ਫ਼ੀ ਸ਼ਰਹ ਕਿਤਾਬੁਲ ਮਿਲਲ-ਵੱ-ਨਹਲ ਕ੍ਰਿਤ ਅਹਿਮਦ ਬਿਨ ਯਹਿਯਲ ਮੁਰਤਜ਼ਾ ਬਾਬ ਜ਼ਿਕਰੁਲ ਮੁਅਤਜ਼ਿਲਾ ਹੈਦਰਾਬਾਦ ਦਖਣ ਦੀ ਛਪੀ ਹੋਈ ਸੰਨ ੧੩੧੬ ਹਿ. ਪੰ. ੩੧-੩੪.

ਨੂੰ ਸ਼ਾਸਤਰਾਰਥ ਦਾ ਬੜਾ ਸ਼ੌਕ ਸੀ। ਏਸ ਦੇ ਸ਼ਹਿਰ ਵਿਚ ਬਾਹਰ ਤੋਂ ਜੋ ਨਵੇਂ ਮੁਸਲਮਾਨ ਜਾ ਹੋਰ ਧਰਮਾਂ ਦੇ ਲੋਕ ਆਉਂਦੇ ਸਨ, ਉਹ ਉਨ੍ਹਾਂ ਨਾਲ ਬਹਿਸ ਤੇ ਸ਼ਾਸਤਰਾਰਥ ਕਰਦਾ ਹੁੰਦਾ ਸੀ''।*

ਬੁਧਾਂ ਨਾਲ ਇਕ ਹੋਰ ਸ਼ਾਸਤਰਾਰਥ

ਬੁਧ ਮਤ ਵਾਲੇ ਕੇਵਲ ਉਹੀ ਗਿਆਨ ਮੰਨਦੇ ਸਨ ਜੋ ਬਾਹਰਲੀਆਂ ਇੰਦਰੀਆਂ ਰਾਹੀਂ ਪਰਾਪਤ ਹੁੰਦਾ ਸੀ, ਹੋਰ ਕਿਸੇ ਮਾਧਿਅਮ ਰਾਹੀਂ ਹੋਣ ਵਾਲੇ ਗਿਆਨ ਨੂੰ ਨਹੀਂ ਮੰਨਦੇ ਸਨ। ਸੋ ਬਸਰਾ ਵਿਚ ਜੋ ਏਸ ਸਮੇਂ (ਦੂਜੀ ਸਦੀ ਦੇ ਮੱਧ ਵਿਚ) ਅਨੇਕ ਧਰਮਾਂ ਤੇ ਸੰਪਰਦਾਵਾਂ ਦੇ ਲੋਕਾਂ ਦਾ ਗੜ੍ਹ ਸੀ, ਵਾਸਿਲ ਬਿਨ ਅਤਾ, ਜਹਿਮ ਬਿਨ ਸੁਫਵਾਨ ਅਤੇ ਬੁਧਾਂ ਵਿਚ ਏਸ ਵਿਸ਼ੇ ਤੇ ਸ਼ਾਸਤਰਾਰਥ ਹੋਇਆ ਸੀ। ਅਖ਼ੀਰ ਵਾਸਲ ਨੇ ਆਪਣੀਆਂ ਦਲੀਲਾਂ ਨਾਲ ਇਨ੍ਹਾਂ ਨੂੰ ਹਰਾ ਦਿੱਤਾ।†

ਇਕ ਮੁਸਲਮਾਨ ਦਾ ਮੂਰਤੀ ਪੂਜਕ ਹੋ ਜਾਣਾ

ਸੰਨ ੩੧੦ ਹਿ. ਦਾ ਇਕ ਅਰਬ ਯਾਤਰੂ, ਜੋ ਬੈਤੁਲ ਮੁਕੱਦਸ ਦਾ ਵਸਨੀਕ ਸੀ, ਸਿੰਧ ਦੇ ਬੁਤ ਖ਼ਾਨੇ ਦੇ ਵੇਰਵੇ ਵਿਚ ਆਖਦਾ ਹੈ ਕਿ 'ਹਬਰਵਾ' ਵਿਚ ਪਥਰ ਦੀਆਂ ਦੋ ਵਿਲਖਣ ਮੂਰਤੀਆਂ ਹਨ। ਵੇਖਣ ਵਿਚ ਉਹ ਸੋਨੇ-ਚਾਂਜੀ ਦੀਆਂ ਮਲੂਮ ਹੁੰਦੀਆਂ ਹਨ। ਆਖਦੇ ਹਨ ਕਿ ਏਥੇ ਆਕੇ ਲੋਕ ਜੋ ਦੁਆ ਮੰਗਦੇ ਹਨ ਉਹ ਕਬੂਲ ਹੋ ਜਾਂਦੀ ਹੈ। ਏਸ ਦੇ ਲਾਗੇ ਇਕ ਹਰੇ ਰੰਗ ਦੇ ਪਾਣੀ ਦਾ ਸੋਮਾਂ ਹੈ ਜੋ ਬਿਲਕੁਲ ਜੰਗਾਲੀ ਮਲੂਮ ਹੁੰਦੀ ਹੈ। ਇਹ ਜ਼ਖ਼ਮਾ ਲਈ ਬੜਾ ਗੁਣਕਾਰ ਹੈ ਏਥੇ ਦੇ ਪੁਜਾਰੀਆਂ ਦਾ ਖ਼ਰਚ ਦੇਵ ਦਾਸੀਆਂ ਦੇ ਰਾਹੀਂ ਪੂਰਾ ਹੁੰਦਾ ਹੈ। ਬੜੇ ਬੜੇ ਲੋਕ ਏਥੇ ਆਪਣੀਆਂ ਧੀਆਂ ਲਿਆਕੇ ਚੜ੍ਹਾਉਂਦੇ ਹਨ। ਮੈਂ ਇਕ ਮੁਸਲਮਾਨ ਵੇਖਿਆ, ਜੋ ਇਨ੍ਹਾਂ ਦੋਹਾਂ ਮੂਰਤੀਆਂ ਦੀ ਪੂਜਾ ਕਰਨ ਲੱਗ ਪਿਆ ਸੀ ਫੇਰ ਪਿਛੋਂ ਨੈਸ਼ਾਪੁਰ ਜਾਕੇ ਉਹ ਮੁਸਲਮਾਨ ਹੋ ਗਿਆ ਏਹ ਦੋਵੇਂ ਮੂਰਤੀਆਂ ਜਾਦੂ ਦੀਆਂ ਹਨ ਕੋਈ ਉਨ੍ਹਾਂ ਨੂੰ

*ਮਰੂਜੁਜ਼ੱਹਬ ਮਸਊਦੀ ਜਿ. ੧ ਪੰ. ੨੫੪ (ਲੀਡਨ)

†ਸ਼ਰਹ ਕਿਤਾਬੁਲ ਮਿਲਿਲ ਵੱ ਨਹਿਲ ਮੁਰਤਜ਼ਾ ਜ਼ੈਦੀ ਹੈਦਰਾਬਾਦ ਦੀਂ ਛਪੀ ਹੋਈ ਵਾਸਿਲ ਬਿਨ ਅਤਾ ਦਾ ਹਾਲ

ਹੱਥ ਨਾਲ ਛੂ ਨਹੀਂ ਸਕਦਾ ।*

ਕੁਰਾਨ ਪਾਕ ਦਾ ਅਜ ਤੋਂ ਇਕ ਹਜ਼ਾਰ ਸਾਲ ਪਹਿਲਾਂ ਹਿੰਦੁਸਤਾਨੀ ਤਰਜਮਾ

ਕੁਰਾਨ ਪਾਕ ਦਾ ਅਨੁਵਾਦ ਲੋਕੀ ਅਜ ਹਿੰਦੁਸਤਾਨੀ ਵਿਚ ਕਰਨ ਲਗੇ ਹਨ ਪਰ ਏਹ ਗਲ ਸੁਣਕੇ ਕਿੰਨਾ ਅਚੰਭਾ ਹੋਵੇਗਾ ਕਿ ਅਜ ਤੋਂ ਲਗ ਭਗ ਇਕ ਹਜ਼ਾਰ ਸਾਲ ਪਹਿਲਾਂ ਕੁਰਾਨ ਪਾਕ ਦਾ ਉਲਥਾ ਹਿੰਦੀ ਜਾਂ ਸਿੰਧੀ ਵਿਚ ਇਕ ਹਿੰਦੂ ਰਾਜਾ ਦੇ ਹੁਕਮ ਨਾਲ ਕੀਤਾ ਗਿਆ ਸੀ। ਸੰਨ ੨੭੦ ਹਿ. ਵਿਚ ਅੱਲਰਾ (ਅਲੂਰ ਵਾਕਿਆ ਸਿੰਧ) ਦੇ ਰਾਜਾ ਮਹਿਰੋਗ ਨੇ, ਜਿਸ ਦਾ ਰਾਜ ਉਤ੍ਰਲੇ ਕਸ਼ਮੀਰ (ਖ਼ਾਸ ਕਸ਼ਮੀਰ) ਤੇ ਹੇਠਲੇ ਕਸ਼ਮੀਰ (ਪੰਜਾਬ) ਵਿਚ ਸੀ, ਅਤੇ ਜਿਹੜਾ ਹਿੰਦੂਸਤਾਨ ਦੇ ਵੱਡੇ ਰਾਜਿਆਂ ਵਿਚੋਂ ਸੀ, ਮਨਸੂਰਾ (ਵਾਕਿਆ ਸਿੰਧ) ਦੇ ਅਮੀਰ ਅਬਦੁੱਲਾ ਬਿਨ ਉਮਰ ਨੂੰ ਲਿਖ ਭੇਜਿਆ ਕਿ ਕਿਸੇ ਅਜੇਹੇ ਆਦਮੀ ਨੂੰ ਮੇਰੇ ਕੋਲ ਭੇਜ ਦਿਉ ਜੋ ਹਿੰਦੁਸਤਾਨੀ ਵਿਚ ਸਾਨੂੰ ਇਸਲਾਮ ਧਰਮ ਬਾਰੇ ਸਮਝਾ ਸਕੇ। ਮਨਸੂਰਾ ਵਿਚ ਇਕ ਇਰਾਕੀ ਮੁਸਲਮਾਨ ਸੀ ਜੋ ਬੜਾ ਤਿਖੇ ਸੁਭਾਉ ਦਾ, ਸਮਝਦਾਰ ਤੇ ਸ਼ਾਇਰ ਸੀ। ਕਿਉਂਕੇ ਹਿੰਦੁਸਤਾਨ ਵਿਚ ਪਲਿਆ ਸੀ ਏਸ ਲਈ ਉਹ ਏਥੇ ਦੀਆਂ ਅਨੇਕ ਭਾਸ਼ਾਵਾਂ ਜਾਣਦਾ ਸੀ।ਅਮੀਰ ਨੇ ਇਸ ਨਾਲ ਰਾਜੇ ਦੀ ਇਸ ਇਛਿਆ ਦਾ ਜ਼ਿਕਰ ਕੀਤਾ। ਉਹ ਤਿਆਰ ਹੋ ਗਿਆ । ਏਸ ਨੇ ਹਿੰਦੁਸਤਾਨੀ ਬੋਲੀ ਵਿਚ ਇਕ ਕਸੀਦਾ ਲਿਖਕੇ ਰਾਜੇ ਨੂੰ ਘੱਲਿਆ। ਰਾਜੇ ਨੇ ਏਸ ਕਸੀਦੇ ਨੂੰ ਸੁਣਿਆ ਤਾਂ ਬਹੁਤ ਪਸੰਦ ਕੀਤਾ ਅਤੇ ਸਫ਼ਰ ਖਰਚ ਭੇਜ ਕੇ ਉਸ ਨੂੰ ਆਪਣੇ ਕੋਲ ਬੁਲਾਇਆ। ਉਹ ਰਾਜੇ ਦੇ ਦਰਬਾਰ ਵਿਚ ਤਿਨ ਵਰ੍ਹੇ ਰਿਹਾ ਅਤੇ ਏਸ ਦੀ ਇਛਿਆ ਅਨੁਸਾਰ ਏਸ ਨੇ ਕੁਰਾਨ ਦਾ ਹਿੰਦੂਸਤਾਨੀ ਭਾਸ਼ਾ ਵਿਚ ਤਰਜਮਾ ਕੀਤਾ। ਰਾਜਾ ਰੋਜ ਤਰਜਮਾ ਸੁਣਦਾ ਸੀ ਅਤੇ ਏਸ ਦਾ ਉਸ ਉੱਤੇ ਬਹੁਤ ਪਰਭਾਵ ਹੁੰਦਾ ਸੀ।†

---

*ਅਹਿਸਨ ਤੁਕਾਸੀਮ ਫ਼ੀ ਮਾਰਫ਼ਤੁਲ ਅਕਾਲੀਮ ਬੁਸ਼ਾਰੀ ਪੰ. ੪੮੩.

†ਅਜਾਇਬੁਲ ਹਿੰਦ ਪੰ. ੪ (ਲੀਡਨ)

ਇਕ ਗੁਜਰਾਤੀ ਰਾਜੇ ਦਾ ਅਨੂਪ ਧਾਰਮਕ ਨਿਆਂ

ਛੇਵੀਂ ਸਦੀ ਹਿਜਰੀ ਦੇ ਅੰਤ ਵਿਚ ਜਦੋਂ ਸੁਲਤਾਨ ਮੁਹੰਮਦ ਗ਼ੌਰੀ ਪਿਛੋਂ ਦਿੱਲੀ ਵਿਚ ਸ਼ਮਸੁੱਦੀਨ ਐਲਤਮਸ਼, ਅਤੇ ਸਿੰਧ ਵਿਚ ਨਾਸਿਰੁੱਦੀਨ ਕਬਾਚਾ ਰਾਜ ਕਰਦੇ ਸਨ, ਮੁਹੰਮਦ ਅਵੱਫੀ ਨਾਂ ਦਾ ਇਕ ਵਿਦਵਾਨ ਬੁਖ਼ਾਰਾ ਤੋਂ ਚਲਕੇ ਹਿੰਦੁਸਤਾਨ ਆਇਆ ਸੀ। ਇਸ ਨੇ ਗ਼ਾਲਬਨ ਸਿੰਧ ਦੇ ਕਿਸੇ ਕੰਢੇ ਮਨਸੂਰਾ ਜਾਂ ਦੈਬਲ ਤੋਂ ਨਿਕਲ ਕੇ ਫ਼ਾਰਸ ਖਾੜੀ, ਅਰਬ ਦੇ ਸਾਹਿਲਾਂ ਅਤੇ ਹਿੰਦੁਸਤਾਨ ਦੀਆਂ ਅਨੇਕ ਬੰਦਰਗਾਹਾਂ ਦੀ ਸੈਰ ਕੀਤੀ ਸੀ। ਸੋ ਏਸ ਸਿਲਸਲੇ ਵਿਚ ਉਹ ਖੰਬਾਇਤ ਵੀ ਪੁਜਿਆ ਸੀ। ਏਸ ਦੀਆਂ ਦੋ ਪੁਸਤਕਾਂ ਏਸ ਸਮੇਂ ਬਾਕੀ ਹਨ ਇਕ ਵਿਚ ਫ਼ਾਰਸੀ ਕਵੀਆਂ ਦਾ ਵਰਨਣ ਹੈ ਜਿਸ ਦਾ ਨਾਂ 'ਲੁਬਾਬੁਲ ਅਲਬਾਬ' ਹੈ, ਜੋ ਨਾਸਿਰੁੱਦੀਨ ਕਬਾਚਾ ਦੇ ਵਜ਼ੀਰ ਦੇ ਨਾਂ ਸਮਰਪਣ ਕੀਤੀ ਗਈ ਹੈ। ਇਹ ਪੁਸਤਕ ਦੋ ਜਿਲਦਾਂ ਵਿਚ ਗਿਬ ਸੀਰੀਜ਼ ਲੰਦਨ ਤੋਂ ਛਪ ਚੁਕੀ ਹੈ। ਦੂਜੀ ਪੁਸਤਕ ਏਸ ਤੋਂ ਵਧੇਰੇ ਵੱਡੀ ਹੈ। ਏਸ ਦਾ ਨਾਂ ਜਾਮਿਉਲ ਹਿਕਾਆਤ-ਵੱ-ਲਾਮਿਉਰੱਵਾਯਾਤ ਹੈ। ਇਸ ਵਿਚ ਕਰਤਾ ਨੇ ਕੁਝ ਆਪਣੇ ਕੰਨੀਂ ਸੁਣੀਆਂ ਤੇ ਅਖੀਂ ਵੇਖੀਆਂ ਤੇ ਕੁਝ ਦੂਜੀਆਂ ਕਿਤਾਬਾਂ ਵਿਚੋਂ ਪੜ੍ਹੀਆਂ ਘਟਨਾਵਾਂ ਅਤੇ ਕਥਾਵਾਂ ਨੂੰ ਅਨੇਕ ਸਿਰਲੇਖਾਂ ਹੇਠ ਵਰਨਣ ਕੀਤਾ ਹੈ। ਏਹ ਕਿਤਾਬ ਸੁਲੇਮਾਨ ਸ਼ਮਸੁਦੀਨ ਐਲਤਮਸ਼ ਦੇ ਵਜ਼ੀਰ ਕੱਵਾਮੁਦੀਨ ਜੁਨੈਦੀ ਦੇ ਨਾਂ ਸਮਰਪਣ ਕੀਤੀ ਗਈ ਹੈ। ਪਰ ਹਾਲੇ ਤਕ ਛਾਪੇ ਦੇ ਭੂਸ਼ਨ ਤੋਂ ਵਾਂਜੀ ਹੈ। ਏਸ ਦੀ ਇਕ ਹੱਥ ਲਿਖਤ ਦਾਰੁਲਮੁਸੰਨਫ਼ੀਨ ਦੀ ਲਾਇਬਰੇਰੀ ਵਿਚ ਵੀ ਮੌਜੂਦ ਹੈ। ਮੁਹੰਮਦ ਔਵਫੀ ਨੇ ਏਸ ਕਿਤਾਬ ਦੇ ਦੂਜੇ ਅਧਿਆਇ 'ਰਜਵਾੜਿਆਂ ਦਾ ਵਰਨਣ ਅਤੇ ਉਨ੍ਹਾਂ ਸਬੰਧੀ ਘਟਨਾਵਾਂ ਦੇ ਬਿਆਨ' ਵਿਚ ਇਕ ਵਿਲਖਣ ਕਥਾ ਲਿਖੀ ਹੈ ਜਿਸ ਤੋਂ ਮਲੂਮ ਹੁੰਦਾ ਹੈ ਕਿ ਹਿੰਦੂ ਮੁਸਲਮਾਨਾਂ ਦੇ ਸਬੰਧ ਇਸ ਦੇਸ ਵਿਚ ਅਰਬਾਂ ਦੇ ਸਮੇਂ ਕਿਹੋ ਜਿਹੇ ਸਨ ਅਤੇ ਹਿੰਦੂ ਰਾਜੇ ਆਪਣੀ ਪਰਜਾ ਨਾਲ ਕਿਵੇਂ ਇਨਸਾਫ਼ ਨਾਲ ਪੇਸ਼ ਆਉਂਦੇ ਸਨ। ਮੁਹੰਮਦ ਔਵਫੀ ਦਾ ਇਹ ਸਫ਼ਰ ਸੰਨ ੬੬੫ ਹਿ. ਤੋਂ ਪਹਿਲਾਂ ਦਾ ਹੈ ਅਤੇ ਜੋ ਘਟਨਾ

ਉਸ ਨੇ ਬਿਆਨ ਕੀਤੀ ਹੈ ਨਿਸਚਾ ਹੈ ਕਿ ਉਹ ਏਸ ਨਾਲੋਂ ਪਹਿਲਾਂ ਦੀ ਹੈ। ਏਹ ਉਹ ਸਮਾਂ ਹੈ ਜਦੋਂ ਕਿ ਗੁਜਰਾਤ ਵਲ ਕੇਵਲ ਇਕ ਸੁਲਤਾਨ ਮਹਿਮੂਦ ਅਤੇ ਇਸ ਦੇ ਦੋ ਸੋ ਸਾਲ ਪਿਛੋਂ ਕੁਤਬੁਦੀਨ ਐਬਕ ਦੇ ਸਰਸਰੀ ਧਾਵਿਆਂ ਤੋਂ ਛੁਟ ਉੱਥੇ ਕਿਸੇ ਇਸਲਾਮੀ ਰਾਜ ਦਾ ਨਾਂ ਨਿਸ਼ਾਨ ਤਕ ਵੀ ਨਹੀਂ ਸੀ।

ਮੁਹੰਮਦ ਅਵੱਫੀ ਆਖਦਾ ਹੈ ਕਿ ਮੈਨੂੰ ਇਕ ਵਾਰ ਖੰਬਾਇਤ, ਜੋ ਸਮੁੰਦਰ ਦੇ ਕੰਢੇ ਇਕ ਸ਼ਹਿਰ ਹੈ, ਜਾਣ ਦਾ ਇਤਫਾਕ ਹੋਇਆ। ਏਥੇ ਦੀਨਦਾਰ ਮੁਸਲਮਾਨਾਂ ਦੀ ਇਕ ਸ਼੍ਰੇਣੀ ਵਸਦੀ ਹੈ, ਜੋ ਯਾਤਰੂਆਂ ਦੀ ਚੰਗੀ ਟਹਿਲ ਸੇਵਾ ਕਰਦੀ ਹੈ ਏਹ ਸ਼ਹਿਰ ਨਹਿਰਵਾਲਾ (ਅਹਿਮਦਾਬਾਦ ਗੁਜਰਾਤ ਦੇ ਲਾਗੇ) ਦੇ ਰਾਜ ਵਿਚ ਹੈ। ਏਥੇ ਕੁਝ ਮੁਸਲਮਾਨ ਤੇ ਕੁਝ ਉਨ੍ਹਾਂ ਦੇ ਵਿਰੋਧੀਆਂ ਦੀ ਵਸੋਂ ਹੈ। ਮੈਂ ਜਿਸ ਸਮੇਂ ਏਥੇ ਆਇਆ ਇਕ ਕਿੱਸਾ ਸੁਣਿਆ ਜੋ ਨੌਸ਼ੀਰਵਾਨ ਦੇ ਉੱਪਰ ਵਾਲੇ ਕਿੱਸੇ ਨਾਲ ਮਿਲਦਾ ਜੁਲਦਾ ਹੈ, ਉਹ ਇਹ ਹੈ ਕਿ ਰਾਜਾ ਜਨਕ ਦੇ ਰਾਜ ਸਮੇਂ ਏਥੇ ਇਕ ਮਸੀਤ ਸੀ ਜਿਸ ਵਿਚ ਮੁਨਾਰਾ ਸੀ ਏਸ ਤੇ ਚੜ੍ਹਕੇ ਮੁਸਲਮਾਨ ਬਾਂਗ ਦਿੰਦੇ ਸਨ। ਪਾਰਸੀਆਂ ˜ ਹਿੰਦੂਆਂ ਨੂੰ ਭੜਕਾ ਕੇ ਮੁਸਲਮਾਨਾਂ ਨਾਲ ਲੜਾ ਦਿਤਾ। ਹਿੰਦੂਆਂ ਨੇ ਮੁਨਾਰਾ ਤੋੜ ਦਿੱਤਾ ਅਤੇ ਮਸੀਤ ਨੂੰ ੮੦ ਮੁਸਲਮਾਨਾਂ ਸਮੇਤ ਸ਼ਹੀਦ ਕਰ ਦਿਤਾ। ਮਸੀਤ ਦਾ ਇਮਾਮ ਤੇ ਖਤੀਬ, ਜਿਸ ਦਾ ਨਾਂ ਅਲੀ ਸੀ, ਏਥੋਂ ਭਜਕੇ ਨਹਿਰਵਾਲੇ ਤੁਰ ਗਿਆ। ਉੱਥੇ ਜਾਕੇ ਰਾਜੇ ਦੇ ਦਰਬਾਰੀਆਂ ਅਤੇ ਅਫਸਰਾਂ ਨਾਲ ਮਿਲਕੇ ਫ਼ਰਿਆਦ ਕੀਤੀ ਪਰ ਕਿਸੇ ਨੇ ਧਿਆਨ ਨਾ ਦਿੱਤਾ। ਇਮਾਮ ਨੇ ਇਹ ਹਾਲ ਵੇਖਕੇ ਏਹ ਤਦਬੀਰ ਕੀਤੀ ਕਿ ਹਿੰਦੀ (ਗਾਲਬਨ ਗੁਜਰਾਤੀ) ਵਿਚ ਪੂਰੀ ਘਟਨਾ ਇਕ ਕਸੀਦੇ ਵਿਚ ਨਜ਼ਮ ਕੀਤੀ ਅਤੇ ਸੂਹ ਲੈਂਦਾ ਰਿਹਾ ਕਿ ਰਾਜਾ ਸ਼ਿਕਾਰ ਨੂੰ ਕਦੋਂ ਨਿਕਲਦਾ ਹੈ। ਜਦੋਂ ਸ਼ਿਕਾਰ ਦਾ ਦਿਨ ਆਇਆ ਇਮਾਮ ਉਹ ਕਸੀਦਾ ਲੈ ਕੇ ਰਾਹ ਵਿਚ ਇਕ ਝਾੜੀ ਵਿਚ ਛੁਪਕੇ ਬੈਠ ਗਿਆ। ਜਦੋਂ ਰਾਜਾ ਇਧਰੋਂ ਲੰਘਿਆ ਤਾਂ ਫਰਿਆਦੀ ਬਣਕੇ ਸਾਹਮਣੇ ਆ ਗਿਆ ਅਤੇ ਦੁਹਾਈ ਦਿਤੀ ਤੇ

ਅਰਜ਼ ਕੀਤੀ ਕਿ ਉਸਦਾ ਇਹ ਕਸੀਦਾ ਸੁਣ ਲਿਆ ਜਾਵੇ। ਰਾਜੇ ਨੇ ਟਾਬੀ ਰੋਕ ਕੇ ਏਸ ਦੀ ਕਵਿਤਾ ਵਿਚ ਲਿਖੀ ਬਿਨੈ-ਪਤਰ ਸੁਣੀ ਅਤੇ ਉਸ ਤੇ ਏਸ ਦਾ ਬੜਾ ਪਰਭਾਵ ਪਿਆ। ਕਸੀਦੇ ਨੂੰ ਉਸ ਦੇ ਹਥੋਂ ਲੈ ਕੇ ਇਕ ਅਫ਼ਸਰ ਦੇ ਸਪੁਰਦ ਕਰ ਦਿਤਾ ਕਿ ਵੇਹਲ ਦੇ ਸਮੇਂ ਇਸ ਨੂੰ ਮੈਨੂੰ ਵਿਖਾਈਂ। ਰਾਜਾ ਉਸੇ ਵੇਲੇ ਸ਼ਿਕਾਰ ਤੋਂ ਵਾਪਸ ਆਗਿਆ ਅਤੇ ਵਜ਼ੀਰ ਨੂੰ ਬੁਲਾਕੇ ਆਖਿਆ ਕਿ ਮੈਂ ਤਿੰਨਾਂ ਦਿਨਾਂ ਲਈ ਮਹਿਲ ਵਿਚ ਰਹਾਂਗਾ ਅਤ ਅਰਾਮ ਕਰਾਂਗਾ। ਇਨ੍ਹਾਂ ਤਿੰਨਾਂ ਦਿਨਾਂ ਦੇ ਅੰਦਰ ਕਿਸੇ ਕੰਮ ਲਈ ਮੈਨੂੰ ਤਕਲੀਫ਼ ਨਾ ਦੇਣੀ। ਸਾਰੇ ਕੰਮ ਤੂੰ ਆਪੇ ਕਰੀਂ। ਏਹ ਕਹਿਕੇ ਰਾਜਾ ਮਹਿਲ ਵਿਚ ਚਲਿਆ ਗਿਆ ਅਤੇ ਰਾਤ ਨੂੰ ਇਕ ਤੇਜ਼ ਸਾਂਡਨੀ ਉਤੇ ਬੈਠਕੇ ਕਲਮੱਕਲਾ ਖੰਬਾਇਤ ਵਲ ਤੁਰ ਗਿਆ ਨਹਿਰਵਾਲਿਉਂ ਖੰਬਾਇਤ ੪੦ ਫ਼ਰਹੰਗ ਹੈ ਪਰ ਰਾਜੇ ਨੇ ਇਕ ਦਿਨ ਰਾਤ ਵਿਚ ਏਹ ਰਸਤਾ ਤਹ ਕੀਤਾ ਅਤੇ ਇਕ ਸੁਦਾਗਰ ਦਾ ਭੇਸ ਬਦਲ ਕੇ ਉੱਥੇ ਉਤਰਿਆ। ਫ਼ੇਰ ਗਲੀ ਕੂਚੇ ਬਜ਼ਾਰ ਵਿਚ ਹਰ ਥਾਂ ਘੁੰਮ ਕੇ ਤਫ਼ਤੀਸ਼ ਕੀਤੀ। ਰਾਹ ਚਲਦਿਆਂ ਦੀਆਂ ਗੱਲਾਂ ਸੁਣੀਆਂ, ਹਰੇਕ ਦੇ ਮੂੰਹੋਂ ਏਹੀ ਸੁਣਿਆ ਕਿ ਵਿਚਾਰੇ ਮੁਸਲਮਾਨਾਂ ਨੂੰ ਬੇ-ਗੁਨਾਹਾ ਮਾਰਿਆ ਹੈ ਅਤੇ ਉਨ੍ਹਾਂ ਤੇ ਬੜਾ ਜ਼ੁਲਮ ਹੋਇਆ ਹੈ। ਰਾਜੇ ਨੇ ਹਰ ਤਰ੍ਹਾਂ ਏਸ ਘਟਨਾ ਦੀ ਤਫ਼ਤੀਸ਼ ਕੀਤੀ ਤੇ ਇਕ ਲੋਟੇ ਵਿਚ ਸਮੁੰਦਰ ਦਾ ਪਾਣੀ ਭਰਕੇ ਅਤੇ ਏਸ ਦਾ ਮੂੰਹ ਬੰਦ ਕਰਕੇ ਆਪਣੇ ਨਾਲ ਲਿਆ ਅਤੇ ਫ਼ੇਰ ਏਵੇਂ ਜਿਵੇਂ ਚੌਵੀ ਘੰਟਿਆਂ ਵਿਚ ਸਾਂਡਨੀ ਉਤੇ ਚੜ੍ਹਕੇ ਆਪਣੀ ਰਾਜਧਾਨੀ ਨੂੰ ਮੁੜ ਆਇਆ। ਸਵੇਰ ਨੂੰ ਰਾਜੇ ਨੇ ਦਰਬਾਰ ਲਾਇਆ। ਮੁਕਦਮੇ ਸੁਣੇ। ਏਨਾਂ ਦੇ ਨਾਲ ਹੀ ਮਸੀਤ ਦੇ ਇਮਾਮ ਨੂੰ ਵੀ ਯਾਦ ਫ਼ਰਮਾਇਆ। ਜਦੋਂ ਇਮਾਮ ਹਾਜ਼ਰ ਹੋਇਆ ਤਾਂ ਰਾਜੇ ਨੇ ਏਸ ਨੂੰ ਹੁਕਮ ਦਿੱਤਾ ਕਿ ਤੂੰ ਆਪਣੀ ਅਰਜ਼ੀ ਪੜ੍ਹਕੇ ਸੁਣਾ। ਇਮਾਮ ਨੇ ਜਦੋਂ ਏਸ ਨੂੰ ਪੜ੍ਹਕੇ ਸੁਣਾਇਆ ਤਾਂ ਹਿੰਦੂ ਦਰਬਾਰੀਆਂ ਨੇ ਆਖਿਆ ਏਹ ਮੁਕੱਦਮਾ ਝੂਠਾ ਹ ਅਤੇ ਇਹ ਦਾਵਾ ਉੱਕਾ ਹੀ ਗਲਤ ਹੈ। ਰਾਜੇ ਨੇ ਗੰੜਵਈ ਦੇ ਹਥੋਂ ਉਹ ਲੋਟਾ ਮੰਗਵਾਇਆ ਅਤੇ ਸਾਰਿਆਂ ਨੂੰ ਥੋੜਾ ਥੋੜਾ ਪਾਣੀ ਏਸ

ਵਿਚੋਂ ਪਿਲਾਇਆ । ਜਿਸ ਨੇ ਪੀਤਾ ਉਹ ਘੁਟ ਨਾ ਭਰ ਸਕਿਆ ਅਤੇ ਆਖਿਆ ਇਹ ਤਾਂ ਸਮੁੰਦਰ ਦਾ ਖਾਰਾ ਪਾਣੀ ਹੈ। ਰਾਜੇ ਨੇ ਆਖਿਆ ਕਿਉਂ ਜੋ ਮੈਨੂੰ ਏਸ ਸਬੰਧ ਵਿਚ ਕਿਸੇ ਹੋਰ ਤੇ ਭਰੋਸਾ ਨਹੀਂ ਸੀ, [ਕਿਉਂਕਿ 'ਇਖ਼ਤਲਾਫ਼ੇ ਦੀਨ ਦਰਮਿਆਨ ਬੂਦ'] ਕਿਉਂਕਿ ਏਹ ਧਾਰਮਕ ਵਰੋਧ ਦੀ ਗਲ ਸੀ ਏਸ ਲਈ ਮੈਂ ਆਪ ਜਾਕੇ ਏਸ ਗਲ ਦੀ ਪੜਤਾਲ ਕੀਤੀ ਅਤੇ ਇਹ ਗਲ ਮੈਨੂੰ ਸਾਬਤ ਹੋ ਗਈ ਕਿ ਇਨ੍ਹਾਂ ਮੁਸਲਮਾਨਾਂ ਤੇ ਬੇਸ਼ਕ ਅਤਿਆਚਾਰ ਹੋਇਆ ਹੈ । ਮੇਰੇ ਰਾਜ ਵਿਚ ਕਿਸੇ ਸ਼ਰੇਣੀ ਉੱਤੇ ਜੋ ਮੇਰੀ ਛਤਰ ਛਾਇਆ ਹੇਠ ਹੋਵੇ ਅਜੇਹਾ ਅਤਿਆਚਾਰ ਨਹੀਂ ਕੀਤਾ ਜਾ ਸਕਦਾ। ਏਸ ਪਿਛੋਂ ਹੁਕਮ ਦਿਤਾ ਕਿ ਬ੍ਰਾਹਮਣਾਂ ਤੇ ਪਾਰਸੀਆਂ ਵਿਚੋਂ, ਜਿਨ੍ਹਾਂ ਤੋਂ ਇਹ ਅਪਰਾਧ ਹੋਇਆ ਹੈ, ਦੋ ਦੋ ਆਦਮੀਆਂ ਨੂੰ ਡੰਡ ਦਿਤਾ ਜਾਵੇ ਅਤੇ ਮੁਸਲਮਾਨਾਂ ਨੂੰ ਇਕ ਲਖ ਬਲੋਟਰਾ (ਗੁਜਰਾਤੀ ਸਿਕਾ) ਹਰਜਾਨਾ ਦੁਆਇਆ ਤਾਂ ਜੋ ਏਸ ਨਾਲ ਉਹ ਮਸੀਤ ਤੇ ਮੁਨਾਰਾ ਫ਼ੇਰ ਬਣਵਾ ਲਣ । ਇਮਾਮ ਨੂੰ ਖ਼ਿਲਅਤ ਤੇ ਇਨਾਮ ਦਿਤਾ । ਸੋ ਉਹ ਮਸੀਤ ਫੇਰ ਬਣੀ, ਅਤੇ ਇਹ ਇਨਾਮ ਏਸ ਵਿਚ ਯਾਦਗਾਰ ਵਜੋਂ ਰਖੇ ਗਏ। ਹਰ ਸਾਲ ਈਦ ਦੇ ਦਿਨ ਇਨ੍ਹਾਂ ਨੂੰ ਕੱਢਕੇ ਸਭ ਨੂੰ ਵਿਖਾਇਆ ਜਾਂਦਾ ਹੈ ।

ਮੁਹੰਮਦ ਅਵੱਫ਼ੀ ਆਖਦਾ ਹੈ ਕਿ 'ਅਜ ਤਕ (ਸੰਨ ੬੬੫ ਹਿ.) ਏਹ ਚੀਜ਼ਾਂ ਉੱਥੇ ਰਖੀਆਂ ਹਨ ਅਤੇ ਉਹ ਪੁਰਾਣੀ ਮਸੀਤ ਤੇ ਮੁਨਾਰਾ ਵੀ ਬਾਕੀ ਸੀ। ਪਰ ਕੁਝ ਦਿਨ ਹੋਏ ਬਾਲੂ (ਬਾਬਾਲਾ) ਦੀ ਫੌਜ ਨੇ ਗੁਜਰਾਤ ਤੇ ਧਾਵਾ ਕੀਤਾ ਤਾਂ ਉਸ ਮਸੀਤ ਨੂੰ ਉਜਾੜ ਦਿੱਤਾ। ਅੰਤ ਵਿਚ ਸਈਦ ਬਿਨ ਸ਼ਰਫ਼ (ਕਿਸੇ ਅਰਬ ਸੁਦਾਗਰ) ਨੇ ਆਪਣੇ ਸਰਮਾਏ ਤੋਂ ਏਸ ਨੂੰ ਮੁੜ ਬਣਵਾਇਆ ਹੈ ਅਤੇ ਏਸ ਦੇ ਚਾਰੋਂ ਪਾਸੇ ਚਾਰ ਸੁਨਹਿਰੇ ਗੁੰਬਦ ਬਣਵਾਏ ਹਨ । ਇਸਲਾਮ ਦੀ ਇਹ ਯਾਦਗਾਰ ਏਸ ਹਿੰਦੂ ਦੇਸ ਵਿਚ ਅਜ ਤਕ ਕਾਇਮ ਹੈ'' ।

ਮੁਸਲਮਾਨਾਂ ਵਿਚ ਏਕ ਈਸ਼ਵਰ ਵਾਦ

ਏਕ ਈਸ਼ਵਰ ਵਾਦ ਦਾ ਸਿਧਾਂਤ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਕੌਮ

ਵਿਚ ਮੌਜੂਦ ਸੀ। ਬਾਜ਼ੇ ਯੂਨਾਨੀ ਫ਼ਿਲਾਸਫ਼ਰ ਇਕ ਤਟ੍ਹਾਂ ਨਾਲ ਏਸ ਸਿਧਾਂਤ ਨੂੰ ਮੰਨਦੇ ਸਨ। ਸਿਕੰਦਰੀਆ ਦਾ ਨਵ-ਅਫ਼ਲਾਤੂਨੀ ਫ਼ਿਰਕਾ ਏਸ ਸਿਧਾਂਤ ਤੇ ਵਿਸ਼ਵਾਸ ਰਖਦਾ ਸੀ। ਪੁਰਾਣਿਆ ਯਹੂਦੀਆਂ ਤੇ ਈਸਾਈਆਂ ਵਿਚ ਵੀ ਏਹ ਖ਼ਿਆਲ ਮੌਜੂਦ ਸੀ। ਹਿੰਦੂ ਵੇਦਾਂਤ ਦੀ ਪੂਰੀ ਉਸਾਰੀ ਏਸੇ ਵਿਚਾਰ ਤੇ ਖੜੀ ਕੀਤੀ ਗਈ ਹੈ। ਬਾਜ਼ੇ ਮੁਸਲਮਾਨ ਸੂਫ਼ੀਆਂ ਵਿਚ ਵੀ ਏਸ ਸਿਧਾਂਤ ਦਾ ਬੜੇ ਉਤਸ਼ਾਹ ਨਾਲ ਪਰਚਾਰ ਕੀਤਾ ਜਾਂਦਾ ਹੈ। ਭਾਂਵੇਂ ਏਕ ਈਸ਼ਵਰਤਾਵਾਦ ਦੇ ਆਪ ਅਨੇਕ ਅਰਥ ਹਨ ਅਤੇ ਏਸ 'ਏਕਤਾ' ਦੀਆਂ ਵੀ ਬਹੁਤ ਸਾਰੀਆਂ ਵਿਆਖਿਆਵਾਂ ਕੀਤੀਆਂ ਗਈਆਂ ਹਨ, ਏਥੋਂ ਤਕ ਕਿ ਇਕ ਵਿਆਖਿਆ ਅਨੁਸਾਰ ਉਹ ਹਲੂਲ (Incarnation) ਜਾਂ ਔਤਾਰ ਦਾ ਪਰਿਆਇ ਵਾਚੀ ਤੇ ਸਮਾਨਾਰਥ ਬਣ ਗਿਆ ਹੈ।

ਜੋ ਵੀ ਹੋਵੇ, ਏਥੇ ਅਸਲ ਸਿਧਾਂਤ ਦਾ ਅਵਿਪਰਾਇ ਨਹੀਂ ਸਗੋਂ ਏਸ ਦੀ ਇਤਿਹਾਸਕ ਹੈਸੀਅਤ ਨਾਲ ਬਹਿਸ ਹੈ। ਇਕ ਪਰਸ਼ਨ ਅਕਸਰ ਉਠਦਾ ਹੈ ਕਿ ਮੁਸਲਮਾਨ ਸੂਫ਼ੀਆਂ ਵਿਚ ਏਹ ਖ਼ਿਆਲ ਕਿਥੋਂ ਉਪਜਿਆ? ਜਿਥੋਂ ਤਕ ਅਸੀਂ ਖੋਜ ਕਰ ਸਕੇ ਹਾਂ ਸਾਡੇ ਪਾਸ ਕੋਈ ਦਲੀਲ ਅਜੇਹੀ ਨਹੀਂ ਹੈ, ਜਿਸ ਤੋਂ ਇਹ ਸਿਧ ਹੋ ਸਕੇ ਕਿ ਹਿੰਦੂ ਵੇਦਾਂਤ ਦਾ ਅਨੁਵਾਦ ਅਰਬੀ ਭਾਸ਼ਾ ਵਿਚ ਹੋਇਆ ਹੈ ਹਾਲਾਂਕਿ ਇਸਲਾਮ ਵਿਚ ਏਸ ਖਿਆਲ ਦਾ ਆਰੰਭ ਤੀਜੀ ਸਦੀ ਦੇ ਅੰਤ ਤੋਂ ਅਰਥਾਤ ਹੁਸੈਨ ਬਿਨ ਮਨਸੂਰ ਹੱਲਾਜ ਦੇ ਸਮੇਂ ਤੋਂ ਹੈ, ਜਿਸ ਦੀ ਪੂਰਨਤਾ ਪੰਜਵੀਂ ਸਦੀ ਹਿਜਰੀ ਵਿਚ ਮੱਹੀਉੱਦੀਨ ਇਬਨ ਅਰਬੀ ਦੇ ਸਮੇਂ ਵਿਚ ਹੋਈ ਵਿਖਾਈ ਦਿੰਦੀ ਹੈ। ਏਸ ਵਿਚ ਤਾਂ ਕੋਈ ਸੰਦੇਹ ਨਹੀਂ ਕਿ ਹਿੰਦੁਸਤਾਨ ਵਿਚ ਆਉਣ ਪਿੱਛੋਂ ਹਿੰਦੂ ਵੇਦਾਨਤੀਆਂ ਦੇ ਖ਼ਿਆਲ ਦਾ ਮੁਸਲਮਾਨ ਸੂਫ਼ੀਆਂ ਉਤੇ ਅਸਰ ਪਿਆ ਹੈ।*

---

*ਸੋ ਗ਼ਾਲਬਨ ਅਠੱਵੀਂ ਸਦੀ ਹਿਜਰੀ ਵਿਚ ਬੰਗਾਲ ਦੇ ਇਕ ਨਵੇਂ ਬਣੇ ਮੁਸਲਮਾਨ ਪੰਡਤ ਤੇ ਇਕ ਸੂਫ਼ੀ ਵਿਦਵਾਨ ਨੇ ਮਿਲਕੇ ਸੰਸਕ੍ਰਿਤ ਦੀ ਪੁਸਤਕ ਅਮ੍ਰਿਤ ਕੁੰਡ ਦਾ ਅਰਬੀ ਵਿਚ ਅਨੁਵਾਦ 'ਐਨੁਲ ਹਿਆਤ' ਦੇ ਨਾਂ ਹੇਠ ਕੀਤਾ ਸੀ ਫੇਰ ਏਸ ਦਾ ਫ਼ਾਰਸੀ ਵਿਚ ਤੇ ਹੁਣ ਫ਼ਾਰਸੀ ਤੋਂ ਉਰਦੂ ਵਿਚ ਉਲਥਾ ਹੋਇਆ ਹੈ। ਦਾਰਾ ਨੇ ਆਪਣੇ ਸਮੇਂ ਵਿਚ 'ਸਿੱਰੇ ਅਕਬਰ' ਦੇ ਨਾਂ ਹੇਠ ਯੋਗ ਵਿਸ਼ਿਸ਼ਟ ਦਾ ਫ਼ਾਰਸੀ ਅਨੁਵਾਦ ਕੀਤਾ ਹੈ।

ਪਰ ਇਸਲਾਮੀ ਸੂਫ਼ੀਵਾਦ ਵਿਚ ਏਸ ਖ਼ਿਆਲ ਦਾ ਅਸਰ ਏਸ ਤੋਂ ਪਹਿਲਾਂ ਮਲੂਮ ਹੁੰਦਾ ਹੈ, ਖ਼ਾਸ ਤੌਰ ਤੇ ਜਦੋਂ ਇਹ ਹਕੀਕਤ ਹੈ ਕਿ ਮੁਸਲਮਾਨਾਂ ਵਿਚ ਮੁੱਹੀਉੱਦੀਨ ਇਬਨ ਅਰਬੀ ਹੀ ਸਭ ਤੋਂ ਪਹਿਲੇ ਆਦਮੀ ਹਨ ਜਿਨ੍ਹਾਂ ਨੇ ਏਸ ਵਿਸ਼ਵਾਸ਼ ਦੀ ਸਭ ਤੋਂ ਪਹਿਲਾਂ ਜ਼ੋਰਦਾਰ ਹਿਮਾਇਤ ਕੀਤੀ ਹੈ। ਉਹ ਸਪੇਨ ਦੇ ਵਸਨੀਕ ਸਨ ਅਤੇ ਇਨ੍ਹਾਂ ਨੂੰ ਹਿੰਦੂ ਫਿਲਾਸਫ਼ੀ ਨਾਲ ਕਦਾਚਿਤ ਵਾਹ ਨਹੀਂ ਪਿਆ। ਏਸ ਲਈ ਏਹ ਸਮਝਿਆ ਜਾਂਦਾ ਹੈ ਕਿ ਉਹ ਹਿੰਦੂ ਵੇਦਾਂਤ ਤੋਂ ਨਹੀਂ ਸਗੋਂ ਨਵ-ਅਫ਼ਲਾਤੂਨੀ ਫ਼ਲਸਫ਼ੇ ਤੋਂ ਪਰਭਾਵਤ ਹੋਏ ਸਨ।

ਪਰ ਜਿਥੋਂ ਤਕ ਹੁਸੈਨ ਬਿਨ ਮਨਸੂਰ ਹੱਲਾਜ ਦਾ ਸਬੰਧ ਹੈ, ਇਹ ਆਖਿਆ ਜਾ ਸਕਦਾ ਹੈ ਕਿ ਉਹ ਜਿਸ ਏਕ ਈਸ਼ਵਰ ਵਾਦ ਦਾ ਦਾਵ੍ਹਾ ਕਰਦਾ ਸੀ ਉਹ ਪਰਮਾਣੀਕ ਸਤਰਕ ਸੂਫ਼ੀਆਂ ਦਾ ਏਕ ਈਸ਼ਵਰਵਾਦ ਨਹੀਂ ਸੀ ਬਲਕਿ ਉਹ ਹਲੂਲ ਅਥਵਾ "ਇਕ ਪਰਕਾਰ ਦੇ ਹਿੰਦੂਆਂ ਦੇ ਔਤਾਰ ਸਿਧਾਂਤ ਦਾ ਮੰਨਣ ਵਾਲਾ ਸੀ"। ਏਸ ਦੀ ਵਿਆਖਿਆ ਏਸ ਦੇ ਪੁਰਾਣੇ ਤਜ਼ਕਰਾ ਲੇਖਕਾਂ ਨੇ ਪੂਰੀ ਤਰ੍ਹਾਂ ਕੀਤੀ ਹੈ ਅਤੇ ਆਪ ਏਸ ਦੀ ਰਚੀ ਪੁਸਤਕ 'ਕਿਤਾਬੁੱ ਤਵਾਸੀਨ' ਤੋਂ ਵੀ ਸਿਧ ਹੁੰਦਾ ਹੈ। ਏਸ ਪਿਛੋਂ ਏਹ ਵੀ ਸਾਬਤ ਹੈ ਕਿ ਉਹ ਹਿੰਦੁਸਤਾਨ ਦੇ ਜਾਦੂ ਮੰਤਰ ਅਤੇ ਇੰਦਰਜਾਲ ਨੂੰ ਸਿਖਣ, ਜਾਂ ਜਿਵੇਂ ਬਾਜ਼ੇ ਆਖਦੇ ਹਨ ਉਹ ਆਪਣੇ ਧਰਮ ਪਰਚਾਰ ਲਈ, ਹਿੰਦੁਸਤਾਨ ਆਇਆ ਸੀ ਏਸ ਲਈ ਅਜਬ ਗਲ ਨਹੀਂ ਕਿ ਉਹ ਏਥੋਂ ਹੀ ਆਪਣਾ ਏਕ ਈਸ਼ਵਰਵਾਦ ਦਾ ਸਿਧਾਂਤ ਇਰਾਕ ਲੈ ਗਿਆ ਹੋਵੇ।*

---

*ਹੱਲਾਜ ਦੀ 'ਕਿਤਾਬੁੱਤਵਾਸੀਨ' ਫ਼ਰਾਂਸ ਦੇ ਸੂਫ਼ੀ ਓਰੀਐਂਟਲਿਸਟ ਲੋਈ ਮਸੀਨਾਨ (Louis Massignan) ਨੇ ਸੰਨ ੧੯੧੪ ਵਿਚ ਪੈਰਸ ਤੋਂ ਛਪਵਾਈ ਹੈ ਅਤੇ ਏਸ ਨਾਲ ਇਕ ਸਥਾਈ ਸੰਚੀ ਵਿਚ ਹੱਲਾਜ ਦੇ ਹਾਲਾਤ ਦੇ ਬਾਰੇ ਪੁਰਾਣੇ ਬਿਆਨਾਂ ਨੂੰ ਵੀ ਇਕ ਥਾਂ ਇਕਤਰ ਕਰ ਦਿਤਾ ਹੈ। ਹੱਲਾਜ ਦੇ ਹਿੰਦੁਸਤਾਰ ਆਉਣ ਦੀ ਘਟਨਾ ਏਸੇ ਇਤਾਬ ਵਿਚ ਇਬਨ ਬਾਕੋਇਆ ਸੂਫ਼ੀ ਸੀਰਾਜ਼ੀ ਦੀ ਕਿਤਾਬ ਦੀਆਂ ਟੂਕਾਂ ਵਿਚ ਦਿਤੀ ਗਈ ਹੈ ਵੇਖੋ ਪੰਨਾ ੩੧. ੪੩ (ਪੈਰਸ ਦੀ ਛਪੀ ਹੋਈ)

ਹਿੰਦੂਆਂ ਵਿਚ ਨਿਰਗੁਣਵਾਦ

ਏਸ ਤੋਂ ਉਲਟ ਕੁਝ ਅਜੇਹੇ ਵਿਚਾਰ ਵੀ ਹਨ ਜਿਨ੍ਹਾਂ ਤੋਂ ਇਹ ਸਿਧ ਹੁੰਦਾ ਹੈ ਕਿ ਹਿੰਦੂਆਂ ਵਿਚ ਜੋ ਨਿਰਗੁਣਵਾਦ ਦਾ ਖਿਆਲ ਫੈਲਿਆ ਅਤੇ ਮੂਰਤੀ ਪੂਜਾ ਦੇ ਵਰੋਧੀ ਭਾਵ ਦਾ ਪਰਚਾਰ ਹੋਇਆ ਹੈ ਇਸ ਦਾ ਕਾਰਨ ਇਸਲਾਮ ਹੀ ਹੈ, ਏਹ ਵਿਸ਼ਾ ਆਪਣੇ ਆਪ ਵਿਚ ਬੜਾ ਵਿਸ਼ਾਲ ਹੈ ਅਤੇ ਇਹ ਕਿਸੇ ਹੋਰ ਚਰਚਾ ਦੀ ਅੰਤਕਾ ਦੇ ਰੂਪ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਸਮਾਪਤੀ

ਇਨ੍ਹਾਂ ਥੋੜੇ ਜਹੇ ਪੰਨਿਆਂ ਵਿਚ ਅਰਬ ਤੇ ਹਿੰਦੁਸਤਾਨ ਦੇ ਧਾਰਮਕ ਸਬੰਧਾਂ ਦਾ ਜੋ ਸ਼ੀਸ਼ਾ ਸਾਹਮਣੇ ਰਖਿਆ ਗਿਆ ਹੈ, ਪਾਠਕ ਚੰਗੀ ਤਰਾਂ ਧਿਆਨ ਪੂਰਵਕ ਵੇਖਣ ਕਿ ਇਨ੍ਹਾਂ ਦੋਹਾਂ ਕੌਮਾਂ ਨੇ, ਜੋ ਭਾਵੇਂ ਆਪਣੇ ਆਪਣੇ ਧਰਮ ਨੂੰ ਕਟਰ ਤੌਰ ਤੇ ਮੰਨਣ ਵਾਲੀਆਂ ਸਨ, ਪਰ ਫੇਰ ਵੀ, ਏਸ ਸ਼ੀਸ਼ੇ ਵਿਚ ਕਿਤੇ ਬਾਲ ਆਉਣ ਦਿਤਾ ਹੈ? ਜੋ ਗਲ ਪਹਿਲਾਂ ਹੋ ਚੁਕੀ ਹੈ ਕੀ ਉਹ ਹੁਣ ਨਹੀਂ ਹੋ ਸਕਦੀ?

ਹਿੰਦੁਸਤਾਨ ਵਿਚ ਮੁਸਲਮਾਨ

(ਜਿੱਤਾਂ ਤੋਂ ਪਹਿਲਾਂ)

ਆਧਾਰ

ਉਨ੍ਹਾਂ ਪੁਸਤਕਾਂ ਤੋਂ ਛੁੱਟ ਜਿਨ੍ਹਾਂ ਦਾ ਵੇਰਵਾ ਉੱਪਰ ਆ ਚੁਕਿਆ ਹੈ ਏਸ ਪ੍ਰਕਰਣ ਲਈ ਸਿੰਧ ਦੀਆਂ ਫ਼ਾਰਸੀ ਤਾਰੀਖ਼ਾਂ ਤੋਂ ਵੀ ਲਾਭ ਉਠਾਇਆ ਗਿਆ ਹੈ। ਅਫ਼ਸੋਸ ਹੈ ਕਿ ਇਹ ਪੁਸਤਕਾਂ ਹਾਲੇ ਤਕ ਛਪੀਆਂ ਨਹੀਂ ਹਨ ਪਰ ਕਈ ਕੁਤਬਖ਼ਾਨਿਆਂ ਵਿਚ ਏਹ ਹਥ ਲਿਖਤਾਂ ਦੇ ਰੂਪ ਵਿਚ ਮਿਲਦੀਆਂ ਹਨ। ਹਾਂ ਏਲੀਅਟ ਸਾਹਿਬ ਨੇ ਆਪਣੀ ਤਾਰੀਖ਼ ਦੀ ਪਹਿਲੀ ਜਿਲਦ ਵਿਚ ਇਨ੍ਹਾਂ ਦੀਆਂ ਜ਼ਰੂਰੀ ਜ਼ਰੂਰੀ ਟੂਕਾਂ ਦਿਤੀਆਂ ਹਨ ਅਤੇ ਉਹੋ ਮੇਰੇ ਸਾਹਮਣੇ ਹਨ। ਏਨ੍ਹਾਂ ਕਿਤਾਬਾਂ ਦੇ ਨਾਂ ਇਹ ਹਨ :

੧. ਚਚ ਨਾਮਾਂ

ਤਾਰੀਖ਼ ਸਿੰਧ-ਵਲ-ਹਿੰਦ ਦੇ ਨਾਂ ਦੀ ਏਹ ਅਰਬੀ ਭਾਸ਼ਾ ਵਿਚ ਸਿੰਧ ਦੀ ਸਭ ਤੋਂ ਪੁਰਾਣੀ ਤੌਰੀਖ਼ ਸੀ। ਮੁਹੰਮਦ ਅਲੀ ਬਿਨ ਹਾਮਿਦ ਬਿਨ ਅਬੂਬਕਰ ਕੂਫ਼ੀ ਨੇ ਨਾਸਿਰੁੱਦੀਨ ਕਬਾਚਾ ਦੇ ਸਮੇਂ ਸੰਨ ੬੧੩ ਹਿ. (੧੨੧੬ ਈ.) ਵਿਚ ਉੱਚਾ (ਸਿੰਧ) ਵਿਚ ਬੈਠਕੇ ਏਸ ਦਾ ਫ਼ਾਰਸੀ

ਵਿਚ ਤਰਜਮਾ ਕੀਤਾ। ਏਸ ਦੀ ਅਸਲ ਅਰਬੀ ਨਹੀਂ ਮਿਲਦੀ ਪਰ ਕੇਵਲ ਮੁਹੰਮਦ ਬਿਨ ਕਾਸਿਮ ਦੀ ਮੌਤ ਤੇ ਰਾਜਾ ਦਾਹਿਰ ਦੀ ਪੁਤਰੀ ਦੀ ਕੈਦ ਵਾਲੀ ਘਟਨਾ ਏਸ ਵਿਚ ਕਲਪਤ ਹੈ। ਬਾਕੀ ਅਕਸਰ ਗਲਾਂ ਏਸ ਵਿਚ ਅਜੇਹੀਆਂ ਹਨ ਜਿਨ੍ਹਾਂ ਦੀ ਪੁਰਾਣੀ ਅਰਬੀ ਤਾਰੀਖ਼ਾਂ ਤੋਂ ਪੁਸ਼ਟੀ ਹੁੰਦੀ ਹੈ।

੨. ਤਾਰੀਖ਼ੇ ਮਾਸੂਮੀ

ਏਹ ਮੀਰ ਮੁਹੰਮਦ ਮਾਸੂਮ ਦੀ ਕ੍ਰਿਤ ਸਿੰਧ ਦੀ ਤਾਰੀਖ਼ ਹੈ ਅਕਬਰ ਦੇ ਸਮੇਂ ਵਿਚ ਸੰਨ ੧੦੧੧ ਹਿ. ਵਿਚ ਲਿਖੀ ਗਈ।

੩. ਤਾਰੀਖ ਤਾਹਿਰੀ

ਮੀਰ ਤਾਹਿਰ ਬਿਨ ਸੱਯਦ ਹਸਨ ਕੰਧਾਰੀ ਨੇ ਆਪਣੇ ਸਿੰਧ ਵਿਚ ਠਹਿਰਣ ਦੇ ਸਮੇਂ ਸੰਨ ੧੦੩੦ ਹਿ. (੧੬੨੪ ਈ.) ਵਿਚ ਸਿੰਧ ਦੀ ਇਹ ਤਾਰੀਖ਼ ਲਿਖੀ।

੪. ਬੇਗਲਾਰ ਨਾਮਾ

ਏਹ ਪੁਸਤਕ ਸ਼ਾਹ ਕਾਸਿਮ ਖਾਂ ਬਿਨ ਸੱਯਦ ਕਾਸਿਮ ਬੇਗਲਾਰ ਦੇ ਨਾਂ ਹੇਠ ਸੰਨ ੧੦੧੭ ਹਿ. ਤੋਂ ਸੰਨ ੧੦੩੬ ਹਿ. ਤਕ ਦੇ ਸਮੇਂ ਵਿਚ ਲਿਖੀ ਗਈ।

੫. ਤੁਹਫ਼ਾਤੁਲ ਕਰਾਮ

ਏਹ ਸਭ ਤੋਂ ਆਖ਼ਰੀ ਕਿਤਾਬ ਹੈ, ਅਲੀ ਸ਼ੇਰ ਨੇ ਸੰਨ ੧੧੮੧ ਹਿ. (੧੭੬੭ ਈ.) ਵਿਚ ਲਿਖੀ ਹੈ।

ਏਸ ਪ੍ਰਕਰਣ ਵਿਚ ਜੋ ਗਲਾਂ ਇਕੱਠੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਦੇ ਸਬੰਧ ਵਿਚ ਉਰਦੂ ਦੀਆਂ ਵੀ ਦੋ ਪੁਸਤਕਾਂ ਖਾਸ ਕਰਕੇ ਵਰਨਣ ਯੋਗ ਹਨ:

(੧) ਤਾਰੀਖ਼ੇ ਸਿੰਧ—ਮੌਲਾਨਾ ਅਬਦੁਲ ਹਲੀਮ ਸ਼ਰਰ ਲਖਨਵੀ ਨੇ, ਸੰਨ ੧੯੦੯ ਈ. ਵਿਚ, ਏਲੀਅਟ ਦੀ ਤਾਰੀਖ਼ ਸਿੰਧ ਜਿਲਦ ਪਹਿਲੀ ਦੇ

ਗਿਆਨ ਭੰਡਾਰਾਂ ਤੇ ਆਧਾਰਾਂ ਤੋਂ, ਅਤੇ ਕੁਝ ਆਪਣੀਆਂ ਨਿਜੀ ਖੋਜਾਂ ਤੋਂ ਮਸਾਲਾ ਲੈਕੇ ਇਸਲਾਮੀ ਸਿੰਧ ਦੀ ਇਕ ਬਹੁਤ ਵਿਸਥਾਰ ਭਰਪੂਰ ਤਾਰੀਖ਼ ਦੋ ਜਿਲਦਾਂ ਵਿਚ ਲਿਖੀ ਹੈ। ਸਾਰੀਆਂ ਲੋੜੀਦੀਆਂ ਵਾਕਫੀਆਂ ਏਸ ਵਿਚ ਜਮ੍ਹਾਂ ਕੀਤੀਆਂ ਗਈਆਂ ਹਨ। ਪਰ ਏਹ ਪੁਸਤਕ ਨਵੀਂ ਤਰਤੀਬ ਦੀ ਮੁਥਾਜ ਹੈ। ਨਾਲ ਹੀ ਮੌਲਾਨਾ ਨੇ ਏਸ ਵਿਚ ਏਲੀਅਟ ਤੇ ਬੇਹਦ ਭਰੋਸਾ ਕੀਤਾ ਹੈ ਅਤੇ ਕਠਨਾਈਆਂ ਦੇ ਸੁਲਝਾ ਲਈ ਕੁਝ ਅਜੇਹੇ ਅਨੁਮਾਨਾਂ ਤੋਂ ਕੰਮ ਲਿਆ ਹੈ ਜੋ ਮੇਰੇ ਖਿਆਲ ਵਿਚ ਠੀਕ ਨਹੀਂ, ਜੇਹਾ ਕਿ ਅਗੇ ਮਲੂਮ ਹੋਵੇਗਾ। ਪੁਸਤਕਾਂ ਦੇ ਹਵਾਲੇ ਦਿੰਦੇ ਹੋਏ ਨਾ ਪੰਨਿਆਂ ਦਾ ਹਵਾਲਾ ਦਿੱਤਾ ਹੈ ਤੇ ਨਾ ਸੈਂਚੀ ਦਾ ਅਤੇ ਨਾਹੀ ਅਧਿਆਇ ਵਲ ਸੈਨਤ ਕੀਤੀ ਹੈ। ਏਸ ਲਈ ਏਸ ਵਿਚ ਦਿਤੀਆਂ ਘਟਨਾਵਾਂ ਦੀ ਤਸਦੀਕ ਤੇ ਟਾਕਰੇ ਅਤੀ ਕਠਨ ਹਨ।

(੨) ਦੂਜੀ ਵਰਨਣ ਯੋਗ ਉਰਦੂ ਪੁਸਤਕ ਪੀਰਜ਼ਾਦਾ ਮੁਹੰਮਦ ਹੁਸੈਨ ਸਾਹਿਬ ਦਹਲਵੀ ਐਮ. ਏ., ਪਰਲੋਕ ਵਾਸੀ ਦੇ ਇਬਨ ਬਤੂਤਾ ਦੇ ਸਫ਼ਰਨਾਮੇਂ ਦੀ ਦਜੀ ਸੈਂਚੀ, ਹਿੰਦੁਸਤਾਨ ਸਬੰਧੀ ਦਾ, ਉਰਦੂ ਅਨੁਵਾਦ ਹੈ। ਏਸ ਵਿਚ ਅਸਲ ਚੀਜ਼ ਇਬਨ ਬਤੂਤਾ ਦੇ ਬਿਆਨ ਕੀਤੇ ਅਸਥਾਨਾਂ ਤੇ ਵਿਅਕਤੀਆਂ ਬਾਰੇ ਉਲਥਾਕਾਰ ਦੀਆਂ ਟਿੱਪਣੀਆਂ ਹਨ ਜੋ ਅੰਗਰੇਜ਼ੀ ਅਨੁਵਾਦ ਤੇ ਨਿਜੀ ਖੋਜ ਦੇ ਆਧਾਰ ਤੇ ਕੀਤੀਆਂ ਗਈਆਂ ਹਨ। ਸਾਡੇ ਸਕੂਲਾਂ ਤੇ ਕਾਲਜਾਂ ਵਿਚ ਹਿੰਦੁਸਤਾਨ ਦੀ ਜੋ ਤਾਰੀਖ਼ ਪੜ੍ਹਾਈ ਜਾਂਦੀ ਹੈ ਉਹ ਬਿਲਕੁਲ ਇਕ ਖਾਸ ਪਰਯੋਜਨ ਨੂੰ ਸਾਹਮਣੇ ਰਖਕੇ ਪੜ੍ਹਾਈ ਜਾਂਦੀ ਹੈ ਅਤੇ ਏਸੇ ਪਰਯੋਜਨ ਨੂੰ ਸਾਹਮਣੇ ਰਖਕੇ ਹਿੰਦੁਸਤਾਨ ਦੇ ਇਤਿਹਾਸ ਦੀਆਂ ਪੁਸਤਕਾਂ ਅੰਗਰੇਜ਼ੀ ਵਿਚ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਪੁਰਾਣੀ ਹਿੰਦੁਸਤਾਨ ਦੀ ਤਾਰੀਖ਼ ਨੂੰ, ਗੋਇਆ ਇਉਂ ਕਹਿਣਾ ਚਾਹੀਦਾ ਹੈ, ਕਿ ਉਹ ਸਿੰਕਦਰ ਅਤੇ ਉਸ ਦੇ ਉਤਰਅਧਕਾਰੀਆਂ ਦੀ ਤਾਰੀਖ਼ ਦਾ ਇਕ ਅੰਸ਼ ਹੈ। ਏਸੇ ਹਮਲੇ ਤੋਂ ਹਿੰਦੁਸਤਾਨ ਦੀ ਕਾਇਆ ਪਲਟ ਗਈ। ਏਸੇ ਤੋਂ ਏਸ ਨੂੰ ਗਿਆਨ ਤੇ ਕਲਾ ਦਾ ਭੰਡਾਰ ਹੱਥ ਲੱਗਿਆ। ਇਤਿਹਾਸ ਦੇ ਸੰਸਾਰ ਵਿਚ

ਏਸ ਨੂੰ ਜੀਵਨ ਪਰਾਪਤ ਹੋਇਆ । ਸਿਕੰਦਰ ਦੇ ਹਮਲੇ ਅਤੇ ਸਫ਼ਰ ਦੇ ਇਕ ਇਕ ਰਸਤੇ ਦਾ ਪਤਾ ਲਾਉਣਾ, ਬਿਗੜੇ ਹੋਏ ਯੂਨਾਨੀ ਨਾਵਾਂ ਨੂੰ ਠੀਕ ਕਰਨਾ ਅਤੇ ਇਨ੍ਹਾਂ ਦੇ ਉਲਟੇ ਪੁਲਟੇ ਖ਼ਿਆਲਾਂ ਨੂੰ ਤਰਤੀਬ ਦੇਕੇ ਤੇ ਲੜੀ ਵਿਚ ਪਰੋਕੇ ਪੇਸ਼ ਕਰਨਾ ਹਿੰਦੁਸਤਾਨ ਦੀ ਪੁਰਾਣੀ ਤਾਰੀਖ਼ ਹੈ। ਏਹੀ ਇਤਿਹਾਸ ਕਾਰ ਜਦੋਂ ਇਸਲਾਮ ਅਤੇ ਹਿੰਦੁਸਤਾਨ ਦੀ ਤਾਰੀਖ਼ ਦਾ ਆਰੰਭ ਕਰਨਗੇ ਤਾਂ ਕੁਝ ਸਤਰਾਂ ਵਿਚ ਵਹਿਸ਼ੀ ਅਰਬਾਂ ਦਾ ਅਤੇ ਫੇਰ (ਰਬ ਬਚਾਵੇ) ਇਕ ਲਹੂ ਤਿਹਾਏ ਪੈਗ਼ੰਬਰ ਦਾ ਤੇ ਏਸ ਦੇ ਉੱਤਰ ਅਧਿਕਾਰੀਆਂ ਦੇ ਬੇਪਨਾਹ ਹਮਲਿਆਂ ਦਾ ਵਰਨਣ ਕਰਕੇ ਪੰਨੇ ਦੋ ਪੰਨੇ ਵਿਚ ਅਰਬੋਂ ਗ਼ਜ਼ਨੀ ਪਹੁੰਚ ਜਾਣਗੇ । ਏਥੇ ਮਹਿਮੂਦ ਦੀ ਫ਼ੌਜ ਹਿੰਦੁਸਤਾਨ ਉੱਤੇ ਜਹਾਦ (ਧਰਮ ਯੁਧ) ਕਰਨ ਲਈ ਤਿਆਰ ਮਿਲਦੀ ਹੈ ਅਤੇ ਏਸ ਨੂੰ ਲੈਕੇ ਉਹ ਝਟ ਪਟ ਪੰਜਾਬ, ਸਿੰਧ ਅਤੇ ਗੁਜਰਾਤ ਪਹੁੰਚ ਜਾਂਦੇ ਹਨ ਅਤੇ ਲੁਟ ਮਾਰ ਕਰਾਵਾਕੇ ਮੁੜ ਏਸ ਨੂੰ ਵਾਪਸ ਲੈ ਜਾਂਦੇ ਹਨ। ਫੇਰ ਡੂੜ ਸੌ ਵਰ੍ਹੇ ਪਿਛੋਂ ਸ਼ਿਹਾਬੁਦੀਨ ਗ਼ੌਰੀ ਤੋਂ ਹਿੰਦੁਸਤਾਨ ਉੱਤੇ ਚਾੜ੍ਹਾਈ ਕਰਵਾਉਂਦੇ ਹਨ ਅਤੇ ਏਸ ਪਿਛੋਂ ਮੱਧ ਕਾਲ ਦੇ ਭਾਰਤੀ ਇਤਿਹਾਸ ਦਾ ਸਿਲਸਿਲਾ ਅੱਗੇ ਚਲਾਉਂਦੇ ਹਨ। ਪਰਸ਼ਨ ਏਹ ਹੈ ਕਿ ਇੰਨਾਂ ਦੁਰੇਡਾ ਤੇ ਵਿਥ ਹੁੰਦੇ ਹੋਏ ਯੂਨਾਨ ਦੀ ਸੀਮਾਂ ਤਾਂ ਹਿੰਦੁਸਤਾਨ ਨਾਲ ਆਕੇ ਮਿਲ ਜਾਂਦੀ ਹੈ ਪਰ ਏਸ ਨੇੜ ਤੇ ਸਮੀਪਤਾਂ ਦੇ ਹੁੰਦੇ ਹੋਏ ਵੀ ਕੀ ਹਿੰਦੁਸਤਾਨ ਦੀ ਅਫ਼ਗ਼ਾਨਿਸਤਾਨ ਨਾਲ ਇਕ ਪਾਸੇ ਤੋਂ ਅਤੇ ਮਕਰਾਨ ਤੇ ਸਿੰਧ ਨਾਲ ਦੂਜੇ ਪਾਸਿਉਂ, ਕੋਈ ਸਰਹਦ ਨਹੀਂ ਮਿਲਦੀ ਸੀ ? ਅਤੇ ਇਨ੍ਹਾਂ ਮੁਲਕਾਂ ਵਿਚ ਆਪਸ ਵਿਚਕਾਰ ਸੁਲਾਹ ਤੇ ਜੰਗ, ਲੜਾਈ ਅਤੇ ਮੇਲ ਜੋਲ ਦੇ ਕੋਈ ਸਬੰਧ ਨਹੀਂ ਸਨ ? ਆਖ਼ਰ ਇਨ੍ਹਾਂ ਦੀ ਟੁੱਟੀ ਹੋਈ ਸੰਗਲੀ ਦੇ ਕੁੰਡਿਆਂ ਨੂੰ ਆਪਸ ਵਿਚ ਜੋੜਨਾ ਤੇ ਮਿਲਾਉਣਾ ਅਤੇ ਉਨ੍ਹਾਂ ਤੋਂ ਸਿੱਟੇ ਕਢਣਾ ਜ਼ਰੂਰੀ ਹੈ ਜਾਂ ਨਹੀਂ ?

ਇਨ੍ਹਾਂ ਕਿਤਾਬਾਂ ਦੇ ਪੜ੍ਹਨ ਅਤੇ ਇਨ੍ਹਾਂ ਇਤਿਹਾਸਾਂ ਦੇ ਵੇਖਣ ਤੋਂ ਮਲੂਮ ਹੁੰਦਾ ਹੈ ਕਿ ਮਹਿਮੂਦ ਗ਼ਜ਼ਨਵੀ ਤਕ ਇਕ ਵੀ ਮੁਸਲਮਾਨ ਮਲੇਛ ਦਾ ਪੈਰ ਏਸ ਪਵਿਤਰ ਭੂਮੀ ਉੱਤੇ ਨਹੀਂ ਪਿਆ ਸੀ, ਮੁਸਲਮਾਨਾਂ ਤੇ ਹਿੰਦੂਆਂ ਦਾ ਆਪੋ ਵਿਚ ਕਿਸੇ ਕਿਸਮ ਦਾ ਨਾ ਸਬੰਧ ਸੀ ਨਾ ਜਾਣ ਪਛਾਣ,

ਤੇ ਨਾਹੀ ਕਿਸੇ ਕਿਸਮ ਦੀ ਆਵਾਜਾਈ,ਹਾਲਾਂਕਿ ਪਿਛਲੇ ਪੰਨੇ ਪੜ੍ਹਨ ਵਾਲਿਆਂ ਨੂੰ ਇਹ ਚੰਗੀ ਤਰ੍ਹਾਂ ਮਲੂਮ ਹੋ ਗਿਆ ਹੋਵੇਗਾ ਕਿ ਇਨ੍ਹਾਂ ਦੋਹਾਂ ਕੌਮਾਂ ਵਿਚਕਾਰ ਕਿੰਨੇ ਭਾਂਤ ਭਾਂਤ ਦੇ ਸਬੰਧ ਚਲੇ ਆਉਂਦੇ ਸਨ।

ਹਿੰਦੁਸਤਾਨ ਤੇ ਖ਼ੈਬਰ ਪਾਰ ਦੇ ਮੁਲਕਾਂ ਵਿਚਕਾਰ ਹਮੇਸ਼ ਸੁਲਾਹ ਜੰਗ ਦੇ ਲਗਾਤਾਰ ਸਬੰਧ ਕਾਇਮ ਸਨ ਇਸਲਾਮ ਤੋਂ ਪਹਿਲਾਂ ਇਨ੍ਹਾਂ ਮੁਲਕਾਂ ਦੀ ਹਾਲਤ ਇਹ ਸੀ ਕਿ ਜਦੋਂ ਕਦੇ ਕਾਬੁਲ ਦੇ ਸ਼ਾਹ ਨੂੰ ਤਾਕਤ ਪਰਾਪਤ ਹੋਈ ਏਸ ਨੇ ਵਹਿੰਦ ਤੇ ਪਸ਼ਉਰ ਤਕ ਕਬਜ਼ਾ ਕਰ ਲਿਆ ਅਤੇ ਜਦੋਂ ਲੋਹਾਵਰ ਦੇ ਰਾਏ ਨੂੰ ਅਵਸਰ ਪਰਾਪਤ ਹੋਇਆ ਉਸ ਨੇ ਕਾਬੁਲ ਕੰਧਾਰ ਤਕ ਆਪਣੀ ਸਰਹਦ ਕਾਇਮ ਕਰ ਲਈ। ਏਹੀ ਹਾਲ ਸਿੰਧ ਵਲ ਸੀ ਕਦੇ ਸ਼ਾਹਿਨਸ਼ਾਹੇ ਈਰਾਨ ਨੇ ਮਕਰਾਨ ਤੋਂ ਦਰਿਆ ਸਿੰਧ ਤਕ ਕਬਜ਼ਾ ਕਰ ਲਿਆ ਅਤੇ ਕਦੇ ਸਿੰਧ ਦੇ ਰਾਜੇ ਨੇ ਬਲੋਚਿਸਤਾਨ ਤੇ ਮਕਰਾਨ ਲੈਕੇ ਈਰਾਨ ਦੀ ਸਰਹਦ ਨਾਲ ਸਰਹਦ ਮਿਲਾ ਦਿੱਤੀ। ਏਹੀ ਹਾਲ ਸਤਵੀਂ ਸਦੀ ਈਸਵੀਂ ਤਕ ਸੀ ਜਦੋਂ ਏਧਰ ਇਸਲਾਮੀ ਜਿੱਤਾਂ ਨੇ ਪੈਰ ਪਸਾਰਨਾ ਅਤੇ ਇਨ੍ਹਾਂ ਦੇਸਾਂ ਦੇ ਕਬੀਲਿਆਂ ਤੇ ਕੌਮਾਂ ਨੇ ਇਸਲਾਮ ਕਬੂਲ ਕਰਨਾ ਆਰੰਭ ਕੀਤਾ। ਏਧਰ ਸਭ ਤੋਂ ਪਹਿਲਾਂ ਜੋ ਮੁਸਲਮਾਨ ਰਾਜ ਕਾਇਮ ਹੋਇਆ, ਉਹ 'ਸਾਮਾਨੀਆ ਹਕੂਮਤ' ਹੈ ਜਿਸ ਨੇ ਬੁਖ਼ਾਰਾ ਨੂੰ ਆਪਣੀ ਰਾਜਧਾਨੀ ਬਣਾਇਆ ਪਰ ਏਸ ਦੇ ਸਮੇਂ ਵੀ ਕਾਬੁਲ ਤੋਂ ਅੱਗੇ ਧਿਆਨ ਨਾ ਕੀਤਾ ਜਾ ਸਕਿਆ। ਏਸ ਪਿਛੋਂ ਸੱਫ਼ਾਰੀਆ ਰਾਜ ਨੇ ਜੋ ਕੇਵਲ ਕੁਝ ਦਿਨਾਂ ਲਈ ਕਾਇਮ ਹੋਇਆ ਸੀ, ਕਾਬੁਲ ਤੇ ਕੰਧਾਰ ਤੋਂ ਅੱਗੇ ਆਪਣੀ ਨਜ਼ਰ ਵਧਾਈ। ਅਬਾਸੀਆ ਖ਼ਲਾਫਤ ਨੇ ਸਿੰਧ ਦਾ ਨਾਮ ਮਾਤਰ ਰਾਜ ਵੀ ਏਸ ਦੇ ਸਪੁਰਦ ਕਰ ਦਿੱਤਾ ਸੀ। ਏਸ ਪਿਛੋਂ ਸਾਮਾਨੀਆਂ ਰਾਜ ਦੀਆਂ ਹੱਦਾਂ ਤੋਂ ਹਟਕੇ ਏਸ ਦੇ ਇਕ ਤੁਰਕ ਅਫ਼ਸਰ ਅਲਪਤਗੀਨ ਨੇ, ਏਸ ਲਈ ਤਾਂ ਜੋ ਉਹ ਆਪਣੇ ਸੁਆਮੀ ਦੇ ਫ਼ੌਜੀ ਹਮਲੇ ਤੇ ਡੰਡ ਤੋਂ ਬਚਿਆ ਰਹੇ, ਏਸ ਦੂਰ ਦੁਰਾਡੇ ਇਲਾਕੇ ਨੂੰ ਆਪਣੀਆਂ ਕੋਸ਼ਸ਼ਾਂ ਦੇ ਘੋੜਿਆਂ ਦੀ ਦੌੜ ਦਾ ਮਦਾਨ ਅਤੇ ਗ਼ਜ਼ਨੀ ਨੂੰ ਆਪਣੇ ਖ਼ੁਦ ਮੁਖ਼ਤਿਆਰ ਰਾਜ ਦਾ ਕੇਂਦਰ ਬਣਾ ਲਿਆ। ਏਹ ਚੌਥੀ ਸਦੀ ਹਿਜਰੀ ਦੇ ਵਿਚਕਾਰ ਦੀ

ਗਲ ਹੈ। ਏਸ ਗ਼ਜ਼ਨੀ ਰਾਜ ਦਾ ਦੂਜਾ ਕਹੋ ਜਾਂ ਤੀਜਾ ਸੁਲਤਾਨ ਮਹਿਮੂਦ ਗ਼ਜ਼ਨਵੀ ਹੈ। ਏਸ ਨੇ ਆਪਣੀ ੩੩ ਸਾਲ ਦੀ ਹਕੂਮਤ ਵਿਚ ਗ਼ਜ਼ਨੀ ਦੇ ਚੁਫੇਰੇ ਮੁਲਕਾਂ ਅਤੇ ਰਾਜਾਂ ਨੂੰ ਭਾਵੇਂ ਉਹ ਮੁਸਲਮਾਨ ਸਨ ਜਾਂ ਨਹੀਂ ਆਪਣੇ ਬੇ ਪਨਾਹ ਹਮਲਿਆਂ ਨਾਲ ਮਜਬੂਰ ਕਰਕੇ ਆਪਣੇ ਛੋਟੇ ਜੇਹੇ ਮੁਰੂਸੀ ਰਾਜ ਵਿਚ ਸ਼ਾਮਲ ਕਰਕੇ ਇਕ ਸ਼ਾਨਦਾਰ ਰਾਜ ਦੀ ਨੀਂਹ ਰਖੀ। ਏਸ ਨੇ ਗ਼ਜ਼ਨੀ ਦੇ ਇਕ ਪਾਸੇ ਕਾਸ਼ਗ਼ਰ ਦੀ ਇਸਲਾਮੀ ਈਲਖਾਨੀ ਹਕੂਮਤ ਨੂੰ, ਦੂਜੇ ਬੰਨੇ ਖ਼ੁਦ ਆਪਣੇ ਸਆਮੀ ਸਾਮਨੀਆ ਦੇ ਰਾਜ ਨੂੰ, ਤੀਜੇ ਬੰਨੇ ਦੈਲਾਮੀਆਂ ਦੇ ਰਾਜ ਨੂੰ, ਤਬਰਿਸਤਾਨ ਦੇ ਜ਼ਿਆਰੀਆਂ ਦੇ ਰਾਜ ਨੂੰ,ਪੂਰਬ ਵਲ ਗ਼ੌਰੀਆਂ ਦੇ ਰਾਜ ਖੇਤਰ ਨੂੰ ਜਿਹੜੇ ਹੁਣ ਤਕ ਨਾ ਤਾਂ ਮੁਸਲਮਾਨ ਸਨ ਅਤੇ ਨਾ ਕਦੇ ਕਿਸੇ ਰਾਜ ਦੇ ਅਧੀਨ ਰਹੇ ਸਨ ਅਤੇ ਏਸ ਪਿਛੋਂ ਪੂਰਬ ਵਲ ਮੁਲਤਾਨ ਤੇ ਸਿੰਧ ਦੇ ਅਰਬ ਅਮੀਰਾਂ ਨੂੰ, ਫੇਰ ਲਾਹੌਰ ਤੇ ਹਿੰਦੁਸਤਾਨ ਦੇ ਬਾਕ਼ੀ ਰਾਜਿਆਂ ਨੂੰ, ਉਜਾੜ ਉਖਾੜ ਕੇ ਗ਼ਜ਼ਨੀ ਦਾ ਰਾਜ ਕਾਇਮ ਕੀਤਾ। ਇਨ੍ਹਾਂ ਵਿਚੋਂ ਹਿੰਦੁਸਤਾਨ ਤੇ ਗ਼ੌਰ ਤੋਂ ਬਿਨਾਂ ਬਾਕੀ ਸਭੇ ਨਰੋਲ ਮੁਸਲਮਾਨ ਰਾਜ ਸਨ।

ਕਿਉਂ ਜੋ ਏਸ ਬਿਆਨ ਦੀਆਂ ਵਿਆਖਿਆਵਾਂ ਮੇਰੇ ਵਿਸ਼ੇ ਦੇ ਘੇਰੇ ਤੋਂ ਬਾਹਰ ਹਨ ਏਸ ਲਈ ਕੇਵਲ ਲੜੀ ਕਾਇਮ ਕਰਨ ਲਈ ਇਹ ਗਿਣਵੀਆਂ ਸਤਰਾਂ ਲਿਖਕੇ ਹਿੰਦੁਸਤਾਨ ਦੀ ਤਾਰੀਖ਼ ਦੇ ਠੇਕੇਦਾਰਾਂ ਦਾ ਧਿਆਨ ਏਧਰ ਫੇਰਨਾ ਚਾਹੁੰਦਾ ਹਾਂ ਕਿ ਉਹ ਮਹਿਮੂਦ ਤੋਂ ਪਹਿਲਾਂ ਦੇ ਅਫ਼ਗ਼ਾਨਿਸਤਾਨ ਅਤੇ ਹਿੰਦੁਸਤਾਨ ਦੇ ਸਬੰਧਾ ਬਾਰੇ ਖੋਜ ਤੇ ਮਿਹਨਤ ਨਾਲ ਮਸਾਲਾ ਇਕਤਰ ਕਰਨ ਅਤੇ ਕਿਸੇ ਨਵੇਂ ਨਤੀਜੇ ਤੋਂ ਜਾਣੂ ਕਰਵਾਉਣ।

ਉੱਪਰ ਦੀ ਵਿਆਖਿਆ ਤੋਂ ਇਹ ਅਨੁਮਾਨ ਹੋਵੇਗਾ ਕਿ ਸਰਹਦੀ ਦਰਿਆਂ ਰਾਹੀਂ ਮੁਸਲਮਾਨਾਂ ਨੇ ਜੋ ਹਿੰਦੁਸਤਾਨੀ ਰਾਜਿਆਂ ਨਾਲ ਟਕਰ ਲਈ ਸੀ ਉਸਦਾ ਕਾਰਣ ਕੇਵਲ ਧਾਰਮਕ ਜਜ਼ਬਾ ਹੀ ਨਹੀਂ ਸੀ, ਸਗੋਂ ਸਦੀਆਂ ਦੀ ਕੌਮੀ ਲੜਾਈਆਂ ਦੀ ਸੰਗਲੀ ਦੀ ਏਹ ਵੀ ਇਕ ਕੜੀ ਹੀ ਸੀ।

ਜੋ ਵੀ ਸੀ, ਏਹ ਤਾਂ ਉੱਤਰੀ ਹਿੰਦੁਸਤਾਨ ਦਾ ਹਾਲ ਸੀ ਪਰ ਦਖਣੀ ਹਿੰਦੁਸਤਾਨ ਦੀ ਦਸ਼ਾ ਕੁਝ ਹੋਰ ਸੀ ਸੰਨ ੪੧੬ ਹਿ. (ਸੰਨ ੧੦੨੪ ਈ.)

ਵਿਚ ਮਹਿਮੂਦ ਗ਼ਜ਼ਨਵੀ ਨੇ, ਸੰਨ ੫੭੪ ਹਿ. (ਸੰਨ ੧੧੭੮ ਈ.) ਵਿਚ ਸ਼ਿਹਾਬੁਦੀਨ ਗੌਰੀ ਨੇ ਅਤੇ ਸੰਨ ੫੯੨ ਹਿ. (ਸੰਨ ੧੧੯੬ ਈ.) ਵਿਚ ਕੁਤਬੁਦੀਨ ਐਬਕ ਨੇ ਗੁਜਰਾਤ ਉੱਤੇ ਧਾਵੇ ਕੀਤੇ। ਇਹ ਬਦੱਲ ਵਾਂਙੂ ਆਏ ਤੇ ਅਨ੍ਹੇਰੀ ਵਾਂਙੂ ਲੰਘ ਗਏ। ਅਲੱਬਤਾ ਏਸ ਦੇ ਸੌ ਵਰ੍ਹੇ ਪਿਛੋਂ ਬਘੇਲੇ ਰਾਜਾ ਅਤੇ ਏਸ ਦੇ ਵਜ਼ੀਰ, ਮਾਧੋ ਦੀ ਆਪੋ ਵਿਚ ਰੰਜਗੀ ਤੇ ਨਰਾਜਗੀ ਅਤੇ ਮਾਧੋ ਦੇ ਨਿਮੰਤਰਨ ਨੇ ਸਭ ਤੋਂ ਪਹਿਲਾਂ ਅਲਾਉੱਦੀਨ ਖ਼ਿਲਜੀ ਨੂੰ ਸੰਨ ੬੯੭ ਹਿ. (ਸੰਨ ੧੨੯੭ ਈ.) ਵਿਚ ਗੁਜਰਾਤ ਦਾ ਹਾਕਮ ਬਣਾ ਦਿੱਤਾ। ਅਲਾਉਦੀਨ ਖ਼ਿਲਜੀ ਨੇ ਗੁਜਰਾਤ ਤੋਂ ਲੈਕੇ ਸਮੁੰਦਰ ਦੇ ਕੰਢੇ ਕੰਢੇ ਕਾਰੋ ਮੰਡਲ ਤਕ ਦਾ ਇਲਾਕਾ ਜਿੱਤ ਲਿਆ ਪਰ ਜਿਤਾਂ ਦਾ ਇਹ ਸਿਲਸਲਾ ਉਸ ਜਹਾਜ਼ ਵਾਂਙੂੰ ਸੀ ਜੋ ਆਪਣੇ ਜ਼ੋਰ ਵਿਚ ਸਮੁੰਦਰ ਦੀ ਛਾਤੀ ਨੂੰ ਚੀਰਦਾ ਅਗੇ ਵਧਦਾ ਜਾਂਦਾ ਹੈ ਪਰ ਜਿਵੇਂ ਹੀ ਉਹ ਇਕ ਪੈਰ ਅਗੇ ਵਧਦਾ ਹੈ ਪਿਛੋਂ ਪਾਣੀ ਸਿਮਟ ਕੇ ਅਜੇਹਾ ਹੋ ਜਾਂਦਾ ਹੈ ਕਿ ਪਾਣੀ ਦੇ ਉਪਰ ਨਾਂ ਮਾਤਰ ਵੀ ਕੋਈ ਚਿੰਨ੍ਹ ਬਾਕੀ ਨਹੀਂ ਰਹਿ ਜਾਂਦਾ ਤੇ ਕਿਧਰੇ ਏਸ ਦਾ ਪਤਾ ਵੀ ਨਹੀਂ ਮਿਲਦਾ। ਗੋਇਆ ਇਹ ਖ਼ਿਲਜੀ ਸੈਨਾਪਤੀ ਦੀ ਇਕ ਫ਼ੌਜੀ ਸੈਰ ਜਾਂ ਯਾਤਰਾ ਸੀ ਏਸ ਤੋਂ ਵਧ ਕੁਝ ਨਹੀਂ। ਸੰਨ ੭੦੯ ਹਿ. (ਸੰਨ ੧੩੦੯ ਈ.) ਵਿਚ ਏਸ ਦੇ ਇਕ ਅਫ਼ਸਰ ਮਲਿਕ ਕਾਫ਼ੂਰ ਨੇ ਕਰਨਾਟਕ ਜਿਤ ਲਿਆ ਪਰ ਏਸ ਪਿਛੋਂ ਸੰਨ ੭੨੭ ਹਿ. (ਸੰਨ ੧੩੨੩ ਈ.) ਵਿਚ ਦਖਣ ਵਲ ਬੀਜਾ ਨਗਰ ਦਾ ਸ਼ਾਨਦਾਰ ਹਿੰਦੂ ਰਾਜ ਕਾਇਮ ਹੋ ਗਿਆ, ਜੋ ਸਦੀਆਂ ਤਕ ਦਖਣੀ ਭਾਰਤ ਨੂੰ ਉਤਰੀ ਭਾਰਤ ਦੇ ਮੁਸਲਮਾਨ ਹਮਲਾ ਆਵਰਾਂ ਤੋਂ ਬਚਾਉਂਦਾ ਰਿਹਾ। ਮਲਿਕ ਕਾਫ਼ੂਰ ਦੀਆਂ ਜਿੱਤਾਂ ਦੇ ਸਿਲਸਿਲੇ ਵਿਚ ਮਾਅਬਰ (ਕਾਰੋ ਮੰਡਲ) ਵਿਚ ਜੋ ਇਕ ਛੋਟਾ ਜੇਹਾ ਇਸਲਾਮੀ ਰਾਜ ਕਾਇਮ ਹੋ ਗਿਆ ਸੀ ਉਹ ਵੀ ਚਾਲ੍ਹੀ ਵਰ੍ਹਿਆਂ ਪਿਛੋਂ ਮਿਟਕੇ ਬੀਜਾ ਪੁਰ ਦੇ ਰਾਜ ਖੇਤਰ ਵਿਚ ਸ਼ਾਮਲ ਹੋ ਗਿਆ।

ਪਰ ਏਸ ਲੜਾਈ ਭੜਾਈ, ਜੰਗ ਯੁਧ ਤੇ ਹਮਲਾ ਆਵਰੀ ਦੀਆਂ ਹਦਾਂ ਤੋਂ ਦੂਰ ਤੇ ਅਲਗ ਇਨ੍ਹਾਂ ਮੁਸਲਮਾਨ ਅਰਬਾਂ ਤੇ ਇਰਾਕੀਆਂ

ਦੀਆਂ ਆਬਾਦੀਆਂ ਸਨ ਜੋ ਖੁਸ਼ਕੀ ਦੇ ਰਸਤੇ ਉਤਰ ਤੋਂ ਦਖਣ ਨਹੀਂ ਆਏ ਸਨ ਸਗੋਂ ਸਮੁੰਦਰ ਦੇ ਕੰਢੇ ਚਲਕੇ ਇਨ੍ਹਾਂ ਇਲਾਕਿਆਂ ਵਿਚ ਅਬਾਦ ਹੋ ਗਏ ਸਨ ਤੇ ਇਨ੍ਹਾਂ ਦੀ ਆਵਾ ਜਾਈ ਹਾਲੇ ਜਾਰੀ ਸੀ।

ਏਹ ਬਿਲਕੁਲ ਸਪਸ਼ਟ ਗਲ ਹੈ ਕਿ ਪਹਿਲਾਂ ਉਤਰੀ ਭਾਰਤ ਤੋਂ ਦਖਣੀ ਹਿੰਦੁਸਤਾਨ ਵਿਚ ਮੁਸਲਮਾਨਾਂ ਦੀਆਂ ਨਵੀਆਂ ਆਬਾਦੀਆਂ ਕਾਇਮ ਹੋਈਆਂ ਅਤੇ ਏਸ ਦਾ ਸਿਲਸਿਲਾ ਅਸਲ ਵਿਚ ਵਪਾਰੀ ਆਵਾਜਾਈ ਨਾਲ ਸਬੰਧਤ ਹੈ। ਨਾ ਕੇਵਲ ਇਹ ਕਿ ਇਸ ਇਲਾਕੇ ਵਿਚ ਬਾਹਰ ਤੋਂ ਮੁਸਲਮਾਨ ਆਕੇ ਆਬਾਦ ਹੋਏ ਸਨ ਸਗੋਂ ਆਪ ਦੇਸ ਦੇ ਵਸਨੀਕਾਂ ਨੇ ਵੀ ਇਸਲਾਮ ਕਬੂਲ ਕਰਨਾ ਆਰੰਭ ਕਰ ਦਿੱਤਾ ਸੀ। ਏਸ ਅਸਰ ਅਤੇ ਤਨੀਜੇ ਦੇ ਪੈਦਾ ਹੋਣ ਦੇ ਬਾਰੇ ਅਨੇਕ ਰਵਾਇਤਾਂ ਪਰਸਿਧ ਹਨ ਜੋ ਇਤਿਹਾਸ ਦੀਆਂ ਕਿਤਾਬਾਂ ਅਤੇ ਸਫ਼ਰ ਨਾਮਿਆਂ ਵਿਚ ਲਿਖਿਆਂ ਹੋਈਆਂ ਹਨ। ਇਨ੍ਹਾਂ ਦਾ ਸਾਂਝਾ ਵਿਸ਼ਾ ਇਹ ਹੈ ਕਿ ਇਹ ਅਸਰ ਦੋ ਵੱਲੀ ਖਿਚ ਦਾ ਸਿੱਟਾ ਸੀ। ਇਕ ਤਾਂ ਅਰਬ ਵਪਾਰੀਆਂ ਦੀ ਆਵਾਜਾਈ ਅਤੇ ਦੂਜੇ ਸਰੰਦੀਪ ਵਾਲੇ ਪੈਰ ਚਿੰਨ੍ਹ ਦੀ ਯਾਤਰਾ ਨੂੰ ਆਉਣ ਵਾਲੇ ਸੂਫੀਆਂ ਤੇ ਦਰਵੇਸ਼ਾਂ ਦੀ ਸਿੱਧੀ।

ਮੁਸਲਮਾਨਾਂ ਦਾ ਪਹਿਲਾ ਕੇਂਦਰ ਸਰੰਦੀਪ

ਫ਼ਰਿਸ਼ਤੇ ਨੇ ਲਿਖਿਆ ਹੈ ਕਿ 'ਕਿਉਂ ਜੋ ਇਸਲਾਮ ਦੇ ਪਹਿਲਾਂ ਹੀ ਅਰਬ ਇਨ੍ਹਾਂ ਟਾਪੂਆਂ ਵਿਚ ਵਪਾਰੀ ਦੇ ਤੌਰ ਤੇ ਆਉਂਦੇ ਸਨ ਅਤੇ ਏਥੋਂ ਦੇ ਲੋਕ ਅਰਬ ਜਾਂਦੇ ਹੁੰਦੇ ਸਨ, ਏਸ ਲਈ ਸਰੰਦੀਪ ਦੇ ਰਾਜਾ ਨੂੰ ਇਸਲਾਮ ਅਤੇ ਮੁਸਲਮਾਨਾਂ ਦਾ ਹਾਲ ਸਭ ਤੋਂ ਪਹਿਲਾਂ ਮਲੂਮ ਹੋਇਆ ਅਤੇ ਉਹ ਸਤਕਾਰ ਯੋਗ ਸਹਾਬੀਆਂ ਦੇ ਸਮੇਂ ਸੰਨ ੪੦ ਹਿ. ਵਿਚ (ਸਤਵੀਂ ਸਦੀ ਈਸਵੀ ਦੇ ਆਰੰਭ ਵਿਚ ਹੀ) ਮੁਸਲਮਾਨ ਹੋ ਗਿਆ * 'ਫਰਿਸ਼ਤਾ' ਨੇ ਆਪਣੇ ਆਧਾਰ ਦਾ ਹਵਾਲਾ ਨਹੀਂ ਦਿੱਤਾ, ਪਰ ਇਕ ਪੁਰਾਣੇ ਸਮੇਂ ਦੀ ਲਿਖਤ ਅਜਾਇਬੁਲ ਹਿੰਦ ਤੋਂ ਜੋ ਲਗ ਭਗ ਸੰਨ ੩੦੦ ਵਿਚ ਲਿਖੀ ਗਈ ਹੈ ਏਸ ਰਵਾਇਤ ਦੀ ਪੂਰੀ ਤਸਦੀਕ ਹੁੰਦੀ ਹੈ ਬਜ਼ੁਰਗ ਬਿਨ ਸ਼ਹਿਰਯਾਰ ਜਹਾਜ਼ੀ ਜੋ ਇਨ੍ਹਾਂ ਟਾਪੂਆਂ ਵਿਚ ਆਪਣੇ ਜਹਾਜ਼

*ਫ਼ਰਿਸ਼ਤਾ ਜਿਲਦ ਦੂਜੀ ਅਧਿਆਇ ਅਠਵਾਂ ਸਿੰਧ ਪੰਨਾ ੩੧੧ ਨਵਲਕਿਸ਼ੋਰ।

ਚਲਾਉਂਦਾ ਹੁੰਦਾ ਸੀ, ਸਰੰਦੀਪ ਦੇ ਬਿਆਨ ਵਿਚ ਲਿਖਦਾ ਹੈ:

"ਹਿੰਦੁਸਤਾਨ ਦੇ ਪੁਜਾਰੀਆਂ, ਸੰਨਿਆਸੀਆਂ ਅਤੇ ਜੋਗੀਆਂ ਦੀਆਂ ਕਈ ਕਿਸਮਾਂ ਹਨ ਇਨ੍ਹਾਂ ਵਿਚੋਂ ਇਕ 'ਬੇਕੂਰ'* ਹੁੰਦੇ ਹਨ ਜੋ ਅਸਲ ਵਿਚ ਸਰੰਦੀਪ ਵਾਸੀ ਹਨ ਏਹ ਮੁਸਲਮਾਨਾਂ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਉਨ੍ਹਾਂ ਵਲ ਬੜੀ ਰੁਚੀ ਰਖਦੇ ਹਨ । ਉਹ ਗਰਮੀ ਦੀ ਰੁਤ ਵਿਚ ਨੰਗੇ ਰਹਿੰਦੇ ਹਨ । ਕੇਵਲ ਚਾਰ ਉਂਗਲ ਦੀ ਲੰਗੋਟੀ ਲਕ ਦੁਆਲੇ ਇਕ ਡੋਰੀ ਬੰਨ੍ਹਕੇ ਤੇੜ ਪਾ ਲੈਂਦੇ ਹਨ ਅਤੇ ਸਿਆਲਾਂ ਵਿਚ ਘਾਹ ਦੀ ਫੂਹੜੀ ਉਤੇ ਲੈ ਲੈਂਦੇ ਹਨ । ਇਨ੍ਹਾਂ ਵਿਚੋਂ ਕੁਝ ਕੁ ਅਜੇਹਾ ਕਪੜਾ ਪਹਿਨਦੇ ਹਨ ਜਿਸ ਨੂੰ ਅਨੇਕ ਟੰਗਾਂ ਦੀਆਂ ਛੋਟੀਆਂ ਛੋਟੀਆਂ ਲੀਰਾਂ ਜੋੜ ਕੇ ਸੀਤਾ ਹੁੰਦਾ ਹੈ । ਇਹ ਸਰੀਰ ਉੱਤੇ ਮੁਰਦਿਆਂ ਦੀ ਸੜੀ ਹੋਈ ਹੱਡੀਆਂ ਦੀ ਰਾਖ ਮਲ ਲੈਂਦੇ ਹਨ ਅਤੇ ਸਿਰ ਤੇ ਦਾੜ੍ਹੀ ਮੁਛਾਂ ਦਾ ਭਦਣ ਕਰਵਾਉਂਦੇ ਹਨ ਅਤੇ ਸਰੀਰ ਦੇ ਵਾਲ ਵਧਾਉਂਦੇ ਹਨ । ਗਲ ਵਿਚ ਆਦਮੀ ਦੀ ਖੋਪਰੀ ਲਟਕਾਈ ਰਖਦੇ ਹਨ ਅਤੇ ਭੋ ਸਿਕਸ਼ਾ ਤੇ ਨਿਮਰਤਾ ਵਜੋਂ ਉਸ ਵਿਚ ਖਾਂਦੇ ਹਨ ।"

ਏਸ ਚਿਤਰ ਤੋਂ ਅਤੇ ਏਸ ਸੰਪਰਦਾਇ ਸਬੰਧੀ ਹੋਰ ਅਰਬ ਯਾਤਰੂਆਂ ਦੇ ਬਿਆਨਾਂ ਤੋਂ ਇਹ ਗਲ ਮੰਨ ਲੈਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਇਹ ਲੋਕੀ ਬੁਧ ਧਰਮ ਦੇ ਅਨੁਸਾਰੀ ਹੋਣਗੇ ।

ਸਾਡਾ ਕਪਤਾਨ ਫੇਰ ਆਪਣੀ ਵਿਥਿਆ ਆਰੰਭ ਕਰਦਾ ਹੈ :

"ਸਰੰਦੀਪ ਤੇ ਏਸ ਦੇ ਨੇੜੇ ਤੇੜੇ ਵਾਲਿਆਂ ਨੂੰ ਇਸਲਾਮ ਦੇ ਪੈਗ਼ੰਬਰ ਦੇ ਭੇਜੇ ਜਾਣ ਦਾ ਹਾਲ ਜਦੋਂ ਮਲੂਮ ਹੋਇਆ ਤਾਂ ਉਨ੍ਹਾਂ ਨੇ ਆਪਣੇ ਵਿਚੋਂ ਇਕ ਸਿਆਣੇ ਬੰਦੇ ਨੂੰ ਏਸ ਗਲ ਦਾ ਪਤਾ ਕਰਨ ਲਈ ਅਰਬ ਘਲਿਆ । ਉਹ ਰੁਕਦਾ ਰੁਕਾਉਂਦਾ ਜਦੋਂ ਮਦੀਨੇ ਪਹੁੰਚਿਆ ਤਾਂ ਹਜ਼ਰਤ

*ਗ਼ਾਲਬਨ ਏਹੀ ਸ਼ਬਦ ਹੈ ਜੋ ਕਿਤਾਬੁਲ ਬਦਾ-ਵੱਤਾਰੀਖ਼ ਅਤੇ ਸੁਲੇਮਾਨ ਤਾਜਰ ਦੇ ਸਫ਼ਰਨਾਮੇ ਆਦਿ ਵਿਚ ਕਿਤੇ ਬੇਕਰ ਜਨ ਅਤੇ ਕਿਤੇ ਬੇਕਰ ਨਤੀਨ ਦੇ ਨਾਂ ਹੇਠ ਮਿਲਦਾ ਹੈ ।

ਰਸੂਲੇ ਕਰੀਮ (ਆਪ ਤੇ ਰੱਬ ਦੀ ਮੇਹਰ ਹੋਵੇ) ਚਲਾਣੇ ਕਰ ਚੁਕੇ ਸਨ। ਅਬੂਬਕਰ ਸਿੱਦੀਕ ਦੀ ਖ਼ਲਾਫ਼ਤ ਵੀ ਮੁਕ ਚੁਕੀ ਸੀ ਅਤੇ ਹਜ਼ਰਤ ਉਮਰ ਦਾ ਸਮਾਂ ਸੀ। ਉਹ ਉਨ੍ਹਾਂ ਨੂੰ ਮਿਲਿਆ ਅਤੇ ਹਜ਼ਰਤ ਪੈਗ਼ੰਬਰ ਸਾਹਿਬ (ਆਪ ਤੇ ਰੱਬ ਦੀ ਮਿਹਰ ਹੋਵੇ) ਦੇ ਬਾਰੇ ਪੁੱਛ ਗਿੱਛ ਕੀਤੀ। ਹਜ਼ਰਤ ਉਮਰ ਨੇ ਵਿਆਖਿਆ ਸਹਿਤ ਸਾਰੀ ਗਲ ਦਾ ਉੱਤਰ ਦਿਤਾ। ਜਦੋਂ ਉਹ ਆਦਮੀ ਵਾਪਸ ਹੋਇਆ ਤਾਂ ਮਕਰਾਨ (ਬਲੋਚਿਸਤਾਨ ਦੇ ਨੇੜੇ) ਪਹੁੰਚ ਕੇ ਮਰ ਗਿਆ। ਏਸ ਨਾਲ ਏਸ ਦਾ ਇਕ ਹਿੰਦੂ ਨੌਕਰ ਸੀ ਉਹ ਰਾਜ਼ੀ ਬਾਜ਼ੀ ਸਰੰਦੀਪ ਪੁਜ ਗਿਆ ਅਤੇ ਏਸ ਨੇ ਰਸੂਲੁਲ੍ਹਾ (ਆਪ ਤੇ ਰਬ ਦੀ ਮਿਹਰ ਹੋਵੇ), ਹਜ਼ਰਤ ਅਬੂਬਕਰ ਅਤੇ ਹਜ਼ਰਤ ਉਮਰ ਦਾ ਸਾਰਾ ਹਾਲ ਬਿਆਨ ਕੀਤਾ ਅਤੇ ਇਨ੍ਹਾਂ ਦੀ ਸਾਧੂਆਂ ਤੇ ਦਰਵੇਸ਼ਾਂ ਵਾਲੀ ਰਹਿਤ ਬਹਿਤ ਦਾ ਵੀ ਵਰਨਣ ਕੀਤਾ ਅਤੇ ਦਸਿਆ ਕਿ ਉਹ ਕਿਹੋ ਜੇਹੇ ਨਿਮਰ ਤੇ ਬੀਬੇ ਹਨ। ਉਹ ਟਾਕੀਆਂ ਲੱਗੇ ਹੋਏ ਕਪੜੇ ਪਹਿਨਦੇ ਹਨ ਅਤੇ ਮਸੀਤ ਵਿਚ ਸੌਂਦੇ ਹਨ। ਹੁਣ ਏਹ ਲੋਕ ਜੋ ਮੁਸਲਮਾਨਾਂ ਨਾਲ ਇੰਨਾ ਪਿਆਰ ਤੇ ਉਨ੍ਹਾਂ ਵਲ ਇੰਨੀ ਰੁਚੀ ਰਖਦੇ ਹਨ ਉਹ ਏਸੇ ਕਾਰਣ ਹੈ।*

ਏਸ ਰਵਾਇਤ ਦੀ ਤੀਜੀ ਪੁਸ਼ਟੀ ਏਸ ਘਟਨਾਂ ਤੋਂ ਹੁੰਦੀ ਹੈ ਕਿ ਪਹਿਲੀ ਸਦੀ ਹਿਜਰੀ ਦ ਅੰਤ ਵਿਚ ਉਮਵੀਆਂ ਵਲੋਂ ਹਜਾਜ ਇਰਾਕ ਦਾ ਗਵਰਨਰ ਸੀ ਅਤੇ ਭਾਰਤੀ ਟਾਪੂਆਂ ਵਲ ਇਰਾਕ ਦੀਆਂ ਬੰਦਰਗਾਹਾਂ ਤੋਂ ਹੀ ਜਹਾਜ਼ ਆਉਂਦੇ ਜਾਂਦੇ ਸਨ। ਸਰੰਦੀਪ ਦੇ (ਜਿਸ ਨੂੰ ਅਰਬ ਯਾਕੂਤ ਦਾ ਟਾਪੂ ਵੀ ਆਖਦੇ ਸਨ) ਰਾਜੇ ਨੇ ਮੁਸਲਮਾਨਾਂ ਨਾਲ ਆਪਣੀ ਮਿਤਰਤਾ ਤੇ ਪਿਆਰ ਪਰਗਟ ਕਰਨ ਵਜੋਂ ਇਕ ਜਹਾਜ਼ ਵਿਚ ਹੋਰ ਸੁਗਾਤਾਂ ਸਹਿਤ ਇਨ੍ਹਾਂ ਮੁਸਲਮਾਨ ਜ਼ਨਾਨੀਆਂ ਤੇ ਕੁੜੀਆਂ ਨੂੰ ਇਰਾਕ ਘਲ ਦਿੱਤਾ, ਜਿਨ੍ਹਾਂ ਦੇ ਪਿਤਾ ਉਥੇ ਵਪਾਰ ਕਰਦੇ ਸਨ ਅਤੇ ਉਥੇ ਹੀ ਇਨ੍ਹਾਂ ਨੂੰ ਪਰਦੇਸ ਵਿਚ ਬੇ ਵਾਲੀ ਵਾਰਸ ਛਡ ਕੇ ਮਰ ਗਏ ਸਨ† ਏਸ ਘਟਨਾ ਤੋਂ ਇਹ ਸਾਬਤ

*ਅਜਾਇਬੁਲ ਹਿੰਦ ਪੰਨਾ ੧੫੫. ੧੫੭

†ਫ਼ਤੂਹੁਲ ਬੁਲਦਾਨ ਬਲਾਜ਼ੁਰੀ (ਸੰਨ ੨੭੯) ਪੰ. ੪੩੫ (ਲੀਡਨ)

ਹੁੰਦਾ ਹੈ ਕਿ ਪਹਿਲੀ ਹੀ ਸਦੀ ਹਿਜਰੀ ਦੇ ਸਮੇਂ ਸਰੰਦੀਪ ਵਿਚ ਮੁਸਲਮਾਨਾਂ ਦੀ ਨਵੀਂ ਵਸੋਂ ਕਾਇਮ ਹੋ ਚੁਕੀ ਸੀ। ਅਬੂਜ਼ੈਦ ਸੈਰਾਫ਼ੀ (ਸੰਨ ३०० ਹਿ.) ਨੇ ਤੀਜੀ ਸਦੀ ਹਿਜਰੀ ਦੇ ਅੰਤ ਵਿਚ ਏਥੇ ਅਰਬ ਸੁਦਾਗਰਾਂ ਦੇ ਠਹਿਰਣ ਤੇ ਆਉਣ ਜਾਣ ਸਬੰਧੀ ਵਰਨਣ ਕੀਤਾ ਹੈ।*

ਮੁਕਦੀ ਗਲ ਇਹ ਕਿ ਅਨੇਕ ਰਵਾਇਤਾਂ ਤੋਂ ਇੰਨਾਂ ਸਾਂਝਾ ਸਿਟਾ ਨਿਕਲਦਾ ਹੈ ਕਿ ਇਨ੍ਹਾਂ ਦੀਪਾਂ ਵਿਚ ਇਸਲਾਮ ਅਤੇ ਅਰਬਾਂ ਦੀ ਪਹਿਲੀ ਨਵੀਂ ਵਸੋਂ ਸਰੰਦੀਪ ਵਿਚ ਕਾਇਮ ਹੋਈ ਅਤੇ ਉਸ ਦੇ ਇਤਿਹਾਸ ਦਾ ਆਰੰਭ ਪਹਿਲੀ ਸਦੀ ਹਿਜਰੀ ਤੇ ਸਤਵੀਂ ਸਦੀ ਈਸਵੀ ਤਕ ਪੁਜ ਜਾਂਦਾ ਹੈ।

ਦੂਜਾ ਕੇਂਦਰ ਮਾਲਦੀਪ

ਇਨ੍ਹਾਂ ਦੀਪਾਂ ਵਿਚ ਮੁਸਲਮਾਨਾਂ ਤੇ ਅਰਬਾਂ ਦਾ ਦੂਜਾ ਕੇਂਦਰ ਮਾਲਦੀਪ ਦਾ ਟਾਪੂ ਸੀ ਜਿਸ ਨੂੰ ਅਰਬ ਕਦੇ ਜਜ਼ੀਰਾਤੁਲਮਹਿਲ ਅਤੇ ਕਦੇ ਇਨ੍ਹਾਂ ਛੋਟੇ ਛੋਟੇ ਦੀਪਾਂ ਦੇ ਸਮੂਹ ਨੂੰ ਦੀਬਾਤ† ਆਖਦੇ ਹਨ ਏਨ੍ਹਾਂ ਟਾਪੂਆਂ ਦਾ ਵਿਸਥਾਰ ਪੂਰਬਕ ਹਾਲ ਇਬਨ ਬਤੂਤਾ ਨੇ ਬਿਆਨ ਕੀਤਾ ਹੈ। ਏਸ ਦੇ ਸਮੇਂ ਅਰਥਾਤ ਸੁਲਤਾਨ ਮੁਹੰਮਦ ਤੁਗ਼ਲਕ ਦੇ ਸਮੇਂ ਸੰਨ (੭੦੦ ਹਿ.) ਵਿਚ ਇਹ ਟਾਪੂ ਸਾਰੇ ਦੇ ਸਾਰੇ ਮੁਸਲਮਾਨ ਸੀ ਅਤੇ ਇਨ੍ਹਾਂ ਵਿਚ ਅਰਬਾਂ ਅਤੇ ਦੇਸੀ ਮੁਸਲਮਾਨਾਂ ਦੀਆਂ ਵਸਤੀਆਂ ਸਨ। ਸੁਲਤਾਨ ਖਦੀਜਾ ਨਾਂ ਦੀ ਇਕ ਬੰਗਾਲੀ ਸੁਆਣੀ ਇਨ੍ਹਾਂ ਤੇ ਰਾਜ ਕਰਦੀ ਸੀ। ਇਬਨ ਬਤੂਤਾ ਦੇ ਸਮੇਂ ਏਥੇ ਯਮਨ ਆਦਿ ਦੇ ਬਹੁਤ ਸਾਰੇ ਵਿਦਵਾਨ ਅਤੇ ਜਹਾਜ਼ੀ ਮੌਜੂਦ ਸਨ। ਉਨਾਂ ਦੀ ਜ਼ਬਾਨੀ ਏਸ ਟਾਪੂ ਦੇ ਲੋਕਾਂ ਦੇ ਮੁਸਲਮਾਨ ਹੋ ਜਾਣ ਦੀ ਵਾਰਤਾ ਇੰਜ ਦਰਜ ਕੀਤੀ ਹੈ ਕਿ ਏਥੋਂ ਦੇ ਲੋਕ ਪਹਿਲਾਂ ਮੂਰਤੀ ਪੂਜ ਸਨ। ਏਥੇ ਹਰ ਮਹੀਨੇ ਸਮੁੰਦਰ ਤੋਂ ਦੇਉ ਦੇ ਰੂਪ ਵਿਚ ਇਕ ਬਲਾ ਆਉਂਦੀ ਸੀ, ਜਦੋਂ ਏਥੋਂ ਦੇ ਲੋਕ ਏਸ ਨੂੰ ਵੇਖਦੇ ਸਨ ਤਾਂ ਇਕ ਕੁਮਾਰੀ ਕੁੜੀ ਨੂੰ ਹਾਰ ਸੰਗਾਰ

---

*ਅਬੂਜ਼ੈਦ ਸੈਰਾਫੀ ਪੰ. ੧੨੧ ਪੈਰਸ

†ਦੀਪ ਸੰਸਕ੍ਰਿਤ ਵਿਚ ਟਾਪੂ ਨੂੰ ਆਖਦੇ ਹਨ।

ਕਰਕੇ ਏਸ ਬੁਤਖ਼ਾਨੇ ਵਿਚ ਜੋ ਸਮੁੰਦਰ ਦੇ ਕੰਢੇ ਸੀ ਛੱਡ ਆਉਂਦੇ ਸਨ, ਪਰ ਮਰਾਕੂ ਦੇ ਇਕ ਅਰਬ ਸ਼ੇਖ ਅਬੁਲ ਬਰਕਾਤ ਬਰਬਰੀ ਮਗ਼ਰਬੀ, ਜੋ ਇਤਫ਼ਾਕ ਨਾਲ ਏਥੇ ਆ ਗਏ ਸਨ, ਦੀ ਦੁਆ ਤੇ ਬਰਕਤ ਨਾਲ ਇਹ ਬਲਾ ਜ਼ਿਨ੍ਹਾਂ ਦੇ ਸਿਰ ਤੋਂ ਟਲੀ। ਏਸ ਸਿਧੀ ਨੂੰ ਵੇਖ ਕੇ ਉਥੋਂ ਦਾ ਰਾਜਾ 'ਸ਼ਨੂਰਾਜ਼ਾ' ਅਤੇ ਸਾਰੀ ਪਰਜਾ ਸ਼ੇਖ ਦੀ ਮੁਰੀਦ ਬਣ ਗਈ ਤੇ ਉਨ੍ਹਾਂ ਮੁਸਲਮਾਨੀ ਧਰਮ ਕਬੂਲ ਕਰ ਲਿਆ। ਇਬਨ ਬਤੂਤਾ ਆਖਦਾ ਹੈ ਕਿ ਉਥੋਂ ਦੀ ਏਸ ਮਸੀਤ ਦੀ ਮਿਹਰਾਬ ਉਤੇ ਮੈਂ, ਜਿਸ ਨੂੰ ਏਸ ਨਵੇਂ ਬਣੇ ਮੁਸਲਮਾਨ ਰਾਜੇ ਨੇ ਬਣਾਇਆ ਸੀ, ਇਹ ਲੇਖ ਖੋਦਿਆ ਹੋਇਆ ਵੇਖਿਆ ਸੀ:

"ਸੁਲਤਾਨ ਅਹਿਮਦ ਸ਼ਨੂਰਾਜ਼ਾ ਅਬੁਲਬਰਕਾਤ ਮਗ਼ਰਬੀ ਦੇ ਹਥੋਂ ਮੁਸਲਮਾਨ ਹੋਇਆ।"

ਮੁਕਦੀ ਗਲ ਇਹ ਕਿ ਉਸ ਸਮੇਂ ਤੋਂ ਲੈਕੇ ਅਜ ਤਕ ਏਹ ਸਾਰੇ ਟਾਪੂ ਮੁਸਲਮਾਨ ਹਨ ਅਤੇ ਏਸ ਵਿਚ ਬਹੁ ਗਿਣਤੀ ਮਿਲੀ ਜੁਲੀ ਨਸਲ ਦੇ ਅਰਬਾਂ ਦੀ ਹੈ।

ਤੀਸਰਾ ਕੇਂਦਰ ਮਲੀਬਾਰ

ਰਵਾਇਤਾਂ ਤੋਂ ਸਾਬਤ ਹੁੰਦਾ ਹੈ ਕਿ ਇਸਲਾਮ ਅਤੇ ਅਰਬਾਂ ਦਾ ਤੀਜਾ ਕੇਂਦਰ ਹਿੰਦੁਸਤਾਨ ਦਾ ਉਹ ਆਖ਼ਰੀ ਕੰਢਾ ਹੈ ਜਿਸ ਨੂੰ ਹਿੰਦੂਆਂ ਦੇ ਪੁਰਾਣੇ ਸਮੇਂ ਵਿਚ ਕੀਰਾਲਾ ਆਖਦੇ ਸਨ। ਫੇਰ ਪਿਛੋਂ ਮਲੀਬਾਰ ਆਖਣ ਲਗੇ (ਮਲੀ ਪਹਾੜ, ਬਾਰ ਦੇਸ) ਏਸ ਦੀ ਹਦ ਅਰਬੀ ਭੂਗੋਲ ਲੇਖਕਾਂ ਨੂੰ ਗੁਜਰਾਤ ਦੇ ਸਿਰੇ ਤੋਂ ਕੋਲਮ (ਟਰਾਵਨਕੋਰ) ਤਕ ਦੱਸੀ ਹੈ।

ਤੁਹਫ਼ਤੁਲ ਮਜਾਹਿਦੀਨ ਦੀ ਰਵਾਇਤ ਹੈ, ਜਿਸ ਨੂੰ ਫ਼ਰਿਸ਼ਤੇ ਨੇ ਨਕਲ ਕੀਤਾ ਹੈ:

ਇਸਲਾਮ ਤੋਂ ਪਹਿਲਾਂ ਤੇ ਇਸਲਾਮ ਤੋਂ ਪਿਛੋਂ ਯਹੂਦੀ ਤੇ ਈਸਾਈ ਸੁਦਾਗਰ ਏਥੇ ਆਉਂਦੇ ਹੁੰਦੇ ਸਨ ਅਤੇ ਏਥੇ ਰਹਿਣ ਸਹਿਣ ਲਗ ਪਏ ਸਨ। ਜਦੋਂ ਇਸਲਾਮ ਨੂੰ ਦੋ ਸੌ ਸਾਲ ਬੀਤ ਚੁਕੇ ਸਨ ਅਤੇ ਅਰਬ

ਤੇ ਫ਼ਾਰਸ ਦੇ ਮੁਸਲਮਾਨ ਦਰਵੇਸ਼ਾਂ ਦੀ ਇਕ ਸੰਗਤ ਹਜ਼ਰਤ ਆਦਮ ਦੇ ਪੈਰ ਚਿਨ੍ਹਾਂ ਦੀ ਯਾਤਰਾ ਲਈ ਸਰੰਦੀਪ, ਜਿਸ ਨੂੰ ਲੰਕਾ ਵੀ ਆਖਦੇ ਹਨ, ਜਾ ਰਹੀ ਸੀ, ਉਸ ਸਮੇਂ ਅਚਨਚੇਤ ਉਨ੍ਹਾਂ ਦਾ ਜਹਾਜ਼ ਹਵਾ ਦੇ ਬੁੱਲਿਆਂ ਨਾਲ ਰਾਹ ਭੁਲਕੇ ਮਲੀਬਾਰ ਦੇ ਸ਼ਹਿਰ ਕਦਨਕਲੋਰ (ਕਦੰਗਾਨੂਰ) ਦੇ ਕੰਢੇ ਆਨ ਲੱਗਾ। ਸ਼ਹਿਰ ਦੇ ਰਾਜਾ ਜ਼ੈਮੂਰ (ਸਾਮਰੀ) ਨੇ ਉਨ੍ਹਾਂ ਦੀ ਬੜੀ ਆਉ ਭਗਤ ਕੀਤੀ। ਚਲਦੀਆਂ ਗਲਾਂ ਵਿਚ ਇਸਲਾਮ ਦਾ ਵੇਰਵਾ ਆ ਗਿਆ। ਰਾਜੇ ਨੇ ਕਿਹਾ ਮੈਂ ਯਹੂਦੀਆਂ ਅਤੇ ਈਸਾਈਆਂ ਦੀ ਜ਼ਬਾਨੀ ਤੁਹਾਡੇ ਪੈਗ਼ੰਬਰ ਦਾ ਤੇ ਤੁਹਾਡੇ ਧਰਮ ਦਾ ਹਾਲ ਸੁਣਿਆ ਹੈ, ਹੁਣ ਤੁਸੀਂ ਆਪ ਦਸੋ। ਦਰਵੇਸ਼ਾਂ ਨੇ ਇਸਲਾਮ ਦੀ ਹਕੀਕਤ ਨੂੰ ਅਜੇਹੇ ਪਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਕਿ ਰਾਜਾ ਦਾ ਦਿਲ ਮੋਹ ਲਿਆ। ਰਾਜੇ ਨੇ ਉਨ੍ਹਾਂ ਤੋਂ ਵਚਨ ਲਿਆ ਕਿ ਵਾਪਸੀ ਤੇ ਵੀ ਉਹ ਏਧਰੋਂ ਹੀ ਲੰਘਦੇ ਜਾਣ। ਸੋ ਉਹ ਵਹਿਦੇ ਅਨੁਸਾਰ ਆਏ। ਰਾਜੇ ਨੇ ਸਭ ਅਮੀਰਾਂ ਨੂੰ ਬੁਲਾਕੇ ਆਖਿਆ ਕਿ ਹੁਣ ਮੈਂ ਰੱਬ ਦਾ ਨਾਂ ਲੈਣਾ ਚਾਹੁੰਦਾ ਹਾਂ ਅਤੇ ਇਹ ਆਖਕੇ ਮੁਲਕ ਬਰਾਬਰ ਬਰਾਬਰ ਸਭ ਅਫ਼ਸਰਾਂ ਨੂੰ ਵੰਡ ਦਿਤਾ ਅਤੇ ਆਪ ਛੁਪ ਕੇ ਇਨ੍ਹਾਂ ਦਰਵੇਸ਼ਾਂ ਦੇ ਨਾਲ ਅਰਬ ਚਲਿਆ ਗਿਆ ਅਤੇ ਮੁਸਲਮਾਨ ਹੋ ਗਿਆ। ਫੇਰ ਇਨ੍ਹਾਂ ਦਰਵੇਸ਼ਾਂ ਨੂੰ ਆਖਿਆ ਕਿ ਮਲੀਬਾਰ ਵਿਚ ਇਸਲਾਮ ਫੈਲਾਉਣ ਦੀ ਜੁਗਤੀ ਇਹ ਹੈ ਕਿ ਤੁਸੀਂ ਲੋਕ ਮਲੀਬਾਰ ਤੋਂ ਵਪਾਰ ਤੇ ਸੁਦਾਗਰੀ ਦਾ ਕੰਮ ਕਾਰ ਆਰੰਭ ਕਰੋ। ਆਪਣੇ ਅਮੀਰਾਂ ਦੇ ਨਾਂ ਇਕ ਵਸੀਤ ਲਿਖਕੇ ਦਿਤੀ ਕਿ ਇਨ੍ਹਾਂ ਪਰਦੇਸੀ ਸੁਦਾਗਰਾਂ ਦੇ ਨਾਲ ਹਰ ਤਰ੍ਹਾਂ ਦੀ ਮਿਹਰਬਾਨੀ ਤੇ ਦਿਆਲਤਾ ਦਾ ਵਰਤਾ ਕੀਤਾ ਜਾਵੇ ਅਤੇ ਹਰੇਕ ਚੰਗੇ ਕੰਮ ਵਿਚ ਇਨ੍ਹਾਂ ਦੀ ਸਹਾਇਤਾ ਕੀਤੀ ਜਾਵੇ ਨਾਲੇ ਇਨਾਂ ਨੂੰ ਆਪਣੇ ਉਪਾਸਨਾ ਅਸਥਾਨ ਬਨਾਉਣ ਦੀ ਆਗਿਆ ਦਿਤੀ ਜਾਵੇ। ਇਨ੍ਹਾਂ ਨਾਲ ਏਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ ਕਿ ਉਨ੍ਹਾਂ ਨੂੰ ਏਥੇ ਰਹਿਣ ਦੀ ਅਤੇ ਏਸ ਜਗ੍ਹਾ ਨੂੰ ਆਪਣਾ ਵਤਨ ਬਨਾਉਣ ਦੀ ਇਛਿਆ ਪੈਦਾ ਹੋਵੇ। ਏਸ ਵੇਲੇ ਤੋਂ ਅਰਬ ਸੁਦਾਗਰ ਏਸ ਦੇਸ ਵਿਚ ਆਉਣ ਜਾਣ ਤੇ ਰਹਿਣ

ਸਹਿਣ ਲਗੇ।

ਇਕ ਹੋਰ ਰਵਾਇਤ ਹੈ, ਜਿਸ ਨੂੰ ਫ਼ਰਿਸ਼ਤੇ ਨੇ ਪਹਿਲੀ ਤੋਂ ਵਧ ਠੀਕ ਮੰਨਿਆ ਹੈ ਪਰ ਮੇਰੇ ਖ਼ਿਆਲ ਵਿਚ ਉਹ ਪਹਿਲੀ ਤੋਂ ਵੀ ਵਧੇਰੇ ਗਲਤ ਹੈ ਉਹ ਇਉਂ ਹੈ ਕਿ ਜ਼ੈਮੂਰ ਦੇ ਇਸਲਾਮ ਕਬੂਲ ਕਰਨ ਦੀ ਘਟਨਾ ਆਪ ਪੈਗੰਬਰ ਇਸਲਾਮ ਦੇ ਸਮੇਂ ਵਿਚ ਪੇਸ਼ ਆਈ। ਜੋ ਵ ਹੋਵੇ,. ਏਹ ਦਰਵੇਸ਼ ਫੇਰ ਮਲੀਬਾਰ ਵਾਪਸ ਆਇ ਅਤੇ ਕਦਨਕੋਰ ਵਿਚ ਮਸੀਤ ਬਣਾਈ ਅਤੇ ਕੁਝ ਲੋਕੀ ਉੱਥੇ ਰਹਿਣ ਲਗੇ। ਕੁਝ ਲੋਕ ਮੌਜੂਦਾ ਟਰਾਵਨਕੋਰ ਦੇ ਸ਼ਹਿਰ ਕੋਲਮ ਵਿਚ ਜਾਕੇ ਰਹੇ ਅਤੇ ਉੱਥੇ ਵੀ ਮਸੀਤ ਬਣਾਈ। ਫੇਰ ਹੇਲੀ ਮਾਰਾਵੀ, ਜਰਪਟਨ, ਦਰਪਟਨ, ਫੰਦਰਨਿਆ, (ਪਿੰਡਾਰਨੀ) ਚਾਲੀਆਤ, ਫ਼ਾਕਨੂਰ ਅਤੇ ਮੰਗਲੋਰ ਵਿਚ ਮਸੀਤਾਂ ਬਣਾਈਆਂ ਅਤੇ ਨਵੀਆਂ ਵਸਤੀਆਂ ਕਾਇਮ ਕੀਤੀਆਂ"।

ਏਹ 'ਫ਼ਰਿਸ਼ਤਾ' ਦਾ ਖੁਲਾਸਾ ਹੈ ਪਰ ਅਸਲ ਤੁਹਫਾਤੁਲ ਮਜਾਹਿਦੀਨ ਦੀਆਂ ਇਕ ਦੋ ਹੋਰ ਟੂਕਾਂ ਵੀ ਲਾਹੇਵੰਦ ਹਨ। ਇਨ੍ਹਾਂ ਤੋਂ ਪਿਛੋਂ ਦੇ ਸਮੇਂ ਦੇ ਰੰਗ ਢੰਗ ਦਾ ਪਤਾ ਲਗਦਾ ਹੈ:

"ਹਿੰਦੁਸਤਾਨ ਦੇ ਪੱਛਮੀ ਕੰਢਿਆਂ ਦੀਆਂ ਬੰਦਰਗਾਹਾਂ ਵਿਚ ਅਨੇਕ ਦੇਸਾਂ ਤੋਂ ਵਪਾਰੀ ਵਡੀ ਗਿਣਤੀ ਵਿਚ ਆਉਂਦੇ ਹਨ। ਏਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਨਵੇਂ ਸ਼ਹਿਰ ਆਬਾਦ ਹੋ ਗਏ ਹਨ ਅਤੇ ਮੁਸਲਮਾਨਾਂ ਦੀ ਤਜਾਰਤ ਨਾਲ ਇਨ੍ਹਾਂ ਵਿਚ ਆਬਾਦੀ ਵਧ ਗਈ ਹੈ. ਅਤੇ ਮਕਾਨ ਕਾਫ਼ੀ ਗਿਣਤੀ ਵਿਚ ਬਣ ਗਏ ਹਨ। ਏਥੋਂ ਦੇ ਸਰਦਾਰ ਤੇ ਰਾਜੇ ਮੁਸਲਮਾਨਾਂ ਉਤੇ ਅਤਿਆਚਾਰ ਕਰਨ ਤੋਂ ਬਚਦੇ ਹਨ। ਚਾਹੇ ਇਹ ਸਰਦਾਰ ਅਤੇ ਉਨ੍ਹਾਂ ਦੇ ਸਿਪਾਹੀ ਮੂਰਤੀ-ਪੂਜਕ ਹਨ ਪਰ ਉਹ ਮੁਸਲਮਾਨਾਂ ਦੇ ਧਰਮ ਅਤੇ ਉਨ੍ਹਾਂ ਦੇ ਆਚਾਰ ਵਿਚਾਰ ਆਦਿ ਦਾ ਬਹੁਤ ਕੁਝ ਆਦਰ ਕਰਦੇ ਹਨ ਤੇ ਧਿਆਨ ਰਖਦੇ ਹਨ। ਮੂਰਤੀ ਪੂਜਾਂ ਦੇ ਅਤੇ ਮੁਸਲਮਾਨਾਂ ਦੇ ਏਸ ਮੇਲ ਮਿਲਾਪ ਤੋਂ ਏਸ ਲਈ ਵਧੇਰੇ ਹੈਰਾਨੀ ਹੁੰਦੀ ਹੈ ਕਿ ਮੁਸਲਮਾਨਾਂ ਦੀ ਗਿਣਤੀ ਕੁਲ ਆਬਾਦੀ ਦਾ ਦਸਵਾਂ ਹਿਸਾ ਵੀ ਨਹੀਂ.................. ਪਰ ਸਮੁਚੇ ਤੌਰ ਤੇ ਮਲੀਬਾਰ ਦੇ ਹਿੰਦੂ ਰਾਜਿਆਂ ਦਾ

ਵਰਤਾ ਮੁਸਲਮਾਨਾਂ ਨਾਲ ਇਜ਼ਤ ਤੇ ਮਿਹਰਬਾਨੀ ਦਾ ਹੈ ਕਿਉਂ ਜੋ ਇਨ੍ਹਾਂ ਦੇ ਦੇਸ ਵਿਚ ਵਧੇਰੇ ਸ਼ਹਿਰਾਂ ਦਾ ਵਸ ਜਾਣਾ ਇਨ੍ਹਾਂ ਮੁਸਲਮਾਨ ਵਪਾਰੀਆਂ ਦੇ ਰਹਿਣ ਸਹਿਣ ਦਾ ਨਤੀਜਾ ਹੈ।*

ਮਲੀਬਾਰ ਦੇ ਏਹੀ ਮੁਸਲਮਾਨ, ਅਰਬ ਸੁਦਾਗਰ, ਵਪਾਰੀ ਤੇ ਪਰਵਾਸੀ ਲੋਕ ਸਨ ਜੋ ਮੋਪਲਾ ਅਤੇ ਨਾਇਤ ਦੇ ਨਾਵਾਂ ਤੋਂ ਹਿੰਦੁਸਤਾਨ ਵਿਚ ਪਰਸਿਧ ਹਨ ਅਤੇ ਜਿਨ੍ਹਾਂ ਦੇ ਹਥਾਂ ਵਿਚ ਪੁਰਤਗੇਜ਼ਾਂ ਦੇ ਆਉਣ ਤੋਂ ਪਹਿਲਾਂ ਤਕ ਸਮੁੰਦਰ ਦੀ ਥਾਗਡੋਰ ਸੀ। ਇਨ੍ਹਾਂ ਨਾਲ ਉਹ ਲੋਕ ਵੀ ਸ਼ਾਮਲ ਹੋ ਗਏ ਹਨ ਜੋ ਏਸ ਦੇਸ ਦੇ ਨਿਵਾਸੀਆਂ ਵਿਚੋਂ ਮੁਸਲਮਾਨ ਹੋ ਗਏ ਹੋਏ ਹਨ ਜਾਂ ਵਿਆਹ ਸ਼ਾਦੀ ਰਾਹੀਂ ਇਨ੍ਹਾਂ ਦੇ ਭਾਈ ਚਾਰੇ ਵਿਚ ਆ ਮਿਲੇ ਹਨ।

ਕੋਲਮ

ਕੋਲਮ ਦਾ ਸ਼ਹਿਰ ਅਜ ਕਲ੍ਹ ਦੇ ਟਰਾਵਨਕੋਰ ਵਿਚ ਦਾਖ਼ਲ ਹੈ। ਅਰਬ ਜਹਾਜ਼ੀ ਬਹੁਤ ਪੁਰਾਣੇ ਸਮੇਂ ਤੋਂ ਏਸ ਦਾ ਨਾਂ ਲੈਂਦੇ ਚਲੇ ਆਏ ਹਨ ਅਤੇ ਆਖਦੇ ਹਨ ਕਿ "ਇਹ ਮਸਾਲਿਆਂ ਵਾਲੇ ਮੁਲਕ ਦਾ ਆਖ਼ਰੀ ਸ਼ਹਿਰ ਹੈ" ਏਥੋਂ ਜਹਾਜ਼ ਅਦਨ ਵਲ ਜਾਂਦੇ ਹੁੰਦੇ ਸਨ। ਏਥੇ ਮੁਸਲਮਾਨਾਂ ਦਾ ਇਕ ਮਹੱਲਾ ਵਸ ਗਿਆ ਸੀ ਅਤੇ ਇਨ੍ਹਾਂ ਦੀ ਇਕ 'ਜਾਮੇ ਮਸਜਦ' ਵੀ ਸੀ। †

ਚੌਥਾ ਕੇਂਦਰ ਮਾਅਬਰ ਜਾਂ ਕਾਰੋਮੰਡਲ

ਮਦਰਾਸ ਵਿਚ ਮਲੀਬਾਰ ਦੇ ਦੂਜੇ ਟਾਕਰੇ ਦੇ ਕੰਢੇ ਨੂੰ ਅਰਬ ਮਾਅਬਰ ਆਖਦੇ ਹਨ। ਏਸ ਦਾ ਸਮਕਾਲੀ ਪਰਸਿਧ ਨਾਂ ਕਾਰੋਮੰਡਲ ਹੈ। ਮਾਅਬਰ ਨਾਂ ਵੀ ਅਰਬ ਯਾਤਰੂਆਂ ਅਤੇ ਵਪਾਰੀਆਂ ਵਿਚ ਖਾਸ ਤੌਰ ਤੇ ਪਰਸਿਧ ਹੈ। ਇਬਨ ਸਈਦ ਮਗ਼ਰਬੀ ਨੇ ਛੇਵੀਂ ਸਦੀ ਦੇ ਅੰਤ ਵਿਚ ਏਸ ਦਾ ਵਰਨਣ ਕੀਤਾ ਹੈ ਅਤੇ ਦੱਸਿਆ ਹੈ ਕਿ ਇਹ ਕੋਲਮ ਦੇ

---

*ਤੁਹਫ਼ਾਤੁਲ ਮੁਜਾਹਿਦੀਨ ਦਾਵਤੇ ਇਸਲਾਮ ਡਾਕਟਰ ਆਰਨਲਡ ਪੰਨਾ ੩੮੨, ੩੮੩ ਦੇ ਅਧਾਰ ਤੇ।

†ਤਕਵੀਮੁਲ ਬੁਲਦਾਨ ਪੰ. ੩੬੧.

ਪੂਰਬ ਵਿਚ ਤਿੰਨ ਚਾਰ ਦਿਨਾਂ ਦੀ ਵਿੱਥ ਉੱਤੇ ਦਖਣ ਵਲ ਝੁਕਿਆ ਹੋਇਆਂ ਹੈ*ਜ਼ਕਰੀਆ ਕਜ਼ਵੀਨੀ(ਸੰਨ ੬੮੬ ਹਿ.)ਨੇ ਸਤਵੀਂ ਸਦੀ ਵਿਚ ਏਸ ਦਾ ਨਾਂ ਮੰਦਲ ਲਿਖਿਆ ਹੈ ਅਤੇ ਏਥੋਂ ਦੀ ਊਦ ਲਕੜੀ(ਅਗਰ)ਦੀ ਸ਼ਲਾਘਾ ਕੀਤੀ ਹੈ † ਅਤੇ ਏਸੇ ਦੇ ਕੋਲ ਰਾਸ ਕਾਮਰਾਨ (ਰਾਸ ਕੁਮਾਰੀ) ਨੂੰ ਥਾਂ ਦਿੱਤਾ ਹੈ। ਜਿਸ ਵਲ ਤੱਧਿਤ ਕਰਕੇ ਏਸ ਨੂੰ ਊਦ ਕਾਮਰੂਨੀ (ਕ਼ਾਮਰੂਨੀ) ਊਦ ਆਖਦੇ ਸਨ ‡ ਅਬੁਲ ਫ਼ਿਦਾ ਸੰਨ ੭੩੨ ਹਿ. (ਸੰਨ ੧੩੧੩ ਈ.) ਨੇ ਰਾਸ ਕੁਮਾਰੀ ਨੂੰ ਰਾਸ ਕੁਮਹਰੀ ਲਿਖਿਆ ਹੈ § ਅਤੇ ਮਾਅਬਰ ਦੀ ਹਦ ਇਹ ਲਿਖੀ ਹੈ ਕਿ 'ਇਹ ਮਲੀਬਾਰ ਦੇ ਪੂਰਬ ਕੋਲਮ ਤੋਂ ਤਿੰਨ ਚਾਰ ਦਿਨ ਦੀ ਵਿੱਥ ਉੱਤੇ ਹੈ ਅਤੇ ਏਸ ਦਾ ਆਰੰਭ ਕੋਲਮ ਦੇ ਪੂਰਬ ਤੋਂ ਹੁੰਦਾ ਹੈ।@ ਰਾਜ ਨਗਰ ਦਾ ਨਾਂ ਬੀਰਦਾਲ (ਬੀਰ ਧੋਲ) ਹੈ। ਏਥੇ ਬਾਹਰੋਂ ਘੋੜੇ ਲਿਆਏ ਜਾਂਦੇ ਹਨ। ꠸

ਮਲੂਮ ਹੁੰਦਾ ਹੈ ਕਿ ਕੰਢੇ ਦਾ ਇਹ ਹਿੱਸਾ ਕੁਝ ਸਦੀਆਂ ਪਿਛੋਂ ਅਰਬਾਂ ਦੀ ਵਰਤੋਂ ਵਿਚ ਆਇਆ ਹੈ। ਛੇਵੀਂ ਸਦੀ ਦੇ ਅੰਤ ਤੋਂ ਏਸ ਦਾ ਨਾਂ ਸੁਣਨ ਵਿਚ ਆਉਂਦਾ ਹੈ। ਸਤਵੀਂ ਸਦੀ ਵਿਚ ਏਥੇ ਅਰਬਾਂ ਦਾ ਚੰਗਾ ਖਾਸਾ ਪਰਭਾਵ ਮਲੂਮ ਹੁੰਦਾ ਹੈ। ਵੱਸਾਫ਼ (ਮ੍ਰਿਤੂ ਸੰਨ ੭੨੮ ਹਿ.) ਅਤੇ ਰਸ਼ੀਦੁਦੀਨ, ਜਮਿਉਤੱਵਾਰੀਖ਼ ਦੇ ਕਰਤਾ (ਮ੍ਰਿਤੂ ਸੰਨ ੭੧੮ ਹਿ.) ਦੋਹਾਂ ਨੇ ਅਠਵੀਂ ਸਦੀ ਦੇ ਅੰਤ ਵਿਚ ਆਪਣੀਆਂ ਪੁਸਤਕਾਂ ਲਿਖੀਆਂ ਹਨ, ਏਹ ਸਮਾਂ ਹਿੰਦੁਸਤਾਨ ਵਿਚ ਜਲਾਲੁਦੀਨ ਫੀਰੋਜ਼ਸ਼ਾਹ ਖ਼ਿਲਜੀ ਦਾ ਹੈ, ਵਸੱਾਫ਼ ਤੇ ਰਸ਼ੀਦ ਦੋਵੇਂ ਲਗ ਭਗ ਇਸ ਗਲ ਤੇ ਸਹਿਮਤ ਹਨ:

"ਮਾਅਬਰ ਕੋਲਮ ਤੋਂ ਲੈਕੇ ਸੈਲਵਾਰ (ਨੀਲਵਰ) ਦੇਸ ਤਕ ਸਮੁੰਦਰ

---

*ਤਕਵੀਮੁਲ ਬੁਲਦਾਨ ਪੰ.੩੬੧.
†ਆਸਾਰੁਲ ਬਿਲਾਦ ਕਜ਼ਵੀਨੀ ਪੰਨਾ ੮੨.
‡ਤਕਵੀਮੁਲ ਬੁਲਦਾਨ ਪੰ. ੩੫੫.
§ਏਹੀ ਪੰਨਾ ੩੫੪.
@ਤਕਵੀਮੁਲ ਬੁਲਦਾਨ ਪੰਨਾ ੩੫੫
꠸ਤਾਰੀਖ਼ ਵੱਸਾਫ਼ ਦਾ ਰਚਣ ਕਾਲ ਸੰਨ ੭੦੭ ਹਿ, (ਸੰਨ ੧੩੦੭ ਈ,) ਹੈ ਏਲੀਅਟ ਜਿਲਦ ੩ ਪੰਨਾ ੪੪

ਦੇ ਕੰਢੇ ਕੰਢੇ ਤਿੰਨ ਫ਼ਰਸੰਗ਼ ਲੰਮਾ ਹੈ। ਏਸ ਦੇ ਅੰਦਰ ਬਹੁਤ ਸਾਰੇ ਸ਼ਹਿਰ ਅਤੇ ਪਿੰਡ ਹਨ, ਏਥੇ ਦੇ ਲੋਕ ਰਾਜੇ ਨੂੰ 'ਦੀਵਾਰ' ਆਖਦੇ ਹਨ ਜਿਸ ਦੇ ਅਰਥ ਧਨੀ ਦੇ ਹਨ, ਚੀਨ ਦੇ ਵਡੇ ਜਹਾਜ਼ ਜਿਨ੍ਹਾਂ ਨੂੰ 'ਜਨਕ' ਆਖਦੇ ਹਨ ਏਥੇ ਚੀਨ ਮਾਚੀਨ ਤੇ ਸਿੰਧ ਤੇ ਹਿੰਦ ਦੇ ਦੇਸਾਂ ਤੋਂ ਵੱਡਮੁਲਾ ਸਮਿਆਨ ਅਤੇ ਵਸਤਰ ਲਿਆਉਂਦੇ ਹਨ। ਮਾਅਬਰ ਤੋਂ ਰੇਸ਼ਮੀ ਕਪੜੇ ਤੇ ਖ਼ੁਸ਼ਬੂਦਾਰ ਲਕੜੀ ਲੈ ਜਾਂਦੇ ਹਨ। ਏਥੋਂ ਦੇ ਸਮੁੰਦਰ ਵਿਚੋਂ ਵੱਡੇ ਵੱਡੇ ਮੋਤੀ ਕਢੇ ਜਾਂਦੇ ਹਨ। ਏਥੋਂ ਦੀਆਂ ਪੈਦਾਵਾਰਾਂ ਇਰਾਕ, ਖ਼ੁਰਾਸਾਂ, ਸ਼ਾਮ, ਰੂਮ ਅਤੇ ਯੂਰਪ ਤਕ ਜਾਂਦੀਆਂ ਹਨ। ਏਹ ਦੇਸ ਲਾਲ ਤੇ ਖ਼ੁਸ਼ਬੂਦਾਰ ਘਾਹ ਪੈਦਾ ਕਰਦਾ ਹੈ। ਏਸ ਦੇ ਸਮੁੰਦਰ ਵਿਚ ਮੋਤੀਆਂ ਦੀ ਬਹੁਲਤਾ ਹੈ। ਮਾਅਬਰ ਹਿੰਦੁਸਤਾਨ ਦੀ ਕੁੰਜੀ ਹੈ। ਕੁਝ ਸਾਲ ਪਹਿਲਾਂ 'ਸੁੰਦਰ ਪਾਂਡੇ' ਏਥੋਂ ਦਾ ਦੀਵਾਰ ਸੀ, ਜਿਸ ਨੇ ਆਪਣੇ ਤਿੰਨ ਭਾਈਆਂ ਨਾਲ ਮਿਲਕੇ ਭਿੰਨ ਭਿੰਨ ਦਿਸ਼ਾਵਾਂ ਵਿਚ ਆਪਣਾ ਅਧਿਕਾਰ ਵਧਾਇਆ ਸੀ। ਮਲਿਕ ਤਕੀਉੱਦੀਨ ਬਿਨ ਅਬਦੁਰੱਹਿਮਾਨ ਬਿਨ ਮੁਹੰਮਦ ਤੈਅੱਬੀ ਜੋ ਸ਼ੇਖ਼ ਜਮਾਲੁੱਦੀਨ ਦਾ ਭਾਈ ਹੈ, ਏਸ ਰਾਜੇ ਦਾ ਵਜ਼ੀਰ ਤੇ ਸਲਾਹਕਾਰ ਸੀ, ਜਿਸ ਨੂੰ ਰਾਜੇ ਨੇ ਪਟਨ, ਮਲੀ ਪਟਨ, (ਪਟਮ ਤੇ ਮਲੀ ਪਟਮ) ਅਤੇ ਬਾਦਲ ਦਾ ਰਾਜ ਸੌਂਪ ਦਿਤਾ ਸੀ, ਪਰ ਕਿਉਂ ਜੋ ਮਾਅਬਰ ਵਿਚ ਘੋੜੇ ਚੰਗੇ ਨਹੀਂ ਹੁੰਦੇ ਏਸ ਲਈ ਏਹ ਸੰਧੀ ਕੀਤੀ ਗਈ ਸੀ ਕਿ ਜਮਾਲੁਦੀਨ ਇਬਰਾਹੀਮ ਦੀਵਾਰ ਨੂੰ ਚੌਂਦਾਂ ਸੌ ਵਧੀਆ ਅਰਬੀ ਘੋੜੇ ਕੇਸ਼ (ਕੇਸ) * ਦੀ ਬੰਦਰਗਾਹ ਤੋਂ ਲਿਆ ਦਿਆ ਕਰੇ। ਸਾਲ ਵਿਚ ਦਸ ਹਜ਼ਾਰ ਘੋੜੇ ਫ਼ਾਰਸ ਖਾੜੀ ਦੀਆਂ ਦੂਜੀਆਂ ਬੰਦਰਗਾਹਾਂ ਤੋਂ ਜਿਵੇਂ ਕਤੀਫ਼, ਅਲਹਸਾ, ਬਹਿਰੈਨ ਹੁਰਮੁਜ਼ ਆਦਿ ਤੋਂ ਆਉਂਦੇ ਸਨ ਅਤੇ ਹਰ ਘੋੜੇ ਦਾ ਮੁਲ ੨੨੦ ਸੋਨੇ ਦੇ ਸਿਕੇ (ਦੀਨਾਰ) ਹੁੰਦਾ ਹੋਵੇਗਾ। ਸੰਨ ੬੯੨ ਹਿ. (ਸੰਨ ੧੨੯੩ ਈ.) ਵਿਚ ਦੀਵਾਰ ਮਰ ਗਿਆ ਅਤੇ ਏਸ ਦਾ ਧਨ ਏਸ ਦੇ ਵਜ਼ੀਰਾਂ, ਸਲਾਹਕਾਰਾਂ ਤੇ ਨਾਇਬਾਂ ਵਿਚ ਵੰਡਿਆ ਗਿਆ। ਸ਼ੇਖ਼

*ਅਰਬ ਅਤੇ ਹਿੰਦ ਦੇ ਤਜਾਰਤੀ ਸਬੰਧਾਂ ਦੇ ਪਰਸੰਗ ਵਿਚ ਏਸ ਟਾਪੂ ਦਾ ਪੂਰਾ ਹਾਲ ਦਸਿਆ ਜਾ ਚੁਕਿਆ ਹੈ।

ਜਮਾਲੁਦੀਨ ਨੂੰ, ਜੋ ਏਸ ਦੀ ਥਾਂ ਗੱਦੀ ਤੇ ਬੈਠਾ, ਆਖਦੇ ਹਨ ਕਿ ਸਤ ਹਜ਼ਾਰ ਬਲਦਾਂ ਦਾ ਲਦ ਸੋਨਾ ਤੇ ਜਵਾਹਰਾਤ ਹੱਥ ਲਗੇ ਅਤੇ ਤਕੀਉੱਦੀਨ ਪਹਿਲਾਂ ਦੀ ਸੰਧੀ ਅਨੁਸਾਰ ਏਸ ਦਾ ਨਾਇਬ ਨਿਯੁਕਤ ਹੋਇਆ*

ਏਸੇ ਸਮੇਂ ਦੇ ਨੇੜੇ ਤੇੜੇ ਮਾਰਕੋਪੋਲੋ ਜਦੋਂ ਏਥੇ ਆਇਆ ਤਾਂ ਏਸ ਸਮੇਂ ਉਸ ਨੇ ਏਥੋਂ ਦਾ ਰਾਜ ਪੰਜ ਹਿੰਦੂ ਰਾਜਿਆਂ ਦੇ ਹਥਾਂ ਵਿਚ ਵੇਖਿਆ, ਪਰ ਮੁਸਲਮਾਨਾਂ ਦਾ ਵਪਾਰਕ ਪਰਭਾਵ ਵੀ ਏਥੇ ਏਸ ਨੂੰ ਪੂਰਾ ਵਿਖਾਈ ਦਿੱਤਾ। ਅਰਬ ਤੋਂ ਘੋੜੇ ਇਸ ਤਰ੍ਹਾਂ ਆਉਂਦੇ ਸਨ ਆਖਦਾ ਹੈ:

"ਏਸ ਦੇਸ ਵਿਚ ਘੋੜੇ ਨਹੀਂ ਹੁੰਦੇ। ਹੁਰਮੁਜ਼ ਤੇ ਅਦਨ ਦੀਆਂ ਬੰਦਰਗਾਹਾਂ ਤੋਂ ਸੁਦਾਗਰ ਹਰ ਸਾਲ ਘੋੜੇ ਲਿਆਉਂਦੇ ਹਨ ਅਤੇ ਪੰਜਾਂ ਰਿਆਸਤਾਂ ਵਿਚ ਹਰ ਸਾਲ ਦੋ ਦੋ ਹਜ਼ਾਰ ਘੋੜੇ ਮੁਲ ਲਏ ਜਾਂਦੇ ਹਨ। ਇਕ ਇਕ ਘੋੜੇ ਦਾ ਮੁਲ ਪੰਜ ਪੰਜ ਸੌ ਦੀਨਾਰ ਦਿਤਾ ਜਾਂਦਾ ਹੈ"।

ਏਥੋਂ ਦੇ ਮੋਤੀਆਂ ਜਵਾਹਰਾਤਾਂ ਤੇ ਅਣਗਿਤ ਧਨ ਦਾ ਏਸ ਨੇ ਵੀ ਵਰਨਣ ਕੀਤਾ ਹੈ।

ਹਿੰਦੂ ਰਾਜੇ ਲਈ ਮੁਸਲਮਾਨਾਂ ਦੀ ਮੁਸਲਮਾਨਾਂ ਨਾਲ ਲੜਾਈ

ਏਸ ਦੇ ਛੇਤੀ ਪਿਛੋਂ ਹੀ ਸੁਲਤਾਨ ਅਲਾਉੱਦੀਨ ਖ਼ਿਲਜੀ ਦੀ ਫ਼ੌਜ ਨੇ ਗੁਜਰਾਤ ਤੋਂ ਲੈ ਕੇ ਕਾਰੋਮੰਡਲ ਤਕ ਦੇ ਇਲਾਕੇ ਵਿਚ ਥਰਥੱਲੀ ਪਾ ਦਿਤੀ। ਏਸ ਸਮੇਂ ਸਾਰੇ ਹਿੰਦੁਸਤਾਨ ਵਿਚ ਪਹਿਲੀ ਵਾਰ ਇਹ ਘਟਨਾ ਪੇਸ਼ ਆਉਂਦੀ ਹੈ ਕਿ ਕਾਰੋਮੰਡਲ, ਜਿਸ ਦਾ ਰਾਜ-ਨਗਰ ਏਸ ਸਮੇਂ ਬੀਰਧੂਲ ਸੀ, ਦੇ ਰਾਜੇ ਵਲੋਂ ਮੁਸਲਮਾਨ ਇਰਾਕੀਆਂ ਤੇ ਅਰਬਾਂ ਨੇ ਮੁਸਲਮਾਨ ਤੁਰਕ ਹਮਲਾਆਵਰਾਂ ਦਾ ਟਾਕਰਾ ਕੀਤਾ। ਅਮੀਰ ਖ਼ੁਸਰੋ ਦਿਹਲਵੀ ਨੇ ਖ਼ਜ਼ਾਇਨੁਲਫ਼ੁਤੂਹ ਵਿਚ, ਜੋ ਅਲਾਉਦੀਨ ਖ਼ਿਲਜੀ ਦੀ ਇਨ੍ਹਾਂ ਜਿਤਾਂ ਦੀ ਇਕ ਅਤਿਰੰਜਿਤ (ਰੰਗੀਨ) ਤੇ ਥੋ ਅਰਥ ਸ਼ਬਦਾਲੰਕਾਰਾਂ ਨਾਲ ਭਰਪੂਰ ਤਾਰੀਖ਼ ਹੈ, ਏਸ ਘਟਨਾ ਨੂੰ ਪੂਰੀ ਵਿਆਖਿਆ

---

*ਅਨੁਵਾਦ ਜਾਮਿਉੱਤਵਾਰੀਖ਼ ਏਲੀਅਟ ਜਿਲਦ ਪਹਿਲੀ ਪੰਨਾ ੬੯, ੭੦ ਵੱਸਾਫ਼ ਨੇ ਵਧੇਰੇ ਖੋਜ ਤੇ ਵਿਆਖਿਆ ਨਾਲ ਏਸ ਨੂੰ ਲਿਖਿਆ ਹੈ ਵੇਖੋ ਵੱਸਾਫ਼ ਜਿ. ੨ ਪੰ. ੩੨, ੫੩.

ਨਾਲ ਨਕਲ ਕੀਤਾ ਹੈ*। ਮੁਸਲਮਾਨਾਂ ਨੇ ਆਪਣੀਆਂ ਸੰਧੀਆਂ ਤੇ ਸਮਝੌਤੇ ਅਨੁਸਾਰ ਆਪਣੇ ਰਖਿਆ ਕਰਨ ਵਾਲੇ ਰਾਜੇ ਧੂਲ ਦੀ ਪੂਰੀ ਮਦਦ ਕੀਤੀ ਅਤੇ ਏਸ ਵਲੋਂ ਤੁਰਕ ਮੁਸਲਮਾਨਾਂ ਨਾਲ ਚੰਗੀ ਤਰ੍ਹਾਂ ਜੰਗ ਕੀਤਾ। ਪਰ ਤੁਰਕ ਵੀਰਾਂ ਦਾ ਟਾਕਰਾ ਸੌਖਾ ਨਹੀਂ ਸੀ। ਰਾਜਾ ਨੇ ਹਾਰ ਖਾਧੀ ਅਤੇ ਦੇਸ ਉੱਤੇ ਸੁਲ-ਤਾਨ ਅਲਾਉੱਦੀਨ ਦੇ ਸੈਨਾਪਤੀ ਮਲਿਕ ਕਾਫ਼ੂਰ ਨੇ ਕਬਜ਼ਾ ਕਰ ਲਿਆ ਇਨ੍ਹਾਂ ਮੁਸਲਮਾਨਾਂ ਨੂੰ ਜੋ ਏਸ ਨਾਲ ਲੜੇ ਸਨ ਉਹ ਕਰੜਾ ਡੰਡ ਦੇਣਾ ਚਾਹੁੰਦਾ ਸੀ ਪਰ ਉਨ੍ਹਾਂ ਨੇ ਕੁਰਾਨ ਤੇ ਕਲਿਮਾ ਪੜ੍ਹ ਪੜ੍ਹ ਕੇ ਆਪਣਾ ਮੁਸਲਮਾਨ ਹੋਣਾ ਸਾਬਤ ਕੀਤਾ।†

ਏਹ ਘਟਨਾ ਸੰਨ ੭੧੦ ਹਿ. (ਸੰਨ ੧੩੧੦ ਈ.) ਵਿਚ ਪੇਸ਼ ਆਈ।

ਏਲੀਅਟ ਸਾਹਿਬ ਦੀ ਇਕ ਭੁਲ

ਏਲੀਅਟ ਨੇ, ਆਪਣੀ ਕਿਤਾਬ ਦੀ ਦੂਜੀ ਜਿਲਦ ਵਿਚ ਤਾਰੀਖ਼ ਅਲਾਈ ਦੇ ਨਾਂ ਹੇਠ, ਖ਼ਜ਼ਾਇਨੁਲਫ਼ੁਤੂਹ ਦਾ ਸੰਖੇਪ ਕੀਤਾ ਹੈ। ਏਸ ਵਿਚ ਏਸ ਘਟਨਾਂ ਦੇ ਪਰਸੰਗ ਵਿਚ ਖ਼ੁਸਰੋ ਦੇ ਇਕ ਫ਼ਿਕਰੇ ਦਾ ਇਹ ਅਨੁਵਾਦ ਦਿਤਾ ਹੈ ਕਿ "ਇਹ ਮੁਸਲਮਾਨ ਅਧੇ ਹਿੰਦੂ ਸਨ ਅਤੇ ਆਪਣੇ ਦੀਨ ਮਜ਼ਹਬ ਨੂੰ ਭੁਲੇ ਹੋਏ ਸਨ"‡ ਪਰ ਏਹ ਅਰਥ ਬਿਲਕੁਲ ਗ਼ਲਤ ਹਨ ਅਸਲ ਇਹ ਹੈ ਕਿ ਅਮੀਰ ਖੁਸਰੋ ਨੇ ਆਪਣੀ ਕਵੀਆਂ ਵਾਲੀ ਅੱਤਕਥਨੀ ਅਤੇ ਨਿਰੀ ਸ਼ਬਦ ਅਡੰਬਰ ਭਰਪੂਰ ਰਚਨਾ ਦੁਆਰਾ ਇਨ੍ਹਾਂ ਮੁਸਲਮਾਨਾਂ ਨੂੰ ਹਿੰਦੂ ਰਾਜੇ ਦਾ ਸਾਥ ਦੇਣ ਦੇ ਅਪਰਾਧ ਕਾਰਣ ਬਹੁਤ ਕੁਝ ਬੁਰਾ ਭਲਾ ਆਖਿਆ ਹੈ ਜਿਸ ਦਾ ਕੋਈ ਅਵਿਪਰਾ ਨਹੀਂ ਏਸ ਦੇ ਅਧੇ-ਹਿੰਦੂ ਵਾਲੇ ਅਰਥ ਤਾਂ ਕਿਤੇ ਦੂਰ ਰਹੇ।

---

*ਖ਼ਜ਼ਾਇਨੁਲਫ਼ੁਤੂਹ ਅਮੀਰ ਖੁਸਰੋ ਜਾਮਿ ਮਿਲੀਆ ਇਸਲਾਮੀਆ ਅਲੀਗੜ੍ਹ ਐਡੀਸ਼ਨ ਸੰਨ ੧੯੨੭ ਈ. ਪੰਨਾ ੧੫੭–੧੬੨

†ਜਿਲਦ ੩, ਪੰਨਾ ੯੦.

‡ਵੇਖੋ ਖ਼ਜ਼ਾਇਨੁਲ ਫ਼ੁਤੂਹ ਪੰਨਾ ੧੬੧, ੧੬੨

ਪੰਜਵਾਂ ਕੇਂਦਰ ਗੁਜਰਾਤ

ਅਰਬਾਂ ਦਾ ਪੰਜਵਾਂ ਤਜਾਰਤੀ ਕੇਂਦਰ ਗੁਜਰਾਤ, ਕਾਠੀਆ ਵਾੜ, ਕੱਛ ਅਤੇ ਕੋਕਨ ਦਾ ਇਲਾਕਾ ਸੀ, ਜਿਥੇ ਵਲਭ ਰਾਇ ਜਾਂ ਅਰਬਾਂ ਦੇ ਪਿਆਰੇ ਰਾਜਾ ਵਲਰਾ ਦਾ ਰਾਜ ਸੀ। ਜਿਸ ਦੀ ਪਹਿਲੀ ਰਾਜਧਾਨੀ ਵਲਭੀਪੁਰ ਸੀ, ਜੋ ਵਰਤਮਾਨ ਭਾਵਨਗਰ ਦੇ ਨੇੜੇ, ਇਕ ਵਡਾ ਸ਼ਹਿਰ ਸੀ ਅਤੇ ਅਰਬ ਏਸ ਨੂੰ ਹਮੇਸ਼ ਮਾਨਗਰ ਜਾਂ ਮਹਾਂ ਨਗਰ ਦੇ ਨਾਂ ਨਾਲ ਸੰਬੋਧਨ ਕਰਦੇ ਸਨ। ਪਰਾਤੱਤਵ ਸਬੰਧੀ ਅਜ ਕਲ ਦੀ ਖੋਜ ਤੋਂ ਸਾਬਤ ਹੁੰਦਾ ਹੈ ਕਿ ਏਸ ਸ਼ਹਿਰ ਦਾ ਘੇਰਾ ਪੰਜ ਮੀਲ ਤਕ ਫ਼ੈਲਿਆ ਹੋਇਆ ਸੀ। ਏਥੋਂ ਦੇ ਬਾਜ਼ੇ ਰਾਜਿਆਂ ਦਾ ਧਰਮ ਬੁਧ ਅਤੇ ਬਾਜ਼ਿਆਂ ਦਾ ਜੈਨ ਸੀ ਅਤੇ ਇਨ੍ਹਾਂ ਦੋਹਾਂ ਦੇ ਝਗੜਿਆਂ ਵਿਚ ਹੀ ਸ਼ਾਇਦ ਏਸ ਦਾ ਅੰਤ ਹੋ ਗਿਆ। ਏਸ ਰਾਜ ਦੇ ਅਧੀਨ ਚੇਮੂਰ ਦੀ ਬੰਦਰਗਾਹ ਜਿਸ ਨੂੰ ਅਰਬ ਸੈਮੂਰ ਆਖਦੇ ਹਨ, ਬਹੁਤ ਉੱਨਤੀ ਤੇ ਸੀ। ਏਸ ਪਿਛੋਂ ਖੰਬਾਇਤ ਆਦਿ ਦਾ ਦਰਜਾ ਸੀ।

ਸਭ ਤੋਂ ਪਹਿਲਾ ਅਰਬ ਯਾਤਰੂ ਤੇ ਵਪਾਰੀ ਜਿਸ ਨੇ ਆਪਣਾ ਸਫ਼ਰਨਾਮਾ ਸੰਨ ੨੩੫ ਹਿ. ਵਿਚ ਮੁਕਾਇਆ, ਮੇਰਾ ਮਤਲਬ ਸੁਲੇਮਾਨ ਤੋਂ ਹੈ, ਏਸ ਨੇ ਵਲਭੀ ਰਾਜਾ ਦੀ ਬੜੀ ਸ਼ਲਾਘਾ ਕੀਤੀ ਹੈ ਅਤੇ ਲਿਖਿਆ ਹੈ ਕਿ "ਏਸ ਦਾ ਅਤੇ ਏਸ ਦੀ ਪਰਜਾ ਦਾ ਵਿਸ਼ਵਾਸ ਹੈ ਕਿ ਸਾਡੇ ਰਾਜਿਆਂ ਦੀਆਂ ਉਮਰਾਂ ਏਸੇ ਲਈ ਵਡੀਆਂ ਹੁੰਦੀਆਂ ਹਨ ਕਿ ਉਹ ਅਰਬਾਂ ਨਾਲ ਪਿਆਰ ਨਾਲ ਪੇਸ਼ ਆਉਂਦੇ ਹਨ" *। ਇਨ੍ਹਾਂ ਤੁਕਾਂ ਤੋਂ ਮਲੂਮ ਹੁੰਦਾ ਹੈ ਕਿ ਅਰਬ ਸੁਦਾਗਰਾਂ ਤੇ ਨਵੇਂ ਵਸੇ ਮੁਸਲਮਾਨਾਂ ਅਤੇ ਏਥੋਂ ਦੇ ਲੋਕਾਂ ਵਿਚ ਬੜੇ ਚੰਗੇ ਮਿਤਰਤਾ ਦੇ ਸਬੰਧ ਸਨ। ਏਹੋ ਕਾਰਣ ਹੈ ਕਿ ਏਸ ਰਾਜ ਦੇ ਅਨੇਕ ਸ਼ਹਿਰਾਂ ਵਿਚ ਅਰਬਾਂ ਦੀਆਂ ਬਹੁਤ ਵਸਤੀਆਂ ਕਾਇਮ ਹੋ ਗਈਆਂ ਸਨ ਜੋ ਅਖ਼ੀਰ ਤਕ ਕਾਇਮ ਰਹੀਆਂ।

ਏਸੇ ਤਰ੍ਹਾਂ ਤਾਕਨ ਜਾਂ ਦਾਖਨ ਜਾਂ ਦਖਨ ਦੇ ਰਾਜਾ ਬਾਰੇ

---

*ਪੰਨਾ ੨੬, ੨੭

ਵੀ ਏਸ ਦਾ ਏਹੀ ਬਿਆਨ ਹੈ ਕਿ "ਉਹ ਵੀ ਅਰਬਾਂ ਨਾਲ ਬਲਹਰਾ ਵਾਂਙੂੰ ਹੀ ਪਿਆਰ ਕਰਦਾ ਹੈ" * । ਖ਼ਾਸ ਗੁਜਰਾਤ ਜਾਂ ਰੋਜ਼ਰ (ਜਜ਼ਰ) ਰਾਜਿਆਂ ਸਬੰਧੀ ਲਿਖਦਾ ਹੈ ਕਿ "ਉਹ ਅਰਬਾਂ ਦੇ ਦੁਸ਼ਮਣ ਹਨ" ।†

ਤੀਜੀ ਸਦੀ ਹਿਜਰੀ ਦੇ ਅੰਤ ਤੇ ਚੌਥੀ ਸਦੀ ਹਿਜਰੀ ਦੇ ਆਰੰਭ ਵਿਚ ਜਦੋਂ ਬਜ਼ੁਰਗ ਬਿਨ ਸ਼ਹਿਰਯਾਰ, ਜਹਾਜ਼ ਕਪਤਾਨ ਏਧਰ ਆਪਣੇ ਜਹਾਜ਼ ਲਿਆਉਂਦਾ ਹੁੰਦਾ ਸੀ ਤਾਂ ਇਨ੍ਹਾਂ ਇਲਾਕਿਆਂ ਵਿਚ ਅਰਬਾਂ ਤੇ ਆਮ ਮੁਸਲਮਾਨਾਂ ਦੀ ਬੜੀ ਆਬਾਦੀ ਸੀ। ਇਕ ਨਵਾਂ ਦੀਨਦਾਰ ਹਿੰਦੂ ਜਹਾਜ਼ੀ ਵੀ ਏਸ ਨੂੰ ਮਿਲਦਾ ਹੈ ਜਿਸ ਨੇ ਆਪਣੇ ਜਹਾਜ਼ਾਂ ਰਾਹੀਂ ਬੜਾ ਧਨ ਕਮਾਇਆ ਸੀ ਅਤੇ ਹੱਜ ਵੀ ਕੀਤਾ ਸੀ‡ । ਮੁਹੰਮਦ ਬਿਨ ਮੁਸਲਿਮ, ਸੈਰਾਫ਼ ਦਾ ਇਕ ਵਪਾਰੀ ਏਸ ਨੂੰ ਮਿਲਦਾ ਹੈ ਜੋ ਥਾਨਾ (ਬੰਬਈ ਦੇ ਲਾਗੇ) ਵਿਚ ਵੀਹ ਵਰ੍ਹਿਆਂ ਤੋਂ ਵਧੇਰੇ ਰਿਹਾ ਸੀ ਅਤੇ ਹਿੰਦੁਸਤਾਨ ਦੇ ਬਹੁਤ ਸ਼ਹਿਰਾਂ ਵਿਚ ਏਸ ਨੇ ਸਫ਼ਰ ਕੀਤਾ ਸੀ ਅਤੇ ਇਨ੍ਹਾਂ ਸਾਰੀਆਂ ਗੱਲਾਂ ਤੋਂ ਜਾਣੂ ਸੀ §। ਚੈਮੂਰ (ਸੈਮੂਰ, ਗੁਜਰਾਤ ਵਿਚ ਵਾਕਿਆ ਸੀ) ਵਿਚ, ਫ਼ਸਾ (ਫ਼ਾਰਸ ਵਿਚ ਵਾਕਿਆ ਸੀ) ਦੇ ਇਕ ਮੁਸਲਮਾਨ, ਅਬੂਬਕਰ ਨਾਲ ਏਸ ਦੀ ਮੁਲਾਕਾਤ ਹੋਈ@ । ਗਵਾ, ਜਿਸ ਨੂੰ ਪੁਰਾਣੇ ਅਰਬ ਸੈਂਦਾਪੂਰ ਆਖਦੇ ਸਨ, ਦੇ ਰਾਜੇ ਦਾ ਮੁਸਾਹਿਬ ਮੂਸਾ ਨਾਂ ਦਾ ਇਕ ਮੁਸਲਮਾਨ ਸੀ।ੴ

ਹੁਨਰਮੰਦ

ਇਹ ਇਕ ਫ਼ਾਰਸੀ ਸ਼ਬਦ ਹੈ ਜਿਸ ਦਾ ਅਰਥ ਹੁਨਰ ਵਾਲੇ ਦਾ

*ਪੰਨਾ ੨੯
†ਪੰਨਾ ੨੮
‡ਅਜਾਇਬੁਲ ਹਿੰਦ ਪੰਨਾ ੧੬
§ਪੰਨਾ ੧੫੨
@ਪੰਨਾ ੧੫੭
ੴਪੰਨਾ ੧੫੮

ਹੈ ਪਰ ਅਰਬਾਂ ਨੇ ਇਕ ਖ਼ਾਸ ਅਰਥ ਵਿਚ ਏਸ ਨੂੰ ਵਰਤਿਆ ਹੈ ਅਤੇ ਅਖੀਰ ਦਾ 'ਦ' ਹਟਾ ਕੇ ਉਹ ਇਸ ਦਾ ਉਚਾਰਣ 'ਹੁਨਰ ਮੰਨ' ਕਰਦੇ ਹਨ ਅਤੇ ਏਸ ਦੀ ਕ੍ਰਿਆ 'ਹਰਮਨਾ' (ਹੁਨਰ ਮੰਦ ਹੋਣਾ) ਬਣਾਉਂਦੇ ਹਨ। ਏਸ ਦੇ ਪਰੀਭਾਸ਼ਕ ਅਰਥ ਉਸ ਮੁਸਲਮਾਨ ਕਾਜ਼ੀ ਜਾਂ ਕੌਂਸਲ ਦੇ ਸਨ ਜੋ ਗ਼ੈਰ ਮੁਸਲਮਾਨ ਰਿਆਸਤਾਂ ਵਿਚ, ਇਨ੍ਹਾਂ ਰਿਆਸਤਾਂ ਵਲੋਂ, ਮੁਸਲਮਾਨਾਂ ਦੇ ਮੁਆਮਲਿਆਂ ਦਾ ਫ਼ੈਸਲਾ ਕਰਨ ਲਈ ਨੀਅਤ ਕੀਤਾ ਜਾਂਦਾ ਸੀ। ਅਰਬਾਂ ਤੇ ਮੁਸਲਮਾਨਾਂ ਦੇ ਰਾਜ ਜਦੋਂ ਦੁਨੀਆ ਵਿਚ ਪੂਰੀਆਂ ਚੜ੍ਹਦੀਆਂ ਕਲਾਂ ਵਿਚ ਸਨ, ਤਾਂ ਜਿਵੇਂ ਅਜ ਕਲ ਯੂਰਪੀਨ ਕੌਮਾਂ ਨੂੰ ਏਸ਼ੀਆ ਅਤੇ ਅਫ਼ਰੀਕਾ ਦਿਆਂ ਰਾਜਾਂ ਵਿਚ ਵਸ਼ੇਸ਼ ਅਧਿਕਾਰ ਪਰਾਪਤ ਹਨ ਅਤੇ ਉਨ੍ਹਾਂ ਦਾ ਮੁਕੱਦਮਾ ਕਿਸੇ ਗ਼ੈਰ ਯੂਰਪੀਨ ਦੀ ਕਚਹਿਰੀ ਵਿਚ ਪੇਸ਼ ਨਹੀਂ ਕੀਤਾ ਜਾਂਦਾ, ਏਸੇ ਤਰ੍ਹਾਂ ਅਰਬਾਂ ਤੇ ਮੁਸਲਮਾਨਾਂ ਦਾ ਹਾਲ ਸੀ, ਕਿ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਵੀ ਗ਼ੈਰ-ਮੁਸਲਮਾਨ ਦੇਸਾਂ ਵਿਚ ਆਪਣੇ ਵਿਹਾਰਾਂ ਅਤੇ ਆਉਣ ਜਾਣ ਦੇ ਸਬੰਧ ਵਿਚ ਕੁਝ ਵਿਸ਼ੇਸ਼ ਅਧਿਕਾਰ ਪਰਾਪਤ ਕਰ ਲਏ ਸਨ। ਤੁਰਕਿਸਤਾਨ, ਰੂਮ, ਚੀਨ ਤੇ ਹਿੰਦੁਸਤਾਨ ਵਿਚ ਮੁਸਲਮਾਨਾਂ ਦੇ ਇਨ੍ਹਾਂ ਵਿਸ਼ੇਸ਼ ਅਧਿਕਾਰਾਂ ਦਾ ਪਤਾ ਲਗਦਾ ਹੈ*। ਜੋ ਵੀ ਸੀ, ਏਸੇ ਕਾਜ਼ੀ ਜਾਂ ਕੌਂਸਲ ਜਾਂ ਹੋਰ ਕਿਸੇ ਗ਼ੈਰ ਰਾਜ ਦੇ ਨਿਯਤ ਕੀਤੇ ਮੁਸਲਮਾਨ ਅਫ਼ਸਰ ਦਾ ਨਾਂ 'ਹੁਨਰ ਮੰਦ' ਸੀ। ਤੀਜੀ ਸਦੀ ਹਿਜਰੀ ਦੇ ਅਖ਼ੀਰ ਤੇ ਚੌਥੀ ਸਦੀ ਦੇ ਆਰੰਭ ਵਿਚ ਚੈਮੂਰ ਵਿਚ ਅਰਬਾਂ ਦੀ ਇੰਨੀ ਵੱਡੀ ਵਸੋਂ ਹੋ ਗਈ ਸੀ ਕਿ ਉਨ੍ਹਾਂ ਲਈ ਰਾਜੇ ਨੂੰ ਇਕ ਹੁਨਰ ਮੰਦ ਨਿਯਤ ਕਰਨਾ ਪਿਆ ਜਿਸ ਦਾ ਨਾਂ ਅੱਬਾਸ ਬਿਨ ਮਹਾਨ ਸੀ।†

ਵਲਭ ਰਾਏ ਦਾ ਖੇਤਰ ਅਧਿਕਾਰ

ਚੌਥੀ ਸਦੀ ਹਿਜਰੀ ਦੇ ਆਰੰਭ ਵਿਚ ਮਸਊਦੀ ਹਿੰਦੁਸਤਾਨ ਆਇਆ। ਸੰਨ ੩੦੩ ਵਿਚ ਉਹ ਖੰਬਾਇਤ ਵਿਚ ਸੀ। ਏਸ ਤੋਂ

*ਵੇਖੋ ਇਬਨ ਹੌਕਲ ਪੰਨਾ ੨੩੩

†ਅਜਾਇਬੁਲ ਹਿੰਦ ਪੰਨਾ ੧੪੪

ਛੁਟ ਉਹ ਗੁਜਰਾਤ ਦੇ ਭਿੰਨ ਭਿੰਨ ਸ਼ਹਿਰਾਂ ਵਿਚ ਘੁੰਮਿਆ। ਵਲਭ ਰਾਏ (ਬਲਹਾਰਾ) ਦੇ ਵੰਸ ਦੇ ਰਾਜਿਆਂ ਬਾਰੇ ਵੀ ਏਸ ਦੀ ਉਹੀ ਸ਼ਾਹਦੀ ਹੈ ਜੋ ਏਸ ਤੋਂ ਸੱਤਰ ਵਰ੍ਹੇ ਪਹਿਲਾਂ ਸੁਲੇਮਾਨ ਤਾਜਰ ਨੇ ਬਿਆਨ ਕੀਤੀ ਸੀ। ਆਖਦਾ ਹੈ "ਸਿੰਧ ਅਤੇ ਹਿੰਦੁਸਤਾਨ ਦੇ ਸਭ ਰਾਜਿਆਂ ਵਿਚੋਂ ਰਾਜਾ ਬਲਹਰਾ ਦੇ ਰਾਜ ਵਾਂਙੂ ਹੋਰ ਕਿਸੇ ਦੇ ਰਾਜ ਵਿਚ ਅਰਬਾਂ ਤੇ ਮੁਸਲਮਾਨਾਂ ਦੀ ਇੰਨੀ ਇਜ਼ਤ ਨਹੀਂ। ਇਸਲਾਮ ਨੂੰ ਏਸ ਰਾਜੇ ਦੇ ਰਾਜ ਵਿਚ ਆਦਰ ਤੇ ਮਾਣ ਪਰਾਪਤ ਹੈ, ਤੇ ਉਸ ਦੀ ਰਖਿਆ ਹੁੰਦੀ ਹੈ। ਏਸ ਦੇ ਦੇਸ ਵਿਚ ਮੁਸਲਮਾਨਾਂ ਦੀਆਂ ਮਸੀਤਾਂ ਤੇ ਜਾਮ੍ਹੇ ਮਸਜਦਾਂ ਬਣੀਆਂ ਹੋਈਆਂ ਹਨ, ਜੋ ਹਰ ਤਰ੍ਹਾਂ ਆਬਾਦ ਹਨ। ਏਥੋਂ ਦੇ ਰਾਜੇ ਚਾਲ੍ਹੀ ਚਾਲ੍ਹੀ ਪੰਜਾਹ ਪੰਜਾਹ ਵਰ੍ਹੇ ਰਾਜ ਕਰਦੇ ਹਨ। ਏਥੋਂ ਦੇ ਲੋਕਾਂ ਦਾ ਇਹ ਵਿਸ਼ਵਾਸ਼ ਹੈ ਕਿ ਸਾਡੇ ਰਾਜਿਆਂ ਦੀਆਂ ਉਮਰਾਂ ਏਸੇ ਨਿਆਂ ਅਤੇ ਮੁਸਲਮਾਨਾਂ ਦੇ ਆਦਰ ਸਤਕਾਰ ਦੇ ਕਾਰਣ ਲੰਮੀਆਂ ਹੁੰਦੀਆਂ ਹਨ। ਗੁਜਰਾਤ ਦੇ ਰਾਜੇ ਦੀ ਦੁਸ਼ਮਣੀ ਦਾ ਉਹੀ ਹਾਲ ਹੈ ਅਤੇ ਤਾਕਨ ਜਾਂ ਦਖਣ ਦੇ ਰਾਜ ਵਿਚ ਵੀ ਮੁਸਲਮਾਨਾਂ ਨੂੰ ਉਹੀ ਮਾਣ ਪਰਾਪਤ ਹੈ"।*

ਸੈਮੂਰ ਵਿਚ ਦਸ ਹਜ਼ਾਰ ਦੀ ਵਸੋਂ

ਸੈਮੂਰ (ਵਲਭ ਰਾਏ ਦੇ ਰਾਜ ਵਿਚ ਇਕ ਸ਼ਹਿਰ) ਵਿਚ ਅਰਬਾਂ ਤੇ ਦੋਗ਼ਲੀ-ਨਸਲ ਮੁਸਲਮਾਨਾਂ ਦੀ ਵਸੋਂ ਦਿਨੋ ਦਿਨ ਵਧਦੀ ਜਾਂਦੀ ਹੈ, ਜਿਸ ਸਮੇਂ (ਸੰਨ ੩੦੪ ਹਿ. ਵਿਚ) ਮਸਊਦੀ ਆਇਆ ਹੈ ਕੇਵਲ ਏਸੇ ਇਕ ਸ਼ਹਿਰ ਵਿਚ ਮੁਸਲਮਾਨਾਂ ਦੀ ਦਸ ਹਜ਼ਾਰ ਦੀ ਵਸੋਂ ਸੀ।

ਬੇਸਰ

ਈਸ਼ਵਰ ਜਾਣੇ, ਇਹ ਕੀ ਸ਼ਬਦ ਹੈ ਪਰ ਜੋ ਵੀ ਹੈ, ਏਸ ਦੇ ਅਰਥ ਮਸਊਦੀ ਨੇ ਇਹ ਲਿਖੇ ਹਨ ਕਿ ਉਹ ਮੁਸਲਮਾਨ ਜੋ ਹਿੰਦੁਸਤਾਨ ਵਿਚ ਜੰਮੇ ਹਨ 'ਬੇਸਰ' ਅਖਵਾਉਂਦੇ ਹਨ। ਏਸ ਦਾ ਬਹੁਵਚਨ ਬਿਆਸਰਾ

---

*ਮਰੂਜੁਜ਼ਹਬ ਮਸਊਦੀ ਜਿਲਦ ਪਹਿਲੀ ਪੰਨਾ ੩੮੨, ੩੮੪.

ਹੈ । ਮਸਊਦੀ ਦਾ ਇਹ ਮਹਿਤਵ ਪੂਰਣ ਲੇਖ ਇੰਜ ਹੈ :

"ਮੈਂ ਸੰਨ ੩੦੪ ਹਿ. ਵਿਚ ਲਾਰ ਦੇ ਇਲਾਕੇ ਵਿਚ ਜੋ ਬਲਹਰਾ ਦੇ ਰਾਜ ਵਿਚ ਹੈ, ਸ਼ਹਿਰ ਚੈਮੂਰ (ਸੈਮੂਰ) ਵਿਚ ਮੌਜੂਦ ਸੀ । ਇਸ ਸਮੇਂ ਇਸ ਸ਼ਹਿਰ ਦੇ ਹਾਕਮ ਦਾ ਨਾਂ 'ਜਾਂਚ' ਸੀ ਅਤੇ ਉਸ ਵੇਲੇ ਉੱਥੇ ਦਸ ਹਜ਼ਾਰ ਮੁਸਲਮਾਨ ਵਸਦੇ ਸਨ ਜੋ ਹਿੰਦੁਸਤਾਨ ਦੇ ਜੰਮੇ ਹੋਏ (ਬਿਆਸਰਾ) ਅਤੇ ਸੈਰਾਫ਼ ਉੱਮਾਨ, ਬਸਰਾ ਬਗ਼ਦਾਦ ਤੇ ਹੋਰ ਦੇਸਾਂ ਦੇ ਸਨ, ਪਰ ਏਥੇ ਰਹਿਣ ਸਹਿਣ ਲੱਗ ਪਏ ਹਨ । ਇਨ੍ਹਾਂ ਵਿਚੋਂ ਬਹੁਤ ਸਾਰੇ ਪਤਵੰਤੇ ਸੁਦਾਗਰ ਹਨ ਜਿਵੇਂ ਮੂਸਾ ਬਿਨ ਇਸਹਾਕ ਸੰਦਾਲੂਨੀ (ਸੰਦਾਪੂਰੀ?) । ਹੁਨਰ ਮੰਦੀ ਦੇ ਅਹੁਦੇ ਉਤੇ ਇਨ੍ਹਾਂ ਦਿਨਾਂ ਵਿਚ ਅਬੂ ਸਈਦ ਮਾਰੂਫ਼ ਬਿਨ ਜ਼ਕਰੀਆ ਨਿਯੁਕਤ ਸਨ । ਹੁਨਰ ਮੰਦ ਦਾ ਅਭਿਪਰਾਇ ਮੁਲਸਮਾਨਾਂ ਦਾ ਸਰਦਾਰ ਹੈ ਅਤੇ ਇਸ ਦਾ ਸਰੂਪ ਇਹ ਹੈ ਕਿ ਰਾਜਾ ,ਮੁਸਲਮਾਨਾਂ ਉੱਤੇ ਇਨ੍ਹਾਂ ਦੇ ਰਈਸਾਂ ਵਿਚੋਂ ਕਿਸੇ ਨੂੰ ਸਰਦਾਰ ਬਣਾ ਦਿੰਦਾ ਹੈ ਅਤੇ ਮੁਸਲਮਾਨਾਂ ਦੇ ਮਾਮਲੇ ਇਨ੍ਹਾਂ ਦੇ ਹੀ ਸਪੁਰਦ ਕਰ ਦਿੰਦਾ ਹੈ । ਬਿਆਸਰਾ ਦਾ ਅਰਥ ਹੈ ਉਹ ਮੁਸਲਮਾਨ ਜੋ ਹਿੰਦੁਸਤਾਨ ਵਿਚ ਜੰਮੇ ਹੋਣ" *

ਥਾਨਾ ਵਿਚ

ਛੇਵੀਂ ਸਦੀ ਹਿਜਰੀ ਦੇ ਅੰਤ ਸਮੇਂ ਸੁਲਤਾਨ ਸ਼ਿਹਾਬੁਦੀਨ ਦਾ ਸਮਕਾਲੀ, ਇਬਨ ਸਈਦ ਮਗ਼ਰਬੀ ਸੰਨ ੫੮੫ ਹਿ. ਵਿਚ ਮਰਾਕੂ ਅਤੇ ਮਿਸਰ ਵਿਚ ਬੈਠਾ ਬੈਰੂਨੀ ਦੇ ਕਾਨੂੰਨ ਮਸਊਦੀ ਵਾਂਙ 'ਖੁਗੋਲ' ਸਬੰਧੀ ਇਕ ਪੁਸਤਕ ਲਿਖ ਰਿਹਾ ਸੀ । ਏਸ ਵਿਚ ਏਸ ਨੇ ਦਖਣੀ ਹਿੰਦੁਸਤਾਨ ਦੇ ਬਾਜ਼ੇ ਸ਼ਹਿਰਾਂ ਦੇ ਨਾਂ ਲਏ ਹਨ । ਥਾਨਾਂ ਦੇ ਵਰਨਣ ਵਿਚ ਆਖਦਾ ਹੈ ਕਿ "ਇਹ ਗੁਜਰਾਤ (ਲਾਰ) ਦਾ ਅਖੀਰਲਾ ਸ਼ਹਿਰ ਹੈ ਇਹ ਨਾਂ ਸੁਦਾਗਰਾਂ ਦੇ ਬਹੁਤ ਮੂੰਹ ਚੜ੍ਹਿਆ ਹੋਇਆ ਹੈ । ਏਸ ਹਿੰਦੀ ਸਾਹਿਲ ਦੇ ਵਸਨੀਕ ਸਭ ਹਿੰਦੂ ਹਨ ਜੋ ਮੂਰਤੀਆਂ ਪੂਜਦੇ ਹਨ ਪਰ ਆਪਣੇ ਨਾਲ ਉਹ ਮੁਸਲਮਾਨਾਂ ਨੂੰ ਵੀ ਵਸਾ ਲੈਂਦੇ ਹਨ"

*ਮਰੂਜੁੱਜ਼ਹਬ ਮਸਊਦੀ ਜਿ. ੨ ਪੰਨਾ ੮੫, ੮੬ (ਲੀਡਨ)

ਖੰਬਾਇਤ ਵਿਚ

ਖੰਬਾਇਤ ਬਾਰੇ ਏਸ ਦਾ ਬਿਆਨ ਹੈ ਕਿ "ਇਹ ਵੀ ਹਿੰਦੁਸਤਾਨ ਦੇ ਸਾਹਿਲੀ ਸ਼ਹਿਰਾਂ ਵਿਚੋਂ ਹੈ, ਜਿੱਥੇ ਤਾਜਰ ਜਾਂਦੇ ਹੁੰਦੇ ਹਨ। ਏਸ ਵਿਚ ਮੁਸਲਮਾਨ ਵੀ ਵਸਦੇ ਹਨ"। ਏਸ ਦੇ ਪਿਛੋਂ ਹੀ ਸੁਲਤਾਨ ਸ਼ਮਸੁੱਦੀਨ ਐਲਤਮਸ਼ ਦੇ ਸਮੇਂ (ਸੰਨ ੬੨੫ ਹਿ.) ਜਾਮਿ ਉਲਹਿਕਾਯਾਤ ਦੇ ਕਰਤਾ ਅਵੱਫੀ, ਜੋ ਗ਼ਾਲਬਨ ਸਿੰਧੋਂ ਖੰਬਾਇਤ ਗਿਆ ਸੀ, ਦਾ ਬਿਆਨ ਹੈ ਕਿ "ਉੱਥੇ (ਖੰਬਾਇਤ ਵਿਚ) ਚੰਗੇ ਸ਼ਰਧਾਲੂ ਤੇ ਦੀਨਦਾਰ ਮੁਸਲਮਾਨਾਂ ਦੀ ਵਸੋਂ ਹੈ। ਇਨ੍ਹਾਂ ਦੀ ਇਕ ਜਾਮਿ ਮਸਜਿਦ ਵੀ ਹੈ ਅਤੇ ਏਸ ਦਾ ਇਕ ਇਮਾਮ ਤੇ ਖੁਤਬਾ ਪੜ੍ਹਨ ਵਾਲਾ ਵੀ ਹੈ। ਗੁਜਰਾਤ ਦਾ ਰਾਜਾ ਜੋ ਨਹਿਰ ਵਾਲੇ ਵਿਚ ਰਹਿੰਦਾ ਸੀ, ਇਨ੍ਹਾਂ ਲੋਕਾਂ ਨਾਲ ਬੜੇ ਇਨਸਾਫ਼ ਨਾਲ ਪੇਸ਼ ਆਉਂਦਾ ਸੀ।*

ਖੰਬਾਇਤ ਤੋਂ ਚੈਮੂਰ ਤਕ ਚੌਥੀ ਸਦੀ ਵਿਚ

ਇਬਨ ਹੌਕਲ ਬਗ਼ਦਾਦੀ, ਜਿਸ ਨੇ ਚੌਥੀ ਸਦੀ ਵਿਚ ਗੁਜਰਾਤ ਤੋਂ ਸਿੰਧ ਤਕ ਸਫ਼ਰ ਕੀਤਾ ਸੀ, ਬਿਆਨ ਕਰਦਾ ਹੈ ਕਿ "ਖੰਬਾਇਤ ਤੋਂ ਸੈਮੂਰ ਤਕ ਰਾਜਾ ਬਲ੍ਹਰਾ (ਵਲਭ ਰਾਏ) ਦਾ ਰਾਜ ਹੈ... ... ... ਏਸ ਵਿਚ ਅਧਿਕ ਵਸੋਂ ਤਾਂ ਹਿੰਦੂਆਂ ਦੀ ਹੈ ਪਰ ਇਨ੍ਹਾਂ ਵਿਚ ਮੁਸਲਮਾਨ ਵੀ ਹਨ ਅਤੇ ਮੁਸਲਮਾਨਾਂ ਉੱਤੇ ਰਾਜ ਆਪ ਮੁਸਲਮਾਨਾਂ ਦਾ ਹੈ ਅਰਥਾਤ ਰਾਜੇ ਵਲੋਂ ਇਕ ਮੁਸਲਮਾਨ ਹਾਕਮ ਇਨ੍ਹਾਂ ਲਈ ਨਿਯੁਕਤ ਹੁੰਦਾ ਹੈ.......... ਵਲਭ ਰਾਏ ਦੇ ਇਲਾਕਿਆਂ ਵਿਚ ਮਸੀਤਾਂ ਹਨ, ਜਿਨ੍ਹਾਂ ਵਿਚ ਜੁਮੇ ਦੀਆਂ ਨਮਾਜ਼ਾਂ ਪੜ੍ਹੀਆਂ ਜਾਂਦੀਆਂ ਹਨ ਅਤੇ ਬਾਂਗ ਵੀ ਖੁਲਮਖੁਲੀ ਦਿੱਤੀ ਜਾਂਦੀ ਹੈ"।†

ਖੰਬਾਇਤ ਤੋਂ ਕਾਰੋਮੰਡਲ ਤਕ ਅਠਵੀਂ ਸਦੀ ਹਿਜਰੀ ਵਿਚ

ਗੁਜਰਾਤ ਤੋਂ ਕਾਰੋਮੰਡਲ ਤਕ ਸਾਰੇ ਇਲਾਕੇ ਨੂੰ ਮਲਿਕ ਕਾਫ਼ੂਰ

*ਏਹੋ ਪੰਨਾ ੨੫੭

†ਜਾਮਿ ਉਲ ਹਕਾਇਆਤ ਅਵੱਫ਼ੀ ਦੀ ਹੱਥ ਲਿਖਤ ਕਾਪੀ ਜੋ ਦਾਰੁਲਮੁਸੱਨਫ਼ੀਨ (ਆਜ਼ਮਗੜ੍ਹ) ਵਿਚ ਮੌਜੂਦ ਹੈ।

ਜਿੱਤਦਾ ਚਲਾ ਗਿਆ ਸੀ, ਉਹ ਇਕ ਅਨ੍ਹੇਰੀ ਸੀ ਜੋ ਆਈ ਤੇ ਲੰਘ ਗਈ, ਪਰ ਆਰੰਭ ਤੇ ਅੰਤ ਵਿਚ ਅਲਾਉੱਦੀਨ ਦੀਆਂ ਜਿੱਤਾਂ ਦਾ, ਜੋ ਝੰਡਾ ਗੱਡਿਆ ਗਿਆ, ਉਹ ਨਾ ਉੱਖੜ ਸਕਿਆ ਫ਼ੇਰ ਵੀ ਇਹ ਦੋਵੇਂ ਮੁਲਕ ਖ਼ੁਦ ਮੁਖ਼ਤਿਆਰ ਹੋ ਗਏ। ਏਧਰ ਗੁਜਰਾਤ ਅਤੇ ਓਧਰ ਕਾਰੋਮੰਡਲ, ਵਿਚਲੇ ਸੈਂਕੜੇ ਮੀਲਾਂ ਦੇ ਇਲਾਕੇ ਉਵੇਂ ਜਿਵੇਂ ਹਿੰਦੂ ਰਾਜਿਆਂ ਅਤੇ ਰਾਨਿਆਂ ਦੇ ਅਧੀਨ ਰਹੇ। ਗੁਜਰਾਤ ਤਾਂ ਫੇਰ ਹਮੇਸ਼ ਲਈ ਇਸਲਾਮੀ ਰਾਜ ਬਣ ਗਿਆ ਪਰ ਕਾ ਮੰਡਲ (ਮਾਅਸਰ) ਵਿਚ ਹਸਨ ਕੈਥਲੀ ਅਤੇ ਉਸ ਦੇ ਉਤਰ ਅਧਿਕਾਰੀ ਨੇ ਅਠਵੀਂ ਸਦੀ ਦੇ ਮੱਧ ਤਕ ਲੱਗ ਭਗ ਚਾਲੀ ਵਰ੍ਹੇ ਰਾਜ ਕੀਤਾ। ਫੇਰ ਬੀਜਾ ਨਗਰ ਦੇ ਰਾਜਿਆਂ ਨੇ ਏਸ ਨੂੰ ਜਿੱਤ ਲਿਆ।

ਮਰਾਕੂ ਦਾ ਪਰਸਿਧ ਯਾਤਰੂ ਇਬਨ ਬਤੂਤਾ,ਜੋ ਏਸੇ ਸਮੇਂ ਹਿੰਦੁਸਤਾਨ ਆਇਆ ਸੀ ਅਤੇ ਮੁਹੰਮਦ ਤੁਗ਼ਲਕ ਵਲੋਂ ਉਤਰ ਵਿਚ ਇਕ ਰਾਜਸੀ ਸੰਦੇਸ਼ ਲੈਕੇ ਚੀਨ ਜਾ ਰਿਹਾ ਸੀ, ਦਿੱਲੀ ਤੋਂ ਖੰਬਾਇਤ ਤੇ ਫੇਰ ਖੰਬਾਇਤ ਤੋਂ ਕਾਰੋਮੰਡਲ ਗਿਆ ਸੀ, ਜਿਥੋਂ ਚੀਨ ਨੂੰ ਜਹਾਜ਼ ਜਾਂਦੇ ਸਨ। ਇਨ੍ਹਾਂ ਸਾਰਿਆਂ ਰਾਹਾਂ ਦੀਆਂ ਇਸਲਾਮੀ ਅਬਾਦੀਆਂ ਅਤੇ ਉਥੋਂ ਦੇ ਹਾਕਮਾਂ ਦਾ ਏਸ ਨੇ ਵਰਨਣ ਕੀਤਾ ਹੈ, ਜਿਸ ਤੋਂ ਮਲੂਮ ਹੁੰਦਾ ਹੈ ਕਿ ਨਰੋਲ ਹਿੰਦੂਆਂ ਦੀ ਵਸੋਂ ਅਤੇ ਰਾਜ ਵਿਚ ਕਿਥੇ ਕਿਥੇ ਮੁਸਲਮਾਨ ਅਬਾਦ ਸਨ ਅਤੇ ਉਨ੍ਹਾਂ ਦੀ ਕੀ ਹਾਲਤ ਸੀ ?*

ਖੰਬਾਇਤ

ਇਬਨ ਬਤੂਤਾ ਦੌਲਤਾਬਾਦ ਤੇ ਸਾਗਰ ਹੁੰਦਾ ਹੋਇਆ ਖੰਬਾਇਤ ਪੁਜਾ ਹੈ, ਜੋ ਗੁਜਰਾਤ ਦੀ ਵੱਡੀ ਬੰਦਰਗਾਹ ਸੀ। ਇਹ ਬੰਦਰਗਾਹ, ਭਾਵੇਂ ਹੁਣ ਦਿੱਲੀ ਦੇ ਰਾਜ ਨਾਲ ਨਾਂ ਮਾਤਰ ਸਿਧਾ ਸਬੰਧ ਰਖਦੀ ਸੀ, ਪਰ ਏਥੋਂ ਦਾ ਵਪਾਰ, ਕਾਰ ਵਿਹਾਰ, ਪਰਭਾਵ, ਅਧਿਕਾਰ ਅਤੇ ਰਾਜ ਪਰਬੰਧ ਸਾਰਾ ਅਰਬ ਤੇ ਇਰਾਕ ਦੇ ਵਪਾਰੀਆਂ ਅਤੇ ਜਹਾਜ਼ੀਆਂ ਦੇ ਹਥਾਂ ਵਿਚ ਸੀ, ਜੋ ਪਹਿਲਾਂ ਤੋਂ ਏਥੇ ਵਸਦੇ ਚਲੇ ਆਉਂਦੇ ਸਨ। ਅਰਬੀ ਇਰਾਕੀ ਤੇ ਫ਼ਾਰਸੀ ਮੁਸਲਮਾਨਾਂ ਦੀ ਹਰ ਪਾਸੇ ਬਹੁਲਤਾ ਸੀ ਅਤੇ ਇਨ੍ਹਾਂ ਦੀਆਂ ਬਣਾਈਆਂ

*ਇਬਨ ਹੌਕਲ ਪੰਨਾ ੨੩੩ (ਲੀਡਨ)

ਹੋਈਆਂ ਮਸੀਤਾਂ ਤੇ ਖਾਨਗਾਹਾਂ ਅਬਾਦ ਸਨ। ਇਬਨ ਬਤੂਤਾ ਆਖਦਾ ਹੈ ਕਿ "ਇਹ ਸ਼ਹਿਰ ਆਪਣੀਆਂ ਮਸੀਤਾਂ ਤੇ ਹੋਰ ਇਮਾਰਤਾਂ ਦੇ ਲਿਹਾਜ਼ ਤੋਂ ਸਭ ਤੋਂ ਚੰਗਾ ਸ਼ਹਿਰ ਹੈ"। ਏਸ ਦਾ ਕਾਰਣ ਇਹ ਦਸਦਾ ਹੈ ਕਿ ਏਥੋਂ ਦੇ ਅਕਸਰ ਵਸਨੀਕ ਬਾਹਰਲਿਆਂ ਦੇਸਾਂ ਨਾਲ ਵਪਾਰ ਕਰਦੇ ਹਨ ਉਹ ਹਮੇਸ਼ ਵਧੀਆ ਮਕਾਨ ਤੇ ਸੁੰਦਰ ਮਸੀਤਾਂ ਬਣਾਉਂਦੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਬਨਾਉਣੰ ਵਿਚ ਇਕ ਦੂਜੇ ਤੋਂ ਅੱਗੇ ਵਧ ਜਾਣ ਦਾ ਪਰਯਤਨ ਕਰਦੇ ਹਨ। ਸ਼ਾਨਦਾਰ ਇਮਾਰਤਾਂ ਵਿਚੋਂ ਸ਼ਰੀਫ਼ ਸਾਮਰੀ ਦਾ ਮਹਿਲ ਹੈ। ਏਸ ਦੇ ਪਾਸ ਇਕ ਸ਼ਾਨਦਾਰ ਮਸੀਤ ਹੈ। ਵਪਾਰੀਆਂ ਦੇ ਸ਼ਰੋਮਨੀ, ਗਾਜ਼ਰੂਨੀ, ਦਾ ਵੀ ਵੱਡਾ ਮਕਾਨ ਹੈ। ਏਸ ਦੇ ਨਾਲ ਵੀ ਇਕ ਮਸੀਤ ਹੈ। ਸੁਦਾਗਰ ਸ਼ਮਸੁਦੀਨ ਕੁਲਾਹਦੋਜ਼ ਦਾ ਘਰ ਬਹੁਤ ਵੱਡਾ ਹੈ। ਸ਼ਹਿਰ ਵਿਚ ਹਾਜੀ ਨਾਸਿਰ ਦੀ ਖ਼ਾਨਗਾਹ ਹੈ, ਜੋ ਇਰਾਕ ਦੇ ਸ਼ਹਿਰ ਦਿਆਰਬਕਰ (Mesopotamia) ਦਾ ਵਸਨੀਕ ਸੀ। ਦੂਜੀ ਖ਼ਾਨਗਾਹ ਖ਼੍ਵਾਜਾ ਇਸਹਾਕ ਦੀ ਹੈ ਏਥੇ ਫ਼ਕੀਰਾਂ ਲਈ ਲੰਗਰ ਵੀ ਵੰਡਿਆ ਜਾਂਦਾ ਹੈ।*

ਗਾਵੀ ਤੇ ਗੰਧਾਰ

ਗਾਵੀ ਤੇ ਗੰਧਾਰ ਦੋਵੇਂ ਭੜੋਚ ਦੇ ਨਾਲ ਲਗਦੀਆਂ ਬੰਦਰਗਾਹਾਂ ਸਨ (ਅਈਨੇ ਅਕਬਰੀ) ਇਬਨ ਬਤੂਤਾ ਖੰਬਾਇਤ ਤੋਂ ਚਲ ਕੇ ਪਹਿਲਾਂ ਗਾਵੀ ਤੇ ਫੇਰ ਗਾਵੀ ਤੋਂ ਗੰਧਾਰ ਪਹੁੰਚਿਆ। ਆਖਦਾ ਹੈ ਇਹ ਦੋਵੇਂ ਸਾਹਿਲੀ ਸ਼ਹਿਰ ਰਾਜਾ ਜਾਲੀਨੀ ਦੇ ਅਧੀਨ ਹਨ ਪਰ ਉਹ ਇਸਲਾਮ ਦੇ ਬਾਦਸ਼ਾਹ ਦੇ ਅਧੀਨ ਹੈ। ਏਥੇ ਉਸ ਨੂੰ ਮੁਸਲਮਾਨ ਅਬਾਦ ਮਿਲਦੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਰਾਜੇ ਦੇ ਦਰਬਾਰੀਆਂ ਅਤੇ ਅਫਸਰਾਂ ਵਿਚ ਦਾਖਲ ਸਨ। ਇਨ੍ਹਾਂ ਵਿਚ ਇਕ ਖ਼੍ਵਾਜਾ ਬਹਿਰਾ ਨਾਂ ਦਾ ਬੰਦਾ ਸੀ ਅਤੇ ਦੂਜਾ ਜਹਾਜ਼ ਕਪਤਾਨ, ਇਬਰਾਹੀਮ ਸੀ, ਜੋ ਛੇ ਜਹਾਜ਼ਾਂ ਦਾ ਮਾਲਕ ਸੀ। ਇਬਨ ਬਤੂਤਾ ਏਸੇ ਗੰਧਾਰ ਵਿਚ ਇਬਰਾਹੀਮ, ਜਹਾਜ਼-ਕਪਤਾਨ ਅਤੇ ਏਸ ਦੇ ਭਾਈ ਦੇ ਜਹਾਜ਼ਾਂ ਵਿਚ

*ਸਫ਼ਰ ਨਾਮਾ ਇਬਨ ਬਤੂਤਾ ਅਰਬੀ ਖ਼ੈਰੀਆ ਪ੍ਰੈਸ ਮਿਸਰ ਦਾ ਛਪਿਆ ਹੋਇਆ ਜਿ. ਦੂਜੀ ਪੰ. ੧੨੮, ੧੨੯.

ਸਵਾਰ ਹੋਇਆ। ਇਨ੍ਹਾਂ ਜਹਾਜ਼ਾਂ ਦੇ ਨਾਂ 'ਜਾਗੀਰ' ਤੇ 'ਮਨੋਰਤ' ਸਨ, ਜਹਾਜ਼ਾਂ ਵਿਚ ਪੰਜਾਹ ਤੀਰ ਚਲਾਉਣ ਵਾਲੇ ਤੇ ਪੰਜਾਹ ਹਬਸ਼ੀ ਸਿਪਾਹੀ ਸਨ।

ਬੈਰਮ

ਇਹ ਇਕ ਛੋਟਾ ਜਿਹਾ ਟਾਪੂ ਹੈ, ਜੋ ਹਿੰਦੁਸਤਾਨ ਦੇ ਕੰਢੇ ਤੋਂ ਚਾਰ ਮੀਲ ਦੂਰ ਹੈ (ਇਹ ਅਦਨ ਦੇ ਲਾਗੇ ਦਾ ਬੈਰਮ ਨਹੀਂ)। ਪਹਿਲਾਂ ਏਸ ਤੇ ਹਿੰਦੂਆਂ ਦਾ ਕਬਜ਼ਾ ਸੀ ਫੇਰ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ। ਇਬਨ ਬਤੂਤਾ ਦੇ ਸਮੇਂ ਵਪਾਰੀਆਂ ਦੇ ਸ਼ਰੋਮਨੀ, ਗਾਜ਼ਰੂਨੀ ਨੇ ਏਸ ਨੂੰ ਆਬਾਦ ਕੀਤਾ ਅਤੇ ਉੱਥੇ ਮੁਸਲਮਾਨਾਂ ਨੂੰ ਵਸਾਇਆ।

ਗੋਗਾ

ਜਾਂ ਘੋਗਾ (ਵਰਤਮਾਨ ਭਵਾਨਗਰ ਦੇ ਕੋਲ ਹੈ) ਏਥੇ ਰਾਜਾ ਦਨਕੋਲ ਦਾ ਰਾਜ ਸੀ। ਇਹ ਬਹੁਤ ਵਡਾ ਸ਼ਹਿਰ ਸੀ। ਬੜੇ ਬੜੇ ਬਜ਼ਾਰ ਸਨ। ਏਥੇ ਏਸ ਨੇ ਇਕ ਮਸੀਤ ਵੇਖੀ ਜੋ ਹਜ਼ਰਤ ਖਿਜ਼ਰ ਨਾਲ ਸਬੰਧਤ ਸੀ (ਜਿਸ ਨੂੰ ਆਮ ਜਨਤਾ ਸਮੁੰਦਰ ਵਿਚ ਡੁਬਦਿਆਂ ਦਾ ਸਹਾਰਾ ਸਮਝਦੇ ਹਨ) ਏਥੇ ਹੈਦਰੀ ਫਕੀਰਾਂ ਦਾ ਇਕ ਟੋਲਾ ਸੀ।

ਚੰਦਾਪੁਰ

ਏਥੋਂ ਸਾਡਾ ਯਾਤਰੂ ਚੰਦਾ ਪੁਰ ਪੁੱਜਾ ਜਿਸ ਨੂੰ ਅਰਬ ਸੰਦਾਪੁਰ ਆਖਦੇ ਹਨ। ਏਸ ਨੂੰ ਏਸੇ ਸਮਾਨਤਾ ਦੇ ਕਾਰਣ ਮੈਂ ਕਦੇ ਸਿੰਘਾਪੁਰ ਸਮਝਿਆ ਸੀ। ਪਰ ਦਰ ਅਸਲ ਇਹ ਵਰਤਮਾਨ ਗਵਾ ਦੇ ਕੋਲ ਸੀ। ਸਾਡੇ ਯਾਤਰੂ ਨੂੰ ਏਥੇ ਇਕ ਮੁਸਲਮਾਨ ਸੁਲਤਾਨ ਜਲਾਲੁਦੀਨ ਹਨਵਰੀ ਦੀ ਰਿਆਸਤ ਮਿਲਦੀ ਹੈ। ਏਸ ਸੁਲਤਾਨ ਜਮਾਲੁੱਦੀਨ ਦਾ ਪਿਤਾ, ਹਸਨ ਇਕ ਜਹਾਜ਼ੀ ਸੀ। ਸੁਲਤਾਨ ਜਮਾਲੁੱਦੀਨ ਰਾਜਾ ਹਰੀਬ (ਸ਼ੁਧ ਨਾਂ ਹਰੀਰ ਹੈ ਅਤੇ ਇਹ ਬੀਜਾ ਨਗਰ ਦਾ ਰਾਜਾ ਸੀ) ਦੇ ਅਧੀਨ ਸੀ। ਏਥੇ ਅਲਗ ਅਲਗ ਇਕ ਹਿੰਦੂਆਂ ਦਾ ਅਤੇ ਦੂਜਾ ਮੁਸਲਮਾਨਾਂ ਦਾ ਮਹੱਲਾ ਸੀ। ਏਥੇ ਇਕ ਸ਼ਾਨਦਾਰ ਮਸੀਤ ਸੀ ਇਬਨ ਬਤੂਤਾ ਦੀਆਂ

ਨਜ਼ਰਾਂ ਵਿਚ ਬਗ਼ਦਾਦ ਦੀਆਂ ਮਸੀਤਾਂ ਦਾ ਟਾਕਰਾ ਕਰਦੀ ਸੀ।

ਚੰਦਾ ਪੁਰ ਦੇ ਲਾਗੇ ਹੀ ਇਕ ਹੋਰ ਛੋਟੀ ਜੇਹੀ ਸਾਹਲੀ ਆਬਾਦੀ ਸੀ ਜਿਥੇ ਇਕ ਗਿਰਜਾ ਵੀ ਸੀ ਅਤੇ ਉਥੋਂ ਦੇ ਇਕ ਮੂਰਤੀ ਮੰਦਰ ਵਿਚ, ਵੇਖਣ ਨੂੰ ਤਾਂ ਜੋਗੀ ਪਰ ਦਰ ਅਸਲ ਇਕ ਮੁਸਲਮਾਨ ਸੂਫੀ ਨਾਲ ਏਸ ਦੀ ਮੁਲਾਕਾਤ ਹੁੰਦੀ ਹੈ ਜੋ ਕੇਵਲ ਇਸ਼ਾਰਿਆਂ ਨਾਲ ਗੱਲਾਂ ਕਰਦਾ ਸੀ।

ਹੁਨੂਰ

ਜਿਸ ਨੂੰ ਹੋਨੂਰ ਆਖਦੇ ਹਨ ਅਤੇ ਜੋ ਹੁਣ ਵੀ ਬੰਬਈ ਇਹਾਤੇ ਵਿਚ 'ਉਤਰੀ ਕਨੜੇ' ਦੇ ਜ਼ਿਲ੍ਹੇ ਵਿਚ ਹੈ।ਇਹ ਸੁਲਤਾਨ ਜਮਾਲੁੱਦੀਨ ਦਾ ਅਸਲੀ ਕੇਂਦਰ ਸੀ। ਏਥੇ ਇਬਨ ਬਤੂਤਾ ਨੂੰ ਸ਼ੇਖ਼ ਮੁਹੰਮਦ ਨਾਗਰੀ ਨਾਂ ਦੇ ਇਕ ਖਾਨਕਾਹ ਵਾਲੇ ਬਜ਼ੁਰਗ ਮਿਲੇ ਅਤੇ ਫ਼ਕੀਰ ਇਸਮਾਈਲ ਨਾਲ ਜੋ ਕੁਰਾਨ ਪਾਕ ਦੇ ਉਸਤਾਦ ਸਨ ਅਤੇ ਨੂਰੁੱਦੀਨ ਅਲੀ ਕਾਜ਼ੀ ਨਾਲ ਤੇ ਇਕ ਹੋਰ ਇਮਾਮ ਨਾਲ ਮੁਲਾਕਾਤ ਹੋਈ। ਏਸ ਸ਼ਹਿਰ ਵਿਚ ਏਸ ਨੇ ਅਨੋਖੀ ਗੱਲ ਇਹ ਵੇਖੀ ਕਿ ਏਥੇ ਮਰਦ ਤੀਵੀਆਂ ਸਭਨਾਂ ਵਿਚ ਪੜ੍ਹਾਈ ਦੀ ਬਰਾਬਰ ਚਰਚਾ ਸੀ। ਸ਼ਹਿਰ ਵਿਚ ੧੩ ਮਕਤਬ ਲੜਕੀਆਂ ਦੇ ਅਤੇ ੨੩ ਲੜਕਿਆਂ ਦੇ ਵੇਖੇ। ਹੁਨੂਰ ਦੀਆਂ ਮੁਸਲਮਾਨ ਔਰਤਾਂ ਵੀ ਹਿੰਦੂ ਇਸਤਰੀਆਂ ਵਾਂਗ ਸਾੜ੍ਹੀ ਬੰਨ੍ਹਦੀਆਂ ਸਨ। ਲੋਕਾਂ ਦਾ ਰੋਜ਼ੀ ਕਮਾਉਣ ਦਾ ਸਾਧਨ ਵਪਾਰ ਸੀ। ਏਥੇ ਇਬਨ ਬਤੂਤਾ ਨੂੰ ਏਸ ਮੁਸਲਮਾਨ ਜੋਗੀ ਦਾ ਇਕ ਸਨੇਹਾ ਅਤੇ ਸੁਗਾਤ ਮਿਲੀ। ਲੋਕ ਇਮਾਮ ਸ਼ਾਫਈ ਦੇ ਪੈਰੋ ਸਨ, ਜਿਸ ਦੇ ਅਰਥ ਇਹ ਹਨ ਕਿ ਉਹ ਅਰਬ ਸਨ ਜਾਂ ਉਨਾਂ ਦੀ ਉਲਾਦ ਸਨ।

ਮਲੀਬਾਰ

ਹੁਨੂਰੋਂ ਇਬਨ ਬਤੂਤਾ ਦਾ ਜ਼ਹਾਜ਼ ਮਲੀਬਾਰ ਦੇ ਕੰਢਿਆਂ ਉਤੇ ਆ ਕੇ ਲਗਦਾ ਹੈ। ਆਖਦਾ ਹੈ ਕਿ ਏਸ ਇਲਾਕੇ ਦੀ ਹਦ ਚੰਦ੍ਰਾਪੁਰ ਤੋਂ ਕੋਲਮ ਤਕ ਦੋ ਮਹੀਨਿਆਂ ਦਾ ਪੈਂਡਾ ਹੈ। ਇਹ ਕਾਲੀਆਂ ਮਿਰਚਾਂ ਵਾਲਾ ਦੇਸ ਹੈ।ਏਸ ਦੇਸ ਵਿਚ ਛੋਟੇ ਬੜੇ ਬਾਰਾਂ

ਹਿੰਦੂ ਰਾਜੇ ਹਨ। ਵੱਡਿਆਂ ਰਾਜਿਆਂ ਪਾਸ ਪੰਜਾਹ ਪੰਜਾਹ ਹਜ਼ਾਰ, ਤੇ ਛੋਟਿਆਂ ਕੋਲ ਤਿੰਨ ਚਾਰ ਹਜ਼ਾਰ ਫ਼ੌਜ ਹੈ। ਇਕ ਰਾਜੇ ਦਾ ਇਲਾਕਾ ਮੁਕ ਜਾਣ ਤੇ ਜਿਥੋਂ ਦੂਜੇ ਰਾਜੇ ਦਾ ਇਲਾਕਾ ਸ਼ੁਰੂ ਹੁੰਦਾ ਹੈ ਉਥੇ ਲਕੜ ਦਾ ਇਕ ਫਾਟਕ ਲਗਿਆ ਹੈ, ਜਿਸ ਉੱਤੇ ਏਸ ਇਲਾਕੇ ਦੇ ਰਾਜੇ ਦਾ ਨਾਂ ਲਿਖਿਆ ਹੈ। ਹਿੰਦੂ ਰਾਜ ਹੁੰਦੇ ਹੋਏ ਇਨ੍ਹਾਂ ਇਲਾਕਿਆਂ ਵਿਚ ਮੁਸਲਮਾਨਾਂ ਦਾ ਬੜਾ ਮਾਣ ਹੈ। ਚੰਦਾਪੁਰ ਤੋਂ ਕੋਲਮ ਤਕ ਹਰ ਅਧ ਮੀਲ ਤੇ ਲਕੜ ਦਾ ਇਕ ਮਕਾਨ ਬਣਿਆ ਹੈ ਜਿਸ ਵਿਚ ਦੁਕਾਨਾਂ ਤੇ ਚੌਂਤਰੇ ਬਣੇ ਹਨ। ਹਰ ਮੁਸਾਫ਼ਰ ਭਾਵੇਂ ਉਹ ਮੁਸਲਮਾਨ ਹੋਵੇ ਜਾਂ ਹਿੰਦੂ ਹੋਵੇ ਏਥੇ ਆਰਾਮ ਕਰਦਾ ਹੈ। ਹਰੇਕ ਮਕਾਨ ਦੇ ਲਾਗੇ ਇਕ ਖੂਹ ਹੈ ਜਿਸ ਉੱਤੇ ਇਕ ਹਿੰਦੂ ਸਭ ਨੂੰ ਪਾਣੀ ਪਿਲਾਉਂਦਾ ਹੈ, ਹਿੰਦੂਆਂ ਨੂੰ ਭਾਂਡੇ ਵਿਚ ਅਤੇ ਮੁਸਲਮਾਨਾਂ ਨੂੰ ਬੁਕ ਵਿਚ। ਹਿੰਦੂ ਲੋਕ ਮੁਸਲਮਾਨਾਂ ਨੂੰ ਆਪਣੇ ਘਰਾਂ ਦੇ ਅੰਦਰ ਨਹੀਂ ਵੜਨ ਦਿੰਦੇ ਅਤੇ ਨਾ ਆਪਣੇ ਭਾਂਡਿਆਂ ਵਿਚ ਉਨ੍ਹਾਂ ਨੂੰ ਖਲਾਉਂਦੇ ਹਨ ਜੇ ਖਲਾਉਂਦੇ ਹਨ ਤਾਂ ਜਾਂ ਤਾਂ ਏਸ ਭਾਂਡੇ ਨੂੰ ਭੰਨ ਦਿੰਦੇ ਹਨ ਜਾਂ ਏਸੇ ਮੁਸਲਮਾਨ ਨੂੰ ਦੇ ਦਿੰਦੇ ਹਨ। ਪਰ ਜਿੱਥੇ ਕੋਈ ਮੁਸਲਮਾਨ ਨਾ ਹੋਵੇ ਉੱਥੇ ਉਹ ਮੁਸਲਮਾਨਾਂ ਦਾ ਖਾਣਾ ਪਕਾ ਦਿੰਦੇ ਹਨ ਅਤੇ ਕੇਲੇ ਦੇ ਪੱਤੇ ਤੇ ਰਖ ਦਿੰਦੇ ਹਨ। ਜੋ ਬਾਕੀ ਬਚਦਾ ਹੈ ਉਹ ਇਲਾਂ ਤੇ ਕਾਵਾਂ ਕੁਤਿਆਂ ਨੂੰ ਖਵਾ ਦਿੰਦੇ ਹਨ। ਏਸ ਸਾਰੇ ਰਾਹ ਵਿਚ ਹਰ ਪੜਾ ਤੇ ਮੁਸਲਮਾਨ ਅਬਾਦ ਹਨ। ਜਿਨ੍ਹਾਂ ਕੋਲ ਜਾ ਕੇ ਮੁਸਾਫ਼ਰ ਠਹਿਰਦੇ ਹਨ। ਉਹ ਉਨ੍ਹਾਂ ਲਈ ਹਰੇਕ ਚੀਜ਼ ਖ਼ਰੀਦ ਕੇ ਖਾਣਾ ਪਕਾ ਦਿੰਦੇ ਹਨ ਏਥੇ ਜੇ ਥਾਂ ਥਾਂ ਮੁਸਲਮਾਨਾਂ ਦੀ ਵਸੋਂ ਨਾ ਹੁੰਦੀ ਤਾਂ ਮੁਸਲਮਾਨ ਮੁਸਾਫ਼ਰਾਂ ਦਾ ਏਥੇ ਸਫ਼ਰ ਕਰਨਾ ਔਖਾ ਸੀ। ਰਾਹ ਵਿਚ ਵੀ ਜੇ ਹਿੰਦੂ ਕਿਸੇ ਮੁਸਲਮਾਨ ਨੂੰ ਰਾਹ ਤੁਰਦਾ ਵੇਖਦੇ ਹਨ ਤਾਂ ਰਾਹ ਤੋਂ ਹਟ ਜਾਂਦੇ ਹਨ।

ਅਬੀ ਸਰੂਰ

ਮਲੀਬਾਰ ਦੇ ਜਿਸ ਸ਼ਹਿਰ ਵਿਚ ਉਹ ਪਹਿਲਾਂ ਦਾਖ਼ਲ ਹੋਇਆ ਉਸ ਦਾ ਨਾਂ ਉਸ ਨੇ ਅਬੀ ਸਰੂਰ ਦੱਸਿਆ ਹੈ। ਅਬੁਲਫ਼ਿਦਾ ਨੇ ਆਪਣੇ ਭੂਗੋਲ ਵਿਚ ਏਸ ਸ਼ਹਿਰ ਦਾ ਨਾਂ ਧਾਸਰੂਰ ਲਿਖਿਆ ਹੈ। ਇਬਨ ਬਤੂਤਾ ਆਖਦਾ

ਹੈ ਏਹ ਇਕ ਛੋਟੀ ਜੇਹੀ ਬੰਦਰਗਾਹ ਹੈ। ਏਥੇ ਵੀ ਮੁਸਲਮਾਨਾਂ ਦੀ ਵਸੋਂ ਹੈ। ਇਨ੍ਹਾਂ ਦਾ ਸਭ ਤੋਂ ਵੱਡਾ ਆਦਮੀ ਏਥੇ ਸ਼ੇਖ਼ ਜੁਮਾ ਹੈ, ਜੋ ਅਬੀ ਸਤਾ ਦੇ ਨਾਂ ਤੋਂ ਪਰਸਿਧ ਹੈ। ਏਹ ਬੜਾ ਦਾਨੀ ਪੁਰਸ਼ ਹੈ। ਏਸ ਨੇ ਆਪਣਾ ਧਨ ਸਾਧੂਆਂ ਫ਼ਕੀਰਾਂ ਤੇ ਮੁਥਾਜਾਂ ਨੂੰ ਵੰਡ ਦਿੱਤਾ ਹੈ। ਏਥੇ ਨਾਰੀਅਲ ਦੇ ਬ੍ਰਿਛ ਬਹੁਤ ਹਨ।

ਪਾਕਨੂਰ

ਅਬੀ ਸਰੂਰੋਂ ਉਹ ਪਾਕਨੂਰ ਪੁਜਦਾ ਹੈ (ਏਹ ਮਦਰਾਸ ਪ੍ਰਦੇਸ ਵਿਚ ਦਖਣੀ ਕੰਟਰੀ 'ਚ ਬਰਕੂਰ ਦੇ ਨਾਂ ਹੇਠ ਹੁਣ ਵੀ ਪਰਸਿਧ ਹੈ। ਏਹ ਇਬਨ ਬਤੂਤਾ ਦੇ ਸਮੇਂ ਬੀਜਾ ਨਗਰ ਦੇ ਅਧੀਨ ਸੀ) ਆਖਦਾ ਹੈ ਕਿ ਏਥੇ ਦੇ ਰਾਜੇ ਦਾ ਨਾਂ ਵਾਸਦੇਵ ਹੈ। ਏਸ ਕੋਲ ਤਿੰਨ ਜੰਗੀ ਜਹਾਜ਼ ਹਨ। ਪਰ ਇਨ੍ਹਾਂ ਦਾ ਸਮੁੰਦਰੀ ਸੈਨਾਪਤੀ ਮੁਸਲਮਾਨ ਹੈ ਜੋ ਚੰਗਾ ਆਦਮੀ ਨਹੀਂ ਸੀ। ਏਹ ਸੁਦਾਗਰਾਂ ਨੂੰ ਲੁਟਦਾ ਸੀ। ਜਦੋਂ ਏਥੇ ਕੋਈ ਜਹਾਜ਼ ਆਉਂਦਾ ਹੈ ਤਾਂ ਰਾਜਾ 'ਬੰਦਰਗਾਹ ਦੇ ਹਕ' ਦੇ ਨਾਂ ਤੇ ਕੁਝ ਵਸੂਲ ਕਰਦਾ ਹੈ। ਰਾਜੇ ਨੇ ਇਬਨ ਬਤੂਤਾ ਦੀ ਬੜੀ ਖ਼ਾਤਰ ਕੀਤੀ। ਏਥੋਂ ਦਾ ਵੱਡਾ ਆਦਮੀ ਹੁਸੈਨ ਸਲਾਤ ਹੈ ਏਥੇ ਕਾਜ਼ੀ ਤੇ ਖ਼ੁਤਬਾ ਪੜ੍ਹਨ ਵਾਲੇ ਨਿਯਤ ਕੀਤੇ ਹੋਏ ਹਨ ਅਤੇ ਹੁਸੈਨ ਸਲਾਤ ਦੀ ਬਣਾਈ ਹੋਈ ਇਕ ਮਸੀਤ ਵੀ ਹੈ।

ਮੰਗਲੌਰ

ਏਥੋਂ ਚਲ ਕੇ ਉਹ ਮੰਗਰੂਰ (ਮੰਗਲੌਰ) ਜਾ ਕੇ ਲੰਗਰ ਸੁਟਦਾ ਹੈ। ਆਖਦਾ ਹੈ ਕਿ ਇਹ ਮਲੀਬਾਰ ਦਾ ਸਭ ਤੋਂ ਵੱਡਾ ਸਮੁੰਦਰੀ ਮੌਕਾ ਹੈ। ਫ਼ਾਰਸ ਤੇ ਯਮਨ ਦੇ ਅਕਸਰ ਵਪਾਰੀ ਏਥੇ ਉਤਰਦੇ ਹਨ। ਏਸ ਦੇ ਰਾਜੇ ਦਾ ਨਾਂ ਰਾਮ ਦੇਵ ਹੈ। ਚਾਰ ਹਜ਼ਾਰ ਦੇ ਨੇੜੇ ਤੇੜੇ ਮੁਸਲਮਾਨ ਏਥੇ ਵਸਦੇ ਹਨ। ਇਨ੍ਹਾਂ ਦਾ ਮਹੱਲਾ ਅੱਡ ਹੈ। ਕਦੇ ਕਦੇ ਏਥੇ ਦੇ ਲੋਕਾਂ ਨਾਲ ਇਨ੍ਹਾਂ ਦੀ ਲੜਾਈ ਵੀ ਹੁੰਦੀ ਹੈ, ਪਰ ਰਾਜਾ ਵਿਚ ਪੈ ਕੇ ਦੋਹਾਂ ਧਿਰਾਂ ਦੀ ਸੁਲਾਹ ਕਰਾ ਦਿੰਦਾ ਹੈ। ਏਥੇ ਇਕ ਕਾਜ਼ੀ ਹੈ ਜੋ ਬਹੁਤ ਲਾਇਕ ਤੇ ਦਾਨੀ ਪੁਰਸ਼ ਹੈ। ਏਸ ਦਾ ਨਾਂ ਬਦਰੁੱਦੀਨ ਹੈ। ਇਹ ਮਾਅਬਰ (ਕਾਰੋਮੰਡਲ) ਦਾ ਰਹਿਣ ਵਾਲਾ ਹੈ ਤੇ ਸਾਫ਼ਈ ਮਤ ਦਾ ਪੈਰੋ ਹੈ। ਏਥੇ

ਦੇ ਰਾਜੇ ਨੇ ਆਪਣੇ ਪੁਤਰ ਨੂੰ ਜਦੋਂ ਜ਼ਮਾਨਤ ਵਜੋਂ ਜਹਾਜ਼ ਤੇ ਭੇਜਿਆ, ਤਾਂ ਅਸੀਂ ਕਾਜ਼ੀ ਦੇ ਆਖਣ ਤੇ ਜਹਾਜ਼ੋਂ ਉਤਰੇ ਤਿੰਨ ਦਿਨਾਂ ਤਕ ਇਨ੍ਹਾਂ ਲੋਕਾਂ ਨੇ ਸਾਡੀ ਜ਼ਿਆਫ਼ਤ ਕੀਤੀ।

ਹੇਲੀ

ਭਾਵੇਂ ਹੁਣ ਏਸ ਨਾਂ ਦੀ ਕੋਈ ਬੰਦਰਗਾਹ ਨਹੀਂ ਪਰ ਕਨਾਨੂਰ ਤੋਂ ਸੋਲਾਂ ਮੀਲ ਉੱਤਰ ਵਲ ਪਹਾੜ ਦੀ ਇਕ ਨੁੱਕਰ ਸਮੁੰਦਰ ਵਿਚ ਨਿਕਲੀ ਹੋਈ ਹੈ ਏਸ ਨੂੰ 'ਹੇਲੀ' (ਏਲੀ) ਪਰਬਤ ਆਖਦੇ ਹਨ। ਇਬਨ ਬਤੂਤਾ ਦਾ ਬਿਆਨ ਹੈ ਕਿ "ਇਹ ਬਹੁਤ ਵੱਡਾ ਤੇ ਸੁੰਦਰ ਸ਼ਹਿਰ ਹੈ। ਏਥੇ ਵੱਡੇ ਵੱਡੇ ਜਹਾਜ਼ ਆਉਂਦੇ ਹਨ। ਚੀਨ ਦੇ ਜਹਾਜ਼ ਏਥੇ ਹੀ ਆ ਕੇ ਠਹਿਰਦੇ ਹਨ । ਏਹ ਸ਼ਹਿਰ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦੇ ਖਿਆਲ ਵਿਚ ਪਵਿਤਰ ਹੈ, ਕਿਉਂ ਜੋ ਏਥੇ ਇਕ ਜਾਮਿ ਮਸਜਦ ਹੈ ਜਿਸ ਦੀ ਸੁਖਣਾ ਸਾਰੇ ਜਹਾਜ਼ ਵਾਲੇ ਸੁਖਦੇ ਤੇ ਦਿੰਦੇ ਹਨ। ਏਸ ਦੀ ਭੇਟਾ ਤੇ ਨਿਆਜ਼ ਦਾ ਇਕ ਖਜ਼ਾਨਾ ਹੈ ਜਿਸ ਦਾ ਪਰਬੰਧਕ ਹੁਸੈਨ ਨਾਂ ਦਾ ਬੰਦਾ, ਉਥੋਂ ਦੀ ਮਸੀਤ ਦਾ ਇਮਾਮ ਹੈ। 'ਹੁਸੈਨ ਵਜਾਨ' ਏਥੇ ਦੇ ਮੁਸਲਮਾਨਾਂ ਦਾ ਸਰਦਾਰ ਹੈ। ਏਥੇ ਵਿਦਿਆਰਥੀਆਂ ਦੀ ਇਕ ਸ਼ਰੇਣੀ ਹੈ ਜਿਨ੍ਹਾਂ ਨੂੰ ਏਸੇ ਜਾਮਿ ਮਸਜਿਦ ਦੇ ਖਜ਼ਾਨੇ ਤੋਂ ਵਜ਼ੀਫ਼ਾ ਮਿਲਦਾ ਹੈ। ਏਸ ਮਸੀਤ ਦੇ ਨਾਲ ਇਕ ਲੰਗਰ ਖਾਨਾ ਵੀ ਹੈ। ਜਿਥੇ ਰਾਹੀਆਂ ਮੁਸਾਫਰਾਂ ਅਤੇ ਗਰੀਬ ਮੁਸਲਮਾਨਾਂ ਨੂੰ ਖਾਣਾ ਵੰਡਿਆ ਜਾਂਦਾ ਹੈ। ਏਥੇ ਮੁਕਦਸ਼ਵਾ (ਅਫ਼ਰੀਕਾ) ਦੇ ਇਕ ਦਰਵੇਸ਼ ਨਾਲ ਇਬਨ ਬਤੂਤਾ ਦੀ ਮੁਲਾਕਾਤ ਹੋਈ ਏਹ ਬਜ਼ੁਰਗ ਹਿੰਦੁਸਤਾਨ ਚੀਨ ਤੇ ਅਰਬ ਦੀ ਸੈਰ ਕਰ ਚੁਕਿਆ ਸੀ।

ਜਰਪਟਨ

ਏਹ ਮਲੀਬਾਰ ਦੇ ਇਲਾਕੇ ਵਿਚ ਸ਼ਾਇਦ ਉਹ ਅਸਥਾਨ ਹੈ ਜਿਸ ਨੂੰ ਹੁਣ 'ਸਰੀਕੰਦਾਪੁਰਮ' ਆਖਦੇ ਹਨ। ਪਹਿਲੀ ਸਦੀ ਹਿਜਰੀ ਵਿਚ ਮਲੀਬਾਰ ਦੇ ਰਾਜ ਦੇ ਮੁਸਲਮਾਨ ਹੋਣ ਤੇ ਮਲੀਬਾਰ ਦੇ ਅਨੇਕ ਸ਼ਹਿਰਾਂ ਵਿਚ ਜੋ ਮਸੀਤਾਂ ਬਣੀਆਂ ਸਨ ਇਨ੍ਹਾਂ ਵਿਚੋਂ ਇਕ ਏਥੇ ਵੀ ਬਣੀ ਸੀ।

ਇਬਨ ਬਤੂਤਾ ਆਖਦਾ ਹੈ ਕਿ "ਏਥੋਂ ਦੇ ਰਾਜੇ ਦਾ ਨਾਂ 'ਕਵੇਲ' ਹੈ। ਇਹ ਮਲੀਬਾਰ ਦਾ ਵੱਡਾ ਰਾਜਾ ਹੈ। ਏਸ ਦੇ ਜਹਾਜ਼ ਫ਼ਾਰਸ, ਯਮਨ ਤੇ ਉੱਮਾਨ ਜਾਂਦੇ ਹਨ" ਏਥੇ ਬਗਦਾਦ ਦੇ ਇਕ ਵਿਦਵਾਨ ਨਾਲ ਏਸ ਦੀ ਮੁਲਾਕਾਤ ਹੋਈ ਜਿਸ ਦਾ ਇਕ ਭਾਈ ਏਥੋਂ ਦਾ ਵਡਾ ਸੁਦਾਗਰ ਸੀ, ਜੋ ਬੜਾ ਧਨ ਛੱਡ ਕੇ ਮੋਇਆ ਸੀ। ਹਿੰਦੂ ਰਾਜਾ ਮੁਸਲਮਾਨ ਮਈਅਤ ਦੇ ਛਡੇ ਮਾਲ ਵਿਚੋਂ ਕੁਝ ਨਹੀਂ ਲੈਂਦਾ, ਸਗੋਂ ਉਹ ਮੁਸਲਮਾਨਾਂ ਦੇ ਸਰਦਾਰ ਦੇ ਪਾਸ ਅਮਾਨਤ ਰਹਿੰਦਾ ਹੈ। ਇਬਨ ਬਤੂਤਾ ਦਾ ਬਿਆਨ ਹੈ ਕਿ ਜਦੋਂ ਮੈਂ ਚੱਲਿਆ ਹਾਂ ਤਾਂ ਉਹ ਸ੍ਰੀ ਵਿਦਵਾਨ ਸਾਹਿਬ ਆਪਣੇ ਸੁਰਗਵਾਸੀ ਭਾਈ ਦਾ ਸਭ ਸਮਿਆਨ ਲੈਕੇ ਬਗ਼ਦਾਦ ਵੱਲ ਚਾਲੇ ਪਾਉਣ ਦੀ ਤਿਆਰੀ ਕਰ ਰਹੇ ਸਨ।

ਦਹਿ ਪਟਨ

ਇਹ ਵੀ ਰਾਜਾ 'ਕਵੇਲ' ਦੇ ਰਾਜਖੇਤਰ ਵਿਚ, ਸਮੁੰਦਰ ਦੇ ਕੰਢੇ ਇਕ ਵੱਡਾ ਸ਼ਹਿਰ ਹੈ। ਖਾਗ਼ ਬਹੁਤ ਹਨ। ਗਰੀ, ਕਾਲੀ ਮਿਰਚ, ਸੁਪਾਰੀ, ਪਾਨ ਅਤੇ ਅਰਵੀ ਬਹੁਤ ਹੁੰਦੀ ਹੈ। ਏਥੇ ਰਾਜਾ 'ਕਵੇਲ' ਦੇ ਵੱਡਿਆਂ ਵਡੇਰਿਆਂ ਵਿਚੋਂ ਕਿਸੇ ਦਾ ਬਣਾਇਆ ਹੋਇਆ ਇਕ ਅਤੀ ਸੁੰਦਰ ਤਲਾ ਹੈ, ਜਿਸ ਵਿਚ ਘੜੇ ਹੋਏ ਲਾਲ ਪਥਰ ਲਗੇ ਹੋਏ ਹਨ, ਜਿਸ ਦੀਆਂ ਚੋਹਾਂ ਗੁੱਠਾਂ ਤੇ ਚਾਰ ਗੁੰਬਜ਼ ਹਨ ਅਤੇ ਏਸੇ ਦੇ ਨੇੜੇ ਰਾਜਾ'ਕਵੇਲ'ਦੇ ਪਿਉ ਦਾਦਿਆਂ ਵਿਚੋਂ ਕਿਸੇ ਦੀ ਬਣਵਾਈ ਹੋਈ ਮਸੀਤ ਵੀ ਹੈ। ਮੁਸਲਮਾਨ ਏਸ ਤਲਾ ਵਿਚ ਨਹਾਉਂਦੇ ਤੇ ਵੁਜ਼ੂ ਕਰਦੇ ਹਨ ਤੇ ਏਸ ਮਸੀਤ ਵਿਚ ਨਮਾਜ਼ ਪੜ੍ਹਦੇ ਹਨ। ਆਖਦੇ ਹਨ ਕਿ ਉਹ ਰਾਜਾ ਮੁਸਲਮਾਨ ਸੀ ਏਸ ਦੇ ਮੁਸਲਮਾਨ ਹੋਣ ਦਾ ਵੇਰਵਾ ਇਬਨ ਬਤੂਤਾ ਨੇ ਉਥੋਂ ਦੇ ਮੁਸਲਮਾਨਾਂ ਦੇ ਮੂੰਹੋਂ ਏਹ ਸੁਣਿਆ ਕਿ ਜਿਥੇ ਮਸੀਤ ਹੈ ਉੱਥੇ ਇਕ ਅਜੇਹਾ ਬ੍ਰਿਛ ਸੀ, ਜਿਥੇ ਹਰੇਕ ਪਤਝੜ ਦੀ ਰੁਤ ਵਿਚ ਇਕ ਅਜੇਹਾ ਪੱਤਾ ਡਿਗਦਾ ਹੁੰਦਾ ਸੀ, ਜਿਸ ਉੱਤੇ ਕਲਮਾ ਲਿਖਿਆ ਹੁੰਦਾ ਸੀ, ਜਦੋਂ ਇਹ ਪੱਤਾ ਡਿਗਦਾ ਸੀ ਤਾਂ ਅੱਧਾ ਮੁਸਲਾਨ ਤੇ ਅੱਧਾ ਹਿੰਦੂ ਲੈ ਲੈਂਦੇ ਸਨ। ਏਸ ਨਾਲ ਰੋਗੀਆਂ ਨੂੰ ਅਰਾਮ ਹੋ ਜਾਂਦਾ ਸੀ। ਏਸ ਸਿੱਧੀ ਨੂੰ ਵੇਖਕੇ ਉਹ ਰਾਜਾ ਮੁਸਲਮਾਨ ਹੋ ਗਿਆ ਸੀ। ਉਹ ਅਰਬੀ

ਲਿਪੀ ਪੜ੍ਹ ਸਕਦਾ ਸੀ। ਏਸ ਦੇ ਮਰਨ ਪਿਛੋਂ ਏਸ ਦਾ ਪੁਤਰ ਮੁਸਲਮਾਨ ਨਾ ਹੋਇਆ ਅਤੇ ਏਸ ਨੇ ਏਸ ਬ੍ਰਿਛ ਨੂੰ ਜੜ ਤੋਂ ਉਖੜਵਾ ਦਿੱਤਾ, ਪਰ ਉਹ ਫੇਰ ਫੁੱਟ ਆਇਆ। ਇਬਨ ਬਤੂਤਾ ਦੇ ਸਮੇਂ ਵਿਚ ਏਸ ਮਸੀਤ ਦੇ ਕੋਲ ਉਹ ਬ੍ਰਿਛ ਮੌਜੂਦ ਸੀ। ਏਸ ਦੇ ਸਾਹਮਣੇ ਇਕ ਮਿਹਰਾਬ ਬਣੀ ਹੋਈ ਸੀ।

ਬੁਧ ਪਟਨ

ਦਹਿਪਟਨ ਤੋਂ ਜਹਾਜ਼ ਬੁਧ ਪਟਨ ਪੁਜਿਆ। ਏਥੇ ਏਹੀ ਪਹਿਲੀ ਸਦੀ ਹਿਜਰੀ ਵਾਲੇ ਨਵੇਂ ਬਣੇ ਮੁਸਲਮਾਨ ਰਾਜੇ ਦੀ ਇਕ ਮਸੀਤ ਸੀ। ਇਬਨ ਬਤੂਤਾ ਦਾ ਬਿਆਨ ਹੈ ਕਿ ਇਹ ਵੀ ਸਮੁੰਦਰ ਦੇ ਕੰਢੇ ਇਕ ਵੱਡਾ ਸ਼ਹਿਰ ਹੈ। (ਸ਼ਾਇਦ ਇਹ ਸ਼ਹਿਰ ਚਾਲੀਆਮ ਸੀ ਜੋ ਵਰਤਮਾਨ ਸ਼ਹਿਰ ਬੇ ਪੁਰ ਦੇ ਕੋਲ ਵਸਦਾ ਸੀ)। ਇਬਨ ਬਤੂਤਾ ਆਖਦਾ ਹੈ ਕਿ ਏਥੇ ਵਧੇਰੇ ਕਰਕੇ ਬ੍ਰਹਿਮਣ ਵਸਦੇ ਹਨ ਜੋ ਮੁਸਲਮਾਨਾਂ ਤੋਂ ਬੜੀ ਘਿਰਣਾ ਕਰਦੇ ਹਨ, ਏਸ ਲਈ ਮੁਸਲਮਾਨ ਨਹੀਂ ਵਸਦੇ। ਸ਼ਹਿਰ ਦੇ ਬਾਹਰ ਸਮੁੰਦਰ ਕੰਢੇ ਇਕ ਮਸੀਤ ਹੈ ਮੁਸਲਮਾਨ ਮੁਸਾਫ਼ਰ ਉਥੇ ਜਾਕੇ ਠਹਿਰਦੇ ਹਨ। ਏਹ ਮਸੀਤ ਵੀ ਏਸ ਲਈ ਬਚੀ ਹੋਈ ਹੈ ਕਿ ਇਕ ਵਾਰ ਕਿਸੇ ਬ੍ਰਾਹਮਣ ਨੇ ਏਸ ਦੀ ਛੱਤ ਤੋੜ ਕੇ ਏਸ ਦੀ ਲਕੜੀ ਆਪਣੇ ਘਰ ਵਿਚ ਲਾ ਲਈ ਤਾਂ ਏਸ ਦਾ ਘਰ ਜਲ ਗਿਆ, ਜਿਸ ਵਿਚ ਉਹ ਆਪ ਆਪਣੇ ਸਾਰੇ ਪਰਵਾਰ ਤੇ ਮਾਲ ਸਹਿਤ ਜਲਕੇ ਮਰ ਗਿਆ। ਏਸ ਵੇਲੇ ਤੋਂ ਕੋਈ ਬ੍ਰਾਹਮਣ ਏਸ ਮਸੀਤ ਨੂੰ ਨਹੀਂ ਛੂਹੰਦਾ, ਸਗੋਂ ਉਹ ਲੋਕ ਏਸ ਮਸੀਤ ਦੀ ਸੇਵਾ ਅਤੇ ਰਖਿਆ ਕਰਦੇ ਹਨ। ਆਉਣ ਜਾਣ ਵਾਲਿਆਂ ਦੇ ਪੀਣ ਲਈ ਪਾਣੀ ਦਾ ਪਰਬੰਧ ਕੀਤਾ ਗਿਆ ਹੈ ਅਤੇ ਏਸ ਦੇ ਦਰ ਉੱਤੇ ਜਾਲੀ ਲਾ ਦਿੱਤਾ ਹੈ ਤਾਂ ਜੋ ਏਸ ਵਿਚ ਪੰਛੀ ਨਾ ਜਾ ਸਕਣ।

ਪਿੰਡਾਰਾਨੀ

ਏਥੋਂ ਨਿਕਲ ਕੇ ਸਾਡਾ ਯਾਤਰੂ ਪਿੰਡਾਰਾਨੀ ਪੁਜਿਆ, ਜਿਸ ਨੂੰ ਉਹ ਫੰਦਰੀਨਾ ਆਖਦਾ ਹੈ, ਜੋ ਕਾਲੀਕਟ ਤੋਂ ਸੋਲਾਂ ਮੀਲ ਉੱਤਰ ਵਿਚ ਹੈ। ਆਖਦਾ ਹੈ ਕਿ "ਇਹ ਬਹੁਤ ਬੜਾ ਸ਼ਹਿਰ ਹੈ ਏਸ ਵਿਚ ਮੁਸਲਮਾਨਾਂ ਦੇ

ਤਿੰਨ ਮਹੱਲੇ ਵਸਦੇ ਹਨ। ਹਰੇਕ ਮਹੱਲੇ ਵਿਚ ਇਕ ਮਸੀਤ ਹੈ। ਸਮੁੰਦਰ ਦੇ ਕੰਢੇ ਸਮੁੰਦਰ ਦੇ ਰੁਖ ਇਕ ਵਿਸ਼ਾਲ ਜਾਮਿ ਮਸਜਿਦ ਹੈ। ਉਥੋਂ ਦਾ ਕਾਜ਼ੀ ਤੇ ਇਮਾਮ ਉੱਮਾਨ ਦਾ ਰਹਿਣ ਵਾਲਾ ਹੈ। ਏਥੇ ਗਰਮੀਆਂ ਵਿਚ ਚੀਨ ਦੇ ਜਹਾਜ਼ ਆਕੇ ਠਹਿਰਦੇ ਹਨ''।

ਕਾਲੀ ਕਟ

ਹੁਣ ਸਾਡਾ ਯਾਤਰੂ ਮਲੀਬਾਰ ਦੀ ਪਰਸਿਧ ਬੰਦਰਗਾਹ ਕਾਲੀ ਕਟ ਵਿਚ ਪਹੁੰਚਦਾ ਹੈ। ਆਖਦਾ ਹੈ ਕਿ ਇਹ ਮਲੀਬਾਰ ਦੀ ਸਭ ਤੋਂ ਵੱਡੀ ਬੰਦਰਗਾਹ ਹੈ। ਏਥੇ ਚੀਨ, ਜਾਵਾ, ਸੀਲੋਨ, ਮਾਲਦੀਪ, ਯਮਨ ਅਤੇ ਫ਼ਾਰਸ ਦੇ ਸੌਦਾਗਰ ਹੀ ਨਹੀਂ ਸਗੋਂ ਸਾਰੇ ਸੰਸਾਰ ਦੇ ਸੁਦਾਗਰ ਆਉਂਦੇ ਹਨ। ਏਥੋਂ ਦੀ ਬੰਦਰਗਾਹ ਦੁਨੀਆ ਦੀ ਵੱਡੀਆਂ ਬੰਦਰਗਾਹਾਂ ਵਿਚੋਂ ਹੈ। ਏਥੋਂ ਦਾ ਰਾਜਾ ਹਿੰਦੂ ਹੈ, ਜਿਸ ਦੀ ਉਪਾਧੀ ਜ਼ੇਮੂਰ (ਸਾਮਰੀ) ਹੈ। ਏਹ ਏਸ ਤਰਾਂ ਦਾੜ੍ਹੀ ਮੁਨਾਉਂਦਾ ਹੈ ਜਿਵੇਂ ਰੂਮੀ ਫਰੰਗੀ ਲੋਕ, ਜਿਨ੍ਹਾਂ ਨੂੰ ਮੈਂ ਉਥੇ ਵੇਖਿਆ ਹੈ,ਮੁਨਾਉਂਦੇ ਹਨ ਪਰ ਏਥੋਂ ਦੇ ਸੁਦਾਗਰ ਅਤੇ ਵਪਾਰੀਆਂ ਦਾ ਸਰਦਾਰ ਮੁਸਲਮਾਨ ਹੈ ਏਸ ਦਾ ਨਾਂ ਇਬਰਾਹੀਮ ਸ਼ਾਹ ਬੰਦਰ ਹੈ। ਉਹ ਬਹਿਰੈਨ ਦਾ ਵਸਨੀਕ ਹੈ। ਬੜਾ ਵਿਦਵਾਨ ਤੇ ਦਾਨੀ ਪੁਰਸ਼ ਹੈ। ਹਰ ਪਾਸੇ ਦੇ ਸੁਦਾਗਰ ਏਸ ਦੇ ਲੰਗਰ ਤੋਂ ਭੋਜਨ ਛਕਦੇ ਹਨ। ਸ਼ਹਿਰ ਦਾ ਕਾਜ਼ੀ ਫਖਰੁੱਦੀਨ ਗਾਜ਼ਰੂਨੀ ਹੈ। ਚੀਨ ਅਤੇ ਹਿੰਦੁਸਤਾਨ ਵਿਚ ਜੋ ਲੋਕ ਅਬੂ ਇਸਹਾਕ ਗ਼ਾਜ਼ਰੂਨੀ ਦੀ ਸੁਖਣਾ ਸੁਖਦੇ ਹਨ ਉਹ ਏਸੇ ਖਾਨਕਾਹ ਵਿਚ ਲਿਆਕੇ ਆਪਣੀ ਭੇਟਾ ਪੇਸ਼ ਕਰਦੇ ਹਨ। ਜਹਾਜ਼-ਕਪਤਾਨ, 'ਮਿਸਕਾਲ' ਵੀ ਏਥੇ ਰਹਿੰਦਾ ਹੈ। ਏਹ ਆਦਮੀ ਬਹੁਤ ਮਸ਼ਹੂਰ ਤੇ ਧਨੀ ਸਮੁੰਦਰੀ ਵਪਾਰੀ ਹੈ। ਏਸ ਦੇ ਆਪਣੇ ਜਹਾਜ਼ ਹਨ ਜੋ ਹਿੰਦੁਸਤਾਨ, ਯਮਨ, ਦੀਪ ਅਤੇ ਫ਼ਾਰਸ ਤੋਂ ਮਾਲ ਲਿਆਉਂਦੇ ਤੇ ਲੈ ਜਾਂਦੇ ਹਨ। ਰਾਜੇ ਦੇ ਨਾਇਬ, ਸ਼ੇਖ਼ ਸ਼ਿਹਾਬੁਦੀਨ ਅਤੇ ਇਬਰਾਹੀਮ ਚੌਧਰੀ ਨੇ ਇਬਨ ਬਤੂਤਾ ਦਾ ਸੁਆਗਤ ਸੁਲਤਾਨ ਮੁਹੰਮਦ ਤੁਗ਼ਲਕ ਦੇ ਰਾਜ ਦੂਤ ਦੀ ਹੈਸੀਅਤ ਤੋਂ ਢੋਲ ਢੱਮਕਿਆਂ ਤੇ ਝੰਡਿਆਂ ਤੇ ਨਗਾਰਿਆਂ ਨਾਲ ਜਲੂਸ ਕੱਢ ਕੇ ਕੀਤਾ। ਇਬਨ ਬਤੂਤਾ ਆਖਦਾ ਹੈ ਕਿ ਕਾਲੀਕਟ ਦਾ ਰਾਜਾ ਬੜਾ

ਨਿਆਂਕਾਰੀ ਹੈ । ਇਕ ਵੇਰ ਰਾਜੇ ਦੇ ਨਾਇਬ ਦੇ ਭਤੀਜੇ ਨੇ ਇਕ ਮੁਸਲਮਾਨ ਸੁਦਾਗਰ ਦੀ ਤਲਵਾਰ ਖੋਹ ਲਈ ਸੁਦਾਗਰ ਨੇ ਏਸ ਦੇ ਚਾਚੇ ਕੋਲ ਜਾਕੇ ਸ਼ਿਕਾਇਤ ਕੀਤੀ । ਏਸ ਨੇ ਤਫ਼ਤੀਸ਼ ਕਰਨ ਪਿਛੋਂ ਹੁਕਮ ਦਿੱਤਾ ਕਿ ਏਸੇ ਤਲਵਾਰ ਨਾਲ ਉਸ ਦੇ ਭਤੀਜੇ ਦੇ ਦੋ ਟੋਟੇ ਕਰ ਦਿੱਤੇ ਜਾਣ ।

ਚੀਨ ਦੇ ਜਹਾਜ਼ ਏਥੋਂ ਹੀ ਚਲਦੇ ਹਨ ਚੰਗੇ ਮੌਸਮ ਦੀ ਉਡੀਕ ਵਿਚ ਇਬਨ ਬਤੂਤਾ ਨੂੰ ਏਥੇ ਮਹੀਨਿਆਂ ਤਕ ਠਹਿਰਨਾ ਪਿਆ। ਏਸ ਦੇ ਜਹਾਜ਼ ਦਾ ਵਕੀਲ ਸ਼ਾਮ ਦੇਸ ਦਾ ਰਹਿਣ ਵਾਲਾ ਸੁਲੇਮਾਨ ਸਫ਼ਦੀ ਨਾਂ ਦਾ ਬੰਦਾ ਸੀ । ਏਸ ਦੀ ਗ਼ਲਤੀ ਨਾਲ ਇਹ ਘਟਨਾ ਪੇਸ਼ ਆਈ ਕਿ ਇਬਨ ਬਤੂਤਾ ਦਾ ਸਮਾਨ ਤਾਂ ਜਹਾਜ਼ ਤੇ ਚੜ੍ਹ ਗਿਆ ਪਰ ਉਹ ਆਪ ਕੰਢੇ ਤੇ ਹੀ ਰਹਿ ਗਿਆ । ਅਖ਼ੀਰ ਨੂੰ ਉਹ ਖ਼ੁਸ਼ਕੀ ਦੇ ਰਸਤੇ ਕੋਲਮ ਨੂੰ ਗਿਆ ਤਾਂ ਜੋ ਉਥੋਂ ਏਸ ਜਹਾਜ਼ ਨੂੰ ਫੜ ਕੇ ਉਸਤੇ, ਚੜ੍ਹ ਸਕੇ ।

ਕੋਲਮ

ਕੋਲਮ ਵਰਤਮਾਨ ਟਰਾਵਨਕੋਰ ਵਿਚ ਦਾਖ਼ਲ ਹੈ ਇਬਨ ਬਤੂਤਾ ਆਖਦਾ ਹੈ ਕਿ "ਸਾਰੇ ਮਲੀਬਾਰ ਵਿਚ ਇਹ ਸ਼ਹਿਰ ਸਭ ਤੋਂ ਵਧੇਰੇ ਸੁੰਦਰ ਹੈ । ਬਜ਼ਾਰ ਵੀ ਚੰਗੇ ਹਨ । ਸੁਦਾਗਰ ਇੰਨੇ ਧਨਾਢ ਹਨ ਕਿ ਉਹ ਪੂਰੇ ਜਹਾਜ਼\ ਦੇ ਜਹਾਜ਼ ਦਾ ਮਾਲ ਇਕ ਵੇਰ ਖ਼ਰੀਦ ਲੈਂਦੇ ਹਨ ਤੇ ਗੁਦਾਮ ਵਿਚ ਰਖਕੇ ਵੇਚਦੇ ਹਨ । ਮੁਸਲਮਾਨ ਸੁਦਾਗਰ ਵੀ ਏਥੇ ਬਹੁਤ ਹਨ । ਇਨ੍ਹਾਂ ਵਿਚ ਸਭ ਤੋਂ ਵੱਡਾ ਆਦਮੀ, ਸ਼ਹਿਰ ਆਵਾ ਦਾ ਵਸਨੀਕ, ਅਲਾਉੱਦੀਨ ਹੈ। ਏਥੇ ਇਰਾਕੀ ਖ਼ਾਸੀ ਗਿਣਤੀ ਵਿਚ ਵਸਦੇ ਹਨ । ਸ਼ਹਿਰ ਦਾ ਕਾਜ਼ੀ ਕਜ਼ਵੀਨ ਦਾ ਇਕ ਵਿਦਵਾਨ ਹੈ। ਸ਼ਹਿਰ ਵਿਚ ਸਭ ਤੋਂ ਵੱਡਾ ਧਨੀ ਮੁਸਲਮਾਨ, ਮੁਹੰਮਦ, ਘਾਟ ਚੌਧਰੀ ਹੈ । ਏਸ ਦਾ ਭਾਈ ਤਕੀਉੱਦੀਨ ਵੱਡਾ ਵਿਦਵਾਨ ਹੈ । ਏਥੋਂ ਦੀ ਜਾਮਿਮਸਜਿਦ ਵੀ ਚੰਗੀ ਤੇ ਸੁੰਦਰ ਹੈ । ਏਥੋਂ ਦੇ ਰਾਜੇ ਦਾ ਨਾਂ ਲੋਕ ਤਿਰੂਰੀ ਦੱਸਦੇ ਹਨ । 'ਤੇਰੀ' ਏਸ ਭਾਸ਼ਾ ਵਿਚ ਰਾਜੇ ਨੂੰ ਆਖਦੇ ਹਨ । ਇਹ ਮੁਸਲਮਾਨਾਂ ਦਾ ਬੜਾ ਸਤਕਾਰ ਕਰਦਾ ਹੈ ਤੇ ਬਹੁਤ

ਨਿਆਂ ਸ਼ੀਲ ਹੈ। ਏਥੇ ਕਾਲੀਕਟ ਵਾਲੇ ਸ਼ੇਖ਼ ਸ਼ਿਹਾਬੁੱਦੀਨ ਗ਼ਾਜਰੂਨੀ ਦੇ ਪੁਤਰ ਸ਼ੇਖ਼ ਫ਼ਖਰੁੱਦੀਨ ਦੀ ਖ਼ਾਨਕਾਹ ਹੈ।

ਚਾਲੀਆਤ

ਇਬਨ ਬਤੂਤਾ ਨੂੰ ਜਹਾਜ਼ ਦੀ ਤਬਾਹੀ ਦੇ ਕਾਰਨ ਫੇਰ ਏਸੇ ਰਾਹ ਕਾਲੀਕਟ ਨੂੰ ਮੁੜਨਾ ਪਿਆ। ਰਾਹ ਵਿਚ ਉਹ ਚਾਲੀਅਤ ਵਿਚ ਠਹਿਰਿਆ, ਜਿਸ ਨੂੰ ਅਰਬ ਸ਼ਾਲੀਅਤ ਆਖਦੇ ਸਨ, ਪਰ ਹੁਣ ਸ਼ਾਲੀਆ ਕਹਿੰਦੇ ਹਨ। ਏਹ ਕਾਲੀਕਟ ਦੇ ਲਾਗੇ ਸੀ। ਇਬਨ ਬਤੂਤਾ ਏਥੋਂ ਦਿਆਂ ਕਪੜਿਆਂ ਦੀ ਦਸਤਕਾਰੀ ਦੀ ਸ਼ਲਾਘਾ ਕਰਦਾ ਹੈ। ਉਹ ਏਥੋਂ ਹਨੂਰ ਅਤੇ ਉਥੋਂ ਚੰਦਾਪੁਰ (ਗਾਵਾ) ਪੁਜਦਾ ਹੈ, ਤਾਂ ਮਲੂਮ ਹੁੰਦਾ ਹੈ ਕਿ ਰਾਜੇ (ਸ਼ਾਇਦ ਬੀਜਾਪੁਰ ਦਾ ਰਾਜਾ ਮੁਰਾਦ ਹੈ) ਨੇ ਲੜਕੇ ਸੁਲਤਾਨ ਜਮਾਲੁੱਦੀਨ ਹਨੂਰੀ ਦੇ ਹਥੋਂ ਏਥੋਂ ਦਾ ਰਾਜ ਖੋਹ ਲਿਆ। ਇਬਨ ਬਤੂਤਾ ਏਥੋਂ ਸਵਾਰ ਹੋਕੇ ਮਾਲਦੀਪ ਚਲਿਆ ਗਿਆ।

ਮਾਲ ਦੀਪ

ਏਥੇ ਅਰਬ ਮੁਸਲਮਾਨਾਂ ਦੀ ਬੜੀ ਵਸੋਂ ਸੀ। ਏਥੇ ਸੁਲਤਾਨਾ ਖ਼ਦੀਜਾ ਰਾਜ ਕਰਦੀ ਸੀ। ਏਸ ਦਾ ਪੂਰਾ ਹਾਲ ਉੱਪਰ ਆ ਚੁਕਿਆ ਹੈ।

ਸੀਲੋਨ

ਮਾਲਦੀਪ ਤੋਂ ਉਹ ਸੀਲੋਨ ਆਉਂਦਾ ਹੈ। ਏਥੋਂ ਦਾ ਰਾਜਾ ਏਸ ਵੇਲੇ ਅਰੀਆ ਚੱਕਰ ਵਰਤੀ ਨਾਂ ਦਾ ਸੀ। ਏਸ ਕੋਲ ਬਹੁਤ ਸਾਰੇ ਜਹਾਜ਼ ਸਨ, ਜੋ ਯਮਨ ਤਕ ਜਾਂਦੇ ਹੁੰਦੇ ਸਨ। ਏਹ ਰਾਜਾ ਫ਼ਾਰਸੀ ਬੋਲੀ ਸਮਝਦਾ ਸੀ 'ਪੈਰ ਚਿੰਨ੍ਹ' ਹੋਣ ਕਾਰਣ ਏਥੇ ਅਰਬੀ ਅਤੇ ਫ਼ਾਰਸੀ ਮੁਸਲਮਾਨ ਫ਼ਕੀਰਾਂ ਅਤੇ ਦਰਵੇਸ਼ਾਂ ਦੀ ਆਵਾਜਾਈ ਦਾ ਤਾਂਤਾ ਲਗਿਆ ਰਹਿੰਦਾ ਸੀ।

ਗਾਲੀ

ਫਿਰਦਾ ਫਰਾਉਂਦਾ ਉਹ ਸੀਲੋਨ ਦੀ ਬੰਦਰਗਾਹ ਗਾਲੀ (ਕਾਲੀ) ਵਿਚ ਪਹੁੰਚਦਾ ਹੈ। ਏਥੋਂ ਅਜ ਕਲ ਵੀ ਯੂਰਪ ਤੇ ਆਸਟਰੇਲੀਆ ਨੂੰ ਜਹਾਜ਼ ਜਾਂਦੇ ਹਨ। ਏਥੋਂ ਦੇ ਜਹਾਜ਼ਾਂ ਦਾ ਮਾਲਕ ਜਹਾਜ਼-ਕਪਤਾਨ

ਇਬਰਾਹੀਮ ਨਾਂ ਦਾ ਬੰਦਾ ਸੀ । ਉਹ ਕੁਲੰਬੂ ਅਤੇ ਬਾਤਾਲਾ ਤੋਂ ਜਹਾਜ਼ ਚੜ੍ਹ ਕੇ ਜਹਾਜ਼-ਕਪਤਾਨ, ਇਬਰਾਹੀਮ ਦੇ ਜਹਾਜ਼ ਉਤੇ ਮਾਅਬਰ(ਕਾਰੋਮੰਡਲ) ਹਿੰਦੁਸਤਾਨ ਦੇ ਸਾਹਿਲ ਤੇ ਫੇਰ ਦੂਜੀ ਵਾਰ ਆਇਆ ।

ਮਾਅਬਰ(ਕਾਰੋਮੰਡਲ)

ਇਬਨ ਬਤੂਤਾ ਜਦੋਂ ਕਾਰੋਮੰਡਲ ਪਹੁੰਚਿਆ ਹੈ ਏਸ ਵੇਲੇ ਉੱਥੇ ਗ਼ਿਆਸੁਦੀਨ ਦਾਮਗ਼ਾਨੀ ਬਾਦਸ਼ਾਹ ਸੀ । ਇਹ ਉਹੀ ਰਾਜ ਸੀ ਜੋ ਅਲਾਉੱਦੀਨ ਖ਼ਿਲਜੀ ਦੇ ਅਫ਼ਸਰ ਮਲਿਕ ਕਾਫ਼ੂਰ ਦੀ ਵਿਜੈ ਪਿਛੋਂ ਏਥੇ ਕਾਇਮ ਹੋ ਗਿਆ ਸੀ । ਇਹ ਗ਼ਾਲਬਨ ਸੰਨ ੭੪੧ ਹਿ. (੧੩੪੨ ਈ.) ਸੀ । ਏਸ ਸਦੀ ਦੇ ਅੰਤ ਵਿਚ ਬੀਜਾ ਪੁਰ ਦੇ ਰਾਜੇ ਨੇ ਏਸ ਇਸਲਾਮੀ ਰਾਜ ਦਾ ਖ਼ਾਤਮਾ ਕਰ ਦਿਤਾ । ਸ਼ਹਿਰ ਮਦੌਰਾ ਏਸ ਦਾ ਰਾਜ ਨਗਰ ਸੀ

ਦਵਾਰ ਸਮੁੰਦਰ

ਜਿੱਥੇ ਹੁਣ ਮੈਸੂਰ ਦਾ ਰਾਜ ਹੈ ਉੱਥੇ ਉਸ ਵੇਲੇ ਹੋਸਿਆਲਾ ਖ਼ਾਨਦਾਨ ਦਾ ਰਾਜ ਸੀ। ਏਸ ਦੇ ਰਾਜਨਗਰ ਦਾ ਨਾਂ 'ਦਵਾਰ ਸਮੁੰਦਰ' ਸੀ। ਏਸ ਵੇਲੇ ਜੋ ਰਾਜਾ ਏਥੇ ਰਾਜ ਕਰਦਾ ਸੀ ਏਸ ਦਾ ਨਾਂ 'ਬਲਾਲ ਦੇਵ' ਸੀ। ਇਬਨ ਬਤੂਤਾ ਨੇ ਏਸ ਦੀ ਸੈਨਾ ਦੀ ਗਿਣਤੀ ਇਕ ਲਖ ਦੱਸੀ ਹੈ। ਏਸ ਵਿਚ ਵੀਹ ਹਜ਼ਾਰ ਦੇ ਨੇੜੇ ਤੇੜੇ ਮੁਸਲਮਾਨ ਸਨ, ਜੋ ਇਬਨ ਬਤੂਤਾ ਦੇ ਕਥਨ ਅਨੁਸਾਰ ਸਾਰੇ ਭਗੌੜੇ ਮੁਜਰਮ ਸਨ ਜੋ ਪਹਿਲਾਂ ਚੋਰ ਤੇ ਡਾਕੂ ਹੁੰਦੇ ਸਨ । ਪਰ ਇੰਨੇ ਚੋਰ ਡਾਕੂ ਅਤੇ ਮੁਜਰਮ ਕਿਥੋਂ ਆ ਗਏ ਸਨ । ਸ਼ਾਇਦ ਇਹ ਗਲ ਇਬਨ ਬਤੂਤਾ ਨੇ ਏਸ ਗ਼ੁੱਸੇ ਵਿਚ ਆਕੇ ਲਿਖ ਦਿੱਤੀ ਹੈ ਕਿ ਇਹ ਲੋਕ ਏਸ ਵੇਲੇ ਕਾਰੋਮੰਡਲ ਦੇ ਬਾਦਸ਼ਾਹ ਗ਼ਿਆਸੁੱਦੀਨ ਨਾਲ ਜੋ ਬਤੂਤਾ ਦਾ ਸਾਢੂ ਸੀ ਲੜ ਰਹੇ ਸਨ ।

ਬੀਜਾ ਨਗਰ

ਕ੍ਰਿਸ਼ਨਾ ਨਦੀ ਤੋਂ ਲੈਕੇ ਸਮੁੰਦਰ ਦੇ ਕੰਢੇ ਤਕ ਬੀਜਾ ਨਗਰ ਦਾ ਵਿਸ਼ਾਲ ਹਿੰਦੂ ਰਾਜ ਕਾਇਮ ਸੀ । ਬੜੀ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਖ਼ੁਸ਼ਕੀ ਵਿਚ ਬਹਮਣੀਆਂ ਦੇ ਇਸਲਾਮੀ ਰਾਜ ਨਾਲ ਏਸ ਦੀ ਹਮੇਸ਼ ਲੜਾਈ ਚਲੀ ਆਉਂਦੀ ਸੀ ਅਤੇ ਦੂਜੇ ਪਾਸੇ ਸਮੁੰਦਰ

ਦੇ ਰਸਤਿਉਂ ਅਰਬ ਤੇ ਫ਼ਾਰਸ ਦੇ ਮੁਸਲਮਾਨ ਬਾਦਸ਼ਾਹਾਂ ਨਾਲ ਇਨ੍ਹਾਂ ਦੇ ਮੇਲ ਜੋਲ ਕਾਇਮ ਸਨ, ਜਿਵੇਂ ਕਿ ਅਮੀਰ ਤੈਮੂਰ ਦੇ ਪੁਤਰ ਸ਼ਾਹਰੁਖ ਨੇ ਏਥੇ ਆਪਣੇ ਦੂਤ ਘਲੇ ਸਨ, ਜਿਨ੍ਹਾਂ ਦੇ ਮੁਖੀਆ ਮੌਲਾਨਾ ਕਮਾਲੁੱਦੀਨ ਅਬਦੁਰੱਜ਼ਾਕ ਸਨ। ਉਨ੍ਹਾਂ ਨੇ ਵਾਪਸ ਜਾਕੇ ਬੀਜਾਪੁਰ ਦੇ ਰਾਜ ਦੇ ਰੁਅਬ ਦਾਬ ਅਤੇ ਉੱਨਤੀ ਦਾ ਜੋ ਹਾਲ ਲਿਖਿਆ ਹੈ, ਉਸ ਨੂੰ 'ਖਾਵਿੰਦ ਸ਼ਾਹ ਨੇ ਰੌਜ਼ਾਤੁਸੱਫ਼ਾ ਦੇ ਅੰਤ ਵਿਚ ਅਤੇ ਹਬੀਬੁੱਸਿਅਰ ਨੇ ਭੁਗੋਲ ਦੇ ਹਿੱਸੇ ਵਿਚ ਮੰਗਲੌਰ, ਕਾਲੀਕਟ ਅਤੇ ਬੀਜਾਨਗਰ ਦੇ ਨਾਵਾਂ ਹੇਠ ਨਕਲ ਕੀਤਾ ਹੈ। ਬੀਜਾਨਗਰ ਦੀ ਫ਼ੌਜ ਵਿਚ ਦਸ ਹਜ਼ਾਰ ਮੁਸਲਮਾਨ ਮੌਜੂਦ ਸਨ ਬੀਜਾਨਗਰ ਦੇ ਰਾਜੇ ਇਨ੍ਹਾਂ ਦੀ ਲੜਨ ਤਾਕਤ ਵਧੇਰੇ ਹੋਣ ਕਾਰਣ ਇਨ੍ਹਾਂ ਦਾ ਮਾਣ ਕਰਦੇ ਸਨ। ਇਨ੍ਹਾਂ ਲਈ ਮਸੀਤ ਵੀ ਬਣਵਾ ਦਿੱਤੀ ਸੀ ਅਤੇ ਕੁਰਾਨ ਪਾਕ ਦਾ ਆਦਰ ਵੀ ਕੀਤਾ ਜਾਂਦਾ ਸੀ* ।

ਪਾਠਕੋ ! ਤੁਸੀਂ ਇਨ੍ਹਾਂ ਦੂਰ ਦੂਰ ਦੇ ਇਲਾਕਿਆਂ ਵਿਚ ਘੁੰਮਦੇ ਘੁੰਮਦੇ ਉਕਤਾ ਗਏ ਹੋਵੋਗੇ ਪਰ ਤੁਸਾਂ ਵੇਖ ਲਿਆ ਕਿ ਇਨ੍ਹਾਂ ਦੂਰ ਦੇ ਇਲਾਕਿਆਂ ਵਿਚ ਇਸਲਾਮ ਦੀਆਂ ਜੰਗੀ ਜਿਤਾਂ ਤੋਂ ਪਹਿਲਾਂ ਵੀ ਮੁਸਲਮਾਨ ਲੋਕ ਕਿੱਥੇ ਕਿੱਥੇ ਅਤੇ ਕਿਵੇਂ ਕਿਵੇਂ ਵਸੇ ਹੋਏ ਸਨ ਅਤੇ ਹਿੰਦੂ ਗੁਆਂਢੀਆਂ ਤੇ ਰਾਜਿਆਂ ਨਾਲ ਇਨ੍ਹਾਂ ਦੇ ਸਬੰਧ ਕਿਹੋ ਜਿਹੇ ਸਨ ? ਹਿੰਦੂ ਮੁਸਲਮਾਨਾਂ ਦੇ ਸਬੰਧਾਂ ਦਾ ਇਹ ਦ੍ਰਿਸ਼ ਉੱਤਰੀ ਹਿੰਦੁਸਤਾਨ ਦੇ ਦ੍ਰਿਸ਼ ਤੋਂ ਕਿੰਨਾ ਵਖਰਾ ਹੈ ? ਹੁਣ ਆਓ ! ਜ਼ਰਾ ਕੁਝ ਸਮੇਂ ਲਈ ਸਿੰਧ ਦੇ ਥਲਾਂ ਦੀ ਵੀ ਮੌਜ ਮਾਣ ਲਈਏ।

ਛੇਵਾਂ ਕੇਂਦਰ ਸਿੰਧ

ਉਪਰ ਆ ਚੁਕਿਆ ਹੈ ਕਿ ਅਰਬਾਂ ਨੇ ਕਿਸ ਤਰ੍ਹਾਂ ਦੇਬਲ (ਸਿੰਧ) ਤੋਂ ਮੁਲਤਾਨ ਤਕ ਦਾ ਇਲਾਕਾ ਪਹਿਲੀ ਸਦੀ ਹਿਜਰੀ ਦੇ ਅੰਤ ਵਿਚ ਫ਼ਤਿਹ ਕੀਤਾ ? ਪਰ ਅਸਲ ਗਲ ਇਹ ਹੈ ਕਿ ਏਸ ਜਿਤ, ਸਗੋਂ ਹਮਲੇ ਤੋਂ ਵੀ ਪਹਿਲਾਂ ਸਿੰਧ ਵਿਚ ਮੁਸਲਮਾਨ ਵਸ ਚੁਕੇ ਸਨ। ਪੰਜ ਸੌ ਅਰਬ ਮੁਸਲਮਾਨ ਇਕ ਅਰਬ ਸਰਦਾਰ ਦੇ ਅਧੀਨ ਮਕਰਾਨ ਤੋਂ ਭਜਕੇ ਸਿੰਧ ਦੇ ਰਾਜੇ ਦਾਹਿਰ

*ਫ਼ਰਿਸ਼ਤਾ ਜਿਲਦ ਪਹਿਲੀ ਪੰਨਾ ੩੩੩ ਨਵਲਕਿਸ਼ੋਰ।

ਦੇ ਪਾਸ ਚਲੇ ਆਏ ਸਨ *। ਮੁਹੰਮਦ ਬਿਨ ਕਾਸਿਮ ਨੇ ਪਹਿਲੀ ਸਦੀ ਹਿਜਰੀ ਦੇ ਅੰਤ ਵਿਚ ਸਿੰਧ ਅਤੇ ਮੁਲਤਾਨ ਨੂੰ ਜਿੱਤਿਆ। ਏਸ ਪਿਛੋਂ ਲਗ ਭਗ ਸਵਾ ਸੌ ਵਰ੍ਹੇ ਤਕ ਏਹ ਦੇਸ ਪਹਿਲਾਂ ਦਿਮਿਸ਼ਕ ਫੇਰ ਬਗ਼ਦਾਦ ਦੇ ਰਾਜ ਦਾ ਅੰਗ ਬਣਿਆ ਰਿਹਾ। ਤੀਜੀ ਸਦੀ ਹਿਜਰੀ (ਨੌਵੀਂ ਸਦੀ ਈਸਵੀ) ਦੇ ਵਿਚਕਾਰ ਮੁਅਤਾਸਮ ਬਿੱਲਾ ਦੇ ਪਿਛੋਂ, ਕੇਂਦਰ ਦੇ ਕਮਜ਼ੋਰ ਹੋਣ ਕਰਕੇ ਏਥੋਂ ਦੇ ਅਰਬ ਗਵਰਨਰਾਂ ਨੇ ਖ਼ੁਦਮੁਖ਼ਤਿਆਰੀ ਜੇਹੀ ਪਰਾਪਤ ਕਰ ਲਈ। ਏਸ ਪਿਛੋਂ ਕਿਤੇ ਕਿਤੇ ਹਿੰਦੂ ਰਾਜਿਆਂ ਨੇ ਕਿਸੇ ਕਿਸੇ ਹਿਸੇ ਤੇ ਕਬਜ਼ਾ ਕਰ ਲਿਆ ਅਤੇ ਕਿਤੇ ਮੁਸਲਮਾਨਾਂ ਨੇ ਆਪਣੀਆਂ ਰਿਆਸਤਾਂ ਖੜੀਆਂ ਕਰ ਲਈਆਂ। ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਹਮਲੇ ਤਕ ਇਨ੍ਹਾਂ ਵਿਚੋਂ ਕੁਝ ਕੁਝ ਮੁਸਲਮਾਨ ਰਿਆਸਤਾਂ ਸਿੰਧ ਵਿਚ ਕਾਇਮ ਸਨ ਜਿਨ੍ਹਾਂ ਵਿਚੋਂ ਮੁਕਾਬਲੇ ਵਿਚ ਦੋ ਕੁਝ ਵਡੀਆਂ ਸਨ। ਇਕ ਸਿੰਧ ਦੇ ਸਿਰੇ ਤੇ ਮਨਸੂਰਾ ਵਿਚ ਤੇ ਦੂਜੀ ਸਿੰਧ ਦੇ ਅਖੀਰ ਤੇ, ਮੁਲਤਾਨ ਵਿਚ। ਚੌਥੀ ਸਦੀ ਹਿਜਰੀ ਦੇ ਅੰਤ ਤਕ, ਜੋ ਅਰਬ ਯਾਤਰੂ ਏਥੇ ਆਉਂਦੇ ਰਹੇ ਹਨ ਉਹ ਇਨ੍ਹਾਂ ਦੋਹਾਂ ਇਸਲਾਮੀ ਰਿਆਸਤਾਂ ਦਾ ਹਾਲ ਵਰਨਣ ਕਰਦੇ ਆਏ ਹਨ। ਮੁਲਤਾਨ ਮਨਸੂਰਾ, ਦੇਬਲ ਅਤੇ ਦੂਜੇ ਸ਼ਹਿਰਾਂ ਤੋਂ ਸੁਲਤਾਨ ਮਹਿਮੂਦ ਦੀ ਹੋਂਦ ਤੋਂ ਪਹਿਲਾਂ ਕਈ ਮੁਸਲਮਾਨ ਵਿਦਵਾਨ ਅਤੇ ਹਦੀਸ ਦਾਨ ਪੈਦਾ ਹੋਏ ਜਿਨ੍ਹਾਂ ਵਿਚੋਂ ਇਕ 'ਅਬੂ ਮਾਅਸ਼ਰ ਨਜੀਹ' ਸਿੰਧੀ ਸਨ, ਜੋ ਦੂਜੀ ਸਦੀ ਵਿਚ ਹੋਏ ਹਨ। ਏਹ ਜੀਵਨੀ ਲਿਖਣ ਦੇ ਮੁਹਰੀ ਸਮਝੇ ਜਾਂਦੇ ਸਨ। ਇਨਾਂ ਨੂੰ ਇਹ ਮਾਣ ਪਰਾਪਤ ਸੀ ਕਿ ਜਦੋਂ ਇਹ ਮਰੇ ਤਾਂ ਖ਼ਲੀਫ਼ਾ ਮਹਿਦੀ ਨੇ ਇਨ੍ਹਾਂ ਦੇ ਜਨਾਜ਼ੇ ਦੀ ਨਮਾਜ਼ ਪੜ੍ਹਾਈ। ਏਸੇ ਸਮੇਂ ਦਾ ਇਕ ਪਰਸਿਧ ਸਿੰਧੀ, ਅਰਬੀ ਕਵੀ, ਅਬੂਅਤਾ ਸਿੰਧੀ ਹੈ, ਜਿਸ ਦਾ ਉਚਾਰਣ ਭਾਵੇਂ ਸ਼ੁਧ ਨਹੀਂ ਸੀ ਪਰ ਏਸ ਦੇ ਅਰਬੀ ਸ਼ਿਅਰਾਂ ਨੂੰ ਨਿਰੋਲ ਅਰਬ ਮਾਤ ਭਾਸ਼ੀਆਂ ਨੇ ਵੀ ਮੰਨਿਆ ਹੈ। ਇਸ ਦਰਜੇ ਤੇ ਹੈਸੀਅਤ ਦੇ ਦੂਜੇ ਬਜ਼ੁਰਗਾਂ ਦੇ ਨਾਂ ਜੋ ਇਥੇ ਗਿਣਾਏ ਜਾਣ ਤਾਂ ਇਕ ਹੋਰ ਦਫ਼ਤਰ ਆਰੰਭ ਹੋ ਜਾਵੇਗਾ, ਇਸ ਲਈ ਇਸ ਨੂੰ ਛੱਡਦਾ ਹਾਂ।

*ਬਲਾਜ਼ੁਰੀ ਫ਼ੁਤੂਹੇ ਸਿੰਧ

ਅਰਬਾਂ ਨੇ ਸਿੰਧ ਦਾ ਇਲਾਕਾ ਜਿੱਤ ਲੈਣ ਪਿਛੋਂ ਉੱਥੇ ਆਪਣੀਆਂ ਨਵੀਆਂ ਆਬਾਦੀਆਂ ਕਾਇਮ ਕੀਤੀਆਂ। ਕੁਰੈਸ਼ ਕਲਬ, ਤਮੀਮ, ਅਸਦ ਅਤੇ ਯਮਨ ਤੇ ਹਿਜਾਜ਼ ਦੇ ਬਹੁਤ ਸਾਰੇ ਕਬੀਲੇ ਇਥੋਂ ਦੇ ਅਨੇਕ ਸ਼ਹਿਰਾਂ ਵਿਚ ਆਕੇ ਵਸੇ ਅਤੇ ਤੀਜੀ ਸਦੀ ਹਿਜਰੀ ਦੇ ਮੱਧ ਤਕ ਇਨ੍ਹਾਂ ਦਾ ਰਾਜ ਮੁਲਤਾਨ ਤੋਂ ਲੈਕੇ ਸਮੁੰਦਰ ਤਕ ਕਿਸੇ ਨਾ ਕਿਸੇ ਤਰ੍ਹਾਂ ਕਾਇਮ ਰਿਹਾ ਪਰ ਅਖ਼ੀਰ ਨੂੰ ਯਮਨੀ ਅਤੇ ਹਿਜਾਜ਼ੀ ਅਰਬਾਂ ਦੀ ਆਪਸ ਦੀ ਘਰੇਲੂ ਲੜਾਈ ਨੇ ਇਨ੍ਹਾਂ ਨੂੰ ਬਰਬਾਦ ਕਰ ਦਿੱਤਾ ਅਤੇ ਬਹੁਤ ਸਾਰੇ ਇਲਾਕੇ ਇਨ੍ਹਾਂ ਦੇ ਹਥੋਂ ਨਿਕਲ ਗਏ ਫੇਰ ਵੀ ਮੁਲਤਾਨ ਤੇ ਮਨਸੂਰਾ (ਸਿੰਧ) ਇਨ੍ਹਾਂ ਦੀਆਂ ਦੋ ਰਿਆਸਤਾਂ ਅਜੇਹੀਆਂ ਸਨ ਜੋ ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਹਮਲੇ ਤਕ ਕਾਇਮ ਰਹੀਆਂ। ਹੁਣ ਅਸਾਂ ਪਹਿਲਾਂ ਇਨਾਂ ਦੋਹਾਂ ਦਾ ਹਾਲ ਜ਼ਰਾ ਵਿਸਥਾਰ ਨਾਲ ਬਿਆਨ ਕਰਨਾ ਹੈ।

ਮੁਲਤਾਨ

ਉੱਪਰ ਆ ਚੁਕਿਆ ਹੈ ਕਿ ਇ ਸਸ਼ਹਿਰ ਉਤੇ ਅਰਬਾਂ ਨੇ ਪਹਿਲੀ ਸਦੀ ਹਿਜਰੀ (ਸਤਵੀਂ ਸਦੀ ਈਸਵੀ) ਵਿਚ ਕਬਜ਼ਾ ਕੀਤਾ। ਏਸ ਵੇਲੇ ਤੋਂ ਲੈਕੇ, ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਸਮੇਂ ਤਕ, ਬਰਾਬਰ ਏਸ ਉਤੇ ਅਰਬਾਂ ਦਾ ਹੀ ਕਬਜ਼ਾ ਰਿਹਾ। ਤੀਜੀ ਅਤੇ ਚੌਥੀ ਸਦੀ ਹਿਜਰੀ ਦੇ ਹਰੇਕ ਅਰਬ ਯਾਤਰੂ ਨੇ ਏਸ ਦਾ ਵਰਨਣ ਕੀਤਾ ਹੈ। ਸੁਲਤਾਨ ਮਹਿਮੂਦ ਦੇ ਹੱਲੇ ਵੇਲੇ ਅਤੇ ਏਸ ਪਿੱਛੋਂ ਵੀ ਬਰਾਬਰ ਮੁਸਲਮਾਨਾਂ ਦੀ ਨਵੀਂ ਆਬਾਦੀ ਏਥੇ ਕਾਇਮ ਰਹੀ। ਸ਼ੁਰੂ ਵਿਚ ਸਿੰਧ ਦੇ ਦੂਜੇ ਸ਼ਹਿਰਾਂ ਦੇ ਨਾਲ ਹੀ ਮੁਲਤਾਨ ਉੱਤੇ ਵੀ ਦਿਮਿਸ਼ਕ ਦੇ ਉੱਮਵੀ ਖ਼ਾਨਦਾਨ ਦਾ ਕਬਜ਼ਾ ਰਿਹਾ। ਤੀਹ ਪੈਂਤੀ ਵਰ੍ਹੇ ਪਿਛੋਂ ਸਮਾਂ ਬਦਲਿਆ। ਸੰਨ ੧੩੨ ਹਿ: ਵਿਚ ਇਸਲਾਮੀ ਰਾਜ ਦੀ ਗਦੀ ਉੱਤੇ ਬਨੂ ਉਮੈਈਆ ਦੀ ਥਾਂ ਬਨੂ ਅੱਬਾਸ ਵਰਾਜਮਾਨ ਹੋਏ ਅਤੇ ਰਾਜ ਕੇਂਦਰ ਦਿਮਿਸ਼ਕ ਤੋਂ ਹਟ ਕੇ ਬਗ਼ਦਾਦ ਆ ਗਿਆ। ਏਸ ਪਿਛੋਂ ਲਗ ਭਗ ਤੀਜੀ ਸਦੀ ਹਿਜਰੀ ਦੇ ਆਰੰਭ ਤਕ ਅਥਵਾ ਮੁਅਤਾਸਮ ਦੇ ਸਮੇਂ ਤਕ ਮੁਲਤਾਨ ਅੱਬਾਸੀ ਰਾਜ ਕੇਂਦਰ ਨਾਲ ਸਬੰਧਤ ਰਿਹਾ। ਏਸ ਪਿਛੋਂ, ਇਹ ਹੋਇਆ ਕਿ ਜੇ ਖ਼ਲੀਫ਼ਾ ਜ਼ਬਰਦਸਤ ਹੋਇਆ

ਤਾਂ ਉਸ ਨੇ ਏਸ ਦੂਰ ਦੁਰੇਡੇ ਸ਼ਹਿਰ ਉੱਤੇ ਕਬਜ਼ਾ ਰਖਿਆ ਤੇ ਜੇ ਉਹ ਕਮਜ਼ੋਰ ਹੋਇਆ ਤਾਂ ਏਥੋਂ ਦੇ ਗਵਰਨਰ ਅਤੇ ਹਾਕਮ ਸੁਤੰਤਰ ਹੋ ਬੈਠੇ। ਏਸ ਸਮੇਂ ਮੁਲਤਾਨ, ਸਿੰਧ ਤੇ ਮਨਸੂਰਾ ਦੇ ਹਾਕਮਾਂ ਕੋਲ ਰਿਹਾ ਪਰ ਪਿਛੋਂ ਮੁਲਤਾਨ, ਸਿੰਧ ਤੋਂ ਵੀ ਅਲਗ ਹੋਕੇ ਇਕ ਖ਼ੁਦ-ਮੁਖ਼ਤਿਆਰ ਅਤੇ ਸਬਾਈ ਰਾਜ ਬਣ ਗਿਆ। ਏਸ ਪਕੇ ਤੌਰ ਤੇ ਅਲਗ ਹੋਣ ਦੀ ਮਿਤੀ ਤੀਜੀ ਸਦੀ ਹਿਜਰੀ ਦਾ ਮੱਧ ਹੈ।

ਮੁਲਤਾਨ ਦਾ ਮਤਲਬ ਕੇਵਲ ਇਕ ਸ਼ਹਿਰ ਨਹੀਂ ਸਗੋਂ ਪੂਰਾ ਸੂਬਾ ਹੈ, ਜੋ ਕਦੇ ਪੂਰੀ ਇਕ ਰਿਆਸਤ ਬਲਕਿ ਸਲਤਨਤ ਸੀ। ਮਿਸਰ ਦੇ ਵਜ਼ੀਰ ਮਹਿੱਲਬੀ ਨੇ ਚੋਥੀ ਸਦੀ ਹਿਜਰੀ ਵਿਚ ਲਿਖਿਆ ਹੈ ਕਿ "ਇਸ ਦੀਆਂ ਸੀਮਾਂ ਵਿਸ਼ਾਲ ਹਨ, ਪੱਛਮ ਵੱਲ ਮਕਰਾਨ ਤੇ ਦਖਣ ਵਿਚ ਮਨਸੂਰਾ (ਸਿੰਧ) ਤਕ ਏਸ ਦਾ ਪਸਾਰਾ ਹੈ" *। ਸਿੰਧ ਦਰਿਆ ਲਾਗੇ ਜੋ ਕਨੌਜ ਸੀ, ੩੦੦ ਹਿ. ਵਿਚ ਉਹ ਮੁਲਤਾਨ ਰਾਜ ਵਿਚ ਸੀ †। ਇਸ ਸਮੇਂ ਗਿਣਤੀ ਦੇ ਲਿਹਾਜ਼ ਨਾਲ ਇਕ ਲਖ ਤੇ ਵੀਹ ਪਿੰਡ ਮੁਲਤਾਨ ਦੇ ਇਸਲਾਮੀ ਰਾਜ ਦੀ ਸੀਮਾਂ ਅੰਦਰ ਸਨ। ‡

ਪੁਰਾਣਿਆਂ ਰਾਜਾਂ ਵਿਚ ਇਹ ਅਕਸਰ ਦਸਤੂਰ ਰਿਹਾ ਹੈ ਅਤੇ ਹੋਣਾ ਵੀ ਚਾਹੀਦਾ ਹੈ ਕਿ ਧਰਮ ਦੇ ਗ਼ੈਰ ਸਰਕਾਰੀ ਫ਼ਿਰਕੇ ਭਜ ਭਜਕੇ ਰਾਜ ਦੇ ਅਖ਼ੀਰਲੇ ਤੇ ਸਰਹਦੀ ਮੁਲਕਾਂ ਵਿਚ ਜਾਕੇ ਸ਼ਰਨ ਲੈਂਦੇ ਹਨ। ਮਜੂਸੀ ਈਰਾਨੀਆਂ ਤੇ ਈਸਾਈ ਰੂਮੀਆਂ ਵਿਚ ਵੀ ਏਹੋ ਦਸਤੂਰ ਸੀ। ਸੋਈ ਮੁਸਲਮਾਨ ਅਰਬਾਂ ਵਿਚ ਵੀ ਏਹੋ ਹੋਇਆ। ਜਿਵੇਂ ਪਹਿਲਾਂ ਆ ਚੁਕਿਆ ਹੈ ਕਿ ਕਜ਼ਦਾਰ ਵਿਚ ਬਾਹਰਲੇ ਮੁਸਲਮਾਨਾਂ ਦੀ ਵਸੋਂ ਸੀ ਅਤੇ ਇਨ੍ਹਾਂ ਦੀ ਹੀ ਰਿਆਸਤ ਕਾਇਮ ਸੀ। ਏਸੇ ਤਰ੍ਹਾਂ ਮੁਲਤਾਨ ਵੀ ਸ਼ੀਆਂ ਦੇ ਇਕ ਫ਼ਿਰਕੇ ਇਸਮਾਈਲੀਆ ਦਾ ਠਕਾਣਾ ਬਣ ਗਿਆ ਸੀ ਅਤੇ ਪਿੱਛੋਂ ਓਥੇ ਇਨ੍ਹਾਂ ਦਾ ਰਾਜ ਕਾਇਮ ਹੋ ਗਿਆ ਸੀ, ਇਹ ਨਰੋਲ ਅਰਬੀ ਨਸਲ ਸਨ ਅਤੇ ਆਪਣੇ ਆਪ ਨੂੰ 'ਸਾਮਾ ਬਿਨ ਲੋਈ' ਦੀ ਉਲਾਦ

*ਅਬੂਲ ਫ਼ਿਦਾ ਦੀ ਤਕਵੀਮੁਲ ਬੁਲਦਾਨ ਪੰਨਾ ੩੫੦ (ਪੈਰਸ)
†ਮਸਊਦੀ ਜਿਲਦ ਪਹਿਲੀ ਪੰਨਾ ੩੭੨ (ਪੈਰਸ)
‡ਉਹੀ ਪੰ. ੩੭੫.

ਆਖਦੇ ਸਨ ।

ਬਨੂ ਸਾਮਾ ਕੌਣ ਸਨ ?

ਕੁਰੈਸ਼ ਦੇ ਵਡੇਰਿਆਂ ਦੀ ਉਪਰਲੀ ਪੀੜ੍ਹੀ ਵਿਚ ਇਕ ਨਾਂ 'ਲੋਈ ਬਿਨ ਗ਼ਾਲਿਬ' ਹੈ, ਏਸ ਲੋਈ ਦੇ ਇਕ ਪੁੱਤਰ ਦਾ ਨਾਂ 'ਸਾਮਾ' ਸੀ ਏਸੇ ਦੇ ਵੰਸ ਨੂੰ ਬਨੂ ਸਾਮਾ* ਆਖਦੇ ਹਨ। ਇਸਲਾਮ ਵਿਚ ਏਸ ਵੰਸ ਦੀ ਉੱਨਤੀ 'ਮੁਅਤਜ਼ਿਦ' ਦੇ ਸਮੇਂ ਵਿਚ (ਸੰਨ ੨੭੯ ਹਿ. ਸੰਨ ੨੮੬ ਹਿ.) ਵਿਚ ਹੋਈ। ਏਸ ਦੀ ਸੂਰਤ ਇਉਂ ਹੋਈ ਕਿ ਅਰਬ ਦੇ ਸੂਬੇ ਉੱਮਾਨ ਵਿਚ ਖ਼ਾਰਜੀਆਂ ਦੀ ਬਹੁਲਤਾ ਸੀ। ਖ਼ਲੀਫ਼ਾ ਨੇ ਮੁਹੰਮਦ ਬਿਨ ਕਾਸਿਮ ਨੂੰ ਇਨ੍ਹਾਂ ਨੂੰ ਡੰਡ ਦੇਣ ਲਈ ਨਿਯਤ ਕੀਤਾ। ਏਸ ਨੇ ਖ਼ਾਰਜੀਆਂ (ਬਾਗ਼ੀਆਂ) ਨੂੰ ਹਾਰ ਦਿਤੀ ਅਤੇ ਉੱਮਾਨ ਵਿਚ ਆਪਣਾ ਰਾਜ ਕਾਇਮ ਕਰ ਕੇ ਸੁੰਨੀ ਧਰਮ ਪਰਚਲਤ ਕੀਤਾ। ਏਹ ਏਸ ਵੰਸ ਦਾ ਪਹਿਲਾ ਸਰਦਾਰ ਹੈ। ਏਸ ਪਿਛੋਂ ਏਸ ਦੀ ਉਲਾਦ ਦਾ ਏਸ ਰਿਆਸਤ ਤੇ ਬਰਾਬਰ ਕਬਜ਼ਾ ਰਿਹਾ। ਸੰਨ ੩੦੫ ਹਿ. ਵਿਚ ਇਨ੍ਹਾਂ ਲੋਕਾਂ 'ਚ ਆਪੋ ਵਿਚ ਲੜਾਈ ਝਗੜਾ ਹੋਇਆ। ਕਰਾਮਤਾ ਨੇ, ਜੋ ਬਹਿਰੈਨ ਵਿਚ ਏਸ ਸਮੇਂ ਤਾਕਤ ਫੜ ਰਹੇ ਸਨ, ਏਸ ਤੋਂ ਲਾਭ ਉਠਾਇਆ। ਏਥੋਂ ਤਕ ਕਿ ਸੰਨ ੩੧੭ ਹਿ. ਵਿਚ ਅਬੂ ਤਾਹਿਰ ਕਰਮਤੀ ਨੇ ਉੱਮਾਨ ਨੂੰ ਏਸ ਦੇ ਕਬਜ਼ੇ ਵਿਚੋਂ ਕਢ ਕੇ ਕਰਮਤੀ ਰਾਜ ਖੇਤਰ ਵਿਚ ਦਾਖ਼ਲ ਕਰ ਲਿਆ† ।

ਉੱਮਾਨ ਅਤੇ ਸਿੰਧ ਦੀ ਸਮੁੰਦਰੀ ਆਵਾ-ਜਾਵੀ ਅਤੇ ਸਮੁੰਦਰੀ ਵਪਾਰ ਹਮੇਸ਼ ਕਾਇਮ ਰਿਹਾ ਸੀ। ਗ਼ਾਲਬਨ ਬਨੂ ਸਾਮਾ ਦਾ ਸਬੰਧ ਸਿੰਧ ਨਾਲ ਬਹੁਤ ਪੁਰਾਣਾ ਸੀ। ਸੋ ਬਨੂ ਸਾਮਾ ਦੇ ਗ਼ੁਲਾਮ, ਫ਼ਜ਼ਲ ਬਿਨ ਮਾਹਾਨ ਅਤੇ ਫ਼ਜ਼ਲ ਬਿਨ ਮਾਹਾਨ ਦੇ ਪਰਵਾਰ ਦੇ ਕੁਝ ਬੰਦੇ ਸਿੰਧ ਦੇ ਇਕ ਅਸਥਾਨ ਸਿੰਦਾਨ ਉੱਤੇ ਮਾਮੂੰ ਦੇ ਸਮੇਂ ਤੋਂ ਲੈਕੇ ਮੁਅਤਾਤਮ ਬਿੱਲਾ ਦੇ ਸਮੇਂ(ਸੰਨ ੨੨੭ਹਿ.)ਤਕ ਰਾਜ ਕਰਦੇ ਰਹੇ ਅਤੇ

---

*ਇਬਨ ਖ਼ਲਦੂਨ ਨੇ ਏਸ ਦੀ ਵਾਰ ਵਾਰ ਵਿਆਖਿਆ ਕੀਤੀ ਹੈ ਕਿ ਬਨੂ ਸਾਮਾ ਦਾ ਏਸ 'ਸਾਮਾ ਬਿਨ ਲੋਈ' ਦੇ ਵੰਸ ਵਿਚੋਂ ਹੋਣਾ ਕੁਰੈਸ਼ ਦੇ ਅਕਸਰ ਭਟ ਮੰਨਦੇ ਨਹੀਂ, ਵੇਖੋ ਇਬਨ ਖ਼ਲਦੂਨ ਜਿ. ੧ ਪੰਨਾ ੩੨੪ ਅਤੇ ਜਿ. ੪ ਪੰ. ੯੬

†ਇਬਨ ਖ਼ਲਦੂਨ ਜਿਲਦ ੪ ਪੰਨਾ ੯੩ (ਮਿਸਰ)

ਫੇਰ ਇਹ ਰਾਜ ਸ਼ਰੀਏ ਦੀ ਖ਼ਾਨਾ ਜੰਗੀ ਵਿਚ ਬਰਬਾਦ ਹੋ ਗਿਆ।*

ਏਸ ਸਬੰਧ ਤੋਂ ਏਹ ਸਿੱਟਾ ਕਢਣਾ ਕੋਈ ਅਜਬ ਗੱਲ ਨਹੀਂ ਕਿ ਉੱਮਾਨ ਵਿਚ ਜਦੋਂ ਬਨੂ ਸਾਮਾ ਦੀ ਰਿਆਸਤ ਤਬਾਹ ਹੋ ਗਈ ਤਾਂ ਉਹ ਕਰਾਮਤਾ ਦੇ ਡਰ ਤੋਂ ਭਜ ਕੇ ਸਿੰਧ ਅਤੇ ਸਿੰਧੋਂ ਮੁਲਤਾਨ ਚਲੇ ਆਏ ਹੋਣ ਅਤੇ ਏਥੇ ਈਸ਼ਵਰ ਨੇ ਫੇਰ ਉਨ੍ਹਾਂ ਨੂੰ ਨਵਾਂ ਰਾਜ ਭਾਗ ਬਖ਼ਸ਼ਿਆ ਹੋਵੇ। ਜੋ ਵੀ ਹੈ, ਏਹੀ ਬਨੂ ਸਾਮਾ ਮੁਲਤਾਨ ਦੇ ਅਮੀਰ ਸਨ ਅਤੇ ਇਨ੍ਹਾਂ ਨੂੰ ਹੀ ਪਿਛਲੀ ਅੱਲ ਦੇ ਲਿਹਾਜ਼ ਨਾਲ 'ਬਨੂ ਮੰਬਾਹ' ਵੀ ਆਖਦੇ ਸਨ। ਤੀਜੀ ਸਦੀ ਹਿਜਰੀ ਦੇ ਅੰਤ ਵਿਚ ਸਭ ਤੋਂ ਪਹਿਲਾਂ ਸਾਨੂੰ ਇਨ੍ਹਾਂ ਦੀ ਖ਼ੁਦਮੁਖ਼ਤਿਆਰ ਰਿਆਸਤ ਦਾ ਨਾਂ ਮਿਲਦਾ ਹੈ।

ਬਨੂ ਮੰਬਾਹ

ਸਭ ਤੋਂ ਪਹਿਲਾਂ ਇਬਨ ਰਸਤਾ ਜਿਸਦਾ ਸਮਾਂ ੨੯੦ ਹਿ. ਹੈ, ਆਪਣੀ ਰਚਨਾ 'ਕਿਤਾਬੁਲ ਆਲਾਕੁਨੱਫ਼ਸੀਆ' ਦੇ ਭੂਗੋਲ ਭਾਗ ਵਿਚ ਆਖਦਾ ਹੈ:

"ਮੁਲਤਾਨ ਵਿਚ ਇਕ ਕੌਮ ਰਹਿੰਦੀ ਹੈ ਜੋ ਦਾਵਾ ਕਰਦੀ ਹੈ ਕਿ ਉਹ ਸਾਮਾ ਬਿਨ ਲੋਈ† ਦੇ ਵੰਸ ਵਿਚੋਂ ਹੈ, ਇਨ੍ਹਾਂ ਨੂੰ ਲੋਕ ਬਨੂ ਮੰਬਾਹ ਆਖਦੇ ਹਨ ਅਤੇ ਉਹੀ ਉਥੇ ਬਾਦਸ਼ਾਹ ਹਨ। ਉਹ 'ਅਮੀਰੁਲ ਮੋਮਨੀਨ' ਦਾ ਖ਼ੁਤਬਾ ਪੜ੍ਹਦੇ ਹਨ। ਹਿੰਦੁਸਤਾਨ ਦੇ ਰਾਜੇ ਇਨ੍ਹਾਂ ਨਾਲ ਲੜਨ ਆਉਂਦੇ ਹਨ ਤਾਂ ਉਹ ਵੀ ਮੁਲਤਾਨ ਤੋਂ ਆਪਣੀ ਭਾਰੀ ਫ਼ੌਜ ਲੈਕੇ ਨਿਕਲਦੇ ਹਨ, ਇਨ੍ਹਾਂ ਨਾਲ ਲੜਦੇ ਹਨ ਤੇ ਆਪਣੇ ਧਨ ਤੇ ਬਲ ਦੇ ਕਾਰਣ ਇਨ੍ਹਾਂ ਉੱਤੇ ਵਿਜੈ ਪਰਾਪਤ ਕਰਦੇ ਹਨ"।‡

ਏਸ ਦੇ ਦਸ ਵਰ੍ਹੇ ਪਿੱਛੋਂ ਹੀ ਮਸਊਦੀ ਸੰਨ ੩੦੦ ਹਿ, ਦੇ ਮਗਰੋਂ ਮੁਲਤਾਨ ਪੁਜਦਾ ਹੈ ਅਤੇ ਆਖਦਾ ਹੈ:

---

*ਬਲਾਜ਼ੁਰੀ ਪੰਨਾ ੪੪੬ (ਲੀਡਨ)

†ਕੁਝ ਇਤਿਹਾਸਕਾਰਾਂ ਅਤੇ ਯਾਤਰੂਆਂ ਨੇ 'ਸਾਮਾ' ਦੀ ਥਾਂ 'ਆਸਾਮਾ' ਵੀ ਕਿਤੇ ਕਿਤੇ ਲਿਖ ਦਿਤਾ ਹੈ ਇਹ ਠੀਕ ਨਹੀਂ।

‡ਅਲ ਆਲਾਕੁਨੱਫ਼ਸੀਆ ਇਬਨ ਰਸਤਾ ਪੰ. ੧੩੫ ਲੀਡਨ ਸੰਨ ੧੮੯੨ ਇ.

"ਮੁਲ਼ਤਾਨ ਦਾ ਅਮੀਰ ਜਿਹਾ ਕਿ ਅਸੀਂ ਆਖਿਆ ਹੈ ਕਿ ਏਥੇ ਦਾ ਰਾਜ 'ਸਾਮਾ ਬਿਨ ਲੋਈ ਬਿਨ ਗ਼ਾਲਿਬ' ਦੇ ਹਥ ਵਿਚ ਹੈ। ਏਸ ਰਾਜ ਕੋਲ ਫ਼ੌਜ ਤੇ ਤਾਕਤ ਹੈ। ਮੁਲਤਾਨ ਇਸਲਾਮੀ ਰਾਜ ਦੀਆਂ ਵੱਡੀਆਂ ਸਰਹਦਾਂ ਵਿਚੋਂ ਇਕ ਸਰਹਦ ਹੈ। ਮੁਲਤਾਨ ਦੇ ਰਾਜ ਖੇਤਰ ਵਿਚ ਏਸ ਦੇ ਚੌਹੀਂ ਤਰਫ਼ੀਂ ਇਕ ਲਖ ਵੀਹ ਪਿੰਡ ਅਜੇਹੇ ਹਨ ਜੋ ਗਿਣਤੀ ਵਿਚ ਆਏ ਹਨ। ਏਥੇ ਹੀ ਉਹ ਪਰਸਿਧ ਮੂਰਤੀ ਮੰਦਰ ਹੈ।..................ਮੁਲਤਾਨ ਦੇ ਅਮੀਰ ਦੀ ਵਧੇਰੇ ਆਮਦਨ ਇਨ੍ਹਾਂ ਖ਼ੁਸ਼ਬੂਦਾਰ ਲਕੜੀਆਂ ਤੋਂ ਹੁੰਦੀ ਹੈ ਜੋ ਦੂਰ ਦੂਰ ਤੋਂ ਏਸ ਬੁਤਖ਼ਾਨੇ ਲਈ ਭੇਜੀਆਂ ਜਾਂਦੀਆਂ ਹਨ.....................ਜਦੋਂ ਕਦੇ ਹਿੰਦੂ ਏਸ ਉੱਤੇ ਹਮਲਾ ਕਰਦੇ ਹਨ ਅਤੇ ਮੁਸਲਮਾਨ ਏਸ ਦੇ ਟਾਕਰੇ ਤੋਂ ਲਾਚਾਰ ਹੋ ਜਾਂਦੇ ਹਨ ਤਾਂ ਧਮਕੀ ਦਿੰਦੇ ਹਨ ਕਿ ਅਸੀਂ ਏਸ ਬੁਤਖ਼ਾਨੇ ਨੂੰ ਤੋੜ ਦੇਵਾਂਗੇ, ਤਦੋਂ ਹਿੰਦੂ ਫ਼ੌਜਾਂ ਵਾਪਸ ਮੁੜ ਜਾਂਦੀਆਂ ਹਨ। ਮੈਂ ਸੰਨ ੩੦੦ ਹਿ.ਪਿੱਛੋਂ ਮੁਲਤਾਨ ਗਿਆ। ਏਸ ਸਮੇਂ ਉੱਥੋਂ ਦਾ ਬਾਦਸ਼ਾਹ 'ਅਬੁੱਲੁਬਾਬ ਮੰਬਾਹ ਬਿਨ ਅਸਦ ਕਰਸ਼ੀ ਸਾਮੀ ਸੀ'।*

ਮਸਊਦੀ ਦੇ ਚਾਲ੍ਹੀ ਵਰ੍ਹੇ ਪਿੱਛੋਂ ਸੰ. ੩੪੦ ਵਿਚ ਅਸਤਖੀਰੀ ਹਿੰਦੁਸਤਾਨ ਆਇਆ ਉਹ ਆਖਦਾ ਹੈ:

"ਸ਼ਹਿਰ ਮੁਲਤਾਨ ਮਨਸੂਰਾ ਨਾਲੋਂ ਅੱਧਾ ਹੈ। ਏਥੇ ਇਕ ਮੂਰਤੀ ਮੰਦਰ ਹੈ ਜਿਸ ਦੀ ਜਾਤਰਾ ਲਈ ਲੋਕ ਦੂਰ ਦੂਰ ਤੋਂ ਆਉਂਦੇ ਹਨ ਅਤੇ ਏਸ ਮੂਰਤੀ ਮੰਦਰ ਤੇ ਏਸ ਦੇ ਪੁਜਾਰੀਆਂ ਉੱਤੇ ਵੱਡੀਆਂ ਵੱਡੀਆਂ ਰਕਮਾਂ ਖ਼ਰਚ ਕਰਦੇ ਹਨ। ਏਹ ਮੂਰਤੀ ਮੰਦਰ ਬਾਜ਼ਾਰ ਦੇ ਸਭ ਤੋਂ ਵਧੇਰੇ ਆਬਾਦ ਹਿਸੇ ਵਿਚ ਹੈ..................(ਮੂਰਤੀ ਦਾ ਵਰਨਣ ਹੈ)................ ਅਤੇ ਜੋ ਕੁਝ ਏਥੇ ਆਉਂਦਾ ਹੈ ਮੁਲਤਾਨ ਦਾ ਅਮੀਰ ਉਸ ਨੂੰ ਲੈ ਲੈਂਦਾ ਹੈ। ਕੁਝ ਪੁਜਾਰੀਆਂ ਉੱਤੇ ਖ਼ਰਚ ਕਰਦਾ ਹੈ ਅਤੇ ਕੁਝ ਆਪਣੇ ਲਈ ਬਚਾ ਰਖਦਾ ਹੈ। ਜਦੋਂ ਕਦੇ ਕੋਈ ਹਿੰਦੂ ਰਾਜਾ ਏਸ ਉੱਤੇ ਹਮਲਾ ਕਰਨਾ ਚਾਹੁੰਦਾ ਹੈ ਤਾਂ ਉਹ ਏਸ ਮੂਰਤੀ ਮੰਦਰ ਦੇ ਢਾਹ ਦੇਣ ਦੀ ਧਮਕੀ ਦਿੰਦਾ ਹੈ। ਫ਼ੇਰ ਹਿੰਦੂ ਵਾਪਸ ਚਲੇ ਜਾਂਦੇ ਹਨ। ਜੇ ਇਹ ਮੰਦਰ ਨਾਂ ਹੁੰਦਾ ਤਾਂ

*ਮਰੂਜੱਜ਼ਹਬ ਮਸਊਦੀ ਜਿ. ਪਹਿਲੀ ਪੰ. ੩੭੫, ੩੭੬ (ਪੈਰਸ)

ਹਿੰਦੂ ਰਾਜੇ ਏਸ ਦੇਸ ਨੂੰ ਵਰਾਨ ਕਰ ਦਿੰਦੇ। ਮੁਲਤਾਨ ਦੇ ਚੌਹੀਂ ਪਾਸੀਂ ਇਕ ਮਜ਼ਬੂਤ ਫ਼ਸੀਲ ਹੈ...............ਸ਼ਹਿਰ ਦੇ ਬਾਹਰ ਅਧੇ ਫ਼ਰਸੰਗ ਤੇ ਬਹੁਤ ਸਾਰੀਆਂ ਇਮਰਾਤਾਂ ਹਨ, ਜਿਨ੍ਹਾਂ ਦਾ ਨਾਂ 'ਜੰਦਰਾਵਨ' ਹੈ। ਇਹ ਫ਼ੌਜੀ ਡੇਰਾ ਹੈ। ਏਥੇ ਹੀ ਬਾਦਸ਼ਾਹ ਰਹਿੰਦਾ ਹੈ। ਉੱਹ ਮੁਲਤਾਨ ਵਿਚ ਕੇਵਲ ਜੁਮੇਂ ਦੇ ਦਿਨ ਜਾਂਦਾ ਹੈ। ਉਹ ਹਾਥੀ ਤੇ ਚੜ੍ਹ ਕੇ ਸ਼ਹਿਰ ਵਿਚ ਜੁਮੇਂ ਦੀ ਨਮਾਜ਼ ਪੜ੍ਹਨ ਲਈ ਜਾਂਦਾ ਹੈ। ਉਹ ਕੁਰੈਸ਼ ਵੰਸ ਵਿਚੋਂ ਹੈ। 'ਸਾਮਾ ਬਿਨ ਲੋਈ' ਦੀ ਕੁਲ 'ਚੋਂ ਹੈ। ਮੁਲਤਾਨ ਉੱਤੇ ਉਸ ਨੇ ਕਬਜ਼ਾ ਕਰ ਲਿਆ ਹੈ। ਓਹ ਮਨਸੂਰਾ (ਸਿੰਧ) ਦੇ ਅਮੀਰਾਂ ਜਾਂ ਕਿਸੇ ਹੋਰ ਦੇ ਅਧੀਨ ਨਹੀਂ ਕੇਵਲ ਖ਼ਲੀਫ਼ਾ ਦੇ ਨਾਂ ਦਾ ਖ਼ੁਤਬਾ ਪੜ੍ਹਦਾ ਹੈ"।*

ਅਸਤਖ਼ਰੀ ਦੇ ੨੭ ਵਰ੍ਹੇ ਪਿਛੋਂ ਸੰਨ ੩੬੭ ਵਿਚ ਇਬਨ ਹੌਕਲ ਬਗ਼ਦਾਦੀ ਮੁਲਤਾਨ ਆਇਆ ਏਸ ਨੇ ਮੁਲਤਾਨ ਦਾ ਬਹੁਤ ਕੁਝ ਹਾਲ ਲਿਖਿਆ ਹੈ ਪਰ ਏਥੋਂ ਦੇ ਬਾਤਨੀਆਂ ਤੇ ਇਸਮਾਈਲੀਆਂ ਦਾ ਕੋਈ ਵੇਰਵਾ ਨਹੀਂ ਦਿਤਾ, ਭਾਵੇਂ ਇਹ ਨਵੀਂ ਗਲ ਜ਼ਰੂਰ ਵਰਨਣ ਯੋਗ ਸੀ। ਫ਼ੇਰ ਇੱਬਨ ਹੌਕਲ ਦੇ ਅੱਠ ਵਰ੍ਹੇ ਪਿਛੋਂ ਬੁਸ਼ਾਰੀ ਮੁਕੱਦਸੀ ਮੁਲਤਾਨ ਵਿਚ ਚਰਨ ਪਾਉਂਦਾ ਹੈ ਉਹ ਆਖਦਾ ਹੈ:

"ਮੁਲਤਾਨ ਵਾਲੇ ਸ਼ੀਆ ਹਨ, ਬਾਂਗ ਦਿੰਦੇ ਹੋਏ 'ਹੱਯੀ ਅਲਾ ਖੈਰਿਲ ਅਮਲ' (ਨੇਕ ਕੰਮ ਲਈ ਆਉ) ਆਖਦੇ ਹਨ ਅਤੇ ਇਕਾਮਤ (ਨਮਾਜ਼ ਵਿਚ ਖੜੇ ਹੋਣ) ਸਮੇਂ ਦੋ ਵਾਰ ਤਕਬੀਰ (ਅੱਲਾ ਹੋ ਅਕਬਰ) ਆਖਦੇ ਹਨ"।†

"ਮੁਲਤਾਨ ਵਿਚ ਮਿਸਰ ਦੇ ਫ਼ਾਤਮੀ ਖ਼ਲੀਫ਼ਾ ਦੇ ਨਾਂ ਦਾ ਖ਼ੁਤਬਾ ਪੜ੍ਹਦੇ ਹਨ ਅਤੇ ਏਸੇ ਦੇ ਹੁਕਮ ਨਾਲ ਏਥੋਂ ਦਾ ਰਾਜ ਪਰਬੰਧ ਚਲਦਾ ਹੈ ਏਥੋਂ ਬਰਾਬਰ ਮਿਸਰ ਵਲ ਤੁਹਫ਼ੇ ਤੇ ਸੁਗਾਤਾਂ ਘੱਲੀਆਂ ਜਾਂਦੀਆਂ ਸਨ"।‡

*ਅਸਤਖ਼ਰੀ ਮੁਅਜਮੁਲਬੁਲਦਾਨ ਯਾਕੂਤ ਦੇ ਆਧਾਰ ਤੇ ਜਿਸ ਵਿਚ ਵੇਖੋ ਸ਼ਬਦ 'ਮੋਲਤਾਨ'

†ਅਹਸਨੁੱਤਕਾਸੀਮ ਮੁਕੱਦਸੀ ਪੰ. ੪੮੧.

‡ਉਹੀ ਪੰ. ੪੮੫.

ਦੂਜੀਆਂ ਘਟਨਾਵਾਂ ਤੋਂ ਛੁਟ ਇਨ੍ਹਾਂ ਬਿਆਨਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਇਬਨ ਰਸਤਾ ਦੇ ਸਮੇਂ ਅਥਵਾ ਸੰਨ ੨੯੦ ਹਿ. ਵਿਚ ਅਤੇ ਫ਼ੇਰ ਮਸਊਦੇ ਦੇ ਸਮੇਂ ਵੀ, ਕਿਉਂ ਜੋ ਉਹ ਕੁਝ ਨਹੀਂ ਆਖਦਾ, ਅਤੇ ਅਸਤਖ਼ਰੀ ਦੇ ਸਮੇਂ ਅਥਵਾ ੩੪੦ ਹਿ. ਵਿਚ, ਏਥੋਂ ਦਾ ਰਾਜ ਸੁੰਨੀਆਂ ਦੇ ਹਥ ਵਿਚ ਸੀ ਅਤੇ ਬਗ਼ਦਾਦ ਦੇ ਖ਼ਲੀਫ਼ੇ ਦੇ ਨਾਂ ਦਾ ਖ਼ੁਤਬਾ ਪੜ੍ਹਿਆ ਜਾਂਦਾ ਸੀ। ਸੰਨ ੨੬੭ ਹਿ. ਤਕ ਕੋਈ ਦਸਣ ਯੋਗ ਘਟਨਾ ਨਹੀਂ ਹੋਈ, ਪਰ ਸੰਨ ੩੭੫ ਹਿ. ਵਿਚ ਇਹ ਸ਼ਹਿਰ ਇਸਮਾ-ਈਲੀਆਂ ਦੇ ਹੱਥ ਵਿਚ ਆ ਗਿਆ ਹੋਇਆ ਵਿਖਾਈ ਦਿੰਦਾ ਹੈ ਅਤੇ ਮਿਸਰ ਦੇ ਇਸਮਾਈਲੀ ਫ਼ਾਤਮੀ ਖ਼ਲੀਫ਼ਾ ਦੇ ਪਰਭਾਵ ਹੇਠ ਨਜ਼ਰ ਆਉਂਦਾ ਹੈ। ਏਸ ਤੋਂ ਸਪਸ਼ਟ ਹੁੰਦਾ ਹੈ ਕਿ ਮੁਲਤਾਨ ਦੇ ਰਾਜ ਘਰਾਣੇ ਦਾ ਇਹ ਧਾਰਮਕ ਪਰਵਰਤਨ ਸੰਨ ੩੪੦ ਹਿ. ਬਲਕਿ ਸੰਨ ੩੬੭ ਹਿ. ਅਤੇ ਸੰਨ ੩੭੫ ਹਿ. ਦੇ ਵਿਚਕਾਰ ਹੋਇਆ।

ਮਿਤੀ ਦੇ ਏਸ ਅਟੇ ਸਟੇ ਦੀ ਪੁਸ਼ਟੀ ਏਸ ਗੱਲ ਤੋਂ ਹੁੰਦੀ ਹੈ ਕਿ ਮਿਸਰ ਵਿਚ ਇਸਮਾਈਲੀ ਫ਼ਾਤਮੀਆਂ ਦਾ ਰਾਜ ਵੀ ਏਸੇ ਸਮੇਂ ਅਥਵਾ ਸੰਨ ੩੫੮ ਹਿ. ਵਿਚ ਕਾਇਮ ਹੋਇਆ ਅਤੇ ਸੰਨ ੩੬੧ ਹਿ. ਵਿਚ ਇਨ੍ਹਾਂ ਦਾ ਰਾਜਨਗਰ ਅਫ਼ਰੀਕਾ ਤੋਂ ਹਟਕੇ ਮਿਸਰ ਵਿਚ ਚਲਾ ਗਿਆ। ਏਸ ਵੇਲੇ ਮੁਸਲਮਾਨ ਸੰਸਾਰ ਦੋ ਭਾਗਾਂ ਵਿਚ ਵੰਡਿਆ ਜਾ ਰਿਹਾ ਸੀ, ਸੁੰਨੀ ਬਗ਼ਦਾਦ ਦੀ ਅੱਬਾਸੀਆ ਖ਼ਲਾਫ਼ਤ ਨੂੰ ਤੇ ਸ਼ੀਆ ਮਿਸਰ ਦੀ ਫ਼ਾਤਮੀਆ ਖ਼ਲਾਫ਼ਤ ਨੂੰ ਮੰਨਦੇ ਸਨ। ਏਹ ਦੋਵੇਂ ਖ਼ਲਾਫ਼ਤਾਂ ਆਪਣੇ ਆਪਣੇ ਪਰਭਾਵ ਤੇ ਅਧਿਕਾਰ ਨੂੰ ਵੱਖੋ ਵੱਖ ਇਸਲਾਮੀ ਦੇਸਾਂ ਵਿਚ ਵਧਾਉਣ ਲਈ ਈਰਖਾ ਭਾਵ ਨਾਲ ਇਕ ਦੂਜੇ ਤੋਂ ਵਧਣ ਦੇ ਜਤਨਾਂ ਵਿਚ ਰੁਝੀਆਂ ਹੋਈਆਂ ਸਨ। ਏਥੋਂ ਤਕ ਕਿ ਮੱਕਾ ਸ਼ਰੀਫ਼ ਤੇ ਮੁਦੀਨਾ ਸ਼ਰੀਫ਼ ਵਿਚ ਵੀ ਇਹ ਈਰਖਾ ਭਾਵ ਕੰਮ ਕਰ ਰਿਹਾ ਸੀ। ਜਦੋਂ ਕੋਈ ਨਵਾਂ ਇਸਲਾਮੀ ਰਾਜ ਕਾਇਮ ਹੁੰਦਾ ਤਾਂ ਦੋਹਾਂ ਦੇ ਪਰਤੀਨਿਧ ਤੇ ਪਰਚਾਰਕ ਆਪਣਾ ਆਪਣਾ ਕੰਮ ਆਰੰਭ ਕਰ ਦਿੰਦੇ ਸਨ। ਭਾਵੇਂ ਇਹ ਸਮਾਂ ਬਗ਼ਦਾਦ ਦੀ ਖ਼ਲਾਫ਼ਤ ਦੇ ਢੈਂਦੀਆਂ ਕਲਾਂ ਵਿਚ ਜਾਣ ਦਾ ਤੇ ਮਿਸਰ ਦੀ ਖ਼ਲਾਫ਼ਤ

ਦੇ ਚੜ੍ਹਦੀਆਂ ਕਲਾਂ ਵਿਚ ਹੋਣ ਦਾ ਸੀ, ਅਬੱਾਸੀਆ ਖ਼ਲਾਫ਼ਤ ਬੁਢੀ ਹੋ ਚੁੱਕੀ ਸੀ ਅਤੇ ਫ਼ਾਤਮੀ ਰਾਜ ਜੋਬਨ ਵਿਚ ਸੀ। ਪਰ ਇਸ ਘਾਟੇ ਦੀ ਪੂਰਤੀ ਇਉਂ ਹੋ ਰਹੀ ਸੀ ਕਿ ਪੂਰਬ ਵਿਚ ਜੋ ਨਵੇਂ ਨਵੇਂ ਤੁਰਕੀ ਰਾਜ ਕਾਇਮ ਹੋ ਰਹੇ ਸਨ ਉਹ ਅੱਬਾਸੀਆਂ ਨੂੰ ਆਪਣਾ ਨੇਤਾ ਮੰਨ ਲੈਂਦੇ ਸਨ। ਬੁਖ਼ਾਰਾ ਦਾ ਸਾਮਾਨੀਆ ਵੰਸ ਇਨ੍ਹਾਂ ਦੇ ਪਰਭਾਵ ਹੇਠ ਸੀ। ਚੌਥੀ ਸਦੀ ਹਿਜਰੀ ਦੇ ਮੱਧ ਵਿਚ ਗ਼ਜ਼ਨਵੀ ਲੋਕਾਂ ਦਾ ਪਰਗਟਾ ਹੋਇਆ ਅਤੇ ਇਨ੍ਹਾਂ ਦੇ ਚਾਲ੍ਹੀ ਪੰਜ੍ਹਾਂ ਵਰ੍ਹੇ ਪਿਛੋਂ ਸਲਜੂਕੀਆ ਦਾ ਝੰਡਾ ਲਹਿਰਾਇਆ, ਪਰ ਇਨ੍ਹਾਂ ਸਭਨਾ ਨੇ ਆਪਣੀ ਪੂਰੀ ਫ਼ੌਜੀ ਤਾਕਤ ਤੇ ਬਲ ਦੇ ਹੁੰਦੇ ਹੋਏ ਬਗ਼ਦਾਦ ਦੇ ਅੱਬਾਸੀ ਖ਼ਲੀਫ਼ਿਆਂ ਅਗੇ ਆਪਣਾ ਸਿਰ ਝੁਕਾਇਆ।

ਸੁਲਤਾਨ ਮਹਿਮੂਦ ਗ਼ਜ਼ਨਵੀ ਦੀ ਪਰਸਿਧੀ ਦੇ ਆਰੰਭ ਨਾਲ ਹੀ ਬਗ਼ਦਾਦ ਦੇ ਖ਼ਲੀਫ਼ਾ ਨੇ ਸਭ ਤੋਂ ਪਹਿਲਾਂ ਸੰਨ ੩੮੭ ਹਿ. ਅਤੇ ਸੰਨ ੩੯੦ ਹਿ. ਦੇ ਵਿਚਕਾਰ ਏਸ ਨੂੰ ਸਨਮਾਨ ਵਜੋਂ ਖਿਲਤ ਭੇਜਿਆ ਅਤੇ ਅਮੀਨੁਲ ਮਿਲੱਤ ਯਮੀਨੁੱਦੌਲਾ (ਧਰਮ ਦਾ ਰਖਕ ਤੇ ਰਾਜ ਦਾ ਸੱਜਾ ਹੱਥ) ਦੀ ਉਪਾਧੀ ਦਿੱਤੀ। ਏਸ ਪਿਛੋਂ ਸੰਨ ੩੯੬ ਹਿ. ਵਿਚ ਸੁਲਤਾਨ ਨੇ ਮੁਲਤਾਨ ਦੇ ਇਸਮਾਈਲੀਆਂ ਵਿਰੁਧ ਚੜ੍ਹਾਈ ਕੀਤੀ ਅਤੇ ਸੰਨ ੪੦੧ ਹਿ. ਵਿਚ ਉੱਥੋਂ ਦੇ ਕਰਮਤੀ ਅਮੀਰ ਨੂੰ ਫੜ ਲਿਆ। ਗ਼ਾਲਬਨ ਇਨ੍ਹਾਂ ਘਟਨਾਵਾਂ ਨੂੰ ਵੇਖਕੇ ਸੰਨ ੪੦੩ ਹਿ. ਵਿਚ ਮਿਸਰੀ ਫ਼ਾਤਮੀਆਂ ਨੇ ਵੀ ਮਹਿਮੂਦ ਪਾਸ ਆਪਣਾ ਰਾਜਦੂਤ ਭੇਜਿਆ ਪਰ ਸੁਲਤਾਨ ਨੇ ਇਸ ਨੂੰ ਬਾਤਨੀ ਸਮਝਕੇ ਰਸਤੇ ਵਿਚ ਹੀ ਪਕੜਵਾ ਲਿਆ ਅਤੇ ਪਰਸਿਧ ਸੱਯਦ ਹਸੈਨ ਬਿਨ ਤਾਹਿਰ ਬਿਨ ਮੁਸਲਿਮ ਅਲਵੀਂ ਦੇ ਸਪੁਰਦ ਕਰ ਦਿੱਤਾ * ਜਿਸ ਨੇ ਏਸ ਨੂੰ ਮਰਵਾ ਦਿੱਤਾ।

ਮੁਲਤਾਨ ਦੇ ਕਰਮਤੀ

ਹੁਣ ਪਰਸ਼ਨ ਇਹ ਪੈਦਾ ਹੁੰਦਾ ਹੈ ਕਿ ਅਰਬ ਭੂਗੋਲਕਾਰ ਸੰਨ ੩੪੦ ਤਕ ਜਿਸ ਅਰਬ ਸੁੰਨੀ ਵੰਸ, ਬਨੂ ਮੰਬਾਹ ਨੂੰ ਮੁਲਤਾਨ

*ਏਸ ਫ਼ਾਤਮੀ ਰਾਜਦੂਤ ਦੀ ਘਟਨਾ ਜ਼ੈਨੁਲ ਅਖ਼ਬਾਰ ਵਿਚ ਹੈ ਪੰ. ੭੧ (ਬਰਲਨ)

ਦਾ ਬਾਦਸ਼ਾਹ ਲਿਖਦੇ ਹਨ, ਕੀ ਏਸ ਦੇ ਪਿਛੋਂ ਦਾ ਇਸਮਾਈਲੀ ਵੰਸ ਉਹੀ ਅਰਬ ਬਨੂ ਮੰਬਾਹ ਸਨ ਜੋ ਸੁੰਨੀ ਤੋਂ ਇਸਮਾਈਲੀ ਬਣ ਗਏ ਸਨ ਜਾਂ ਇਹ ਕੋਈ ਹੋਰ ਵੰਸ ਸੀ ? ਜੋ ਪੁਸਤਕਾਂ ਸਾਡੇ ਸਾਹਮਣੇ ਹਨ ਉਨ੍ਹਾਂ ਤੋਂ ਏਸ ਪਰਸ਼ਨ ਦਾ ਕੋਈ ਉੱਤਰ ਸਾਨੂੰ ਨਹੀਂ ਮਿਲਦਾ ਪਰ ਅਬੂਰੈਹਾਨ ਬੈਰੂਨੀ ਕਿਤਾਬੁਲ ਹਿੰਦ ਵਿਚ, ਜਿਸ ਨੂੰ ਏਸ ਨੇ, ਸੰਨ ੪੨੪ ਹਿ. ਵਿਚ ਲਿਖਿਆ ਹੈ, ਮੁਲਤਾਨ ਦੇ ਮੂਰਤੀ ਮੰਦਰ ਦਾ ਇਤਿਹਾਸ ਬਿਆਨ ਕਰਦੇ ਹੋਏ ਆਖਦਾ ਹੈ—

"ਜਦੋਂ ਕਰਮਤੀ (ਇਸਮਾਲੀਆ) ਦਾ ਮੁਲਤਾਨ ਉੱਤੇ ਕਬਜ਼ਾ ਹੋ ਗਿਆ ਤਾਂ ਜਲਮ ਬਿਨ ਸ਼ੈਬਾਨ ਨੇ, ਜਿਸ ਨੇ ਏਥੇ ਗ਼ਲਬਾ ਪਾਇਆ ਸੀ, ਮੁਹੰਮਦ ਬਿਨ ਕਾਸਿਮ ਦੀ ਜਾਮਿ ਮਸਜਦ ਨੂੰ ਉਮੈਯਾ ਵੰਸ ਨਾਲ ਸਬੰਧਤ ਯਾਦਗਾਰ ਸਮਝਦੇ ਹੋਏ ਬੰਦ ਕਰ ਦਿਤਾ ਅਤੇ ਏਸ ਮੂਰਤੀ ਮੰਦਰ ਨੂੰ ਤੋੜ ਕੇ ਮਸੀਤ ਬਣਾ ਲਿਆ" ।*

ਏਸ ਤੋਂ ਮਲੂਮ ਹੁੰਦਾ ਹੈ ਕਿ ਇਹ ਕਰਮਤੀ ਵੰਸ ਜੋ ਚੌਥੀ ਸਦੀ ਦੇ ਅੰਤ ਵਿਚ ਤਾਕਤ ਫੜ ਗਿਆ ਸੀ ਕੋਈ ਹੋਰ ਵੰਸ ਸੀ ਅਤੇ ਏਸ ਦੇ ਮੋਢੀ ਦਾ ਨਾਂ ਜਲਮ ਬਿਨ ਸ਼ੈਬਾਨ ਸੀ। ਜੇਹਾ ਕਿ ਇਨ੍ਹਾਂ ਨਾਵਾਂ ਤੋਂ ਪਰਗਟ ਹੁੰਦਾ ਹੈ ਉਹ ਵੀ ਅਰਬ ਸੀ। ਏਸ ਦੇ ਪਿੱਛੋਂ ਬੈਰੂਨੀ ਆਖਦਾ ਹੈ ਕਿ— "ਇਨ੍ਹਾਂ ਕਰਮਤੀਆਂ ਦਾ ਸਮਾਂ ਸਾਥੋਂ ਲਗ ਭੱਗ ਇਕ ਸੌ ਸਾਲ ਪਹਿਲਾਂ ਸੀ"।† ਕਿਤਾਬੁਲ ਹਿੰਦ, ਸੰਨ ੪੨੪ ਹਿ. ਵਿਚ ਲਿਖੀ ਗਈ ਹੈ ਏਸ ਤੋਂ ਸੌ ਵਰ੍ਹਾ ਪਹਿਲਾਂ ੩੨੪ ਹਿ. ਹੋਵੇਗਾ। ਪਰ ਅਸਾਨੂੰ ਮਲੂਮ ਹੋ ਚੁਕਿਆ ਹੈ ਕਿ, ਸੰਨ ੩੪੦ ਹਿ. ਤਕ ਨਿਸ਼ਚਤ ਤੌਰ ਤੇ ਏਥੇ ਬਨੂ ਮੰਬਾਹ, ਸੁੰਨੀ ਅਰਬ ਵੰਸ, ਦਾ ਰਾਜ ਸੀ । ਏਸ ਲਈ ਇਹ ਸੰਨ ੩੨੪ ਹਿ. ਮੁਲਤਾਨ ਉੱਤੇ ਕਰਮਤੀਆਂ ਦੇ ਕਬਜ਼ਾ ਕਰਨ ਦਾ ਸਾਲ ਨਹੀਂ ਬਲਕਿ ਇਰਾਕ ਤੇ ਫ਼ਾਰਸ ਖਾੜੀ ਦੇ ਕੰਢਿਆਂ ਤੇ ਇਨ੍ਹਾਂ ਦੇ ਪਰਗਟ ਹੋਣ ਦਾ ਸਮਾਂ ਹੈ।

*ਕਿਤਾਬੁਲ ਹਿੰਦ ਪੰਨਾ ੫੦੧ (ਲੰਡਨ)
†ਕਿਤਾਬੁਲ ਹਿੰਦ ਪੰਨਾ ੫੬ (ਲੰਡਨ)

ਅਸਲ ਗੱਲ ਇਹ ਹੈ ਕਿ ਏਸ ਮੌਕੇ ਤੇ ਤਿੰਨ ਇਸਲਾਮੀ ਫ਼ਿਰਕਿਆਂ ਦੇ ਨਾਂ ਗਡ ਮਡ ਹੋ ਗਏ ਹਨ, ਕਰਮਤਾ, ਇਸਮਾਈਲੀਆ ਅਤੇ ਮੁਲਾਹਿਦਾ, ਭਾਵੇਂ ਇਹ ਤਿੰਨੇ ਸ਼ੀਆ ਇਸਲਾਮੀ ਫਿਰਕੇ ਦੀਆਂ ਹੀ ਕਿਸਮਾਂ ਹਨ ਪਰ ਇਨ੍ਹਾਂ ਵਿਚ ਥੋੜਾ ਥੋੜਾ ਅੰਤਰ ਹੈ ਅਤੇ ਇਨ੍ਹਾਂ ਦੇ ਜਨਮ ਦੀ ਤਾਰੀਖ਼ ਵੀ ਅੱਡ ਅੱਡ ਹੈ। ਸਭ ਤੋਂ ਪਹਿਲਾਂ ਤੀਜੀ ਸਦੀ ਦੇ ਅੰਤ ਵਿਚ ਕਰਮਤੀ ਬਹਿਰੈਨ ਅਤੇ ਫ਼ਾਰਸ ਖਾੜੀ ਅਤੇ ਅਖ਼ੀਰ ਨੂੰ ਇਰਾਕ ਵਿਚ ਪਰਗਟ ਹੋਏ। ਇਸਮਾਈਲੀਆ ਅਫ਼ਰੀਕਾ ਵਿਚ, ਸੰਨ ੨੯੬ ਹਿ. ਵਿਚ ਪਰਗਟ ਹੋਏ ਪਰ ਮਿਸਰ ਵਿਚ ਏਹ, ਸੰਨ ੩੫੬ ਹਿ. ਵਿਚ ਆਏ। ਮੁਲਾਹਿਦਾ ਜਿਨ੍ਹਾਂ ਦਾ ਦੂਜਾ ਨਾਂ ਬਾਤਨੀਆ ਹੈ ਅਤੇ ਜੋ ਹਸਨ ਬਿਨ ਸੱਬਾਹ ਦੀ ਸੰਪਰਦਾਇ ਸੀ, ਸੰਨ ੪੮੩ ਹਿ. (ਸੰਨ ੧੦੯੧ ਈ.) ਪਿੱਛੋਂ ਖ਼ੁਰਾਸਾਂ ਵਿਚ ਪਰਗਟ ਹੋਏ।

ਮਿਸਰ ਦੇ ਇਸਮਾਈਲੀ ਫ਼ਾਤਮੀ ਖ਼ਲੀਫ਼ਾ ਅਲਹਾਕਿਮ ਬ-ਅਮਰਿੱਲ੍ਹਾ ਨੇ ਸ਼ਾਮ ਵਿਚ ਇਕ ਹੋਰ ਸੰਪਰਦਾਇ ਚਲਾਈ ਸੀ ਜਿਸ ਦਾ ਪਰਸਿਧ ਨਾਂ ਦੁਰੂਜ਼ ਹੈ। ਪਰਸ਼ਨ ਇਹ ਹੈ ਕਿ ਮੁਲਤਾਨ ਵਿਚ ਜਿਸ ਸੰਪਰਦਾਇ ਨੇ ਰਾਜ ਭਾਗ ਤੇ ਕਬਜ਼ਾ ਕੀਤਾ ਸੀ ਉਹ ਇਸਮਾਈਲੀ ਸ਼ੀਆ ਤਾਂ ਨਿਸ਼ਚਿਤ ਤੌਰ ਤੇ ਸੀ ਹੀ ਪਰ ਸਵਾਲ ਇਹ ਹੈ ਕਿ ਉਹ ਇਨ੍ਹਾਂ ਉਪਰੋਕਤ ਸੰਪਰਦਾਵਾਂ ਵਿਚੋਂ ਕਿਹੜੀ ਸੰਪਰਦਾਇ ਨਾਲ ਸਬੰਧਤ ਸੀ। ਮੇਰੇ ਵਿਚਾਰ ਵਿਚ ਉਹ ਫ਼ਾਤਮੀ ਇਸਮਾਈਲੀ ਸ਼ੀਆ ਸਨ, ਜਿਨ੍ਹਾਂ ਦਾ ਕੇਂਦਰ ਮਿਸਰ ਸੀ। ਬਾਕੀ ਜੋਹੜੇ ਇਤਿਹਾਸਕਾਰਾਂ ਨੇ ਇਨ੍ਹਾਂ ਨੂੰ ਕਰਮਤਾ ਅਤੇ ਮੁਲਾਹਿਦਾ ਆਖਿਆ ਹੈ ਉਹ ਏਸ ਸਮਾਨਤਾ ਕਾਰਣ ਆਖਿਆ ਹੈ ਜੋ ਇਨ੍ਹਾਂ ਸੰਪਰਦਾਵਾਂ ਵਿਚ ਆਪੋ ਵਿਚ ਪਾਈ ਜਾਂਦੀ ਹੈ। ਏਸ ਦੀ ਦਲੀਲ ਇਹ ਹੈ ਕਿ ਜਿਸ ਸਮੇਂ, ਅਥਵਾ, ਸੰਨ ੩੪੦ ਹਿ. ਦੇ ਪਿਛੋਂ ਇਨ੍ਹਾਂ ਨੇ ਮੁਲਤਾਨ ਵਿਚ ਜ਼ੋਰ ਫੜਿਆ ਉਹ ਸਮਾਂ ਹਰ ਥਾਂ ਕਰਮਤੀਆਂ ਦੇ ਢੈਂਹਦੀਆਂ ਕਲਾਂ ਵਿਚ ਜਾਣ ਦਾ ਸੀ। ਦੂਜੀ ਗੱਲ ਇਹ ਹੈ ਕਿ ਕਰਮਤੀ ਮਿਸਰ ਦੇ ਫ਼ਾਤਮੀ ਖ਼ਲੀਫ਼ਿਆਂ ਦੀ ਸਰਦਾਰੀ ਨੂੰ ਨਾਮ ਮਾਤਰ ਹੀ ਸਵੀਕਾਰ ਕਰਦੇ ਸਨ ਅਤੇ ਮੁਲਤਾਨ ਵਾਲੇ ਮਿਸਰ ਦੇ ਹੀ ਬਾਤਨੀ ਖ਼ਲੀਫ਼ਿਆਂ ਨੂੰ ਮੰਨਦੇ ਸਨ। ਤੀਜੀ ਗੱਲ

ਇਹ ਹੈ ਕਿ ਬੁਸ਼ਾਰੀ ਮੁਕੱਦਸੀ, ਜੋ ਇਕ ਧਾਰਮਕ ਵਿਦਵਾਨ ਸੀ, ਇਨ੍ਹਾਂ ਨੂੰ ਕਰਮਤੀ ਨਹੀਂ ਸਗੋਂ ਸ਼ੀਆ ਲਿਖਦਾ ਹੈ ਅਤੇ ਇਨ੍ਹਾਂ ਨੂੰ ਫ਼ਾਤਮੀਆਂ ਦੇ ਪਰਭਾਵ ਹੇਠ ਦਸਦਾ ਹੈ। ਫੇਰ ਬਾਂਗ ਵਿਚ 'ਹੱਯੀ ਅਲਾ ਖ਼ੈਰਿਲ ਅਮਲ' ਅਥਵਾ ਜੁਮੇਂ ਦੀ ਨਮਾਜ਼ ਅਤੇ ਖ਼ੁਤਬਾ ਆਦਿ ਦੇ ਢੰਗ ਕਰਮਤਾ ਵਿਚ ਨਹੀਂ ਸਨ, ਜਿਨ੍ਹਾਂ ਦੀ ਹੋਂਦ ਮੁਲਤਾਨ ਦੇ ਇਸਮਾਈਲੀਆਂ ਵਿਚ ਮੁਕੱਦਸੀ ਦੇ ਬਿਆਨ ਤੋਂ ਸਾਬਤ ਹੁੰਦੀ ਹੈ। ਦੁਰੂਜ਼ੀ ਸੰਨ ੩੮੬ ਹਿ. ਤੋਂ ਸੰਨ ੪੧੧ ਹਿ. ਦੇ ਵਿਚਕਾਰਲੇ ਸਮੇਂ ਵਿਚ ਪੈਦਾ ਹੋਏ, ਜੋ ਬਹੁਤ ਪਿਛੋਂ ਦਾ ਸਮਾਂ ਹੈ। ਫੇਰ ਬਾਤਨੀਆ ਜਾਂ ਮੁਲਾਹਿਦਾ ਅਥਵਾ ਹਸਨ ਬਿਨ ਸੱਬਾਹ ਦੀ ਸੰਪਰਦਾਇ ਤਾਂ ਏਸ ਤੋਂ ਸੌ ਸਾਲ ਪਿਛੋਂ ਪਰਗਟ ਹੋਈ, ਏਸ ਲਈ ਕੁਝ ਇਤਿਹਾਸਕਾਰ ਜੋ ਇਨ੍ਹਾਂ ਨੂੰ ਮੁਲਾਹਿਦਾ ਆਖਦੇ ਹਨ, ਇਹ ਉਨ੍ਹਾਂ ਦੀ ਬਿਲਕੁਲ ਭੁਲ ਹੈ।

ਇਹ ਸੰਭਵ ਹੈ ਕਿ ਫ਼ਾਰਸ ਖਾੜੀ ਬਹਿਰੈਨ, ਉੱਮਾਨ ਦੇ ਕਰਮਤੀਆਂ ਦੇ ਰਾਹੀਂ ਪਹਿਲਾਂ ਕਰਮਤਾ ਦੀ ਹੈਸੀਅਤ ਵਿਚ ਹੀ ਇਹ ਲੋਕ ਪਰਗਟ ਹੋਏ ਅਤੇ ਹੋਣ ਪਿਛੋਂ ਕਰਮਤੀਆਂ ਦੇ ਢਹਿੰਦੀਆਂ ਕਲਾਂ ਵਿਚ ਹੋ ਜਾਣ ਕਾਰਣ ਉਨ੍ਹਾਂ ਨੇ ਫ਼ਾਤਮੀ ਇਸਮਾਈਲੀਆ ਰੰਗ ਢੰਗ ਧਾਰਨ ਕਰ ਲਿਆ ਹੋਵੇ ਕਿਉਂ ਜੋ ਕਰਮਤਾ ਵੀ ਗੋਇਆ ਅਰਧ-ਇਸਮਾਈਲੀ ਹੀ ਸਨ।

ਸੁਲਤਾਨ ਮਹਿਮੂਦ ਦੇ ਹਮਲੇ ਸਮੇਂ ਮੁਲਤਾਨ ਵਿਚ ਜੋ ਇਸਮਾਈਲੀ ਵੰਸ ਰਾਜ ਕਰਦਾ ਸੀ, ਫ਼ਾਰਸੀ ਇਤਿਹਾਸਾਂ ਅਨੁਸਾਰ ਉਨ੍ਹਾਂ ਦੇ ਵਡੇਰੇ ਦਾ ਨਾਂ ਸ਼ੇਖ਼ ਹਮੀਦ ਸੀ। ਫ਼ਰਿਸ਼ਤਾ ਨੇ ਰੱਬ ਜਾਣੇ ਕਿਸ ਆਧਾਰ ਤੇ ਲਿਖਿਆ ਹੈ ਕਿ ਉਹ ਮੁਢਲੇ ਮੁਸਲਮਾਨ, ਜੋ ਅਫ਼ਗ਼ਾਨਿਸਤਾਨ ਦੇ ਹਮਲੇ ਸਮੇਂ ਏਧਰ ਆ ਗਏ ਸਨ, ਪਿਛੋਂ ਮੁੜ ਵਾਪਸ ਨਾ ਜਾ ਸਕੇ। ਉਨ੍ਹਾਂ ਨੇ ਖ਼ੈਬਰ ਦੇ ਪਹਾੜੀ ਇਲਾਕੇ ਦੇ ਪਠਾਣਾਂ ਨਾਲ ਵਿਆਹਾਂ ਸ਼ਾਦੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਏਸ ਅਰਬੀ ਤੇ ਅਫ਼ਗ਼ਾਨੀ ਨਸਲ ਤੋਂ ਲੋਧੀ ਤੇ ਸੂਰ ਦੋ ਕਬੀਲੇ ਪੈਦਾ ਹੋਏ। ਸ਼ੇਖ ਹਮੀਦ ਏਸੇ ਲੋਧੀ ਵੰਸ ਵਿਚੋਂ ਸੀ। ਕਬੀਲਿਆਂ ਦੀ ਉਤਪਤੀ ਬਾਰੇ ਹੋਰ ਬੇਥਵੀਆਂ ਮਨ-

ਘੜਤ ਗੱਲਾਂ ਵਾਂਗੂ ਇਸ ਸਾਰੀ ਕਥਾ ਦਾ ਕੋਈ ਆਧਾਰ ਨਹੀਂ। ਲੋਧੀਆਂ ਨੇ ਕਦੇ ਆਪਣੇ ਨਾਂ ਮੂਹਰੇ ਸ਼ੇਖ ਨਹੀਂ ਲਿਖਿਆ ਅਤੇ ਨਾ ਏਸ ਪਰਕਾਰ ਦੇ ਇਨ੍ਹਾਂ ਦੇ ਨਾਂ ਹੁੰਦੇ ਸਨ, ਸਗੋਂ ਏਸ ਸਮੇਂ ਇਨ੍ਹਾਂ ਦਾ ਮੁਸਲਮਾਨ ਹੋਣਾ ਵੀ ਮੁਸ਼ਕਲ ਨਾਲ ਹੀ ਮੰਨਿਆ ਜਾ ਸਕਦਾ ਹੈ। ਅਸਲ ਇਹ ਹੈ ਕਿ ਫ਼ਾਰਸੀ ਇਤਿਹਾਸਕਾਰਾਂ ਨੂੰ ਮੁਲਤਾਨ ਦੀ ਅਰਬੀ ਤਾਰੀਖ਼ ਤੋਂ ਉੱਕੀ ਕੋਈ ਖ਼ਬਰ ਨਹੀਂ ਸੀ ਏਸ ਲਈ ਉਹ ਮੁਲਤਾਨ ਦੇ ਇਨ੍ਹਾਂ ਮੁਸਲਮਾਨ ਰਈਸਾਂ ਨੂੰ ਅਫ਼ਗ਼ਾਨੀ ਸਮਝਣ ਤੇ ਮਜਬੂਰ ਹੋਏ ਸਨ, ਨਹੀਂ ਤਾਂ ਸ਼ੇਖ ਹਮੀਦ ਆਦਿ ਦਾ ਵਾਸਤਵ ਵਿਚ ਅਫ਼ਗ਼ਾਨਾਂ ਨਾਲ ਕੋਈ ਸਬੰਧ ਨਹੀਂ ਸੀ, ਸਗੋਂ ਵਧੇਰੇ ਸੰਭਾਵਨਾ ਇਹ ਹੈ ਕਿ ਉਹ ਜਲਮ ਬਿਨ ਸ਼ੈਬਾਨ ਦੀ ਨਸਲ ਵਿਚੋਂ ਸੀ, ਜਿਸ ਦਾ ਵੇਰਵਾ ਬੈਰੂਨੀ ਦੇ ਆਧਾਰ ਤੇ ਹੁਣੇ ਹੁਣੇ ਉਪਰ ਆ ਚੁਕਿਆ ਹੈ। ਇਸ ਸਬੰਧੀ ਹੋਰ ਵਿਆਖਿਆ ਅਗੇ ਦਿੱਤੀ ਜਾਂਦੀ ਹੈ।

'ਫ਼ਰਿਸ਼ਤਾ' ਵਿਚ ਲਿਖਿਆ ਹੈ ਕਿ ਅਲਪੱਤਗੀਨ ਤੇ ਏਸ ਦੇ ਉਤਰ-ਅਧਿਕਾਰੀ ਸਬੁੱਕਤਗੀਨ ਨੇ ਜਦੋਂ ਸਰਹਦ ਦੇ ਅਫ਼ਗ਼ਾਨਾਂ ਤੇ ਹਮਲੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੇ ਲਾਹੌਰ ਦੇ ਰਾਜੇ ਜੈਪਾਲ ਤੋਂ ਮਦਦ ਮੰਗੀ। ਰਾਜਾ ਜੈਪਾਲ ਨੇ ਭਾਟੀਆ ਦੇ ਰਾਜਾ ਨਾਲ ਸਲਾਹ ਕੀਤੀ ਅਤੇ ਇਹ ਫੈਸਲਾ ਹੋਇਆ ਕਿ ਕਿਉਂਕਿ ਹਿੰਦੁਸਤਾਨ ਦੀ ਫ਼ੌਜ ਸਿਆਲਾਂ ਵਿਚ ਸਰਹਦ ਦੀ ਠੰਢ ਨਹੀਂ ਸਹਾਰ ਸਕਦੀ ਏਸ ਲਈ ਪਠਾਨਾਂ ਨੂੰ ਏਥੇ ਲਿਆਕੇ ਵਸਾਉਣਾ ਚਾਹੀਦਾ ਹੈ। ਏਸ ਤਰ੍ਹਾਂ ਸ਼ੇਖ ਹਮੀਦ ਲੋਧੀ ਨੂੰ ਲਮਗ਼ਾਨ ਅਤੇ ਮੁਲਤਾਨ ਦੀ ਜਗੀਰ ਦਿਤੀ। ਸ਼ੇਖ ਹਮੀਦ ਨੇ ਆਪਣੇ ਹਾਕਮ ਨਿਯਤ ਕੀਤੇ ਅਤੇ ਏਸ ਦੇ ਬਦਲੇ ਵਿਚ ਏਸ ਨੇ ਅਲਪੱਤਗੀਨ (ਸੰਨ ੩੫੧ ਹਿ. ੩੬੫ ਹਿ.) ਦੇ ਹਮਲਿਆਂ ਤੋਂ ਹਿੰਦੁਸਤਾਨ ਨੂੰ ਬਚਾਉਣ ਦੀ ਸੇਵਾ ਕੀਤੀ।* ਏਸ ਘਟਨਾ ਵਿਚ ਪਠਾਨਾਂ ਨੂੰ ਲਿਆ ਕੇ ਵਸਾਉਣਾ ਅਤੇ ਸ਼ੇਖ ਹਮੀਦ ਨੂੰ ਲੋਧੀ ਦਸਣਾ ਮਨ ਘੜਤ ਗੱਲ ਹੈ।

*ਇਹ ਪੂਰੀ ਘਟਨਾ ਫ਼ਰਿਸ਼ਤਾ ਜਿ. ਪਹਿਲੀ ਪੰਨਾ ੧੭, ੧੮ ਨਵਲ ਕਿਸ਼ੋਰ ਵਿਚ ਹੈ।

ਅਲਪੱਤਗੀਨ ਪਿਛੋਂ ਜਦੋਂ, ਸੰਨ ੩੬੫ ਹਿ. ਵਿਚ ਸਬੱਕਤਗੀਨ ਬਾਦਸ਼ਾਹ ਹੋਇਆ ਤਾਂ ਸ਼ੇਖ ਹਮੀਦ ਨੇ ਗ਼ਜ਼ਨੀ ਦੀ ਵਧਦੀ ਹੋਈ ਤਾਕਤ ਨੂੰ ਵੇਖ ਕੇ ਅਮੀਰ ਸਬੁੱਕਤਗੀਨ ਨਾਲ ਸੁਲਾਹ ਕਰ ਲਈ ਅਤੇ ਆਪਣੇ ਆਪ ਅਮੀਰ ਦੇ ਅਧੀਨ ਹੋ ਗਿਆ ਤੇ ਕਰ ਦੇਣ ਲਗਾ, ਪਰ ਸੰਨ ੩੯੦ ਹਿ. ਵਿਚ ਜਦ ਸੁਲਤਾਨ ਮਹਿਮੂਦ ਨੇ ਗ਼ਜ਼ਨੀ ਦੀ ਗੱਦੀ ਤੇ ਪੈਰ ਧਰਿਆ ਅਤੇ ਫੇਰ ਜਦੋਂ ਉਹ ੩੯੫ ਹਿ. ਵਿਚ ਭਾਟੀਆ ਦੇ ਰਾਜਾ ਬਿਜਰਾਉ ਉੱਤੇ ਹਮਲਾ ਕਰ ਰਿਹਾ ਸੀ ਤਾਂ ਮੁਲਤਾਨ ਦੀ ਰਿਆਸਤ ਸ਼ੇਖ ਹਮੀਦ ਦੇ ਪੋਤੇ ਅਬੁਲਫਤਿਹ ਦਾਊਦ ਬਿਨ ਨਸੀਰ ਬਿਨ ਸ਼ੇਖ ਹਮੀਦ ਦੇ ਹਥ ਵਿਚ ਸੀ। ਫ਼ਾਰਸੀ ਤਾਰੀਖ਼ਾਂ ਵਿਚ ਏਸ ਨੂੰ ਮੁਲਹਿਦ ਅਤੇ ਕਰਮਤੀ (ਇਸਮਾਈਲੀ) ਆਖਿਆ ਗਿਆ ਹੈ। ਅਬੁਲਫ਼ਤਿਹ ਦਾਊਦ ਨੇ ਸ਼ਾਇਦ ਸੁਲਤਾਨ ਮਹਿਮੂਦ ਦੇ ਵਧਦੇ ਹੋਏ ਹੌਂਸਲੇ ਨੂੰ ਵੇਖ ਕੇ ਇਹ ਚਾਹਿਆ ਕਿ ਹਿੰਦੂ ਰਾਜਿਆਂ ਦੇ ਨਾਲ ਮਿਲਕੇ ਆਪਣੇ ਆਪ ਦੀ ਰਖਿਆ ਕਰੇ, ਸੋ ਭਾਟੀਆ ਦੇ ਹਮਲੇ ਵੇਲੇ ਅਬੁਲਫ਼ਤਿਹ ਨੇ ਮਹਿਮੂਦ ਦੇ ਵਿਰੁਧ ਬਜਰਾਉ ਦੀ ਮਦਦ ਕੀਤੀ।*

ਸੁਲਤਾਨ ਏਸ ਵਾਰ ਤਾਂ ਚੁਪ ਰਿਹਾ ਪਰ ਅਗਲੇ ਸਾਲ ਸੰਨ ੩੯੬ ਹਿ. ਵਿਚ ਉਸ ਨੇ ਅਬੁਲਫ਼ਤਿਹ ਨੂੰ ਸਜ਼ਾ ਦੇਣ ਦਾ ਇਰਾਦਾ ਕੀਤਾ ਅਤੇ ਇਹ ਚਾਹਿਆ ਕਿ ਮੁਲਤਾਨ ਦੇ ਉੱਪਰੋਂ ਸਿਧੇ (ਅਰਥਾਤ ਡੇਰਾ ਗ਼ਾਜ਼ੀ ਖ਼ਾਨ ਰਾਹੀਂ) ਆਉਣ ਦੀ ਥਾਂ ਪਸ਼ੌਰੋਂ ਪੰਜਾਬ ਹੋਕੇ ਮੁਲਤਾਨ ਜਾਵੇ ਤਾਂ ਜੋ ਅਬੁਲਫ਼ਤਿਹ ਨੂੰ ਪਤਾ ਨਾ ਲਗ ਸਕੇ। ਏਸ ਖ਼ਿਆਲ ਤੋਂ ਏਸ ਨੇ ਪੰਜਾਬ ਦੇ ਰਾਜਾ ਅਨੰਦਪਾਲ ਤੋਂ ਰਸਤਾ ਮੰਗਿਆ ਤਾਂ ਜੋ ਆਪਣੇ ਮੁਲਕ ਵਿਚੀਂ ਹੋਕੇ ਉਹ ਸੁਲਤਾਨ ਦੀ ਫ਼ੌਜ ਨੂੰ ਮੁਲਤਾਨ ਜਾਣ ਦੀ ਆਗਿਆ ਦੇ ਦੇਵੇ। ਦੂਜੇ ਇਤਿਹਾਸਕਾਰਾਂ ਦਾ ਕਥਨ ਇਹ ਹੈ ਕਿ ਅਬੁਲਫ਼ਤਿਹ ਨੇ ਆਪ ਸੁਲਤਾਨ ਦੇ ਏਸ ਇਰਾਦੇ ਦਾ ਹਾਲ ਸੁਣ ਕੇ ਰਾਜਾ ਅਨੰਦਪਾਲ ਤੋਂ ਮਦਦ ਮੰਗੀ, ਰਾਜੇ ਨੇ ਲਹੌਰ ਤੋਂ ਪਸ਼ੌਰ ਜਾ ਕੇ ਸੁਲਤਾਨ ਨੂੰ ਰੋਕਿਆ। ਪਰ ਸੁਲਤਾਨ ਦੀ ਫ਼ੌਜ ਅਨੰਦਪਾਲ ਨੂੰ ਹਾਰ ਦੇਕੇ ਉਸੇ ਦੇ ਮੁਲਕ ਵਿਚੋਂ ਲੰਘਦੀ ਮੁਲਤਾਨ ਪੁੱਜੀ। ਅਬੁਲਫ਼ਤਿਹ ਕਿਲ੍ਹੇ ਵਿਚ ਬੰਦ ਹੋ ਬੈਠਾ। ਅੰਤ ਨੂੰ ਸ਼ਹਿਰ ਵਾਲਿਆਂ ਨੇ ਵਿਚ ਪੈਕੇ ਇਸ ਸ਼ਰਤ ਤੇ

*ਇਹ ਪੂਰੀ ਘਟਨਾ ਫ਼ਰਿਸ਼ਤਾ ਜਿ. ੧ ਪੰਨਾ ੨੪, ੨੫ ਨਵਲ ਕਿਸ਼ੋਰ ਵਿਚ ਹੈ।

ਸੁਲਾਹ ਕਰ ਲਈ ਕਿ ਨੀਯਤ ਕਰ ਮੁਲਤਾਨ ਤੋਂ ਗ਼ਜ਼ਨੀ ਪਹੁੰਚਦਾ ਰਹੇਗਾ। ਅਬੁਲਫ਼ਤਿਹ ਨੇ ਆਪਣੇ ਪੁਰਾਣੇ ਧਰਮ ਤੋਂ ਤੋਬਾ ਕੀਤੀ ਅਤੇ ਪਟਨ ਕੀਤਾ ਕਿ ਆਪਣੇ ਮੁਲਕ ਵਿਚ ਇਸਮਾਈਲੀ ਮਤ ਦੀ ਥਾਂ ਸੁੰਨੀ ਮਤ ਦੇ ਨਿਯਮ ਚਾਲੂ ਕਰੇਗਾ। ਇਸ ਦੇ ਕੁਝ ਸਾਲਾਂ ਪਿਛੋਂ (ਸੰਨ ੪੦੨ ਹਿ. ਤੋਂ ਪਹਿਲਾਂ) ਸੁਲਤਾਨ ਨੇ ਫੇਰ ਮੁਲਤਾਨ ਉੱਤੇ ਹਮਲਾ ਕਰ ਕੇ ਇਸਮਾਈਲੀਆ ਦਾ ਨਾਸ ਕਰ ਦਿੱਤਾ। ਦਾਊਦ ਬਿਨ ਨਸੀਰ ਨੂੰ ਫੜ ਕੇ ਗ਼ਜ਼ਨੀ ਲੈ ਗਿਆ ਅਤੇ ਗੌਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਜਿੱਥੇ ਉਹ ਮਰ ਗਿਆ।*

ਇਹ ਫ਼ਰਿਸ਼ਤੇ ਦੇ ਲੇਖ ਦਾ ਸਾਰ ਅੰਸ ਸੀ ਪਰ ਗਰਦੇਜ਼ੀ, ਜਿਸ ਦੀ ਤਾਰੀਖ਼ ਜ਼ੈਨਲ ਅਖ਼ਬਾਰ ਸੰਨ ੪੪੧ ਦੇ ਲਾਗੇ ਚਾਗੇ ਖ਼ਾਸ ਗ਼ਜ਼ਨਵੀਆਂ ਦੇ ਸਮੇਂ ਤੇ ਰਾਜ ਨਗਰੀ ਵਿਚ ਲਿਖੀ ਗਈ ਸੀ, ਵਿਚ ਲਿਖਿਆ ਹੈ:"ਅਤੇ ਗ਼ਜ਼ਨੀ ਤੋਂ ਸੁਲਤਾਨ ਨੇ ਮੁਲਤਾਨ ਦਾ ਇਰਾਦਾ ਕੀਤਾ ਅਤੇ ਸੋਚਿਆ ਕਿ ਜੇ ਏਥੋਂ ਸਿੱਧੇ ਮੁਲਤਾਨ ਜਾਈਏ ਤਾਂ ਸ਼ਾਇਦ ਦਾਊਦ ਬਿਨ ਨਸਰ (ਨਸੀਰ ਨਹੀਂ) ਨੂੰ ਜੋ ਮੁਲਤਾਨ ਦਾ ਅਮੀਰ ਸੀ, ਖ਼ਬਰ ਹੋ ਜਾਵੇ ਅਤੇ ਉਹ ਆਪਣੇ ਬਚਾ ਦਾ ਉਪਾ ਕਰ ਲਵੇ, ਏਸ ਲਈ ਸੁਲਤਾਨ ਦੂਜੇ ਰਸਤਿਉਂ ਚੱਲਿਆ। ਅਨੰਦਪਾਲ ਦਾ ਰਾਜ ਰਾਹ ਵਿਚ ਆਉਂਦਾ ਸੀ, ਏਸ ਲਈ ਏਸ ਤੋਂ ਰਸਤਾ ਮੰਗਿਆ। ਉਸ ਨੇ ਨਾ ਦਿਤਾ। ਲੜਾਈ ਕੀਤੀ। ਅਨੰਦਪਾਲ ਭਜਕੇ ਕਸ਼ਮੀਰ ਚਲਿਆ ਗਿਆ। ਸੁਲਤਾਨ ਮੁਲਤਾਨ ਪਹੁੰਚਿਆ ਅਤੇ ਹਫ਼ਤਾ ਭਰ ਤਕ ਸ਼ਹਿਰ ਦਾ ਘੇਰਾ ਘਤੀ ਰਖਿਆ। ਅੰਤ ਨੂੰ ਸ਼ਹਿਰ ਵਾਲਿਆਂ ਨਾਲ ਏਸ ਸ਼ਰਤ ਤੇ ਸੁਲਾਹ ਕਰ ਲਈ ਕਿ੨੦ ਹਜ਼ਾਰ ਦਿਰਹਮ ਕਰ ਦਿਤਾ ਕਰਨ। ਸੁਲਤਾਨ ਵਾਪਸ ਮੁੜ ਗਿਆ। ਇਹ ਘਟਨਾ ਸੰਨ ੩੯੬ ਹਿ. ਵਿਚ ਹੋਈ.........ਫੇਰ ਜਦੋਂ ਸੁਲਤਾਨ ਸੰਨ ੪੦੧ ਹਿ. ਵਿਚ ਮੁੜ ਕੇ ਆਇਆ, ਤਾਂ ਗ਼ਜ਼ਨੀ ਤੋਂ ਮੁਲਤਾਨ ਗਿਆ ਅਤੇ ਮੁਲਤਾਨ ਦਾ ਜੋ ਹਿੱਸਾ ਬਾਕੀ ਰਹਿ ਗਿਆ ਸੀ ਏਸ ਨੂੰ ਵੀ ਫ਼ਤਿਹ ਕਰ ਲਿਆ। ਕਰਮਤੀਆਂ (ਇਸਮਾਈਲੀ), ਜੋ ਉੱਥੇ ਸਨ, ਵਿਚੋਂ ਵਧੇਰੇ ਤਾਂ ਫੜ ਲਏ, ਬਾਜ਼ੇ ਮਾਰ ਦਿਤੇ, ਬਾਜ਼ਿਆਂ ਦੇ ਹੱਥ ਵੱਢ ਦਿਤੇ ਤੇ

*ਤਾਰੀਖ਼ ਫ਼ਰਿਸ਼ਤਾ ਪੰ. ੨੫, ੨੭ ਨਵਲਕਿਸ਼ੋਰ।

ਸੁਲਾਹ ਕਰ ਲਈ ਕਿ ਨੀਯਤ ਕਰ ਮੁਲਤਾਨ ਤੋਂ ਗ਼ਜ਼ਨੀ ਪਹੁੰਚਦਾ ਰਹੇਗਾ। ਅਬੁਲਫ਼ਤਿਹ ਨੇ ਆਪਣੇ ਪੁਰਾਣੇ ਧਰਮ ਤੋਂ ਤੋਬਾ ਕੀਤੀ ਅਤੇ ਪਣ ਕੀਤਾ ਕਿ ਆਪਣੇ ਮੁਲਕ ਵਿਚ ਇਸਮਾਈਲੀ ਮਤ ਦੀ ਥਾਂ ਸੁੰਨੀ ਮਤ ਦੇ ਨਿਯਮ ਚਾਲੂ ਕਰੇਗਾ। ਏਸ ਦੇ ਕੁਝ ਸਾਲਾਂ ਪਿਛੋਂ (ਸੰਨ ੪੦੨ ਹਿ. ਤੋਂ ਪਹਿਲਾਂ) ਸੁਲਤਾਨ ਨੇ ਫੇਰ ਮੁਲਤਾਨ ਉੱਤੇ ਹਮਲਾ ਕਰ ਕੇ ਇਸਮਾਈਲੀਆ ਦਾ ਨਾਸ ਕਰ ਦਿੱਤਾ। ਦਾਊਦ ਬਿਨ ਨਸੀਰ ਨੂੰ ਫੜ ਕੇ ਗ਼ਜ਼ਨੀ ਲੈ ਗਿਆ ਅਤੇ ਗੌਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਜਿੱਥੇ ਉਹ ਮਰ ਗਿਆ।*

ਇਹ ਫ਼ਰਿਸ਼ਤੇ ਦੇ ਲੇਖ ਦਾ ਸਾਰ ਅੰਸ ਸੀ ਪਰ ਗਰਦੇਜ਼ੀ, ਜਿਸ ਦੀ ਤਾਰੀਖ਼ ਜ਼ੈਨਲ ਅਖ਼ਬਾਰ ਸੰਨ ੪੪੧ ਦੇ ਲਾਗੇ ਚਾਗੇ ਖ਼ਾਸ ਗ਼ਜ਼ਨਵੀਆਂ ਦੇ ਸਮੇਂ ਤੇ ਰਾਜ ਨਗਰੀ ਵਿਚ ਲਿਖੀ ਗਈ ਸੀ, ਵਿਚ ਲਿਖਿਆ ਹੈ:"ਅਤੇ ਗ਼ਜ਼ਨੀ ਤੋਂ ਸੁਲਤਾਨ ਨੇ ਮੁਲਤਾਨ ਦਾ ਇਰਾਦਾ ਕੀਤਾ ਅਤੇ ਸੋਚਿਆ ਕਿ ਜੇ ਏਥੋਂ ਸਿੱਧੇ ਮੁਲਤਾਨ ਜਾਈਏ ਤਾਂ ਸ਼ਾਇਦ ਦਾਊਦ ਬਿਨ ਨਸਰ (ਨਸੀਰ ਨਹੀਂ) ਨੂੰ ਜੋ ਮੁਲਤਾਨ ਦਾ ਅਮੀਰ ਸੀ, ਖ਼ਬਰ ਹੋ ਜਾਵੇ ਅਤੇ ਉਹ ਆਪਣੇ ਬਚਾ ਦਾ ਉਪਾ ਕਰ ਲਵੇ, ਏਸ ਲਈ ਸੁਲਤਾਨ ਦੂਜੇ ਰਸਤਿਉਂ ਚੱਲਿਆ। ਅਨੰਦਪਾਲ ਦਾ ਰਾਜ ਰਾਹ ਵਿਚ ਆਉਂਦਾ ਸੀ, ਏਸ ਲਈ ਏਸ ਤੋਂ ਰਸਤਾ ਮੰਗਿਆ। ਉਸ ਨੇ ਨਾ ਦਿਤਾ। ਲੜਾਈ ਕੀਤੀ। ਅਨੰਦਪਾਲ ਭਜਕੇ ਕਸ਼ਮੀਰ ਚਲਿਆ ਗਿਆ। ਸੁਲਤਾਨ ਮੁਲਤਾਨ ਪਹੁੰਚਿਆ ਅਤੇ ਹਫ਼ਤਾ ਭਰ ਤਕ ਸ਼ਹਿਰ ਦਾ ਘੇਰਾ ਘਤੀ ਰਖਿਆ। ਅੰਤ ਨੂੰ ਸ਼ਹਿਰ ਵਾਲਿਆਂ ਨਾਲ ਏਸ ਸ਼ਰਤ ਤੇ ਸੁਲਾਹ ਕਰ ਲਈ ਕਿ੨੦ ਹਜ਼ਾਰ ਦਿਰਹਮ ਕਰ ਦਿਤਾ ਕਰਨ। ਸੁਲਤਾਨ ਵਾਪਸ ਮੁੜ ਗਿਆ। ਇਹ ਘਟਨਾ ਸੰਨ ੩੯੬ ਹਿ. ਵਿਚ ਹੋਈ.........ਫੇਰ ਜਦੋਂ ਸੁਲਤਾਨ ਸੰਨ ੪੦੧ ਹਿ. ਵਿਚ ਮੁੜ ਕੇ ਆਇਆ, ਤਾਂ ਗ਼ਜ਼ਨੀ ਤੋਂ ਮੁਲਤਾਨ ਗਿਆ ਅਤੇ ਮੁਲਤਾਨ ਦਾ ਜੋ ਹਿੱਸਾ ਬਾਕੀ ਰਹਿ ਗਿਆ ਸੀ ਏਸ ਨੂੰ ਵੀ ਫ਼ਤਿਹ ਕਰ ਲਿਆ। ਕਰਮਤੀਆਂ (ਇਸਮਾਈਲੀ), ਜੋ ਉੱਥੇ ਸਨ, ਵਿਚੋਂ ਵਧੇਰੇ ਤਾਂ ਫੜ ਲਏ, ਬਾਜ਼ੇ ਮਾਰ ਦਿਤੇ, ਬਾਜ਼ਿਆਂ ਦੇ ਹੱਥ ਵੱਢ ਦਿਤੇ ਤੇ

*ਤਾਰੀਖ਼ ਫ਼ਰਿਸ਼ਤਾ ਪੰ. ੨੫, ੨੭ ਨਵਲਕਿਸ਼ੋਰ।

ਸਖ਼ਤ ਸਜ਼ਾ ਦਿਤੀ............ਅਤੇ ਏਸੇ ਸਾਲ ਦਾਊਦ ਬਿਨ ਨਸਰ ਨੂੰ ਫੜ ਲਿਆ ਅਤੇ ਗ਼ੌਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ।*"

ਅਰਬੀ ਦੀਆਂ ਪਰਮਾਣੀਕ ਤਾਰੀਖ਼ਾਂ ਵਿਚ ਏਸ ਦੇ ਬਾਰੇ ਬਹੁਤ ਸੰਖੇਪ ਬਿਆਨ ਹੈ। ਬਾਜ਼ੀਆਂ ਗੱਲਾਂ ਵਿਚ ਕੁਝ ਮਤ-ਭੇਦ ਵੀ ਹੈ, ਪਰ ਫੇਰ ਵੀ ਘਟਨਾ ਦੇ ਕੁਝ ਜ਼ਰੂਰੀ ਅੰਗ ਇਨ੍ਹਾਂ ਵਿਚ ਇਕੋ ਜੇਹੇ ਹਨ। ਇਬਨ ਅਸੀਰ (ਸੰਨ ੫੫੫ ਹਿ. ਸੰਨ ੬੩੦ ਹਿ.) ਦੀ ਤਾਰੀਖ਼ ਵਿਚ ਹੈ।

"ਏਸ ਸਾਲ (ਸੰਨ ੩੯੬ ਹਿ.) ਵਿਚ ਸੁਲਤਾਨ ਮਹਿਮੂਦ ਨੇ ਮੁਲਤਾਨ ਉੱਤੇ ਹਮਲਾ ਕੀਤਾ। ਏਸ ਦਾ ਕਾਰਣ ਇਹ ਸੀ ਕਿ ਸੁਲਤਾਨ ਨੂੰ ਮੁਲਤਾਨ ਦੇ ਵਾਲੀ ਅਬੁਲ-ਫ਼ਤਿਹ ਦਾ ਅਧਰਮ ਅਤੇ ਬੇਦੀਨੀ (ਇਸਮਾਈਲੀ ਮਤ) ਦੇ ਅਪਰਾਧ ਦੀ ਖ਼ਬਰ ਲਗੀ ਅਤੇ ਇਹ ਹਾਲ ਵੀ ਮਲੂਮ ਹੋਇਆ ਕਿ ਏਸ ਨੇ ਆਪਣੀ ਪਰਜਾ ਨੂੰ ਵੀ ਏਸ ਅਧਰਮ ਵਲ ਪਰੇਰਿਆ ਹੈ ਅਤੇ ਉਨ੍ਹਾਂ ਏਸ ਦੀ ਗੱਲ ਮੰਨ ਲਈ ਹੈ। ਇਹ ਸੁਣਕੇ ਸੁਲਤਾਨ ਨੇ ਉੱਚਿਤ ਸਮਝਿਆ ਕਿ ਏਸ ਵਿਰੁਧ ਧਰਮ ਯੁਧ (ਜਹਾਦ) ਕਰੇ ਅਤੇ ਜਿਸ ਪਦਵੀ ਤੇ ਉਹ ਹੈ ਉਸ ਤੋਂ ਉਸ ਨੂੰ ਥੱਲੇ ਲਾਹ ਦੇਵੇ। ਏਸ ਲਈ ਸੁਲਤਾਨ ਗ਼ਜ਼ਨੀ ਤੋਂ ਏਸ ਵਲ ਚਲਿਆ। ਰਾਹ ਵਿਚ ਬਹੁਤ ਸਾਰੇ ਨਦੀਆਂ ਨਾਲੇ ਆਏ ਜਿਨ੍ਹਾਂ ਵਿਚ ਬੜੇ ਜ਼ੋਰ ਨਾਲ ਪਾਣੀ ਵਗ ਰਿਹਾ ਸੀ ਖ਼ਾਸ ਕਰਕੇ ਸੇਹੂੰ ਨੂੰ ਪਾਰ ਕਰਨਾ ਬੜਾ ਔਖਾ ਸੀ। ਏਸ ਲਈ ਸੁਲਤਾਨ ਨੇ ਅਨੰਦਪਾਲ ਨੂੰ ਕਹਾ ਭੇਜਿਆ ਕਿ ਉਹ ਆਪਣੇ ਦੇਸ ਵਿਚੀਂ ਲੰਘਕੇ ਮੁਲਤਾਨ ਵਲ ਜਾਣ ਦਾ ਰਸਤਾ ਦੇਵੇ। ਉਸ ਨੇ ਏਸ ਗਲ ਨੂੰ ਸਵੀਕਾਰ ਨਾ ਕੀਤਾ ਤਾਂ ਸੁਲਤਾਨ ਨੇ ਪਹਿਲਾਂ ਏਸੇ ਉੱਤੇ ਹਮਲਾ ਕੀਤਾ......................ਅਨੰਦਪਾਲ ਭਜ ਕੇ ਕਸ਼ਮੀਰ ਚਲਿਆ ਗਿਆ। ਜਦੋਂ ਅਬੁਲ-ਫ਼ਤਿਹ ਨੇ ਸੁਲਤਾਨ ਦੇ ਆਉਣ ਦੀ ਖ਼ਬਰ ਸੁਣੀ ਤਾਂ ਆਪਣੇ ਅੰਦਰ ਉਸ ਦੇ ਟਾਕਰੇ ਤੇ ਉਸ ਤੋਂ ਆਕੀ ਹੋਣ ਦੀ ਤਾਕਤ ਨਾ ਵੇਖ ਕੇ ਆਪਣਾ ਧਨ ਪਦਾਰਥ ਸਰੰਦੀਪ ਭਿਜਵਾ ਦਿੱਤਾ ਅਤੇ ਮੁਲਤਾਨ ਖ਼ਾਲੀ ਕਰ ਦਿਤਾ। ਜਦੋਂ ਸੁਲਤਾਨ ਉੱਥੇ ਪੁਜਾ ਤਾਂ ਵੇਖਿਆ ਕਿ ਉੱਥੋਂ ਦੇ ਲੋਕ ਧਰਮ ਤੋਂ ਪਤਿਤ ਹੋਏ ਹੋਏ ਹਨ ਤੇ

*ਜ਼ੈਨੁਲ ਅਖ਼ਬਾਰ ਗਰਦੇਜ਼ੀ ਪੰ. ੬੭.੬੮ (ਬਰਲਨ)

ਛੁਲ ਵਿਚ ਪਏ ਅੰਨ੍ਹੇ ਹੋ ਰਹੇ ਹਨ। ਉਨ੍ਹਾਂ ਨੂੰ ਘੇਰਾ ਪਾਇਆ ਤੇ ਲੜ ਕੇ ਕਬਜ਼ਾ ਕਰਨ ਪਿਛੋਂ ਉਨ੍ਹਾਂ ਉਤੇ ੨੦ ਹਜ਼ਾਰ ਦਿਰਹਮ ਜੁਰਮਾਨਾ ਕੀਤਾ।*

ਇਬਨ ਖ਼ਲਦੂਨ ਨੇ ਵੀ ਆਪਣੀ ਤਾਰੀਖ਼ ਵਿਚ ਇਨ੍ਹਾਂ ਘਟਨਾਵਾਂ ਨੂੰ ਦੁਹਰਾਇਆ ਹੈ†।

ਏਸ ਟੂਕ ਤੋਂ ਇਕ ਤਾਂ ਨਾਂ ਦੀ ਅਸ਼ੁਧੀ ਦੂਰ ਹੁੰਦੀ ਹੈ ਕਿ ਅਬੁਲਫ਼ਤਿਹ ਦੀ ਥਾਂ 'ਅਬੁਲਫ਼ਤੂਹ' ਸੀ ਦੂਜੀ ਇਸ ਗੱਲ ਦਾ ਪਤਾ ਲਗਦਾ ਹੈ ਕਿ ਗ਼ਜ਼ਨੀ ਤੋਂ ਸਿਧੇ ਮੁਲਤਾਨ ਦਾ ਰਾਹ ਛਡ ਕੇ ਪੰਜਾਬ ਦੇ ਰਸਤੇ ਮੁਲਤਾਨ ਜਾਣ ਦਾ ਕੀ ਕਾਰਣ ਸੀ। ਬਾਕੀ ਜੋ ਅਬੁਲਫ਼ਤਿਹ ਨੇ ਆਪਣੇ ਖ਼ਜ਼ਾਨੇ ਨੂੰ ਸਰੰਦੀਪ ਭਿਜਵਾ ਦਿਤਾ ਸੋ ਇਸ ਗੱਲ ਦਾ ਕੋਈ ਆਧਾਰ ਨਹੀਂ ਸ਼ਾਇਦ ਏਸ ਸਮੇਂ ਦੇ ਇਤਿਹਾ-ਸਕਾਰਾਂ ਨੂੰ ਮਲੂਮ ਨਾ ਹੋਵੇ ਕਿ ਮੁਲਤਾਨ ਤੇ ਸਰੰਦੀਪ ਵਿਚ ਕਿੰਨੀ ਵਿਥ ਹੈ। ਹੋ ਸਕਦਾ ਹੈ ਕਿ ਅਸਲ ਕਾਪੀ ਵਿਚ ਕਿਸੇ ਹੋਰ ਸ਼ਹਿਰ ਦਾ ਨਾਂ ਹੋਵੇ ਅਤੇ ਗ਼ਲਤੀ ਨਾਲ ਸਰੰਦੀਪ ਛਪ ਗਿਆ ਹੋਵੇ। ਏਸ ਪਿਛੋਂ ਸੰਨ ੪੦੩ ਹਿ. ਵਿਚ ਮਿਸਰ ਦੇ ਫ਼ਾਤਮੀ ਖ਼ਲੀਫ਼ਾ ਨੇ ਸੁਲਤਾਨ ਮਹਿਮੂਦ ਨਾਲ ਸਬੰਧ ਪੈਦਾ ਕਰਨਾ ਚਾਹਿਆ ਪਰ ਸੁਲਤਾਨ ਨੇ ਸਵੀਕਾਰ ਨਾ ਕੀਤਾ ਅਤੇ ਦੂਤ ਮਾਰਿਆ ਗਿਆ ਜੇਹਾ ਕਿ ਪਹਿਲਾਂ ਦਸਿਆ ਗਿਆ ਹੈ।

ਏਸ ਸਿਲਸਿਲੇ ਵਿਚ ਅਤੀ ਜ਼ਰੂਰੀ ਚੀਜ਼ ਦੁਰੂਜ਼ੀਆਂ ਦੀ ਪਵਿਤਰ ਪੁਸਤਕ ਦਾ ਇਕ ਅੰਗ ਹੈ। ਮਿਸਰ ਦੇ ਇਸਮਾਈਲੀ ਖ਼ਲੀਫ਼ੇ ਅਲਹਾਕਿਮ-ਬ-ਅਮਰਿਲੱਾਹ (ਸੰਨ ੩੮੬ ਹਿ. ਸੰਨ ੪੧੧ ਹਿ.) ਨੇ ਮਿਸਰ ਅਤੇ ਸ਼ਾਮ ਵਿਚ ਜੋ ਆਪਣੀ ਖ਼ਾਸ ਸੰਪਰਦਾਇ ਚਲਾਈ ਸੀ ਏਸੇ ਦਾ ਨਾਂ ਦੁਰੂਜ਼ੀ ਹੈ। ਇਹ ਸੰਪਰਦਾਇ ਅਜ ਕਲ ਵੀ ਸ਼ਾਮ ਤੇ ਲਬਨਾਨ ਵਿਚ ਵਸਦੀ ਹੈ। ਜੋ ਵੀ ਹੈ, ਦੁਰੂਜ਼ ਦੀ ਏਸ ਕਿਤਾਬ ਵਿਚ ਇਕ ਲਿਖਤ ਹੈ ਜੋ ਸੰਨ ੪੨੩ ਹਿ. ਦੀ ਹੈ ਏਸ ਦੇ ਕੁਝ ਵਾਕ ਇਹ ਹਨ‡

---

*ਕਾਮਿਲ ਇਬਨ ਅਸੀਰ ਜਿ. ੯ ਪੰ. ੧੩੨ (ਲੀਡਨ)

†ਇਬਨ ਖ਼ਲਦੂਨ ਜਿ. ੪ ਪੰ. ੩੬੬ (ਮਿਸਰ)

‡ਅੰਤਕਾ ਏਲੀਅਟ ਜਿ. ੧ ਪੰ. ੪੯੧

"ਮੁਲਤਾਨ ਅਤੇ ਹਿੰਦੁਸਤਾਨ ਦੇ ਇਕ ਈਸ਼ਵਰ ਨੂੰ ਮੰਨਣ ਵਾਲੇ (ਮੁਸਲਮਾਨਾਂ) ਦੇ ਨਾਂ ਆਮ ਕਰਕੇ ਅਤੇ ਸ਼ੇਖ ਇਬਨ ਸੋਮਰ ਰਾਜਾ (ਪਾਲ) ਦੇ ਨਾਂ ਖ਼ਾਸ ਕਰਕੇ"।

ਸੰਨ ੪੨੩ ਹਿ. ਸੁਲਤਾਨ ਮਹਿਮੂਦ (ਮ੍ਰਿਤੂ ਸੰਨ ੪੨੧ ਹਿ.) ਦੇ ਉਤਰ-ਅਧਿਕਾਰੀ ਪੁਤਰ ਸੁਲਤਾਨ ਮਸਊਦ ਦਾ ਸਮਾਂ ਹੈ ਏਸ ਤੋਂ ਸਾਬਤ ਹੁੰਦਾ ਹੈ ਕਿ ਗ਼ਜ਼ਨਵੀਆਂ ਦੇ ਮੁਲਤਾਨ ਜਿੱਤ ਲੈਣ ਪਿੱਛੋਂ ਵੀ ਮੁਲਤਾਨ ਇਨ੍ਹਾਂ ਲੋਕਾਂ ਦਾ ਗੜ੍ਹ ਸੀ, ਸਗੋਂ ਮਲੂਮ ਹੁੰਦਾ ਹੈ ਕਿ ਗ਼ਜ਼ਨਵੀਆਂ ਦੀ ਕਮਜ਼ੋਰੀ ਪਿਛੋਂ ਮੁਲਤਾਨ ਉੱਤੇ ਫ਼ੇਰ ਇਸਮਾਈਲੀਆਂ ਨੇ ਕਬਜ਼ਾ ਕਰ ਲਿਆ ਸੀ, ਕਿਉਂ ਜੋ ਸੁਲਤਾਨ ਸ਼ਿਹਾਬਦੀਨ ਗ਼ੋਰੀ ਦੇ ਸਮੇਂ ਵਿਚ ਅਸੀਂ ਫੇਰ ਮੁਲਤਾਨ ਉੱਤੇ ਇਸਮਾਈਲੀਆਂ ਨੂੰ ਰਾਜ ਕਰਦੇ ਵੇਖਦੇ ਹਾਂ ਜਿਵੇਂ ਸੰਨ ੫੭੨ ਹਿ. ਵਿਚ ਸੁਲਤਾਨ ਨੂੰ ਕਰਮਤੀਆ (ਇਸਮਾਈਲੀਆਂ) ਦੇ ਹਥੋਂ ਫੇਰ ਮੁਲਤਾਨ ਨੂੰ ਛੜਾਉਣਾ ਪਿਆ* ਅਤੇ ਅਖ਼ੀਰ ਨੂੰ ਉਹ ਦਿੱਲੀ ਦੇ ਰਾਜ ਦਾ ਇਕ ਅੰਗ ਬਣ ਗਿਆ।

ਮੁਲਤਾਨ ਦੇ ਹਾਕਮਾਂ ਦਾ ਸਿਲਸਿਲਾ

ਉਪਰੋਕਤ ਬਿਆਨ ਤੋਂ ਮੁਲਤਾਨ ਦੇ ਹਾਕਮਾਂ ਦੇ ਤਿੰਨ ਵੱਖੋ ਵੱਖ ਸਿਲ-ਸਲੇ ਜ਼ਾਹਰ ਹੁੰਦੇ ਹਨ:

(੧) ਮੰਬਾਹ ਬਿਨ ਅਸਦ ਜੋ ਅਸਾਮਾ ਬਿਨ ਲੋਈ ਦੇ ਕੁਰੈਸ਼ ਵੰਸ ਵਿਚੋਂ ਸੀ ਜਿਸ ਦੇ ਵੰਸ ਨੂੰ ਬਨੂ ਮੰਬਾਹ ਆਖਦੇ ਹਨ। ਏਸ ਦਾ ਪਤਾ, ਸੰਨ ੨੯੦ ਹਿ. ਤੋਂ ਸੰਨ ੩੪੦ ਹਿ. ਤਕ (ਇਬਨ ਰਸਤਾ ਤੋਂ ਅਸਤਖ਼ਰੀ ਤਕ) ਨਿਸਚਤ ਤੌਰ ਤੇ ਲਗਦਾ ਹੈ।

(੨) ਜਲਮ ਬਿਨ ਸ਼ੈਬਾਨ, ਜੋ ਬੈਰੂਨੀ ਦੇ ਬਿਆਨ ਅਨੁਸਾਰ ਉਹ ਸ਼ਖ਼ਸ ਹੈ ਜੋ ਪਹਿਲਾ ਕਰਮਤੀ ਜਾਂ ਇਸਮਾਈਲੀ ਸੀ ਜਿਸ ਨੇ ਮੁਲਤਾਨ ਉੱਤੇ ਕਬਜ਼ਾ ਕੀਤਾ ਸੀ। ਏਸ ਦਾ ਸਮਾਂ ਸੰਨ ੩੪੦ ਹਿ. ਬਲਕਿ ਸੰਨ ੩੬੭ ਹਿ. ਅਤੇ ੩੭੫ ਹਿ. ਦੇ ਵਿਚਕਾਰ, ਅਥਵਾ ਅਸਤਖ਼ਰੀ ਬਲਕਿ ਇਬਨ ਹੋਕਲ

*ਫ਼ਰਿਸ਼ਤਾ ਜਿ. ੧ ਪੰ. ੬੫ ਅਤੇ ਜਿ. ਦੂਜੀ ਪੰ. ੩੨੪ (ਨਵਲ ਕਿਸ਼ੋਰ)

ਅਤੇ ਬੁਸ਼ਾਰੀ ਦੇ ਵਿਚਕਾਰਲਾ ਸਮਾਂ ਹੈ ਕਿਉਂ ਜੋ ਬੁਸ਼ਾਰੀ ਪਹਿਲਾ ਅਰਬ ਯਾਤਰੂ ਹੈ ਜੋ ਮਿਸਰ ਅਤੇ ਮੁਲਤਾਨ ਦੇ ਫ਼ਾਤਮੀਆਂ ਦੇ ਵਿਚਕਾਰ ਸਬੰਧ ਦਾ ਵਰਨਣ ਕਰਦਾ ਹੈ।

(੩) ਸ਼ੇਖ਼ ਹਮੀਦ ਅਤੇ ਉਸ ਦਾ ਪੁਤਰ ਨਜ਼ੀਰ ਜਾਂ ਨਸਰ ਅਤੇ ਉਸ ਦਾ ਪੁਤਰ ਅਬੁਲਫ਼ਤਿਹ ਜਾਂ ਅਬੁਲਫ਼ਤੂਹ ਦਾਊਦ ਕਰਮਤੀ

ਸ਼ੈਖ਼ ਹਮੀਦ ਅਲਪਤਗੀਨ ਤੇ ਸਬੁਕਤਗੀਨ ਦਾ ਸਮਕਾਲੀ ਸੀ, ਏਸ ਦਾ ਮਤਲਬ ਇਹ ਹੈ ਕਿ ਸੰਨ ੩੫੧ ਹਿ. ਤੋਂ ਸੰਨ ੩੯੦ ਹਿ. ਤਕ ਸ਼ੇਖ਼ ਹਮੀਦ ਅਤੇ ਉਸ ਦੇ ਪੁਤਰ ਨਸਰ ਦੇ ਰਾਜ ਦਾ (ਜੇ ਉਸ ਨੇ ਵੀ ਰਾਜ ਕੀਤਾ ਹੋਵੇ) ਸਮਾਂ ਨਿਯਤ ਕੀਤਾ ਜਾ ਸਕਦਾ ਹੈ। ਸੁਲਤਾਨ ਮਹਿਮੂਦ ਦਾ ਸਮਕਾਲੀ ਅਬੂਫ਼ਤਿਹ ਦਾਊਦ ਸੀ ਏਸ ਦੀ ਹਕੂਮਤ ਦਾ ਸਮਾਂ ਸੰਨ ੩੯੦ ਹਿ. ਤੋਂ ਸੰਨ ੩੯੬ ਹਿ. ਤਕ (ਮੁਲਤਾਨ ਦੀ ਪਹਿਲੀ ਜਿਤ ਦਾ ਸੰਨ) ਬਲਕਿ ਸੰਨ ੪੦੧ ਹਿ. (ਮੁਲਤਾਨ ਦੀ ਦੂਜੀ ਜਿਤ ਅਤੇ ਦਾਊਦ ਦੀ ਗਰਿਫ਼ਤਾਰੀ) ਤਕ ਹੋਵੇਗਾ।

ਪਹਿਲੇ ਤੇ ਦੂਜੇ ਖ਼ਾਨਦਾਨ ਤੋਂ ਫ਼ਾਰਸੀ ਇਤਿਹਾਸਕਾਰ ਜਾਣੂ ਨਹੀਂ ਹਨ। ਜੋ ਵੀ ਹੋਵੇ, ਉਹ ਅਰਬ ਯਾਤਰੂਆਂ ਦੇ ਬਿਆਨ ਅਨੁਸਾਰ ਨਿਰੋਲ ਅਰਬ ਸਨ। ਤੀਜੇ ਸਿਲਸਲੇ ਤੋਂ ਸੁਲਤਾਨ ਮਹਿਮੂਦ ਦੇ ਸਬੰਧ ਕਾਰਣ ਫ਼ਾਰਸੀ ਇਤਿਹਾਸਕਾਰ ਵਾਕਫ ਹਨ। ਏਸ ਸਬੰਧ ਵਿਚ ਇਹ ਭੁਲ ਠੀਕ ਕਰ ਲਵੋ ਕਿ ਜਿਸ ਨੂੰ ਉਹ ਅਬੁਲ ਫ਼ਤਿਹ ਆਖਦੇ ਹਨ ਉਸ ਦਾ ਅਰਬੀ ਰੂਪ ਅਬੁਲ ਫ਼ੁਤੂਹ ਸੀ ਅਤੇ ਜਿਸ ਨੂੰ ਉਹ ਨਸੀਰ ਲਿਖਦੇ ਹਨ ਉਹ ਗਰਦੇਜ਼ੀ ਦੇ ਸਭ ਤੋਂ ਪੁਰਾਣੀ ਪਰਮਾਣ ਅਨੁਸਾਰ ਨਸਰ ਸੀ। ਇਸ ਲਫ਼ਜ਼ੀ ਭੁਲ ਦੀ ਦੁਰੁਸਤੀ ਏਸ ਲਈ ਜ਼ਰੂਰੀ ਹੈ ਕਿ ਫਰਿਸ਼ਤਾ ਆਦਿ ਨੇ ਇਨ੍ਹਾਂ ਨੂੰ ਲੋਧੀ ਤੇ ਪਠਾਣਾਂ ਦੇ ਵੰਸ਼ ਨਾਲ ਜੋੜਿਆ ਹੈ ਪਰ ਇਹ ਨਾਂ ਸ਼ੇਖ ਹਮੀਦ, ਨਸਰ, ਦਾਊਦ ਨਿਰੋਲ ਅਰਬੀ ਢੰਗ ਦੇ ਨਾਂ ਹਨ ਅਤੇ ਨਸੀਰ ਦੀ ਥਾਂ ਨਸਰ ਹੋਰ ਵਧੇਰੇ ਨਰੋਲ ਅਰਬੀ ਬਨਾਵਟ ਨੂੰ ਪਰਗਟ ਕਰਦਾ ਹੈ। ਏਸੇ ਤਰ੍ਹਾਂ ਕੁਨੀਅਤ (ਅਬੁਲਫ਼ਤਿਹ ਜਾਂ ਅਬੁਲਫ਼ੁਤੂਹ) ਖ਼ਾਸ ਅਰਬੀ ਚਿੰਨ੍ਹ ਹੈ, ਖ਼ਾਸ ਕਰਕੇ ਅਬੁਲਫ਼ੁਤੂਹ (ਬਹੁਵਚਨ ਦੇ ਰੂਪ ਵਿਚ) ਅਤੇ

ਇਸ ਪਿਛੋਂ 'ਸ਼ੇਖ' ਪਦ ਵਾਲੀ ਉਪਾਧੀ ਜੋ ਪਰਤਿਸ਼ਟਾ ਵਜੋਂ ਜੋੜੀ ਜਾਂਦੀ ਹੈ ਨਿਰੋਲ ਅਰਬੀ ਢੰਗ ਦੀ ਚੀਜ਼ ਹੈ। ਇਸਮਾਈਲੀ ਬਾਤਨੀਆਂ ਵਿਚ'ਸ਼ੇਖ' ਪਦ ਖ਼ਾਸ ਤੌਰ ਤੇ 'ਅਮੀਰ' ਦੇ ਅਰਥਾਂ ਵਿਚ ਵਰਤਿਆ ਜਾਂਦਾ ਸੀ ਕਿਉਂ ਜੋ ਏਸ ਦੀ ਸ਼ਾਨ ਰਾਜਸੀ ਤੋਂ ਵਧੇਰੇ ਧਾਰਮਕ ਹੁੰਦੀ ਸੀ। ਏਸੇ ਲਈ ਹਸਨ ਬਿਨ ਸੱਬ਼ਾਹ ਨੂੰ ਸ਼ੇਖੁਲ ਜਿਬਾਲ (ਪਹਾੜੀ ਇਲਾਕੇ ਦਾ ਸ਼ੇਖ਼) ਆਖਦੇ ਸਨ। ਇਨ੍ਹਾਂ ਕਾਰਣਾਂ ਕਰਕੇ ਇਨ੍ਹਾਂ ਨੂੰ ਲੋਧੀ ਅਤੇ ਪਠਾਣ ਬਣਾਉਣ ਦੀ ਕਥਾ ਮਨਘੜਤ ਮਲੂਮ ਹੁੰਦੀ ਹੈ। ਏਸ ਸਮੇਂ ਵਿਚ ਤਾਂ ਪਠਾਣਾਂ ਵਿਚ ਇਸਲਾਮ ਦਾ ਰਵਾਜ ਵੀਮੁਸ਼ਕਲ ਨਾਲ ਮੰਨਿਆ ਜਾ ਸਕਦਾ ਹੈ। ਏਸ ਆਧਾਰ ਤੇ ਮੇਰੀ ਇਹ ਰਾਇ ਹੈ ਕਿ ਸ਼ੇਖ਼ ਹਮੀਦ, ਸ਼ੇਖ਼ ਨਸਰ ਅਤੇ ਅਬੁਲਫ਼ਤੂਹ ਦਾਊਦ ਆਦਿ ਜਾਤੀ ਦੇ ਲਿਹਾਜ਼ ਨਾਲ ਅਰਬ ਅਤੇ ਵੰਸ ਦੇ ਲਿਹਾਜ਼ ਨਾਲ ਜਲਮ ਬਿਨ ਸ਼ੈਬਾਨ ਹੀ ਦੀ ਔਲਾਦ ਵਿਚੋਂ ਹੋਣਗੇ। ਹਿੰਦੁਸਤਾਨ ਦੇ ਇਕ ਪਰਸਿਧ ਲੇਖਕ* ਨੇ ਬਿਲਕੁਲ ਬਿਨਾਂ ਕਿਸੇ ਪਰਮਾਂਣ ਦੇ ਇਹ ਗਲ ਲਿਖ ਦਿੱਤੀ ਹੈ ਕਿ ਇਹ ਅਬੁਲਫ਼ਤੂਹ ਦਾਊਦ ਉਹੀ ਸੀ ਜੋ ਸਿੰਧ ਦੀ ਤਾਰੀਖ਼ ਵਿਚ ਸੋਮਰੋ ਦੇ ਨਾਂ ਤੋਂ ਪਰਸਿਧ ਹੈ। ਏਸ ਨੂੰ ਹਿੰਦੂ ਸੋਮਰਾ ਆਖਦੇ ਸਨ ਅਤੇ ਅਬੁਲਫ਼ਤਿਹ ਏਸ ਦਾ ਮੁਸਲਮਾਨੀ ਨਾਂ ਸੀ। ਇਹ ਭੁਲ ਏਸ ਲਈ ਹੋਈ ਕਿ ਉਹ ਇਉਂ ਸਮਝੇ ਕਿ ਮੁਲਤਾਨ ਦੇ ਸਿਲਸਿਲੇ ਵਿਚ ਏਸ ਦਾ ਨਾਂ ਅਬੁਲ ਫ਼ਤਹਿ ਸੀ ਅਤੇ ਸਿੰਧ ਦੇ ਸਿਲਸਿਲੇ ਵਿਚ ਸੋਮਰਾ ਨੂੰ ਹੋਣਾ ਚਾਹੀਦਾ ਹੈ ਤਾਂ ਵਾਸਤਵ ਵਿਚ ਇਹ ਦੋਵੇਂ ਨਾਂ ਇਕੋ ਆਦਮੀ ਦੇ ਹੋਣਗੇ ਭਾਵੇਂ ਇਹ ਬਿਲਕੁਲ ਗ਼ਲਤ ਹੈ।

'ਕਿਤਾਬੁਦਰੂਜ' ਦੀ ਪਤਰਕਾ ਦੇ "ਮੁਲਤਾਨ ਅਤੇ ਹਿੰਦੁਸਤਾਨ ਦੇ ਆਮ ਕਰਕੇ ਇਕ ਈਸ਼ਵਰ ਨੂੰ ਮੰਨਣ ਵਾਲੇ (ਮੁਸਲਮਾਨਾਂ) ਅਤੇ ਖ਼ਾਸ ਕਰ ਸ਼ੇਖ਼ ਇਬਨ ਸੋਮਰ ਰਾਜਾ ਬਲ ਦੇ ਨਾਂ" ਵਾਲੇ ਇਨ੍ਹਾਂ ਮੁਵਲਿਆਂ

---

*ਮੌਲਵੀ ਅਬਦੁਲ ਹਲੀਮ ਸਾਹਿਬ ਸ਼ਰਹ ਪਰਲੋਕ ਵਾਸੀ ਨੇ ਆਪਣੀ ਤਾਰੀਖ਼ ਸਿੰਧ ਦੀ ਦੂਜੀ ਜਿਲਦ ਦੇ ਪੰਨਾ ੯ ਅਤੇ ਫੇਰ ਪੰਨਾ ੧੨ ਉਤੇ ਇਹ ਲਿਖਿਆ ਹੈ ਸ਼ਾਇਦ ਮੌਲਾਨਾ ਨੂੰ ਏਲੀਅਟ ਦੇ (ਜਿਲਦ ਪਹਿਲੀ ਪੰਨਾ ੪੯੧ ਦੇ) ਸ਼ਬਦਾਂ ਤੋਂ ਕੁਝ ਗ਼ਲਤ ਫ਼ਹਿਮੀ ਹੋਈ ਹੋਵੇ।

ਫ਼ਿਕਰਿਆਂ ਤੋਂ ਇਹ ਸਿਟਾ ਨਹੀਂ ਕਢਿਆ ਜਾ ਸਕਦਾ ਕਿ ਇਬਨ ਸੋਮਰੀ ਮੁਲਤਾਨ ਦਾ ਬਾਦਸ਼ਾਹ ਸੀ। ਮੁਲਤਾਨ ਦੇ ਸਬੰਧ ਵਿਚ ਸੋਮਰ ਦਾ ਨਾਂ ਨਾ ਤਾਂ ਕਿਸੇ ਇਤਿਹਾਸਕਾਰ ਨੇ ਲਿਆ ਹੈ ਅਤੇ ਨਾ ਹੋਰ ਕਿਸੇ ਪਰਮਾਣ ਤੇ ਸਿਧ ਹੁੰਦਾ ਹੈ। ਸੋਮਰੀਆਂ ਦਾ ਤਅਲਕ ਕੇਵਲ ਸਿੰਧ ਨਾਲ ਸੀ, ਜੋ ਚਿਰ ਤੋਂ ਮੁਲਤਾਨ ਤੋਂ ਉਕੀ ਵਖ, ਇਕ ਸਬਾਈ ਰਿਆਸਤ ਸੀ, ਅਤੇ ਇਹੋ ਗਲ ਅਰਬ ਯਾਤਰੂਆਂ ਦੇ ਮੁਤਫ਼ਿਕਾ ਬਿਆਨ ਤੋਂ ਨਿਰਸੰਦੇਹ ਸਿੱਧ ਹੈ। ਅਲਬਤਾ ਏਸ ਪਤਰਕਾ ਤੋਂ ਕੇਵਲ ਇੰਨੀ ਗਲ ਸਾਬਤ ਹੁੰਦੀ ਹੈ ਕਿ ਅਬੁਲਫ਼ਤਹਿ ਦਾਊਦ ਮੁਲਤਾਨ ਦਾ ਅਮੀਰ ਤੇ ਸੋਮਰ ਇਕੋ ਮਤ ਦੇ ਅਨੁਸਾਰੀ ਸਨ। ਵਧੇਰੇ ਸੰਭਾਵਨਾ ਇਹ ਹੈ ਕਿ ਅਬੂਫ਼ਤਿਹ ਦੇ ਡੈਂਹਦੀਆਂ ਕਲਾਂ ਵਿਚ ਚਲੇ ਜਾਣ ਅਤੇ ਕੈਦ ਹੋਣ ਪਿਛੋਂ ਇਹ ਸੋਮਰ ਸਿੰਧ ਦੇ ਕਰਮਤੀਆਂ ਦਾ ਧਾਰਮਕ ਸ਼ੇਖ ਤੇ ਇਮਾਮ ਨਿਯਤ ਹੋਇਆ ਹੋਵੇ।

ਸ਼ੇਖ ਹਮੀਦ ਆਦਿ ਦੇ ਪਠਾਣ ਹੋਣ ਬਾਰੇ ਇਕ ਗਲ ਇਹ ਹੋ ਸਕਦੀ ਹੈ ਕਿ ਇਸਮਾਈਲੀਆਂ ਦਾ ਇਹ ਦਸਤੂਰ ਰਿਹਾ ਹੈ ਕਿ ਉਹ ਅਕਸਰ ਕੌਮਾਂ ਵਿਚ ਪਰਚਾਰ ਦੀ ਸੌਖ ਲਈ ਇਉਂ ਕਰਦੇ ਸਨ ਕਿ ਖ਼ੁਦ ਆਪਣੇ ਆਪ ਨੂੰ ਉਨ੍ਹਾਂ ਦੇ ਨੇੜ ਕਰਨ ਲਈ ਉਨ੍ਹਾਂ ਨਾਲ ਵੰਸ ਤੇ ਧਰਮ ਦੀ ਸਮੀਪਤਾ ਧਾਰਨ ਕਰ ਲੈਂਦੇ ਸਨ। ਏਸ ਤਰ੍ਹਾਂ ਸ਼ੇਖ ਹਮੀਦ ਆਦਿ ਨੇ ਪਠਾਣਾਂ ਨੂੰ ਆਪਣੇ ਨਾਲ ਮਿਲਾਉਣ ਲਈ ਸ਼ਾਇਦ ਆਪਣੇ ਆਪ ਨੂੰ ਪਠਾਣ ਮਸ਼ਹੂਰ ਕਰ ਦਿਤਾ ਹੋਵੇ। ਪਰ ਹਿੰਦੂ ਜਾਤੀ ਤੇ ਵੰਸ ਨਾਲ ਇਨ੍ਹਾਂ ਦਾ ਉੱਕਾ ਕੋਈ ਵਾਸਤਾ ਨਹੀਂ ਅਤੇ ਨਾਂ ਕਦੇ ਉਨ੍ਹਾਂ ਦੇ ਨਾਂ ਅਗੇ ਕੋਈ ਹਿੰਦੀ ਪਦ ਵਰਤਿਆ ਗਿਆ ਹੈ।

ਮੁਲਤਾਨ ਦੀ ਹਿੰਦੀ ਇਸਲਾਮੀ ਸਭਿਅਤਾ

ਮੁਲਤਾਨ ਵਿਚ ਅਰਬੀ ਤੇ ਹਿੰਦੀ ਸਭਿਅਤਾ ਤੇ ਜੀਵਨ ਦਾ ਇਕ ਸੁੰਦਰ ਮਿਸ਼ਰਣ ਉਤਪਨ ਹੋ ਗਿਆ ਸੀ। ਸ਼ਹਿਰ ਭਾਵੇਂ ਛੋਟਾ ਸੀ ਪਰ ਖ਼ੂਬਸੂਰਤ ਸੀ। ਹਰ ਕਿੱਤੇ ਵਾਲਿਆਂ ਦੇ ਬਾਜ਼ਾਰ ਅੱਡੋ ਅੱਡ ਸਨ। ਸ਼ਹਿਰ ਦੇ ਚਾਰੋਂ ਪਾਸੇ ਕੰਧ ਸੀ। ਮੁਲਤਾਨ ਦੇ ਬਾਹਰ ਅਮੀਰ ਦਾ ਜੋ ਫ਼ੌਜੀ

ਡੇਰਾ (ਛਾਉਣੀ) ਸੀ ਉੱਥੇ ਵੀ ਉੱਚੀਆਂ ਉੱਚੀਆਂ ਇਮਾਰਤਾਂ ਕਾਇਮ ਸਨ। ਬੈਰੂਨੀ ਨੇ ਦੱਸਿਆ ਹੈ ਕਿ ਸ਼ਹਿਰ ਵਿਚ ਮੁਹੰਮਦ ਬਿਨ ਕਾਸਿਮ ਦੀ ਬਣਵਾਈ ਹੋਈ ਜਾਮਿ ਮਸਜਿਦ ਸੀ (ਸੰਨ ੩੪੦ ਹਿ. ਅਤੇ ਸੰਨ ੩੭੫ ਹਿ. ਦੇ ਮਧ ਵਿਚ ਗਾਲਬਨ) ਜਲਮ ਬਿਨ ਸ਼ੈਬਾਨ ਇਸਮਾਈਲੀ ਕਰਾਮਤੀ ਨੇ ਏਸ ਨੂੰ ਬੰਦ ਕਰ ਦਿਤਾ ਕਿਉਂ ਜੋ ਉਹ ਬਨੂ ਉਮੈਈਆ ਦੀ ਯਾਦਗਾਰ ਸੀ। ਉਸਨੇ ਸੂਰਜ ਦੇਵਤਾ ਵਾਲੇ ਪਰਸਿਧ ਉਪਾਸ਼ਨਾ ਮੰਦਰ ਨੂੰ ਤੋੜ ਕੇ ਜਾਮਿ ਮਸਜਿਦ ਬਣਵਾਇਆ। ਸੁਲਤਾਨ ਮਹਿਮੂਦ ਨੇ (ਸੰਨ ੩੯੬ ਹਿ. ਜਾਂ ਸੰਨ ੪੦੩ ਹਿ.) ਵਿਚ ਜਦੋਂ ਮੁਲਤਾਨ ਜਿੱਤਿਆ ਤਾਂ ਫੇਰ ਪਹਿਲੀ ਮਸੀਤ ਨੂੰ ਖੋਲ੍ਹ ਦਿਤਾ ਤੇ ਦੂਜੀ ਨੂੰ ਬਿਨਾਂ ਮੁਰੱਮਤ ਕਰਵਾਏ ਓਵੇਂ ਜਿਵੇਂ ਛੱਡ ਦਿਤਾ। ਬੈਰੂਨੀ ਦੀ ਰਚਨਾ ਸਮੇਂ (ਸੰਨ ੪੨੪ ਹਿ. ਵਿਚ) ਉਹ ਢੈਹ ਕੇ ਚੌੜ ਚਪੱਟ ਹੋ ਗਈ ਸੀ, ਜਿਸ ਵਿਚ ਮਹਿੰਦੀ ਦੇ ਬੂਟੇ ਲਗੇ ਹੋਏ ਸਨ।

ਅਸਤਖ਼ਰੀ ਨੇ (ਸੰਨ ੩੪੦ ਹਿ.) ਲਿਖਿਆ ਹੈ ਕਿ ਮੁਲਤਾਨ ਦਾ ਅਮੀਰ ਹਾਥੀ ਤੇ ਚੜ੍ਹ ਕੇ ਜੁਮੇ ਦੀ ਨਮਾਜ਼ ਲਈ ਜਾਮਿ ਮਸਜਿਦ ਜਾਂਦਾ ਹੈ। ਇਹ ਨਰੋਲ ਹਿੰਦੂ ਰਾਜਿਆਂ ਦੀ ਸ਼ਾਨਦਾਰ ਸਵਾਰੀ, ਗੋਇਆ ਅਰਬ ਅਮੀਰਾਂ ਨੂੰ ਪਸੰਦ ਆ ਚੁਕੀ ਸੀ। ਫੇਰ ਆਖਦਾ ਹੈ ਕਿ ਮੁਲਤਾਨ ਦੇ ਲੋਕ ਪਜਾਮਾ ਪਹਿਨਦੇ ਹਨ। ਅਕਸਰ ਲੋਕ ਫ਼ਾਰਸੀ ਤੇ ਸਿੰਧੀ ਵੀ ਬੋਲਦੇ ਹਨ। ਮੁਕਦੀ ਗਲ ਇਹ ਕਿ ਹਿੰਦੂਆਂ ਤੇ ਮੁਸਲਮਾਨਾਂ ਵਿਚ ਭੇਖ ਅਤੇ ਬੋਲੀ ਦੀ ਇਕਸਾਰਤਾ ਵੀ ਪੈਦਾ ਹੋ ਚੁਕੀ ਸੀ।

ਇਬਨ ਹੋਕਲ (ਸੰਨ ੩੬੭ ਹਿ.) ਨੇ ਏਥੋਂ ਦੇ ਭੇਖ ਤੇ ਬੋਲੀ ਬਾਰੇ ਏਸੇ ਕਿਸਮ ਦਾ ਬਿਆਨ ਦਿਤਾ ਹੈ। ਆਖਦਾ ਹੈ:

"ਏਥੇ ਮੁਸਲਮਾਨਾਂ ਅਤੇ ਹਿੰਦੂਆਂ ਦਾ ਪਹਿਰਾਵਾ ਇਕੋ ਹੀ ਤਰ੍ਹਾਂ ਦਾ ਹੈ ਅਤੇ ਵਾਲਾਂ ਦੇ ਖੁਲ੍ਹਾ ਛਡਣ ਦਾ ਵੀ ਉਹੀ ਇਕੋ ਢੰਗ ਹੈ। ਏਸੇ ਤਰ੍ਹਾਂ ਦਾ ਮੁਲਤਾਨ ਵਾਲਿਆਂ ਦਾ ਭੇਖ ਹੈ। ਮਨਸੂਰਾ ਅਤੇ ਮੁਲਤਾਨ ਅਤੇ ਏਸ ਦੇ ਆਲੇ ਦੁਆਲੇ ਅਰਬੀ ਤੇ ਸਿੰਧੀ ਬੋਲੀ ਜਾਂਦੀ ਹੈ ਅਤੇ ਮੁਕਰਾਨ ਵਾਲਿਆਂ ਦੀ ਬੋਲੀ ਫ਼ਾਰਸੀ ਤੇ ਮਕਰਾਨੀ ਹੈ। ਅਤੇ ਕੁੜਤਿਆਂ ਦਾ ਫ਼ੈਸ਼ਨ ਅੱਡ

ਵਿਖਾਈ ਦਿੰਦਾ ਹੈ। ਪਰ ਵਪਾਰੀ ਲੋਕ ਕਮੀਜ਼ ਤੇ ਚਾਦਰ ਪਹਿਨਦੇ ਹਨ। ਜਿਵੇਂ ਇਰਾਕ ਤੇ ਫ਼ਾਰਸ ਦੇ ਲੋਕ ਪਹਿਨਦੇ ਹਨ''।*

ਸੰਨ ੩੭੫ ਹਿ. ਵਿਚ ਬੁਸ਼ਾਰੀ ਆਇਆ ਏਸ ਨੇ ਏਥੋਂ ਦੇ ਅਖ਼ਲਾਕ ਤੇ ਸਭਿਅਤਾ ਦਾ ਬਹੁਤ ਕੁਝ ਚੰਗਾ ਚਿਤਰ ਉਲੀਕਿਆ ਹੈ। ਆਖਦਾ ਹੈ:

"ਮੁਲਤਾਨ ਮਨਸੂਰਾ ਤੋਂ ਛੋਟਾ ਹੈ ਪਰ ਏਸ ਤੋਂ ਵਧੇਰੇ ਆਬਾਦ ਹੈ। ਫਲ ਭਾਵੇਂ ਵਧੇਰੇ ਨਹੀਂ ਪਰ ਸਸਤੇ ਹਨ..............ਅਤੇ (ਇਰਾਕ ਦੀ ਬੰਦਰਗਾਹ) ਸੈਰਾਫ਼ ਦੀ ਤਰ੍ਹਾਂ ਸਾਲ ਦੀ ਲਕੜੀ ਦੇ ਕਈ ਕਈ ਛੱਤਾਂ ਦੇ ਮਕਾਨ ਹਨ। ਏਥੇ ਵਿਭਚਾਰ ਤੇ ਸ਼ਰਾਬ ਨੋਸ਼ੀ ਨਹੀਂ। ਜੋ ਲੋਕ ਏਸ ਅਪਰਾਧ ਵਿਚ ਫੜੇ ਜਾਂਦੇ ਹਨ ਉਨ੍ਹਾਂ ਨੂੰ ਕਤਲ ਕੀਤਾ ਜਾਂਦਾ ਹੈ, ਜਾਂ ਕੋਈ ਹੋਰ ਕਰੜਾ ਡੰਡ ਦਿਤਾ ਜਾਂਦਾ ਹੈ। ਲੈਣ ਦੇਣ ਦੇ ਵਿਹਾਰ ਵਿਚ ਨਾ ਝੂਠ ਬੋਲਦੇ ਹਨ ਅਤੇ ਨਾ ਘਟ ਤੋਲਦੇ ਹਨ। ਮੁਸਾਫਰਾਂ ਦੀ ਸੇਵਾ ਕਰਦੇ ਹਨ। ਅਕਸਰ ਵਸਨੀਕ ਅਰਬ ਜਾਤੀ ਦੇ ਹਨ। ਨਹਿਰ ਦਾ ਪਾਣੀ ਪੀਂਦੇ ਹਨ। ਦੇਸ ਹਰਿਆ ਭਰਿਆ ਤੇ ਧਨੀ ਹੈ। ਵਪਾਰ ਦੀ ਹਾਲਤ ਵੀ ਚੰਗੀ ਹੈ ਫ਼ੈਸ਼ਨ ਪਰਸਤੀ ਤੇ ਐਸ਼ ਅਨੰਦ ਦਾ ਮੌਜ ਮੇਲਾ ਸਾਫ਼ ਵਿਖਾਈ ਦਿੰਦਾ ਹੈ। ਰਾਜ ਨਿਆਂ ਕਾਰੀ ਹੈ। ਬਾਜ਼ਾਰ ਵਿਚ ਕੋਈ ਜ਼ਨਾਨੀ ਆਰ ਸ਼ੰਗਾਰ ਲਾਈ ਨਜ਼ਰ ਨਹੀਂ ਆਉਂਦੀ, ਨਾ ਕੋਈ ਰਾਹ ਵਿਚ ਜ਼ਨਾਨੀ ਨਾਲ ਖੁਲ੍ਹੀ ਗੱਲ ਬਾਤ ਕਰਦਾ ਹੈ। ਪਾਣੀ ਚੰਗਾ ਹੈ। ਜੀਵਨ ਐਸ਼ ਅਨੰਦ ਵਾਲਾ ਹੈ। ਲੋਕ ਪਰਸੰਨ ਚਿਤ ਤੇ ਸ਼ੀਲਵਾਨ ਹਨ। ਫ਼ਾਰਸੀ ਭਾਸ਼ਾ ਸਮਝੀ ਜਾਂਦੀ ਹੈ। ਵਪਾਰ ਤੋਂ ਖਾਸਾ ਲਾਭ ਹੁੰਦਾ ਹੈ। ਸਰੀਰ ਰਿਸ਼ਟ ਪੁਸ਼ਟ ਹਨ, ਪਰ ਸ਼ਹਿਰ ਗੰਦਾ ਹੈ। ਮਕਾਨ ਤੰਗ ਹਨ। ਹਵਾ ਗਰਮ ਖੁਸ਼ਕ ਹੈ। ਲੋਕਾਂ ਦਾ ਰੰਗ ਕਣਕ ਵੰਨਾ ਤੇ ਸਾਉਲਾ ਹੈ†। "ਮੁਲਤਾਨ ਦਾ ਸਿੱਕਾ ਮਿਸਰ ਦੇ ਫ਼ਾਤਮੀ ਸਿੱਕੇ ਦੇ ਮੁਤਾਬਕ ਬਣਾਇਆ ਗਿਆ ਹੈ ਪਰ ਏਥੇ ਵਧੇਰੇ

*ਸਫ਼ਰਨਾਮਾ ਇਬਨ ਹੌਕਲ ਪੰ. ੨੩੨ (ਲੀਡਨ)

†ਅਹਸਨਤਕਾਸੀਮ ਬੁਸ਼ਾਰੀ ਪੰ. ੪੮੦ (ਲੀਡਨ)

'ਕੰਨਹਰੀਆਤ' ਚਲਦੇ ਹਨ"* ।

ਮਨਸੂਰਾ

ਅਰਬਾਂ ਵਿਚਕਾਰ ਸਿੰਧ ਦਾ ਸਭ ਤੋਂ ਵੱਡਾ ਸ਼ਹਿਰ ਬਰਾਹਮਣਾਬਾਦ ਪਰਸਿਧ ਹੈ ਜਿਸ ਦਾ ਅਸਲੀ ਹਿੰਦੀ ਨਾਂ, ਜੇਹਾ ਕਿ ਬੈਰੂਨੀ ਨੇ ਦਸਿਆ ਹੈ, 'ਬਹਮਨਵਾ' ਹੈ। ਈਰਾਨ ਵਾਲੇ ਏਸ ਨੂੰ ਬਰਾਹਮਨ ਆਬਦਾ ਆਖਦੇ ਸਨ। ਏਹੀ ਨਾਂ ਮੁਸਲਮਾਨਾਂ ਵਿਚ ਪਰਚਲਤ ਹੋਇਆ। ਇਸ ਪਿਛੋਂ ਕੁਝ ਫ਼ੌਜੀ ਤੇ ਰਾਜਸੀ ਲੋੜਾਂ ਕਾਰਣ ਸਿੰਧ ਵਿਚ ਅਰਬਾਂ ਨੂੰ ਆਪ ਆਪਣੇ ਸ਼ਹਿਰ ਵਸਾਉਣੇ ਪਏ, ਜਿਨ੍ਹਾਂ ਵਿਚੋਂ 'ਮਹਿਫ਼ੂਜ਼ਾ' 'ਬੈਜ਼ਾ' ਅਤੇ 'ਮਨਸੂਰਾ' ਵਧੇਰੇ ਪਰਸਿਧ ਹੋਏ।

ਬਨੂ ਉਮੈਈਆ ਦੇ ਅੰਤਿ ਕਾਲ ਵਿਚ ਅਰਬਾਂ ਦੀ ਤਾਕਤ ਜਦੋਂ ਕਮਜ਼ੋਰ ਹੋ ਗਈ ਅਤੇ ਸਿੰਧੀਆਂ ਨੇ ਇਨ੍ਹਾਂ ਨੂੰ ਸਮੁੰਦਰ ਦੇ ਕੰਢਿਆਂ ਵੱਲ ਧਕਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਦੇ ਅਰਬ ਹਾਕਮ, ਹਕਮ ਬਿਨ ਅਵਾਨਾ ਕਲਬੀ, ਨੇ ਸਾਰਿਆਂ ਅਰਬਾਂ ਨੂੰ ਸਮੇਟ ਕੇ ਇਕ ਥਾਂ ਇਕੱਠਾ ਕੀਤਾ ਅਤੇ ਦਰਿਆ ਪਾਰ ਇਕ ਸ਼ਹਿਰ ਵਸਾਇਆ ਜਿਸ ਦਾ ਨਾਂ 'ਮਹਿਫ਼ੂਜ਼ਾ' ਰਖਿਆ।

ਹਕਮ ਨਾਲ ਮੁਹੰਮਦ ਬਿਨ ਕਾਸਿਮ ਦਾ ਪੁਤਰ ਅਮਰ ਵੀ ਸੀ ਜੋ ਬੜਾ ਬਹਾਦਰ ਤੇ ਨੀਤੀਵਾਨ ਸੀ। ਹਕਮ ਦੇ ਸਾਰੇ ਕੰਮ ਉਹੀ ਕਰਦਾ ਸੀ। ਉਸ ਨੇ ਸਮੁੰਦਰ ਦੇ ਕੰਢੇ ਬਰਹਮਨਾਬਾਦ ਤੋਂ ਦੋ ਫ਼ਰਸਖ ਦੀ ਵਿੱਥ ਉਤੇ ਮਨਸੂਰਾ ਵਸਾਇਆ †। ਅਬਾਸੀਆਂ ਦੇ ਸਮੇਂ ਮੁਅਤਾਸਿਮ ਬਿੱਲਾ ਦੇ ਕਾਲ ਵਿਚ (ਤੀਸਰੀ ਸਦੀ ਹਿਰਜੀ ਦੇ ਮੱਧ ਵਿਚ) ਬਰਮਕੀ ਵੰਸ ਦਾ ਇਕ ਬੰਦਾ, ਇਮਰਾਨ ਬਿਨ ਮੂਸਾ ਬਿਨ ਯਹਿਯਾ ਬਿਨ ਖ਼ਾਲਿਦ ਜਦੋਂ ਸਿੰਧ ਦਾ

---

*ਅਹਸਨੁੱਤਕਾਸੀਮ ਪੰ. ੪੮੨ ਕਨਹਰੀ ਕੋਈ ਮਾਮੂਲੀ ਸਿਕਾ ਮਲੂਮ ਹੁੰਦਾ ਹੈ ਏਲੀਅਟ ਨੇ ਰੱਬ ਜਾਣੇ ਇਸ ਨੂੰ ਕੰਧਾਰੀਆਤ ਕਰਕੇ ਲਿਖ ਦਿੱਤਾ ਹੈ ਕਿ ਇਹ ਕੰਧਾਰ ਦੀ ਟਕਸਾਲ ਵਿਚ ਬਣਦੇ ਸਨ ਪਰ ਇਸ ਗਲ ਦਾ ਕੋਈ ਸਬੂਤ ਨਹੀਂ ਅਤੇ ਸ਼ਬਦ ਦਾ ਪਾਠ ਬਦਲਿਆ ਗਿਆ ਹੈ।

†ਫ਼ਤੂਹੁਲ ਬੁਲਦਾਨ ਬਲਾਜ਼ੁਰੀ ਪੰ. ੪੪੪ (ਲੀਡਨ)

ਗਵਰਨਰ ਨਿਯੁਕਤ ਹੋਇਆ ਤਾਂ ਉਸ ਨੇ ਬੈਜ਼ਾ ਨਾਂ ਦਾ ਸ਼ਹਿਰ ਵਸਾਇਆ ਪਰ ਕੁਦਰਤ ਵਲੋਂ ਇਨ੍ਹਾਂ ਸਭਨਾਂ ਵਿਚੋਂ ਪਰਸਿਧੀ ਤੇ ਸਥਿਰਤਾ ਕੇਵਲ ਮਨਸੂਰਾ ਦੇ ਹਿੱਸੇ ਆਈ।

ਮਨਸੂਰਾ ਦਾ ਮੋਢੀ

ਸ਼ਹਿਰ ਮਨਸੂਰਾ ਦਾ ਨਾਂ ਮਨਸੂਰਾ ਕਿਉਂ ਪਿਆ ? ਕੁਝ ਲੋਕਾਂ ਨੇ ਗ਼ਲਤੀ ਨਾਲ ਇਹ ਸਮਝਿਆ ਕਿ ਇਹ ਖ਼ਲੀਫ਼ਾ ਮਨਸੂਰ ਅੱਬਾਸੀ ਦੇ ਸਮੇਂ ਬਣਿਆ, ਏਸੇ ਸਬੰਧ ਵਿਚ ਇਹ ਮਨਸੂਰਾ ਅਖਵਾਉਂਦਾ ਹੈ। ਪਰ ਇਹ ਉੱਕਾ ਹੀ ਗਲਤ ਹੈ ਕਿਉਂਕਿ ਇਹ ਸ਼ਹਿਰ ਤਾਂ ਬਨੂ ਉਮੈਯਾ ਦੇ ਸਮੇਂ ਹੀ ਬਣ ਚੁਕਿਆ ਸੀ। ਏਵੇਂ ਜਿਵੇਂ ਮਸਊਦੀ ਨੇ ਏਸ ਨੂੰ ਮਨਸੂਰ ਬਿਨ ਜਮਾਹਰ ਵਲ ਤਧਿਤ ਕੀਤਾ ਹੈ,* ਜੋ ਬਨੂ ਉਮੈਈਆ ਦੀ ਗੜ ਬੜ ਅਤੇ ਅੱਬਾਸੀਆ ਵੰਸ ਦੇ ਰਾਜ ਦੇ ਆਰੰਭ ਕਾਲ ਵਿਚ, ਸਿੰਧ ਦਾ ਹਾਕਮ ਬਣ ਬੈਠਾ ਸੀ। ਪਰ ਇਹ ਵੀ ਠੀਕ ਨਹੀਂ। ਅਸਲ ਗੱਲ ਇਹ ਹੈ ਕਿ ਨਾਂ ਦਾ ਧੋਖਾ ਨਹੀਂ ਖਾਣਾ ਚਾਹੀਦਾ ਏਸ ਸ਼ਹਿਰ ਦਾ ਮੋਢੀ, ਜੇਹਾ ਕਿ ਸਾਡੇ ਸਾਰਿਆਂ ਨਾਲੋਂ ਪੁਰਾਣੇ ਆਧਾਰ ਬਲਾਜ਼ੁਰੀ (ਮ੍ਰਿਤੂ ਸੰਨ ੨੭੯ ਹਿ.) ਦਾ ਬਿਆਨ ਹੈ: ਮੁਹੰਮਦ ਬਿਨ ਕਾਸਿਮ ਦਾ ਪੁਤਰ 'ਅਮਰ' ਸੀ। ਏਸ ਲਈ ਮਨਸੂਰਾ ਨੂੰ (ਮਦਦ ਦਿਤਾ ਗਿਆ) ਅਜੇਹਾ ਨਾਂ ਸਮਝਣਾ ਚਾਹੀਦਾ ਹੈ ਜੋ ਮਹਿਫ਼ੂਜ਼ਾ ਵਾਂਗ ਕੇਵਲ ਸ਼ੁਭ ਮਹੂਰਤ ਵਜੋਂ ਹੀ ਰਖਿਆ ਗਿਆ ਸ।

ਏਸ ਦੇ ਸਥਾਪਣ ਦਾ ਕਾਲ

ਹਕਮ, ਜਿਸ ਦੇ ਸਮੇਂ 'ਅਮਰ' ਨੇ ਏਸ ਸ਼ਹਿਰ ਨੂੰ ਵਸਾਇਆ, ਇਰਾਕ ਦੇ ਗਵਰਨਰ ਖ਼ਾਲਿਦ ਬਿਨ ਅਬਦੁੱਲਾ ਕੇਸਰੀ ਦਾ ਭੇਜਿਆ ਹੋਇਆ ਸੀ। ਖ਼ਾਲਿਦ ਸੰਨ ੧੦੫ ਹਿ. ਵਿਚ ਇਰਾਕ ਦਾ ਗਵਰਨਰ ਬਣਿਆ ਸੀ ਅਤੇ ਸੰਨ ੧੨੦ ਹਿ. ਵਿਚ ਮੁਅੱਤਲ ਕੀਤਾ ਗਿਆ ਸੀ।

*ਮਰੂਜੱਜ਼ਹਬ ਜਿਲਦ ੧ ਪੰਨਾ ੩੭੯.

ਹਕਮ, ਖ਼ਾਲਿਦ ਵਲੋਂ ਭੇਜਆ ਹੋਇਆ ਸਿੰਧ ਦਾ ਦੂਜਾ ਗਵਰਨਰ ਸੀ। ਏਸ ਲਈ ਵਧੇਰੇ ਸੰਭਵ ਇਹ ਹੈ ਕਿ ਸੰਨ ੧੧੦ ਹਿ. ਤੋਂ ਇਸ ਦਾ ਕਾਲ ਆਰੰਭ ਹੋਇਆ ਹੋਵੇਗਾ। ਏਸ ਅਨੁਮਾਨ ਅਨੁਸਾਰ ਮਨਸੂਰਾ ਦੀ ਉਸਾਰੀ ਦੀ ਮਿਤੀ ਸੰਨ ੧੧੦ ਹਿ. ਤੋਂ ਸੰਨ ੧੨੦ ਹਿ. ਤਕ ਨਿਸਚਤ ਕਰਨੀ ਚਾਹੀਦੀ ਹੈ।

ਮੌਕਾ (ਠਕਾਣਾ)

ਸਭ ਤੋਂ ਪਹਿਲਾਂ ਇਬਨ ਖ਼ੁਰਦਾਜ਼ਬੇ (ਸੰਨ ੨੫੦ ਹਿ.) ਮਨਸੂਰਾ ਦਾ ਠਕਾਣਾ ਸਿੰਧ ਦਰਿਆ ਦੇ ਕੰਢੇ ਦਸਦਾ ਹੈ*। ਫੇਰ ਬਲਾਜ਼ੁਰੀ (ਸੰਨ ੨੭੯ ਹਿ.) ਕਹਿੰਦਾ ਹੈ ਕਿ "ਉਹ ਦਰਿਆ ਦੇ ਉਰਲੇ ਪਾਸੇ ਹੀ ਵਸਾਇਆ ਗਿਆ ਸੀ" †। ਇਬਨ ਹੌਕਲ ਅਤੇ ਅਸਤਖ਼ਰੀ ਦੋਹਾਂ ਨੇ ਲਿਖਿਆ ਹੈ ਕਿ "ਇਹ ਦਰਿਆ ਮਿਹਰਾਨ (ਸਿੰਧ) ਦੇ ਕੰਢੇ ਇਕ ਅਜੇਹੀ ਜਗ੍ਹਾ ਤੇ ਵਸਾਇਆ ਗਿਆ ਸੀ ਕਿ ਦਰਿਆ ਦੀ ਇਕ ਧਾਰਾ ਨੇ ਨਿਕਲ ਕੇ ਏਸ ਨੂੰ ਟਾਪੂ ਦੀ ਤਰ੍ਹਾਂ ਬਣਾ ਦਿਤਾ ਹੈ"। ਬਾਜ਼ੇ ਅਰਬ ਜੁਗਰਾਫ਼ੀਆ ਲੇਖਕਾਂ ਨੇ ਏਸ ਦਾ ਲੰਬਕਾਰ ਪਛਮ ਤੋਂ ੯੩ ਦਰਜੇ ਅਤੇ ਵਿਥਾਕਾਰ ਦਖਣ ਤੋਂ ੨੨ ਦਰਜੇ ਦਸਿਆ ਹੈ‡। ਖ਼ੁਸ਼ ਕਿਸਮਤੀ ਨਾਲ ਸਾਡੇ ਸਾਹਮਣੇ ਇਬਨ ਹੌਕਲ ਦਾ ਸਿੰਧ ਦਾ ਉਹ ਨਕਸ਼ਾ ਹੈ, ਜੋ ਉਸ ਨੇ ਆਪਣੇ ਸਮੇਂ ਵਿਚ ਤਿਆਰ ਕੀਤਾ ਸੀ। ਏਸ ਦੇ ਵੇਖਣ ਤੋਂ ਮਲੂਮ ਹੁੰਦਾ ਹੈ ਕਿ ਦਰਿਆ ਸਿੰਧ ਜੋ ਪੰਜਾਬ ਵਲੋਂ ਚਲ ਕੇ ਅਖੀਰ ਨੂੰ ਹਿੰਦ ਸਾਗਰ ਵਿਚ ਜਾ ਕੇ ਡਿਗ ਜਾਂਦਾ ਹੈ, ਏਸ ਥਾਂ ਤੋਂ ਥੋੜੀ ਦੂਰ ਪਿੱਛੇ ਖ਼ੁਸ਼ਕੀ ਵਲ ਨੂੰ ਇਕ ਜਗ੍ਹਾ ਦਰਿਆ ਦੀ ਇਕ ਨਵੀਂ ਧਾਰਾ ਨਿਕਲਦੀ ਹੈ, ਜੋ ਤੁਰਤ ਹੀ ਫੇਰ ਘੁੰਮ ਕੇ ਏਸੇ ਦਰਿਆ ਵਿਚ ਮਿਲ ਜਾਂਦੀ ਹੈ। ਏਸ ਤਰ੍ਹਾਂ ਵਿਚਕਾਰ, ਦਰਿਆ ਦੇ ਕੰਢੇ, ਏਸ ਧਾਰਾ ਦੇ ਘੇਰੇ ਤੋਂ ਕੁਝ ਥੋੜੀ ਜੇਹੀ ਥਾਂ, ਟਾਪੂ ਜੇਹਾ ਬਣ ਗਿਆ ਹੈ, ਏਸੇ ਟਾਪੂ ਜਿਹੇ ਵਿਚ ਇਹ ਸ਼ਹਿਰ ਅਬਾਦ ਹੋਇਆ ਸੀ, ਜੋ ਹਰ

*ਅਲਮਸਾਲਿਕ ਵਲ ਮੁਮਾਲਿਕ ਇਬਨ ਖ਼ੁਰਦਾਜ਼ਬੇ ਪੰ. ੧੭੪

†ਪੰਨਾ ੪੪੪ (ਲੀਡਨ)

‡ਮੁਅਜਮੁਲ ਬੁਲਦਾਨ ਯਾਕੂਤ ਸ਼ਬਦ ਮਨਸੂਰਾ

ਪਾਸਿਉਂ ਪਾਨੀ ਨਾਲ ਘਿਰਿਆ ਹੋਣ ਕਰਕੇ ਅਚਨਚੇਤ ਹਮਲਾ ਕਰਨ ਵਾਲਿਆਂ ਤੋਂ ਬਚਿਆ ਹੋਇਆ ਸੀ। ਇਹ ਅਜੇਹੀ ਥਾਂ ਸੀ ਜੇਹੀ ਕਿ ਮੈਸੂਰ ਵਿਚ ਕਾਵੇਰੀ ਨਦੀ ਦੇ ਘੁੰਮ ਜਾਣ ਤੋਂ 'ਸਰੰਗਾ ਪਟਮ' ਦੀ ਥਾਂ ਬਣ ਗਈ ਹੈ। ਏਹੋ ਜੇਹਾ ਇਕ ਹੋਰ ਥਾਂ ਤਿਰਚਨਾਪਲੀ (ਇਹਾਤਾ ਮਦਰਾਸ) ਵਿਚ ਵੀ ਹੈ। ਪੁਰਾਣੇ ਸਮੇਂ ਦੇ ਲੜਨ ਢੰਗ ਦੇ ਲਿਹਾਜ਼ ਤੋਂ ਏਸ ਕਿਸਮ ਦੀਆਂ ਥਾਵਾਂ ਬਹੁਤ ਸੁਰਖ਼ਤ ਸਮਝੀਆਂ ਜਾਂਦੀਆਂ ਹਨ।

ਅਬੁਲਫ਼ਜ਼ਲ ਨੇ ਆਈਨੇ ਅਕਬਰੀ ਵਿਚ ਸਾਰੀਆਂ ਮੁਸ਼ਕਿਲਾਂ ਹਲ ਕਰ ਦਿਤੀਆਂ ਹਨ। ਏਸ ਨੇ ਦੱਸਿਆ ਹੈ ਕਿ ਸਿੰਧ ਦੇ ਪਰਸਿਧ ਸ਼ਹਿਰ 'ਭਖਰ' ਦਾ ਪੁਰਾਣਾ ਨਾਂ ਮਨਸੂਰਾ ਸੀ*। ਸਚੀ ਗਲ ਇਹ ਹੈ ਕਿ ਪੁਰਾਣੇ ਮਨਸੂਰਾ ਦੇ ਸਬੰਧ ਵਿਚ ਜੋ ਭੂਗੋਲਕ ਲਛਣ ਦੱਸੇ ਗਏ ਹਨ ਉਹ ਸਭ ਹਾਲਤਾਂ ਵਿਚ ਏਸ ਉੱਤੇ ਬਿਲਕੁਲ ਠੀਕ ਘਟਦੇ ਹਨ ਅਬੁਲਫ਼ਜ਼ਲ ਆਖਦਾ ਹੈ "ਏਥੇ ਆਕੇ ਛੇਈ ਦਰਿਆ ਮਿਲਕੇ ਇਕ ਹੋ ਜਾਂਦੇ ਹਨ ਅਤੇ ਦੋ ਹਿਸਿਆਂ ਵਿਚ ਵੰਡੇ ਜਾ ਕੇ ਏਸ ਦੇ ਥਲੇ ਦੀ ਲੰਘਦੇ ਹਨ। ਇਕ ਹਿਸਾ ਦਖਣੋਂ ਤੇ ਇਕ ਹਿੱਸਾ ਉਤਰੋਂ ਹੋਕੇ ਲੰਘਦਾ ਹੈ"। ਭਖਰ ਦਾ ਨਾਂ ਹਿੰਦੁਸਤਾਨੀ ਤਾਰੀਖ਼ਾਂ ਵਿਚ ਬਹੁਤ ਪਰਸਿਧ ਹੈ ਤੇ ਸਭ ਲੋਕ ਏਸ ਤੋਂ ਵਾਕਿਫ਼ ਹਨ।

ਰਾਜਧਾਨੀ ਮਨਸੂਰਾ

ਆਪਣੇ ਮੌਕੇ ਦੇ ਲਿਹਾਜ਼ ਨਾਲ ਸੁਰਖਸ਼ਤ ਵੀ ਸੀ ਤੇ ਨਾਲ ਲਗਦੇ ਹੀ ਦਰਿਆ ਦੇ ਕੰਢੇ ਉਤੇ ਵੀ ਸੀ ਤੇ ਸਮੁੰਦਰ ਲਾਗੇ ਵੀ ਵਾਕਿਆ ਸੀ। ਏਸ ਲਿਹਾਜ਼ ਤੋਂ ਇਰਾਕ ਤੇ ਅਰਬ ਦੇਸ਼ ਤੋਂ ਆਵਾਜਾਈ ਲਈ ਅਤੇ ਵਕਤ ਪੈਣ ਤੇ ਏਥੋਂ ਨਿਕਲ ਜਾਣ ਲਈ ਵੀ ਠੀਕ ਸੀ। ਏਸੇ ਲਈ ਇਹ ਸਿੰਧ ਵਿਚ ਬਹੁਤ ਛੇਤੀ ਅਰਬਾਂ ਦਾ ਰਾਜ ਨਗਰ ਬਣ ਗਿਆ। ਤੀਜੀ ਸਦੀ ਵਿਚ ਅਸੀਂ ਏਸ ਦਾ ਨਾਂ ਰਾਜ ਨਗਰ ਦੀ ਹੈਸੀਅਤ ਵਿਚ

*ਆਈਨੇ ਅਕਬਰੀ ਜਿ. ਦੂਜੀ ਪੰ. ੧੬੦ ਨਵਲ ਕਿਸ਼ੋਰ

ਸੁਣਦੇ ਹਾਂ। ਬਲਾਜ਼ੁਰੀ (ਮ੍ਰਿਤੂ ਸੰਨ ੨੭੯ ਹਿ.) ਮਨਸੂਰਾ ਦੇ ਵਰਨਣ ਵਿਚ ਆਖਦਾ ਹੈ "ਇਹ ਉਹੀ ਸ਼ਹਿਰ ਹੈ ਜਿਥੇ ਅਜ ਕਲ ਹਾਕਮ ਜਾ ਕੇ ਠਹਿਰਦੇ ਹਨ"*। ਏਸ ਪਿਛੋਂ ਦੇ ਸਾਰੇ ਅਰਬ ਯਾਤਰੂ ਏਸ ਦਾ ਏਸੇ ਹੈਸੀਅਤ ਤੋਂ ਨਾਂ ਲੈਂਦੇ ਹਨ ਅਤੇ ਅਖ਼ੀਰ ਵਿਚ ਉਹ ਇਕ ਕੁਰੈਸ਼ੀ ਅਰਬ ਰਾਜ ਦਾ ਰਾਜ ਨਗਰ ਬਣ ਜਾਂਦਾ ਹੈ।

ਅੱਬਾਸੀਆ ਖ਼ਲਾਫ਼ਤ ਦੇ ਸਮੇਂ ਦਾ ਸਿੰਧ

ਸਿੰਧ ਦਾ ਇਲਾਕਾ ਖ਼ਲੀਫ਼ਾ ਅਲਮਾਮੂੰ (ਸੰਨ ੨੧੮ ਹਿ.) ਤਕ ਬਗ਼ਦਾਦ ਦੇ ਕੇਂਦਰ ਨਾਲ ਸਬੰਧਤ ਰਿਹਾ। ਸਗੋਂ ਏਸ ਦੇ ਅੰਤਲੇ ਸਮੇਂ ਵਿਚ ਅਰਬ ਅਮੀਰ ਖ਼ੁਦ ਮੁਖ਼ਤਿਆਰੀ ਦੇ ਸੁਪਨੇ ਵੇਖਣ ਲਗੇ। ਸੋ ਬਨੀ ਸਾਮਾ ਦੇ ਗ਼ੁਲਾਮ ਫ਼ਜ਼ਲ ਬਿਨ ਮਹਾਨ ਨੇ ਸੰਦਾਨ ਨਾਂ ਇਕ ਸ਼ਹਿਰ ਨੂੰ ਜਿੱਤ ਕੇ ਸਿਧੀ ਖ਼ਲੀਫ਼ਾ ਅਲਮਾਮੂੰ ਤੋਂ ਆਪਣੇ ਰਾਜ ਦੀ ਸਨਦ ਪ੍ਰਾਪਤ ਕੀਤੀ ਅਤੇ ਉੱਥੇ ਇਕ ਜਾਮਿ ਮਸਜਿਦ ਬਣਵਾਈ, ਜਿਸ ਵਿਚ ਜੁਮੇ ਦੀ ਨਮਾਜ਼ ਪੜ੍ਹੀ ਜਾਂਦੀ ਸੀ ਅਤੇ ਖ਼ਲੀਫ਼ੇ ਦੇ ਨਾਂ ਦਾ ਖ਼ੁਤਬਾ ਪੜ੍ਹਿਆ ਜਾਂਦਾ ਸੀ। ਏਸ ਪਿਛੋਂ ਏਸ ਦਾ ਭਾਈ ਮੁਹੰਮਦ ਬਿਨ ਫ਼ਜ਼ਲ ਬਿਨ ਮਹਾਨ, ਹਾਕਿਮ ਹੋਇਆ ਇਹ ਸਮਾਂ ਮੁਅਤਾਸਮ ਬਿੱਲਾ (ਸੰਨ ੨੨੭ ਹਿ.) ਦਾ ਸੀ। ਏਸ ਨੇ ਸੱਤਰ ਜਹਾਜ਼ਾਂ ਦੇ ਬੇੜੇ ਨਾਲ ਸੱਯਦਾਂ ਉੱਤੇ ਹਮਲਾ ਕੀਤਾ। ਏਸ ਦੀ ਗ਼ੈਰਹਾਜ਼ਰੀ ਵਿਚ ਏਸ ਦੇ ਭਰਾ, ਮਹਾਨ ਨੇ ਰਿਆਸਤ ਉੱਤੇ ਕਬਜ਼ਾ ਕਰ ਲਿਆ ਅਤੇ ਵਧੇਰੇ ਸੰਭਾਵਨਾਂ ਹੈ ਕਿ ਏਸੇ ਖ਼ਾਨਾ ਜੰਗੀ ਵਿਚ ਰਿਆਸਤ ਮੁਸਲਮਾਨਾਂ ਦੇ ਹਥੋਂ ਨਿਕਲ ਗਈ†। ਮੁਅਤਾਸਮ ਬਿੱਲਾ ਦੇ ਸਮੇਂ ਕੰਦਾਬੀਲ ਵਿਚ ਮੁਹੰਮਦ ਬਿਨ ਖ਼ਲੀਲ ਨੇ ਖ਼ੁਦਮੁਖ਼ਤਿਆਰੀ ਦਾ ਏਲਾਨ ਕਰ ਦਿਤਾ ਸੀ ਪਰ ਮੁਅਤਾਸਮ ਦੇ ਅਹੁਦਾਦਾਰ, ਇਮਰਾਨ ਬਰਮਕੀ, ਸਿੰਧ ਦੇ ਗਵਰਨਰ ਨੇ ਉਥੋਂ ਸਰਦਾਰਾਂ ਨੂੰ ਫੜ ਕੇ ਕਸਦਾਰ

---

*ਫ਼ਤੂਹੁਲ ਬੁਲਦਾਨ ਬਲਾਜ਼ੁਰੀ ਪੰ. ੪੪੪.

†ਫ਼ਤੂਹੁਲ ਬੁਲਦਾਨ ਬਲਾਜ਼ੁਰੀ ਪੰ. ੪੪੪.

,, ,, ,, ,, ੪੪੬.

(ਕਜ਼ਦਾਰ) ਭੇਜ ਦਿੱਤਾ* ।

ਇਮਰਾਨ ਬਰਮਕੀ ਦੇ ਹੀ ਸਮੇਂ ਵਿਚ ਅਰਬਾਂ ਦੇ ਦੋ ਪਰਸਿਧ ਕਬੀਲਿਆਂ ਅਥਵਾ ਯਮਨੀ (ਕਹਤਾਨੀ) ਅਤੇ ਹਿਜਾਜ਼ੀ (ਨਜ਼ਾਰੀ) ਵਿਚ ਇੰਨ ਬਿੰਨ ਉਹੀ ਖ਼ਾਨਾ ਜੰਗੀ ਸ਼ੁਰੂ ਹੋਈ ਜਿਸ ਖ਼ਾਨਾ ਜੰਗੀ ਨੇ ਬਨੂ ਉਮੈਈਆਂ ਦਾ ਅੰਤ ਕਰ ਦਿੱਤਾ ਸੀ। ਇਮਰਾਨ ਨੇ ਯਮਨੀਆਂ ਦੀ ਹਮੈਤ ਕੀਤੀ ਏਸ ਵੇਲੇ ਹਿਜਾਜ਼ੀਆਂ ਦਾ ਸਰਦਾਰ ਇਕ ਕੁਰੈਸ਼ੀ ਸਰਦਾਰ ਉਮਰ ਬਿਨ ਅਬਦੁਲ ਅਜ਼ੀਜ਼ ਹਬਾਰੀ ਸੀ। ਏਸ ਨੇ ਮੌਕਾ ਪਾ ਕੇ ਇਮਰਾਨ ਨੂੰ ਕਤਲ ਕਰ ਦਿਤਾ† ।

ਸਿੰਧ ਦਾ ਹਬਾਰੀ ਕੁਰੈਸ਼ੀ ਖਾਨਦਾਨ

ਕੁਰੈਸ਼ ਦੇ ਵੰਸ ਬਨੂ ਅਸਦ ਵਿਚ ਪੈਗ਼ੰਬਰ ਸਾਹਿਬ ਦੇ ਸਮੇਂ ਹਬਾਰ ਬਿਨ ਅਸਵਦ ਇਕ ਬੰਦਾ ਸੀ, ਜੋ ਇਸਲਾਮ ਦੇ ਪੈਗ਼ੰਬਰ ਸਾਹਿਬ ਦਾ ਸਖ਼ਤ ਦੁਸ਼ਮਣ ਸੀ। ਅਖੀਰੀ ਉਹ ਮੱਕੇ ਦੀ ਵਜੇ ਸਮੇਂ ਸੰਨ ੮ ਹਿ. ਵਿਚ ਮੁਸਲਮਾਨ ਹੋਇਆ । ਏਸ ਦੀ ਉਲਾਦ ਵਿਚੋਂ ਇਕ ਸ਼ਖਸ਼ ਹਕਮ ਬਿਨ ਅਵਾਨਾ ਕਲਬੀ, ਸਿੰਧ ਦੇ ਗਵਰਨਰ ਦੇ ਨਾਲ ਸਿੰਧ ਆਇਆ ਸੀ ਏਸ ਸ਼ਖ਼ਸ ਦਾ ਪੋਤਾ ਉਮਰ ਬਿਨ ਅਬਦੁੱਲ ਅਜ਼ੀਜ਼ ਹਬਾਰੀ ਸੀ‡ ਏਸ ਦਾ ਕੁਰਸੀ ਨਾਮਾ ਇਹ ਹੈ:- ਉਮਰ ਬਿਨ ਅਬਦੁੱਲ ਅਜ਼ੀਜ਼ ਬਿਨ ਮੁੰਜ਼ਿਰ ਬਿਨ ਜ਼ੁਬੈਰ ਬਿਨ ਅਬਦੁੱਰਹਿਮਾਨ ਬਿਨ ਹਬਾਰ ਬਿਨ ਅਸਵਦ ਏਹ ਵੰਸ ਉਮੈਈਆ ਅਤੇ ਅੱਬਾਸੀਆਂ ਦੋਹਾਂ ਦੇ ਸਮੇਂ ਰਾਜ-ਪਰਬੰਧ ਵਿਚ ਦਖ਼ਲ ਰਖਦਾ ਸੀ। ਏਸ ਨੇ ਹਿਜਾਜ਼ੀਆ ਦਾ ਸਰਦਾਰ ਬਣ ਕੇ ਇਮਰਾਨ ਨੂੰ ਕਤਲ ਕੀਤਾ ਏਸ ਦਾ ਸਿਟਾ ਅਵਸ਼ ਇਹ ਨਿਕਲਿਆ ਹੋਵੇ ਗਾ ਕਿ ਉਮਰ ਬਿਨ ਅਬਦੁਲ ਅਜ਼ੀਜ਼ ਹਬਾਰੀ ਨੂੰ ਸਿੰਧ ਦੇ ਹਿਜਾਜ਼ੀ ਅਰਬਾਂ ਦੀ ਰਿਆਸਤ ਪਰਾਪਤ ਹੋ ਗਈ ਹੋਵੇਗੀ ।

---

*ਫ਼ਤੂਹੁਲ ਬੁਲਦਾਨ ਬਲਾਜ਼ੁਰੀ ਪੰ. ੪੪੫.
†ਬਲਾਜ਼ੁਰੀ ਪੰ. ੪੪੬.
‡ਇਬਨ ਖ਼ਲਦੂਨ ਜਿ. ੨ ਪੰ. ੩੨੭.

ਸੰਨ ੨੪੦ ਹਿ. ਵਿਚ ਖ਼ਲੀਫ਼ਾ ਮੁਤਵੱਕਲ ਦੇ ਸਮੇਂ ਵਿਚ ਸਿੰਧ ਦੇ ਗਵਰਨਰ ਹਾਰੂੰ ਬਿਨ ਖ਼ਾਲਿਦ ਨੇ ਜਦੋਂ ਚਲਾਣਾ ਕੀਤਾ ਤਾਂ ਉਮਰ ਬਿਨ ਅਬਦੁਲ ਅਜ਼ੀਜ਼ ਨੇ ਖ਼ਲੀਫ਼ਾ ਦੇ ਦਰਬਾਰ ਵਿਚ ਇਕ ਅਰਜ਼ੀ ਭੇਜ ਕੇ ਬੇਨਤੀ ਕੀਤੀ ਕਿ ਸਿੰਧ ਦੀ ਰਿਆਸਤ ਏਸ ਦੇ ਸਪੁਰਦ ਕੀਤੀ ਜਾਵੇ। ਖ਼ਲੀਫ਼ਾ ਨੇ ਏਸ ਦੀ ਬੇਨਤੀ ਜਿਵੇਂ ਹੋਈ ਮਨਜ਼ੂਰ ਕੀਤੀ। ਯਾਕੂਬੀ, (ਮ੍ਰਿਤੂ ਸੰਨ ੨੭੮ ਹਿ.) ਜਿਸ ਦੀ ਰਚਨਾ ਦਾ ਸਮਾਂ ਸੰਨ ੨੫੯ ਹਿ. ਹੈ, ਆਪਣੀ ਤਾਰੀਖ਼ ਵਿਚ ਲਿਖਦਾ ਹੈ "ਸਿੰਧ ਦੇ ਗਵਰਨਰ ਹਾਰੂੰ ਬਿਨ ਖ਼ਾਲਿਦ ਨੇ ਸੰਨ ੨੪੦ ਹਿ. ਵਿਚ ਚਲਾਣਾ ਕੀਤਾ" ਅਤੇ ਉਮਰ ਬਿਨ ਅਬਦੁਲ ਅਜ਼ੀਜ਼ ਸਾਮੀ ਨੇ, ਜੋ ਸਾਮਾ ਬਿਨ ਲੋਈ ਵਲ ਤੱਧਿਤ ਹੈ ਅਤੇ ਜੋ ਸਿੰਧ ਤੇ ਕਬਜ਼ਾ ਕਰ ਚੁਕਿਆ ਸੀ, ਲਿਖਿਆ ਕਿ ਉਹ ਮੁਲਕ ਦਾ ਬਹੁਤ ਚੰਗਾ ਪਰਬੰਧ ਕਰ ਰਿਹਾ ਹੈ, ਤਾਂ ਮੁਤਵੱਕਲ ਨੇ ਏਸ ਦੀ ਬੇਨਤੀ ਸਵੀਕਾਰ ਕੀਤੀ ਅਤੇ ਮੁਤੱਵਕਲ ਦੀ ਖ਼ਲਾਫ਼ਤ ਦੇ ਸਾਰੇ ਸਮੇਂ ਉਹ ਬਰਾਬਰ ਗਵਰਨਰ ਬਣਿਆ ਰਿਹਾ।*

ਯਾਕੂਬੀ ਦਾ ਉਮਰ ਬਿਨ ਅਬਦੁਲ ਅਜ਼ੀਜ਼ ਨੂੰ ਸਾਮਾ ਬਿਨ ਲੋਈ ਦੀ ਨਸਲ 'ਚੋਂ ਦਸਣਾ ਸਹੀ ਨਹੀਂ। ਉਮਰ ਬਿਨ ਅਬਦੁਲ ਅਜ਼ੀਜ਼ ਹਬਾਰ ਬਿਨ ਅਸਵਦ ਦੀ ਉਲਾਦ 'ਚੋਂ ਸੀ, ਜੋ ਕਾਅਬ ਬਿਨ ਲੋਈ ਦੀ ਨਸਲ ਵਿਚੋਂ ਸੀ (ਇਬਨ ਖ਼ਲਦੂਨ ਜਿ. ੨ ਪੰਨਾ ੩੨੭ ਮਿਸਰ)। ਵਧੇਰੇ ਸੰਭਾਵਨਾ ਹੈ ਕਿ ਯਾਕੂਬੀ ਨੂੰ ਮੁਲਤਾਨ ਦੇ ਅਮੀਰਾਂ ਬਾਰੇ ਧੋਖਾ ਹੋਇਆ ਜੋ ਸਾਮਾ ਵੰਸ ਵਿਚੋਂ ਸਨ।

ਜੋ ਵੀ ਹੈ, ਉਮਰ ਬਿਨ ਅਬਦੁਲ ਅਜ਼ੀਜ਼ ਹਬਾਰੀ ਦੇ ਰਾਜ ਪਿਛੋਂ ਵੀ ਇਹ ਅੱਬਾਸੀ ਸਬੰਧ ਕਾਇਮ ਰਿਹਾ, ਜਿਵੇਂ ਮੁਅਤਮਿਦ ਦੇ ਸਮੇਂ (ਸੰਨ ੨੫੬–੨੭੯ ਹਿ.) ਬਗ਼ਦਾਦ ਦੇ ਰਾਜ ਪਰਬੰਧ ਵਿਚ ਸਿੰਧ ਦਾ ਨਾਂ ਵੀ ਵਿਖਾਈ ਦਿੰਦਾ ਹੈ, ਕਿਉਂ ਜੋ ਏਸ ਸਮੇਂ ਵਿਚ ਖ਼ੁਰਾਸਾਂ ਦੇ ਸੱਫ਼ਾਰੀ ਖ਼ਾਨਦਾਨ ਦੇ ਮੋਢੀ ਯਾਕੂਬ ਬਿਨ ਲੈਸ ਨੂੰ ਸੰਨ ੨੫੭ ਹਿ. ਵਿਚ ਤੁਰਕਿਸਤਾਨ ਸਜਿਸਤਾਨ, ਕਿਰਮਾਨ ਦੇ ਨਾਲ ਸਿੰਧ ਦਾ ਇਲਾਕਾ ਵੀ

*ਤਾਰੀਖ਼ ਯਾਕੂਬੀ ਜਿ. ਦੂਜੀ ਪੰ. ਪ੯੯ (ਲੀਡਨ)

ਸਪੁਰਦ ਹੁੰਦਾ ਹੈ* । ਸੰਨ ੨੬੧ ਹਿ. ਵਿਚ ਮੁਅਤਮਿਦ ਆਪਣੇ ਉਤਸ਼ਾਹੀ ਭਰਾ ਮੁਵੱਫ਼ਿਕ ਨੂੰ ਸਾਰੇ ਦੂਜੇ ਪੂਰਬੀ ਦੇਸਾਂ ਦੇ ਨਾਲ ਸਿੰਧ ਦੀ ਹਕੂਮਤ ਵੀ ਬਖ਼ਸ਼ਦਾ ਹੈ ਅਤੇ ਏਸੇ ਸਮੇਂ ਏਧਰ ਫ਼ਾਰਸ ਖਾੜੀ ਦੇ ਅਰਬੀ ਤੇ ਇਰਾਕੀ ਕੰਢਿਆਂ ਤੇ ਕਰਮਤੀਆ (ਕਰਾਮਤਾ) ਦੀ ਬਗ਼ਾਵਤ ਸ਼ੁਰੂ ਹੁੰਦੀ ਹੈ ਏਧਰ ਪੱਛਮ ਵਿਚ ਇਸਮਾਈਲੀ ਫ਼ਾਤਮੀਆਂ ਦੀ ਲਹਿਰ ਪੈਦਾ ਹੁੰਦੀ ਹੈ ਜੋ ਅੰਤ ਨੂੰ ਮਿਸਰ ਤਕ ਛਾ ਜਾਂਦੀ ਹੈ ।

ਵਧੇਰੇ ਸੰਭਾਵਨਾ ਹੈ ਕਿ ਏਹੀ ਉਹ ਉਚਿਤ ਸਮਾਂ ਹੈ ਜਦੋਂ ਸਿੰਧ ਦਾ ਇਹ ਨਾਮ ਮਾਤਰ ਸਬੰਧ ਵੀ ਬਗ਼ਦਾਦ ਨਾਲੋਂ ਟੁਟ ਜਾਂਦਾ ਹੈ। ਬਲਾਜ਼ੁਰੀ, ਜੋ ਸੰਨ ੨੭੯ ਹਿ. ਵਿਚ ਮਰਿਆ ਹੈ, ਲਿਖਦਾ ਹੈ ਕਿ "ਬਨੂ ਕਿੰਦਾ ਦਾ ਆਜ਼ਾਦ ਕੀਤਾ ਗ਼ੁਲਾਮ ਅਬੁੱਲ ਸੰਮੇ, ਜੋ ਤੀਜੀ ਸਦੀ ਦੇ ਸ਼ੁਰੂ ਦੇ ਇਕ ਅੱਬਾਸੀ ਗਵਰਨਰ, ਉਮਰ ਬਿਨ ਹਫਜ਼ ਬਿਨ ਹਜ਼ਾਰ ਮਰਦ ਦੇ ਨਾਲ ਸਿੰਧ ਗਿਆ ਸੀ, ਦਾ ਪੁਤਰ ਸੰਮਾ ਅਜ ਕਲ ਸਿੰਧ ਵਿਚ ਧੀਂਗੋ ਜ਼ੋਰੀ ਖ਼ੁਦ ਮੁਖ਼ਤਿਆਰ ਬਣ ਬੈਠਿਆ ਹੈ"† ਪਰ ਮਲੂਮ ਹੁੰਦਾ ਹੈ ਕਿ ਉਮਰ ਬਿਨ ਅਬਦੁਲ ਅਜ਼ੀਜ਼ ਹਬਾਰੀ ਦੀ ਉਲਾਦ ਚੁਪ ਨਹੀਂ ਬੈਠੀ। ਆਪ ਉਮਰ ਬਿਨ ਅਬਦੁਲ ਅਜ਼ੀਜ਼ ਹਬਾਰੀ ਸਿੰਧ ਦੇ ਬਣਿਆਂ ਜਾਂ ਬਾਣੀਆਂ ਨਾਂ ਦੇ ਸ਼ਹਿਰ ਵਿਚ ਰਹਿੰਦਾ ਸੀ‡ ਪਰ ਏਸ ਦੀ ਉਲਾਦ ਨੇ ਪੱਕੇ ਤੌਰ ਤੇ ਸਿੰਧ ਦੇ ਹੇਠਲੇ ਇਲਾਕੇ ਉੱਤੇ ਕਬਜ਼ਾ ਕਰ ਕੇ ਮਨਸੂਰਾ ਨੂੰ ਆਪਣਾ ਰਾਜ ਨਗਰ ਬਣਾ ਲਿਆ ਸੰਨ ੨੭੦ ਹਿ. ਵਿਚ ਉਮਰ ਬਿਨ ਅਬਦੁੱਲਾ ਮਨਸੂਰਾ ਦਾ ਹਾਕਮ ਸੀ। ਏਸੇ ਦੇ ਸਮੇਂ ਦੀ ਘਟਨਾ ਹੈ ਕਿ ਅੱਲਰਾ (ਅਲੂਰ ਵਾਕਿਆ ਸਿੰਧ) ਦੇ ਹਿੰਦੂ ਰਾਜੇ ਨੇ ਏਸ ਨੂੰ ਇਕ ਅਜੇਹੇ ਮੁਸਲਮਾਨ ਪਰਚਾਰਕ ਅਤੇ ਵਿਦਵਾਨ ਸਬੰਧੀ ਫ਼ਰਮਾਇਸ਼ ਕੀਤੀ ਸੀ ਜੋ ਇਸ ਨੂੰ ਇਸਲਾਮ ਧਰਮ ਤੋਂ ਵਾਕਫ ਕਰ ਸਕੇ§ ਸੰਨ ੩੦੩

*ਤਾਰੀਖ਼ ਇਬਨ ਖ਼ਲਦੂਨ ਜਿ. ੩ ਪੰ. ੩੪੩ (ਮਿਸਰ)

†ਬਲਾਜ਼ਰੀ ਪੰਨਾ ੪੪੫

‡ਇਬਨ ਹੌਕਲ ਸਿੰਧ ਦਾ ਵਰਨਣ

§ਅਜਾਇਬੁਲ ਹਿੰਦ ਬੁਜ਼ੁਰਗ ਬਿਨ ਸ਼ਹਿਰਯਾਰ ਪੰ. ੩ (ਲੀਡਨ)

ਹਿ. ਵਿਚ ਜਦੋਂ ਮਸਊਦੀ ਆਉਂਦਾ ਹੈ ਤਾਂ ਉਹ ਇਸ ਅਬੋਦੁੱਲਾ ਦੇ ਪੁਤਰ ਉਮਰ ਨੂੰ ਮਨਸੂਰਾ ਦਾ ਹਾਕਮ ਵੇਖਦਾ ਹੈ ਨਾਲੇ ਬਹੁਤ ਸਾਰੇ ਅਰਬ ਸਰਦਾਰ ਉੱਥੇ ਉਸ ਨੂੰ ਮਿਲਦੇ ਹਨ। ਸਯੱਦ ਤੇ ਅਲੀ ਦੇ ਵੰਸ਼ ਦੇ ਲੋਕ ਵੀ ਉਥੇ ਵਿਖਾਈ ਦਿੰਦੇ ਹਨ। ਬਾਦਸ਼ਾਹ ਦਾ ਨਾਂ ਉਮਰ ਬਿਨ ਅਬਦੁੱਲਾ, ਵਜ਼ੀਰ ਦਾ ਨਾਂ ਰਿਆਹ, ਅਤੇ ਕਾਜ਼ੀ ਆਲ ਅਬੀ ਸ਼ੋਰਾਬ ਸੀ ਮਸਊਦੀ ਦਾ ਅਸਲ ਲੇਖ ਇਹ ਹੈ:*

"ਮੇਰੇ ਮਨਸੂਰਾ ਪੁਜਣ ਦੇ ਸਮੇਂ ਅਬੁਲ ਮੁੰਜ਼ਿਰ ਉਮਰ ਬਿਨ ਅਬਦੁੱਲਾ ਬਾਦਸ਼ਾਹ ਸੀ। ਉੱਥੇ ਹੀ ਉਸ ਦੇ ਵਜ਼ੀਰ ਰਿਆਹ ਅਤੇ ਉਸ ਦੇ ਦੋਹਾਂ ਪੁਤਰਾਂ ਮੁਹੰਮਦ ਅਤੇ ਅਲੀ ਨੂੰ ਵੇਖਿਆ। ਇਕ ਹੋਰ ਅਰਬ ਸਰਦਾਰ ਨੂੰ ਜੋ ਉਥੋਂ ਦੇ ਬਾਦਸ਼ਾਹਾਂ ਵਿਚੋਂ ਇਕ ਬਾਦਸ਼ਾਹ ਸੀ, ਅਤੇ ਜਿਸ ਦਾ ਨਾਂ ਹਮਜ਼ਾ ਸੀ।† ਹਜ਼ਰਤ ਅਲੀ ਬਿਨ ਅਬੀ ਤਾਲਬ ਦੀ ਬਹੁਤ ਸਾਰੀ ਸਤਕਾਰ ਯੋਗ ਉਲਾਦ ਉੱਥੇ ਨਜ਼ਰ ਆਈ ਜੋ ਉਮਰ ਬਿਨ ਅਲੀ ਅਤੇ ਮੁਹੰਮਦ ਬਿਨ ਅਲੀ ਦੀ ਨਸਲ ਵਿਚੋਂ ਸੀ। ਮਨਸੂਰਾ ਦੇ ਬਾਦਸ਼ਾਹਾਂ ਅਤੇ ਉਥੋਂ ਦੇ. ਕਾਜ਼ੀ ਦੇ ਵੰਸ ਆਲ ਅਬੀਸ਼ੋਰਾਬ ਵਿਚ ਰਿਸ਼ਤੇਦਾਰੀ ਸੀ। ਮਨਸੂਰਾ ਦੇ ਇਹ ਬਾਦਸ਼ਾਹ ਹਬਾਰ ਬਿਨ ਅਸਵਦ ਦੀ ਉਲਾਦ ਹਨ ਜੋ ਬਨੂ ਉਮਰ ਬਿਨ ਅਬਦੁਲ ਅਜ਼ੀਜ਼ ਅਖਵਾਉਂਦੇ ਹਨ"।

ਮਸਊਦੀ ਦੇ ਪਿੱਛੋਂ ਸੰਨ ੩੬੭ ਹਿ. ਵਿਚ ਇਬਨ ਹੌਕਲ ਆਇਆ।

---

*ਮਰੂਜੁਜ਼ਹਬ ਮਸਊਦੀ ਜਿਲਦ ਪਹਿਲੀ ਪੰ. ੩੭੭

†ਡਾਕਟਰ ਬਰਡ (Biid), ਜਿਨ੍ਹਾਂ ਦਾ ਹਵਾਲਾ ਏਲੀਅਟ ਨੇ ਦਿਤਾ ਹੈ (ਜਿ. ੧ ਪੰ. ੪੯੮) ਨੇ ਏਸ ਫ਼ਿਕਰੇ ਦਾ ਅਰਥ ਬਿਲਕੁਲ ਗ਼ਲਤ ਸਮਝਿਆ ਹੈ ਏਥੇ ਸ਼ਹੀਦਾਂ ਦੇ ਸਰਦਾਰ ਹਮਜ਼ਾ ਦੇ ਨਾਂ ਤੋਂ ਉਨ੍ਹਾਂ ਨੂੰ ਸ਼ੰਕਾ ਪੈਦਾ ਹੋਈ। ਇਹ ਹਮਜ਼ਾ ਮੁਹੰਮਦ ਸਾਹਿਬ (ਆਪ ਤੇ ਸਲਾਮ ਹੋਵੇ) ਦੇ ਚਾਚੇ ਹਮਜ਼ਾ ਨਹੀਂ ਸਗੋਂ ਹਮਜ਼ਾ ਨਾਂ ਦਾ ਕੋਈ ਹੋਰ ਅਰਬ ਸਰਦਾਰ ਸੀ। ਮਸਊਦੀ ਖ਼ੁਦ ਹਮਜ਼ਾ ਦਾ ਵਰਨਣ ਕਰ ਰਿਹਾ ਹੈ ਉਸ ਦੀ ਉਲਾਦ ਦਾ ਵਰਨਣ ਨਹੀਂ ਕਰ ਰਿਹਾ। ਹਜ਼ਰਤ ਹਮਜ਼ਾ ਦੀ ਕੋਈ ਨਰ ਉਲਾਦ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਨਸਲ ਵਧੀ ਸੀ।

ਏਸ ਵੇਲੇ ਤਕ ਏਹੀ ਖ਼ਾਨਦਾਨ ਏਥੇ ਹਕੂਮਤ ਕਰ ਰਿਹਾ ਸੀ, ਭਾਵੇਂ ਇਨ੍ਹਾਂ ਦਾ ਅੱਬਾਸੀ ਖ਼ਲਾਫ਼ਤ ਨਾਲ ਕੋਈ ਰਾਜਸੀ ਤੇ ਰਾਜਪਰਬੰਕੀ ਸਬੰਧ ਨਹੀਂ ਸੀ ਰਿਹਾ, ਪਰ ਧਾਰਮਕ ਰਿਸ਼ਤਾ ਬਾਕੀ ਸੀ ਜਿਹਾ ਕਿ ਇਹ ਅੱਬਾਸੀ ਬਾਕੀ ਖ਼ਲੀਫ਼ਿਆਂ ਦੇ ਨਾਂ ਦਾ ਖ਼ੁਤਬਾ ਪੜ੍ਹਦੇ ਸਨ ਮੂਲ ਇਬਾਰਤ ਇਹ ਹੈ:—*

"ਦੇਸ ਦਾ ਬਾਦਸ਼ਾਹ ਇਕ ਕੁਰੈਸ਼ੀ ਹੈ ਜਿਸ ਬਾਰੇ ਆਖਿਆ ਜਾਂਦਾ ਹੈ ਕਿ ਉਹ ਹਬਾਰ ਬਿਨ ਅਸਵਦ ਦੀ ਨਸਲ ਵਿਚੋਂ ਹੈ। ਏਸ ਦੇ ਪਿਉ ਦਾਦਾ ਏਸ ਦੇਸ ਤੇ ਰਾਜ ਕਰਦੇ ਸਨ ਅਤੇ ਹੁਣ ਉਹ ਬਾਦਸ਼ਾਹ ਹੈ ਪਰ ਖ਼ੁਤਬਾ ਬਗ਼ਦਾਦ ਦੇ ਖ਼ਲੀਫ਼ੇ ਦੇ ਨਾਂ ਦਾ ਹੀ ਪੜ੍ਹਿਆ ਜਾਂਦਾ ਹੈ।"

ਸੰਨ ੩੭੫ ਹਿ. ਵਿਚ ਮੁਕੱਦਸੀ ਆਇਆ ਤਾਂ ਉਸ ਨੇ ਉਸੇ ਵੰਸ਼ ਨੂੰ ਉਵੇਂ ਜਿਵੇਂ ਰਾਜ ਕਰਦਾ ਵੇਖਿਆ, ਪਰ ਏਸ ਸਮੇਂ ਵਿਚਕਾਰ ਦੈਲਮੀਆਂ ਦਾ ਸ਼ੀਆ ਖ਼ਾਨਦਾਨ, ਜੋ ਫ਼ਾਰਸ ਤੇ ਹਕੂਮਤ ਕਰ ਰਿਹਾ ਸੀ, ਦਾ ਪਰਭਾਵ ਵੀ ਬਲੋਚਿਸਤਾਨ ਰਾਹੀਂ ਸਿੰਧ ਤਕ ਪੁਜ ਰਿਹਾ ਸੀ ਫੇਰ ਵੀ ਬਗ਼ਦਾਦ ਦੇ ਖ਼ਲੀਫ਼ੇ ਦਾ ਨਾਂ ਬਾਕੀ ਸੀ ਬੁਸ਼ਾਰੀ ਆਖਦਾ ਹੈ: †

"ਮਨਸੂਰਾ ਉੱਤੇ ਇਕ ਸੁਲਤਾਨ ਦਾ ਰਾਜ ਹੈ ਜੋ ਕੁਰੈਸ਼ੀ ਵੰਸ ਵਿਚੋਂ ਹੈ, ਪਰ ਇਹ ਲੋਕ ਅੱਬਾਸੀ ਖਲੀਫ਼ਾ ਦੇ ਨਾਂ ਦਾ ਖ਼ੁਤਬਾ ਪੜ੍ਹਦੇ ਹਨ ਅਤੇ ਕਦੇ ਅਜ਼ੱਦੁਦੌਲਾ (ਦੈਲਾਮੀ) ਦਾ ਖ਼ੁਤਬਾ ਪੜ੍ਹਦੇ ਸਨ। ਜਿਸ ਸਮੇਂ ਅਸੀਂ ਸ਼ੀਰਾਜ਼ ਵਿਚ ਸਾਂ ਉਸ ਸਮੇਂ ਏਥੋਂ ਇਕ ਦੂਤ ਸ਼ੀਰਾਜ਼ ਅਜ਼ੱਦੁਦੌਦਾ ਦੇ ਪੁਤਰ ਦੇ ਪਾਸ ਗਿਆ ਸੀ।

ਸ਼ਹਿਰ ਮਨਸੂਰਾ ਦੀ ਵਸੋਂ ਤੇ ਵਿਸਥਾਰ

ਇਬਨ ਹੌਕਲ ਦਾ ਬਿਆਨ ਹੈ ਕਿ ਮਨਸੂਰਾ ਇਕ ਮੀਲ ਲੰਮਾ ਤੇ ਇਕ ਮੀਲ ਚੌੜਾ ਸੀ। ਚਾਰੋਂ ਪਾਸਿਉਂ ਦਰਿਆ ਨਾਲ ਘਿਰਿਆ

*ਸਫ਼ਰਨਾਮਾ ਇਬਨ ਹੌਕਲ, ਸਿੰਧ ਦਾ ਵਰਨਣ।
†ਅਹਸਨੁੱਤਕਾਸੀਮ ਬੁਸ਼ਾਰੀ ਪੰ. ੪੮੫.

ਹੋਇਆ ਸੀ । ਏਥੋਂ ਦੇ ਵਸਨੀਕ ਮੁਸਲਮਾਨ ਸਨ ਬੁਸ਼ਾਰੀ ਆਖਦਾ ਹੈ ਕਿ ਮਨਸੂਰਾ ਸਿੰਧ ਦਾ ਕੇਂਦਰੀ ਸ਼ਹਿਰ ਤੇ ਮੁਲਕ ਦੀ ਰਾਜਧਾਨੀ ਹੈ ਇਹ ਦਿਮਿਸ਼ਕ ਵਾਂਙੂੰ ਹੈ । ਮਕਾਨ ਲਕੜੀ ਤੇ ਮਿੱਟੀ ਦੇ ਹਨ । ਜਾਮਿ ਮਸਜਿਦ ਇਟਾਂ ਤੇ ਪਥਰਾਂ ਦੀ ਬਣੀ ਹੋਈ ਤੇ ਵਿਸ਼ਾਲ ਹੈ ਇਹ ਉੱਮਾਨ ਦੀ ਜਾਮਿ ਮਸਜਿਦ ਵਾਂਙ ਸਾਲ ਦੀ ਲਕੜ ਤੇ ਥਮਾਂ ਉਤੇ ਖੜੀ ਹੈ... ... ... ਬਜ਼ਾਰ ਵਿਚਕਾਰ ਵਾਕਿਆ ਹੈ... ... ... ਸ਼ਹਿਰ ਦੇ ਚਾਰ ਦਰਵਾਜ਼ੇ ਹਨ । ਇਕ ਦਾ ਨਾਂ ਬਾਬੁਲ ਬਹਿਰ (ਸਮੁੰਦਰ ਵੱਲ ਦਾ ਦਰਵਾਜ਼ਾ) ਦੂਜੇ ਦਾ ਨਾਂ ਤੂਰਾਨ ਦਰਵਾਜ਼ਾ ਤੀਜੇ ਦਾ ਨਾਂ ਸੰਦਾਨ ਦਰਵਾਜ਼ਾ ਹੈ ਅਤੇ ਚੌਥੇ ਦਾ ਨਾਂ ਮੁਲਤਾਨੀ ਦਰਵਾਜ਼ਾ ਹੈ ।*

ਮਨਸੂਰਾ ਰਾਜ ਦੀ ਵਿਸ਼ਾਲਤਾ ਤੇ ਸਰਸਬਜ਼ੀ

ਏਸ ਅਰਬ ਰਾਜ ਦੇ ਵਿਸਥਾਰ ਵਿਚ ਸਿੰਧ ਦੇ ਅਨੇਕ ਸ਼ਹਿਰ ਸਨ । ਬੁਸ਼ਾਰੀ ਆਖਦਾ ਹੈ ਕਿ ਸਿੰਧ ਦਾ ਰਾਜ ਨਗਰ ਮਨਸੂਰਾ ਹੈ ਅਤੇ ਏਸ ਦੇ ਸ਼ਹਿਰਾਂ ਵਿਚੋਂ ਦੈਬਲ, ਜੰਦਰੀਜ਼, ਕਦਾਰ, ਮਾਇਲ ਤੇ ਬਤਲੀ ਹਨ । ਅਸਤਖ਼ਰੀ ਨੇ ਹੋਰ ਕੁਝ ਸ਼ਹਿਰ ਵੀ ਇਸ ਵਿਚ ਗਿਣਾਏ ਹਨ ਜਿਵੇਂ ਬਾਣੀਆਂ, ਸਦੂਸਾਨ, ਅਲੂਰ, ਸੋਬਾਰਾ, ਜ਼ੈਮੂਰ । ਮਸਊਦੀ ਦਾ ਬਿਆਨ ਹੈ ਕਿ "ਮਨਸੂਰਾ ਦੇ ਰਾਜ ਖੇਤਰ ਅੰਦਰ ਜੋ ਪਿੰਡ ਅਤੇ ਆਬਾਦੀਆਂ ਹਨ ਇਨ੍ਹਾਂ ਦੀ ਗਿਣਤੀ ਤਿੰਨ ਲਖ ਦੀ ਹੈ ਏਸ ਤੋਂ ਅਨੁਮਾਨ ਹੋਵੇਗਾ ਕਿ ਮਨਸੂਰਾ ਦਾ ਰਾਜ ਖ਼ਾਸਾ ਬੜਾ ਸੀ ।" ਫੇਰ ਮਸਊਦੀ ਆਖਦਾ ਹੈ ਕਿ "ਸਾਰੇ ਖੇਤ ਹਨ, ਬ੍ਰਿਛ ਹਨ ਅਤੇ ਆਬਾਦੀਆਂ ਨੇੜੇ ਨੇੜੇ ਹਨ ।" † ਏਸ ਤੋਂ ਏਸ ਦੇ ਆਬਾਦ ਤੇ ਸ਼ਾਦਾਬ ਹੋਣ ਦਾ ਅਨੁਮਾਨ ਹੋ ਸਕਦਾ ਹੈ ।

ਬਾਦਸ਼ਾਹ ਦਾ ਸੈਨਕ ਬਲ

ਮਸਊਦੀ ਆਖਦਾ ਹੈ ਕਿ:

"ਮਨਸੂਰਾ ਵਾਲਿਆਂ ਦੀਆਂ ਮੀਦੀਆਂ ਨਾਲ ਜੋ ਸਿੰਧ ਦੀ ਇਕ ਕੌਮ

---

*ਅਹਸਨੁੱਤਕਾਸੀਮ ਪੰ. ੪੭੯.

†ਮਰੂਜੁਜ਼ੱਹਬ ਜਿ. ੧ ਪੰ. ੩੭੮.

ਹੈ ਬਰਾਬਰ ਲੜਾਈਆਂ ਰਹਿੰਦੀਆਂ ਹਨ ਬਾਦਸ਼ਾਹ ਕੋਲ ੮੦ ਜੰਗੀ ਹਾਥੀ ਹਨ। ਨਿਯਮ ਇਹ ਹੈ ਕਿ ਇਕ ਜੰਗੀ ਹਾਥੀ ਦੇ ਨਾਲ ਪੰਜ ਸੌ ਪਿਆਦਾ ਫ਼ੌਜ ਹੁੰਦੀ ਹੈ। ਇਨ੍ਹਾਂ ਵਿਚੋਂ ਦੋ ਹਾਥੀ ਅਤੀ ਪਰਸਿਧ ਬਹਾਦਰ ਤੇ ਲੜਾਕੇ ਸਨ। ਜਿਨ੍ਹਾਂ ਵਿਚੋਂ ਇਕ ਦਾ ਨਾਂ 'ਮਨਸਰ ਕਲਸ' ਤੇ ਦੂਜੇ ਦਾ ਨਾਂ 'ਹੈਦਰਾ' ਸੀ ਇਹ ਸਿਖਾਏ ਹੋਏ ਸਨ"।*

ਮਸਊਦੀ ਨੇ ਗੋਇਆ ਸਾਨੂੰ ਮਨਸੂਰਾ ਦੀ ਪੂਰੀ ਫ਼ੌਜੀ ਤਾਕਤ ਦਸ ਦਿਤੀ ਹੈ। ਇਕ ਹਾਥੀ ਨਾਲ ਪੰਜ ਸੌ ਆਦਮੀ ਹੁੰਦੇ ਹਨ। ਤਾਂ ਅਸੀ ਹਾਥੀਆਂ ਨਾਲ ਚਾਲੀ ਹਜ਼ਾਰ ਫ਼ੌਜ ਹੋਵੇਗੀ।

ਮਨਸੂਰਾ ਦੀ ਵਿਦਿਅਕ ਤੇ ਧਾਰਮਕ ਦਸ਼ਾ

ਏਸ ਬਾਰੇ ਸਭ ਤੋਂ ਚੰਗਾ ਬਿਆਨ ਬੁਸ਼ਾਰੀ ਨੇ ਆਪਣੇ ਸਫ਼ਰਨਾਮੇ ਵਿਚ ਲਿਖਿਆ ਹੈ, ਆਖਦਾ ਹੈ:

"ਏਥੋਂ ਦੇ ਵਸਨੀਕ ਯੋਗ ਤੇ ਸੁਸ਼ੀਲ ਹਨ। ਇਨ੍ਹਾਂ ਦਾ ਇਸਲਾਮ ਧਰਮ ਚੰਗੀ ਦਸ਼ਾ ਵਿਚ ਹੈ। ਵਿਦਿਆ ਤੇ ਵਿਦਵਾਨ ਏਥੇ ਬਹੁਤ ਹਨ, ਇਹ ਬੁਧੀਵਾਨ ਤੇ ਚੇਤਨ ਹਨ, ਨੇਕੀ ਤੇ ਦਾਨ ਕਰਦੇ ਹਨ।†

ਜ਼ਮੀਂ (ਗ਼ੈਰ ਮੁਸਲਮਾਨ ਪਰਜਾ) ਬੁਤ ਪੂਜਦੇ ਹਨ। ਮੁਸਲਮਾਨਾਂ ਵਿਚ ਉਪਦੇਸ਼ਕ ਮੌਜੂਦ ਨਹੀਂ। ਮੁਸਲਮਾਨਾਂ ਵਿਚੋਂ ਅਕਸਰ ਹਦੀਸ ਵਾਲੇ ਹਨ। ਮੈਂ ਏਥੇ ਕਾਜ਼ੀ ਅਬੂ ਮੁਹੰਮਦ ਮਨਸੂਰੀ ਨੂੰ ਵੇਖਿਆ, ਜੋ ਦਾਊਦੀ ਸਨ ਅਤੇ ਆਪਣੇ ਧਰਮ ਦੇ ਇਮਾਮ ਸਨ। ਪੜ੍ਹਾਈ ਕਰਾਉਂਦੇ ਸਨ ਤੇ ਸੰਥਾ ਦਿੰਦੇ ਸਨ। ਉਨ੍ਹਾਂ ਦੀਆਂ ਰਚਨਾਵਾਂ ਹਨ ਜਿਨ੍ਹਾਂ ਵਿਚੋਂ ਉਨ੍ਹਾਂ ਦੀ ਕ੍ਰਿਤ ਬਹੁਤ ਚੰਗੀਆਂ ਪੁਸਤਕਾਂ ਹਨ ... ...ਬੜੇ ਬੜੇ ਸ਼ਹਿਰਾਂ ਵਿਚ ਹਨਫ਼ੀ ਫ਼ਕੀਹ ਵੀ ਮਿਲਦੇ ਹਨ ਪਰ ਏਥੇ ਮਾਲਕੀ (ਇਮਾਮ ਮਾਲਕ ਦੇ ਪੈਰੋ) ਅਤੇ ਹੰਬਲੀ (ਇਮਾਮ) ਹੰਬਲ ਦੇ ਪੈਰੋ ਨਹੀਂ ਅਤੇ ਨਾ ਮੁਅਤਜ਼ਲੀ ਹੀ ਹਨ। ਏਥੋਂ ਦੇ ਲੋਕ ਸਿਧੇ ਤੇ ਠੀਕ ਰਾਹ ਉਤੇ ਚਲਣ ਵਾਲੇ ਹਨ। ਇਨ੍ਹਾਂ ਵਿਚ

---

*ਮਰੂਜੁਜ਼ੱਹਬ ਜਿ. ੧ ਪੰ. ੩੭੮.

†ਮਰੂਜੁਜ਼ੱਹਬ ਜਿ. ੧ ਪੰ. ੩੭੯.—ਅਹਸਨੁੱਤਕਾਸੀਮ ਪੰ: ੪੭੯

ਨੇਕੀ ਤੇ ਸਦਾਚਾਰ ਹੈ।*

ਏਸ ਪੁਰਾਤਨ ਸਮੇਂ ਵਿਚ ਏਥੇ ਹਦੀਸ ਦਾਨਾਂ ਦਾ ਹੋਣਾ ਬੜੀ ਵਿਲਖਣ ਗੱਲ ਹੈ। ਦਾਊਦੀ ਫਿਰਕੇ ਤੋਂ ਮੁਰਾਦ ਦਾਊਦੀ ਬੁਹਰੇ ਨਹੀਂ ਸਗੋਂ ਇਮਾਮ ਦਾਊਦ ਜ਼ਾਰਹੀ ਦੇ ਅਨੁਸਾਰੀ ਮੁਰਾਦ ਹਨ ਜੋ ਇਕ ਤਰ੍ਹਾਂ ਦੇ ਹਦੀਸ ਵਾਲੇ ਹੀ ਸਨ।

ਬੋਲੀ

ਮਸਊਦੀ ਆਖਦਾ ਹੈ ਕਿ "ਸਿੰਧ ਦੀ ਬੋਲੀ ਖ਼ਾਸ ਹੈ ਹਿੰਦੁਸਤਾਨੀ ਤੋਂ ਵਖਰੀ" ਬੁਸ਼ਾਰੀ, ਮਨਸੂਰਾ ਦੀ ਬੰਦਰਗਾਹ ਦੈਬਲ ਬਾਰੇ ਆਖਦਾ ਹੈ ਕਿ ਏਥੇ ਸਾਰੇ ਵਪਾਰੀ ਹੀ ਵਸਦੇ ਹਨ ਇਨ੍ਹਾਂ ਦੀ ਬੋਲੀ ਸਿੰਧੀ ਤੇ ਅਰਬੀ ਹੈ। ਏਸ ਤੋਂ ਇਹ ਅਨੁਮਾਨ ਹੋ ਸਕਦਾ ਹੈ ਕਿ ਏਥੋਂ ਦੀ ਬੋਲੀ ਉੱਤੇ ਅਰਬੀ ਦਾ ਕਿੰਨਾ ਡੂੰਗਾ ਅਸਰ ਪਿਆ ਹੋਵੇਗਾ, ਜਿਸ ਦਾ ਸਬੂਤ ਅਜ ਵੀ ਮੌਜੂਦ ਹੈ ਕਿ ਇਨ੍ਹਾਂ ਦੀ ਸਿੰਧੀ ਬੋਲੀ ਵਿਚ ਅਰਬੀ ਭਾਸ਼ਾ ਦੇ ਸ਼ਬਦ ਇਉਂ ਮਿਲੇ ਹੋਏ ਹਨ ਜਿਸ ਤਰਾਂ ਸਾਡੀ ਉਰਦੂ ਵਿਚ, ਸਭ ਤੋਂ ਵੱਡਾ ਅਸਰ ਇਹ ਹੈ ਕਿ ਸਿੰਧੀ ਲਿਪੀ ਅਜ ਵੀ ਇੰਨ ਬਿੰਨ ਅਰਬੀ ਹੈ।

ਮਨਸੂਰਾ ਦਾ ਅੰਤ

ਮਨਸੂਰਾ ਦੇ ਅਰਬੀ ਰਾਜ ਦਾ ਅੰਤ ਕਿਵੇਂ ਹੋਇਆ? ਏਸ ਬਾਰੇ ਕੋਈ ਸਪਸ਼ਟ ਗਲ ਨਹੀਂ ਮਿਲਦੀ ਬੁਸ਼ਾਰੀ ਦੇ ਸਮੇਂ ਅਥਵਾ ਸੰਨ ੩੭੫ ਹਿ. ਤਕ ਉਹ ਨਿਸਚਤ ਤੌਰ ਤੇ ਕਾਇਮ ਸੀ। ਏਸ ਦੇ ਪੰਦਰਾਂ ਸਾਲ ਪਿਛੋਂ ਮਹਿਮੂਦ ਦੇ ਹਮਲੇ ਸ਼ੁਰੂ ਹੁੰਦੇ ਹਨ। ਸੰਨ ੪੧੬ ਹਿ. ਵਿਚ ਜਦੋਂ ਸੁਲਤਾਨ ਮਹਿਮੂਦ ਨੇ ਸੋਮਨਾਥ ਉੱਤੇ ਆਪਣਾ ਪਰਸਿਧ ਹਮਲਾ ਕੀਤਾ ਸੀ ਤਾਂ ਉਥੋਂ ਮੁੜਦੀ ਵਾਰੀ ਉਸ ਨੇ ਸਿੰਧ ਦਾ ਰਾਹ ਚੁਣਿਆ ਸੀ। ਗੁਜਰਾਤ ਤੋਂ ਸਿੰਧ ਅਤੇ ਸਿੰਧ ਤੋਂ ਸਿੰਧ ਨਦੀ ਦੇ ਕੰਢੇ ਕੰਢੇ ਮੁਲਤਾਨ ਅਤੇ ਮੁਲਤਾਨੋਂ ਗ਼ਜ਼ਨੀ ਪੁਜਾ। ਇਤਿਹਾਸਕਾਰਾਂ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਏਸ ਰਸਤਿਉਂ ਹੁੰਦਾ ਹੋਇਆ ਉਹ ਮਨਸੂਰਾ

*ਅਹਸਨੁੱਤਕਾਸੀਮ ਪੰ. ੪੮੧.

ਵਿਚੋਂ ਹੋਕੇ ਲੰਘਿਆ* ਪਰ ਇਬਨ ਅਸੀਰ ਨੇ ਆਪਣੀ ਤਾਰੀਖ਼ੇ ਕਾਮਿਲ ਵਿਚ ਏਸੇ ਸਾਲ ਦੀਆਂ ਘਟਨਾਵਾਂ ਦੇ ਸਿਰਲੇਖ ਹੇਠ ਇਕ ਮਹੱਤਵ ਦੀ ਗਲ ਲਿਖੀ ਹੈ।†

"ਅਤੇ ਸੁਲਤਾਨ ਨੇ ਮਨਸੂਰਾ ਦਾ ਇਰਾਦਾ ਕੀਤਾ। ਏਥੋਂ ਦਾ ਹਾਕਮ ਇਸਲਾਮ ਤੋਂ ਫਿਰ ਗਿਆ ਸੀ। ਜਦੋਂ ਉਸ ਨੂੰ ਸੁਲਤਾਨ ਦੇ ਆਉਣ ਦੀ ਖ਼ਬਰ ਮਿਲੀ ਤਾਂ ਸ਼ਹਿਰ ਤੋਂ ਨਿਕਲ ਗਿਆ। ਆਪਣੇ ਆਦਮੀਆਂ ਨੂੰ ਲੈਕੇ ਝਾੜੀਆਂ ਵਿਚ ਛੁਪ ਗਿਆ। ਸੁਲਤਾਨ ਮਹਿਮੂਦ ਨੇ ਏਸ ਦਾ ਪਿੱਛਾ ਕੀਤਾ। ਬਹੁਤ ਸਾਰੇ ਆਦਮੀ ਮਾਰੇ ਗਏ ਅਤੇ ਬਹੁਤ ਸਾਰੇ ਦਰਿਆ ਵਿਚ ਡੁਬ ਕੇ ਮਰ ਗਏ। ਥੋੜੇ ਜੇਹੇ ਬਚ ਗਏ। ਉਥੋਂ ਸੁਲਤਾਨ ਭਾਟੀਆ ਹੋ ਕੇ ਗ਼ਜ਼ਨੀ ਚਲਾ ਗਿਆ"।‡

ਪਰਸ਼ਨ ਇਹ ਹੈ ਕਿ "ਇਸਲਾਮ ਤੋਂ ਫਿਰ ਜਾਣ ਤੇ ਪਤਿਤ ਹੋ ਜਾਣ" ਦਾ ਕੀ ਮਤਲਬ ਹੈ? ਜੇ ਏਸ ਹਮਲੇ ਨੂੰ ਮੁਸਲਮਾਨਾਂ ਦੇ ਵਿਚਾਰ ਅਨੁਸਾਰ ਠੀਕ ਸਿਧ ਕਰਨ ਲਈ ਮਨਸੂਰਾ ਦੇ ਹਾਕਮ ਨੂੰ ਦੀਨੋਂ ਪਤਿਤ ਸਿਧ ਨਾ ਕੀਤਾ ਗਿਆ ਹੋਵੇ ਤਾਂ ਏਸ ਸਮੇਂ ਦੇ ਮੁਹਾਵਰੇ ਅਨੁਸਾਰ ਏਸ ਦਾ ਅਰਥ ਇਹ ਨਿਸਚਤ ਕੀਤਾ ਜਾ ਸਕੇਗਾ ਕਿ ਮੁਲਤਾਨ ਦੀ ਤਰ੍ਹਾਂ ਮਨਸੂਰਾ ਦਾ ਬਾਦਸ਼ਾਹ ਵੀ ਸ਼ਾਇਦ ਇਸਮਾਈਲੀ ਕਰਮਤੀ ਮਤ ਵਿਚ ਦਾਖ਼ਲ ਹੋ ਗਿਆ ਹੋਵੇ, ਨਹੀਂ ਤਾਂ ਇਸ ਹਮਲੇ ਤੋਂ ੪੧ ਵਰ੍ਹੇ ਪਹਿਲਾਂ ਬੁਸ਼ਾਰੀ ਦੀ ਮਨਸੂਰਾ ਦੇ ਵਸਨੀਕਾਂ ਦੇ ਸੁੰਨੀ ਬਲਕਿ ਹਦੀਸ ਵਾਲੇ ਹੋਣ ਸਬੰਧੀ ਪੂਰੀ ਪੂਰੀ ਸਾਖੀ ਮੌਜੂਦ ਹੈ। ਜੋ ਵੀ ਹੈ, ਏਸ ਤੋਂ ਇਹ ਸਾਬਤ ਹੁੰਦਾ ਹੈ ਕਿ ਮਨਸੂਰਾ ਦੇ ਏਸ ਹਬਾਰੀ ਰਾਜ ਦਾ, ਸੰਨ ੪੧੬ ਹਿ. ਵਿਚ

---

*ਜ਼ੈਨੁਲ ਅਖ਼ਬਾਰ ਗ਼ਰਦੇਜ਼ੀ ਪੰ. ੮੭ (ਬੁਰਲਨ)

†ਕਾਮਿਲ ਇਬਨ ਅਸੀਰ ਜਿ. ੯ ਪੰ. ੨੪੩ (ਲੀਡਨ)

‡ਏਲੀਅਟ ਨੇ ਇਬਨ ਅਸੀਰ ਦੇ ਆਧਾਰ ਤੇ ਲਿਖਿਆ ਹੈ ਕਿ "ਸੁਲਤਾਨ ਮਹਿਮੂਦ ਨੇ ਇਕ ਮੁਸਲਮਾਨ ਨੂੰ ਮਨਸੂਰਾ ਦਾ ਬਾਦਸ਼ਾਹ ਬਣਾਇਆ"। (ਜਿਲਦ ਪਹਿਲੀ) ਪਰ ਇਬਨ ਅਸੀਰ ਵਿਚ ਇਹ ਫ਼ਿਕਰਾ ਨਹੀਂ ਸਗੋਂ ਉਹ ਬਿਆਨ ਹੈ ਜੋ ਮੈਂ ਲਿਖਿਆ ਹੈ ਏਸ ਤੋਂ ਇਹ ਭੁਲ ਸ਼ਾਇਦ ਕਿਸੇ ਯੂਰਪੀਨ ਤਰਜਮੇ ਦੇ ਆਧਾਰ ਤੇ ਹੋਈ ਹੈ।

ਸੁਲਤਾਨ ਮਹਿਮੂਦ ਦੇ ਹੱਥੋਂ ਖ਼ਾਤਮਾ ਹੋਇਆ। ਪਰਸਿੱਧ ਖੋਜੀ ਇਬਨ ਖ਼ਲਦੂਨ ਇਕ ਮੌਕੇ ਤੇ ਹਬਾਰ ਬਿਨ ਅਸਵਦ ਦੇ ਵੰਸ ਸਬੰਧੀ ਵੇਰਵਾ ਦਿੰਦਾ ਲਿਖਦਾ ਹੈ "ਏਸੇ ਹਬਾਰ ਬਿਨ ਅਸਵਦ ਦੀ ਨਸਲ 'ਚੋਂ ਉਮਰ ਬਿਨ ਅਬਦੁਲ ਅਜ਼ੀਜ਼ ਸੀ, ਜਿਸ ਨੇ ਖ਼ਲੀਫ਼ਾ ਮੁਤਵੱਕਲ ਦੇ ਕਤਲ ਪਿਛੋਂ ਗੜ ਬੜ ਦੇ ਸ਼ੁਰੂ ਵਿਚ ਸਿੰਧ ਉਤੇ ਕਬਜ਼ਾ ਕਰ ਲਿਆ ਸੀ। ਏਸ ਦੀ ਉਲਾਦ ਨੇ ਸਿੰਧ ਤੇ ਇਕ ਦੂਜੇ ਪਿਛੋਂ ਰਾਜ ਕੀਤਾ। ਏਥੋਂ ਤਕ ਕਿ ਗ਼ਜ਼ਨੀ ਦੇ ਸੁਲਤਾਨ ਮਹਿਮੂਦ ਦੇ ਹਥੋਂ ਏਸ ਦਾ ਅੰਤ ਹੋਇਆ। ਇਨ੍ਹਾਂ ਦਾ ਰਾਜ ਨਗਰ ਮਨਸੂਰਾ ਸੀ"।*

ਕੀ ਮਨਸੂਰਾ ਦੇ ਵਸਨੀਕ ਵੀ ਕਰਮਤੀ ਇਸਮਾਈਲੀ ਸਨ ?

ਉੱਪਰ ਦੀਆਂ ਸਤਰਾਂ ਵਿਚ ਬੁਸ਼ਾਰੀ ਨੇ, ਜੋ ਆਪ ਇਕ ਫ਼ਕੀਹ (Jurisprudent) ਤੇ ਵਿਦਵਾਨ ਸੀ, ਜਿਸ ਧੂਮ ਧਾਮ ਨਾਲ ਸੰਨ ੩੭੫ ਹਿ. ਵਿਚ ਮਨਸੂਰਾ ਵਾਲਿਆਂ ਦੇ ਦੀਨਦਾਰ ਸੁੰਨੀ ਹੋਣ ਦੀ ਸ਼ਾਹਦੀ ਦਿੱਤੀ ਹੈ ਏਸ ਨੂੰ ਨਜ਼ਰ ਸਾਹਮਣੇ ਰਖਦੇ ਹੋਏ ਸੰਨ ੪੧੬ ਹਿ. ਵਿਚ ਇਨ੍ਹਾਂ ਦਾ ਕਰਮਤੀ ਹੋਣਾ ਕਠਨ ਵਿਖਾਈ ਦਿੰਦਾ ਹੈ। ਇਬਨ ਖ਼ਲਦੂਨ ਦੇ ਬਿਆਨ ਤੋਂ ਸਿਧ ਹੈ ਕਿ ਮਹਿਮੂਦ ਨੇ ਹਬਾਰੀ ਅਮੀਰ ਦੇ ਹੱਥੋਂ ਸਿੰਧ ਦੀ ਰਿਆਸਤ ਖੋਹੀ ਅਤੇ ਇਬਨ ਅਸੀਰ ਦੇ ਬਿਆਨ ਤੋਂ ਪਰਗਟ ਹੁੰਦਾ ਹੈ ਕਿ ਜਿਸ ਅਮੀਰ ਦੇ ਹਥੋਂ ਏਸ ਨੇ ਰਾਜ ਖੋਹਿਆ ਏਸ ਦੇ ਬਾਰੇ ਸੁਲਤਾਨ ਨੂੰ ਇਹ ਮਲੂਮ ਹੋਇਆ ਸੀ ਕਿ ਉਹ ਦੀਨੋਂ ਪਤਿਤ ਹੋ ਗਿਆ ਹੈ ਜਿਸ ਦਾ ਦੂਜਾ ਅਰਥ ਇਹ ਹੈ ਕਿ ਉਹ ਕਰਮਤੀ ਇਸਮਾਈਲੀ ਹੋ ਗਿਆ ਸੀ।

ਜੇਹਾ ਕਿ ਉੱਪਰ ਆਖਿਆ ਗਿਆ ਹੈ ਕਿ ਮਨਸੂਰਾ ਵਾਲਿਆਂ ਦੇ ਕਰਮਤੀ ਇਸਮਾਈਲੀ ਹੋ ਜਾਣ ਦੀ ਪਰਸਿੱਧੀ ਮਨਸੂਰਾ ਦੇ ਇਸਲਾਮੀ ਰਾਜ ਉੱਤੇ ਸੁਲਤਾਨ ਦੇ ਹਮਲੇ ਦੇ ਜਾਇਜ਼ ਹੋਣ ਲਈ ਨਹੀਂ ਕੀਤੀ ਗਈ ਤਾਂ ਇਬਨ ਅਸੀਰ ਦੇ ਬਿਆਨ ਤੋਂ ਏਹੀ ਸਮਝਿਆ ਜਾ ਸਕਦਾ ਹੈ ਕਿ

*ਤਾਰੀਖ਼ ਇਬਨ ਖ਼ਲਦੂਨ ਜਿ. ੨ ਪੰ. ੩੨੭ (ਮਿਸਰ)

ਸੰਨ ੩੭੫ ਹਿ. ਦੇ ਪਿਛੋਂ ਸੁੰਨੀ ਹਬਾਰੀ ਵੰਸ ਦਾ ਅੰਤ ਕਰਮਤੀਆਂ ਨੇ ਕੀਤਾ। ਜਾਂ ਮੁਲਤਾਨ ਦੇ ਉਨ੍ਹਾਂ ਦੇ ਹਥੋਂ ਨਿਕਲ ਜਾਣ ਪਿਛੋਂ ਉਨ੍ਹਾਂ ਨੇ ਸਿੰਧ ਵਿਚ ਆਪਣੀ ਰਿਆਸਤ ਕਾਇਮ ਕਰ ਲਈ ਹੋਵੇ ਅਤੇ ਏਸੇ ਕਰਮਤੀ ਰਾਜ ਦਾ ਸੁਲਤਾਨ ਮਹਿਮੂਦ ਨੇ ਸੰਨ ੪੧੬ ਹਿ. ਵਿਚ ਖ਼ਾਤਮਾ ਕੀਤਾ ਹੋਵੇ।

ਦੁਰੂਜ਼ੀ ਪਤਰਕਾ

ਜਿਸ ਦੁਰੂਜ਼ੀ ਪਤਰਕਾ ਦੀ ਟੂਕ ਉਪਰ ਆ ਚੁਕੀ ਹੈ ਏਸ ਦੀ ਹੈਸੀਅਤ ਏਸ ਪਰਸ਼ਨ ਸਬੰਧੀ ਬਹੁਤ ਮਹੱਤਤਾ ਰਖਦੀ ਹੈ। ਏਸ ਦੁਰੂਜ਼ੀ ਪਤਰਕਾ ਵਿਚ, ਜੋ ਸ਼ਾਮ ਦੇਸ ਦੇ ਇਸਮਾਈਲੀ ਦੁਰੂਜ਼ੀਆਂ ਦੇ ਧਾਰਮਕ ਇਮਾਮ ਵਲੋਂ ਭੇਜੀ ਗਈ ਹੈ, ਇਹ ਲਿਖਿਆ ਹੈ:

"ਆਮ ਕਰਕੇ ਮੁਲਤਾਨ ਤੇ ਹਿੰਦੁਸਤਾਨ ਦੇ ਇਕ ਈਸ਼ਵਰ ਨੂੰ ਮੰਨਣ ਵਾਲੇ (ਮੁਸਲਮਾਨਾਂ) ਦੇ ਅਤੇ ਖ਼ਾਸ ਕਰਕੇ ਸ਼ੈਖ਼ ਇਬਨ ਸੋਮਰ, ਰਾਜਾ ਬਲ ਦੇ ਨਾਂ"।

ਏਸ ਪਤਰਕਾ ਵਿਚ ਇਬਨ ਸੋਮਰ ਰਾਜਾ ਬਲ ਨੂੰ 'ਭੂਤਰਵਾ' ਅਤੇ 'ਹੌਦਲ ਹੋਲਾ' ਦਾ ਜਾਇਜ਼ ਵਾਰਸ ਲਿਖਿਆ ਹੈ। ਏਸੇ ਪਤਰਕਾ ਵਿਚ ਏਸ ਵੰਸ ਦੇ ਹੋਰ ਬਹੁਤ ਸਾਰੇ ਬੰਦਿਆਂ ਦੇ ਨਾਂ ਲਿਖੇ ਹਨ ਜਿਨ੍ਹਾਂ ਵਿਚੋਂ ਬਾਜ਼ੇ ਨਾਂ ਅਰਬੀ ਤੇ ਬਾਜ਼ੇ ਹਿੰਦੀ ਹਨ। ਪਰਾਪਕਾਂ ਨੂੰ ਗ਼ੈਰਤ ਦਿੰਦੇ ਹੋਏ ਲਿਖਿਆ ਹੈ ਕਿ:

"ਹੇ ਸਤਕਾਰ ਯੋਗ ਰਾਜਾ ਬਲ ਜੀਉ! ਆਪਣੇ ਵੰਸ ਨੂੰ ਉਪਰ ਚੁਕ, ਇਕ ਈਸ਼ਵਰ ਦੇ ਮੰਨਣ ਵਾਲੇ (ਮੁਸਲਮਾਨਾਂ) ਨੂੰ ਅਤੇ ਦਾਊਦ ਅਸਗਰ (ਛੋਟੇ ਦਾਊਦ) ਨੂੰ ਸੱਚੇ ਦੀਨ ਵਿਚ ਵਾਪਸ ਲੈ ਆ। ਮਸਊਦ ਨੇ ਜੋ ਉਸ ਨੂੰ ਹੁਣੇ ਜੇਹੇ ਕੈਦ ਅਤੇ ਗ਼ੁਲਾਮੀ ਤੋਂ ਸੁਤੰਤਰ ਕੀਤਾ ਹੈ ਇਸ ਦਾ ਕਾਰਣ ਹੈ ਕਿ ਤੂੰ ਏਸ ਕੰਮ ਨੂੰ ਪੂਰਾ ਕਰ ਸਕੇਂ ਜੋ ਤੈਨੂੰ, ਏਸ ਦੇ ਭਾਣਜੇ ਅਬਦੁੱਲਾ ਅਤੇ ਮੁਲਤਾਨ ਦੇ ਸਾਰੇ ਵਸਨੀਕਾਂ ਦੇ ਵਿਰੁਧ ਪੂਰਾ ਕਰਨ ਲਈ ਸੌਂਪਿਆ

ਗਿਆ ਹੈ ਤਾਂ ਜੋ ਤਕਦੀਸ* ਤੇ ਤੌਹੀਦ ਦੇ ਮੰਨਣ ਵਾਲੇ ਅਗਿਆਨੀ, ਹਟੀ, ਆਕੀ ਤੇ ਬਾਗ਼ੀ ਸ਼ਰੇਣੀ ਤੋਂ ਅਲਗ ਹੋ ਜਾਣ" ।†

ਏਸ ਪਤਰਕਾ ਤੋਂ ਬਹੁਤ ਮਹਤਤਾ ਵਾਲੇ ਸਿੱਟੇ ਕਢੇ ਜਾ ਸਕਦੇ ਹਨ ।

੧ – ਸੋਮਰ, ਜੋ ਸਿੰਧ ਦੇ ਵਸਨੀਕ ਸਨ ਅਤੇ ਜੋ ਏਸ ਪਿੱਛੋਂ ਸੋਮਰੀ ਵੰਸ ਦੇ ਮੋਢੀ ਹੋਏ, ਇਸਮਾਈਲੀ ਮਤ ਦੇ ਪੈਰੋ ਸਨ ।

੨ – ਇਨ੍ਹਾਂ ਦੇ ਨਾਂ ਹਿੰਦੂਆਂ ਜਹੇ ਅਤੇ ਅਰਬੀ ਢੰਗ ਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਵੰਸ ਅਰਬੀ ਤੇ ਹਿੰਦੀ ਨਸਲ ਦਾ ਮਿਸ਼ਰਨ ਸੀ ।

੩ – ਮੁਲਤਾਨ ਦੇ ਬਾਦਸ਼ਾਹ ਅਬੁਲਫ਼ਤਿਹ ਦਾਊਦ ਆਦਿ ਅਤੇ ਸਿੰਧ ਦੇ ਇਹ ਸੋਮਰੀ ਇਕੋ ਧਰਮ ਦੇ ਅਨੁਸਾਰੀ ਸਨ ।

੪ – 'ਸੋਮਰ' ਗ਼ਾਲਬਨ ਸਿੰਧ ਦੇ ਇਸਮਾਈਲੀਆਂ ਦਾ 'ਸ਼ੈਖ' ਅਤੇ ਇਮਾਮ ਸੀ ਕਿਉਂ ਕਿ 'ਸ਼ੈਖ' ਪਦ ਇਸਮਾਈਲੀ ਖ਼ਾਸ ਤੌਰ ਤੇ ਆਪਣੇ ਧਾਰਮਕ ਆਗੂ ਲਈ ਵਰਤਦੇ ਸਨ ।

੫ – ਮਲੂਮ ਹੁੰਦਾ ਹੈ ਕਿ ਅਬੁਲਫ਼ਤਿਹ ਦਾਊਦ ਦੇ ਪਿੱਛੋਂ ਏਸ ਦਾ ਕੋਈ ਪੁਤਰ ਸੀ ਜੋ ਛੋਟਾ ਦਾਊਦ ਕਰਕੇ ਪਰਸਿਧ ਸੀ ਜਿਸ ਨੂੰ ਸੁਲਤਾਨ ਮਸਊਦ ਨੇ ਇਸਮਾਈਲੀ ਮਤ ਤੋਂ ਤੋਬਾ ਕਰ ਲੈਣ ਤੇ ਕੈਦੋਂ ਰਿਹਾ ਕਰ ਦਿਤਾ ਸੀ ।

੬ – ਅਬਦੁੱਲਾ ਅਬੁਲਫ਼ਤਿਹ ਵਡੇ ਦਾਊਦ ਦਾ ਦੋਹਤਾ ਅਤੇ

---

*ਇਸਮਾਈਲੀਆਂ ਦਾ ਵਾਰ ਵਾਰ ਤੌਹੀਦ ਤੇ ਤਕਸੀਦ ਦਾ ਦਾਵਾ ਕਰਨਾ ਏਸ ਆਧਾਰ ਤੇ ਹੈ ਕਿ ਉਹ ਈਸ਼ਵਰ ਵਿਚ ਗੁਣਾਂ ਦਾ ਮੰਨਣਾ ਜਿਵੇਂ ਕਿ ਆਮ ਸੁੰਨੀ ਮੰਨਦੇ ਹਨ ਕੁਫ਼ਰ ਸਮਝਦੇ ਸਨ । ਉਹ ਈਸ਼ਵਰ ਵਿਚ ਗੁਣਾਂ ਦਾ ਅਭਾਵ ਮੰਨਦੇ ਸਨ ਜਿਸ ਦਾ ਨਾਂ ਇਨ੍ਹਾਂ ਦੇ ਵਿਚਾਰ ਵਿਚ ਤੌਹੀਦ ਤਕਸੀਦ ਸੀ । ਮੁਅਤਜ਼ਲਾ ਦਾ ਵੀ ਏਹੋ ਵਿਸ਼ਵਾਸ਼ ਸੀ ਏਸੇ ਲਈ ਉਹ ਵੀ ਆਪਣੇ ਆਪ ਨੂੰ ਅਹਲੇ ਅਦਲੋ ਤੌਹੀਦ (ਅਦਲ ਤੇ ਤੌਹੀਦ ਵਾਲੇ) ਆਖਦੇ ਸਨ ।

†ਇਲੀਅਟ ਜਿਲਦ ਪਹਿਲੀ ਪੰ. ੪੯੧.

ਛੋਟੇ ਦਾਊਦ ਦਾ ਭਣੇਵਾ ਸੀ ਜਿਸ ਨੂੰ ਮੁਲਤਾਨ ਦੇ ਲੋਕੀ ਆਪਣਾ ਅਮੀਰ ਬਣਾ ਲੈਣਾ ਚਾਹੁੰਦੇ ਸਨ।

੭ — ਏਸ ਪਤਰਕਾ ਦਾ ਮਨਸ਼ਾ ਇਹ ਹੈ ਕਿ ਇਬਨ ਸੋਮਰ, ਰਾਜਾ ਬਲ ਸੁਲਤਾਨ ਮਸਊਦ, ਅਬਦੁੱਲਾ ਤੇ ਮੁਲਤਾਨ ਵਾਲਿਆਂ ਦੇ ਵਿਰੁਧ ਆਪਣੇ ਕਬੀਲੇ ਨੂੰ ਜੰਗ ਲਈ ਉਭਾਰੇ ਅਤੇ ਇੰਜ ਕਰਮਤੀ ਇਸਮਾਈਲੀਆਂ ਦੀ ਤਾਕਤ ਜੋ ਨਸ਼ਟ ਹੋ ਗਈ ਸੀ ਏਸ ਨੂੰ ਮੁੜ ਕਾਇਮ ਕੀਤਾ ਜਾਵੇ। ਸੋ ਮੁਲਤਾਨ ਵਿਚ ਵਾਰ ਵਾਰ ਇਹ ਕੋਸ਼ਸ਼ ਕੀਤੀ ਗਈ ਪਰ ਨਿਸਫਲ ਰਹੀ ਤੇ ਕਦੇ ਸਫ਼ਲ ਨਹੀਂ ਹੋਈ।

੮ — ਆਖ਼ਰੀ ਮਹੱਤਤਾ ਵਾਲੀ ਗੱਲ ਏਸ ਚਿੱਠੀ ਤੋਂ ਸੋਮਰ ਦੀ ਵਿਅਕਤੀ ਬਾਰੇ ਮਲੂਮ ਹੁੰਦੀ ਹੈ ਕਿ ਇਹ ਕੋਈ ਬਲਵਾਨ ਤੇ ਧੜੱਲੇਦਾਰ ਆਦਮੀ ਸੀ। ਸੋਮਰ ਦਾ ਪੁਤਰ ਜਦੋਂ ਸੁਲਤਾਨ ਮਸਊਦ ਦਾ ਸਮਕਾਲੀ ਸੀ ਤਾਂ ਆਖਣਾ ਚਾਹੀਦਾ ਹੈ ਕਿ ਸੋਮਰ ਸੁਲਤਾਨ ਮਹਿਮੂਦ (ਮ੍ਰਿਤੂ ੪੨੧ ਹਿ.) ਦਾ ਸਮਕਾਲੀ ਸੀ।

੯ — ਏਹੀ ਸੋਮਰੀ ਹਨ ਜੋ ਏਸ ਪਤਰਕਾ ਦੀ ਮਿਤੀ ਤੋਂ ਵੀਹ ਵਰ੍ਹੇ ਪਿਛੋਂ ਸੁਲਤਾਨ ਅਬਦੁਰੱਸ਼ੀਦ ਬਿਨ ਮਹਿਮੂਦ ਗ਼ਜ਼ਨਵੀ (ਮ੍ਰਿਤੂ ਸੰਨ ੪੪੪ ਹਿ.) ਦੇ ਕਮਜ਼ੋਰ ਰਾਜ ਸਮੇਂ ਗ਼ਜ਼ਨਵੀਆਂ ਦੀ ਥਾਂ ਸਿੰਧ ਦੇ ਮਾਲਿਕ ਹੋ ਗਏ।

ਹਬਾਰੀ ਖਾਨਦਾਨ ਦੀ ਇਕ ਹਮੇਸ਼ ਰਹਿਣ ਵਾਲੀ ਯਾਦਗਾਰ

ਭਾਵੇਂ ਹਬਾਰੀ ਖ਼ਾਨਦਾਨ ਦੀ ਜ਼ਾਹਰੀ ਯਾਦਗਾਰ ਹਮੇਸ਼ ਲਈ ਮਿਟ ਗਈ ਪਰ ਏਸ ਦੀ ਇਕ ਰੂਹਾਨੀ ਯਾਦਗਾਰ ਹਮੇਸ਼ ਲਈ ਬਾਕੀ ਰਹਿ ਗਈ ਉਹ ਇਨ੍ਹਾਂ ਦਾ ਉਹ ਵੰਸ ਹੈ ਜੋ ਗ਼ਜ਼ਨਵੀਆਂ ਦੀ ਛਤਰ ਛਾਇਆ ਹੇਠ ਏਥੋਂ ਮੁਲਤਾਨ ਜਾ ਕੇ ਵਸਿਆ। ਸ਼ੈਖ਼ੁਲ ਇਸਲਾਮ ਜ਼ਕਰੀਆ ਮੁਲਤਾਨੀ ਨੇ ਸੰਨ ੫੭੮ ਹਿ. ਵਿਚ ਜਨਮ ਲਿਆ। ਫ਼ਰਿਸ਼ਤਾ ਦੇ ਕਥਨ

ਅਨੁਸਾਰ ਸੰਨ ੬੬੬ ਹਿ. ਵਿਚ, ਅਤੇ 'ਅਖ਼ਬਾਰੁਲ ਅਖ਼ਿਆਰ' ਦੇ ਕਥਨ ਅਨੁਸਾਰ ਸੰਨ ੬੬੧ ਹਿ. ਵਿਚ ਇਨ੍ਹਾਂ ਦਾ ਦਿਹਾਂਤ ਹੋਇਆ। ਸ਼ੇਖ ਅਬਦੁਲ ਹਕ ਦਿਹਲਵੀ ਨੇ ਆਪ ਨੂੰ 'ਅਸਦੀ' ਲਿਖਿਆ ਹੈ* ਜਿਸ ਬਾਰੇ ਮਲੂਮ ਹੋ ਚੁਕਿਆ ਹੈ ਕਿ ਉਹ ਹਜ਼ਰਤ ਹਬਾਰ ਦਾ ਕਬੀਲਾ ਸੀ ਸ਼ੈਖ ਐਨੁੱਦੀਨ ਬੀਜਾਪੁਰੀ ਨੇ ਇਨ੍ਹਾਂ ਦਾ ਕੁਰਸੀ ਨਾਮਾ ਹਜ਼ਰਤ (ਹਬਾਰੀ) ਬਿਨ ਅਸਵਦ ਬਿਨ ਮੁਤੱਲਬ ਬਿਨ ਅਸਦ ਤਕ ਪਹੁੰਚਾਇਆ ਹੈ† ਪੀਰਜ਼ਾਦਾ ਮੁਹੰਮਦ ਹੁਸੈਨ ਸਾਹਿਬ ਨੇ ਆਪਣੇ ਇਬਨ ਬਤੂਤਾ ਦੇ ਉਰਦੂ ਅਨੁਵਾਦ (ਜਿਲਦ ਦੂਜੀ ਪੰ. ੮) ਵਿਚ ਸ਼ੈਖ ਦੇ ਵਰਤਮਾਨ ਵੰਸ ਦੇ ਜ਼ਖੀਰੇ ਵਿਚੋਂ ਇਕ ਪੁਰਾਣੀ ਕਿਤਾਬ ਖ਼ੁਲਾਸਾ-ਤੁਲ-ਆਰਫ਼ੀਨ ਦੀ ਇਕ ਅਰਬੀ ਟੂਕ ਨਕਲ ਕੀਤੀ ਹੈ ਜੋ ਸੱਯਦ ਜਲਾਲ ਬੁਖਾਰੀ ਦੇ ਮਲਫ਼ੂਜ਼ਾਤ (ਪਤਰਾਂ) ਵਿਚੋਂ ਨਕਲ ਕੀਤੀ ਗਈ ਹੈ ਏਸ ਵਿਚ ਜੋ ਕੁਰਸੀ ਨਾਮਾ ਲਿਖਿਆ ਹੈ ਏਸ ਤੋਂ ਵੀ ਏਹੀ ਸਿਧ ਹੁੰਦਾ ਹੈ । ਏਸ ਤਰ੍ਹਾਂ ਸ਼ੈਖੁਲ ਇਸਲਾਮ ਦੇ ਵੰਸ ਦੇ ਹਿੰਦੁਸਤਾਨ ਆਉਣ ਦੀਆਂ ਜੋ ਦੋ ਤਾਰੀਖ਼ਾਂ ਮਿਲਦੀਆਂ ਹਨ। ਉਨ੍ਹਾਂ ਵਿਚੋਂ ਇਕ ਇਹ ਹੈ ਕਿ ਉਹ ਪਹਿਲੀ ਸਦੀ ਹਿਜਰੀ ਵਿਚ ਅਰਬ ਜੇਤੂਆਂ ਦੇ ਨਾਲ ਹਿੰਦੁਸਤਾਨ ਆਇਆ ਜੇਹਾ ਕਿ ਇਬਨ ਬਤੂਤਾ ਵਿਚ ਲਿਖਿਆ ਹੈ ਦੂਜੀ ਇਹ ਕਿ ਉਹ ਗੋਇਆ ਪੰਜਵੀਂ ਸਦੀ ਹਿਜਰੀ ਵਿਚ ਅਰਬੋਂ ਆਏ, ਇਹ ਦੋਵੇਂ ਮਿਲ ਜਾਂਦੀਆਂ ਹਨ, ਏਸ ਤਰ੍ਹਾਂ ਕਿ ਸਿੰਧ ਵਿਚ ਏਸ ਵੰਸ ਦਾ ਆਉਣਾ ਪਹਿਲੀ ਤਾਰੀਖ਼ ਦੇ ਅਨੁਸਾਰ ਅਰਥਾਤ ਦੂਜੀ ਸਦੀ ਹਿਜਰੀ ਵਿਚ ਹੋਇਆ ਅਤੇ ਮੁਲਤਾਨ ਵਿਚ ਇਹ ਲੋਕ ਮਨਸੂਰਾ ਦੀ ਤਬਾਹੀ ਪਿਛੋਂ, ਪੰਜਵੀਂ ਸਦੀ ਵਿਚ, ਗਜ਼ਨਵੀ ਰਾਜ ਦੇ ਛਤਰ ਛਾਇਆ ਹੇਠ ਆਕੇ ਵਸੇ । ਅਲਬਤਾ ਜੇਹਾ ਕਿ ਤਾਰੀਖ਼ ਫ਼ਰਿਸ਼ਤਾ ਵਿਚ ਲਿਖਿਆ ਹੈ, ਇਨ੍ਹਾਂ ਲੋਕਾਂ ਦਾ ਖ਼੍ਵਾਰਜ਼ਮ ਹੋਕੇ ਏਥੇ ਆਉਣ ਦਾ ਬਿਆਨ ਠੀਕ ਨਹੀਂ ਹੋਵੇਗਾ ਪਰ ਏਸ ਤੋਂ ਵੀ ਵਧੇਰੇ ਮਹਤੱਤਾ ਵਾਲਾ ਬਿਆਨ ਤਾਰੀਖ਼ ਤਾਹਿਰੀ ਦੇ ਲੇਖਕ ਦਾ ਹੈ ਜਿਸ ਨੇ ਵਿਸਥਾਰ

*ਅਖ਼ਬਾਰੁਲ ਅਖ਼ਆਰ ਪੰ. ੨੬ ਹਾਸ਼ਮੀ ਪਰੈਸ ਮੇਰਠ ।
†ਫ਼ਰਿਸ਼ਤਾ ਜਿ. ੨ ਪੰ. ੪੦੪ ਨਵਲਕਿਸ਼ੋਰ ।

ਨਾਲ ਇਹ ਦੱਸਿਆ ਹੈ ਕਿ ਸ਼ੇਖ ਬਹਾਉਦੀਨ ਸਿੰਧੀ ਸਨ ਅਤੇ ਸੰਮਾ ਕੌਮ* ਪਹਿਲਾਂ ਮੁਹੰਮਦ ਤੂਰ ਦੇ ਤਬਾਹ ਹੋਣ ਪਿਛੋਂ ਸਕੂਰ (ਵਰਤਮਾਨ ਸਖਰ) ਦ ਪਰਗਣੇ ਵਿਚ ਜੋ ਮੁਹੰਮਦ ਤੂਰ ਆਬਾਦ ਕੀਤਾ ਸੀ ਉਥੋਂ ਦੇ ਰਹਿਣ ਵਾਲੇ ਸਨ।†

ਸਿੰਧ ਗ਼ਜ਼ਨਵੀਆਂ, ਗ਼ੌਰੀਆਂ ਅਤੇ ਦਿੱਲੀ ਦੇ ਸੁਲਤਾਨਾਂ ਦੇ ਹੱਥ ਵਿਚ

ਸਿੰਧ ਦਾ ਗ਼ਜ਼ਨਵੀਆਂ ਦੇ ਹੱਥ ਵਿਚ ਸਨ ੪੪੪ ਹਿ. ਤਕ ਰਹਿਣਾ ਏਸ ਗੱਲ ਤੋਂ ਸਿਧ ਹੈ ਕਿ ਸੁਲਤਾਨ ਅਬਦੁਰਸ਼ੀਦ ਗ਼ਜ਼ਨਵੀ (ਸੰਨ ੪੪੪ ਹਿ.) ਦੇ ਸਮੇਂ ਤਕ ਸਿੰਧੋਂ ਖ਼ਰਾਜ਼ ਦਾ ਆਉਣਾ ਸਿੱਧ ਹੁੰਦਾ ਹੈ। ਏਸ ਦੇ ਪਿਛੋਂ ਹੀ ਗ਼ਜ਼ਨਵੀ ਰਾਜ ਵਿਚ ਗੜ ਬੜ ਪੈਦਾ ਹੋ ਗਈ ਭਾਵੇਂ ਨਾਮ ਮਾਤਰ ਅਖੀਰ (ਸੰਨ ੫੭੮ ਹਿ.) ਤਕ ਉਹ ਪੰਜਾਬ ਅਤੇ ਸਿੰਧ ਦੇ ਮਾਲਕ ਅਖਵਾਉਂਦੇ ਰਹੇ। ਸੰਨ ੫੭੮ ਹਿ. ਵਿਚ ਗ਼ਜ਼ਨਵੀਆਂ ਦੀ ਥਾਂ ਗੌਰੀਆਂ ਦਾ ਅਮਲ ਦਖ਼ਲ ਸ਼ੁਰੂ ਹੋ ਗਿਆ ਅਤੇ ਸ਼ਿਹਾਬੁਦੀਨ ਦੇ ਇਕ ਸੈਨਾਪਤੀ ਨਾਸਿਰੁਦੀਨ ਕਬਾਚਾ ਨੇ ਸਿੰਧ ਉੱਤੇ ਅਤੇ ਐਲਤਮਸ਼ ਨੇ ਦਿਲੀ ਉਤੇ ਕਬਜ਼ਾ ਕੀਤਾ। ਅਖੀਰ ਨੂੰ ਐਲਤਮਸ਼ ਨੇ ਕਬਾਚਾ ਨੂੰ ਭਾਜ ਦੇਕੇ ਸਿੰਧ ਤੋਂ ਕਢ ਦਿੱਤਾ। ਏਸ ਵੇਲੇ ਤੋਂ ਭਾਵੇਂ ਸਿੰਧ ਨਾਮ ਮਾਤਰ ਦਿੱਲੀ ਨਾਲ ਜੁੜਿਆ ਰਿਹਾ ਪਰ ਵਾਸਤਵ ਵਿਚ ਉਹ ਖੁਦ ਮੁਖ਼ਤਿਆਰ ਹੀ ਰਿਹਾ। ਮੁਹੰਮਦ ਸ਼ਾਹ ਤੁਗ਼ਲਕ ਦੇ ਸਮੇਂ (ਸੰਨ ੭੫੨ ਹਿ. ਵਿਚ) ਸਿੰਧ ਇਕ ਸਥਾਨਕ ਸ਼ਾਸਕ ਵੰਸ ਦੇ ਹਥੋਂ ਨਿਕਲ ਕੇ ਦੂਜੇ ਸਥਾਨਕ ਸ਼ਾਸਕ ਵੰਸ ਦੇ ਹਥ ਵਿਚ ਆ ਗਿਆ। ਸੁਲਤਾਨ ਫ਼ੀਰੋਜ਼ ਸ਼ਾਹ ਨੇ ਸੈਂਧੀ ਕਰ ਕੇ ਸੰਨ੭੬੨ ਹਿ. ਵਿਚ ਏਸ ਉਤੇ ਕਬਜ਼ਾ ਕਰ ਲਿਆ ਅਤੇ ਅੰਤ ਨੂੰ ਇਨ੍ਹਾਂ ਹੀ ਸਥਾਨਕ ਸ਼ਾਸਕਾਂ ਦੇ ਹਵਾਲੇ ਕਰ ਦਿਤਾ, ਜਿਨ੍ਹਾਂ ਦੇ ਹਥ ਵਿਚ ਉਹ ਸੰਨ ੯੨੭ ਹਿ. ਤਕ ਰਿਹਾ। ਇਨ੍ਹਾਂ ਕੋਲੋਂ ਇਕ ਤਾਤਰੀ ਅਮੀਰ ਅਰਗ਼ੂਨ ਨੇ ਏਸ ਨੂੰ ਜਿਤ ਲਿਆ ਅਤੇ ਅਖ਼ੀਰ ਨੂੰ ਸੰਨ ੧੦੦੦ ਹਿ. ਦੇ ਅੰਤ ਤੇ ਇਹ ਅਕਬਰ ਦੇ

*ਅਸਲ ਮਤਨ ਵਿਚ ਇਹ ਫ਼ਿਕਰਾ ਠੀਕ ਨਹੀਂ (ਉਲਥਾਕਾਰ)
†ਤਾਰੀਖ਼ ਤਾਹਿਰੀ ਏਲੀਅਟ ਪੰ. ੨੫੬.

ਅਧੀਨ ਖੇਤਰਾਂ ਵਿਚ ਦਾਖ਼ਲ ਹੋ ਗਿਆ।

ਸੋਮਰੀ

ਉਪਰ ਅਸੀਂ ਜੋ ਪੂਰਾ ਇਤਿਹਾਸ ਦਿੱਤਾ ਹੈ ਉਸ ਨਾਲ ਸਾਡਾ ਵਿਸ਼ੇਸ਼ ਸਬੰਧ ਨਹੀਂ ਹੈ, ਸਾਨੂੰ ਤਾਂ ਕੇਵਲ ਦੋ ਸੁਤੰਤਰ ਕਬੀਲਿਆਂ ਦੇ ਮੂਲ ਬਾਰੇ ਵਿਚਾਰ ਕਰਨਾ ਹੈ ਜਿਨ੍ਹਾਂ ਵਿਚੋਂ ਇਕ ਸੋਮਰੀ ਤੇ ਦੂਜੇ ਸੰਮਾ ਅਖਵਾਉਂਦੇ ਹਨ। ਗ਼ਜ਼ਨਵੀਆਂ ਦੀ ਕਮਜ਼ੋਰੀ ਦੇ ਸਮੇਂ, ਜਿਸ ਸਥਾਨਕ ਕਬੀਲੇ ਨੇ ਸਿੰਧ ਉਤੇ ਕਬਜ਼ਾ ਕੀਤਾ ਉਹ ਸੋਮਰੀ ਅਖਵਾਉਂਦੇ ਸਨ ਫੇਰ ਮੁਹੰਮਦ ਸ਼ਾਹ ਤੁਗ਼ਲਕ ਦੇ ਸਮੇਂ ਸੰਨ ੭੫੨ ਹਿ. ਵਿਚ ਜੋ ਦੂਜਾ ਸਥਾਨਕ ਕਬੀਲਾ ਰਾਜ ਗਦੀ ਤੇ ਆਇਆ ਅਤੇ ਸੰਨ ੯੨੭ ਹਿ. (੧੫੨੧ ਈ.) ਤਕ ਕਾਇਮ ਰਿਹਾ ਉਹ ਸੰਮਾ ਅਖਵਾਉਂਦਾ ਹੈ। ਇਨ੍ਹਾਂ ਦੋਹਾਂ ਕਬੀਲਿਆਂ ਦੀ ਅਸਲੀਅਤ ਦੇ ਬਾਰੇ ਇਤਿਹਾਸ ਕਾਰਾਂ ਵਿਚ ਅਤੀ ਮਤ ਭੇਦ ਹੈ ਖ਼ਾਸ ਕਰਕੇ ਸੋਮਰੀ ਵੰਸ ਦੀ ਜਾਤੀ ਬਾਰੇ ਬਹੁਤ ਕੁਝ ਵਿਚਾਰ ਦੀ ਲੋੜ ਹੈ ਅਤੇ ਏਸੇ ਤਰ੍ਹਾਂ ਇਨ੍ਹਾਂ ਦੇ ਧਰਮ ਬਾਰੇ ਵੀ ਖੋਜ ਵਿਚਾਰ ਦੀ ਜ਼ਰੂਰਤ ਹੈ।

ਉੱਤੇ ਜਿਸ ਦੁਰੂਜ਼ੀ ਪਰਤਕਾ ਦਾ ਹਵਾਲਾ ਦਿਤਾ ਗਿਆ ਹੈ ਏਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਸੰਨ ੪੨੨ ਹਿ. (ਸੁਲਤਾਨ ਮਸਊਦ ਦੇ ਸਮੇਂ) ਸ਼ੇਖ ਇਬਨ ਸੋਮਰ, ਰਾਜਾ ਬਲ ਮੌਜੂਦ ਸੀ, ਅਤੇ ਉਸ ਦਾ ਧਰਮ ਇਸਮਾਈਲੀ ਸੀ ਏਸ ਨੂੰ ਦੁਰੂਜ਼ੀਆਂ ਦੇ ਇਮਾਮ ਨੇ, ਮੁਲਤਾਨ ਅਤੇ ਸਿੰਧ ਦੇ ਇਸਮਾਈਲੀਆਂ ਦੇ ਮੁੜ ਰਾਜ ਕਾਇਮ ਕਰਨ ਬਾਰੇ ਬੜੀ ਗ਼ੈਰਤ ਦਿਤੀ ਸੀ। ਏਸ ਲਈ ਇਹ ਕੋਈ ਅਨੋਖੀ ਗੱਲ ਨਹੀਂ ਕਿ ਗ਼ਜ਼ਨਵੀਆਂ ਦੇ ਜ਼ੋਰ ਟੁਟਣ ਪਿਛੋਂ ਸੁਲਤਾਨ ਅਬਦੁੱਰਸ਼ੀਦ (ਸੰਨ ੪੪੪ ਹਿ.) ਦੇ ਸਮੇਂ ਸੋਮਰੀਆਂ ਨੇ ਸਿੰਧ ਵਿਚ ਆਪਣਾ ਰਾਜ ਕਾਇਮ ਕਰ ਲਿਆ ਹੋਵੇ।

ਇਨ੍ਹਾਂ ਦਾ ਇਹ ਰਾਜ ਸੰਨ ੪੪੪ ਹਿ. ਤੋਂ ਲੈਕੇ ਸੰਨ ੭੩੪ ਹਿ. ਦੇ ਕੁਝ ਸਾਲ ਪਿਛੋਂ ਤਕ ਕਿਸੇ ਨਾ ਕਿਸੇ ਤਰ੍ਹਾਂ ਕਾਇਮ ਸੀ। ਸੋ ਏਸ ਸਬੰਧ ਵਿਚ ਇਬਨ ਬਤੂਤਾ ਦੀ ਸ਼ਾਹਦੀ ਸਭ ਤੋਂ ਵਧੇਰੇ ਮਹੱਤਤਾ ਵਾਲੀ

ਹੈ। ਉਹ ਹਿੰਦੁਸਤਾਨ ਵਿਚ ਸਿੰਧ ਦੇ ਰਸਤੇ ਸੰਨ ੭੩੪ ਹਿ. ਵਿਚ ਉਸ ਵੇਲੇ ਆਇਆ ਸੀ ਜਦੋਂ ਸੋਮਰੀ ਕੌਮ ਦਿੱਲੀ ਦੇ ਸੁਲਤਾਨਾਂ ਦੇ ਅਧੀਨ ਰਾਜ ਕਰਦੀ ਸੀ ਅਤੇ ਇਬਨ ਬਤੂਤਾ ਨੇ ਇਨ੍ਹਾਂ ਨੂੰ ਵੇਖਿਆ ਸੀ ਉਹ ਕਹਿੰਦਾ ਹੈ:

੧–ਏਸ ਪਿਛੋਂ ਅਸੀਂ 'ਜਨਾਨੀ' ਪੁਜੇ* ਜੋ ਸਿੰਧ ਦਰਿਆ ਦੇ ਕੰਢੇ ਇਕ ਸੁੰਦਰ ਤੇ ਵਿਸ਼ਾਲ ਸ਼ਹਿਰ ਹੈ। ਏਸ ਵਿਚ ਸੋਹਣੇ ਸੁੰਦਰ ਬਾਜ਼ਾਰ ਹਨ। ਏਥੋਂ ਦੇ ਵਸਨੀਕ ਉਹ ਲੋਕ ਹਨ, ਜਿਨ੍ਹਾਂ ਨੂੰ ਸਾਮਰਾ ਆਖਦੇ ਹਨ ਜੋ ਏਥੇ ਉਸ ਵੇਲੇ ਆ ਕੇ ਵਸੇ ਜਦੋਂ ਹਜਾਜ ਦੇ ਸਮੇਂ ਸਿੰਧ ਫ਼ਤਿਹ ਹੋਇਆ ਜੇਹਾ ਕਿ ਇਤਿਹਾਸਕਾਰਾਂ ਨੇ ਲਿਖਿਆ ਹੈ... ... ...ਇਹ ਲੋਕ ਜੋ ਸਾਮਰਾ ਅਖਵਾਉਂਦੇ ਹਨ ਇਹ ਕਿਸੇ ਦੇ ਨਾਲ ਖਾਂਦੇ ਨਹੀਂ ਅਤੇ ਨਾ ਖਾਣ ਵੇਲੇ ਇਨ੍ਹਾਂ ਨੂੰ ਕੋਈ ਵੇਖ ਸਕਦਾ ਹੈ ਨਾ ਉਹ ਹੋਰਾਂ ਨਾਲ ਤੇ ਨਾ ਹੋਰ ਉਨ੍ਹਾਂ ਨਾਲ ਵਿਆਹ ਸ਼ਾਦੀ ਕਰਦੇ ਹਨ। ਏਸ ਸਮੇਂ ਜੋ ਏਸ ਦਾ ਅਮੀਰ ਹੈ ਉਸ ਦਾ ਨਾਂ ਵਿਨਾਰ ਹੈ ਜਿਸ ਦਾ ਵੇਰਵਾ ਅਸੀਂ ਅੱਗੇ ਦੇਵਾਂਗੇ।

ਸੋ ਅਗੇ ਚਲ ਕੇ ਉਹ ਸੇਵਸਤਾਨ (ਸਹਿਵਾਨ) ਦੇ ਵਰਨਣ ਵਿਚ ਆਖਦਾ ਹੈ (ਸੇਵਾਨ ਹੁਣ ਕਰਾਚੀ ਦੇ ਜ਼ਿਲ੍ਹੇ ਵਿਚ ਹੈ)।

੨–ਏਸੇ ਸ਼ਹਿਰ ਵਿਚ ਸਾਮਰੀ ਅਮੀਰ ਵਿਨਾਰ, ਜਿਸ ਦਾ ਵੇਰਵਾ ਉੱਪਰ ਆ ਚੁਕਿਆ ਹੈ, ਅਤੇ ਅਮੀਰ ਕੈਸਰ ਰੂਮੀ ਰਹਿੰਦੇ ਹਨ। ਏਹ ਦੋਵੇਂ ਸੁਲਤਾਨ (ਦਿੱਲੀ) ਦੇ ਅਧੀਨ ਹਨ। ਇਨ੍ਹਾਂ ਦੋਹਾਂ ਦੇ ਨਾਲ ਅਠਾਰਾਂ ਸੌ ਸਵਾਰ ਸਨ। ਏਥੇ ਇਕ ਹਿੰਦੂ ਰਹਿੰਦਾ ਸੀ, ਜਿਸ ਦਾ ਨਾਂ ਰਤਨ ਸੀ ਜੋ ਹਿਸਾਬ ਕਿਤਾਬ ਵਿਚ ਬੜਾ ਮਾਹਰ ਸੀ। ਉਹ ਕੁਝ ਸਰਦਾਰਾਂ ਦੇ ਨਾਲ ਸੁਲਤਾਨ ਦੇ ਦਰਬਾਰ ਵਿਚ ਗਿਆ। ਸੁਲਤਾਨ ਨੇ ਏਸ ਨੂੰ ਪਸੰਦ ਕੀਤਾ ਅਤੇ ਰਾਜਿਆਂ ਵਾਲੇ ਮਾਹੀ ਮਰਾਤਬ ਦੇ ਕੇ ਸੇਵਸਤਾਨ ਭੇਜਿਆ ਅਤੇ ਏਸ ਸ਼ਹਿਰ ਨੂੰ ਉਸ ਦੀ ਜਾਗੀਰ ਵਿਚ ਦੇ ਦਿੱਤਾ। ਜਦੋਂ ਉਹ ਉੱਥੇ ਪਹੁੰਚਿਆ

*ਇਸ ਸ਼ਹਿਰ ਦਾ ਕੁਝ ਪਤਾ ਨਹੀਂ ਚਲਦਾ ਮਲੂਮ ਹੁੰਦਾ ਹੈ ਕਿ ਦਰਿਆ ਬੁਰਦ ਹੋ ਗਿਆ। ਅਬੁਲਫ਼ਜ਼ਲ ਨੇ ਵੀ ਏਸ ਦਾ ਵਰਨਣ ਨਹੀਂ ਕੀਤਾ।

ਤਾਂ ਵਨਾਰ ਤੇ ਕੈਸਰ ਨੂੰ ਇਹ ਬੁਰਾ ਮਲੂਮ ਹੋਇਆ ਕਿ ਇਕ ਕਾਫ਼ਰ ਨੂੰ ਉਨ੍ਹਾਂ ਤੋਂ ਵਧੇਰੇ ਆਦਰ ਦਿਤਾ ਗਿਆ ਹੈ। ਉਨ੍ਹਾਂ ਆਪੋ ਵਿਚ ਸਲਾਹ ਕਰ ਕੇ ਉਸ ਨੂੰ ਕਤਲ ਕਰ ਦਿਤਾ... ... ...ਅਤੇ ਖਜ਼ਾਨਾ ਲੁਟ ਲਿਆ ਸਭ ਨੇ ਮਿਲ ਕੇ ਓਨਾਰ ਨੂੰ ਮਲਿਕ ਫ਼ੀਰੋਜ਼ ਦਾ ਖ਼ਿਤਾਬ ਦੇ ਕੇ ਆਪਣਾ ਬਾਦਸ਼ਾਹ ਬਣਾ ਲਿਆ... ... ...ਫੇਰ ਵਨਾਰ ਇਹ ਸਮਝ ਕੇ ਕਿ ਉਹ ਏਸ ਵੇਲੇ ਆਪਣੇ ਕਬੀਲੇ ਤੋਂ ਦੂਰ ਹੈ ਡਰਿਆ ਅਤੇ ਆਪਣੇ ਕਬੀਲੇ ਵਿਚ ਚਲਿਆ ਗਿਆ... ... ...ਫੌਜ ਵਾਲਿਆਂ ਨੇ ਕੈਸਰੀ ਨੂੰ ਅਮੀਰ ਬਣਾ ਲਿਆ... ... ...ਜਦੋਂ ਮੁਲਤਾਨ ਦੇ ਨਾਇਬ ਨੂੰ ਪਤਾ ਲੱਗਿਆ ਤਾਂ ਉਸ ਨੇ ਏਸ ਦੀ ਸਜ਼ਾ ਲਈ ਫ਼ੌਜ ਭੇਜੀ ਅਤੇ ਸਖ਼ਤ ਡੰਡ ਦਿਤਾ* । (ਇਹ ਵਰਨਣ ਕੁਝ ਸੰਖੇਪ ਕਰਕੇ ਲਿਆ ਗਿਆ ਹੈ)।

ਇਬਨ ਬਤੂਤਾ ਉਸੇ ਵੇਲੇ ਪੁੱਜਿਆ ਸੀ। ਉਹ ਇਕ ਮਦਰਸੇ ਵਿਚ ਠਹਿਰਿਆ ਸੀ। ਲਾਸ਼ਾਂ ਦੀ ਬਦਬੂ ਕਾਰਣ ਉਸ ਨੂੰ ਨੀਂਦ ਨਹੀਂ ਆਉਂਦੀ ਸੀ। ਇਨ੍ਹਾਂ ਦੋਹਾਂ ਟੂਕਾਂ ਤੋਂ ਕਈ ਗਲਾਂ ਸਿੱਧ ਹੁੰਦੀਆਂ ਹਨ।

(੧) ਸਾਮਰੀ ਲੋਕ ਆਪਣੇ ਵਡੇਰਿਆਂ ਦੀ ਵਸੋਂ ਨੂੰ ਹਜਾਜ ਬਿਨ ਯੂਸਫ ਸਕਫ਼ੀ ਦੇ ਆਉਣ ਨਾਲ ਸਬੰਧਤ ਕਰਦੇ ਸਨ।

(੨) ਉਨ੍ਹਾਂ ਦਾ ਧਰਮ ਹਿੰਦੂ ਨਹੀਂ ਸੀ ਤੇ ਨਾਂ ਹਿੰਦੂਆਂ ਦੇ ਅਧੀਨ ਰਹਿਣਾ ਪਸੰਦ ਕਰਦੇ ਸਨ, ਨਾਲ ਲਗਦੀ ਇਹ ਗੱਲ ਵੀ ਹੈ ਕਿ ਇਨ੍ਹਾਂ ਵਿਚ ਕੁਝ ਗੱਲਾਂ ਅਜੇਹੀਆਂ ਵੀ ਪਾਈਆਂ ਜਾਂਦੀਆਂ ਸਨ ਜੋ ਆਮ ਮੁਸਲਮਾਨਾਂ ਤੋਂ ਇਨ੍ਹਾਂ ਨੂੰ ਵੱਖ ਕਰਦੀਆਂ ਸਨ।

(੩) ਏਸ ਵੇਲੇ ਸਿੰਧ ਦਿਲੀ ਦੇ ਸੁਲਤਾਨ ਵਲੋਂ ਇਕ ਅਮੀਰ ਜਾਂ ਰੈਜ਼ੀਡੰਟ ਸੋਮਰੀਆਂ ਦੇ ਨਾਲ ਰਹਿੰਦਾ ਸੀ।

(੪) ਸਿੰਧ, ਰਾਜ ਪਰਬੰਧ ਵਿਚ ਮੁਲਤਾਨ ਦੇ ਅਧੀਨ ਹੋ ਕੇ ਦਿਲੀ ਦੇ ਅਧੀਨ ਸੀ।

---

*ਸਫ਼ਰਨਾਮਾ ਇਬਨ ਬਤੂਤਾ ਜਿ. ਦੂਜੀ ਪੰ. ੪,੬ (ਮਿਸਰ)

ਸੋਮਰਾ ਦਾ ਧਰਮ

ਦੁਰੂਜ਼ ਵਾਲੀ ਪਤਰਕਾ ਤੋਂ ਸੋਮਰਾ ਦਾ ਇਸਮਾਈਲੀ ਹੋਣਾ ਤਾਂ ਸਿਧ ਹੋ ਹੀ ਚੁਕਿਆ ਹੈ ਪਰ ਕੁਝ ਹੋਰ ਗੱਲਾਂ ਇਬਨ ਬਤੂਤਾ ਤੋਂ ਵੀ ਮਲੂਮ ਹੁੰਦੀਆਂ ਹਨ। ਇਬਨ ਬਤੂਤਾ ਦੇ ਏਸ ਬਿਆਨ ਤੋਂ ਸਪਸ਼ਟ ਹੁੰਦਾ ਹੈ ਕਿ ਸੋਮਰੀ ਲੋਕ ਹਿੰਦੁਸਤਾਨ ਦੇ ਜੇਤੂ ਅਰਬਾਂ ਨਾਲ ਆਕੇ ਵਸੇ ਸੀ। ਇਹ ਸਪਸ਼ਟ ਹੈ ਕਿ ਇਹ ਰਾਜਪੂਤ ਨਹੀਂ ਹੋ ਸਕਦੇ ਪਰ ਏਸ ਦੇ ਨਾਲ ਹੀ ਇਹ ਵੀ ਸਪਸ਼ਟ ਹੈ ਕਿ ਖਾਣ ਪੀਣ ਅਤੇ ਵਿਆਹ ਸ਼ਾਦੀ ਦੀ ਕੁਝ ਖਾਸ ਗ਼ੌਰ ਮੁਸਲਮਾਨੀ ਰਹੁ ਰੀਤਾਂ ਵੀ ਇਨ੍ਹਾਂ ਵਿਚ ਸਨ। ਪਰ ਏਸ ਦੇ ਹੁੰਦੇ ਹੋਏ ਵੀ ਉਹ ਆਪਣੇ ਆਪ ਨੂੰ ਹਿੰਦੂ ਜਾਂ ਕਾਫ਼ਰ ਨਹੀਂ ਸਗੋਂ ਇਕ ਈਸ਼ਵਰ ਨੂੰ ਮੰਨਣ ਵਾਲੇ ਤੇ ਮੁਸਲਮਾਨ ਹੀ ਸਮਝਦੇ ਸਨ ਇਸਲਾਮੀ ਉਪਾਧੀ ਮਲਿਕ ਫ਼ੀਰੋਜ਼ ਧਾਰਨ ਕਰਦੇ ਸਨ ਅਤੇ ਕਾਫ਼ਰ ਦੇ ਅਧੀਨ ਹੋਣ ਨੂੰ ਆਪਣੇ ਲਈ ਹੇਠੀ ਦਾ ਕਾਰਣ ਸਮਝਦੇ ਸਨ। ਏਸ ਲਈ ਉਹ ਬਿਲਕੁਲ ਹਿੰਦੂ ਨਹੀਂ ਸਨ। ਅਜੇਹਾ ਰਲਿਆ ਮਿਲਿਆ ਮਤ ਕਰਮਤੀਆਂ ਅਤੇ ਇਸਮਾਈਲੀਆਂ ਦਾ ਹੀ ਸੀ ਜੋ ਇਸਲਾਮ ਨਾਲ ਕੁਝ ਹਰ ਥਾਂ ਦੀਆਂ ਰਾਜਸੀ ਰਹੁ ਰੀਤਾਂ ਅਤੇ ਵਿਸ਼ਵਾਸ਼ਾਂ ਨੂੰ ਜੋੜ ਲੈਂਦੇ ਸਨ। ਜਿਵੇਂ ਉਨ੍ਹਾਂ ਹਿੰਦੁਸਤਾਨ ਵਿਚ ਹਜ਼ਰਤ ਅਲੀ ਨੂੰ ਵਿਸ਼ਨੂੰ ਦਾ ਅਵਤਾਰ ਬਣਾਇਆ ਸੀ ਅਤੇ ਏਹੋ ਜੇਹੀਆਂ ਗੱਲਾਂ ਉਹ ਗੜ ਮੜ ਕਰ ਲੈਂਦੇ ਸਨ। ਏਸ ਨਾਲ ਇਨ੍ਹਾਂ ਨੂੰ ਹਰ ਦੇਸ਼ ਵਿਚ ਧਰਮ ਪਰਚਾਰ ਵਿਚ ਸੌਖ ਹੁੰਦੀ ਸੀ। ਪੁਰਾਣੇ ਸਮੇਂ ਵਿਚ ਇਸਮਾਈਲੀਆਂ ਦੇ ਕਿਲ੍ਹਾ ਮਲਮੂਤ ਤੋਂ ਸਿੰਧ ਵਿਚ ਪਰਚਾਰਕਾਂ ਦਾ ਆਉਣਾ ਇਤਿਹਾਸਾਂ ਤੋਂ ਸਿਧ ਹੈ* ਅਤੇ ਧਾਰਮਕ ਵਿਸ਼ਵਾਸ਼ਾਂ ਨੂੰ ਲੋਕਾਂ ਤੋਂ ਓਹਲੇ ਰਖਣ ਦਾ ਰਵਾਜ ਵੀ ਇਨ੍ਹਾਂ ਵਿਚ ਹੀ ਸੀ। ਉਹ ਨਾਂ ਵੀ ਹਿੰਦੂਆਂ ਵਰਗੇ ਧਾਰਨ ਕਰ ਲੈਂਦੇ ਸਨ ਜੇਹਾ ਕਿ ਅਜ ਕਲ ਵੀ ਬੰਬਈ ਦੀ ਖੋਜਾ ਕੌਮ ਵਿਚ ਇਨ੍ਹਾਂ ਗੱਲਾਂ ਦੇ ਉਦਾਹਰਣ ਮਿਲ ਸਕਦੇ ਹਨ। ਏਸ ਸਿਲਸਿਲੇ ਵਿਚ ਇਕ ਅਜੀਬ ਘਟਨਾ ਸ਼ੇਖ਼ੁਲ ਸਿਲਾਮ ਜ਼ਕਰੀਆ ਮੁਲਤਾਨੀ

*ਦਾਅਵਤੇ ਇਸਲਾਮ (ਪਰੀਚਿੰਗ ਆਫ਼ ਇਸਲਾਮ) ਡਾਕਟਰ ਆਰਨਲਡ ਪੰ. ੨੯੩.

ਦੇ ਚੇਲੇ ਦੇ ਚੇਲੇ ਮਖ਼ਦੂਮੇ ਜਹਾਨੀਆਂ ਸੱਯਦ ਜਲਾਲ ਬੁਖ਼ਾਰੀ (ਸੰਨ ੭੦੭ ੮੦੦ ਹਿ.) ਦੇ ਹਾਲਾਤ ਦੇ ਪ੍ਰਸੰਗ ਵਿਚ ਮਿਲਦੀ ਹੈ, (ਇਨ੍ਹਾਂ ਦਾ ਵੇਰਵਾ ਅੱਗੇ ਕਿਸੇ ਮੌਕੇ ਤੇ ਆਵੇਗਾ। ਆਪ ਸਿੰਧ ਦੇ ਸ਼ਹਿਰ ਉੱਚਾ ਵਿਚ ਰਹਿੰਦੇ ਸਨ ਤੇ ਸਭ ਲੋਕ ਇਨ੍ਹਾਂ ਦੀ ਮਾਨਤਾ ਕਰਦੇ ਸਨ)। ਲਿਖਿਆ ਹੈ ਕਿ ਉੱਚਾ ਦਾ ਹਾਕਮ 'ਸੋਮਰਾ'. ਇਕ ਵੇਰ ਇਨ੍ਹਾਂ ਦੀ ਸੇਵਾ ਵਿਚ ਆਇਆ ਦਰਵੇਸ਼ਾਂ ਦੀ ਭੀੜ ਸੀ। ਸੋਮਰਾ ਨੇ ਇਨ੍ਹਾਂ ਵਿਚੋਂ ਕਿਸੇ ਨੂੰ ਹਜ਼ਰਤ ਦੀ ਆਗਿਆ ਬਿਨਾਂ ਮਸੀਤ 'ਚੋਂ ਬਾਹਰ ਕੱਢ ਦਿੱਤਾ। ਏਸ ਵੇਲੇ ਮਖ਼ਦੂਨ ਦੇ ਮੂੰਹੋ ਨਿਕਲਿਆ ਕਿ 'ਸੋਮਰਾ ਮਗਰ ਦੀਵਾਨਾ ਸ਼ੁਦਾਈ' ? (ਸੋਮਰਿਆ ਤੂੰ ਕਿਤੇ ਪਾਗਲ ਤਾਂ ਨਹੀਂ ਹੋ ਗਿਆ ?) ਏਸੇ ਵੇਲੇ ਉਹ ਪਾਗ਼ਲ ਹੋ ਗਿਆ। ਸ਼ਹਿਰ ਵਿਚ ਰੌਲਾ ਪੈ ਗਿਆ। ਅਖੀਰ ਏਸ ਦੀ ਮਾਂ ਨੇ ਆ ਕੇ ਬੜੀਆਂ ਮਿੰਨਤਾਂ ਕੀਤੀਆਂ। ਕਸੂਰ ਮੁਆਫ਼ ਹੋ ਗਿਆ। ਸੋਮਰਾ ਹੋਸ਼ ਵਿਚ ਆਇਆ ਅਤੇ ਮਸੀਤ ਵਿਚ ਆਕੇ ਪੈਰ ਚੁੰਮੇ। ਸ਼ਿਸ਼ ਬਣ ਗਿਆ ਅਤੇ ਹਜ਼ੂਰ ਵਿਚ ਮਕਬੂਲ ਹੋਇਆ* ਕੀ ਏਸ ਘਟਨਾ ਤੋਂ ਇਹ ਸਮਝਿਆ ਜਾਵੇ ਕਿ ਉਸ ਨੇ ਇਸਮਾਈਲੀ ਮਤ ਤੋਂ ਤੋਬਾ ਕਰ ਕੇ ਸੁੰਨੀ ਧਰਮ ਧਾਰਨ ਕਰ ਲਿਆ ਸੀ।

ਇਸਮਾਈਲੀ ਮਤ ਦੇ ਮਿਸਰ ਵਾਲੇ ਫ਼ਾਤਮੀ ਰਾਜ ਦਾ ਅੰਤ ਸੰਨ ੫੬੭ ਹਿ. ਵਿਚ ਸੁਲਤਾਨ ਸਲਾਹ ਦੀਨ ਦੇ ਹਥੋਂ ਹੋ ਗਿਆ। ਇਸ ਪਿਛੋਂ ਹਸਨ ਬਿਨ ਸੱਬਾਹ ਦੀ ਕਿਲ੍ਹਾ ਮਲਮੂਤ ਵਾਲੀ ਇਸਮਾਈਲੀ ਨਜ਼ਾਰੀ ਸਲਤਨਤ ਕਾਇਮ ਰਹੀ, ਜੋ ਸੰਨ ੪੮੩ ਹਿ. (੧੦੯੧ ਈ.) ਤੋਂ ਸ਼ੁਰੂ ਹੋ ਕੇ ਸੰਨ ੬੫੪ ਹਿ. (੧੨੫੬ ਈ.) ਵਿਚ ਹਲਾਕੂ ਦੇ ਹਥੋਂ ਬਰਬਾਦ ਹੋਈ ਇਹ ਗੱਲ ਸਪਸ਼ਟ ਹੈ ਕਿ ਸਿੰਧ ਦੀ ਇਸਮਾਈਲੀ ਸ਼ਰੇਣੀ ਉੱਤੇ ਮੂਲ ਕੇਂਦਰ ਦੀ ਤਬਾਹੀ ਦਾ ਕੀ ਅਸਰ ਪਿਆ ਹੋਵੇਗਾ। ਏਸ ਲਈ ਇਨ੍ਹਾਂ ਸੋਮਰੀਆਂ ਦਾ ਜਾਂ ਇਨ੍ਹਾਂ ਵਿਚੋਂ ਕੁਝ ਦਾ ਸੱਯਦ ਜਲਾਲ ਬੁਖ਼ਾਰੀ ਦੇ ਹਥੋਂ ਸੁੰਨੀ ਹੋ ਜਾਣਾ ਬਿਲਕੁਲ ਸੰਭਵ ਹੈ।

ਸੋਮਰਾ ਦੀ ਕੌਮੀਅਤ

ਸੋਮਰਾ ਲੋਕਾਂ ਦੀ ਕੌਮੀਅਤ ਦੇ ਸਵਾਲ ਨੂੰ ਸੁਲਝਾਉਣ ਲਈ ਸਭ ਤੋਂ

ਪਹਿਲਾਂ ਸਾਨੂੰ ਆਪਣੇ ਪੁਰਾਣੇ ਇਤਿਹਾਸ ਲੇਖਕਾਂ ਦੇ ਬਿਆਨ ਸੁਣਨੇ ਚਾਹੀਦੇ ਹਨ ਇਬਨ ਬਤੂਤਾ ਦਾ ਪਹਿਲਾ ਬਿਆਨ ਤੁਸੀਂ ਸੁਣ ਚੁਕੇ ਹੋ ਕਿ ਇਹ ਲੋਕ ਆਪਣੇ ਵਡੇਰਿਆਂ ਦਾ ਸਿੰਧ ਵਿਚ ਹਜਾਜ ਬਿਨ ਯੂਸਫ਼ ਦੇ ਸਮੇਂ ਸਿੰਧ ਦੀ ਜਿੱਤ ਦੇ ਵੇਲੇ ਆ ਕੇ ਵਸਣਾ ਬਿਆਨ ਕਰਦੇ ਸਨ। ਏਸ ਦੇ ਪਿਛੋਂ ਤਾਰੀਖ਼ ਮਾਸੂਮੀ ਦੇ ਕਰਤਾ ਮੀਰ ਮੁਹੰਮਦ ਮਾਸੂਮ ਦਾ ਬਿਆਨ ਹੈ ਉਹ ਆਪਣੀ ਤਾਰੀਖ਼ ਦੇ ਦੂਜੇ ਬਾਬ ਵਿਚ ਆਖਦਾ ਹੈ ਕਿ:

"ਸੁਲਤਾਨ ਮਹਿਮੂਦ ਨੇ ਮੁਲਤਾਨ ਤੇ ਸਿੰਧ ਨੂੰ ਜਿਤ ਲਿਆ ਸੁਲਤਾਨ ਅਬਦੁੱਰਸ਼ੀਦ ਬਿਨ ਮਹਿਮੂਦ ਦੇ ਸਮੇਂ (ਸੰਨ ੪੪੧-੪੪੪ ਹਿ.) ਜਦੋਂ ਰਿਆਸਤ ਏਸ ਦੇ ਵਿਲਾਸ ਵਜੋਂ ਅਤੇ ਪਰਮ ਸੁਖ ਕਾਰਣ ਕਮਜ਼ੋਰ ਹੋਈ ਤਾਂ ਉਨ੍ਹਾਂ ਨੇ ਗਜ਼ਨਵੀਆਂ ਦਾ ਜੂਲਾ ਆਪਣੇ ਕੰਧੇ ਤੋਂ ਉਤਾਰ ਦਿਤਾ ਅਤੇ ਸੋਮਰਾ ਦੇ ਕਬੀਲੇ ਨੇ 'ਥਰੀ' ਦੇ ਅਸਥਾਨ ਤੇ ਇਕੱਤਰ ਹੋ ਕੇ ਸੋਮਰਾ ਨਾਂ ਦੇ ਇਕ ਬੰਦੇ ਨੂੰ ਗੱਦੀ ਤੇ ਬਹਾਲ ਦਿਤਾ। ਏਨ੍ਹਾਂ ਦਿਸ਼ਾਵਾਂ ਵਿਚ 'ਸਾਅਦ' ਨਾਂ ਦਾ ਇਕ ਤਾਕਤਵਰ ਜਮੀਂਦਾਰ ਸੀ। ਸੋਮਰਾ ਨੇ ਏਸ ਨਾਲ ਸਬੰਧ ਪੈਦਾ ਕੀਤਾ ਅਤੇ ਏਸ ਦੀ ਲੜਕੀ ਨਾਲ ਸ਼ਾਦੀ ਕਰ ਲਈ। ਏਸ ਤੋਂ ਇਕ ਮੁੰਡਾ ਪੈਦਾ ਹੋਇਆ ਜਿਸ ਦਾ ਨਾਂ ਭੌਂਗਰ ਰਖਿਆ ਗਿਆ ਅਤੇ ਪਿਉ ਦੇ ਮਰਨ ਪਿਛੋਂ ਏਹੀ ਭੌਂਗਰ ਬਾਦਸ਼ਾਹ ਹੋਇਆ।"*

ਏਸ ਦੇ ਪਿਛੋਂ ਮੀਰ ਮਾਸੂਮ ਨੇ ਏਸ ਦੇ ਪੁਸ਼ਤ ਦਰ ਪੁਸ਼ਤ ਹਾਲਾਤ ਲਿਖੇ ਹਨ ਜਿਨ੍ਹਾਂ ਵਿਚੋਂ ਕੁਝ ਦੇ ਅਰਬੀ ਨਾਂ ਜਿਵੇਂ ਖਫੀਫ਼ ਅਤੇ ਉਮਰ ਤੇ ਬਾਕ਼ਿਆਂ ਨੇ ਹਿੰਦੀ ਨਾਂ ਜਿਵੇਂ ਦੋਦਾ (ਆਦ) ਲਿਖੇ ਹਨ।

ਤਾਰੀਖ਼ ਤਾਹਿਰੀ ਦੇ ਲੇਖਕ ਨੇ ਵਧੇਰੇ ਮਨਘੜਤ ਕਿੱਸੇ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਦਾ ਮੁਢ, ਏਸ ਨੇ 'ਉਮਰ ਸੋਮਰ' ਅਤੇ ਇਕ ਹਿੰਦੂ ਸਵਾਣੀ ਦੇ ਪਿਆਰ ਮੁਹੱਬਤ ਤੋਂ ਕੀਤਾ ਹੈ ਏਸੇ ਦੇ ਪਰਸੰਗ ਵਿਚ ਉਹ ਆਖਦਾ ਹੈ ਕਿ ਇਹ ਕਬੀਲਾ ਹਿੰਦੂ ਸੀ ਅਤੇ ਹਿੰਦੂ ਧਰਮ ਦਾ ਪਾਬੰਦ ਸੀ ਸੰਨ ੭੦੦ ਹਿ. ਤੋਂ ਸੰਨ ੯੪੩ ਹਿ. ਤਕ ਰਾਜ ਕੀਤਾ। ਅਲੂਰ ਦੇ ਨੇੜੇ ਇਨ੍ਹਾਂ ਦਾ ਠਕਾਣਾ ਸੀ ਅਤੇ ਮੁਹੰਮਦ ਤੂਰ ਇਨ੍ਹਾਂ ਦਾ ਰਾਜ ਨਗਰ ਸੀ†

*ਤਾਰੀਖ਼ ਮਾਸੂਮੀ ਏਲੀਅਟ ਜਿ. ੧ ਪ. ੨੧੫. ਦੇ ਆਧਾਰ ਤੇ
†ਤਾਰੀਖ਼ੇ ਤਾਹਿਰੀ ਏਲੀਅਟ ਪੰ. ੨੬੦, ੪੯੪.

ਬੇਗਲਾਰ ਨਾਮੇ ਵਿਚ ਕੇਵਲ ਇੰਨਾ ਲਿਖਿਆ ਹੈ ਕਿ ਸਿੰਧ ਦੀ ਇਸਲਾਮੀ ਜਿੱਤ ਪਿਛੋਂ ਅਰਬ ਕਬੀਲੇ ਤਮੀਮ ਨੇ ਰਾਜ ਕੀਤਾ। ਥੋੜੇ ਦਿਨ ਪਿਛੋਂ ਸੋਮਰਾ ਲੋਕਾਂ ਨੇ ਕਬਜ਼ਾ ਕਰ ਲਿਆ। ਪੰਜ ਸੌ ਵਰ੍ਹੇ ਇਨ੍ਹਾਂ ਦਾ ਕਬਜ਼ਾ ਰਿਹਾ। ਇਨ੍ਹਾਂ ਦੇ ਰਾਜ ਨਗਰ ਦਾ ਨਾਂ ਮਹਾਤਮ ਤੂਰ ਹੈ।

ਕਿੰਨੀ ਅਜੀਬ ਗਲ ਹੈ ਕਿ ਇਨ੍ਹਾਂ ਦੇ ਬੰਦਿਆਂ ਦੇ ਨਾਵਾਂ ਦੀ ਤਰ੍ਹਾਂ ਇਨ੍ਹਾਂ ਦੇ ਰਾਜ ਨਗਰ ਦਾ ਨਾਂ ਵੀ ਅਰਬੀ ਹਿੰਦੀ ਹੈ। ਭਾਵ ਇਹ ਕਿ ਕਦੇ ਉਹ ਮੁਹੰਮਦ ਤੂਰ ਹੈ ਅਤੇ ਕਦੇ ਮਹਾਤਮ ਤੂਰ। ਆਖਿਆ ਜਾਂਦਾ ਹੈ ਕਿ 'ਮਹਾਤਮ' 'ਮੁਹੰਮਦ' ਦਾ ਹੀ ਰੂਪਾਂਤਰ ਹੈ। ਸੰਭਵ ਹੈ ਕਿ ਅਜੇਹਾ ਹੀ ਹੋਵੇ, ਇਹ ਦੀਰਗ ਦੇ ਪਰਗਨਾਂ ਵਿਚ ਜੋ ਵਰਤਮਾਨ ਪਰਗਨਾ 'ਚਾਚ ਰਾਮ' ਅਤੇ 'ਬਾਦਬਨ' ਦੀ ਥਾਂ ਸੀ ਜੋ 'ਪਾਰਕਰ' ਤੇ 'ਢੰਗਾ ਬਾਜ਼ਾਰ' ਦੇ ਵਿਚਕਾਰ ਹੈ। ਤੁਹਫ਼ਾਤੁਲ ਕਰਾਮ ਦੇ ਲੇਖਕ ਨੇ ਮੁੰਤਖਿਬੁੱ ਤਵਾਰੀਖ਼ (ਬਦਾਊਨੀ ਨਹੀਂ) ਵਿਚ ਜੋ ਮੁਹੰਮਦ ਯੂਸਫ਼ ਦੀ ਰਚਨਾ ਹੈ ਇਹ ਟੂਕ ਨਕਲ ਕੀਤੀ ਹੈ:

ਜਦੋਂ ਸੁਲਤਾਨ ਅਬਦੁਰੱਸ਼ੀਦ ਬਿਨ ਸੁਲਤਾਨ ਮਹਿਮੂਦ ਗ਼ਜ਼ਨਵੀ ਦਾ ਰਾਜ ਹੋਇਆ ਤਾਂ ਸਿੰਧ ਦੇ ਲੋਕਾਂ ਨੇ ਏਸ ਨੂੰ ਕਮਜ਼ੋਰ ਵੇਖਿਆ ਸੰਨ ੪੪੫ ਹਿ. (ਸੰਨ ੧੦੫੩ ਈ.) ਵਿਚ ਸੋਮਰਾ ਕਬੀਲੇ ਵਾਲਿਆਂ ਨੇ ਥਰੀ ਵਿਚ ਇਕਤਰ ਹੋਕੇ ਸੋਮਰਾ ਨਾਂ ਇਕ ਬੰਦੇ ਨੂੰ ਬਾਦਸ਼ਾਹ ਬਣਾਇਆ ਅਤੇ ਏਸ, ਦੇ ਭੂੰਗਰ ਨਾਂ ਦਾ ਇਕ ਪੁੱਤਰ, ਸਾਦ ਨਾਂ ਦੇ ਇਕ ਜ਼ਿਮੀਂਦਾਰ ਦੀ ਪੁਤਰੀ ਦੇ ਪੇਟੋਂ ਜਨਮਿਆ। ਭੂੰਗਰ ਨੇ ੫ ਸਾਲ ਰਾਜ ਕਰ ਕੇ ਸੰਨ ੪੬੧ ਹਿ. ਵਿਚ ਚਲਾਣਾ ਕੀਤਾ* (ਨਿਚੋੜ ਕਰ ਕੇ ਲਿਖਿਆ ਹੈ)।

ਤੁਹਫ਼ਾਤੁਲ ਕਰਾਮ ਦਾ ਲੇਖਕ ਆਪ ਲਿਖਦਾ ਹੈ ਕਿ:

"ਸੋਮਰਾ ਕੌਮ ਸਾਮਰਾ ਦੇ ਅਰਬਾਂ ਤੋਂ ਨਿਕਲੀ ਹੈ ਜੋ ਸਿੰਧ ਵਿਚ ਦੂਜੀ ਸਦੀ ਹਿਜਰੀ ਵਿਚ ਕਬੀਲਾ ਤਮੀਮ ਦੇ ਨਾਲ ਆਈ। ਤਮੀਮ ਅੱਬਾਸੀਆ ਦੇ ਸਮੇਂ ਸਿੰਧ ਦੇ ਗਵਰਨਰ ਨਿਯੁਕਤ ਹੋਏ ਸਨ।"

---

*ਤੁਹਫ਼ਾਤੁਲ ਕਰਾਮ ਏਲੀਅਟ ਜਿ. ਪਹਿਲੀ ਪੰ. ੩੪੪

ਫੇਰ ਉਹ ਆਖਦਾ ਹੈ ਕਿ:

ਸਿੰਧ ਵਿਚ ਦਲਵ ਰਾਏ ਰਾਜਾ ਸੀ। ਏਸ ਨੇ ਆਪਣੇ ਭਾਈ 'ਛੋਟਾ ਅਮਰਾਨੀ' ਉੱਤੇ ਅਤਿਆਚਾਰ ਕੀਤਾ। ਉਹ ਬਗ਼ਦਾਦ ਦੇ ਖ਼ਲੀਫ਼ਾ ਦੇ ਕੋਲ ਗਿਆ। ਖ਼ਲੀਫ਼ਾ ਨੇ ਸਾਮਰਾ ਦੇ ਸੌ ਅਰਬ ਤੇ ਸੱਯਦ ਏਸ ਨਾਲ ਭੇਜ ਦਿੱਤੇ। ਸੱਯਦ ਆਕੇ ਸਿੰਧ ਵਿਚ ਰਹਿਣ ਲੱਗਾ। ਅਤੇ ਦਲਵ ਰਾਏ ਨੇ ਆਪਣੀ ਪੁਤਰੀ ਏਸ ਨਾਲ ਵਿਆਹ ਦਿਤੀ।*

ਤਾਰੀਖ਼ ਤਾਹਰੀ ਦੇ ਕਰਤਾ ਨੇ ਦਲਵ ਰਾਏ ਅਤੇ 'ਛੋਟਾ ਅਮਰਾਨੀ' ਦੋਹਾਂ ਭਾਈਆਂ ਦੇ ਵਿਚਕਾਰ ਵਿਰੋਧਤਾ ਦੀ ਇਕ ਵਜਾਹ ਇਹ ਲਿਖੀ ਹੈ ਕਿ ਛੋਟਾ ਬਚਪਨ ਤੋਂ ਇਸਲਾਮ ਵਲ ਰੁਚੀ ਰਖਦਾ ਸੀ। ਏਸ ਨੇ ਕੁਰਾਨ ਪੜ੍ਹਿਆ ਸੀ ਅਤੇ ਅੰਦਰਗਤੀ ਮੁਸਲਮਾਨ ਹੋ ਗਿਆ ਸੀ। ਉਹ ਛੁਪਕੇ ਹੱਜ ਲਈ ਚੱਲਿਆ। ਰਾਹ ਵਿਚ ਉਸ ਨੇ ਇਕ ਅਜੀਬ ਢੰਗ ਨਾਲ ਫ਼ਾਤਮਾ ਨਾਂ ਦੀ ਇਕ ਲੜਕੀ ਨਾਲ ਸ਼ਾਦੀ ਕਰ ਲਈ। ਹੱਜ ਤੋਂ ਮੁੜ ਕੇ ਜਦੋਂ ਉਹ ਸਿੰਧ ਦੇ ਸੇਵਸਤਾਨ ਅਸਥਾਨ ਤੇ ਪੁੱਜਾ ਤਾਂ ਉਸ ਦੀ ਮ੍ਰਿਤੂ ਹੋ ਗਈ ਅਤੇ ਉਹ ਉੱਥੇ ਹੀ ਦੱਬਿਆ ਗਿਆ। ਉਸ ਦੀ ਕਬਰ ਤੇ ਲੋਕ ਆਉਂਦੇ ਹਨ।†

ਇਹ ਲੋਕ ਅਰਬੀ ਹਿੰਦੀ ਮਿਸ਼ਰਤ ਸਨ

ਮੁੱਕਦੀ ਗੱਲ ਇਹ ਕਿ ਸਾਰੀਆਂ ਟੂਕਾਂ ਏਹੋ ਦਸਦੀਆਂ ਹਨ ਕਿ ਇਹ ਕਬੀਲਾ ਅਰਬੀ ਤੇ ਹਿੰਦੀ ਮਿਸ਼ਰਤ ਨਸਲ ਦਾ ਸੀ, ਜਿਨ੍ਹਾਂ ਲੋਕਾਂ ਨੇ ਏਸ ਕਬੀਲੇ ਨੂੰ ਅਰਬ ਦਸਿਆ ਹੈ ਉਹ ਏਸ ਦਾ ਇਕ ਰੂਪ ਅਤੇ ਜੋ ਹਿੰਦੂ ਦਸਦੇ ਹਨ ਉਹ ਦੂਸਰੇ ਰੂਪ ਨੂੰ ਵਰਨਣ ਕਰਦੇ ਹਨ। ਸੋਮਰ ਨਾਂ ਦਾ ਸ਼ਖ਼ਸ ਜੇਹਾ ਕਿ ਦੁਰੂਜ਼ ਦੀ ਪਤਰਕਾ ਤੋਂ ਸਪਸ਼ਟ ਹੁੰਦਾ ਹੈ ਅਤੇ ਫ਼ਾਰਸੀ ਤਾਰੀਖ਼ਾਂ ਵਿਚ ਲਿਖਿਆ ਹੈ, ਏਸ ਰਾਜ ਦਾ ਮੋਢੀ ਸੀ। ਏਸ ਲਈ ਇਨ੍ਹਾਂ ਲੋਕਾਂ ਨੂੰ ਸੋਮਰੀ, ਯਾ ਸਾਮਰਾ ਆਦਿ ਆਖਣ ਲੱਗੇ। ਇਰਾਕ ਦੇ ਸ਼ਹਿਰ ਸੋਮਰਾ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਸ਼ਹਿਰ ਸਾਮਰਾ ਦਾ ਅਸਲੀ ਨਾਂ

*ਤੁਹਾਤੁਰਕਲਾਮ ਏਲੀਅਟ ਜਿ. ਪਹਿਲੀ ਪੰ. ੩੪੩.

†ਤਵਾਰੀਖ਼ ਤਾਹਰੀ ਏਲੀਅਟ ਪੰ. ੨੫੮.

'ਸਰਮਨ ਰਾਆ' ਸੀ* ਜੋ ਵਧੇਰੇ ਵਰਤੋਂ ਕਾਰਣ ਆਮ ਲੋਕਾਂ ਦੀ ਬੋਲੀ ਵਿਚ ਸਾਮਰਾ ਹੋ ਗਿਆ। ਏਸ ਨੂੰ ਖ਼ਲੀਫ਼ਾ ਮੁਅਤਾਸਮ ਬਿੱਲਾ ਅੱਬਾਸੀ (ਸੰਨ ੨੨੧ ਹਿ.) ਨੇ ਵਸਾਇਆ ਸੀ।

ਨਰੋਲ ਰਾਜਪੂਤ ਨਹੀਂ ਸਨ

ਯੂਰਪੀਨ ਇਤਿਹਾਸਕਾਰਾਂ ਨੇ ਏਸ ਕਬੀਲੇ ਨੂੰ 'ਨਵੇਂ ਬਣੇ ਰਾਜਪੂਤ' ਦੱਸਿਆ ਹੈ ਜੇਹਾ ਕਿ ਐਨਸਾਈਕਲੋਪੀਡੀਆ ਬ੍ਰੀਟੈਨੀਕਾ ਦੇ ਸਿੰਧ ਉੱਤੇ ਆਰਟੀਕਲ ਲਿਖਣ ਵਾਲੇ ਨੇ ਵੀ ਲਿਖਿਆ ਹੈ† ਏਲੀਅਟ ਸਾਹਿਬ ਵੀ ਇਹੋ ਸਿਧ ਕਰਨਾ ਚਾਹੁੰਦੇ ਹਨ ! ਪਰ ਇਨ੍ਹਾਂ ਵਿਚੋਂ ਕੋਈ ਵੀ ਸੱਜਣ ਕੋਈ ਦਲੀਲ ਪੇਸ਼ ਨਹੀਂ ਕਰਦਾ। ਫ਼ਾਰਸੀ ਇਤਿਹਾਸਕਾਰਾਂ ਦੇ ਗਡ ਮਡ ਖਿਆਨਾਂ ਤੋਂ ਇਹ ਤਾਂ ਪਰਗਟ ਹੀ ਹੁੰਦਾ ਹੈ ਕਿ ਉਹ ਨਿਰੋਲ ਹਿੰਦੀ ਵੀ ਨਹੀਂ ਸਨ ਤਾਂ ਨਰੋਲ ਰਾਜਪੂਤ ਕਿਵੇਂ ਹੋਣਗੇ।

ਇਹ ਯਹੂਦੀ ਨਹੀਂ ਸਨ

ਮੌਲਵੀ ਅਬਦੁਲ ਹਲੀਮ ਸ਼ਰਰ ਸਾਹਿਬ ਪਰਲੋਕ ਵਾਸੀ ਨੇ ਇਕ ਅਜੀਬ ਗੱਲ ਲਿਖੀ ਹੈ ਕਿ ਇਹ ਲੋਕ ਯਹੂਦੀਆਂ ਤੋਂ ਨਵੇਂ ਬਣੇ ਮੁਸਲਮਾਨ ਸਨ। ਮੌਲਵੀ ਸਾਹਿਬ ਨੂੰ ਸ਼ਾਇਦ ਏਸ ਕਰਕੇ ਸ਼ੁਭਾ ਹੋਇਆ ਕਿ ਯਹੂਦੀਆਂ ਦੀ ਇਕ ਸੰਪਰਦਾਇ ਦਾ ਨਾਂ ਸਾਮਰੀ ਸੀ ਜੋ ਸ਼ਾਮ ਦੇ ਸ਼ਮਰੂਨ ਪਰਬਤ ਵਲ ਤੱਧਿਤ ਸਨ। ਏਸ ਸ਼ੁਭੇ ਦੀ ਦੂਜੀ ਵਜਾਹ ਬੁਸ਼ਾਰੀ ਮੁਕਦਸੀ ਦੀ ਇਕ ਟੂਕ ਹੈ ਜਿਸ ਨੂੰ ਪਰਲੋਕ ਵਾਸੀ ਮੌਲਵੀ ਸਾਹਿਬ ਨੇ ਅਜੀਬ ਢੰਗ ਨਾਲ ਆਪਣੇ ਮਤਲਬ ਅਨੁਸਾਰ ਬਦਲ ਲਿਆ ਹੈ। ਘਟਨਾ ਇਹ ਹੈ ਕਿ ਬੁਸ਼ਾਰੀ ਨੇ ਆਪਣੇ ਮੁਖ ਬੰਧ ਵਿਚ ਜਿਨ੍ਹਾਂ ਕੌਮਾਂ ਤੇ ਫ਼ਿਰਕਿਆਂ ਦਾ ਵਰਨਣ ਕੀਤਾ ਹੈ ਇਨ੍ਹਾਂ ਵਿਚ ਚਾਰ ਅੰਕ ਦੀ ਵਿਸ਼ੇਸ਼ਤਾ ਵਿਖਾਈ ਹੈ ਅਤੇ ਲਿਖਿਆ ਹੈ ਕਿ 'ਜ਼ੰਮੀ ਵੀ, ਜਿਨ੍ਹਾਂ ਤੋਂ ਜਜ਼ੀਆ ਲਿਆ ਜਾ ਸਕਦਾ ਹੈ, ਚਾਰ ਹਨ 'ਯਹੂਦੀ, ਈਸਾਈ, ਮਜੂਸ ਅਤੇ ਸਾਬੀ' ਫੇਰ ਇਤਰਾਜ਼ ਕੀਤਾ ਹੈ ਕਿ

*"ਜਿਸ ਨੇ ਵੇਖਿਆ ਉਹ ਖੁਸ਼ ਹੋ ਗਿਆ" ਬਗਦਾਦ ਦੇ ਲਾਗੇ ਮੁਅਤਾਸਮ ਬਿੱਲਾ ਦਾ ਵਸਾਇਆ ਇਕ ਸ਼ਹਿਰ ਸੀ (ਉਲਥਾਕਾਰ)

†ਗਿਆਰਵਾਂ ਐਡੀਸ਼ਨ ਜਿ. ੨੫ ਪੰ. ੧੪੩

'ਸਾਮਰਾ' ਵੀ ਤਾਂ ਜੰਮੀ ਹਨ ਏਸ ਤਰ੍ਹਾਂ ਚਾਰ ਦੀ ਥਾਂ ਪੰਜ ਕੌਮਾਂ ਹੋ ਜਾਂਦੀਆਂ ਹਨ। ਏਸ ਦਾ ਜਵਾਬ ਦਿਤਾ ਹੈ ਕਿ ਸਾਮਰਾ ਅਸਲ ਵਿਚ ਯਹੂਦੀਆਂ ਦੀ ਇਕ ਕਿਸਮ ਹੈ ਵੇਖੋ ਉਹ ਵੀ ਮੂਸਾ (ਉਸ ਨੂੰ ਸਲਾਮ) ਹੀ ਨੂੰ ਪੈਗੰਬਰ ਮੰਨਦੇ ਹਨ ਇਹ ਤਾਂ ਅਸਲ ਕਿਤਾਬ ਦੀ ਲਿਖਤ ਹੈ ਫ਼ੁਟ ਨੋਟ ਵਿਚ ਐਡੀਟਰ ਨੇ ਇਕ ਹੋਰ ਕਾਪੀ ਦੀ ਲਿਖਤ ਵੀ ਨਕਲ ਕੀਤੀ ਹੈ ਜਿਸ ਵਿਚ ਏਸ ਇਤਰਾਜ ਦਾ ਉੱਤਰ ਦਿਤਾ ਹੈ ਕਿ ਸਿੰਧ ਦੇ ਮੂਰਤੀ ਪੂਜ ਵੀ ਤਾਂ ਇਸਲਾਮੀ ਮੁਲਕ ਅੰਦਰ ਵਸਦੇ ਹਨ, ਫੇਰ ਜੰਮੀ ਚਾਰ ਤੋਂ ਵਧ ਹੋ ਜਾਂਦੇ ਹਨ। ਬੁਸ਼ਾਰੀ ਏਸ ਦੇ ਉੱਤਰ ਵਿਚ ਆਖਦਾ ਹੈ ਕਿ ਸਿੰਧ ਦੇ ਮੂਰਤੀ ਪੂਜ ਜੰਮੀ ਨਹੀਂ ਕਿਉਂ ਜੋ ਉਹ ਜਜ਼ੀਆ ਨਹੀਂ ਦਿੰਦੇ* ਇਸ ਲਈ ਅੰਤ ਵਿਚ ਜੰਮੀ ਉਹੀ ਚਾਰ ਰਹੇ।

ਪਰਲੋਕਵਾਸੀ ਮੌਲਵੀ ਸਾਹਿਬ ਨੇ 'ਸਾਮਰਾ' ਅਤੇ 'ਸਿੰਧ' ਨੂੰ ਉੱਪਰ ਥਲੇ ਵੇਖਕੇ ਆਪੋ ਵਿਚੀਂ ਜੋੜ ਜਾੜ ਕੇ ਇਕ ਸਿਧਾਂਤ ਪੈਦਾ ਕਰ ਲਿਆ ਹੈ ਜਿਸ ਦਾ ਉੱਕਾ ਹੀ ਕੋਈ ਆਧਾਰ ਨਹੀਂ। ਬੁਸ਼ਾਰੀ ਦੀ ਅਹਸਨੁੱਤਕਾਸੀਮ ਮੌਜੂਦ ਹੈ ਜਿਸ ਨੂੰ ਵੇਖ ਕੇ ਹਰ ਕੋਈ ਏਸ ਘਟਨਾਂ ਦੀ ਅਸਲੀਅਤ ਨੂੰ ਜਾਣ ਸਕਦਾ ਹੈ।

ਸੋਮਰੀ ਬਾਦਸ਼ਾਹ

ਤੁਹਫ਼ਾਤੁਲ ਕਰਾਮ ਵਿਚ ਸੋਮਰਾ ਦੇ ਹੇਠ ਲਿਖੇ ਬਾਦਸਾਹਾਂ ਦੇ ਨਾਂ ਅਤੇ ਉਨ੍ਹਾਂ ਦਾ ਰਾਜ ਸਮਾਂ ਦਰਜ ਹੈ।

੧– ਸੋਮਰਾ ... ਲੰਮੇਂ ਸਮੇਂ ਤਕ

੨– ਭੋਂਗਰ ਬਿਨ ਸੋਮਰਾ ਪਹਿਲਾ, ਪੰਦਰਾਂ ਸਾਲ ੪੬੧ ਹਿ. ਵਿਚ ਮਰਿਆ।

੩–ਦੂਦਾ ਪਹਿਲਾ,ਪੁਤਰ ਭੋਂਗਰ ਦਾ,੨੪ ਸਾਲ ੪੮੫ ਹਿ.ਵਿਚ ਮ੍ਰਿਤੂ ਹੋਈ

੪–ਸੰਘਰ ... ੧੫ ਸਾਲ

੫–ਹ.ਫ਼ੀਫ਼ ਜਾਂ (ਖ.ਫ਼ੀ.ਫ਼) ... ੩੩ ਸਾਲ

*ਅਹਸਨੁੱਤਕਾਸੀਮ ਬੁਸ਼ਾਰੀ ਪੰ.੪੨ (ਲੀਡਨ)

੬–ਊਮਰ*	...	੪੦ ਸਾਲ
੭–ਦੂਦਾ ਦੂਜਾ	...	੧੪ ਸਾਲ
੮–ਪਾਥੂ	...	੩੩ ਸਾਲ
੯–ਗਨੂਰਾ ਪਹਿਲਾ	...	੧੬ ਸਾਲ
੧੦–ਮੁਹੰਮਦ ਤੂਰ?	...	੧੫ ਸਾਲ
੧੧–ਗਨੂਰਾ ਦੂਜਾ	...	ਕੁਝ ਸਾਲ
੧੨–ਦੂਦਾ ਤੀਜਾ	...	੧੪ ਸਾਲ
੧੩–ਤਾਈ	...	੧੫ ਸਾਲ
੧੪–ਚੈਨਸਰ	...	੧੮ ਸਾਲ
੧੫–ਭੋਂਗਰ ਦੂਜਾ	...	੧੫ ਸਾਲ
੧੬–ਹਫੀਫ(ਜਾਂ ਹਫ਼ੀਫ਼)ਦੂਜਾ	...	੧੮ ਸਾਲ
੧੭–ਦੂਦਾ ਚੌਥਾ	...	੨੫ ਸਾਲ
੧੮–ਉਮਰ ਸੋਮਰਾ	...	੩੫ ਸਾਲ
੧੯–ਭੋਂਗਰ ਤੀਜਾ	...	੧੦ ਸਾਲ
੨੦- ਹਮੀਰ (ਅਮੀਰ)	...	ਅੰਤਲਾ, ਬਾਦਸ਼ਾਹ
		੩੬੧ ਸਾਲ

ਗਿਆਰਵੇਂ ਬਾਦਸ਼ਾਹ ਦੇ ਕੁਝ ਅਸਪਸ਼ਟ ਵਰ੍ਹੇ ਅਤੇ ਅੰਤਲੇ ਬਾਦਸ਼ਾਹ ਦਾ ਸਮਾਂ ਏਸ ਵਿਚ ਸ਼ਾਮਲ ਨਹੀਂ ਜੇ ਇਹ ਕੁਝ ਸਾਲ ਵੀ ਜੋੜ ਲਏ ਜਾਣ ਤਾਂ ਘਟ ਤੋਂ ਘਟ ਇਨ੍ਹਾਂ ਦੇ ਰਾਜ ਦਾ ਸਮਾਂ ੩੭੫ ਸਾਲ ਹੁੰਦਾ ਹੈ। ਜੇ ਇਨ੍ਹਾਂ ਦਾ ਮੁਢ ਸੁਲਤਾਨ ਅਬਦੁਰੱਸ਼ੀਦ ਦੇ ਪਿਛੋਂ ਅਥਵਾ ਸੰਨ ੪੪੪ ਹਿ. ਤੋਂ ਗਿਣਿਆ ਜਾਵੇ ਤਾਂ ਇਨ੍ਹਾਂ ਦੀ ਸਮਾਪਤੀ ਦਾ ਸਾਲ ੮੧੯ ਹਿ. ਹੁੰਦਾ ਹੈ ਪਰ ਉੱਪਰ ਆ ਚੁਕਿਆ ਹੈ ਕਿ ਇਨ੍ਹਾਂ ਦਾ ਖ਼ਾਤਮਾ ਮੁਹੰਮਦ ਸ਼ਾਹ

*ਸ਼ੀਆ ਇਸਮਾਈਲੀਆਂ ਵਿਚ ਇਹ ਉਮਰ ਨਾਂ ਅਜੀਬ ਮਲੂਮ ਹੁੰਦਾ ਹੈ ਏਹ ਸ਼ਾਇਦ ਅਸਲ ਵਿਚ ਊਨਰ ਹੋਵੇ ਜੇਹਾ ਕਿ ਸਰਾਜ ਅਫ਼ੀਫ਼ ਵਿਚ ਦਰਜ ਹੈ ਇਸ ਦਾ ਦੂਜਾ ਉਚਾਰਨ ਉਨਾਰ ਜਾਂ ਵਨਾਰ ਜਾਂ ਉਨਾਰ ਹੈ ਜੇਹਾ ਇਬਨ ਬਤੂਤਾ ਅਤੇ ਸਿੰਧ ਦੀਆਂ ਕੁਝ ਫ਼ਾਰਸੀ ਤਾਰੀਖ਼ਾਂ ਵਿਚ ਹੈ।

ਤੁਗ਼ਲਕ ਦੇ ਸਮੇਂ ਵਿਚ ਸੰਨ ੭੫੨ ਹਿ. ਵਿਚ ਹੋਇਆ ਏਸ ਲਈ ੬੬ ਸਾਲ ਦਾ ਸਮਾਂ ਇਨ੍ਹਾਂ ਬਾਦਸ਼ਾਹਾਂ ਦੇ ਦਸੇ ਸਮੇਂ ਤੋਂ ਵਧੇਰੇ ਮਲੂਮ ਹੁੰਦਾ ਹੈ।

ਸੋਮਰੀਆਂ ਦਾ ਅੰਤ

ਮੁਹੰਮਦ ਸ਼ਾਹ ਤੁਗ਼ਲਕ ਦੇ ਸਮੇਂ ਦਿੱਲੀ ਦੇ ਸੁਲਤਾਨ ਅਤੇ ਸੋਮਰੀਆਂ ਦੀ ਆਪੋ ਵਿਚ ਖਿਚਾ ਤਾਣੀ ਸ਼ੁਰੂ ਹੁੰਦੀ ਹੈ। ਮੁਹੰਮਦ ਸ਼ਾਹ ਤੁਗ਼ਲਕ ਦੇ ਅੰਤ ਸਮੇਂ ਤਗੀ ਨਾਂ ਦਾ ਇਕ ਮੁਗ਼ਲ ਗੁਜਰਾਤ ਵਿਚ ਬਾਗ਼ੀ ਹੋ ਜਾਂਦਾ ਹੈ ਅਤੇ ਬਾਦਸ਼ਾਹ ਦੇ ਗੁਜਰਾਤ ਪਹੁੰਚਣ ਤੇ ਉਹ ਭਜ ਕੇ ਠੱਠਾ (ਸਿੰਧ) ਦੇ ਸੋਮਰੀਆਂ ਕੋਲ ਆਸਰਾ ਲੈਂਦਾ ਹੈ। ਬਾਦਸ਼ਾਹ ਏਸ ਦਾ ਪਿੱਛਾ ਕਰਦਾ ਹੋਇਆ ਠੱਠਾ ਜਾਂਦਾ ਹੈ। ਮੁਗ਼ਲਾਂ ਤੇ ਸੋਮਰੀਆਂ ਦੋਹਾਂ ਨਾਲ ਟਾਕਰਾ ਪੇਸ਼ ਆਉਂਦਾ ਹੈ ਪਰ ਅਚਨਚੇਤ ਬਾਦਸ਼ਾਹ ਦੀ ਤਬੀਯਤ ਵਿਗੜ ਜਾਂਦੀ ਹੈ ਅਤੇ ਉਹ ਏਥੇ ਹੀ ਚਲਾਣਾ ਕਰ ਜਾਂਦਾ ਹੈ। ਬਾਦਸ਼ਾਹ ਤੋਂ ਬਿਨਾਂ ਫ਼ੌਜ ਮੁਗ਼ਲਾਂ ਤੇ ਸੋਮਰੀਆਂ ਦੇ ਹੱਥੋਂ ਬੜੀ ਸਖ਼ਤ ਤਕਲੀਫ਼ ਉਠਾਉਂਦੀ ਹੈ, ਅੰਤ ਨੂੰ ਫ਼ੀਰੋਜ਼ਸ਼ਾਹ ਤੁਗ਼ਲਕ ਨੂੰ ਆਪਣਾ ਬਾਦਸ਼ਾਹ ਬਣਾ ਕੇ ਏਸ ਦੁਵੱਲੀ ਵਿਪਤਾ ਤੋਂ ਛੁਟਕਾਰਾ ਪਾਉਂਦੀ ਹੈ ਅਤੇ ਦਿੱਲੀ ਵਾਪਸ ਆਉਂਦੀ ਹੈ ਇਹ ਸੰਨ ੭੫੨ ਹਿ. ਦੀ ਘਟਨਾ ਹੈ।*

ਪਰ ਕੁਝ ਕੁ ਸਾਲਾਂ ਪਿਛੋਂ ਜਦੋਂ ਫ਼ੀਰੋਜ਼ਸ਼ਾਹ ਸੰਨ ੭੬੨ ਹਿ. ਵਿਚ ਏਥੇ ਆਉਂਦਾ ਹੈ ਤਾਂ ਏਥੇ ਜਾਮਾਂ ਦਾ ਰਾਜ ਵੇਖਦਾ ਹੈ ਜਾਮ ਅਨਰ ਅਤੇ ਏਸ ਦਾ ਭਤੀਜਾ ਬਾਂਮਭਾ ਰਾਜ ਕਰਦੇ ਹਨ। ਇਹ ਜਾਮ ਦੀ ਉਪਾਧੀ ਸੰਮਾ ਬਾਦਸ਼ਾਹਾਂ ਦੀ ਸੀ। ਏਸ ਤੋਂ ਮਲੂਮ ਹੁੰਦਾ ਹੈ ਕਿ ਇਹੀ ਸਮਾਂ ਸੋਮਰਾ ਦੇ ਅੰਤ ਅਤੇ ਸੰਮਾ ਲੋਕਾਂ ਦੇ ਆਰੰਭ ਦਾ ਹੈ। ਤੁਹਫ਼ਾਤੁਲ ਕਰਾਮ ਵਿਚ ਸੰਨ ੭੫੨ ਹਿ. ਵਿਚ ਸੰਮਾ ਕੌਮ ਦਾ ਆਰੰਭ ਲਿਖਿਆ ਹੈ ਜਿਸ ਤੋਂ ਮਲੂਮ ਹੁੰਦਾ ਹੈ ਕਿ ਏਸੇ ਮੁਹੰਮਦ ਸ਼ਾਹ ਤੁਗ਼ਲਕ ਦੇ ਹਮਲੇ ਪਿਛੋਂ ਹੀ ਇਹ ਪਰੀਵਰਤਨ ਪੇਸ਼ ਆਇਆ ਅਤੇ ਫ਼ਰਿਸ਼ਤਾ ਦੇ ਕਥਨ ਅਨੁਸਾਰ ਏਸ

*ਫ਼ੀਰੋਜ਼ ਸ਼ਾਹੀ ਜ਼ਿਆਏ ਬਰਨੀ ਪੰ. ੫੨੩–੫੨੫ (ਕਲਕਤਾ)

ਪਰੀਵਰਤਨ ਵਿਚ ਮੁਸਲਮਾਨਾਂ ਦਾ ਵਧੇਰੇ ਹਥ ਸੀ। ਮਲੂਮ ਹੁੰਦਾ ਹੈ ਇਸਮਾਈਲੀ ਜਾਂ ਹਿੰਦੂਵਤ ਸੋਮੇਰੀਆਂ ਦੇ ਆਕੀ ਹੋਣ ਪਿਛੋਂ ਆਮ ਮੁਸਲਮਾਨਾਂ ਨੇ ਏਹੀ ਉਚਿਤ ਸਮਝਿਆ ਕਿ ਸੋਮਰਿਆਂ ਦਾ ਏਥੋਂ ਦੀ ਇਕ ਨਵੀਂ ਮੁਸਲਮਾਨ ਬਣੀ ਜਾਤੀ ਦੇ ਹਥੋਂ ਨਾਸ ਕੀਤਾ ਜਾਵੇ। ਸੋ ਸੰਮਾਂ ਜਾਤੀ ਦੇ ਇਕ ਉਨਰ ਨਾਂ ਦੇ ਸਰਦਾਰ ਨੇ ਸੋਮਰਿਆਂ ਦੇ ਆਖ਼ਰੀ ਬਾਦਸ਼ਾਹ ਹਮੀਰ (ਅਮੀਰ) ਨੂੰ ਜਿਸਦਾ ਦੂਜਾ ਪਾਠ ਅਰਮਾਈਲ ਹੈ ਕਤਲ ਕਰ ਕੇ ਆਪਣਾ ਰਾਜ ਕਾਇਮ ਕਰ ਲਿਆ।

ਨਵੀਆਂ ਖੋਜਾਂ ਦੀ ਲੋੜ

ਸੋਮਰੀ ਬਾਦਸ਼ਾਹਾਂ ਦੀ ਸੂਚੀ ਅਤ ਉਨਾਂ ਦੇ ਸਮੇਂ ਨੂੰ ਨਿਸਚਤ ਕਰਨਾ ਸਮਾਲੋਚਨਾ ਦੀ ਦ੍ਰਿਸ਼ਟੀ ਕੋਣ ਤੋਂ ਬਹੁਤ ਕੁਝ ਖੋਜ ਦਾ ਮੁਥਾਜ ਹੈ। ਏਸ ਬਾਰੇ ਸਾਡੇ ਹਿੰਦੁਸਤਾਨੀ ਇਤਿਹਾਸਕਾਰਾਂ ਨੂੰ ਥੋੜੀ ਜੇਹੀ ਮਿਹਨਤ ਕਰਨ ਦੀ ਲੋੜ ਹੈ। ਜਿਵੇਂ ਸੰਨ ੬੨੦ ਤੋਂ ਇਕ ਦੋ ਵਰ੍ਹੇ ਪਹਿਲਾਂ, ਜਦੋਂ ਸੁਲਤਾਨ ਜਲਾਲੁਦੀਨ ਖ਼੍ਵਾਰਜ਼ਮ ਸ਼ਾਹ ਤਾਤਾਰੀਆਂ ਤੋਂ ਭਜ ਕੇ ਸਿੰਧ ਆਇਆ ਅਤੇ ਠੱਠੇ ਪੁਜਾ ਤਾਂ ਜਲਸੀ ਨਾਂ ਸੋਮਰੀ ਬਾਦਸ਼ਾਹ ਨੇ ਭੱਜ ਕੇ ਕਿਸ਼ਤੀਆਂ ਵਿਚ ਆਪਣਾ ਸਾਮਾਨ ਲਦ ਕੇ ਕਿਸੇ ਟਾਪੂ ਵਿਚ ਜਾ ਕੇ ਆਸਰਾ ਲਿਆ*। ਇਹ ਜਲਸੀ ਨਾਂ ਸੂਚੀ ਵਿਚ ਨਹੀਂ ਨਵਲ ਕਿਸ਼ੋਰੀ ਨੁਸਖੇ ਤੇ ਭਰੋਸਾ ਨਹੀਂ। ਸੰਭਵ ਹੈ ਕਿ ਇਹ ਜਲਸੀ ਨਾਂ ਚਨੇਸਰ ਦਾ ਰੂਪਾਂਤਰ ਹੋਵੇ ਜੋ ਸਾਡੀ ਸੂਚੀ ਵਿਚ ਚੌਧਵੇਂ ਨੰਬਰ ਤੇ ਹੈ। ਏਸੇ ਤਰ੍ਹਾਂ ਸੰਨ ੭੩੪ ਹਿ· ਵਿਚ ਇਬਨ ਬਤੂਤਾ ਦੇ ਸਿੰਧ ਆਉਣ ਸਮੇਂ ਉਨਾਰ ਬਾਦਸ਼ਾਹ ਸੀ। ਇਹ ਨਾਂ ਵੀ ਏਸ ਸੂਚੀ ਵਿਚ ਨਹੀਂ ਪਰ ਸੰਭਵ ਹੈ ਕਿ ਇਹ ਉਹੀ ਨਾਂ ਹੋਵੇ, ਜੋ ਉਮਰ ਨਾਂ ਦੇ ਰੂਪ ਵਿਚ ਅਠਾਰਵੇਂ ਨੰਬਰ ਤੇ ਮਿਲਦਾ ਹੈ।

ਸੰਮਾ

ਸੋਮਰੀਆਂ ਪਿਛੋਂ ਸੰਮਾ ਕਬੀਲੇ ਦੇ ਜਿਨ੍ਹਾਂ ਲੋਕਾਂ ਨੇ ਸਿੰਧ ਉੱਤੇ

*ਫ਼ਰਿਸ਼ਤਾ ਜਿਲਦ ਦੂਜੀ ਪੰ. ੩੧੬ (ਨਵਲਕਿਸ਼ੋਰ)

[illegible] ਹਿੰਦੂਆਂ ਦੇ [illegible] ਠੱਠਾ ਨੂੰ [illegible] ਨੂੰ [illegible]
[illegible] ਹਨ।

ਸੰਮਾ ਨੂੰ ਫ਼ਾਰਸੀ ਇਤਿਹਾਸ ਲੇਖਕ ਬਹੁਵਚਨ ਦੇ ਰੂਪ ਵਿਚ 'ਸਮਨਾਨ' ਲਿਖਦੇ ਹਨ ਜਿਵੇਂ ਅੰਗਰੇਜ਼ ਲੇਖਕ 's' ਲਾਕੇ ਬਹੁਵਚਨ ਬਣਾਉਂਦੇ ਹਨ ਅਤੇ ਸਮਾਸ (Sammas) ਲਿਖਦੇ ਹਨ। ਏਸ ਤੋਂ ਦੇਖਾ ਜਾਪੇ ਬਾਜ਼ੇ ਲੋਕਾਂ ਨੇ ਇਨ੍ਹਾਂ ਦਾ ਨਾਂ ਸਮਾਸ ਲਿਖਿਆ ਹੈ। ਇਨ੍ਹਾਂ ਲੋਕਾਂ ਦਾ ਧਰਮ ਇਸਲਾਮ ਸੀ। ਭਾਵੇਂ ਏਸ ਗਲ ਵਿਚ ਮਤ ਭੇਦ ਹੈ ਕਿ ਇਹ ਲੋਕ ਮੁਢੋਂ ਮੁਸਲਮਾਨ ਸਨ ਜਾਂ ਪਿਛੋਂ ਮੁਸਲਮਾਨ ਹੋ ਗਏ। ਇਨ੍ਹਾਂ ਦਾ ਹੈਡਕੁਆਟਰ ਠੱਠਾ ਸੀ। ਸਰਕਾਰੀ ਉਪਾਧੀ ਜਾਮ ਸੀ ਅਤੇ ਨਾਂ ਹਿੰਦੀ ਅਰਬੀ ਮਿਸ਼ਰਤ ਹੁੰਦਾ ਸੀ, ਜਿਵੇਂ ਪਰਸਿਧ ਸੰਮਾ ਬਾਦਸ਼ਾਹ ਦਾ ਨਾਂ ਜਾਮ ਨੰਦਾ ਨਿਜ਼ਾਮੁਦੱਨੀ ਸੀ। ਇਹ ਲੋਕੀ ਇੰਨੇ ਬਲਵਾਨ ਸਨ ਕਿ ਚਿਰਾਂ ਤਕ ਦਿਲੀ ਦੇ ਸੁਲਤਾਨਾਂ ਦਾ ਡਟ ਕੇ ਮੁਕਾਬਲਾ ਕਰਦੇ ਰਹੇ। ਸੰਨ ੭੫੨ ਹਿ. (ਸੰਨ ੧੩੫੧ ਈ.) ਤੋਂ ਸੰਨ ੯੨੭ ਹਿ. ਅਥਵਾ ਇਕ ਸੌ ਪਚੱਤਰ (੧੭੫) ਵਰ੍ਹੇ ਤਕ ਇਹ ਸਿੰਧ ਉੱਤੇ ਹਕੂਮਤ ਕਰਦੇ ਰਹੇ।

ਏਸ ਕਬੀਲੇ ਦੀ ਅਸਲੀਅਤ ਬਾਰੇ ਵੀ ਇਤਿਹਾਸਕਾਰਾਂ ਵਿਚ ਸਖ਼ਤ ਮਤਭੇਦ ਹੈ। ਸਿੰਧ ਦੇ ਬਾਜ਼ੇ ਇਤਿਹਾਸਕਾਰਾਂ ਨੇ ਇਨ੍ਹਾਂ ਨੂੰ ਅਰਬੀ ਨਸਲ ਦੇ ਮੰਨਿਆ ਹੈ, ਅਤੇ ਇਨ੍ਹਾਂ ਨੂੰ ਅਬੂ ਜਿਹਲ ਦੀ ਉਲਾਦ ਆਖਿਆ ਹੈ। ਪਿਛੋਂ ਦੇ ਫ਼ਾਰਸੀ ਇਤਿਹਾਸਕਾਰ 'ਫ਼ਰਿਸ਼ਤਾ' ਤੇ 'ਅਬੁਲਫ਼ਜ਼ਲ' (ਆਈਨੇ ਅਕਬਰੀ) ਨੇ ਇਨ੍ਹਾਂ ਨੂੰ,'ਜਾਮ' ਦੀ ਉਪਾਧੀ ਕਾਰਣ, ਈਰਾਨੀ ਬਾਦਸ਼ਾਹ ਜਮਸ਼ੇਦ ਦੀ ਉਲਾਦ ਆਖਿਆ ਹੈ, ਜਿਸ ਦਾ ਆਧਾਰ ਕੇਵਲ ਸ਼ਬਦ 'ਜਮ' ਅਤੇ ਜਾਮ ਦੀ ਸਮਾਨਤਾ ਉੱਤੇ ਹੈ, ਜੋ ਉੱਕਾ ਹੀ ਗ਼ਲਤ ਹੈ। ਯੂਰਪੀਨ ਇਤਿਹਾਸਕਾਰ ਏਲੀਅਟ* ਅਤੇ ਐਨਸਾਈਕਲੋ-ਪੀਡੀਆ ਬ੍ਰੀਟੈਨੀਕਾ† ਅਤੇ ਐਨਸਾਈਕਲੋਪੀਡੀਆ ਆਫ਼ ਇਸਲਾਮ‡

---

*ਤਾਰੀਖ਼ੇ ਹਿੰਦ ਜਿਲਦ ਪਹਿਲੀ ਪੰ. ੪੯੭
†ਮਜ਼ਮੂਨ ਸਿੰਧ ਜਿਲਦ ੨੫ ਪੰ. ੧੪੩. (੧੧ਵਾਂ ਐਡੀਸ਼ਨ)
‡ਮਜ਼ਮੂਨ ਸੰਮਾ (Samma) ਅੰਗਰੇਜ਼ੀ ਐਡੀਸ਼ਨ

ਦੇ ਆਰੰਭਿਕ ਲੇਖਕ ਇਨ੍ਹਾਂ ਨੂੰ ਰਾਜਪੂਤਾਂ ਤੋਂ ਵਖਰੇ ਨਹੀਂ ਮੁਸਲਮਾਨ ਆਖਦੇ ਹਨ ਪਰ ਆਖਦੇ ਤੋਂ ਇਨ੍ਹਾਂ ਵਿਚੋਂ ਨੇ ਕੋਈ ਦਲੀਲ ਪੇਸ਼ ਕਰਨ ਦੀ ਖੇਚਲ ਨਹੀਂ ਕੀਤੀ। ਫ਼ਿਰਿਸ਼ਤੇ ਲੇਖਕ ਦੀ ਦਲੀਲ ਦਾ ਸਾਰ ਇਹੋ ਹੀ ਹੈ ਕਿ 'ਜਾਮ' ਲਕਬ ਅਤੇ ਨਵਾਨਗਰ ਦੇ ਰਾਜਪੂਤ ਰਾਜਿਆਂ ਦੀ ਉਪਾਧੀ ਹੈ। ਪਰ ਅਸਲੀਅਤ ਇਹ ਹੈ ਕਿ ਬਾਕੀ ਪੁਰਾਣੇ ਇਤਿਹਾਸਕਾਰਾਂ ਦੇ ਬਿਆਨ ਤੋਂ, ਜੋ ਏਸ ਖ਼ਿਆਲ ਦੀ ਪੁਸ਼ਟੀ ਹੁੰਦੀ ਹੈ, ਜਿਵੇਂ ਤਾਰੀਖ਼ ਮਾਸੂਮੀ ਵਿਚ ਲਿਖਿਆ ਹੈ ਕਿ ਸੰਮਾ ਲੋਕ ਕਛ ਤੋਂ ਸਿੰਧ ਆਏ ਸਨ*। ਚਚਨਾਮੇ ਦੇ ਬਿਆਨ ਤੋਂ ਸਪਸ਼ਟ ਹੁੰਦਾ ਹੈ ਕਿ ਸੰਮਾ ਕਬੀਲੇ ਦੇ ਲੋਕ ਸਿੰਧ ਵਿਚ ਮੁਹੰਮਦ ਬਿਨ ਕਾਸਿਮ ਦੇ ਸਮੇਂ (ਸੰਨ ੯੬ ਹਿ.) ਤੋਂ ਪਹਿਲਾਂ ਹੀ ਆਬਾਦ ਸਨ। ਸੋ ਜਦੋਂ ਮੁਹੰਮਦ ਬਿਨ ਕਾਸਿਮ ਇਨ੍ਹਾਂ ਦੀ ਵਸੋਂ ਵਿਚ ਪੁਜਾ ਤਾਂ ਇਨ੍ਹਾਂ ਲੋਕਾਂ ਨੇ ਸੰਗੀਤ ਤੇ ਬਾਜੇ ਗਾਜੇ ਨਾਲ ਇਨ੍ਹਾਂ ਦਾ ਸੁਆਗਤ ਕੀਤਾ ਅਤੇ ਬਹੁਤ ਖ਼ੁਸ਼ ਹੋਏ। ਮੁਹੰਮਦ ਬਿਨ ਕਾਸਿਮ ਨੇ ਇਕ ਅਰਬ ਸਰਦਾਰ ਨੂੰ, ਜਿਸ ਦਾ ਨਾਂ ਖਰੀਮ ? ਅਤੇ ਏਸ ਦੇ ਪਿਤਾ ਦਾ ਨਾਂ 'ਉਮਰ' ਦਸਿਆ ਗਿਆ ਹੈ, ਇਨ੍ਹਾਂ ਦਾ ਸਰਦਾਰ ਨਿਯੁਕਤ ਕੀਤਾ।† ਤਾਰੀਖ਼ ਤਾਹਿਰੀ ਦਾ ਬਿਆਨ ਹੈ ਕਿ "ਏਸ ਤਰ੍ਹਾਂ ਉਹ ਦੇਸ ਜੋ ਸਮੁੰਦਰ ਦੇ ਕੰਢੇ ਹੈ, ਸੰਮਾ ਕੌਮ ਦੇ ਅਧੀਨ ਹੋ ਗਿਆ ਹੈ, ਜਿਥੇ ਏਸ ਦੀ ਨਸਲ ਹੁਣ ਤਕ ਵਸਦੀ ਹੈ 'ਰਾਏ ਭਾਰਾ' ਅਤੇ 'ਜਾਮ ਸਹਿਤਾ' ਅਤੇ 'ਛੋਟੇ' ਅਤੇ 'ਕੱਛੇ' ਦੇ ਰਾਜੇ ਏਸੇ ਜਾਤੀ ਦੇ ਹਨ।‡

ਪਰ ਤਾਰੀਖ਼ ਬਲਾਜ਼ੁਰੀ ਵਿਚ ਜੋ ਸੰਨ ੨੯੭ ਹਿ. ਦੀ ਲਿਖਤ ਹੈ ਮੈਨੂੰ ਇਕ ਵਾਕ ਲਭਿਆ ਹੈ ਜਿਸ ਦਾ ਅਨੁਵਾਦ ਇਹ ਹੈ:

"ਫੇਰ ਸਿੰਧ ਦਾ ਗਵਰਨਰ ਦਾਊਦ ਬਿਨ ਯਜ਼ੀਦ ਬਿਨ ਹਾਤਮ ਨਿਯੁਕਤ ਹੋਇਆ। ਏਸੇ ਦੇ ਨਾਲ ਸੰਮਾ ਦਾ ਪਿਤਾ (ਅਬੁਸੰਮਾਤਿਲ

*ਮਾਸੂਮੀ (ਏਲੀਅਟ) ਪੰਨਾ ੨੨੩.
†ਚਚਨਾਮਾ (ਏਲੀਅਟ) ਪੰਨਾ ੧੯੧.
‡ਤਾਹਰੀ (ਏਲੀਅਟ) ਪੰ. ੨੬੮.

ਮੁਤਗੱਲਬਿਲ ਯੌਮ) ਗਿਆ ਸੀ ਜਿਸਦਾ ਅਜ ਕਲ ਸਿੰਧ ਉਤੇ ਕਬਜ਼ਾ ਹੈ ਉਹ ਕਬੀਲਾ ਕਿੰਦਾ ਦਾ ਸੁਤੰਤਰ ਕੀਤਾ ਗ਼ੁਲਾਮ ਹੈ ।" *

ਕੀ ਇਹ ਸਮਝਿਆ ਜਾਵੇ ਕਿ ਏਸੇ 'ਯੰਮੇ' ਦੀ ਉਲਾਦ ਸੀ ਜੋ ਪਿੱਛੋਂ ਕਬੀਲਾ ਸੰਮਾਂ ਦੇ ਨਾਂ ਤੋਂ ਪਰਸਿਧ ਹੋਈ ਅਤੇ ਸੰਭਵ ਹੈ ਕਿ ਉਹ ਕੱਛ ਵਿਚ ਜਾ ਵਸੀ ਹੋਵੇ ਅਤੇ ਫੇਰ ਉਥੋਂ ਸੰਨ ੭੫੨ ਹਿ. ਵਿਚ ਆ ਕੇ ਏਸ ਨੇ ਸੋਮਰਾ ਜਾਤੀ ਕੋਲੋਂ ਸਿੰਧ ਖੋਹ ਲਿਆ ਹੋਵੇ ।

ਸੰਮਾ ਬਾਦਸ਼ਾਹ

ਸੰਮਿਆਂ ਦਾ ਕਾਲ ਬਹੁਤ ਪਿੱਛੋਂ ਦਾ ਅਥਵਾ ਓਸ ਸਮੇਂ ਦਾ ਹੈ ਜਦੋਂ ਦਿਲੀ ਵਿਚ ਮੁਸਲਮਾਨਾਂ ਦੀ ਮਜ਼ਬੂਤ ਹਕੂਮਤ ਕਾਇਮ ਸੀ, ਏਸੇ ਲਈ 'ਸੰਮਾਂ ਬਾਦਸ਼ਾਹਾਂ ਦੇ ਨਾਂ, ਉਪਾਧੀਆਂ ਤੇ ਸਮੇਂ ਵਧੇਰੇ ਸੰਭਾਲ ਨਾਲ ਸੁਰਖ਼ਿਅਤ ਹਨ । ਫ਼ਰਿਸ਼ਤਾ ਦੇ ਬਿਆਨ ਅਨੁਸਾਰ ਇਨ੍ਹਾਂ ਬਾਦਸ਼ਾਹਾਂ ਦੀ ਵਿਆਖਿਆ ਇਹ ਹੈ:

"ਸ਼ਾਹ ਮੁਹੰਮਦ ਤੁਗ਼ਲਕ ਦੇ ਸਮੇਂ ਮੁਸਲਮਾਨਾਂ ਦੀ ਕੋਸ਼ਸ਼ ਨਾਲ ਸੋਮਰਿਆਂ ਦੇ ਹਥੋਂ ਨਿਕਲਕੇ ਸਿੰਧ ਦਾ ਰਾਜ ਸੰਮਾ ਜਾਤੀ ਦੇ ਹਥ ਆ ਗਿਆ । ਏਸ ਕਬੀਲੇ ਦੇ ਅਕਸਰ ਸਰਦਾਰ ਇਸਲਾਮ ਗ੍ਰਹਿਣ ਕਰ ਚੁਕੇ ਸਨ । ਅਕਸਰ ਸਮਿਆਂ ਵਿਚ ਇਹ ਬਾਦਸ਼ਾਹ ਦਿੱਲੀ ਦੇ ਅਧੀਨ ਰਹੇ ਅਤੇ ਕਰ ਭਰਦੇ ਰਹੇ । ਅਲਬਤਾ ਕਦੇ ਕਦੇ ਆਕੀ ਵੀ ਹੋ ਬਹਿੰਦੇ ਸਨ । ਇਸਲਾਮ ਦੇ ਸਮੇਂ ਸਭ ਤੋਂ ਪਹਿਲਾ ਸ਼ਖ਼ਸ ਜੋ ਇਨ੍ਹਾਂ ਦਾ ਬਾਦਸ਼ਾਹ ਬਣਿਆ ਉਹ ਜਾਮ ਅਫ਼ਜ਼ਾ (ਉਨਾਰ ਜਾਂ ਵਿਨਾਰ) † ਸੀ ਉਹ ਬਹੁਤ

*ਬਲਾਜ਼ੁਰੀ ਪੰ. ੪੪੫ (ਲੀਡਨ)

†ਫ਼ਰਿਸ਼ਤਾ ਦੀ ਨਵਲਕਿਸ਼ੋਰ ਦੇ ਛਾਪੇ ਦੀ ਛਪੀ ਪੁਸਤਕ ਵਿਚ ਏਸ ਜਾਮ ਦਾ ਨਾਂ ਅਫ਼ਜ਼ਾ ਲਿਖਿਆ ਹੈ ਪਰ ਇਹ ਕਾਤਿਬ ਜਾਂ ਨੁਸਖ਼ੇ ਦੀ ਭੁਲ ਹੈ ਅਸਲ ਸ਼ਬਦ ਉਨਾਰ ਜਾਂ ਵਨਾਰ ਜਾਂ ਉਨਰ ਹੈ ਜੇਹਾ ਕਿ ਇਬਨ ਬਤੂਤਾ ਅਤੇ ਸਰਾਜ ਅਫ਼ੀਫ਼ ਵਿਚ ਹੈ ।

ਬੁਧੀਵਾਨ ਸੀ ਏਸ ਨੇ ਸਾਢੇ ਤਿੰਨ ਵਰ੍ਹੇ ਰਾਜ ਕੀਤਾ ਏਸ ਪਿਛੋਂ ਏਸ ਦਾ ਭਰਾ ਜਾਮ ਜੂਨਾ ਬਾਦਸ਼ਾਹ ਹੋਇਆ ਜੋ ਬੜਾ ਨਿਆਂਕਾਰੀ ਸੀ। ਏਸ ਪਿਛੋਂ ਏਸ ਦਾ ਪੁਤਰ ਜਾਮ ਮਾਨੀ ਹੋਇਆ ਜਿਸ ਨੇ ਦਿੱਲੀ ਦੇ ਸੁਲਤਾਨ ਦੀ ਵਿਰੋਧਤਾ ਕੀਤੀ ਅਤੇ ਸੰਨ ੭੬੨ ਹਿ. ਵਿਚ ਸੁਲਤਾਨ ਫ਼ੀਰੋਜ਼ ਸ਼ਾਹ ਨੇ ਏਸ ਉਤੇ ਚੜ੍ਹਾਈ ਕੀਤੀ। ਪਹਿਲਾਂ ਅਸਫਲ ਰਿਹਾ, ਫੇਰ ਗੁਜਰਾਤ ਤੋਂ ਮੁੜ ਕੇ ਸੁਲਤਾਨ ਨੇ ਏਸ ਦਾ ਟਾਕਰਾ ਕੀਤਾ ਅੰਤ ਨੂੰ ਜਾਮ ਮਾਨੀ ਨੇ ਸੁਲਾਹ ਕਰ ਲਈ।"*

ਏਸ ਲੜਾਈ ਅਤੇ ਸੁਲਾਹ ਦਾ ਹਾਲ ਫ਼ੀਰੋਜ਼ਸ਼ਾਹ ਦੇ ਸਮੇਂ ਦੇ ਇਤਿਹਾਸਕਾਰ ਸਰਾਜ ਅਫ਼ੀਫ਼ ਨੇ ਆਪਣੀ ਅਖੀਂ ਡਿਠਾ ਹੈ ਤੇ ਪੂਰੀ ਪੂਰੀ ਵਿਆਖਿਆ ਸਹਿਤ ਬਿਆਨ ਕੀਤਾ ਹੈ ਪਰ ਏਸ ਸਮੇਂ ਦੇ ਜਾਮ ਦਾ ਨਾਂ ਏਸ ਨੇ ਉਨਰ ਲਿਖਿਆ ਹੈ ਅਤੇ ਏਸ ਦੇ ਨਾਲ ਏਸ ਦੇ ਭਤੀਜੇ ਨੂੰ ਜਿਸ ਦਾ ਨਾਂ ਬਾਂਹਭ਼ਾ ਦਸਿਆ ਹੈ ਸ਼ਾਮਲ ਕੀਤਾ ਹੈ। ਸੰਮਾ ਜਾਤੀ ਦੀ ਸ਼ਕਤੀ ਦਾ ਅਨੁਮਾਨ ਏਸ ਗੱਲ ਤੋਂ ਹੋਵੇਗਾ ਕਿ ਜਾਮ ਨੇ ਚਾਲੀ ਹਜ਼ਾਰ ਪਿਆਦਾ ਤੇ ਵੀਹ ਹਜ਼ਾਰ ਸਵਾਰ ਫ਼ੌਜ ਨਾਲ ਫ਼ੀਰੋਜ਼ਸਾਹ ਦਿੱਲੀ ਦੇ ਸੁਲਤਾਨ ਦਾ ਟਾਕਰਾ ਕੀਤਾ। ਰਸਦ ਤੇ ਘਾਹ ਦੀ ਥੁੜ ਕਰਕੇ ਸੁਲਤਾਨ ਨੂੰ ਸਫਲਤਾ ਨਾ ਹੋਈ ਅਤੇ ਉਹ ਸਿੰਧ ਛਡ ਕੇ ਗੁਜਰਾਤ ਚਲਿਆ ਗਿਆ ਦੂਜੇ ਹੀ ਸਾਲ ਓਥੋਂ ਵਾਪਸ ਆ ਕੇ ਉਸ ਨੇ ਫ਼ੇਰ ਧਾਵਾ ਕੀਤਾ। ਮਜਬੂਰ ਹੋ ਕੇ ਜਾਮ ਸੁਲਾਹ ਕਰਨ ਲਈ ਤਿਆਰ ਹੋ ਗਿਆ। ਇਹ ਸੰਨ ੭੬੨ ਹਿ. (ਸੰ.੧੩੬੧ ਈ.) ਦੀ ਘਟਨਾ ਹੈ।

ਇਹ ਸੁਲਾਹ ਕਿਵੇਂ ਹੋਈ ?

ਸੱਯਦ ਜਲਾਲੁਦੀਨ ਹੁਸੈਨ ਬੁਖ਼ਾਰੀ, ਜੋ ਏਸ ਸਮੇਂ ਦੇ ਮਸ਼ਹੂਰ ਔਲੀਆ ਸਨ ਅਤੇ ਜਿਨ੍ਹਾਂ ਦਾ ਨਾਂ ਸੁਮਰਾ ਦੇ ਧਰਮ ਦੇ ਪਰਸੰਗ ਵਿਚ ਆ ਚੁਕਿਆ ਹੈ, ਉੱਚਾ ਵਿਚ ਰਹਿੰਦੇ ਸਨ। ਜਾਮ ਨੇ ਸਲਾਹ ਕਰ ਕੇ ਇਨ੍ਹਾਂ ਦੀ ਸੇਵਾ ਵਿਚ ਆਪਣੇ ਦੂਤ ਭੇਜੇ ਕਿ ਉਹ ਏਥੇ ਆਉਣ ਦੀ

*ਤਾਰੀਖ਼ ਫ਼ਰਿਸ਼ਤਾ ਜਿਲਦ ਦੂਜੀ ਪੰ. ੩੧੭ ਨਵਲਕਿਸ਼ੋਰ

ਖੇਚਲ ਕਰ ਕੇ ਸੁਲਤਾਨ ਤੋਂ ਮੇਰਾ ਕਸੂਰ ਮੁਆਫ਼ ਕਰਵਾ ਦੇਣ ਸੱਯਦ ਜਲਾਲੁਦੀਨ ਬੁਖ਼ਾਰੀ ਤਸ਼ਰੀਫ਼ ਲਿਆਏ ਅਤੇ ਬਾਦਸ਼ਾਹ ਨੇ ਪੂਰੀ ਪੂਰੀ ਸ਼ਰਧਾ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਸੱਯਦ ਨੇ (ਆਪ ਤੇ ਰਬ ਦੀ ਰਹਿਮਤ ਹੋਵੇ) ਦੋਹਾਂ ਧਿਰਾਂ ਨੂੰ ਦਲਾਸਾ ਦਿਤਾ। ਜਾਮ ਅਤੇ ਜਾਮ ਦੇ ਰਾਜ ਵਿਚ ਹਥ ਵਟਾਉਣ ਵਾਲੇ ਬਾਂਹਭਾ ਨੂੰ ਆਪ ਲਿਜਾਕੇ ਫ਼ੀਰੋਜ਼ ਸ਼ਾਹ ਨਾਲ ਮੁਲਾਕਾਤ ਕਰਵਾਈ ਅਤੇ ਸੁਲਾਹ ਦੀਆਂ ਸ਼ਰਤਾਂ ਤੈਹ ਹੋ ਗਈਆਂ।*

ਸੰਮਾ ਬਾਦਸ਼ਾਹਾਂ ਦੇ ਨਾਂ

ਮੀਰ ਮਾਸੂਮ ਅਤੇ ਫ਼ਰਿਸ਼ਤਾ ਨੇ ਸੰਮਾ ਬਾਦਸ਼ਾਹਾਂ ਦੇ ਨਾਂ ਅਤੇ ਕਾਲ ਲਿਖੇ ਹਨ। ਮੁੱਢ ਵਿਚ ਕੁਝ ਨਾਵਾਂ ਵਿਚ ਇਨ੍ਹਾਂ ਦੋਹਾਂ ਵਿਚ ਕੁਝ ਮਤਭੇਦ ਹੈ ਜਿਵੇਂ ਖ਼ੈਰੁਦੀਨ ਦਾ ਨਾਂ ਫ਼ਰਿਸ਼ਤੇ ਵਿਚ ਨਹੀਂ ਹੈ ਏਸ ਦੀ ਥਾਂ ਜਾਮ ਮਾਨੀ ਲਿਖਿਆ ਹੈ। ਸੰਭਵ ਹੈ ਕਿ ਮਾਨੀ ਅਤੇ ਖੈਰੁਦੀਨ ਇਕੋ ਵਿਅਕਤੀ ਹੋਵੇ। ਅੰਤਲੇ ਨਾਵਾਂ ਵਿਚ ਵੀ ਕੁਝ ਮਤ ਭੇਦ ਹੈ।

੧–ਜਾਮ ਉਨਾਰ ਜਾਂ ਵਨਾਰ ਜਾਂ ਉਨਰ, ੩ ਸਾਲ ੬ ਮਹੀਨੇ
੨–ਜਾਮ ਜੂਨਾ, ਜਾਮ ਉਨਾਰ, ਪੁੱਤਰ ਬਾਂਹਭਾ ਦਾ, ਭਰਾ ੧੪ ਸਾਲ ਅਲਾਉਦੀਨ ਖ਼ਿਲਜੀ ਦਾ ਸਮਕਾਲੀ।
੩–ਜਾਮ ਤਮਾਜੀ ੧੫ ਸਾਲ ਓਹੀ
੪–ਜਾਮ ਖ਼ੈਰਦੀਨ ੧੬ ਸਾਲ ਓਹੀ
੫–ਜਾਮ ਬਾਂਹਭਾ ....
੬–ਜਾਮ ਤਮਾਜੀ ....
੭–ਜਾਮ ਸਲਾਹੁਦੀਨ ੧੧ ਸਾਲ
੮–ਜਾਮ ਨਿਜ਼ਾਮੁਦੀਨ ਬਿਨ ਸਲਾਹੁਦੀਨ ੨ ਸਾਲ ਕੁਝ ਮਹੀਨੇ
੯–ਜਾਮ ਅੱਲੀ ਸ਼ੇਰ ਬਿਨ ਨਿਜ਼ਾਮੁਦੀਨ ੬ ਸਾਲ ਕੁਝ ਮਹੀਨੇ

*ਵਿਆਖਿਆ ਲਈ ਵੇਖੋ ਫੀਰੋਜ਼ ਸ਼ਾਹੀ ਸ਼ਸਮ ਸਰਾਜ ਅਫ਼ੀਫ਼ ਪੰ. ੨੪੦, ੨੪੧ (ਕਲਕਤਾ)

੧੦–ਜਾਮ ਕਰਨ ਬਿਨ ਜਾਮ ਤਮਜੀ ਡੇਢ ਦਿਨ

ਜਾਮ ਦਨਰ ਦਾ ਵੰਸ ਸਮਾਪਤ ਹੋਕੇ ਏਸੇ 'ਸੁੰਮੇ' ਕਬੀਲੇ ਦਾ ਇਕ ਹੋਰ ਵੰਸ ਗੱਦੀ ਉਤੇ ਬੈਠਾ। ਏਸ ਦੇ ਪਹਿਲੇ ਬਾਦਸ਼ਾਹ ਦਾ ਨਾਂ ਫ਼ਤਿਹ ਸੀ।

੧੧–ਫ਼ਤਿਹਖਾਨ ਬਿਨ ਸਿਕੰਦਰ ੧੫ ਸਾਲ

੧੨–ਜਾਮ ਤੁਗਲਕ ਬਿਨ ਸਿਕੰਦਰ, ੨੮ ਸਾਲ
ਫ਼ਤਿਹ ਖਾਂ ਦਾ ਭਰਾ

੧੩–ਜਾਮ ਮੁਬਾਰਕ (ਜਾਮ ਤੁਗ਼ਲਕ ੩ ਦਿਨ
ਦਾ ਇਕ ਨੇੜੇ ਦਾ ਰਿਸ਼ਤੇਦਾਰ)

੧੪–ਜਾਮ ਸਿਕੰਦਰ ਬਿਨ ਜਾਮ ਫ਼ਤਿਹ ੧ ਸਾਲ ੬ ਮਹੀਨੇ
ਖਾਂ ਬਿਨ ਜਾਮ ਸਿਕੰਦਰ

੧੫–ਜਾਮ ਰਾਏ ਵਰਣ (ਮੁਸਲਮਾਨ ਸੀ) ਸੰਨ ੮੫੮ ਹਿ. ਵਿਚ
ਕਛੋਂ ਆਇਆ।

੧੬–ਜਾਮ ਸੰਜਰ (ਸੰਮਾ ਕੌਮ ਦਾ ਇਕ ਸਰਦਾਰ) ੮ ਸਾਲ
ਕੁਝ ਮਹੀਨੇ।

੧੭–ਜਾਮ ਨੰਦਾ ਨਿਜਾਮੁ ਦੀਨ ੬੨ ਸਾਲ

੧੮–ਜਾਮ ਫ਼ੀਰੋਜ਼ ਪੁੱਤਰ ਜਾਮ ਨੰਦਾ ਦਾ ਅੰਤਲਾ ਬਾਦਸ਼ਾਹ

ਜਾਮ ਨੰਦਾ ਦੇ ਸਮੇਂ ਵਿਚ ਸੰਨ ੮੯੦ ਹਿ. ਵਿਚ ਸ਼ਾਹ ਬੇਗ ਅਰਗੂਨ ਨੇ ਕੰਧਾਰ ਤੋਂ ਆਕੇ ਸਿੰਧ ਉਤੇ ਹਮਲਾ ਕੀਤਾ ਪਰ ਅਸਫਲ ਰਿਹਾ। ਜਾਮ ਨੰਦਾ ਪਿੱਛੋਂ ਏਸ ਦੇ ਪੁਤਰ ਜਾਮ ਫ਼ੀਰੋਜ਼ ਅਤੇ ਏਸ ਦੇ ਇਕ ਦਾਵੇਦਾਰ ਰਿਸ਼ਤੇਦਾਰ ਜਾਮ ਸਲਾਹੁਦੀਨ ਵਿਚ ਆਪੋ ਵਿਚ ਗਦੀ ਪਰਾਪਤ ਕਰਨ ਬਾਰੇ ਲੜਾਈ ਹੋਈ। ਜਾਮ ਸਲਾਹੁਦੀਨ ਗੁਜਰਾਤ ਦੇ ਸੁਲਤਾਨ ਮੁਜ਼ਫਰ ਦੀ ਬੇਗਮ ਦਾ ਚਾਚੇ ਦਾ ਪੁਤ ਭਰਾ ਸੀ ਏਸ ਲਈ ਜਾਮ ਸਲਾਹੁਦੀਨ ਦੀ ਮਦਦ ਲਈ ਸੁਲਤਾਨ ਮੁਜ਼ਫਰ ਗੁਜਰਾਤੀ ਉੱਠਿਆ। ਇਹ ਵੇਖ ਕੇ ਜਾਮ ਫ਼ੀਰੋਜ਼ ਨੇ ਸ਼ਾਹ ਬੇਗ ਅਰਗੂਨ ਕੰਧਾਰੀ ਤੋਂ ਮਦਦ ਮੰਗੀ। ਸ਼ਾਹ ਬੇਗ ਅਰਗੂਨ ਨੇ ਏਸ ਮੌਕੇ ਨੂੰ ਚੰਗਾ ਸਮਝਿਆ ਤੇ ਸੰਨ ੯੨੭

ਹਿ. ਵਿਚ ਸਿੰਧ ਉਤੇ ਕਬਜ਼ਾ ਕਰ ਲਿਆ ਅਤੇ ਇੰਜ ਸੰਮਾ ਕੌਮ ਦੇ ਰਾਜ ਦਾ ਅੰਤ ਹੋ ਗਿਆ* । ਉੱਪਰ ਜੋ ਬਾਦਸ਼ਾਹਾਂ ਦੇ ਰਾਜ ਦੇ ਸਮੇਂ ਲਿਖੇ ਗਏ ਹਨ ਉਨ੍ਹਾਂ ਦਾ ਸੰਗ੍ਰਹਿ ੧੯੨ ਬਣਦਾ ਹੈ ਹਾਲਾਂਕਿ ਸੰਨ ੭੫੨ ਹਿ. ਤੋਂ ਸੰਨ ੯੨੭ ਹਿ. ਤਕ ਕੁਲ ਇਕ ਸੌ ਪਚੱਤਰ ਵਰ੍ਹੇ ਹੁੰਦੇ ਹਨ। ਗ਼ਾਲਬਨ ਜਾਮ ਨੰਦਾ ਦਾ ਕਾਲ ਵਧੇਰੇ ਦਸਿਆ ਗਿਆ ਹੈ। ਨਾਵਾਂ ਦੇ ਵਧਣ ਦੀ ਇਕ ਵਜ੍ਹਾ ਇਹ ਵੀ ਮਲੂਮ ਹੁੰਦੀ ਹੈ ਕਿ ਵੰਸ ਦੇ ਦੋ ਦੋ ਆਦਮੀ ਇਕੱਠੇ ਰਾਜ ਕਰਦੇ ਸਨ, ਜੇਹਾ ਕਿ ਸਰਾਜ ਅਫ਼ੀਫ਼ ਤੋਂ ਮਲੂਮ ਹੁੰਦਾ ਹੈ ।†

ਸੰਮਾ ਜਾਤੀ ਦਾ ਧਰਮ

ਸੰਮਾ ਜਾਤੀ ਮੁਸਲਮਾਨ ਤਾਂ ਸੀ ਪਰ ਇਹ ਗਲ ਕਿ ਉਹ ਕਦੋਂ ਮੁਸਲਮਾਨ ਹੋਈ ਅਤੇ ਮੁਸਲਮਾਨਾਂ ਦੇ ਕਿਸ ਫ਼ਿਰਕੇ ਨਾਲ ਏਸ ਦਾ ਸਬੰਧ ਸੀ, ਹੁਣ ਤਕ ਇਕ ਤਾਰੀਖ਼ੀ ਗੁੰਝਲ ਹੈ, ਜਿਸ ਉਤੋਂ ਹਨੇਰੇ ਦਾ ਪੜਦਾ ਦੂਰ ਕਰਨ ਦਾ ਜਤਨ ਹੁਣ ਤਕ ਨਹੀਂ ਕੀਤਾ ਗਿਆ । ਇਤਿਹਾਸ ਲੇਖਕਾਂ ਨੇ ਇਨ੍ਹਾਂ ਦੇ ਹਿੰਦੀ ਅਤੇ ਅਰਬੀ ਨਾਵਾਂ ਰਾਹੀਂ ਇਨ੍ਹਾਂ ਦੇ ਧਰਮ-ਪਰਵਰਤਨ ਦਾ ਸਮਾਂ ਨਿਸਚਤ ਕੀਤਾ ਹੈ ਜਿਵੇਂ ਫ਼ਰਿਸ਼ਤਾ ਨੇ ਨਾਵਾਂ ਦੇ ਅਨੁਮਾਨ ਤੇ ਪਹਿਲੇ ਚਾਰ ਬਾਦਸ਼ਾਹਾਂ ਨੂੰ, ਜਿਨ੍ਹਾਂ ਦੇ ਨਾਂ ਕ੍ਰਮ ਅਨੁਸਾਰ ਜਾਮ ਓਨਰ, ਜਾਮ ਜੂਨਾ, ਜਾਮ ਮਾਨੀ ਅਤੇ ਜਾਮ ਤਮਾਜੀ ਲਿਖੇ ਹਨ, ਹਿੰਦੂ ਸਮਝਿਆ ਹੈ ਅਤੇ ਪੰਜਵੇਂ ਬਾਦਸ਼ਾਹ ਜਾਮ ਸਲਾਹੁਦੀਨ ਤੋਂ ਮੁਸਲਮਾਨ ਬਾਦਸ਼ਾਹਾਂ ਦਾ ਸਿਲਸਿਲਾ ਆਰੰਭ ਕੀਤਾ ਹੈ ਜਿਵੇਂ ਲਿਖਦਾ ਹੈ:

"ਵ-ਅਜ਼ ਨਾਮੇਂ ਜਮਾਅਤੇ ਮਜ਼ਕੂਰ ਖ਼ਸੂਸ ਅਜ਼ ਤਮਾਜੀ ਚੁਨੀਂ ਜ਼ਾਹਿਰ ਮੀ ਸ਼ਵਦ ਕਿ ਆਂਹਾ ਜ਼ੁਨੱਾਰਦਾਰ ਬੂਦੰਦ" (ਜਿ. ੨ ਪੰ. ੩੧੮ ਨਵਲਕਿਸ਼ੋਰ)

---

*ਫ਼ਰਿਸ਼ਤਾ ਜਿ. ਦੂਜੀ ਪੰ. ੩੨੦ ਨਵਲਕਿਸ਼ੋਰ ।

†ਫ਼ੀਰੋਜ਼ ਸ਼ਾਹੀ ਪੰ. ੧੯੯, ੨੪੭ (ਕਲਕਤਾ)

ਪਰ ਅਸਲ ਗੱਲ ਇਹ ਹੈ ਕਿ ਏਸ ਜਾਤੀ ਦੇ ਨਾਵਾਂ ਦੇ ਰੰਗ ਢੰਗ ਤੋਂ ਧੋਖਾ ਨਹੀਂ ਖਾਣਾ ਚਾਹੀਦਾ। ਸਭ ਤੋਂ ਪਹਿਲਾਂ ਨਾਂ ਨੂੰ ਹੀ ਲਵੋ. ਇਹ ਨਾਂ ਜਾਮ ਓਨਰ ਹੈ। ਇਬਨ ਬਤੂਤਾ ਦੇ ਬਿਆਨ ਤੋਂ ਮਲੂਮ ਹੋ ਚੁਕਿਆ ਹੈ ਕਿ ਉਨਾਰ (ਓਨਰ) ਜਿਸ ਸਾਮਰੀ ਦਾ ਨਾਂ ਏਸ ਦੇ ਸਮੇਂ ਵਿਚ ਸੀ ਉਹ ਹਿੰਦੂ ਨਹੀਂ ਸੀ। ਉਹ ਆਪਣੇ ਆਪ ਨੂੰ ਮੁਸਲਮਾਨ ਸਮਝਦਾ ਸੀ ਅਤੇ ਹਿੰਦੂ ਦੇ ਅਧੀਨ ਰਹਿਣ ਤੋਂ ਇੰਨਾ ਦੁਖੀ ਹੋਇਆ ਸੀ ਕਿ ਸੁਲਤਾਨ ਦਿੱਲੀ ਦੇ ਵਿਰੁਧ ਏਸ ਨੇ ਬਗ਼ਾਵਤ ਕਰ ਦਿਤੀ ਸੀ ਅਤੇ ਆਪਣੀ ਸ਼ਾਹੀ ਉਪਾਧੀ ਮਲਿਕ ਫ਼ੀਰੋਜ਼ ਧਾਰਨ ਕਰ ਲਈ ਸੀ। ਤਾਰੀਖ਼ ਤਾਹਿਰੀ ਵਿਚ ਜਿਸ ਜਾਮ ਦੇ ਸਮੇਂ ਦੀ ਇਸਲਾਮ ਦੇ ਪਰਚਾਰ ਲਈ ਉਚੇਚ ਕਰਕੇ ਸ਼ਲਾਘਾ ਕੀਤੀ ਗਈ ਹੈ, ਏਸ ਦਾ ਨਾਂ ਜਾਮ ਨੰਦਾ ਅਤੇ ਏਸ ਦੇ ਪਿਤਾ ਦਾ ਨਾਂ ਬਾਂਹਭਾ ਦੱਸਿਆ ਗਿਆ ਹੈ*। ਜਾਮ ਰਾਏਦਰਣ ਬਿਲਕੁਲ ਹਿੰਦੂ ਨਾਂ ਹੈ ਪਰ ਜਦੋਂ ਕੱਛ ਤੋਂ ਆਕੇ ਠੱਠਾ ਉੱਤੇ ਉਸ ਨੇ ਕਬਜ਼ਾ ਕੀਤਾ ਸੀ ਤਾਂ ਏਲਾਨ ਕੀਤਾ ਸੀ ਕਿ ਮੈਂ ਕੇਵਲ ਏਸ ਲਈ ਆਇਆ ਹਾਂ ਤਾਂ ਜੋ 'ਮੁਸਲਮਾਨਾਂ' ਦੇ ਮੁਲਕ ਦੀ ਰਖਿਆ ਕਰਾਂ।†

ਮਲੂਮ ਹੁੰਦਾ ਹੈ ਕਿ ਇਹ ਲੋਕ ਸ਼ੁਰੂ ਵਿਚ ਆਪਣਾ ਅਸਲੀ ਕੌਮੀ ਨਾਂ ਰਖਦੇ ਸਨ ਪਿਛੋਂ ਦਿੱਲੀ ਦੇ ਸੁਲਤਾਨਾਂ ਦੀ ਪੈਰਵੀ ਕਰਦੇ ਹੋਏ ਸਲਾਹੁਦੀਨ ਆਦਿ ਅਰਬੀ ਉਪਾਧੀ ਧਾਰਨ ਕਰਨ ਲੱਗੇ। ਸੋ ਜਿਸ ਜਾਮ ਨੇ ਆਪਣੀ ਉਪਾਧੀ ਖੈਰੁਦੀਨ ਧਾਰਨ ਕੀਤੀ ਹੈ ਉਹ ਬਚਪਣ ਵਿਚ ਆਪਣੇ ਪਿਤਾ ਦੇ ਨਾਲ ਚਿਰਾਂ ਤਕ ਦਿੱਲੀ ਦੇ ਦਰਬਾਰ ਵਿਚ ਰਿਹਾ ਸੀ‡ ਆਖਰੀ ਬਾਦਸ਼ਾਹ ਜਾਮ ਨੰਦਾ ਨਿਜ਼ਾਮਦੀਨ ਨੂੰ ਵੇਖੋ ਕਿ ਏਸ ਦੇ ਹਿੰਦੀ ਤੇ ਅਰਬੀ ਦੋਵੇਂ ਨਾਂ ਹਨ। ਨੰਦਾ ਕੌਮੀ ਨਾਂ ਮਲੂਮ ਹੁੰਦਾ ਹੈ ਅਤੇ ਨਿਜ਼ਾਮੁਦੀਨ ਅਰਬੀ ਭਾਸ਼ਾ ਵਿਚ ਸ਼ਾਹੀ ਉਪਾਧੀ ਹੈ। ਏਸੇ ਤਰ੍ਹਾਂ ਸੁਲਤਾਨ ਫੀਰੋਜ਼ ਸ਼ਾਹ

*ਤਾਰੀਖ਼ ਤਾਹਿਰੀ (ਏਲੀਅਟ) ਪੰ. ੨੭੩.
†ਤਾਰੀਖ਼ ਮਾਸੂਮੀ (ਏਲੀਅਟ) ਪੰ. ੨੩੧.
‡ ,, ,, ,, ,, ੨੨੫

ਦੀ ਜੰਗ ਜਿਸ ਜਾਮ ਨਾਲ ਹੋਈ ਸੀ ਉਸ ਦਾ ਨਾਂ ਸਮਸ ਸਰਾਜ ਨੇ ਰਾਏ ਓਨਰ ਲਿਖਿਆ ਹੈ। ਜੋ ਇਕ ਹਿੰਦੂ ਨਾਂ ਹੈ। ਪਰ ਪਰਸੰਗਾਂ ਤੋਂ ਪਤਾ ਲਗਦਾ ਹੈ ਕਿ ਧਾਰਮਕ ਤੌਰ ਤੇ ਉਹ ਹਿੰਦੂ ਹੋਣ ਦੀ ਥਾਂ ਮੁਸਲਮਾਨ ਸੀ। ਸਪਸ਼ਟ ਹੈ ਕਿ ਜੇ ਇਹ ਰਾਏ ਠੀਕ ਹੋਵੇ ਕਿ ਇਹ ਲੋਕ ਅਰਬ ਸਨ ਤਾਂ ਉਹ ਸ਼ੁਰੂ ਤੋਂ ਹੀ ਮੁਸਲਮਾਨ ਹੋਣਗੇ। ਪਰ ਜੇ ਹਿੰਦੂ ਸਨ ਤਾਂ ਮੇਰਾ ਅਨੁਮਾਨ ਹੈ ਕਿ ਰਾਜ ਪਰਾਪਤੀ ਦੇ ਪਿਛੋਂ ਨਹੀਂ ਸਗੋਂ ਇਹ ਲੋਕ ਸ਼ੁਰੂ ਹੀ ਤੋਂ ਅਥਵਾ ਰਾਜ ਪਰਾਪਤੀ ਤੋਂ ਪਹਿਲਾਂ ਹੀ ਮੁਸਲਮਾਨ ਸਨ, ਬਲਕਿ ਸੁੰਨੀ ਮੁਸਲਮਾਨ ਸਨ। ਆਪਣੇ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਅਸੀਂ ਇਸ ਬਜ਼ੁਰਗ ਅਤੇ ਇਸ ਦੇ ਸਿਲਸਲੇ ਦਾ ਵਰਨਣ ਕਰਨਾ ਚਾਹੁੰਦੇ ਹਾਂ ਜਿਸ ਦੇ ਉਪਰਾਲੇ ਨਾਲ ਮੇਰੇ ਵਿਚਾਰ ਅਨੁਸਾਰ ਇਸ ਜਾਤੀ ਨੇ ਇਸਲਾਮ ਦੇ ਦਾਇਰੇ ਵਿਚ ਪਰਵੇਸ਼ ਕੀਤਾ ਹੋਵੇਗਾ। ਆਰਨਲਡ ਸਾਹਿਬ ਨੇ ਕੇਵਲ ਅਟੇ ਸਟੇ ਤੋਂ ਇਹ ਲਿਖ ਦਿਤਾ ਹੈ ਕਿ ਏਸ ਜਾਤੀ ਨੇ ਅਰਬ ਸੁਦਾਗਰਾਂ ਦੁਆਰਾ ਇਸਲਾਮ ਧਰਮ ਗ੍ਰਹਿਣ ਕੀਤਾ।* ਪਰ ਮੇਰੀ ਰਾਇ ਅਨੁਸਾਰ ਵਪਾਰ ਦੀ ਥਾਂ ਸੂਫੀ ਮਤ (ਤਸਵੱਫ) ਏਸ ਦਾ ਵਸੀਲਾ ਸੀ।

ਸ਼ੈਖ਼ੁਲ ਇਸਲਾਮ ਬਹਾਉਦੀਨ ਜ਼ਕਰੀਆ ਅਤੇ ਸੱਯਦ ਜਲਾਲੁਦੀਨ ਬੁਖ਼ਾਰੀ

ਉੱਪਰ ਆ ਚੁਕਿਆ ਹੈ ਕਿ ਸਿੰਧ ਉੱਤੇ ਜੋ ਹਬਾਰੀ ਵੰਸ ਰਾਜ ਕਰਦਾ ਸੀ ਉਸ ਦੇ ਰਾਜ ਭਾਗ ਮਿਟ ਜਾਣ ਪਿਛੋਂ ਏਸ ਵੰਸ ਦੇ ਕੁਝ ਲੋਕ ਮੁਲਤਾਨ ਚਲੇ ਆਏ ਸਨ। ਇਨ੍ਹਾਂ ਵਿਚੋਂ ਉਹ ਹਮੇਸ਼ ਜੀਉਂਦੀ ਰਹਿਣ ਵਾਲੀ ਵਿਅਕਤੀ ਵੀ ਸੀ ਜੋ ਸ਼ੈਖ਼ੁਲ ਇਸਲਾਮ ਬਹਾਉਦੀਨ ਜ਼ਕਰੀਆ ਮੁਲਤਾਨੀ ਦੇ ਨਾਂ ਤੋਂ ਪਰਸਿਧ ਹੈ। ਇਨ੍ਹਾਂ ਦਾ ਕਾਲ ਸੰਨ ੫੭੮ ਹਿ. ਤੋਂ ਲੈਕੇ ਸੰਨ ੬੬੬ ਹਿ. ਤਕ ਹੈ। ਇਨ੍ਹਾਂ ਨੇ ਸਾਰੇ ਵੱਡੇ ਵੱਡੇ ਇਸਲਾਮੀ ਦੇਸਾਂ ਦੀ ਯਾਤਰਾ ਕੀਤੀ ਸੀ। ਅਤੇ ਇਨ੍ਹਾਂ ਦੀ ਆਪਣੀ ਹਸਤੀ ਦੇ ਕਾਰਣ ਮੁਲਤਾਨ ਵਿਦਿਆ ਤੇ ਸੂਫੀ ਸਿਧਾਂਤ ਦਾ ਕੇਂਦਰ ਬਣ ਗਿਆ ਸੀ। ਸੱਯਦ ਜਲਾਲ ਬੁਖ਼ਾਰੀ ਜੋ ਸੂਫ਼ੀਪਣ ਤੇ ਸੱਯਦ ਪਣ ਦੀ ਇਕ ਪਰਸਿਧ ਵਿਅਕਤੀ ਹਨ ਇਹ ਬੁਖ਼ਾਰਾ ਤੋਂ ਮੁਲਤਾਨ ਆਕੇ

*ਦਾਵਤੇ ਇਸਲਾਮ (ਪਰੀਚਿੰਗ ਆਫ਼ ਇਸਲਾਮ) ਉਰਦੂ ਪੰਨਾ ੨੯੨ ਸੰਨ ੧੯੦੭ ਈ.

ਇਨ੍ਹਾਂ ਹੀ ਸ਼ੈਖ ਬਹਾਉਦੀਨ ਦੇ ਸ਼ਿਸ਼ ਹੋਏ ਸਨ। ਇਨ੍ਹਾਂ ਸੱਯਦ ਜਲਾਲੁਦੀਨ ਬੁਖ਼ਾਰੀ ਦੇ ਪੋਤੇ ਮਖ਼ਦੂਮ ਜਹਾਨੀਆਂ ਸੱਯਦ ਜਲਾਲੁੱਦੀਨ ਹੁਸੈਨ ਬੁਖ਼ਾਰੀ ਸਨ, ਜਿਨ੍ਹਾਂ ਦਾ ਨਾਂ ਦੋ ਵਾਰ ਏਸ ਤੋਂ ਪਹਿਲਾਂ ਆ ਚੁਕਿਆ ਹੈ। (ਜਨਮ ਸੰਨ ੭੦੭ ਹਿ. ਮ੍ਰਿਤੂ ਸੰਨ ੮੦੦ ਹਿ.) ਏਸ ਸਮੇਂ ਦੇ ਵੱਡੇ ਵੱਡੇ ਸੂਫੀਆਂ ਦਾ ਦਸਤੂਰ ਸੀ ਕਿ ਇਹ ਆਪਣੇ ਯੋਗ ਸ਼ਿਸ਼ਾਂ ਨੂੰ ਟਰੇਂਡ ਕਰ ਕੇ ਦੂਰ ਦੂਰ ਇਲਾਕਿਆਂ ਵਿਚ ਲੋਕਾਂ ਦੀ ਅਗਵਾਈ ਅਤੇ ਸੇਵਾ ਲਈ ਨਿਯਤ ਕਰਦੇ ਸਨ। ਸ਼ੈਖ਼ੁਲ ਇਸਲਾਮ ਜ਼ਕਰੀਆ ਮੁਲਤਾਨੀ ਨੇ ਏਵੇਂ ਜਿਵੇਂ ਸੱਯਦ ਜਲਾਲ ਬੁਖ਼ਾਰੀ ਪਹਿਲੇ ਨੂੰ ਸਿੰਧ ਦੇ ਸ਼ਹਿਰ ਉੱਚਾ ਵਿਚ ਲੋਕਾਂ ਦੀ ਹਦੈਤ ਲਈ ਭੇਜਿਆ। ਏਸ ਵੇਲੇ ਸਿੰਧ ਵਿਚ ਸੋਮਰਾ ਕੌਮ ਦੇ ਰਾਜ ਦਾ ਅੰਤਲਾ ਸਮਾਂ ਸੀ ਅਤੇ ਤੁਸੀਂ ਸੁਣ ਚੁਕੇ ਹੋ ਕਿ ਸੋਮਤੀ, ਉੱਚਾ ਦਾ ਹਾਕਮ, ਕਿਵੇਂ ਸੱਯਦ ਸਾਹਿਬ ਦਾ ਸ਼ਰਧਾਲੂ ਤੇ ਸ਼ਿਸ਼ ਬਣਿਆ ਸੀ।

ਤਾਰੀਖ਼ ਤਾਹਰੀ ਤੋਂ ਜ਼ਾਹਰ ਹੁੰਦਾ ਹੈ ਕਿ ਸ਼ੈਖ਼ੁਲ ਇਸਲਾਮ ਮਖ਼ਦੂਮ ਜ਼ਕਰੀਆ ਮੁਲਤਾਨੀ ਦੇ, ਨਾ ਕੇਵਲ ਸਿੰਧ ਸਗੋਂ ਸੰਮਾਂ ਕੌਮ ਨਾਲ (ਤਾਹਰੀ ਨੇ ਸੰਮਾ ਦੀ ਥਾਂ ਸੋਮਰਾ ਲਿਖਿਆ ਹੈ ਪਰ ਜੋ ਸਮਾਂ ਦਸਿਆ ਹੈ ਏਸ ਦੇ ਲਿਹਾਜ਼ ਨਾਲ ਸੋਮਰਾ ਦੀ ਥਾਂ ਸੰਮਾ ਚਾਹੀਦਾ ਹੈ), ਬਹੁਤ ਕੁਝ ਸਬੰਧ ਸਨ ਅਤੇ ਗ਼ਾਲਬਨ ਇਨ੍ਹਾਂ ਦੇ ਆਪਣੇ ਇਕ ਸਭ ਤੋਂ ਵੱਡੇ ਸ਼ਿਸ਼ ਨੂੰ, ਏਸ ਇਲਾਕੇ ਵਿਚ ਨਿਯੁਕਤ ਕਰਨ ਵਿਚ ਵੀ ਏਹੀ ਭੇਤ ਸੀ। ਤਾਰੀਖ਼ ਤਾਹਰੀ ਵਿਚ ਜੋ ਕੁਝ ਲਿਖਿਆ ਹੈ ਉਸ ਦਾ ਸਾਰ ਅੰਸ਼ ਇਹ ਹੈ।

"ਸੰਨ ੭੦੦ ਹਿ. (ਸੰਨ ੧੩੦੦ ਈ.) ਤੋਂ ਸੰਨ ੮੪੩ ਹਿ. (ਸੰਨ ੧੪੩੯ ਈ.) ਤਕ ੧੪੩ ਸਾਲ ਸੋਮਰਾ (ਸੰਮਾ) ਨਾਂ ਦਾ ਇਕ ਹਿੰਦੂ ਕਬੀਲਾ ਸਿੰਧ ਤੇ ਰਾਜ ਕਰਦਾ ਰਿਹਾ। ਏਸ ਦਾ ਰਾਜ ਨਗਰ ਮੁਹੰਮਦ ਤੂਰ ਸੀ। ਏਸ ਦਾ ਥੇਹ ਨਾ ਕੇਵਲ ਮੈਂ ਸਗੋਂ ਬਹੁਤ ਸਾਰੇ ਲੋਕਾਂ ਨੇ ਵੀਰਕ ਦੇ ਪਰਗਣੇ ਵਿਚ ਵੇਖਿਆ ਹੈ। ਏਸ ਦੇ ਉਜਾੜੇ ਪਿਛੋਂ ਉਥੋਂ ਦੇ ਬਹੁਤ ਸਾਰੇ ਵਸਨੀਕ ਸਕੋਰਾ (ਸਖਰ ?) ਦੇ ਪਰਗਣੇ ਵਿਚ ਆ ਕੇ ਵਸੇ, ਜੋ ਸੰਮਾ ਦੇ ਜਾਮ ਦੇ ਸਮੇਂ ਆਬਾਦ ਹੋਇਆ ਸੀ, ਏਥੇ ਹੀ ਉਨ੍ਹਾਂ ਨੇ ਇਕ ਪਿੰਡ ਵਸਾਇਆ ਸੀ। ਏਸ ਦਾ ਵੀ ਨਾਂ ਉਹੀ ਮੁਹੰਮਦ ਤੂਰ ਰਖਿਆ ਸੀ। ਏਸ ਪਿੰਡ ਵਿਚ ਸ਼ੈਖ਼ਾਂ ਦੇ

ਸ਼ੈਖ਼ ਮਖ਼ਦੂਮ ਬਹਾਉੱਦੀਨ (ਜ਼ਕਰੀਆ) ਮਿਲਿਆ । ਖ਼ਲੀਫ਼ਾ ਸਿੰਧੀ, ਜੋ ਹਿੰਦੁਸਤਾਨ ਵਿਚ ਬਹੁਤ ਪਰਸਿਧ ਹਨ, ਬਹੁਤ ਵੱਡੇ ਵੱਡੇ ਲੋਕ ਅਤੇ ਜ਼ਿਮੀਂਦਾਰ ਜੋ ਇਨ੍ਹਾਂ ਦੇ ਸ਼ਿਸ਼ ਸਨ ਉਹ ਏਥੇ ਹੀ ਰਹਿੰਦੇ ਸਨ ।"*

ਦੂਜੀ ਘਟਨਾ ਦਾ ਵੇਰਵਾ ਪਹਿਲਾਂ ਆ ਚੁਕਿਆ ਹੈ ਕਿ ਮਖ਼ਦੂਮ ਸ਼ੈਖ਼ ਬਹਾਉੱਦੀਨ ਦੇ ਸ਼ਿਸ਼ ਸੱਯਦ ਜਲਾਲ ਬੁਖ਼ਾਰੀ, ਜਿਨ੍ਹਾਂ ਨੂੰ ਮਖ਼ਦੂਮ ਨੇ ਸਿੰਧ ਦੇ ਇਲਾਕੇ ਦਾ ਵਲੀ ਸਥਾਪਤ ਕਰਨ ਦੀ ਮਿਹਰ ਕੀਤੀ ਸੀ, ਦੇ ਪੋਤੇ ਸੱਯਦ ਜਲਾਲੁੱਦੀਨ ਹੁਸੈਨ ਬੁਖ਼ਾਰੀ, ਜਿਨ੍ਹਾਂ ਦਾ ਸਮਾਂ ਸੰਨ ੭੦੭ ਹਿ. ਤੋਂ ਸੰਨ ੮੦੦ ਹਿ. ਤਕ ਹੈ, ਅਤੇ ਜੋ ਉੱਚਾ (ਸਿੰਧ) ਵਿਚ ਰਹਿੰਦੇ ਸਨ, ਦੇ ਹਥੋਂ ਉੱਚਾ ਦਾ ਸੋਮਰਾ ਗਵਰਨਰ ਆਪ ਦਾ ਸ਼ਿਸ਼ ਬਣਿਆ ਸੀ । ਫ਼ਰਿਸ਼ਤਾ ਦੇ ਕਥਨ ਅਨੁਸਾਰ :

"ਬ-ਮਸਜਿਦ ਰਫ਼ਤ ਵ ਪਾਏ ਸੱਯਦ ਬੋਸੀਦਾ ਅਜ਼ ਦਰਵੇਸ਼ਾਂ ਮਾਅਜ਼ਰਤ ਖ਼੍ਵਾਸਤ ਵ ਮੁਰੀਦ ਗਸ਼ਤਾ ਅਜ਼ ਮਕਬੂਲਾਂ ਗਰਦੀਦ।"†

(ਉਲਥਾ : ਮਸੀਤ ਵਿਚ ਗਿਆ ਅਤੇ ਸੱਯਦ ਦੇ ਪੈਰ ਚੁੰਮ ਕੇ ਦਰਵੇਸ਼ਾਂ ਕੋਲੋਂ ਮੁਆਫ਼ੀ ਮੰਗੀ ਅਤੇ ਸ਼ਿਸ਼ ਬਣ ਗਿਆ ਅਤੇ ਸ਼ੈਖ ਦਾ ਮਕਬੂਲ ਬੰਦਾ ਬਣ ਗਿਆ)

ਸੱਯਦ ਬੁਖ਼ਾਰੀ ਉੱਚਾ ਵਿਚ ਹਮੇਸ਼ ਉਪਦੇਸ਼ ਕਰਦੇ ਤੇ ਰਬ ਦਾ ਨਾਂ ਜਪਾਉਂਦੇ ਸਨ ਜਿਸ ਨੂੰ ਸੁਣ ਸਣ ਕ ਵੱਡੇ ਲੋਕ ਪਰਭਾਵਤ ਹੁੰਦੇ ਸਨ ।‡

ਸੱਯਦ (ਉਸ ਤੇ ਰਬ ਦੀ ਮਿਹਰ ਹੋਵੇ) ਦੀ ਜੀਵਨ ਘਟਨਾਵਾਂ ਦੇ ਪਰਸੰਗ ਤੋਂ ਮਲੂਮ ਹੁੰਦਾ ਹੈ ਕਿ ਸੋਮਰੀ ਗਵਰਨਰ ਦੇ ਸ਼ਿਸ਼ ਹੋਣ ਦੀ ਘਟਨਾ ਸੰਨ ੭੫੦ ਹਿ. ਦੇ ਲਾਗੇ ਚਾਗੇ ਦੀ ਹੈ ਜਿਸ ਦੇ ਲੱਗ ਭਗ ਕੁਝ ਵਰ੍ਹੇ ਪਿਛੋਂ ਸੋਮਰਾ ਦੀ ਥਾਂ ਸੰਮਾ ਕੌਮ ਨੇ ਰਾਜ ਪਰਾਪਤ ਕੀਤਾ । ਏਸ ਲਈ ਇਹ ਵੀ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਪਿੱਛੋਂ ਆਉਣ

*ਤਾਰੀਖ਼ੇ ਤਾਹਰੀ ਏਲੀਅਟ ਪੰ.੨੫੭.
†ਫ਼ਰਿਸ਼ਤਾ ਜਿ. ੨ ਪੰ. ੪੧੬ (ਨਵਲਕਿਸ਼ੋਰ)
‡ਫ਼ਰਿਸ਼ਤਾ ਜਿ. ੨ ਪੰ. ੪੧੬ (ਨਵਲਕਿਸ਼ੋਰ)

ਵਾਲੀ ਸ਼ਾਸਕ ਜਾਤੀ (ਸੰਮਾ) ਵੀ ਸੱਯਦ ਸਾਹਿਬ ਉੱਤੇ ਬਹੁਤ ਸ਼ਰਧਾ ਰਖਦੀ ਹੋਵੇਗੀ।

ਸੰਮਾ ਜਾਤੀ ਦੇ ਰਾਜ ਨਗਰ ਠੱਠਾ ਉੱਤੇ ਜਦੋਂ ਪਹਿਲਾਂ ਸੰਨ ੨੫੨ ਹਿ. ਵਿਚ ਮੁਹੰਮਦ ਸ਼ਾਹ ਤੁਗ਼ਲਕ ਨੇ ਹਮਲਾ ਕੀਤਾ ਤਾਂ ਉਸ ਨੂੰ ਉੱਥੇ ਹੀ ਅਚਨਚੇਤ ਮੌਤ ਨੇ ਆ ਝੱਪਿਆ ਅਤੇ ਜਦੋਂ ਸੰਨ ੭੬੨ ਹਿ. ਵਿਚ ਫ਼ੀਰੋਜ਼ਸ਼ਾਹ ਤੁਗ਼ਲਕ ਨੇ ਪਹਿਲੀ ਵਾਰ ਹਮਲਾ ਕੀਤਾ ਤਾਂ ਅਸਫਲ ਰਿਹਾ ਅਤੇ ਉਥੋਂ ਗੁਜਰਾਤ ਚਲਿਆ ਗਿਆ। ਏਸ ਘਟਨਾਂ ਨੂੰ ਏਹ ਲੋਕ 'ਸ਼ੇਖ਼' ਦੀ ਕਰਾਮਾਤ ਸਮਝਦੇ ਸਨ ਅਤੇ ਉਨ੍ਹਾਂ ਨੇ ਆਪਣੀ ਬੋਲੀ ਵਿਚ ਇਹ ਸਿੰਧੀ ਫਿਕਰਾ ਬਣਾਇਆ ਸੀ।

"ਬਰਕਤੇ ਸ਼ੇਖ਼ ਥੀਆ ਏਕ ਮੂਆ ਏਕ ਥਮਾ"* ਅਰਥਾਤ ਇਹ ਸ਼ੇਖ਼ ਜੀ ਦੀ ਬਰਕਤ ਹੈ ਕਿ ਇਕ ਮਰ ਗਿਆ ਤੇ ਇਕ ਆਪਣੇ ਮਨੋਰਥ ਵਿਚ ਅਸਫਲ ਹੋਇਆ ਤੇ ਭੱਜ ਗਿਆ। ਏਸ ਫ਼ਿਕਰੇ ਵਿਚ ਸ਼ੇਖ਼ ਤੋਂ ਅਵਿਪਰਾ ਸ਼ੇਖ਼ ਬਹਾਉੱਦੀਨ ਜ਼ਕਰੀਆ ਮੁਲਤਾਨੀ ਜਾਂ ਸੱਯਦ ਜਲਾਲ ਬੁਖ਼ਾਰੀ ਹੈ।

ਦੂਜੇ ਸਾਲ ਜਦੋਂ ਫ਼ੀਰੋਜ਼ ਸ਼ਾਹ ਨੇ ਗੁਜਰਾਤ ਤੋਂ ਮੁੜ ਕੇ ਫੇਰ ਠੱਠਾ ਤੇ ਹਮਲਾ ਕੀਤਾ, ਤਾਂ ਜਾਮ ਉਨਰ ਅਤੇ ਬਾਂਹਭਾ ਨੂੰ, ਏਸ ਤੋਂ ਬਿਨਾਂ ਹੋਰ ਕੋਈ ਜੁਗਤੀ ਨਾ ਸੁੱਝੀ ਕਿ ਇਕ ਦੂਤ ਨੂੰ ਸੱਯਦ ਜਲਾਲੁੱਦੀਨ ਹੁਸੈਨ ਬੁਖ਼ਾਰੀ ਦੇ ਪਾਸ ਉੱਚਾ ਭੇਜਣ ਅਤੇ ਉਨ੍ਹਾਂ ਨੂੰ ਖੇਚਲ ਦੇਣ ਕਿ ਉਹ ਆ ਕੇ ਸੁਲਤਾਨ ਨਾਲ ਸੁਲਾਹ ਕਰਾ ਦੇਣ। ਸੋ ਸੱਯਦ (ਉਨ੍ਹਾਂ ਤੇ ਰਬ ਦੀ ਮਿਹਰ ਹੋਵੇ) ਤਸ਼ਰੀਫ਼ ਲੈ ਆਏ ਅਤੇ ਦੋਹਾਂ ਧਿਰਾਂ ਵਿਚ ਉਚਿਤ ਸ਼ਰਤਾਂ ਤੇ ਸੁਲਾਹ ਕਰਾ ਦਿਤੀ। ਆਪ ਨੇ ਸੁਲਤਾਨ ਨੂੰ ਆਖਿਆ ਕਿ (ਸੰਮਾ ਲੋਕਾਂ ਦੀ ਰਾਜਧਾਨੀ) ਠੱਠਾ ਵਿਚ ਇਕ ਕਰਨੀ ਵਾਲੀ ਔਰਤ ਸੀ ਜਿਸ ਦੀ ਦੁਆ ਦੀ ਬਰਕਤ ਕਰਕੇ ਇਹ ਸ਼ਹਿਰ ਫ਼ਤਿਹ ਨਹੀਂ ਸੀ ਹੁੰਦਾ ਉਹ ਪਰਸੋਂ ਚਲਾਣਾ ਕਰ ਗਈ ਹੈ।†

---

*ਫ਼ੀਰੋਜ਼ ਸ਼ਾਹੀ ਸ਼ਮਸ ਸਰਾਜ ਅਫ਼ੀਫ਼ ਪੰ. ੨੩੧ (ਕਲਕਤਾ)

†ਫ਼ੀਰੋਜ਼ਸ਼ਾਹੀ ਪੰ. ੨੪੧ (ਕਲਕਤਾ)

ਇਹ ਘਟਨਾਵਾਂ ਪੂਰੀ ਤਰ੍ਹਾਂ ਜ਼ਾਹਰ ਕਰਦੀਆਂ ਹਨ ਕਿ ਸੰਮਾਂ ਦੇ ਜਾਮਾਂ ਨੂੰ ਸ਼ੈਖ਼ ਬਹਾਉੱਦੀਨ ਜ਼ਕਰੀਆ ਅਤੇ ਸੱਯਦ ਜਲਾਲੁੱਦੀਨ ਹੁਸੈਨ ਬੁਖ਼ਰੀ ਉੱਤੇ ਕਿੰਨੀ ਜ਼ਿਆਦਾ ਸ਼ਰਧਾ ਸੀ। ਇਨ੍ਹਾਂ ਘਟਨਾਵਾਂ ਤੋਂ ਇਨ੍ਹਾਂ ਜਾਮਾਂ ਦਾ ਨਾਂ ਕੇਵਲ ਮੁਸਲਮਾਨ ਸਗੋਂ ਸੁੰਨੀ ਹੋਣਾ ਵੀ ਪਰਗਟ ਹੁੰਦਾ ਹੈ ਅਤੇ ਇਹ ਮਲੂਮ ਹੁੰਦਾ ਹੈ ਕਿ ਮੁਲਤਾਨ ਦਾ ਏਹੀ ਸੁਹਰਵਰਦੀ ਘਰਾਣਾ ਇਨ੍ਹਾਂ ਦੀ ਹਦੈਤ ਦਾ ਕਾਰਣ ਹੋਇਆ ਹੈ।

ਇਨ੍ਹਾਂ ਘਟਨਾਵਾਂ ਦਾ ਸਬੰਧ ਸੰਮਾ ਜਾਤੀ ਦੇ ਆਖ਼ਰੀ ਸਮੇਂ ਨਾਲ ਹੀ ਨਹੀਂ ਸਗੋਂ ਬਿਲਕੁਲ ਮੁੱਢਲੇ ਸਮੇਂ ਨਾਲ ਹੈ। ਏਸ ਤੋਂ ਮੇਰੇ ਏਸ ਦਾਵੇ ਦੀ ਸ਼ਾਹਦੀ ਮਿਲਦੀ ਹੈ ਕਿ ਸੰਮਾ ਕੌਮ ਪਿਛੋਂ ਨਹੀਂ ਸਗੋਂ ਮੁੱਢ ਤੋਂ ਹੀ ਮੁਸਲਮਾਨ ਸੀ, ਖ਼ਾਸ ਤੌਰ ਤੇ ਜਦੋਂ ਉਸ ਸਮੇਂ ਦੀ ਅਵਸਥਾ ਨੂੰ ਏਸ ਘਟਨਾ ਦੇ ਨਾਲ ਮੇਲ ਕੇ ਵੇਖਿਆ ਜਾਵੇ ਕਿ ਸੰਮਾ ਜਾਤੀ ਨੂੰ ਸ਼ਾਸਕ ਬਣਾਉਣ ਵਿਚ ਸਭ ਨਾਲੋਂ ਵਧ ਕੰਮ ਮੁਸਲਮਾਨਾਂ ਨੇ ਹੀ ਕੀਤਾ ਸੀ ਤਾਂ ਸਾਡੀ ਗੱਲ ਦੀ ਹੋਰ ਵੀ ਪੁਸ਼ਟੀ ਹੁੰਦੀ ਹੈ। ਫ਼ਰਿਸ਼ਤਾ ਨੇ ਆਖਿਆ ਹੈ:

"ਦਰ ਆਖ਼ਿਰੇ ਅਹਦੇ ਸ਼ਾਹ ਮੁਹੰਮਦ ਤੁਗ਼ਲਕ ਸ਼ਾਹ ਬ-ਸਈ-ਵ-ਇਮਦਾਦੇ ਮੁਸਲਮਾਨਾਂ ਦੌਲਤ ਅਜ਼ ਖ਼ਾਨਦਾਨੇ ਤਬਕਾਏ ਸੋਮਰਗ਼ਾਨ ਬਫ਼ਿਰਕਾਏ ਸਮਜ਼ਾਨ ਮੁੰਤਕਿਲ ਸ਼ਦੁ-ਵਾ-ਅਕਸਰ ਹੁੱਕਾਮੇ ਏਸ਼ਾਂ ਬਦੌਲਤੇ ਇਸਲਾਮ ਇਖ਼ਤਿਸਾਸ ਦਾਸ਼ਤੰਦ।"*

ਉਲਥਾ:"ਸ਼ਾਹ ਮੁਹੰਮਦ ਤੁਗ਼ਲਕ ਦੇ ਅੰਤਕਾਲ ਵਿਚ ਮੁਸਲਮਾਨਾਂ ਦੀ ਮਦਦ ਤੇ ਕੋਸ਼ਸ਼ ਨਾਲ ਸੋਮਰੀਆ ਜਾਤੀ ਦੇ ਹਥੋਂ ਰਾਜ ਨਿਕਲ ਕੇ ਸੰਮਾ ਜਾਤੀ ਦੇ ਹਥ ਵਿਚ ਚਲਾ ਗਿਆ। ਇਨ੍ਹਾਂ ਦੇ ਅਕਸਰ ਸ਼ਾਸਕ ਮੁਸਲਮਾਨ ਸਨ।"

ਸਪਸ਼ਟ ਹੈ ਕਿ ਜੋ ਇਹ ਸੰਮੇ ਮੁੱਢ ਤੋਂ ਹੀ ਮੁਸਲਮਾਨ ਨਾ ਹੁੰਦੇ ਤਾਂ ਮੁਸਲਮਾਨਾਂ ਨੂੰ ਉਨ੍ਹਾਂ ਨਾਲ ਕੀ ਹਮਦਰਦੀ ਹੋ ਸਕਦੀ ਸੀ ?

*ਫ਼ਰਿਸ਼ਤਾ ਜਿਲਦ ਦੂਜੀ ਪੰ. ੩੧੭ (ਨਵਲ ਕਿਸ਼ੋਰ)

ਸਿੰਧ ਅਤੇ ਸਿੰਧ ਦੇ ਆਲੇ ਦੁਆਲੇ ਦੇ ਹੋਰ ਸ਼ਹਿਰ

ਮੁਲਤਾਨ ਅਤੇ ਮਨਸੂਰਾ ਤੋਂ ਛੁਟ ਸਿੰਧ ਵਿਚ ਅਤੇ ਏਸ ਦੇ ਲਾਗੇ ਚਾਗੇ ਅਰਬਾਂ ਦੀਆਂ ਹੋਰ ਛੋਟੀਆਂ ਛੋਟੀਆਂ ਰਿਆਸਤਾਂ ਅਤੇ ਨਵੀਆਂ ਵਸਤੀਆਂ ਵੀ ਸਨ ਜਿਨ੍ਹਾਂ ਦੀ ਸੂਹ ਚੌਥੀ ਸਦੀ ਦੇ ਅੰਤ ਵਿਚ ਮਹਿਮੂਦ ਗ਼ਜ਼ਨਵੀ ਤੋਂ ਪਹਿਲਾਂ ਤਕ ਮਿਲਦੀ ਹੈ। ਇਨ੍ਹਾਂ ਵਿਚੋਂ ਬਾਜ਼ੀਆਂ ਨੂੰ ਸੁਲਤਾਨ ਦੇ ਪਿਤਾ ਸੁਬੁਕਤਗੀਨ ਅਤੇ ਅਕਸਰਾਂ ਨੂੰ ਆਪ ਸੁਲਤਾਨ ਨੇ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਿਆ। ਇਨ੍ਹਾਂ ਸ਼ਹਿਰਾਂ ਵਿਚ ਹੇਠ ਲਿਖੇ ਅਸ-ਥਾਨਾਂ ਦੇ ਨਾਂ ਵਿਸ਼ੇਸ਼ ਕਰਕੇ ਚੌਥੀ ਸਦੀ ਦੇ ਅਰਬ ਯਾਤਰੂਆਂ ਦੇ ਬਿਆਨਾਂ ਵਿਚ ਮਿਲਦੇ ਹਨ:

ਦੈਬਲ ਜਾਂ ਠੱਠਾ

ਇਹ ਪਰਸਿਧ ਬੰਦਰਗਾਹ ਸੀ ਅਤੇ ਜੇਹਾ ਕਿ ਅਸੀਂ ਪਹਿਲਾਂ ਆਖਿਆ ਹੈ ਅਰਬ ਏਸ ਨੂੰ ਦੈਬਲ ਤੇ ਫ਼ਾਰਸੀ ਇਤਿਹਾਸਕਾਰ ਠੱਠਾ ਆਖਦੇ ਹਨ।* ਏਹੀ ਉਹ ਸ਼ਹਿਰ ਸੀ ਜੋ ਸੰਮਾਂ ਲੋਕਾਂ ਦੀ ਰਾਜਧਾਨੀ ਸੀ ਅਤੇ ਜਿਸ ਤੇ ਫ਼ੀਰੋਜ਼ ਸ਼ਾਹ ਸੁਲਤਾਨ ਦਿੱਲੀ ਨੇ ਹਮਲਾ ਕੀਤਾ ਸੀ ਪਰ ਅਸਫਲ ਰਿਹਾ ਸੀ। ਅੰਤ ਨੂੰ ਹਜ਼ਰਤ ਸ਼ੇਖ਼ੁਲ ਇਸਲਾਮ ਜ਼ਕਰੀਆ ਮੁਲਤਾਨੀ ਦੇ ਸ਼ਿਸ਼ ਦੇ ਉਤਰ ਅਧਿਕਾਰੀ ਹਜ਼ਰਤ ਸ਼ੈਖ਼ ਜਲਾਲੁੱਦੀਨ ਦੇ ਵਸੀਲੇ ਨਾਲ ਦੋਹਾਂ ਧਿਰਾਂ ਨੇ ਸੁਲਾਹ ਕਰ ਲਈ।† ਦੈਬਲ ਵਿਚ ਵੱਡੇ ਵੱਡੇ ਉਲਮਾ ਅਤੇ ਹਦੀਸ ਦਾਨ ਹੋਏ ਹਨ ਜਿਨ੍ਹਾਂ ਦਾ ਵੇਰਵਾ ਅੱਲਾਮਾ ਸਮਆਨੀ (ਮ੍ਰਿਤੂ ਸੰਨ ੫੬੨ ਹਿ.) ਨੇ ਕਿਤਾਬੁਲ ਅਨਸਾਬ ਵਿਚ ਕੀਤਾ ਹੈ।‡ ਏਹ ਬੰਦਰਗਾਹ ਹੋਣ ਦੇ ਕਾਰਣ ਅਰਬ ਵਪਾਰੀਆਂ ਦਾ ਕੇਂਦਰ ਸੀ। ਏਸ ਦੀ ਵਸੋਂ ਦਾ ਅਨੁਮਾਨ ਏਸ ਗੱਲ ਤੋਂ ਲਾਉਣਾ ਚਾਹੀਦਾ ਹੈ ਕਿ ਸੰਨ ੨੮੦ ਹਿ. ਵਿਚ ਖ਼ਲੀਫ਼ਾ ਮੁਅਤਮਦ ਅੱਬਾਸੀ ਦੇ ਸਮੇਂ ਵਿਚ ਏਥੇ

---

*ਆਈਨੇ ਅਕਬਰੀ (ਸਿੰਧ)

†ਕਿਤਾਬੁਲ ਅਨਸਾਬ (ਫੋਟੋਗ੍ਰਾਫ ਲੈ ਕੇ ਛਾਪੀ ਹੋਈ) ਸ਼ਬਦ (ਦੈਬਲੀ)

‡ਤਾਰੀਖ਼ੁਲ ਖ਼ੁਲਫ਼ਾ ਸੇਉਤੀ ਕਲਕਤੇ ਦੀ ਛਪੀ ਪੰ. ੩੮੦.

ਇਕ ਭੁਚਾਲ ਆਇਆ ਸੀ, ਜਿਸ ਵਿਚ ਬਹੁਤ ਸਾਰੀਆਂ ਇਮਾਰਤਾਂ ਡਿਗ ਗਈਆਂ ਸਨ । ਏਸ ਦੁਰਘਟਨਾ ਵਿਚ ਜੋ ਆਦਮੀ ਮਕਾਨਾਂ ਦੇ ਥੱਲੇ ਦਬ ਕੇ ਮਰ ਗਏ ਸਨ ਉਨ੍ਹਾਂ ਦੀ ਗਿਣਤੀ ਡੇਢ ਲੱਖ ਸੀ ।* ਬੁਸ਼ਾਰੀ (ਸੰ. ੩੭੫ ਹਿ.) ਨੇ ਲਿਖਿਆ ਹੈ ਕਿ "ਏਸ ਦੇ ਨੇੜੇ ਤੇੜੇ ਇਕ ਸੌ ਪਿੰਡ ਹਨ, ਗਿਣਤੀ ਵਧੇਰੇ ਹਿੰਦੂਆਂ ਦੀ ਹੈ । ਸਭ ਲੋਕ ਵਪਾਰੀ ਤੇ ਸੁਦਾਗਰ ਹਨ । ਏਨ੍ਹਾਂ ਦੀ ਬੋਲੀ ਸਿੰਧੀ ਅਤੇ ਅਰਬੀ ਹੈ । ਏਥੋਂ ਦੀ ਆਮਦਨ ਬਹੁਤ ਹੈ ।"

ਅਸੀਫ਼ਾਨ

ਬਲਾਜ਼ੁਰੀ ਨੇ ਏਸ ਦਾ ਠਕਾਣਾ ਮੁਲਤਾਨ ਕਸ਼ਮੀਰ ਤੇ ਕ਼ਾਬੁਲ ਦੇ ਵਿਚਕਾਰ ਦਸਿਆ ਹੈ ਜੋ ਸ਼ਾਇਦ ਵਧੇਰੇ ਠੀਕ ਨਾ ਹੋਵੇ ਪਰ ਸਿੰਧ ਵਿਚ ਏਹੋ ਜੇਹੇ ਹੋਰ ਨਾਂ ਮਿਲਦੇ ਹਨ ।

ਡਾਕਟਰ ਆਰਨਲਡ ਨੂੰ ਵੀ 'ਦਾਵਤੇ ਇਸਲਾਮ' ਲਿਖਦੇ ਸਮੇਂ ਏਸ ਦਾ ਪਤਾ ਨਾ ਲੱਗ ਸਕਿਆ† ਅਤੇ ਮਰਹੂਮ ਮੌਲਾਨਾ ਸ਼ਿਬਲੀ ਰਾਹੀਂ ਵੀ ਇਸ ਦੀ ਖੋਜ ਕੀਤੀ ਗਈ, ਪਰ ਮੇਰਾ ਅਨੁਮਾਨ ਹੈ ਕਿ ਏਸ ਨਾਂ ਦੀ ਅਸਲੀਅਤ 'ਅਸੀਵਾਨ' ਹੈ ਜਿਸ ਨੂੰ ਸੀਵਾਨ ਵੀ ਆਖ ਸਕਦੇ ਹਾਂ, ਏਸ ਨਾਂ ਦੇ ਸ਼ਹਿਰ ਦਿੱਲੀ ਤੇ ਸਿੰਧ ਦੇ ਵਿਚਾਲੇ ਹਨ । ਫ਼ਾਰਸੀ ਤਾਰੀਖ਼ਾਂ ਵਿਚ ਵੀ ਇਹ ਨਾਂ ਆਇਆ ਹੈ ।‡ ਸੇਹਵਾਨ ਦਾ ਵਰਨਣ ਇਬਨ ਬਤੂਤਾ ਨੇ ਵੀ ਕੀਤਾ ਹੈ । ਹੁਣ ਇਹ ਕਰਾਚੀ ਦੇ ਜ਼ਿਲੇ ਵਿਚ ਹੈ । ਬਾਜ਼ਿਆਂ ਨੇ ਸੇਵਸਤਾਨ ਤੇ ਸੇਵਾਨ ਨੂੰ ਇਕੋ ਦਸਿਆ ਹੈ । ਜੋ ਵੀ ਹੈ, ਤੀਜੀ ਸਦੀ ਹਿਜਰੀ ਦੇ ਆਰੰਭ ਵਿਚ (ਮੁਅਤਾਸਮ ਮ੍ਰਿਤੂ ਸੰਨ ੨੨੭ ਹਿ. ਦੇ ਸਮੇਂ) ਏਥੇ ਮੁਸਲਮਾਨ ਸੁਦਾਗਰਾਂ ਦੀ ਵਸੋਂ ਸੀ ।§

---

*ਦਾਵਤੇ ਇਸਲਾਮ ਪੰ. ੨੯੧

†ਤਾਰੀਖ਼ ਫ਼ੀਰੋਜ਼ ਸ਼ਾਹੀ ਸ਼ਮਸ ਸਰਾਜ ਅਫ਼ੀਫ਼ (ਕਲਕਤਾ) ਪੰ. ੨੪੧

‡ਮਕਾਤੀਬੇ ਸ਼ਿਬਲੀ ਜਿਲਦ ਦੂਜੀ ਪੰ. ੧੭

§ਖ਼ਜ਼ਾਇਨੁਲਫ਼ਤੂਹ ਅਮੀਰ ਖ਼ੁਸਰੋ

ਤੰਬਲੀ

ਤੰਬਲੀ ਨਾਂ ਦਾ ਵੀ ਸਿੰਧ ਵਿਚ ਇਕ ਅਸਥਾਨ ਸੀ। ਸੰਨ ੩੭੫ ਹਿ. ਵਿਚ ਵੀ ਏਥੇ ਕੁਝ ਮੁਸਲਮਾਨ ਵਸਦੇ ਸਨ।*

ਬੂਕਾਨ

ਬਲਾਜ਼ੁਰੀ ਨੇ ਸਿੰਧ ਦੇ ਇਕ ਅਸਥਾਨ ਬੂਕਾਨ (ਜਾਂ ਬੂਕਨ) ਦਾ ਵਰਨਣ ਕੀਤਾ ਹੈ ਅਤੇ ਲਿਖਿਆ ਹੈ ਕਿ ਸਾਡੇ ਸਮੇਂ ਵਿਚ ਏਥੋਂ ਦੇ ਵਸਨੀਕ ਸਭ ਮੁਸਲਮਾਨ ਹਨ।† ਏਸ ਦਾ ਸਮਾਂ ਤੀਜੀ ਸਦੀ ਹਿਜਰੀ ਦਾ ਅੰਤ ਹੈ।

ਕਸਦਾਰ

ਬਾਜ਼ੇ ਲੋਕਾਂ ਨੇ ਏਸ ਦਾ ਨਾਂ ਕਜ਼ਦਾਰ ਵੀ ਲਿਖਿਆ ਹੈ ਸਬੁਕਤਗੀਨ ਗ਼ਜ਼ਨਵੀ ਦੀਆਂ ਜਿੱਤਾਂ ਵਿਚ ਏਸ ਸ਼ਹਿਰ ਦਾ ਨਾਂ ਮੁਲਤਾਨ ਹੈ‡। ਇਹ ਹਿੰਦੁਸਤਾਨੀ ਅਫ਼ਗ਼ਾਨੀ ਸੀਮਾਂ ਦੇ ਕੋਲ ਸੀ। ਏਥੇ ਖ਼ਾਰਜੀ ਮੁਸਲਮਾਨਾਂ ਦੀ ਵਸੋਂ ਸੀ ਅਤੇ ਉਨ੍ਹਾਂ ਦੀ ਰਿਆਸਤ ਵੀ ਸੀ। ਸ਼ਾਇਦ ਚੌਥੀ ਸਦੀ ਦੇ ਮੱਧ ਵਿਚ ਇਕ ਮੁਅਤਜ਼ਲੀ ਤਰਕਵੇਤਾ ਅਤੇ ਸ਼ਾਸਤਰਾਰਥੀ, ਅਬੁਲਹਸਨ ਅਲੀ ਬਿਨ ਲਤੀਫ਼, ਜਦੋਂ ਏਥੇ ਪੁੱਜੇ ਤਾਂ ਉਨ੍ਹਾਂ ਏਸ ਸ਼ਹਿਰ ਨੂੰ ਖ਼ਾਰਜੀਆਂ ਦੀ ਵਸੋਂ ਅਤੇ ਰਿਆਸਤ ਵੇਖਿਆ। ਉਹ ਬਿਆਨ ਕਰਦੇ ਹਨ ਕਿ ਏਥੇ ਇੰਨੀ ਅਮਨ ਸ਼ਾਂਤੀ ਹੈ ਕਿ ਚੋਰੀ ਦਾ ਨਾਂ ਨਿਸ਼ਾਨ ਵੀ ਨਹੀਂ। ਲੋਕ ਘਰਾਂ ਨੂੰ ਜੰਦਰੇ ਵੀ ਨਹੀਂ ਲਾਉਂਦੇ। ਮਸੀਤ ਵਿਚ ਜੇ ਕੋਈ ਮੁਸਾਫ਼ਰ ਏਵੇਂ ਆਪਣਾ ਅਸਬਾਬ ਖੁਲ੍ਹਾ ਛੱਡ ਜਾਵੇ ਤਾਂ ਕੋਈ ਉਸ ਨੂੰ ਹੱਥ ਨਹੀਂ ਲਾਉਂਦਾ। ਏਥੇ ਉਨ੍ਹਾਂ ਦੀ ਮੁਲਾਕਾਤ ਇਕ ਮੁਸਲਮਾਨ ਦਰਜ਼ੀ ਨਾਲ

---

*ਬਲਾਜ਼ੁਰੀ ਪੰ. ੪੪੬.

†ਬੁਸ਼ਾਰੀ ਪੰ. ੪੮੦.

‡ਬੁਲਾਜ਼ੁਰੀ ਪੰ. ੩੩੫.

§ਤਬਕਾਤੇ ਨਾਸਰੀ (ਕਲਕਤਾ) ਪੰ. ੭.

ਹੋਈ। ਸ਼ਹਿਰ ਵਿਚ ਮਸੀਤ ਵੀ ਸੀ।* ਬੁਸ਼ਾਰੀ ਨੇ ਏਸ ਦਾ ਠਕਾਣਾ ਇਹ ਦੱਸਿਆ ਹੈ ਕਿ ਉਹ ਬਲੋਚਿਸਤਾਨ ਦੀ ਬੰਦਰਗਾਹ ਤੀਜ਼ ਤੋਂ ਸਾਹਿਲ ਉੱਤੇ ਮਕਰਾਨ ਦੀ ਲੰਬਾਈ ਦੇ ਦਾ ੧੨ ਪੜਾਵਾਂ ਦੀ ਵਿਥ ਤੇ ਹੈ।† ਇਕ ਹੋਰ ਅਰਬ ਭੂਗੋਲ ਲੇਖਕ ਆਖਦਾ ਹੈ ਕਿ "ਉਹ ਮੁਲਤਾਨ ਤੋਂ ਲੱਗ ਭੱਗ ੨੦ ਪੜਾ ਤੇ ਹੈ।‡"

ਇਬਨ ਹੌਕਲ (ਸੰਨ ੩੬੭ ਹਿ.) ਆਖਦਾ ਹੈ ਕਜ਼ਦਾਰ ਇਕ ਸ਼ਹਿਰ ਹੈ ਜਿਸ ਦੇ ਨਾਲ ਕੁਝ ਨਗਰ ਤੇ ਪਿੰਡ ਹਨ। ਏਥੋਂ ਦੇ ਹਾਕਮ ਦਾ ਨਾਂ ਮੁਈਨ ਬਿਨ ਅਹਿਮਦ ਹੈ ਪਰ ਖ਼ੁਤਬਾ (ਬਗ਼ਦਾਦ) ਦੇ ਖ਼ਲੀਫ਼ੇ ਦੇ ਨਾਂ ਦਾ ਪੜ੍ਹਿਆ ਜਾਂਦਾ ਹੈ। ਇਸ ਦਾ ਮਹਿਲ ਬਾਕਜ਼ਨਾਂ ਵਿਚ ਸੀ। ਬੁਸ਼ਾਰੀ ਮੁਕੱਦਸੀ ਜੋ ਸੰਨ ੩੭੫ ਹਿ. ਵਿਚ ਏਧਰ ਆਇਆ ਸੀ ਆਖਦਾ ਹੈ:

"ਕਜ਼ਦਾਰ ਤੂਰਾਨ ਦਾ ਰਾਜ ਨਗਰ ਹੈ ਇਹ ਇਕ ਮਾਰੂਥਲ ਵਿਚ ਵਾਕਿਆ ਹੈ। ਏਸ ਦੇ ਦੋ ਭਾਗ ਹਨ। ਦੋਹਾਂ ਦੇ ਵਿਚਕਾਰ ਇਕ ਤਰਾਈ ਹੈ ਜਿਸ ਵਿਚ ਪੁਲ ਨਹੀਂ। ਇਕ ਵਿਚ ਸੁਲਤਾਨ ਦਾ ਮਹਿਲ ਹੈ ਅਤੇ ਏਸੇ ਵਿਚ ਕਿਲ੍ਹਾ ਹੈ। ਦੂਜੇ ਭਾਗ ਦਾ ਨਾਂ ਬੋਦੀਨ ਹੈ। ਏਸ ਵਿਚ ਸੁਦਾਗਰਾਂ ਦੇ ਮਕਾਨ ਹਨ। ਇਹ ਭਾਗ ਬੜਾ ਸਾਫ ਸੁਥਰਾ ਹੈ। ਸ਼ਹਿਰ ਛੋਟਾ ਹੈ ਪਰ ਲਾਹੇਵੰਦ ਹੈ। ਖੁਰਾਸਾਂ, ਫਾਰਸ, ਕਿਰਮਾਨ ਅਤੇ ਏਧਰੋਂ ਹਿੰਦੁਸਤਾਨ ਦੇ ਸ਼ਹਿਰਾਂ ਤੋਂ ਲੋਕ ਏਥੇ ਆਉਂਦੇ ਜਾਂਦੇ ਹਨ। ਪਰ ਏਥੋਂ ਦਾ ਪਾਣੀ ਚੰਗਾ ਨਹੀਂ... ... ... ਪਾਣੀ ਨਹਿਰ ਦਾ ਪੀਤਾ ਜਾਂਦਾ ਹੈ।§

ਮੁਕਦੀ ਗੱਲ ਇਹ ਇਕ ਛੋਟੀ ਜੇਹੀ ਮੁਸਲਮਾਨੀ ਰਿਆਸਤ ਸੀ। ਸੁਲਤਾਨ ਮਹਿਮੂਦ ਦੇ ਪਿਤਾ ਅਮੀਰ ਸਬੁਕਤਗੀਨ ਨੇ ਹਿੰਦੁਸਤਾਨ ਤੋਂ ਪਹਿਲਾਂ ਸਰਹਦੀ ਰਿਆਸਤਾਂ ਨੂੰ ਮੇਟਣਾ ਅਵਸ਼ ਸਮਝਿਆ। ਸੋ ਸੰਨ

*ਮੁਅਜ਼ਮੁਲ ਬੁਲਦਾਨ ਯਾਕੂਤ ਰੂਮੀ ਜਿ. ੭ ਪੰ. ੭੮ (ਮਿਸਰ)

†ਅਹਸਨੁੱਤਕਾਸੀਮ ਪੰ. ੩੮੫

‡ਤਕਵੀਮੁਲਬੁਲਦਾਨ ਅਬੁਲਫ਼ਿਦਾ ਪੰ. ੩੪੯

§ਬੁਸ਼ਾਰੀ ਦੀ ਅਹਸਨੁੱਤਕਾਸੀਮ ਪੰ. ੪੭੮ (ਲੰਡਨ)

੩੭੫ ਹਿ. ਅਤੇ ਸੰਨ ੩੮੭ ਹਿ. (ਜੋ ਸਬੁਕਤਗੀਨ ਦੇ ਦਿਹਾਂਤ ਦੀ ਮਿਤੀ ਹੈ) ਦੇ ਵਿਚਕਾਰ ਕਿਸੇ ਸੰਨ ਵਿਚ ਏਸ ਸ਼ਹਿਰ ਉੱਤੇ ਕਬਜ਼ਾ ਕੀਤਾ ਅਤੇ ਉਥੋਂ ਦੇ ਮੁਸਲਮਾਨ ਹਾਕਮ ਨੂੰ ਆਪਣਾ ਕਰ-ਦਾਤਾ ਬਣਾ ਲਿਆ।*

ਤੂਰਾਨ

ਇਬਨ ਹੌਕਲ ਦੇ ਸਮੇਂ ਵਿਚ (ਸੰਨ ੪੬੩ ਹਿ.) ਏਹ ਇਕ ਪਕੀ ਰਿਆਸਤ ਸੀ। ਸੋ ਉਹ ਆਖਦਾ ਹੈ ਕਿ ਪਛਮੀ ਸਿੰਧ ਵਿਚ ਤੂਰਾਨ (ਇਕ ਅਜ਼ਬਾਨ) ਹੈ ਜਿਸ ਉੱਤੇ ਬਸਰੇ ਦਾ ਇਕ ਵਸਨੀਕ ਅਬੁਲਕਾਸਿਮ ਰਾਜ ਕਰਦਾ ਹੈ ਜੋ ਆਪ ਹੀ ਹਾਕਮ, ਕਾਜ਼ੀ, ਸੈਨਾਪਤੀ ਸਭੋ ਕੁਝ ਹੈ ਭਾਵੇਂ ਉਹ ਤਿੰਨ ਅਤੇ ਤੇਰ੍ਹਾਂ ਦਾ ਅੰਤਰਾ ਨਹੀਂ ਜਾਣਦਾ।

ਵੈਹਿੰਦ

ਏਹ ਹਿੰਦੁਸਤਾਨ ਦਾ ਪਰਸਿਧ ਪੁਰਾਣਾ ਸ਼ਹਿਰ ਹੈ। ਗ਼ਜ਼ਨਵੀ ਜਿੱਤਾਂ ਦੇ ਸਬੰਧ ਵਿਚ ਏਸ ਦਾ ਵੀ ਨਾਂ ਆਉਂਦਾ ਹੈ। ਸੰਨ ੩੯੩ ਹਿ. ਵਿਚ ਪਸ਼ੌਰ ਪਿੱਛੋਂ ਮਹਿਮੂਦ ਨੇ ਏਸ ਉੱਤੇ ਕਬਜ਼ਾ ਕੀਤਾ।† ਏਸ ਸ਼ਹਿਰ ਵਿਚ ਵੀ ਮਹਿਮੂਦ ਤੋਂ ਪਹਿਲਾਂ ਹੀ ਮੁਸਲਮਾਨਾਂ ਦੀ ਵਸੋਂ ਸੀ। ਬੈਰੂਨੀ ਨੇ 'ਕਾਨੂੰਨੇ ਮਸਊਦੀ' ਵਿਚ ਏਸ ਸ਼ਹਿਰ ਦੇ ਵਰਨਣ ਵਿਚ ਲਿਖਿਆ ਹੈ ਕਿ ਇਹ "ਗੰਧਾਰ ਦਾ ਰਾਜਨਗਰ ਹੈ ਅਤੇ ਸਿੰਧ ਦੀ ਤਰਾਈ ਵਿਚ ਵਾਕਿਆ ਹੈ।‡ ਵੀ. ਏ. ਸਮਿਥ ਨੇ 'ਦੀ ਅਰਲੀ ਹਿਸਟਰੀ ਆਫ਼ ਇੰਡੀਆ' ਵਿਚ ਓਹਿੰਦ ਨਾਂ ਦੀ ਰਾਜਧਾਨੀ ਨੂੰ ਸਿੰਧ ਨਦੀ ਤੇ ਥਾਂ ਦਿੱਤੀ ਹੈ ਅਤੇ ਲਿਖਿਆ ਹੈ ਕਿ ਮੁਸਲਮਾਨਾਂ ਦੇ ਸੰਨ ੨੫੬ ਹਿ. ਵਿਚ

*ਤਾਰੀਖ਼ ਫ਼ਰਿਸ਼ਤਾ ਨਵਲਕਿਸ਼ੋਰ ਜਿਲਦ ੧ ਪੰ. ੧੯.

†ਜ਼ੈਨੁਲ ਅਖ਼ਬਾਰ ਗ਼ਰਦੇਜ਼ੀ (ਬਰਲਨ ਦੀ ਛਪੀ) ਪੰ. ੬੬

‡ਤਕਵੀਮੁਲ ਬੁਲਦਾਨ ਅਬੁਲਫ਼ਿਦਾ ਪੰਨਾ ੩੫੭ ਪੈਰਸ ਸੰਨ ੧੮੪੦

ਕਾਬਲ ਜਿਤ ਲੈਣ ਪਿਛੋਂ ਉਥੋਂ ਦੀ ਰਾਜਧਾਨੀ ਓਹਿੰਦ ਵਿਚ ਬਦਲੀ ਗਈ, ਜੋ ਸਿੰਧ ਨਦੀ ਤੇ ਵਾਕਿਆ ਸੀ ਅਤੇ ਹਿੰਦੂ ਸ਼ਾਹੀਆ ਵੰਸ ਦਾ ਰਾਜ ਨਗਰ ਸੀ।*

ਚੌਥੀ ਸਦੀ ਦੇ ਅੰਤ ਵਿਚ (ਸੰਨ ੩੭੫ ਹਿ. ਅਥਵਾ ਮਹਿਮੂਦ ਦੇ ਹਮਲੇ ਤੋਂ ਪੰਦਰਾਂ ਸੋਲ੍ਹਾਂ ਵਰ੍ਹੇ ਪਹਿਲਾਂ) ਬੁਸ਼ਾਰੀ ਮੁਕੱਦਸੀ ਬਿਆਨ ਕਰਦਾ ਹੈ ਕਿ "ਮੈਂ ਅਬੁਲਹੈਸ਼ਮ ਨੇਸ਼ਾਪੁਰੀ ਦੇ ਸ਼ਾਗਿਰਦਾਂ ਵਿਚੋਂ ਇਕ ਕੋਲੋਂ ਅਤੇ ਸ਼ੀਰਾਜ਼ ਦੇ ਇਕ ਵਿਦਵਾਨ ਕੋਲੋਂ ਜੋ ਏਸ ਦੇਸ ਦੀ ਚੰਗੀ ਤਰ੍ਹਾਂ ਯਾਤਰਾ ਕਰ ਚੁਕੇ ਸਨ, ਖੋਜ ਕੀਤੀ ਤਾਂ ਮਲੂਮ ਹੋਇਆ ਕਿ ਵੈਹਿੰਦ ਰਾਜਨਗਰ ਦਾ ਨਾਂ ਹੈ ਅਤੇ ਏਸ ਦੇ ਅਧੀਨ ਸ਼ਹਿਰ ਵਿਧਾਨ, ਬਤੇਰ, ਨੌਜਲਵਾਰ ਅਤੇ ਸਮਾਂ ਕੋਜ ਆਦਿ ਹਨ।"†

ਵੈਹਿੰਦ ਦੇ ਇਲਾਕੇ ਵਿਚ ਵੀ ਮੁਸਲਮਾਨਾਂ ਦੀ ਵਸੋਂ ਖ਼ਾਸੀ ਸੀ। ਏਥੋਂ ਤਕ ਕਿ ਇਨ੍ਹਾਂ ਦੀ ਰਿਆਸਤ ਕਾਇਮ ਸੀ। ਹਿੰਦੂਆਂ ਦਾ ਰਾਜਾ ਵੱਖਰਾ ਸੀ ਅਤੇ ਮੁਸਲਮਾਨਾਂ ਦਾ ਅਮੀਰ ਵੱਖਰਾ। ਵਸਨੀਕਾਂ ਦੀ ਗਿਣਤੀ ਵਧੇਰੇ ਕਰਕੇ ਹਿੰਦੂ ਸੀ।‡

ਕਨੌਜ

ਹਿੰਦੁਸਤਾਨ ਦੇ ਪਰਸਿੱਧ ਕਨੌਜ ਨੂੰ ਛਡ ਕੇ ਸਿੰਧ ਅਤੇ ਪੰਜਾਬ ਦੀ ਸਰਹੱਦ ਦੇ ਪਾਸ ਵੀ ਏਸ ਨਾਂ ਦਾ ਇਕ ਇਲਾਕਾ ਵਸਦਾ ਸੀ, ਜਿਸ ਦਾ ਅਰਬ ਯਾਤਰੂਆਂ ਨੇ ਬਹੁਤ ਜ਼ਿਕਰ ਕੀਤਾ ਹੈ। ਏਥੇ ਵੀ ਮੁਸਲਮਾਨਾਂ ਦੀ ਵਸੋਂ ਸੀ। ਸੰਨ ੩੦੦ ਹਿ. ਦੇ ਪਿੱਛੋਂ ਇਹ ਸ਼ਹਿਰ ਮੁਸਲਮਾਨਾਂ ਦੇ ਕਬਜ਼ੇ ਵਿਚ ਆ ਗਿਆ ਸੀ। ਸੋ ਮਸਊਦੀ ਨੇ (ਸੰਨ ੩੦੩ ਹਿ.) ਵਿਚ ਜਦੋਂ ਏਸ ਨੂੰ ਵੇਖਿਆ ਹੈ ਤਾਂ ਉਹ ਮੁਲਤਾਨ ਰਾਜ ਵਿਚ ਸਮਿਲਤ ਸੀ ਅਤੇ ਇਸਲਾਮੀ ਰਾਜ ਵਿਚ ਦਾਖ਼ਲ ਸੀ।§ ਬੁਸ਼ਾਰੀ ਮਸਊਦੀ ਦੇ ਸੱਤਰ

---

*The Early History of India, Vol. I P. 345.

†ਅਹਸਨੁੱਤਕਾਸੀਮ ਪੰ. ੪੭੭

‡ਅਹਿਸਨੁੱਤਕਾਸੀਮ ਪੰ. ੪੮੫ ਸਮੇਤ ਫੁਟ ਨੋਟ ਦੇ।

§ਮਸਊਦੀ ਜਿਲਦ ੧ ਪੰ. ੩੭੨ (ਪੈਰਸ)

ਪਝਤਰ ਵਰ੍ਹੇ ਪਿਛੋਂ ਜਦੋਂ ਏਥੇ ਆਇਆ ਤਾਂ ਉਸ ਸਮੇਂ ਏਸ ਸ਼ਹਿਰ ਦੀ ਹੈਸੀਅਤ ਖ਼ੁਦ ਮੁਖ਼ਤਿਆਰ ਰਿਆਸਤ ਦੀ ਸੀ। ਉਹ ਆਖਦਾ ਹੈ ਕਿ ਇਹ ਵੱਡਾ ਸ਼ਹਿਰ ਹੈ ਅਤੇ ਏਸ ਦੇ ਚੌਂਹੀ ਪਾਸੀਂ ਸਫ਼ੀਲ ਹੈ। ਏਥੇ ਮਾਸ ਬਹੁਤ ਵਿਕਦਾ ਹੈ। ਬਾਗ਼ ਬਹੁਤ ਹਨ। ਪਾਣੀ ਅੱਛਾ ਹੈ। ਵਪਾਰ ਬਹੁਤ ਹੈ। ਲੋਕ ਖ਼ੂਬਸੂਰਤ ਹਨ। ਸਫ਼ੀਲ ਦੇ ਅੰਦਰ ਜਾਮਿ ਮਸਜਿਦ ਹੈ। ਮੁਸਲਮਾਨਾਂ ਦੀ ਖ਼ੁਰਾਕ ਕਣਕ ਹੈ। ਏਥੇ ਵੱਡੇ ਵੱਡੇ ਪਤਵੰਤੇ ਤੇ ਵਿਦਵਾਨ ਰਹਿੰਦੇ ਹਨ।*ਅਗੇ ਚਲ ਕੇ ਆਖਦਾ ਹੈ ਕਿ ਭਾਵੇਂ ਏਥੋਂ ਦੇ ਵਸਨੀਕਾਂ ਦੀ ਬਹੁ-ਗਿਣਤੀ ਹਿੰਦੂ ਹੈ ਪਰ ਮੁਸਲਮਾਨਾਂ ਦਾ ਸੁਲਤਾਨ ਵੱਖਰਾ ਹੈ।†

ਅਵਧ ਦੇ ਕਨੌਜ ਤੋਂ ਵੀ ਅਰਬ ਯਾਤਰੂ ਤੇ ਭੂਗੋਲ ਲੇਖਕ ਵਾਕਫ਼ ਸਨ। ਮਿਸਰ ਦਾ ਵਜ਼ੀਰ ਮੁਹੱਲਬੀ (ਲੱਗ ਭੱਗ ਸੰਨ ੩੮੬ ਹਿ.) ਆਪਣੇ ਭੂਗੋਲ ਦੀ ਕਿਤਾਬ ਅਜ਼ੀਜ਼ੀ ਵਿਚ ਬਿਆਨ ਕਰਦਾ ਹੈ ਕਿ ਕਨੌਜ ਹਿੰਦੁਸਤਾਨ ਦੇ ਅਤੀ ਦੂਰ ਸ਼ਹਿਰਾਂ ਵਿਚੋਂ ਹੈ। ਮੁਲਤਾਨ ਦੇ ਪੂਰਬ ਵਿਚ ਹੈ। ਮੁਲਤਾਨ ਤੇ ਕਨੌਜ ਵਿਚਕਾਰ ਦੋ ਸੌ ਬਿਆਸੀ ਫ਼ਰਸੰਗ ਦੀ ਵਿਥ ਹੈ ਅਤੇ ਉਹ ਹਿੰਦੁਸਤਾਨ ਦਾ ਰਾਜ ਨਗਰ ਅਤੇ ਸਭ ਤੋਂ ਵੱਡਾ ਸ਼ਹਿਰ ਹੈ। ਲੋਕਾਂ ਨੇ ਏਸ ਦਾ ਹਾਲ ਬਿਆਨ ਕਰਨ ਵਿਚ ਅਤਕਥਨੀ ਤੋਂ ਬਹੁਤ ਕੰਮ ਲਿਆ ਹੈ। ਆਖਦੇ ਹਨ ਏਸ ਸ਼ਹਿਰ ਵਿਚ ਕੇਵਲ ਜੌਹਰੀਆਂ ਦੇ ਤਿੰਨ ਸੌ ਬਾਜ਼ਾਰ ਹਨ ਅਤੇ ਉਥੋਂ ਦੇ ਰਾਜੇ ਦੇ ਕਬਜ਼ੇ ਵਿਚ ਢਾਈ ਹਜ਼ਾਰ ਹਾਥੀ ਹਨ। ਏਸ ਵਿਚ ਸੋਨੇ ਦੀਆਂ ਖਾਣਾਂ ਵੀ ਹਨ।

ਇਦਰੀਸੀ, ਜਿਸ ਨੇ ਸਿਸਲੀ (ਇਟਲੀ) ਵਿਚ ਬੈਠ ਕੇ ਸੰਨ ੫੪੮ ਹਿ. ਵਿਚ ਆਪਣਾ ਭੂਗੋਲ ਲਿਖਿਆ ਹੈ, ਆਖਦਾ ਹੈ, "ਇਹ ਬਹੁਤ ਸੁੰਦਰ ਸ਼ਹਿਰ ਹੈ। ਵਪਾਰ ਦੀ ਮੰਡੀ ਹੈ। ਏਸੇ ਸ਼ਹਿਰ ਦੇ ਨਾਂ ਤੋਂ ਏਥੋਂ ਦੇ ਰਾਜੇ ਨੂੰ ਵੀ ਕਨੌਜ ਆਖਦੇ ਹਨ।" ਇਦਰੀਸੀ ਨੇ ਕਨੌਜ ਦਾ ਵਿਸਥਾਰ ਪੰਜਾਬ ਬਲਕਿ ਕਸ਼ਮੀਰ ਤਕ ਦੱਸਿਆ ਹੈ। ਮਰਾਕੂ ਦਾ ਭੂਗੋਲ ਲੇਖਕ ਇਬਨ ਸਈਦ ਮਗ਼ਰਬੀ (ਸੰਨ ੫੮੫ ਹਿ.) ਲਿਖਦਾ ਹੈ "ਇਹ ਸ਼ਹਿਰ ਗੰਗਾ ਦੇ ਦੋਹਾਂ

---

*ਅਹਿਸਨੁਤੱਕਾਸੀਮ ਬੁਸ਼ਾਰੀ ਪੰ. ੪੮੦

†ਬੁਸ਼ਾਰੀ ਜਿ. ੧ ਪੰ. ੪੮੫.

ਕੰਢਿਆਂ ਤੇ ਵਸਿਆ ਹੋਇਆ ਹੈ।"*

ਨੈਰੂਨ

ਸਿੰਧ ਦੇ ਸਾਹਲੀ ਸ਼ਹਿਰਾਂ ਵਿਚੋਂ ਇਕ ਸ਼ਹਿਰ ਨੈਰੂਨ ਨਾਂ ਦਾ ਸੀ। ਬਾਜ਼ਿਆਂ ਨੇ ਗ਼ਲਤੀ ਨਾਲ ਏਸ ਨੂੰ ਬੈਰੂਨ ਪੜ੍ਹਿਆ ਹੈ ਅਤੇ ਅਬੂਰੈਹਾਨ ਬੈਰੂਨੀ ਨੂੰ ਏਥੋਂ ਦਾ ਵਸਨੀਕ ਦੱਸਿਆ ਹੈ।† ਏਹ ਦੈਬਲ ਤੇ ਮਨਸੂਰਾ ਦੇ ਵਿਚਕਾਰ ਸੀ ਅਤੇ ਮਨਸੂਰਾ ਤੋਂ ੧੫ ਫ਼ਰਸੰਗ ਦੀ ਵਿਥ ਤੇ ਸੀ। ਮਿਸਰ ਦਾ ਵਜ਼ੀਰ ਮਹੱਲਬੀ ਚੌਥੀ ਸਦੀ ਵਿਚ ਆਪਣੇ ਭੂਗੋਲ ਵਿਚ ਲਿਖਦਾ ਹੈ, "ਏਥੋਂ ਦੇ ਵਸਨੀਕ ਮੁਸਲਮਾਨ ਹਨ।"‡ ਐਲਫਿਨਸਟਨ ਸਾਹਿਬ ਨੇ ਤਾਰੀਖ਼ ਹਿੰਦ ਵਿਚ ਦੱਸਿਆ ਹੈ ਕਿ ਵਰਤਮਾਨ ਸ਼ਹਿਹ ਹੈਦਰਾਬਾਦ (ਸਿੰਧ) ਦਾ ਹੀ ਪੁਰਾਣਾ ਨਾਂ ਨੈਰੂਨ ਹੈ।§

ਮਕਰਾਨ

ਇਹ ਸਿੰਧ ਦੀ ਸਰਹੱਦ ਉੱਤੇ ਵਾਕਿਆ ਹੈ। ਇਬਨ ਹੌਕਲ ਦੇ ਸਮੇਂ ਵਿਚ ਏਥੋਂ ਦਾ ਅਰਬ ਹਾਕਮ ਈਸਾ ਬਿਨ ਮਾਅਦਾਨ ਸੀ। ਏਸ ਦੇ ਰਾਜ ਨਗਰ ਦਾ ਨਾਂ ਕਨੇਰ ਸੀ, ਜਿਸ ਦਾ ਵਿਸਥਾਰ ਮੁਲਤਾਨ ਦੇ ਵਿਸਥਾਰ ਤੋਂ ਅੱਧਾ ਸੀ।

ਮਸ਼ਕੀ

ਏਸ ਦੇ ਨੇੜੇ ਇਕ ਹੋਰ ਅਰਬ ਰਿਆਸਤ ਸੀ, ਜਿਸ ਦਾ ਨਾਂ ਮਸ਼ਕੀ ਸੀ ਅਤੇ ਇਬਨ ਹੌਕਲ ਦੇ ਸਮੇਂ ਏਥੋਂ ਦਾ ਹਾਕਮ ਮਜ਼ਾਹਰ ਬਿਨ ਰਿਜਾ ਸੀ। ਏਹ ਰਿਆਸਤ ਇੰਨੀ ਵੱਡੀ ਸੀ ਕਿ ਤਿੰਨ ਦਿਨਾਂ ਵਿਚ ਏਸ ਦਾ ਪੈਂਡਾ ਮੁੱਕਦਾ ਸੀ। ਏਥੇ ਖ਼ੁਤਬੇ ਵਿਚ ਬਗ਼ਦਾਦ ਦੇ ਖ਼ਲੀਫ਼ਾ ਦਾ ਨਾਂ ਲਿਆ ਜਾਂਦਾ ਸੀ।

---

*ਤਕਵੀਮੁਲ ਬੁਲਦਾਨ ਅਬੁਲਫ਼ਿਦਾ ਪੰ ੩੯੦ (ਪੈਰਸ)

†ਤਕਵੀਮੁਲ ਬੁਲਦਾਨ ਅਬੁਲ ਫ਼ਿਦਾ ਪੰ. ੩੪੯ ਇਬਨ ਸਈਦ ਮਗ਼ਰਬੀ ਅਤੇ ਤਾਰੀਖ਼ੁਲ ਅੱਤਿਬਾ ਇਬਨ ਅਬੀ ਅਸੀਬਾਅ ਜਿ. ੨ ਪੰ. ੨੦ (ਮਿਸਰ) ਦੇ ਅਧਾਰ ਤੇ।

‡ਤਕਵੀਮੁਲ ਬੁਲਦਾਨ ਅਬੁਲ ਫ਼ਿਦਾ ਪੰ. ੩੪੯.

§ਤਾਰੀਖ਼ੇ ਹਿੰਦ ਐਲਫ਼ਿਨਸਟਨ ਜਿਲਦ ਦੂਜੀ ਪੰ. ੪੯੩ ਸੰ.੧੯੬੭ ਈ. (ਅਲੀ ਗੜ੍ਹ)

ਪਾਠਕੋ ! ਸਿੰਧ ਦੇ ਮਾਰੂ ਥਲਾਂ ਵਿਚ ਤੁਰਦੇ ਤੁਰਦੇ ਤੁਸੀਂ ਤੇ ਅਸੀਂ ਦੋਵੇਂ ਘਾਬਰ ਗਏ ਹਾਂ । ਆਓ ! ਥੋੜੇ ਚਿਰ ਲਈ ਸਵਸਤੁਲ ਦੇਸ਼ ਦੀ ਸੈਰ ਕਰੀਏ, ਜਿਸ ਨਾਲ ਚਿਤ ਪਰਸੰਨ ਹੋ ਜਾਵੇ ।

ਕਸ਼ਮੀਰ

ਇਹ ਉਹ ਦੇਸ ਹੈ ਜਿਸ ਬਾਰੇ ਇਹ ਕਹਿਣਾ ਉਚਿੱਤ ਹੈ ਕਿ ਏਸ ਨੂੰ ਮੁਸਲਮਾਨ ਬਾਦਸ਼ਾਹਾਂ ਦੀਆਂ ਤਲਵਾਰਾਂ ਤੇ ਜੁਗਤਾਂ ਨੇ ਨਹੀਂ ਸਗੋਂ ਮੁਸਲਮਾਨ ਵਿਦਵਾਨਾਂ ਅਤੇ ਦਰਵੇਸ਼ਾਂ ਦੇ ਪਰਭਾਵਾਂ ਨੇ ਜਿੱਤਿਆ ਸੀ। ਅਰਬ ਭੂਗੋਲ ਲੇਖਕ ਅਤੇ ਯਾਤਰੂ ਏਸ ਦੇ ਕੋਲ ਤਾਂ ਆਏ ਪਰ ਏਸ ਦੇ ਅੰਦਰ ਨਹੀਂ ਗਏ । ਉਨ੍ਹਾਂ ਨੇ ਏਸ ਦੇ ਰਾਹਾਂ ਦੀਆਂ ਕਠਨਾਈਆਂ ਦਾ ਵਰਨਣ ਕੀਤਾ ਹੈ। ਉਹ ਸਮੁੰਦਰ ਤੋਂ ਲੈ ਕੇ ਕਸ਼ਮੀਰ ਦੀ ਪਰਬਤ-ਮਾਲਾ ਤਕ ਸਭ ਇਲਾਕੇ ਨੂੰ ਸਿੰਧ ਹੀ ਆਖਦੇ ਸਨ। ਅਰਬਾਂ ਪਿੱਛੋਂ ਸੁਲਤਾਨ ਮਹਿਮੂਦ ਨੇ ਵੀ ਏਸ ਦੀਆਂ ਚਟਾਨਾਂ ਨਾਲ ਸਿਰ ਟਕਰਾਇਆ ਪਰ ਸਫਲਤਾ ਪਰਾਪਤ ਨਾ ਹੋਈ। ਏਸੇ ਸਮੇਂ ਅਸੀਂ ਏਥੇ ਮੁਸਲਮਾਨ ਵਪਾਰੀਆਂ ਅਤੇ ਸੁਦਾਗਰਾਂ ਨੂੰ ਆਉਂਦਿਆਂ ਜਾਂਦਿਆਂ ਵੇਖਦੇ ਹਾਂ। ਸੁਲਤਾਨ ਮਹਿਮੂਦ ਦੀ ਮਿਰਤੂ ਦੇ ਤਿੰਨ ਸਾਲ ਪਿੱਛੋਂ ਸੰਨ ੪੨੪ ਹਿ. ਵਿਚ ਸੁਲਤਾਨ ਮਸਊਦ ਗ਼ਜ਼ਨਵੀ ਨੇ ਏਸ ਉੱਤੇ ਹਮਲਾ ਕੀਤਾ। ਸ਼ਹਿਰ ਵਾਲੇ ਕਿਲ੍ਹੇ ਵਿਚ ਬੰਦ ਹੋ ਕੇ ਬੈਠ ਗਏ। ਏਸ ਵੇਲੇ ਜੋ ਮੁਸਲਮਾਨ ਸੁਦਾਗਰ ਉੱਥੇ ਸਨ, ਉਹ ਵੀ ਕਿਲ੍ਹੇ ਵਿਚ ਬੰਦ ਸਨ।*

ਹਿੰਦੁਸਤਾਨ ਦੇ ਏਸ ਸੰਖੇਪ ਇਤਿਹਾਸ ਦੀ ਮਾਨਸਕ ਸੈਰ ਪਿਛੋਂ ਅਸੀਂ ਹਾਜ਼ਰ ਸਜਣਾਂ ਕੋਲੋਂ ਵਿਦਾ ਹੁੰਦੇ ਹਾਂ।

ਸਮਾਪਤੀ

ਇਨ੍ਹਾਂ ਪੰਨਿਆਂ ਵਿਚ ਅਸੀਂ ਉਪਰਾਲਾ ਕੀਤਾ ਹੈ ਕਿ ਆਪਣੇ ਸਾਥੀਆਂ ਨੂੰ ਅਰਬ ਤੇ ਹਿੰਦੁਸਤਾਨ ਅਤੇ ਇਸਲਾਮ ਤੇ ਭਾਰਤ ਦੇ ਪਰਸਪਰ ਸਬੰਧਾਂ ਦੇ ਉਹ ਦ੍ਰਿਸ਼ ਪੇਸ਼ ਕਰੀਏ ਜੋ ਖ਼ੈਬਰ ਤੋਂ ਆਉਣ ਵਾਲੇ ਮੁਸਲਮਾਨ ਜੇਤੂਆਂ ਤੋਂ ਪਹਿਲਾਂ ਏਥੋਂ ਦੀ ਸ਼ੋਭਾ ਵਧਾ ਰਹੇ ਸਨ। ਇਨ੍ਹਾਂ ਤੋਂ

*ਫ਼ਰਿਸ਼ਤਾ ਜਿਲਦ ਪਹਿਲੀ ਪੰ. ੪੧ (ਨਵਲਕਿਸ਼ੋਰ)

ਅਨੁਮਾਨ ਹੋਵੇਗਾ ਕਿ ਇਨ੍ਹਾਂ ਜਿੱਤਾਂ ਤੋਂ ਪਹਿਲਾਂ ਵੀ ਏਸ ਮੁਲਕ ਵਿਚ ਕਿੱਥੇ ਕਿੱਥੇ ਮੁਸਲਮਾਨ ਵਸਦੇ ਸਨ ਅਤੇ ਉਨ੍ਹਾਂ ਦੇ ਸਬੰਧ ਹਿੰਦੂਆਂ ਨਾਲ ਕਿਹੋ ਜੇਹੇ ਤੇ ਕਿੰਨੇ ਡੂੰਘੇਰੇ ਸਨ ਅਤੇ ਇਸਲਾਮ ਦਾ ਭਾਰਤ ਨਾਲ ਸਬੰਧ ਕਿੰਨਾ ਪੁਰਾਣਾ ਤੇ ਪਰਾਚੀਨ ਸੀ।

"ਮਾ ਕਿੱਸਾਏ ਸਿਕੰਦਰੋ ਦਾਰਾ ਨਾ ਖਾਂਦਾਇਮ
ਅਜ਼ ਮਾ ਬਜੁਜ਼ ਹਿਕਾਇਤੇ ਮਿਹਰੋ ਵਫ਼ਾ ਮੁਪੁ"

ਉਲਥਾ:—

ਅਸੀਂ ਸਿਕੰਦਰ ਤੇ ਦਾਰਾ ਦੇ ਪਰਸੰਗ ਪੜ੍ਹ ਕੇ ਨਹੀਂ ਸੁਣਾਏ ਅਸੀਂ ਤਾਂ ਕੇਵਲ ਪ੍ਰੇਮ ਦੇ ਵਚਨ ਕਥਨ ਕੀਤੇ ਹਨ।

ਜ਼ਮੀਮਾ

ਕਿਤਾਬ ਦੀ ਸਮਾਪਤੀ ਪਿੱਛੋਂ ਕੁੱਝ ਹੋਰ ਲਾਹੇਵੰਦ ਗੱਲਾਂ ਲੱਭੀਆਂ ਹਨ, ਜਿਨ੍ਹਾਂ ਦਾ ਵਾਧਾ ਕਰਨਾ ਏਥੇ ਉਚਿਤ ਮਲੂਮ ਹੁੰਦਾ ਹੈ।

੧—ਸੋਪਾਰਾ

ਗੁਜਰਾਤ ਦੇ ਇਕ ਪਰਸਿੱਧ ਪੁਰਾਣੇ ਸ਼ਹਿਰ ਦਾ ਨਾਂ ਅਰਬਾਂ ਨੇ ਸੋਬਰਾ ਲਿਖਿਆ ਹੈ। ਅਸਤਖ਼ਰੀ (ਸੰਨ ੩੪੦ ਹਿ.) ਨੇ ਹਿੰਦੁਸਤਾਨ ਦੇ ਪਰਸਿੱਧ ਸ਼ਹਿਰਾਂ ਵਿਚ ਏਸ ਦਾ ਵੀ ਵਰਨਣ ਕੀਤਾ ਹੈ। ਉਸ ਪਿੱਛੋਂ ਬੈਤੁਲ ਮੁਕੱਦਸ ਦੇ ਯਾਤਰੂ ਬੁਸ਼ਾਰੀ (ਸੰਨ ੩੭੦ ਹਿ.) ਨੇ ਚੌਥੀ ਸਦੀ ਹਿ. ਦੇ ਅੰਤ (ਦਸਵੀਂ ਸਦੀ ਈਸਵੀ ਦੇ ਅੰਤ) ਵਿਚ ਏਸ ਦਾ ਨਾਂ ਲਿਆ ਹੈ। ਏਸ ਦਾ ਠਕਾਣਾ ਖੰਬਾਇਤ ਲਾਗੇ ਦਸਿਆ ਹੈ ਅਤੇ ਦੋਹਾਂ ਵਿਚਕਾਰ ਚਾਰ ਪੜਾਵਾਂ ਦੀ ਵਿਥ ਦੱਸੀ ਹੈ। ਉਹ ਆਖਦਾ ਹੈ, "ਸੋਪਾਰਾ ਸਮੁੰਦਰ ਤੋਂ ਇਕ ਫ਼ਰਸੰਗ (੮ ਮੀਲ) ਦੇ ਫ਼ਾਸਲੇ ਤੇ ਹੈ।" (ਅਹਸਨੁੱਤਕਾਸੀਮ ਬੁਸ਼ਾਰੀ ਪੰ.੪੭੭, ੪੮੬ ਲੀਡਨ)।

ਪਿਛਲੇ ਸਾਲਾਂ ਵਿਚ ਗੁਜਰਾਤ ਵਿਚ ਜੋ ਪੁਰਾਣੀ ਯਾਦਗਾਰਾਂ ਦੀ ਖੋਜ ਹੋਈ ਹੈ, ਇਨ੍ਹਾਂ ਵਿਚ ਸੋਬਾਰਾ ਨਾਂ ਦੇ ਸ਼ਹਿਰ ਦਾ ਵੀ ਪਤਾ ਮਿਲਦਾ ਹੈ, ਜਿਸ ਤੋਂ ਮਲੂਮ ਹੁੰਦਾ ਹੈ ਕਿ ਇਹ ਉਹੀ ਸ਼ਹਿਰ ਹੈ ਜਿਸ ਦਾ ਅਰਬ ਯਾਤਰੂਆਂ ਨੇ ਆਪਣੇ ਸਮੇਂ ਵਿਚ ਵਰਨਣ ਕੀਤਾ ਹੈ।

੨ ਫ਼ਰਵਰੀ ਸੰਨ ੧੯੩੦ ਈ. ਦੇ ਮੰਡੇ ਬੰਬਈ ਕਰਾਨੀਕਲ ਵਿਚ (ਪੰ. ੩੧, ੩੨) ਸੋਪਾਰਾ ਦੀ ਪੁਰਾਤਤਵ ਖੋਜ ਸਬੰਧੀ ਇਕ ਲੇਖ ਨਿਕਲਿਆ ਸੀ ਜਿਸ ਦਾ ਸਾਰਅੰਸ ਇਉਂ ਹੈ :

"ਪੁਰਾਤਤਵ ਸਬੰਧੀ ਖੋਜਾਂ ਤੋਂ ਪਤਾ ਲਗਦਾ ਹੈ ਕਿ ਏਸ ਸ਼ਹਿਰ ਦਾ ਪਤਾ ਮਗਧ ਦੇਸ (ਬਿਹਾਰ) ਦੇ ਪਰਸਿੱਧ ਰਾਜਾ ਅਸ਼ੋਕ ਦੇ ਸਮੇਂ ਤੋਂ ਲਗਦਾ ਹੈ। ਏਥੇ ਰਾਜਾ ਅਸ਼ੋਕ ਦਾ ਇਕ ਯਾਦਗੀਰੀ ਵਾਲਾ ਪੱਥਰ ਸੰਨ ੧੮੮੧ ਈ. ਵਿਚ ਸਾਡੇ ਪੁਰਾਤਤਵ ਖੋਜੀਆਂ ਨੂੰ ਲਭਿਆ ਹੈ। ਸੋਪਾਰਾ ਹੁਣ ਵੀ ਬੀ.ਬੀ.ਸੀ,ਆਈ. ਰੇਲਵੇ ਦੇ ਇਕ ਅਪਰਸਿੱਧ ਸਟੇਸ਼ਨ ਦਾ ਨਾਂ ਹੈ, ਜੋ ਆਪਣੇ ਨੇੜੇ ਦੇ ਏਸੇ ਨਾਂ ਦੇ ਇਕ ਪਿੰਡ ਦੇ ਕਾਰਣ ਰਖਿਆ ਗਿਆ ਹੈ। ਪੰਡਤ ਭਗਵਾਨ ਲਾਲ ਇੰਦਰ ਜੀ (ਸਵਰਗਵਾਸੀ) ਨੇ ਏਥੋਂ ਅਸ਼ੋਕ ਦੇ ਇਕ ਸਿਲਾਲੇਖ ਦਾ ਪਤਾ ਲਾਇਆ ਸੀ। ਹੁਣ ਏਹ ਅਸਥਾਨ ਬੰਬਈ ਦੇ ਇਲਾਕੇ ਵਿਚ ਬਸੀਨ ਤੋਂ, ਜੋ ਸਮੁੰਦਰ ਹੀ ਦੇ ਕੰਢੇ ਹੈ, ਤਿੰਨ ਚਾਰ ਮੀਲ ਉੱਤਰ ਦਿਸ਼ਾ ਵਿਚ ਅਤੇ ਖ਼ਾਸ ਸ਼ਹਿਰ ਬੰਬਈ ਤੋਂ ਤੀਹ ਮੀਲ ਦੀ ਵਿਥ ਤੇ ਹੈ।

ਸੰਨ ੨੫੦ ਈ. ਪੂ. ਵਿਚ ਇਹ ਅਸਥਾਨ ਹਿੰਦੁਸਤਾਨ ਦੇ ਪਰਸਿੱਧ ਤੇ ਰੌਣਕਦਾਰ ਸ਼ਹਿਰਾਂ ਵਿਚੋਂ ਸੀ, ਜਿਸ ਕਾਰਣ ਇਹ ਉਨ੍ਹਾਂ ਕੁਝ ਭਾਗਵਾਨ ਸ਼ਹਿਰਾਂ ਵਿਚ ਚੁਣਿਆ ਗਿਆ ਜਿਥੇ ਰਾਜਾ ਅਸ਼ੋਕ ਨੇ ਆਪਣੀ ਯਾਦਗੀਰੀ ਦੇ ਪੱਥਰ ਲਗਵਾਏ ਸਨ। ਸੋਪਾਰਾ ਵਾਲਾ ਪਥਰ ਏਥੋਂ ਚੁਕ ਕੇ ਪ੍ਰਿੰਸ ਆਫ਼ ਵੇਲਜ਼ ਮੀਊਜ਼ੀਅਮ (ਪੱਛਮੀ ਹਿੰਦ) ਵਿਚ ਰਖਿਆ ਗਿਆ ਹੈ। ਇਸ ਵਿਚ ਦਸ ਸਤਰਾਂ ਹਨ। ਪਹਿਲੀਆਂ ਚਾਰ ਸਤਰਾਂ ਮਿਸ ਗਈਆਂ ਹਨ। ਏਸ ਦੀ ਲਿੱਪੀ ਉਹ ਲਿੱਪੀ ਹੈ, ਜੋ ਦੇਵਨਾਗਰੀ ਤੇ ਹੋਰ ਹਿੰਦੁਸਤਾਨੀ ਲਿੱਪੀਆਂ ਦੀ ਮਾਂ ਹੈ ਅਤੇ ਜਿਸ ਬਾਰੇ ਯੂਰਪੀਨ ਖੋਜੀ ਬੋਸ਼ਲਰ (ਬੀਊਲਰ) ਦੀ ਰਾਏ ਹੈ ਕਿ ਇਹ ਵਪਾਰਕ ਆਵਾ-ਜਾਈ ਦੀ ਰਾਹੀਂ ਮਸੀਹ ਤੋਂ ਸਤ ਅੱਠ ਸੌ ਵਰ੍ਹੇ ਪਹਿਲਾਂ ਇਰਾਕ ਤੋਂ ਹਿੰਦੁਸਤਾਨ ਆਈ ਸੀ। (ਦੇਖੋ ਕਿਤਾਬ ਵਿਚ)

ਡਾਕਟਰ ਭੰਡਾਰਕਰ ਆਖਦੇ ਹਨ ਕਿ ਬੰਬਈ ਵਿਚ ਥਾਨਾ ਦੇ

ਕਿਲ੍ਹੇ ਵਿਚ ਸੋਪਾਰਾ ਪਰਸਿਧ ਬੰਦਰਗਾਹ ਸੀ। ਜਿਸ ਦਾ ਨਾਂ ਮਹਾਂਭਾਰਤ ਵਿਚ ਸੂਰਪਾਤਕਾ ਹੈ ਅਤੇ ਬਤਲੀਮੂਸੀ ਨੇ ਆਪਣੇ ਜੁਗਰਾਫ਼ੀਏ ਵਿਚ ਏਸ ਦਾ ਨਾਂ ਸੋਪਾਰਾ ਲਿਖਿਆ ਹੈ। ਇਹ ਇਕ ਪਵਿਤਰ ਅਸਥਾਨ 'ਔਰ-ਅਪਾਰੰਟਾ' ਦਾ ਰਾਜਨਗਰ ਸੀ।

ਵਰਤਮਾਨ ਸੋਪਾਰਾ ਪਿੰਡ ਏਸੇ ਨਾਂ ਦੇ ਪੁਰਾਣੇ ਪਰਸਿਧ ਸ਼ਹਿਰ ਦੇ ਠਕਾਣੇ ਤੇ ਵਸਿਆ ਹੈ। ਇਹ ਇਕ ਖਾੜੀ ਦੇ ਖੱਬੇ ਕੰਢੇ ਤੇ ਵਾਕਿਆ ਹੈ, ਜੋ ਖਾੜੀ ਬਸੀਨ ਦੇ ਰੇਲਵੇ ਪੁਲ ਤੇ ਵਟਰਨਾ ਨਦੀ ਦੇ ਵਿਚਕਾਰ ਘੁੰਮਦੀ ਵਿਖਾਈ ਦਿੰਦੀ ਹੈ। ਪੁਰਾਤਨ ਸੁਪਾਰਾ ਵਿਚ ਹੁਣ ਵੀ ਪੁਰਾਣੀਆਂ ਇਮਾਰਤਾਂ ਤੇ ਮਕਾਨਾਂ ਦੇ ਚਿੰਨ੍ਹ ਬਾਕੀ ਹਨ। ਏਥੇ ਇਕ ਰਾਮ ਕੁੰਡ ਵੀ ਹੈ ਜੋ ਉਸ ਦੇ ਤੀਰਥ ਹੋਣ ਦੀ ਦਲੀਲ ਹੈ।

ਸੰਨ ੧੮੮੧ ਈ. ਵਿਚ ਜਦੋਂ ਸੋਪਾਰਾ ਦੇ ਯਾਦਗੀਰੀ ਦੇ ਪਥਰ ਦਾ ਪਤਾ ਲਗਿਆ ਤਾਂ ਏਸ ਪਿੰਡ ਵਿਚ ਮੁਸ਼ਕਿਲ ਨਾਲ ਛੇ ਸੌ ਘਰ ਸਨ, ਜਿਨ੍ਹਾਂ ਵਿਚ ਲੱਗ ਭੱਗ ਦੋ ਹਜ਼ਾਰ ਆਦਮੀ ਰਹਿੰਦੇ ਸਨ। ਇਨ੍ਹਾਂ ਵਿਚ ਬ੍ਰਾਹਮਣ,ਹਿੰਦੁਸਤਾਨੀ,ਈਸਾਈ ਅਤੇ ਮੁਸਲਮਾਨ ਵਸਨੀਕ ਹਨ। ਮੁਸਲਮਾਨਾਂ ਵਿਚ ਅਰਬ ਤੇ ਈਰਾਨੀ ਹਨ ਜੋ ਸਤ ਸਦੀਆਂ ਪਹਿਲਾਂ ਵਪਾਰ ਦੇ ਸਿਲਸਿਲੇ ਵਿਚ ਏਥੇ ਆ ਕੇ ਵਸੇ।"

ਏਸ ਸਾਰ ਅੰਸ਼ ਤੋਂ ਮਲੂਮ ਹੋਵੇਗਾ ਕਿ ਗੁਜਰਾਤ ਦੇ ਹੋਰ ਸਮੁੰਦਰ ਦੇ ਕੰਢੇ ਦੇ ਤਜਾਰਤੀ ਸਹਿਰਾਂ ਵਾਙੂ ਏਥੇ ਵੀ ਮੁਸਲਮਾਨ ਵਸਦੇ ਸਨ। ਜੇ ਰਾਜਾ ਅਸ਼ੋਕ ਦੇ ਸਿਲਾਲੇਖ ਅਤੇ ਬਤਲੀਮੂਸੀ ਦੇ ਜੁਗਰਾਫ਼ੀਏ ਤੋਂ ਏਸ ਵਸੋਂ ਦਾ ਮਸੀਹ ਤੋਂ ਢਾਈ ਸੌ ਵਰ੍ਹੇ ਪਹਿਲਾਂ ਖੋਜ ਮਿਲਦਾ ਹੈ ਤਾਂ ਮੁਸਲਮਾਨ ਅਰਬ ਯਾਤਰੂਆਂ ਦੇ ਆਉਣ ਤੋਂ ਉਸ ਦਾ ਮਸੀਹ ਤੋਂ ਇਕ ਹਜ਼ਾਰ ਵਰ੍ਹੇ ਪਿਛੋਂ ਵੀ ਪਤਾ ਮਿਲਦਾ ਹੈ।

੨-ਜਾਟ ਹਕੀਮ ਅਰਬ ਵਿਚ

ਅਸਲ ਕਿਤਾਬ ਵਿਚ ਸਹਾਬਾ ਦੇ ਸਮੇਂ ਅਥਵਾ ਪਹਿਲੀ ਸਦੀ ਈਸਵੀ ਵਿਚ ਜਾਟਾਂ ਦੇ ਅਰਬ ਤੇ ਇਰਾਕ ਵਿਚ ਵਸਣ ਦਾ ਵੇਰਵਾ ਆਇਆ ਹੈ (ਪੰ. ੧੧) ਪਰ ਏਸ ਥਾਂ ਉਨ੍ਹਾਂ ਦੇ ਜੰਗੀ ਗੁਣ ਹੀ ਲਿਖੇ ਗਏ ਹਨ। ਅਸਾਂ ਨੂੰ

ਇਕ ਪਰਮਾਣੀਕ ਵਸੀਲੇ ਤੋਂ ਉਸੇ ਸਮੇਂ ਉਨ੍ਹਾਂ ਦੇ ਇਕ ਵਿਦਿਅਕ ਕਾਰਨਾਮੇ ਦਾ ਵੀ ਖੋਜ ਮਿਲਦਾ ਹੈ। ਇਮਾਮ ਬੁਖ਼ਾਰੀ (ਮਿਰਤੂ ਸੰਨ ੨੫੬ ਹਿ.) ਨੇ ਆਪਣੀ ਪੁਸਤਕ, 'ਕਿਤਾਬੁਲ ਅਦਬੁਲ ਮੁਫ਼ਰਦ' ਵਿਚ ਸਹਾਬਾ ਦੇ ਸਮੇਂ ਦੀ ਇਕ ਘਟਨਾ ਲਿਖੀ ਹੈ ਕਿ ਇਕ ਵਾਰ ਉੱਮਲ ਮੋਮਨੀਨ ਹਜ਼ਰਤ ਆਇਸ਼ਾ ਬੀਮਾਰ ਹੋ ਗਈਆਂ ਤਾਂ ਉਨ੍ਹਾਂ ਦੇ ਭਤੀਜਿਆਂ ਨੇ ਇਕ ਜਾਟ ਹਕੀਮ ਨੂੰ ਉਨ੍ਹਾਂ ਦੇ ਇਲਾਜ ਲਈ ਬੁਲਾਇਆ।*

੩-ਸਿੰਧ ਦੀਆਂ ਸ਼ਾਹਾਨਾ ਜੁੱਤੀਆਂ

ਕਿਤਾਬ ਦੇ ਪੰਨਾ ੧੧ ਉੱਤੇ ਖੰਬਾਇਤ ਦੀਆਂ ਜੁੱਤੀਆਂ ਦਾ ਵੇਰਵਾ ਆਇਆ ਹੈ ਜੋ ਮਨਸੂਰਾ (ਸਿੰਧ) ਤੋਂ ਇਰਾਕ ਦੇ ਅੱਬਾਸੀ ਰਾਜਨਗਰ ਬਗ਼ਦਾਦ ਵਿਚ ਜਾਂਦੀਆਂ ਸਨ। ਹੁਣ ਵਰਤਮਾਨ ਕਾਲ ਵਿਚ ਇਮਾਮ ਅਹਿਮਦ ਬਿਨ ਹੰਬਲ (ਮਿਰਤੂ ਸੰਨ ੨੪੧ਹਿ.)ਦੀ ਇਕ ਸੰਖੇਪ ਪੁਸਤਕ 'ਕਿਤਾਬੁਲਵਰਾ' ਦੇ ਇਕ ਸਤ ਸੌ ਵਰ੍ਹੇ ਦੇ (ਪੁਰਾਣੇ) ਹਥ-ਲਿਖਤ ਖਰੜੇ ਤੋਂ, ਜੋ ਅਲਜਜ਼ਾਇਰ (ਅਲਸਜ਼ੀਰੀਆ) ਵਿਚ ਮਿਲਿਆ ਹੈ ਅਤੇ ਸੰਨ ੧੩੪੦ ਹਿ. ਵਿਚ ਮਿਸਰ ਵਿਚ ਛਪਿਆ ਹੈ, ਇਹ ਸਿਧ ਹੁੰਦਾ ਹੈ ਕਿ ਸਿੰਧ ਦੀਆਂ ਜੁੱਤੀਆਂ ਇੰਨੀਆਂ ਸੋਹਣੀਆਂ ਤੇ ਭੜਕਦਾਰ ਹੁੰਦੀਆਂ ਸਨ ਕਿ ਸੱਜਨ ਤੇ ਗੰਭੀਰ ਲੋਕ ਵੀ ਇਨ੍ਹਾਂ ਨੂੰ ਪਹਿਨਣਾ ਪਸੰਦ ਨਹੀਂ ਕਰਦੇ ਸਨ। ਉਹ ਕੇਵਲ ਸ਼ਹਿਜ਼ਾਦਿਆਂ ਦੇ ਪਹਿਨਣ ਦੇ ਯੋਗ ਸਮਝੀਆਂ ਜਾਂਦੀਆਂ ਸਨ।†

*ਅਲ ਅਦਬੁਲ ਮੁਫ਼ਰਦ ਇਮਾਮ ਬੁਖ਼ਾਰੀ ਬਾਬ ਬੈਉਲਖਾਦਿਮ ਪੰ. ੩੫ (ਮਿਸਰ)

†ਕਿਤਾਬੁਲ ਵਰਾ ਇਬਨ ਹੰਬਲ ਬਾਬ 'ਲਬਸਿੱਨਆਲਿੱਸੰਦੀਆ', ਸਿੰਧੀ ਜੁਤੀਆਂ ਦਾ ਪਹਿਰਾਵਾ ਪੰਨਾ ੧੦੧ ਸਆਦਤ ਪ੍ਰੈਸ ਮਿਸਰ ਦੀ ਛਪੀ ਹੋਈ।

ਅੰਤਕਾ

ਇਸ ਪੁਸਤਕ ਵਿਚ ਅਜੇਹੇ ਨਾਵਾਂ, ਥਾਵਾਂ ਤੇ ਘਟਨਾਵਾਂ ਦਾ ਜ਼ਿਕਰ ਆਇਆ ਹੈ ਜਿਨ੍ਹਾਂ ਦਾ ਸਬੰਧ ਵਿਸ਼ੇਸ਼ ਕਰਕੇ ਇਸਲਾਮੀ ਇਤਿਹਾਸ ਨਾਲ ਹੈ। ਇਨ੍ਹਾਂ ਬਾਰੇ ਲੋੜੀਂਦੀ ਵਾਕਫ਼ੀ ਕ੍ਰਮ ਅਨੁਸਾਰ ਦਰਜ ਕੀਤੀ ਜਾਂਦੀ ਹੈ।

ੳ

ਉਸਤੁਰਲਾਬ

ਇਕ ਆਲਾ ਜੋ ਪਿਛਲਿਆਂ ਸਮਿਆਂ ਵਿਚ ਗ੍ਰਹਿਆਂ ਤੇ ਨਛੱਤਰਾਂ ਦੀ ਉਚਾਈ ਵੇਖਣ ਦੇ ਕੰਮ ਆਉਂਦਾ ਹੁੰਦਾ ਸੀ।

ਉਸਮਾਨ (੬੪੪–੬੫੬ ਈ.)

ਮੁਸਲਮਾਨਾਂ ਦੇ ਤੀਜੇ ਖ਼ਲੀਫ਼ਾ, ਜੋ ਹਜ਼ਰਤ ਉਮਰ ਦੇ ਪਿੱਛੋਂ ਖ਼ਲੀਫ਼ਾ ਬਣੇ। ਇਨ੍ਹਾਂ ਦਾ ਕੁਨੀਅਤ, 'ਅਬੂ ਉਮਰ', 'ਅਬੂ ਅਬਦੁੱਲਾ', 'ਅਬੂ ਲੈਲਾ', ਲਕਬ 'ਜ਼ੁਨੂਰੈਨ ਬਿਨ ਅੱਫ਼ਾਨ' ਸੀ। ਆਪ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਸਨ। ਹਜ਼ਰਤ ਰੁਕੀਆ ਅਤੇ ਉੱਮਕਲਸੂਮ ਦੀ ਸ਼ਾਦੀ ਇਨ੍ਹਾਂ ਨਾਲ ਹੋਈ ਸੀ। ਇਨ੍ਹਾਂ ਦੇ ਸਮੇਂ ਵਿਚ ਮਿਸਰ ਤੇ ਈਰਾਨ ਦੀਆਂ ਜਿੱਤਾਂ ਸੰਪੂਰਨ ਹੋਈਆਂ। ਇਸਲਾਮ ਦੇ ਲਸ਼ਕਰ ਉਧਰ ਅਫ਼ਰੀਕਾ ਦੇ ਪੱਛਮੀ ਕੰਢਿਆਂ ਤਕ ਤੇ ਇਧਰ ਹਿੰਦੁਸਤਾਨ ਤਕ ਪੁੱਜ ਗਏ ਸਨ। ਕੁਰਾਨ ਸ਼ਰੀਫ਼ ਨੂੰ ਆਪ ਨੇ ਮੌਜੂਦਾ ਤਰਤੀਬ ਵਿਚ ਸੰਚਿਤ ਕੀਤਾ ਹੈ। ਦੁਸ਼ਮਣਾਂ

ਨੇ ਆਪ ਨੂੰ ੬੫੬ ਈ. ਵਿਚ ਕਤਲ ਕਰ ਦਿਤਾ। ਆਪ ਨੂੰ ਉਸਮਾਨ ਗ਼ਨੀ ਆਖਦੇ ਹਨ।

ਉਸਾਵਰਾ (ਅਲਉਸਾਵਰਾ)

ਬਲਾਜ਼ੁਰੀ ਲਿਖਦਾ ਹੈ ਕਿ ਸਿਆਹੁਲ-ਅਸਾਵਰੀ ਯਜ਼ਦ ਜਰਦ ਦੀ ਫ਼ੌਜ਼ ਦੀ ਅਗਲੀ ਸਫ਼ ਤੇ ਸੀ। ਫੇਰ ਇਸ ਨੇ ਇਸ ਨੂੰ ਅਲਅਹਿਵਾਜ਼ ਭੇਜਿਆ। ਉਥੇ ਇਹ ਅਰਬਾਂ ਨਾਲ ਮਿਲ ਗਿਆ। ਇਹ ਲੋਕ ਪਿਛੋਂ ਜੱਟਾਂ ਤੇ ਸਿੰਧੀ ਅਸਿਆਬਜਾ (ਬਸਰੇ ਦੀ ਸਿੰਧੀ ਜਨਤਾ) ਨਾਲ ਮਿਲ ਗਏ ਅਤੇ ਬਨੀ ਤਮੀਮ ਨਾਲ ਲੜਾਈ ਸ਼ੁਰੂ ਕੀਤੀ। ਵੇਖੋ ਬਲਾਜ਼ੁਰੀ ਪੰ. ੩੭੩.

ਉਕਲੀਦਸ (Euclid)

ਯੂਕਲਿਡ ਜੁਮੈਟਰੀ ਦੀ ਇਕ ਕਿਤਾਬ ਹੈ ਜੋ ਆਪਣੇ ਲੇਖਕ ਦੇ ਨਾਂ ਤੇ ਪਰਚਲਤ ਹੋਈ ਹੈ। ਯੂਕਲਿਡ ਯੂਨਾਨ ਦਾ ਪਰਸਿੱਧ ਜਾਮਤੀ-ਵੇਤਾ ੩੦੦ ਈ. ਪੂ. ਵਿਚ ਹੋਇਆ ਹੈ।

ਉੱਚਾ

ਰਿਆਸਤ ਬਹਾਵਲਪੁਰ ਦੀ ਤਸੀਲ ਅਹਿਮਦਪੁਰ ਵਿਚ ਸਤਲੁਜ ਦੇ ਦੱਖਣੀ ਕੰਢੇ ਇਕ ਨਗਰ ਹੈ। ਇਹ ਬਹਾਵਲਪੁਰੋਂ ੩੮ ਮੀਲ ਦੱਖਣ ਪੂਰਬ ਵਿਚ ਹੈ। ਇਸ ਦਾ ਪਹਿਲਾ ਨਾਂ ਦੇਵਗੜ੍ਹ ਸੀ। ਈਸਵੀ ਬਾਰ੍ਹਵੀਂ ਸਦੀ ਦੇ ਅੰਤ ਰਾਜਾ ਦੇਵਸਿੰਘ, ਸੱਯਦ ਜਲਾਲੁਦੀਨ ਬੁਖ਼ਾਰੀ ਤੋਂ ਹਾਰ ਖਾ ਕੇ ਮਾਰਵਾੜ ਨੂੰ ਭੱਜ ਗਿਆ ਸੀ। ਸੱਯਦ ਨੇ ਦੇਵਗੜ੍ਹ ਨੂੰ ਲੁੱਟ ਕੇ ਰਾਜੇ ਦੀ ਪੁੱਤਰੀ 'ਸੁੰਦਰ ਪਰੀ' ਨਾਲ ਸ਼ਾਦੀ ਕੀਤੀ ਅਤੇ ਨਗਰ ਦਾ ਨਾਂ ਉੱਚਾ ਰਖਿਆ। ਮੁਸਲਮਾਨ ਇਸ ਨੂੰ ਉੱਚਾ ਸ਼ਰੀਫ਼ ਆਖਦੇ ਹਨ। ਇਹ ਅਨੇਕ ਪੀਰਾਂ ਦੀ ਰਿਹਾਇਸ਼ ਦਾ ਪਰਸਿੱਧ ਅਸਥਾਨ ਹੈ।

ਉਬਲਾ

ਖਲੀਜ ਫ਼ਾਰਸ ਦੀ ਬੰਦਰਗਾਹ ਹੈ ਜਿਸ ਦਾ ਯੂਨਾਨੀ ਨਾਂ ਅਪੋਲੋਗਸ (Apologos) ਹੈ।

ਉਮੱਯਾ (੬੬੧-੭੪੯ ਈ.)

ਅਰਬਾਂ ਦੇ ਕਬੀਲੇ ਕੁਰੈਸ਼ ਦਾ ਇਕ ਵੰਸ ਹੈ ਜਿਸ ਦੇ ਹੇਠ ਲਿਖੇ ੧੪ ਖ਼ਲੀਫ਼ੇ ਹੋਏ ਹਨ :-

੧— ਮੁਆਵੀਆ	... ...	੬੬੧—੬੮੦ ਈ.
੨— ਯਜ਼ੀਦ	... ...	੬੮੦—੬੮੩ ,,
੩— ਮੁਆਵੀਆ ਦੂਜਾ	... ...	੬੮੩—੬੮੩ ,,
੪— ਮਰਵਾਨ ਪਹਿਲਾ	... ...	੬੮੩—੬੮੫ ,,
੫— ਅਬਦੁਲ ਮਲਿਕ	... ...	੬੮੫—੭੦੫ ,,
੬— ਵਲੀਦ ਪਹਿਲਾ	... ...	੭੦੫—੭੧੫ ,,
੭— ਸੁਲੇਮਾਨ	... ...	੭੧੫—੭੧੮ ,,
੮— ਉਮਰ ਦੂਜਾ	... ...	੭੧੮—੭੨੦ ,,
੯— ਯਜ਼ੀਦ ਦੂਜਾ	... ...	੭੨੦—੭੨੪ ,,
੧੦— ਹਿਸ਼ਾਮ	... ...	੭੨੪—੭੪੩ ,,
੧੧— ਵਲੀਦ ਦੂਜਾ	... ...	੭੪੩—੭੪੪ ,,
੧੨— ਯਜ਼ੀਦ ਤੀਜਾ	... ...	੭੪੪—੭੪੪ ,,
੧੩— ਇਬਰਾਹੀਮ	... ...	੭੪੪—੭੪੪ ,,
੧੪— ਮਰਵਾਨ ਦੂਜਾ	... ...	੭੪੪—੭੪੯ ,,

ਉੱਮਯਾ ਦਾ ਇਕ ਹੋਰ ਵੰਸ ਸਪੇਨ ਵਿਚ ੭੫੦—੧੦੩੧ ਈ. ਤਕ ਰਾਜ ਕਰਦਾ ਰਿਹਾ।

ਉਮਰ ਬਿਨ ਅਬਦੁਲ ਅਜ਼ੀਜ਼ (੭੧੮-੭੨੦ ਈ.)—

ਖ਼ਾਨਦਾਨ ਉੱਮਯਾ ਦਾ ਅਠਵਾਂ ਖਲੀਫ਼ਾ, ਜੋ ਰਬ-ਭਗਤ ਤੇ ਵਿਦਿਆ ਪ੍ਰੇਮੀ ਸੀ, ਇਸ ਨੇ ਮਸੀਤਾਂ, ਮਦਰਸੇ, ਯਤੀਮ-ਖ਼ਾਨੇ ਤੇ ਸਰਾਵਾਂ ਬਣਵਾਈਆਂ। ਇਹ ਇਕ ਗ਼ੁਲਾਮ ਦੇ ਹਥੋਂ ਕਤਲ ਹੋਇਆ।

ਉੱਮੁਲ ਮੋਮਨੀਨ (ਹਜ਼ਰਤ ਆਇਸ਼ਾ) (੬੧੨-੬੭੭ ਈ.)

ਆਪ ਹਜ਼ਰਤ ਅਬੂਬਕਰ ਦੀ ਬੇਟੀ, ਤੇ ਹਜ਼ਰਤ ਰਸੂਲ ਦੀ ਸੁਪਤਨੀ

ਸਨ। ਆਪ ੬੫੬ ਈ. ਵਿਚ ਹਜ਼ਰਤ ਅਲੀ ਦੇ ਵਿਰੁੱਧ 'ਜੰਗੇ ਜਮਲ' ਵਿਚ ਸ਼ਰੀਕ ਹੋਏ ਸਨ।

ਉੱਮਾਨ

੧– ਅਰਬ ਦਾ ਦਖਣੀ ਹਿੱਸਾ।

੨– ਫ਼ਾਰਸ ਖਾੜੀ।

੩– ਮਸਕਤ ਤੋਂ ਅਦਨ ਤਕ ਦਾ ਸਮੁੰਦਰ।

੪– ਯਮਨ ਦਾ ਇਕ ਸ਼ਹਿਰ।

ਉਲਗ਼ਬੇਗ (ਮਿਰਜ਼ਾ ਮੁਹੰਮਦ ਬਿਨ ਸ਼ਾਹਰੁਖ ਬਿਨ ਤੈਮੂਰ) (੧੪੪੭-੪੯ ਈ.)

ਇਹ ਆਪਣੇ ਪਿਤਾ ਦੇ ਦਿਹਾਂਤ ਪਿਛੋਂ ੧੪੪੭ ਵਿਚ ਖ਼੍ਵਾਰਜ਼ਮ ਦਾ ਬਾਦਸ਼ਾਹ ਹੋਇਆ। ਬੜਾ ਵਿਦਿਆ-ਪ੍ਰੇਮੀ ਸੀ। ਇਸ ਨੇ ਨਛੱਤਰਾਂ ਤੇ ਗ੍ਰਹਿਆਂ ਦੀ ਇਕ ਸੂਚੀ ਫਲਿਤ ਜੋਤਸ਼ੀਆਂ ਨੂੰ ਇਕੱਠੇ ਕਰ ਕੇ ਬਣਵਾਈ ਸੀ। ਦੋ ਸਾਲ ਰਾਜ ਕਰਨ ਪਿੱਛੋਂ ਆਪਣੇ ਪੁੱਤਰ ਅਬਦੁੱਲ-ਲਤੀਫ਼ ਦੇ ਹੱਥੋਂ ਕਤਲ ਹੋਇਆ।

ਅ

ਅਸਤ਼ਖ਼ਰੀ

ਅਬੂ ਇਸਹਾਕ ਇਬਰਾਹੀਮ ਬਿਨ ਮੁਹੰਮਦਿਲ ਫ਼ਾਰਸੀ, ਅਰਬ ਜੁਗਰਾਫ਼ੀਆਦਾਨ ਹੈ, ਜੋ 'ਮਸਾਲਿਕੁਲ ਮੁਮਾਲਿਕ' ਦਾ ਕਰਤਾ ਹੈ।

ਅਸਦ (ਬਨੂ ਅਸਦ)

ਅਰਬਾਂ ਦਾ ਇਕ ਕਬੀਲਾ ਜਿਸ ਵਿਚੋਂ ਇਮਰਾਉਲ ਕੈਸ ਪਰਸਿੱਧ ਅਰਬੀ ਸ਼ਾਇਰ ਹੋਇਆ ਹੈ।

ਅਸਦੀ ਤੂਸੀ

੧–ਅਬੂ ਨਸਰ ਅਹਿਮਦ ਬਿਨ ਮਨਸੂਰ ਤੂਸੀ, ਫ਼ਿਰਦੌਸੀ ਦਾ ਉਸਤਾਦ ਹੈ ਜਿਸ ਨੇ 'ਦਿਨ ਰਾਤ' ਦਾ ਮੁਨਾਜ਼ਰਾ ਲਿਖਿਆ ਹੈ।

੨–ਅਲੀ ਬਿਨ ਅਸਦੀ ਇਕ ਕੋਸ਼ਕਾਰ ਹੈ ਜੋ 'ਗੁਰਸ਼ਾਸਮ ਨਾਮੇ' ਦਾ ਕਰਤਾ ਹੈ ।

ਅਹਿਵਾਜ (ਈਰਾਨ)

ਇਕ ਸ਼ਹਿਰ ਦਾ ਨਾਂ ਹੈ ਜੋ ਬਾਰ੍ਹਵੀਂ ਤੇ ਤੇਰ੍ਹਵੀਂ ਸਦੀ ਵਿਚ ਬਹੁਤ ਪਰਸਿੱਧ ਸੀ । ਹੁਣ ਇਸ ਦੇ ਥੇਹ ਰਹਿ ਗਏ ਹਨ ।

੨. ਖ਼ਾਨਦਾਨ ਅੱਬਾਸੀਆ ਦੇ ਸਮੇਂ ਇਕ ਸੂਬੇ ਦਾ ਨਾਂ ਸੀ ।

ਅਜ਼ੁੱਦੌਲਾ ਦੈਲਮੀ (੯੩੬-੯੮੩ ਈ.)

ਫ਼ੀਯੱਨਾ ਖ਼ੁਸਰੋ ਅਬੂ ਸ਼ਜਾਅ ਬਿਨ ਰੁਕਨੁੱਦੌਲਾ, ਆਲ ਬੋਈਆ ਦਾ ਇਕ ਸੁਲਤਾਨ ਸੀ । ਇਹ ਫ਼ਾਰਸ ਤੇ ਇਰਾਕ ਵਿਚ ਆਪਣੇ ਬਾਪ ਦਾ ਉੱਤਰ-ਅਧਿਕਾਰੀ ਹੋਇਆ । ਇਹ ਖਲੀਫ਼ਾ ਅੱਤਾਇ-ਬਿੱਲਾ ਦਾ ਵਜ਼ੀਰ ਸੀ । ਇਸ ਨੇ ਹਜ਼ਰਤ ਅਲੀ ਦਾ ਰੌਜ਼ਾ ਨਜ਼ਫ਼ ਸ਼ਰੀਫ਼ ਵਿਚ ਬਣਵਾਇਆ ਹੈ ।

ਅਜ਼ਮ

ਅਖਰੀ ਅਰਥ ਗੂੰਗਾ । ਅਰਬ ਲੋਕ ਆਪਣੇ ਛੁਟ ਸਭ ਕੌਮਾਂ ਨੂੰ ਗੂੰਗਾ ਸਮਝਦੇ ਸਨ । ਗੈਰ-ਅਰਬ ਲਈ ਏਸ ਸ਼ਬਦ ਦੀ ਤਰਤੋਂ ਕੀਤੀ ਜਾਂਦੀ ਸੀ, ਪਰ ਆਮ ਕਰਕੇ ਫ਼ਾਰਸ ਨੂੰ ਅਜਮ ਆਖਿਆ ਜਾਂਦਾ ਹੈ ।

ਅੰਤਾਕੀਆ

ਸ਼ਾਮ ਦੇਸ ਵਿਚ ਇਕ ਪੁਰਾਣਾ ਸ਼ਹਿਰ ਹੈ । ਇਹ ਸ਼ਹਿਰ ਸਲੋਕਸ ਵੰਸ ਦੇ ਸਮੇਂ ਰਾਜ-ਨਗਰ ਸੀ । ਹੁਣ ਇਹ ਸ਼ਹਿਰ ਤਬਾਹ ਹੋ ਚੁਕਿਆ ਹੈ । ਇਸ ਵਿਚ ਈਸਾਈਆਂ ਦੀਆਂ ਤਿੰਨ ਬੜੀਆਂ ਮਜਲਸਾਂ ਹੋਈਆਂ ਸਨ । ਸਲੋਕਸ ਦੇ ਪੁਤਰ ਐਨਟੀਔਕਸ ਪਹਿਲੇ (Antiochusi) ਨੇ ਇਹ ਸ਼ਹਿਰ ਵਸਾਇਆ ਸੀ ।

ਅੰਦਲੂਸ

ਹਸਪਾਨੀਆ, ਜਾਂ ਸਪੇਨ ਦਾ ਉਹ ਹਿੱਸਾ ਜੋ ਮੁਸਲਮਾਨਾਂ ਦੇ ਕਬਜ਼ੇ ਵਿਚ ੭੧੨–੧੪੯੨ ਈ. ਤਕ ਰਿਹਾ ।

ਅਬਦੁਲ ਮਲਿਕ ਬਿਨ ਮਰਵਾਨ (੬੮੫-੭੦੫ ਈ.)

ਉਮੱਯਾ ਵੰਸ ਦਾ ਪੰਜਾਵਾਂ ਖ਼ਲੀਫ਼ਾ ਹੈ ਜੋ ਆਪਣੇ ਬਾਪ ਦੇ ਮਰਨ ਪਿਛੋਂ ੬੮੫ ਈ. ਵਿਚ ਗੱਦੀ ਤੇ ਬੈਠਾ। ਇਹ ਏਸ ਵੰਸ਼ ਦਾ ਸਭ ਤੋਂ ਚੰਗਾ ਖ਼ਲੀਫ਼ਾ ਸੀ। ਏਸ ਦਾ ਰਾਜ ਸਪੇਨ ਤੋਂ ਹਿੰਦੁਸਤਾਨ ਤਕ ਫੈਲਿਆ ਹੋਇਆ ਸੀ। ਇਸ ਨੇ ਦਫ਼ਤਰਾਂ ਵਿਚ ਅਰਬੀ ਭਾਸ਼ਾ ਚਾਲੂ ਕੀਤੀ। ਇਸ ਤੋਂ ਪਹਿਲਾਂ ਈਰਾਨੀ ਜਾਂ ਰੂਮੀ ਸਿੱਕਾ ਚਲਦਾ ਸੀ। ਇਸ ਨੇ ਆਪਣੇ ਨਾਂ ਦਾ ਸਿੱਕਾ ਚਾਲੂ ਕੀਤਾ ਤੇ ਅਬਦੁੱਲਾ ਬਿਨ ਜ਼ੁਬੈਰ ਨੂੰ ਕਤਲ ਕੀਤਾ ਇਸ ਖ਼ਲੀਫ਼ਾ ਦੇ ਸਮੇਂ ਰੂਮੀਆਂ ਨਾਲ ਲੜਾਈ ਹੁੰਦੀ ਰਹੀ।

ਅਬਦੁੱਲਾ ਬਿਨ ਮਸਊਦ

ਇਕ ਸਹਾਬੀ ਦਾ ਨਾਂ ਹੈ।

ਅਬਦੁੱਲਾ ਬਿਨ ਮੁਕੱਫ਼ਾ (੭੬੦ ਈ.)

ਮਜੂਸੀ ਉਲਥਾਕਾਰ ਹੈ ਜੋ ਮਾਨੀ ਨਾਂ ਦੀ ਸੰਪਰਦਾ ਦਾ ਅਨੁਸਾਰੀ ਸੀ। ਇਸ ਨੇ ਕਲੀਲਾ ਦਿਮਨਾ ਦਾ ਪਹਿਲਵੀ ਤੋਂ ਅਰਬੀ ਵਿਚ ਤਰਜਮਾ ਕੀਤਾ।

ਅਬਾਨ (੮੧੬ ਈ.)

ਇਕ ਅਰਬੀ ਸ਼ਾਇਰ ਹੋਇਆ ਹੈ। ਇਸ ਨੇ ਕਲੀਲਾ ਦਿਮਨਾ ਨਜ਼ਮ ਕੀਤਾ ਸੀ ਅਤੇ ਹੋਰ ਵੀ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜੋ ਜ਼ਾਇਆ ਹੋ ਚੁਕੀਆਂ ਹਨ। ਖ਼ਲੀਫ਼ਾ ਹਾਰੂੰ ਰਸ਼ੀਦ ਨੇ ਇਸ ਨੂੰ ਇਕ ਕਸੀਦੇ ਦਾ ੨੦ ਹਜ਼ਾਰ ਦਿਰਹਮ ਇਨਾਮ ਦਿਤਾ।

ਅਬੁਲਫ਼ਿਦਾ (੧੨੭੩-੧੩੩੧ ਈ.)

ਸੁਲਤਾਨ ਅਲਿਕੁਲ ਮੁਯੱਦ ਇਸਮਾਈਲ ਬਿਨ ਅਲੀ ੧੩੧੦ ਈ. ਵਿਚ ਹਮਾਤ ਦਾ ਗਵਰਨਰ ਹੋਇਆ। ਇਹ ਅਰਬ ਇਤਿਹਾਸਕਾਰ ਤੇ ਭੂਗੋਲ ਲੇਖਕ ਹੈ। ਇਸ ਦੀਆਂ ਦੋ ਪੁਸਤਕਾਂ 'ਮੁਖ਼ਤਸਰ ਤਾਰੀਖ਼ੁਲ ਬਸ਼ਰ' ਅਤੇ 'ਤਕਵੀਮੁਲ ਬੁਲਦਾਨ' ਪਰਸਿੱਧ ਹਨ।

ਅਬੂ ਅਤਾ ਸਿੰਧੀ

ਅਫ਼ਲਹ ਬਿਨ ਯਸਾਰ ਸਿੰਧੀ ਇਕ ਅਰਬੀ ਸ਼ਾਇਰ ਹੋਇਆ ਹੈ ਜੋ ਬਨੀ ਉਮੱਯਾ ਦਾ ਹਾਮੀ ਸੀ। ਏਸ ਦੇ ਉਚਾਰਣ ਵਿਚ ਨੁਕਸ ਸੀ।

ਅਬੂ ਹਨੀਫ਼ਾ

ਸੁੱਨੀਆਂ ਦਾ ਇਕ ਪਰਸਿਧ ਇਮਾਮ ਸੀ।

ਅਬੂ ਹਾਤਮ

ਮੁਹੰਮਦ ਬਿਨ ਹਬਾਨ ਅਲ ਬੁਸਤੀ ਸੁੰਨੀ ਹਦੀਸਦਾਨ ਤੇ ਆਲਿਮ ਹੋਇਆ ਹੈ। ਇਸ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਪਰ ਉਹ ਜ਼ਾਇਆ ਹੋ ਗਈਆਂ।

ਅਬੂ ਜਿਹਲ(੬੨੪ ਈ.)

ਅਬੁਲ ਹਿਕਮ ਉਮਰ ਬਿਨ ਹਿਸ਼ਾਮ ਬਿਨਲ ਮੁਗ਼ੀਰਾ, ਕੁਰੈਸ਼ ਦਾ ਇਕ ਅਮੀਰ ਹੋਇਆ ਹੈ ਜੋ ਹਜ਼ਰਤ ਮੁਹੰਮਦ ਸਾਹਿਬ ਦਾ ਜਾਨੀ ਦੁਸ਼ਮਣ ਸੀ।ਆਪ ਦੀਆਂ ਸਾਰੀਆਂ ਤਕਲੀਫ਼ਾਂ ਦਾ ਕਾਰਣ ਏਹੋ ਬੰਦਾ ਸੀ। ਇਹੋ 'ਜੰਗੇ ਬਦਰ' ਵਿਚ ਕਤਲ ਹੋਇਆ।

ਅਬੂ ਬਕਰ ਸਿੱਦੀਕ (੫੭੩-੬੩੪ ਈ.)

ਆਪ ੬੩੨ ਈ. ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਚਲਾਣਾ ਕਰ ਜਾਣ ਪਿਛੋਂ ਖ਼ਲੀਫ਼ਾ ਬਣੇ। ਆਪ ਦੀ ਬੇਟੀ ਹਜ਼ਰਤ ਆਇਸ਼ਾ ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਵਿਆਹੀ ਹੋਈ ਸੀ। ਆਪ ਦੇ ਸਮੇਂ ਇਰਾਕ, ਸ਼ਾਮ ਅਤੇ ਬਸਰਾ ਫ਼ਤਿਹ ਹੋਏ।

ਅਮੀਨੁਲ ਮਿੱਲਤ ਯਮੀਨੁੱਦੌਲਾ

ਅਖਰੀ ਅਰਥ:-(ਧਰਮ ਦੀ ਅਮਾਨਤ ਦਾ ਰਖਣ ਵਾਲਾ ਤੇ ਰਾਜ ਦੀ ਸੱਜੀ ਬਾਂਹ) ਇਹ ਉਹ ਖ਼ਿਤਾਬ ਹੈ ਜੋ ਮਹਿਮੂਦ ਗ਼ਜ਼ਨਵੀ ਨੂੰ ਬਗ਼ਦਾਦ ਦੀ ਖ਼ਲਾਫ਼ਤ ਵਲੋਂ ਹਿੰਦੁਸਤਾਨ ਉਤੇ ਹਮਲੇ ਕਰਨ ਅਤੇ ਬੁਤ ਤੋੜਨ ਦੇ ਬਦਲੇ ਦਿਤਾ ਗਿਆ ਸੀ।

ਅਮੀਰ ਖ਼ੁਸਰੋ (੧੨੫੩-੧੩੨੫ ਈ

ਅਮੀਰ ਬਿਨ ਅਮੀਰ ਮੁਹੰਮਦ ਯੂਸੁਫ ਦੀਨ ਮਹਿਮੂਦ ਸ਼ਮਸੀ, ਲਾਚੀਨ ਕਬੀਲੇ ਦੇ ਤੁਰਕ ਸਨ ਜੋ ਬਲਖ ਤੋਂ ਆ ਕੇ ਪਟਿਆਲਾ ਵਿਚ ਆਬਾਦ ਹੋਏ ਸਨ। ਅਮੀਰ ਖੁਸਰੋ ਇਥੇ ਹੀ ਪੈਦਾ ਹੋਏ ਸਨ। ਅਮੀਰ ਖੁਸਰੋ ਹਿੰਦੁਸਤਾਨ ਦੇ ਬਹੁਤ ਵੱਡੇ ਸ਼ਾਇਰ ਸਨ। ਇਨਾਂ ਦੀਆਂ ੧੯ ਫ਼ਾਰਸੀ ਦੀਆਂ ਪੁਸਤਕਾਂ ਹਨ। ਇਨ੍ਹਾਂ ਦੇ ਹਿੰਦੀ ਦੇ ਸ਼ਿਅਰ ਤੇ ਪਹੇਲੀਆਂ ਵੀ ਮਸ਼ਹੂਰ ਹਨ। ਮਸ਼ਹੂਰ ਰਚਨਾਵਾਂ:—ਹਸ਼ਤ ਬਹਿਸ਼ਤ, ਸਿਕੰਦਰ ਨਾਮਾ, ਪੰਜ ਗੰਜ, ਲੈਲਾ ਮਜਨੂੰ, ਸ਼ੀਰੀ ਫ਼ਰਿਆਦ, ਏਜਾਜ਼ੇ ਖੁਸਰਵੀ, ਆਈਨੇ ਸਿਕੰਦਰੀ, ਗੁੱਰਾਤੁਲ ਕਮਾਲ, ਤੁਹਫ਼ਾਤੁਲ ਸਗ਼ੀਰ, ਕਿਰਾਨੁੱਸਾਅ ਦੈਨ ਆਦਿ ਹਨ।

ਅਮੀਰ ਮੁਆਵੀਆ (੬੬੧-੬੮੦ ਈ.)

ਬਨੀ ਉਮੱਯਾ ਦਾ ਪਹਿਲਾ ਖ਼ਲੀਫ਼ਾ ਹੋਇਆ ਹੈ ਜੋ ਇਮਾਮ ਹਸਨ ਨਾਲ ਸਮਝੌਤਾ ਕਰ ਕੇ ਤਖ਼ਤ ਤੇ ਬੈਠਾ। ਇਹ ਅਬੂ ਸਫ਼ੀਆਨ ਤੇ ਹਿੰਦ ਦਾ ਪੁੱਤਰ ਸੀ। ਇਹ ਹਜ਼ਰਤ ਅਬੂ ਬਕਰ ਦੇ ਸਮੇਂ ਆਪਣੇ ਭਾਈ ਬਜ਼ੀਦ ਨਾਲ ਜੰਗ ਨੂੰ ਗਏ ਅਤੇ ਕੈਸਰੀਆ ਆਦਿ ਫ਼ਤਿਹ ਕੀਤਾ। ਬਜ਼ੀਦ ਦੀ ਮੌਤ ਤੇ ਦਿਮਿਸ਼ਕ ਦੇ ਗਵਰਨਰ ਮੁਕੱਰਰ ਹੋਏ ਅਤੇ ਬੀਹ ਸਾਲ ਗਵਰਨਰ ਰਹੇ। ਇਨ੍ਹਾਂ ਨੇ ਹਜ਼ਰਤ ਅਲੀ ਦੇ ਸਮੇਂ ਬਗ਼ਾਵਤ ਕੀਤੀ ਅਤੇ ਜੰਗ ਸਿੱਫ਼ੀਨ ਦੇ ਪਿਛੋਂ ਖ਼ਲਾਫ਼ਤ ਦਾ ਐਲਾਨ ਕੀਤਾ।

ਅਯੂਬ (ਹਜ਼ਰਤ)

ਇਹ ਇਕ ਪੈਗ਼ੰਬਰ ਸਨ, ਜਿਨ੍ਹਾਂ ਨੇ ਮੁਸੀਬਤਾਂ ਵਿਚ ਬੜਾ ਸਬਰ ਕੀਤਾ। ਇਹ ਬਨੀ ਇਸਰਾਈਲ ਵਿਚੋਂ ਸਨ ਪਰ ਉਹ ਇਨ੍ਹਾਂ ਨੂੰ ਪੈਗ਼ੰਬਰ ਨਹੀਂ ਮੰਨਦੇ।

ਅਰਗ਼ੂਨ (੧੫੨੧-੧੫੯੪ ਈ.)

ਇਕ ਵੰਸ ਜੋ ਸਿੰਧ ਵਿਚ ਰਾਜ ਕਰਦਾ ਸੀ। ਅਕਬਰ ਨੇ ਸਿੰਧ ਜਿੱਤ ਕੇ

ਇਸ ਦਾ ਖ਼ਾਤਮਾ ਕਰ ਦਿਤਾ।

ਅਲ-ਹਾਕਿਮ ਬ-ਅਮਰਿੱਲਾ (੯੯੬-੧੦੨੧ ਈ.)

ਮਿਸਰ ਦੀ ਫ਼ਾਤਮੀ ਖ਼ਲਾਫ਼ਤ ਦਾ ਛੇਵਾਂ ਖ਼ਲੀਫ਼ਾ ਸੀ ਜਿਸ ਨੇ ਸ਼ਾਮ ਵਿਚ ਦੁਰੂਜ਼ੀ ਮਤ ਚਲਾਇਆ।

ਅਲਕਾਮਿਲ

ਅਲਕਾਮਿਲ ਤਵਾਰੀਖ਼, ਇਬਨ ਅਸੀਰ ਦੀ ਬਾਰਾਂ ਜਿਲਦਾਂ ਵਿਚ ਅਰਬ ਦੀ ਤਾਰੀਖ਼ ਹੈ। ਇਬਨ ਅਸੀਰ ਦਾ ਸਮਾਂ (੧੧੬੦-੧੨੩੪ ਈ.) ਹੈ।

ਅਲਜਜ਼ਾਇਰ (ਅਲਜੇਰੀਆ)

ਉੱਤਰੀ ਅਫ਼ਰੀਕਾ ਦਾ ਇਕ ਦੇਸ ਜੋ ਫ਼ਰਾਂਸ ਦੇ ਅਧੀਨ ਹੈ।

ਅਲਜਜ਼ੀਰਾ

ਅਰਬ ਉੱਤਰੀ ਮੈਸੋਪਟੋਮੀਆ ਨੂੰ ਅਲਜਜ਼ੀਰਾ ਆਖਦੇ ਸਨ ਕਿਉਂ ਇਹ ਮੁਲਕ ਦਿਜਲਾ ਤੇ ਫਰਾਤ ਦੇ ਉਪਰਲੇ ਹਿਸਿਆਂ ਨਾਲ ਘਿਰਿਆ ਹੋਇਆ ਸੀ ਤੇ ਟਾਪੂ ਜਿਹਾ ਬਣ ਗਿਆ ਸੀ। ਇਸ ਸੂਬੇ ਨੂੰ ਤਿੰਨ ਇਲਾਕਿਆਂ, ਦਿਆਰ ਰਬੀਆ, ਦਿਆਰ ਮੁਜ਼ਰ ਤੇ ਦਿਆਰ ਬਕਰ ਵਿਚ ਵੰਡਿਆ ਜਾਂਦਾ ਹੈ।

ਅਲਪਤਗੀਨ (੯੭੬ ਈ.)

ਇਕ ਤੁਰਕੀ ਗ਼ੁਲਾਮ ਸੀ ਜੋ ਆਪਣੀ ਲਿਆਕਤ ਦੇ ਕਾਰਣ ਖੁਰਾਸਾਂ ਦੇ ਬਾਦਸ਼ਾਹਾਂ ਦੇ ਦਰਬਾਰ ਵਿਚ ਅਮੀਰ ਬਣ ਗਿਆ। ਅਮੀਰ ਮਨਸੂਰ ਦੇ ਤਖ਼ਤ ਤੇ ਬੈਠਣ ਸਮੇਂ ਏਸ ਨੇ ਗਜ਼ਨੀ ਤੇ ਕਬਜ਼ਾ ਕਰ ਕੇ ਅਲੱਗ ਰਾਜ ਕਾਇਮ ਕਰ ਲਿਆ।

ਅਲਬੈਜ਼ਾਵੀ (ਕਾਜ਼ੀ ਬੈਜ਼ਾਵੀ) (੧੨੬੨ ਈ.)

ਕਾਜ਼ੀ ਨਾਸਿਰੁਦੀਨ ਅਬੁਲ ਖ਼ੈਰ ਅਬਦੁਲਾ ਇਬਨ ਉਮਰ, ਬੈਜ਼ਾ ਦੇ

ਰਹਿਣ ਵਾਲੇ ਸਨ । ਓਥੇ ਹੀ ਇਹ ਚਿਰਾਂ ਤਕ ਕਾਜ਼ੀ ਰਹੇ । ਇਨ੍ਹਾਂ ਨੇ ਸ਼ੀਰਾਜ਼ ਵਿਚ ਅਕਾਲ ਚਲਾਣਾ ਕੀਤਾ। ਤਫ਼ਸੀਰ ਬੈਜ਼ਾਵੀ ਇਨ੍ਹਾਂ ਦੀ ਪਰਸਿਧ ਪੁਸਤਕ ਹੈ ।

ਅਲਬੈਰੂਨੀ (Albiruni) (੯੭੧-੧੦੩੯ ਈ.)

ਮੁਹੰਮਦ ਬਿਨ ਅਹਿਮਦ ਅਲਬੈਰੂਨੀ ਦੁਨੀਆਂ ਦਾ ਇਕ ਬੇਨਜ਼ੀਰ ਇਤਿਹਾਸਕਾਰ, ਫ਼ਲਾਸਫ਼ਰ, ਵਿਗਿਆਨੀ ਤੇ ਸਾਹਿਤਕਾਰ ਹੋਇਆ ਹੈ। ਕਿਤਾਬੁਲ ਹਿੰਦ, ਆਸਾਰੇ ਮਾਜ਼ੀਆ, ਕਾਨੂੰਨੇ ਮਸਊਦੀ ਆਪ ਦੀਆਂ ਪਰਸਿਧ ਰਚਨਾਵਾਂ ਹਨ ।

ਅਲਮੂਤ

ਕਜ਼ਵੀਨ ਅਤੇ ਗੀਲਾਂ ਦੇ ਵਿਚਕਾਰ ਇਕ ਕਿਲ੍ਹਾ ਸੀ ਜੋ ਤੇਰ੍ਹਵੀਂ ਸਦੀ ਈਸਵੀ ਵਿਚ 'ਇਸਮਾਈਲੀ ਮੁਲਾਹਿਦਾ' ਦਾ ਗੜ੍ਹ ਸੀ। ੧੨੫੬ ਈ. ਵਿਚ ਹਲਾਕੂ ਨੇ ਇਸ ਨੂੰ ਜਿੱਤ ਕੇ ਇਸ ਇਸਮਾਈਲੀ ਪਰਮਪਰਾ ਦਾ ਖ਼ਾਤਮਾ ਕੀਤਾ ।

ਅਲਵੀ

ਹਜ਼ਰਤ ਅਲੀ ਦੀ ਔਲਾਦ ਜੋ ਹਜ਼ਰਤ ਫ਼ਾਤਮਾ ਦੇ ਪੇਟੋਂ ਨਾ ਹੋਵੇ ।

ਅਲੀ ਬਿਨ ਅਹਿਮਦ ਨਸਵੀ (੯੮੦-੧੦੪੦ ਈ.)

ਇਹ ਇਕ ਅਰਬ ਹਿਸਾਬ-ਦਾਨ ਸੀ।

ਅਲੀ ਬਿਨ ਜ਼ੈਦ ਬਹਿਕੀ (੧੦੭੭-੧੧੫੭ ਈ.)

ਅਹਿਮਦ ਬਿਨ ਅਲੀ,ਪਰਸਿਧ ਭਾਸ਼ਾ ਵਿਗਿਆਨੀ ਸੀ ਜੋ ਤਾਜੁਲਮਸਾਦਿਰ ਦਾ ਕਰਤਾ ਹੈ ।

ਅਵੱਫ਼ੀ (੧੨੦੦-੧੩੦੦ ਈ.)

ਅਵੱਫ਼ੀ ਬਖ਼ਾਰਾ ਤੋਂ ਚੱਲ ਕੇ ਹਿੰਦੁਸਤਾਨ ਆਇਆ। ਇਸ ਨੇ ਸਿੰਧ ਦੇ ਕੰਢੇ ਦੇ ਸ਼ਹਿਰ,ਮਨਸੂਰਾ ਜਾਂ ਦੈਬਲ, ਖ਼ਲੀਜ ਫ਼ਾਰਸ, ਅਰਬ ਦੇ ਸਾਹਿਲਾਂ

ਤੇ ਹਿੰਦੁਸਤਾਨ ਦੀਆਂ ਬਹੁਤ ਸਾਰੀਆਂ ਬੰਦਰਗਾਹਾਂ ਦੀ ਸੈਰ ਕੀਤੀ। ਉਹ ਖੰਬਾਇਤ ਵੀ ਗਿਆ। ਦੋ ਪੁਸਤਕਾਂ ਉਸ ਦੀਆਂ ਰਚਨਾ ਹਨ। (੧) ਲੁਬਾਬੁਲ ਅਲਬਾਬ--ਫ਼ਾਰਸੀ ਸ਼ਾਇਰਾਂ ਦਾ ਤਜ਼ਕਰਾ ਜੋ ਨਾਸਿਰੁਦੀਨ ਕਬਾਚਾ ਦੇ ਨਾਂ ਸਮਰਪਣ ਕੀਤਾ ਗਿਆ ਹੈ। ਦੂਜੀ ਜਾਮਿਉਲ ਹਕਾਇਆਤ-ਵ-ਲਾਮਿਉ ਰਿਵਾਇਤ ਹੈ ਜੋ ਕਿ ਕਿਵਾਮੁਦੀਨ ਜੁਨੈਦੀ, ਵਜ਼ੀਰ ਐਲਤਮਸ਼ ਦੇ ਨਾਂ ਸਮਰਪਣ ਕੀਤੀ ਗਈ ਹੈ।

ਆਈਨੇ ਅਕਬਰੀ

ਅਬੁਲਫ਼ਜ਼ਲ ਦੀ ਕ੍ਰਿਤ ਹੈ। ਆਈਨੇ ਅਕਬਰੀ ਦਾ ਅੰਗਰੇਜ਼ੀ ਅਨੁਵਾਦ H. Blochmam ਤੇ H. S. Garett ਨੇ ਕੀਤਾ ਹੈ। ਆਈਨੇ ਅਕਬਰੀ ਕਲਕੱਤੇ ਤੋਂ ੧੮੭੩-੧੮੯੪ ਈ. ਵਿਚ ਤਿੰਨ ਜਿਲਦਾਂ ਵਿਚ ਛਪੀ ਸੀ।

ਆਦ ਇਰਮ ਜਾਤੁਲ ਇਮਾਦ

ਇਕ ਅਰਬ ਕੌਮ ਹੈ ਜਿਸ ਖ਼ਾਤਰ ਹਜ਼ਰਤ ਹੂਦ ਭੇਜੇ ਗਏ ਸਨ ਪਰ ਉਨ੍ਹਾਂ ਨਾਫ਼ਰਮਾਨੀ ਕੀਤੀ ਅਤੇ ਮਾਰੇ ਗਏ।

ਆਰਟੀ ਮੀਡਰੂਸ (Artemidorus) (੧੦੦ ਈ. ਪੂ.)

ਐਫ਼ੀਸੂਸ (Ephesus) ਦਾ ਭੂਗੋਲ ਲੇਖਕ ਹੈ ਜੋ ੧੦੦ ਈ. ਪੂ. ਵਿਚ ਹੋਇਆ ਹੈ। ਉਸ ਦਾ ਜੁਗਰਾਫ਼ੀਆ ੧੧ ਜਿਲਦਾਂ ਵਿਚ ਸੀ ਜੋ ਜ਼ਾਇਆ ਹੋ ਗਿਆ ਹੈ ਪਰ ਸਟਰੈਬੋ ਆਦਿ ਭੂਗੋਲ ਲੇਖਕਾਂ ਨੇ ਇਸ ਨੂੰ ਵਰਤਿਆ ਹੈ। ਪੰਜਵੀਂ ਸਦੀ ਈਸਵੀ ਵਿਚ ਮਾਰਕ਼ੀਆਨੂਸ ਆਫ਼ ਹਿਰਾਕਲੀਆ (Marcianus of Heracleia) ਨੇ ਇਸ ਦੇ ਇਕ ਵਡੇ ਭਾਗ ਦਾ ਖ਼ੁਲਾਸਾ ਕੀਤਾ ਸੀ ਜੋ ਅਜ ਕਲ ਮਿਲਦਾ ਹੈ।

ਆਰਾਮੀ

ਇਹ ਵੀ ਸਾਮੀ ਨਸਲ ਦੇ ਲੋਕ ਸਨ। ਇਨ੍ਹਾਂ ਦੀ ਲਿਪੀ ਤੋਂ ਸਾਡੀ ਖਰੋਸ਼ਟੀ ਲਿੱਪੀ ਨਿਕਲੀ ਸੀ।

ਆਰੀਆ ਭਟ

ਹਿੰਦੁਸਤਾਨ ਵਿਚ ਇਲਮ ਨਜੂਮ ਦਾ ਬੜਾ ਮਾਹਿਰ ਸੀ। ਵਿਪਾਟਲੀ ਪੁਤਰ (ਪਟਨਾ) ਵਿਚ ੪੭੬ ਈ. ਵਿਚ ਪੈਦਾ ਹੋਇਆ ਸੀ। ਇਹ ਪਿਰਥਵੀ ਦੀ ਅਕਸ਼ੀ ਗਤੀ ਨੂੰ ਮੰਨਦਾ ਸੀ। ਇਸ ਨੇ ਚੰਦ ਤੇ ਸੂਰਜ ਗ੍ਰਹਿਣ ਦੀ ਵੀ ਵਿਆਖਿਆ ਕੀਤੀ ਹੈ। ਇਹ ਜੋਤਸ਼ ਦੀ ਪਰਸਿਧ ਪੁਸਤਕ ਆਰੀਆ ਸਿਧਾਂਤ ਦਾ ਕਰਤਾ ਹੈ ਅਤੇ ਇਸ ਨੇ ਹੋਰ ਵੀ ਕਈ ਪੁਸਤਕਾਂ ਲਿਖੀਆਂ ਹਨ।

ਐਨਸਾਈਕਲੋਪੀਡੀਆ ਆਫ਼ ਇਸਲਾਮ

ਇਹ ਪੁਸਤਕ ਤਿੰਨ ਜਿਲਦਾਂ ਵਿਚ ਹੈ ਜਿਨ੍ਹਾਂ ਵਿਚੋਂ ਤੀਜੀ ਜਿਲਦ ਅਧੂਰੀ ਹੈ। ਇਸ ਦੇ ਸੰਪਾਦਿਕ ਐਮ. ਥ. ਹੋਸਮਾ, ਏ. ਜੇ. ਵੈਨਸਿਨਕ ਆਦਿ (M. Th. Houtarma, A. J. Wensinck and other) ਹਨ। ਇਹ ਲੰਡਨ ਅਤੇ ਲੂਜ਼ਕ ਤੋਂ ਮਿਲਦੀ ਹੈ। ੧੯੧੧-੩੪ ਤਕ ਛਪਦੀ ਰਹੀ ਮੁਲ ੧੫ ਪੌਂਡ ੧੨ ਸ਼ਲਿੰਗ ਸੀ।

ਐਨਸਾਈਕਲੋਪੀਡੀਆ ਬ੍ਰੀਟੈਨੀਕਾ

ਅੰਗਰੇਜ਼ੀ ਦੀ ਪਰਸਿਧ ਹਵਾਲਾ ਪੁਸਤਕ ਹੈ ਜੋ ੧੭੬੮ ਈ. ਵਿਚ ਅਮਰੀਕਾ ਵਿਚ ਤਿਆਰ ਹੋਣੀ ਸ਼ੁਰੂ ਹੋਈ ਸੀ। ਇਸ ਦੀਆਂ ੨੪ ਜਿਲਦਾਂ ਹਨ।

ਪਹਿਲੀ	ਜਿਲਦ	A
ਦੂਜੀ	ਜਿਲਦ	A—B
ਤੀਜੀ	ਜਿਲਦ	B
ਚੌਥੀ	ਜਿਲਦ	B—C
ਪੰਜਵੀਂ	ਜਿਲਦ	C
ਛੇਵੀਂ	ਜਿਲਦ	C—D
ਸਤਵੀਂ	ਜਿਲਦ	D—E
ਅੱਠਵੀਂ	ਜਿਲਦ	E

ਨੌਵੀਂ	ਜਿਲਦ	E—G
ਦਸਵੀਂ	ਜਿਲਦ	G
ਗਿਆਰ੍ਹਵੀਂ	ਜਿਲਦ	G—H
ਬਾਰ੍ਹਵੀਂ	ਜਿਲਦ	H—J
ਤੇਰ੍ਹਵੀਂ	ਜਿਲਦ	J—L
ਚੌਦ੍ਹਵੀਂ	ਜਿਲਦ	L—M
ਪੰਦ੍ਰਵੀਂ	ਜਿਲਦ	M
ਸੋਲ੍ਹਵੀਂ	ਜਿਲਦ	M—O
ਸਤਾਰ੍ਹਵੀਂ	ਜਿਲਦ	P
ਅਠਾਰ੍ਹਵੀਂ	ਜਿਲਦ	P—R
ਉਨ੍ਹੀਵੀਂ	ਜਿਲਦ	R—S
ਬੀਹ੍ਵੀਂ	ਜਿਲਦ	S
ਇਕ੍ਹੀਵੀਂ	ਜਿਲਦ	S—T
ਬਾਈ੍ਵੀਂ	ਜਿਲਦ	T—V
ਤਈ੍ਵੀਂ	ਜਿਲਦ	V—Z
ਚੌਬੀਵੀਂ	ਜਿਲਦ	Attlas & Index

ੲ

ਇਸਮਾਈਲੀ

ਇਮਾਮ ਸ਼ੀਆ ਦੇ ਛੇਵੇਂ ਇਮਾਮ, ਜਾਫ਼ਰ ਸਾਦਿਕ ਦੇ ਦੋ ਪੁਤਰ ਸਨ, ਇਸਮਾਈਲ ਤੇ ਮੂਸਾ। ਸਤਵੇਂ ਇਮਾਮ ਮੂਸਾ ਕਾਜ਼ਿਮ ਹੋਏ। ਪਹਿਲੇ ਦੇ ਨਾਂ ਨਾਲ ਇਸਮਾਈਲੀਆ ਫਿਰਕਾ ਚਲਿਆ ਹੈ। ਇਸਮਾਈਲ ਨੂੰ ਗੱਦੀ ਨਹੀਂ ਸੀ ਮਿਲੀ।

ਇਖਵਾਨੁਸਫ਼ਾ

੧—ਇਕ ਲਾਭਦਾਇਕ ਵਿਗਿਆਨਕ ਸੰਸਥਾ ਹੈ ਜੋ ੯੮੨ ਈ. ਵਿਚ ਸ਼ਹਿਰ ਬਸਰਾ ਵਿਚ ਕਾਇਮ ਹੋਈ। ਇਸ ਸੰਸਥਾ ਦੇ ਮੈਂਬਰਾਂ ਨੇ ਭਿੰਨ

ਭਿੰਨ ਵਿਗਿਆਨਾਂ ਸਬੰਧੀ ਪ੨ ਰਸਾਲੇ ਲਿਖੇ ਜੋ 'ਰਸਾਇਲੇ ਇਖ਼ਵਾਨੁਸਫ਼ਾ' ਅਖਵਾਉਂਦੇ ਹਨ। ੨–ਅਰਬੀ ਦੀ ਇਕ ਪਰਸਿਧ ਕਿਤਾਬ ਹੈ ਜਿਸ ਦਾ ਮੌਲਵੀ ਇਕਰਾਮ ਅਲੀ ਨੇ ਅਰਬੀ ਤੋਂ ਉਰਦੂ ਵਿਚ ਤਰਜਮਾ ਕੀਤਾ ਹੈ। ਇਸ ਦੇ ਪੰਝੀ ਕਾਂਡ ਹਨ।

ਇਬਨ ਉਸੈਇਬੀਆ (Ibn Usaibia) ੧੨੦੩-੧੨੭੦ ਈ.)

ਮੁਵੱਫਿਕੱਦੀਨ ਅਬੁਲ ਅੱਬਾਸ ਅਹਿਮਦ ਇਬਨਿਲ ਕਾਸਿਮ, ਇਬਨ ਅਬੀ ਉਸੈਇਬੀਆ ਇਕ ਅਰਬੀ ਹਕੀਮ ਸੀ ਜੋ ਦਿਮਿਸ਼ਕ ਵਿਚ ਪੈਦਾ ਹੋਇਆ। ਇਸ ਦਾ ਪਿਤਾ ਅਖਾਂ ਦਾ ਇਲਾਜ ਕਰਦਾ ਹੁੰਦਾ ਸੀ। ਇਸ ਨੇ ਦਿਮਿਸ਼ਕ ਤੇ ਕਾਹਿਰਾ ਵਿਚ ਹਿਕਮਤ ਪੜ੍ਹੀ। ੧੨੩੬ ਈ. ਵਿਚ ਸਲਾਹ ਦੀਨ ਨੇ ਇਸ ਨੂੰ ਕਾਹਿਰਾ ਦੇ ਨਵੇਂ ਹਸਪਤਾਲ ਵਿਚ ਹਕੀਮ ਨੀਯਤ ਕਰ ਦਿਤਾ, ਪਰ ੧੨੩੭ ਈ. ਵਿਚ ਇਸ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਦਿਮਿਸ਼ਕ ਦੇ ਅਮੀਰ ਪਾਸ ਨੌਕਰੀ ਕਰ ਲਈ। ਇਥੇ ਇਸ ਨੇ ਆਪਣੀ ਬਾਕੀ ਉਮਰ ਗੁਜ਼ਾਰੀ। ਇਸ ਨੇ ਹਕੀਮਾਂ ਦੀਆਂ ਜੀਵਨੀਆਂ ਬਾਰੇ ਉਯੂਨੁਲ ਅੰਨਬਾ ਫ਼ੀ ਤਬਕਾਤੁਲ ਅੱਤਿਬਾ (Uyunu-anba fi tabqatul atiba) ਨਾਂ ਦੀ ਪੁਸਤਕ ਲਿਖੀ ਹੈ ਜੋ ਮੂਲਰ ਨੇ ਸੰਪਾਦਿਤ ਕਰਕੇ ਕੁਇੰਸਬਰਗ (Konigsberg) ਤੋਂ ੧੮੮੫ ਈ. ਵਿਚ ਛਾਪੀ ਹੈ।

ਇਬਨ ਉਮੈਰਾ-

ਉੱਮਾਨ ਦਾ ਗਵਰਨਰ ਸੀ।

ਇਬਨ ਅਸੀਰ (੧੧੬੦-੧੨੩੬ ਈ.)

ਅਬੁਲ ਹਸਨ ਅਜ਼ੁਦੀਨ ਅਲੀ ਇਬਨਲ ਕਰਮ, ਅਰਬੀ ਇਤਿਹਾਸਕਾਰ ਸੀ, ਜਿਸ ਦੀ ਰਚਨਾ ਕਾਮਿਨੁਲ ਤਾਰੀਖ਼, ਬਾਰਾਂ ਜਿਲਦਾਂ ਵਿਚ ਹੈ।

ਇਬਨ ਹਜ਼ਮ ਅੰਦਲੁਸੀ (੯੯੪-੧੦੬੪ ਈ.)

ਅਬੂ ਮੁਹੰਮਦ ਅਲੀ ਬਿਨ ਅਹਿਮਦ ਸਪੇਨ ਦਾ ਬਹੁਤ ਪਰਸਿੱਧ

ਸਾਹਿਤਕਾਰ, ਫ਼ਕੀਹ ਇਤਿਹਾਸਕਾਰ ਤੇ ਕਵੀ ਸੀ। ਇਹ ਚਾਰ ਸੌ ਤੋਂ ਵਧ ਕਿਤਾਬਾਂ ਦਾ ਲੇਖਕ ਹੈ। ਏਸ ਦੀ ਸਭ ਤੋਂ ਪਰਸਿੱਧ ਰਚਨਾ ਕਿਤਾਬੁਲਫ਼ਜ਼ਲ ਹੈ। ਕਿਤਾਬ ਅਤਕਰੀਬ (ਮੰਤਕ), ਕਿਤਾਬ ਅਲਾਸਿਖ਼ ਤੇ ਅਲਮਿਲਲ-ਵਨੱਹਲ ਵੀ ਏਸੇ ਦੀ ਕਲਮ ਤੋਂ ਲਿਖੀਆਂ ਗਈਆਂ ਹਨ। ਅਲਮਿਲਲ ਕਾਹਿਰਾ ਵਿਚ ੧੮੯੯ ਈ. ਵਿਚ ਛਪੀ ਸੀ। ਇਬਨ ਹਜ਼ਮ ਆਪਣੇ ਪਿਤਾ ਦੀ ਥਾਂ ਵਜ਼ੀਰ ਬਣਿਆ ਪਰ ਕੁਫ਼ਰ ਭਰੇ ਖ਼ਿਆਲ ਰਖਣ ਕਾਰਣ ਹਟਾ ਦਿਤਾ ਗਿਆ। ਇਹ ਪਹਿਲਾਂ ਸ਼ਬੀਆਂ ਖ਼ਿਆਲ ਰਖਦਾ ਸੀ ਪਰ ਪਿਛੋਂ ਕੇਵਲ ਵੇਖੀਆਂ ਡਿਠੀਆਂ ਚੀਜ਼ਾਂ ਨੂੰ ਹੀ ਮੰਨਣ ਲਗ ਪਿਆ। ਅਜੇਹੇ ਖ਼ਿਆਲਾਂ ਦੇ ਰਖਣ ਵਾਲੇ ਨੂੰ ਜ਼ਾਹਿਰੀ ਆਖਦੇ ਹਨ।

ਇਬਨ ਹੌਕਲ (Ibn Haukal) (੯੭੭ ਈ.)

ਅਬੁਲ ਕਾਸਿਮ ਮੁਹੰਮਦ ਇਕ ਪਰਸਿਧ ਅਰਬੀ ਯਾਤਰੂ ਤੇ ਭੂਗੋਲ ਲੇਖਕ ਹੈ ਜੋ ਅਸਕਾਲੁਲ ਬਿਲਾਦ ਅਤੇ ਅਲਮਸਾਲਿਕ ਵਲ ਮੁਮਾਲਿਕ ਦਾ ਕਰਤਾ ਹੈ। ਇਸ ਦੀ ਇਹ ਰਚਨਾ M.J. de Goeje ਨੇ ਲੀਡਨ ਤੋਂ ੧੭੩੮ ਈ. ਵਿਚ ਛਾਪੀ ਹੈ।

ਇਬਨ ਕੁਤੈਬਾ (Ibn Qwtaiba) (੮੨੮-੮੮੯ ਈ.)

ਸ਼ੇਖ਼ੁਲ ਇਮਾਮ ਅਬੂ ਅਬਦੁਲਾ ਮੁਹੰਮਦ ਬਿਨ ਮੁਸਲਿਮ ਲਕੂਫੀ ਉਯੂਨੁਲ ਅਖ਼ਬਾਰ ਆਦਿ ਦਾ ਕਰਤਾ ਹੈ।

ਇਬਨ ਖ਼ਲਦੂਨ (Ibr Khaldun) (੧੩੩੨-੧੪੦੬ ਈ.)

ਵਲੀਉਦੀਨ ਅਬੂਜ਼ੈਦ ਅਬਦੁਰਹਿਮਾਨ ਬਿਨ ਮੁਹੰਮਦ ਬਰਬਰ ਦਾ ਵਸਨੀਕ ਸੀ। ਇਸ ਦੀ ਤਾਰੀਖ਼ ਇਬਨ ਖ਼ਲਦੂਨ ਪਰਸਿਧ ਹੈ ਜਿਸ ਵਿਚ ਅਰਬ ਈਰਾਨ ਤੇ ਬਰਬਰ ਦੀ ਤਾਰੀਖ਼ ਹੈ। ਇਨ੍ਹਾਂ ਦਾ ਮੁਕਦਮਾਂ ਇਬਨ ਖ਼ਲਦੂਨ ਭਾਸ਼ਾ ਵਿਗਿਆਨ ਬਾਰੇ ਹੈ।

ਇਬਨ ਖ਼ੁਰਦਾਦਬੇ (Ibn Khurda-dhbih)

ਨੌਵੀਂ ਸਦੀ ਈਸਵੀ ਵਿਚ ਮੁਅਤਮਿਦ ਦੇ ਸਮੇਂ ਬਗ਼ਦਾਦ

ਵਿਚ ਡਾਕ ਤੇ ਗੁਪਤ ਸੂਚਨਾ ਵਿਭਾਗ ਦਾ ਅਫ਼ਸਰ ਸੀ । ਇਸ ਦੀ ਜੁਗਰਾਫ਼ੀਏ ਦੀ ਪੁਸਤਕ 'ਕਿਤਾਬੁਲ ਮਸਾਲਿਕ ਵਲ ਮੁਮਾਲਿਕ' ਪਰਸਿਧ ਹੈ ।

ਇਬਨ ਖ਼ੁਲਕਾਨ (੧੨੧੧-੧੨੮੨ ਈ.)

ਸ਼ਮਸੁਦੀਨ ਅਬੁਲ ਅੱਬਾਸ ਅਹਿਮਦ ਬਿਨ ਮੁਹੰਮਦ ਬਿਨ ਅਬੀ ਬਕਰ, ਇਬਨ ਖ਼ੁਲਕਾਨ ਜਾਫ਼ਰ ਬਰਮਕੀ ਦੀ ਨਸਲ ਵਿਚੋਂ ਸੀ । ਸ਼ਹਿਰ ਅਰਬਲਾ ਵਿਚ ਪੈਦਾ ਹੋਇਆ । ਇਹ ਸ਼ਾਇਰ ਤੇ ਇਤਿਹਾਸਕਾਰ ਸੀ। ਇਸ ਦੀ ਪਰਸਿਧ ਪੁਸਤਕ 'ਵਫ਼ੀਆ ਤੁਲ ਆਇਆਨ' ਹੈ ।

ਇਬਨ ਜਰੀਰ

ਇਕ ਹਦੀਸ ਦਾਨ ਹੈ ।

ਇਬਨ ਨਦੀਮ

ਮੁਹੰਮਦ ਬਿਨ ਇਸਹਾਕ ਇਬਨ ਨਦੀਮ ਜੋ ਅਰਬੀ ਦੀ ਪਰਸਿਧ ਅਲਫਹਿ-ਰਿਸਤ (Catalogue raisonue) ੩੭੭–੪੦੦ ਹਿ. ਦਾ ਕਰਤਾ ਹੈ ।

ਇਬਨ ਬਤੂਤਾ (Ibn Batuta) (੧੩੦੪-੧੩੭੮ ਈ.)

ਅਬੂ ਅਬਦੁਲਾ ਮੁਹੰਮਦ, ਮੁਸਲਮਾਨਾਂ ਵਿਚ ਸਭ ਤੋਂ ਵੱਡਾ ਯਾਤਰੂ ਸੀ । ਇਹ ਤੰਜੀਰ (Tangier) ਵਿਚ ਪੈਦਾ ਹੋਇਆ । ਇਸ ਨੇ ੧੩੨੫ ਈ. ਵਿਚ ਯਾਤਰਾ ਸ਼ੁਰੂ ਕੀਤੀ । ਇਹ ੮ ਸਾਲ ਹਿੰਦੁਸਤਾਨ ਵਿਚ ਰਿਹਾ ਅਤੇ ੧੩੫੫ ਵਿਚ ਇਸ ਨੇ ਯਾਤਰਾ ਖ਼ਤਮ ਕੀਤੀ । ਇਨ੍ਹਾਂ ਨੇ ੨੫ ਹਜ਼ਾਰ ਮੀਲ ਦਾ ਸਫ਼ਰ ਕੀਤਾ । ਇਸ ਨੇ ਮੁਹੰਮਦ ਇਬਨ ਜਜ਼ਾਈ ਤੋਂ ਆਪਣਾ ਸਫ਼ਰ ਨਾਮਾ ਲਿਖਵਾਇਆ ।

ਇਬਨ ਮੁਕੱਫ਼ਾ (Ibn Muakaffa) (ਮਿਰਤੂ ੭੬੦ ਈ.)

ਕਲੀਲਾ ਦਿਮਨਾ ਦਾ ਅਨੁਵਾਦਕ ਹੈ । ਵੇਖੋ ਅਬਦੁੱਲਾ ਬਿਨ ਮੁਕੱਫ਼ਾ ।

ਇਬਰਾਹੀਮ ਫਜ਼ਾਰੀ

ਇਕ ਹਸਾਬ ਦਾਨ ਹੈ।

ਇਮਾਮ ਅਹਿਮਦ ਬਿਨ ਹੰਬਲ (੭੮੦-੮੪੫)

ਅਬੂ ਅਬਦੁਲਾ ਬਿਨ ਮੁਹੰਮਦ ਬਿਨ ਹੰਬਲ ਬਗ਼ਦਾਦ ਵਿਚ ਪੈਦਾ ਹੋਏ। ਇਨ੍ਹਾਂ ਨੇ ਅਲਜਜ਼ਾਇਰ ਅਤੇ ਅਰਬ ਦਾ ਸਫ਼ਰ ਕੀਤਾ। ਆਪ ਵਾਪਸੀ ਤੇ ੭੯੫ ਈ. ਵਿਚ ਇਮਾਮ ਸ਼ਾਫ਼ਈ ਦੇ ਸ਼ਾਗਿਰਦ ਹੋਏ। ਆਪ ਮਾਮੂੰ, ਮੁਅਤਾਸਮ ਤੇ ਵਾਸਿਕ ਦੇ ਸਮੇਂ ਮੁਅਤਾਜ਼ਿਲਾ ਖਿਆਲਾਂ ਦੀ ਵਿਰੋਧਤਾ ਕਾਰਣ ਕੈਦ ਕੀਤੇ ਗਏ, ਪਰ ਮੁਤਵਕਿਲ ਦੇ ਸਮੇਂ ਇਹ ਗੱਲ ਮੰਨ ਲਈ ਗਈ ਕਿ ਕੁਰਾਨ ਪੈਦਾ ਨਹੀਂ ਕੀਤਾ ਗਿਆ, ਤਾਂ ਇਨ੍ਹਾਂ ਦੀ ਖ਼ਲਾਸੀ ਹੋਈ। ਹਦੀਸ ਦੀ ਇਕ ਵਡੀ ਕਿਤਾਬ ਆਪ ਦੀ ਯਾਦਗਾਰ ਹੈ। ਸੁੰਨੀਆਂ ਦੇ ਚਾਰ ਇਮਾਮਾਂ ਵਿਚੋਂ ਆਪ ਚੌਥੇ ਹਨ।

ਤਫ਼ਸੀਰ ਕਿਤਾਬੁਜ਼ਹਦ ਅਤੇ ਨਾਸਖ਼ ਤੇ ਮਨਸੂਖ਼ ਆਪ ਦੀਆਂ ਪਰਸਿੱਧ ਰਚਨਾਵਾਂ ਹਨ।

ਇਮਾਮ ਸ਼ਾਫ਼ਈ (੭੬੭-੮੨੦ ਈ.)

ਅਬੂ ਅਬਦੁਲਾ ਮੁਹੰਮਦ ਇਬਨ ਇਦਰੀਸ ਸ਼ਾਫ਼ਈ ਸੁੰਨੀ ਮਜ਼੍ਹਬ ਦੇ ਇਕ ਇਮਾਮ ਦਾ ਨਾਂ ਹੈ ਜੋ ਆਪ ਗਾਜ਼ਾ ਵਿਚ ਪੈਦਾ ਏ ਅਤੇ ਕੁਰੈਸ਼ ਵੰਸ ਵਿਚੋਂ ਸਨ। ਆਪ ਮੱਕਾ ਵਿਚ ਗ਼ਰੀਬੀ ਦੀ ਹਾਲਤ ਵਿਚ ਪਲੇ। ਆਪ ਨੇ ੭੮੭ ਈ. ਵਿਚ ਮਦੀਨੇ ਜਾ ਕੇ ਫ਼ਿਕ੍ਹਾ (Jurisprudence) ਦੀ ਤਾਲੀਮ ਹਾਸਲ ਕੀਤੀ। ਏਥੋਂ ਆਪ ਯਮਨ ਚਲੇ ਗਏ ਅਤੇ ਬਗ਼ਾਵਤ ਦੇ ਸ਼ਕ ਵਿਚ ਗ੍ਰਿਫ਼ਤਾਰ ਹੋ ਕੇ ਬਗ਼ਦਾਦ ਪੁਜੇ। ਹਾਰੂੰ ਨੇ ਆਪ ਨੂੰ ਮੁਆਫ਼ ਕਰ ਦਿਤਾ ਤੇ ਓਥੋਂ ਆਪ ਮਿਸਰ ਆਏ। ਏਥੋਂ ਫੇਰ ਬਗ਼ਦਾਦ ਆ ਗਏ ਅਤੇ ਪੜ੍ਹਨਾ ਪੜ੍ਹਾਉਣਾ ਸ਼ੁਰੂ ਕੀਤਾ। ਸੰਨ ੮੧੫ ਈ. ਵਿਚ ਫੇਰ ਮਿਸਰ ਗਏ ਅਤੇ ਕਾਹਿਰਾ ਵਿਚ ਚਲਾਣਾ ਕੀਤਾ। ਆਪ ਦੇ ਅਰਬ, ਮਿਸਰ ਤੇ ਬੰਬਈ ਵਿਚ ਬਹੁਤ ਮੁਰੀਦ ਹਨ।

ਇਮਾਮ ਹੰਬਲ

ਵੇਖੋ ਇਮਾਮ ਅਹਿਮਦ ਬਿਨ ਹੰਬਲ ।

ਇਮਾਮ ਹੁਸੈਨ (੬੨੬-੬੮੦ ਈ.)

ਆਪ ਹਜ਼ਰਤ ਅਲੀ ਦੇ ਛੋਟੇ ਪੁਤਰ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਪੁਤਰੀ ਬੀਬੀ ਫ਼ਾਤਮਾ ਦੇ ਪੇਟੋਂ ਸਨ । ਆਪ ਨੇ ਯਜੀਦ ਨੂੰ ਖ਼ਲੀਫ਼ਾ ਮੰਨਣੋ ਇਨਕਾਰ ਕੀਤਾ ਅਤੇ ਮਦੀਨੇ ਤੋਂ ਆਪਣੇ ਬਾਲ ਬਚੇ ਸਮੇਤ ਕੂਫ਼ੇ ਗਏ । ਕੂਫ਼ੀਆਂ ਨੇ ਮਦਦ ਦੇਣੋ ਇਨਕਾਰ ਕੀਤਾ ਭਾਵੇਂ ਉਨ੍ਹਾਂ ਆਪ ਇਮਾਮ ਨੂੰ ਪਰੇਰਨਾ ਦੇ ਕੇ ਸੱਦਿਆ ਸੀ । ਅਬੈਦੁਲਾ ਬਿਨ ਜ਼ਿਆਦ ਦੀ ਫ਼ੌਜ ਨੇ ਕਰਬਲਾ ਦੇ ਮੈਦਾਨ ਵਿਚ ਆਪ ਨੂੰ ਘੇਰ ਲਿਆ ਜਿਥੇ ਆਪ ਸ਼ਮਰ ਦੇ ਹਥੋਂ ਪਿਆਸੇ ਸ਼ਹੀਦ ਹੋਏ ।

ਇਮਾਮ ਜ਼ੈਨੁਲ ਆਬਦੀਨ ਅਲੀ (੬੫੮-੭੧੩ ਈ).

ਆਪ ਹੁਸੈਨ ਬਿਨ ਅਲੀ ਦੇ ਪੁਤਰ ਸਨ ਜੋ ਕਰਬਲਾ ਦੇ ਜੰਗ ਸਮੇਂ ਬੀਮਾਰ ਹੋਣ ਕਾਰਣ ਕਤਲ ਤੋਂ ਬਚ ਗਏ । ਦੁਨੀਆਂ ਦੇ ਸਾਰੇ ਸੱਯਦ ਆਪ ਦੀ ਉਲਾਦ ਹਨ । ਕਿਸੇ ਵੈਰੀ ਨੇ ਜ਼ਹਿਰ ਦੇ ਕੇ ਆਪ ਨੂੰ ਸ਼ਹੀਦ ਕਰ ਦਿਤਾ ਸੀ।

ਇਮਾਮ ਦਾਊਦ ਜ਼ਾਹਰੀ

ਇਕ ਹਦੀਸ ਦਾਨ ਹੋਏ ਹਨ ।

ਇਮਾਮ ਬੁਖ਼ਾਰੀ (ਮਿਰਤੂ ਸੰਨ ੨੫੬ ਹਿ.)

ਆਪ ਹਦੀਸ ਦੇ ਬੜੇ ਆਲਿਮ ਹਨ । ਆਪ ਦੀ ਰਚਨਾ ਸਹੀਹ ਬੁਖ਼ਾਰੀ, ਬੜੀ ਪਰਸਿਧ ਹੈ ।

ਇਮਾਮ ਮਾਲਿਕ (੭੧੮-੭੯੫ ਈ.)

ਆਪ ਸੁੰਨੀਆਂ ਦੇ ਦੂਜੇ ਇਮਾਮ ਹਨ । ਆਪ ਮਦੀਨੇ ਵਿਚ ਜੰਮੇ ਤੇ ਓਥੇ ਹੀ ਪੜ੍ਹੇ ਅਤੇ ਓਥੇ ਹੀ ਸਾਰੀ ਉਮਰ ਬਤੀਤ ਕੀਤੀ। ਆਪ ਦੀ ਰਚਨਾ 'ਮੋਤਾ', ਹਦੀਸ ਦੀ ਪਰਸਿਧ ਕਿਤਾਬ ਹੈ। ਆਪ ਨੇ ਮਦੀਨੇ

ਵਿਚ ਇੰਤਕਾਲ ਕੀਤਾ ਤੇ ਓਥੇ ਹੀ ਦਫ਼ਨਾਏ ਗਏ। ਇਮਾਮ ਸ਼ਾਫ਼ਈ ਆਪ ਦੇ ਸ਼ਾਗਿਰਦ ਸਨ।

ਇਲਮੁਲ ਕਲਾਮ

ਕਲਾਮ ਉਹ ਇਲਮ ਹੈ ਜਿਸ ਵਿਚ ਧਾਰਮਕ ਮਸਲਿਆਂ (Exoteric Sciences) ਨੂੰ ਅਕਲੀ ਦਲੀਲਾਂ ਨਾਲ ਸਾਬਤ ਕਰਦੇ ਹਨ। ਇਸ ਨੂੰ ਤਰਕ ਵਿਗਿਆਨ ਵੀ ਆਖਦ ਹਨ।

ਈਲਖ਼ਾਨੀ (੧੨੫੩-੧੩੪੪ ਈ.)

੧. ਈਰਾਨ ਦੇ ਮੁਗ਼ਲ ਬਾਦਸ਼ਾਹਾਂ ਦਾ ਇਕ ਖ਼ਾਨਦਾਨ ਹੈ ਜਿਸ ਦੇ ਹੇਠ ਲਿਖੇ ਬਾਦਸ਼ਾਹ ਹੋਏ ਹਨ।

੧–ਹਲਾਕੂ ਖ਼ਾਨ	੧੨੫੩-੧੨੬੫ ਈ.
੨–ਅਬਾਕਾ ਖ਼ਾਨ	੧੨੬੫-੧੨੮੨ ਈ.
੩–ਅਹਿਮਦ ਤਕੋਦਾਰ	੧੨੮੨-੧੨੮੪ ਈ.
੪–ਅਰਗੂਨ ਖ਼ਾਨ	੧੨੮੪-੧੨੯੧ ਈ.
੫–ਕੈਖ਼ਤੂ ਖ਼ਾਨ	੧੨੯੧-੧੨੯੫ ਈ.
੬–ਬਾਇਦੂ ਖ਼ਾਨ	ਅਪਰੈਲ, ਅਕਤੂਬਰ ੧੨੯੫ ਈ.
੭–ਗ਼ਾਜ਼ਾਨ ਖ਼ਾਨ	੧੨੯੫-੧੩੦੪ ਈ.
੮–ਅਲਜਾਇਤੂ	੧੩੦੪-੧੩੧੬ ਈ.
੯–ਅਬੂ ਸਈਦ	੧੩੧੬-੧੩੩੪ ਈ.
੧੦–ਅਰਬਾ ਖ਼ਾਨ	੧੩੩੫-੧੩੩੮ ਈ.
੧੧–ਮੂਸਾ ਖ਼ਾਨ	੧੩੩੮ ਈ.
੧੨–ਮਲਿਕਾ ਸਾਤੀ	੧੩੩੮-੧੩੪੯ ਈ.
੧੩–ਸੁਲੈਮਾਨ ਖ਼ਾਨ	੧੩੪੪ ਈ.
੧੪–ਨੌਸ਼ੀਰਵਾਂ	੧੩੪੪ ਈ.

੨–ਮਾਮੂਨੀ-ਦਸਵੀਂ ਗਿਆਰ੍ਹਵੀਂ ਸਦੀ ਈਸਵੀ ਵਿਚ ਇਕ ਵੰਸ਼ ਹੋਇਆ ਹੈ ਜੋ ਜੁਰਜਾਨ ਵਿਚ ਰਾਜ ਕਰਦਾ ਸੀ। ਏਸ ਵੰਸ ਦੇ ਬਾਦਸ਼ਾਹ ਵਿਦਿਆ

ਪ੍ਰੇਮੀ ਸਨ। ਅਬੁਲ ਅੱਬਾਸ ਮਾਮੂੰ ਦੇ ਸਮੇਂ ਅਬੂਰੈਹਾਨ ਅਲਬੈਰੂਨੀ, ਅਬੂਅਲੀ ਸੀਨਾ, ਅਬੁਲ ਖ਼ੈਰ ਇਬਨ ਖ਼ੱਮਾਰ ਅਤੇ ਅਬੂ ਨਸਰ ਬਿਨ ਇਰਾਕ ਨਜੂਮੀ ਆਦਿ ਮਾਮੂਨੀ ਦਰਬਾਰ ਨਾਲ ਸਬੰਧਤ ਸਨ। ਅਬੁਲ ਅੱਬਾਸ ਦੀ ਸ਼ਾਦੀ ਮਹਿਮੂਦ ਗ਼ਜ਼ਨਵੀ ਦੀ ਭੈਣ ਨਾਲ ਹੋਈ ਸੀ ਅਤੇ ਏਸ ਦੇ ਕਤਲ ਪਿਛੋਂ ਮਹਿਮੂਦ ਨੇ ਏਸ ਦਾ ਇਲਾਕਾ ਆਪਣੇ ਰਾਜ ਨਾਲ ਜੋੜ ਲਿਆ ਸੀ।

ਏਰਨੀਆ

ਸੀ. ਪੀ. ਵਿਚ ਇਕ ਪੁਰਾਣਾ ਕਸਬਾ ਸੀ ਜਿਸ ਦੇ ਥੇਹਾਂ ਵਿਚੋਂ ਇਕ ਸਿੱਕਾ ਨਿਕਲਿਆ ਸੀ ਜੋ ਅਜ ਕਲ ਬ੍ਰਿਟਸ਼ ਮਿਊਜ਼ੀਅਮ ਵਿਚ ਰਖਿਆ ਹੋਇਆ ਹੈ। ਇਸ ਵਿਚ ਉਕਰੇ ਅਖਰ ਸਜੇ ਤੋਂ ਖਬੇ ਵਲ ਲਿਖੇ ਗਏ ਹਨ।

ਏਰੀਯਨ (Arrian)

ਨਿਕੋਮੀਡੀਆ (Nicomedia) ਜੋ ਬਿਥੀਨੀਆ (Bittynia) ਦਾ ਵਸਨੀਕ ਸੀ। ਇਕ ਯੂਨਾਨੀ ਇਤਿਹਾਸਕਾਰ ਤੇ ਫ਼ਿਲੌਸਫ਼ਰ ਹੈ। ਇਹ ਲੱਗ-ਭਗ ੯੬ ਈ. ਵਿਚ ਪੈਦਾ ਹੋਇਆ। ਹਾਡਰੀਅਨ (Hadrian), ਐਨਟੌਨੀਅਸ (Antonius Pius) ਅਤੇ ਮਾਰਕਸ (Marcus) ਦਾ ਸਮਕਾਲੀ ਸੀ। ਹੇਰੀਅਨ (Harian) ਏਸ ਦੀ ਬੜੀ ਕਦਰ ਕਰਦਾ ਸੀ ਜਿਸ ਨੇ ਇਸ ਨੂੰ ੧੩੧-੧੩੭ ਈ. ਤਕ ਕਮਾਡੋਸੀਆ ਦਾ ਗਵਰਨਰ ਨਿਯੁਕਤ ਕਰ ਦਿਤਾ ਸੀ।

ਸ

ਸਈਦ ਬਿਨ ਜਬੀਰ

ਅਬੂ ਅਬਦੁਲਾ ਇਸ ਦੀ ਕੁਨੀਅਤ ਹੈ। ਪੂਰਾ ਨਾਂ ਅਬੂ ਮੁਹੰਮਦ ਸਈਦ ਬਿਨ ਜਬੀਰ ਬਿਨ ਹਿਸ਼ਾਮਿਲਅਸਦੀ ਹੈ। ਇਹ ਅਸਲ ਵਿੱਚ ਕੂਫੀ ਸੀ। ਇਸ ਦਾ ਰੰਗ ਕਾਲਾ ਸੀ। ਇਸ ਨੇ ਅਬਦੁਲਾ ਬਿਨ ਅਬਾਸ ਅਤੇ ਅਬਦੁਲਾ ਬਿਨ ਉਮਰ ਤੋਂ ਇਲਮ ਹਾਸਲ ਕੀਤਾ।

ਜਿਸ ਵਕਤ ਅਬਦੁੱਲਾ ਬਿਨ ਮੁਹੰਮਦ ਬਿਨਿਲ ਅਸ਼ਅਸ ਬਿਨ ਕੈਸ ਨੇ ਅਬਦੁਲ ਮਲਿਕ ਬਿਨ ਮਰਵਾਨ ਦੇ ਵਿਰੁੱਧ ਬਗ਼ਾਵਤ ਕੀਤੀ,ਓਦੋਂ ਸਈਦ ਉਸ ਦੇ ਨਾਲ ਸੀ। ਜਦੋਂ ਅਬਦੁਰਹਿਮਾਨ ਕਤਲ ਹੋ ਗਿਆ ਤਾਂ ਸਈਦ ਮੱਕੇ ਨੂੰ ਭੁਜ ਗਿਆ। ਉਥੋਂ ਅਬਦੁਲਾ ਕਸਰੀ ਨੇ ਉਸ ਨੂੰ ਫੜ ਕੇ ਹਜਾਜ ਬਿਨ ਯੂਸਫ਼ ਕੋਲ ਭੇਜ ਦਿੱਤਾ। ਹਜਾਜ ਨੇ ਪੁਛਿਆ 'ਤੇਰਾ ਕੀ ਨਾਂ ਹੈ' ? ਉਸ ਨੇ ਕਿਹਾ 'ਸਈਦ ਬਿਨ ਜਬੀਰ' ਹਜਾਜ ਨੇ ਕਿਹਾ ਤੇਰਾ ਨਾਂ ਤਾਂ 'ਸ਼ਕੀ ਬਿਨ ਕਸੀਰ ਚਾਹੀਦਾ ਸੀ'।

ਸਹਾਬੀ

ਮੁਹੰਮਦ ਸਾਹਿਬ ਦੇ ਸਾਥੀ, ਉਹ ਸ਼ਖ਼ਸ ਜੋ ਮੁਸਲਮਾਨ ਹੋ ਕੇ ਮੁਹੰਮਦ ਸਾਹਿਬ ਦੀ ਸੇਵਾ ਵਿਚ ਰਿਹਾ ਹੋਵੇ ਅਤੇ ਮੁਸਲਮਾਨ ਹੀ ਮਰਿਆ ਹੋਵੇ।

ਸ਼ਹਿਰਸਤਾਨੀ (੧੦੭੬–੧੧੫੩ ਈ.)

ਅਬੁਲ ਫ਼ਤਹਿ ਮੁਹੰਮਦ ਬਿਨ ਅਬਿਲ ਕਾਸਿਮਿ ਸ਼ਹਿਰਸਤਾਨਿਲ ਅਸ਼ਅਰੀ,ਇਲਮੇ ਕਲਾਮ ਦਾ ਬੜਾ ਆਲਿਮ ਤੇ ਫ਼ਸੀਹ ਸੀ। ਇਹ ਤਿੰਨ ਸਾਲ ਬਗ਼ਦਾਦ ਰਿਹਾ। ਉਸ ਦੀਆਂ ਪਰਸਿਧ ਰਚਨਾਵਾਂ (੧) ਨਿਹਾਇਤੁਲ ਅਕਦਾਮ ਫ਼ੀ ਇਲਮਿਲ ਕਲਾਮ, (੨) ਅਲਮਿਲਲ ਵੱਨਿਹਲ, (੩) ਅਲਮਨਾਹਿਜ, (੪) ਅਲਬਿਆਨ, (੫) ਤਲਖ਼ੀਸਲ ਅਕਸਾਮ ਲਿਮਜ਼ਾਹਿਬਿਲ ਅਨਾਮ ਆਦਿ ਹਨ। ਉਹ ਸ਼ਹਿਰਿਸਤਾਨ ਖ਼ਰਾਸਾਂ ਵਿਚ ਸੰਨ ੫੪੮ ਹਿ./੧੧੫੩ ਈ. ਵਿਚ ਮਰਿਆ।

ਸਹੀਹ ਬੁਖ਼ਾਰੀ

ਇਮਾਮ ਬੁਖ਼ਾਰੀ ਦੀ ਹਦੀਸਾਂ ਦੀ ਕਿਤਾਬ ਹੈ।

ਸਕੂਤਰਾ (ਦੀਪ)

ਰੂਮ ਸਾਗਰ ਵਿਚ ਇਕ ਟਾਪੂ ਹੈ।

ਸਤਿਆਰਥ ਪਰਕਾਸ਼

ਸੁਆਮੀ ਦਿਆ ਨੰਦ ਦੀ ਪਰਸਿੱਧ ਰਚਨਾ ਹੈ।

ਸੱਫ਼ਾਹ (੭੫੦-੭੫੪ ਈ.)

ਅਬੁਲ ਅਬਾਸ ਬਿਨ ਅਬਦੁੱਲਾ ਬਿਨ ਮੁਹੰਮਦ ਬਿਨ ਅਲੀ ਬਿਨ ਅਬਦੁੱਲਾ ਬਿਨ ਅੱਬਾਸ ਬਿਨ ਅਬੱਦੁਲ ਮੁਤਲਬ ਅਬਾਸੀਆਂ ਵੰਸ ਦਾ ਪਹਿਲਾ ਖ਼ਲੀਫ਼ਾ ਸੀ। ਇਸ ਨੂੰ ਬਹੁਤ ਖ਼ੂਨੀ ਹੋਣ ਦੇ ਕਾਰਣ ਸੱਫ਼ਾਹ ਅਥਵਾ ਖ਼ੂਨੀ ਕਿਹਾ ਜਾਂਦਾ ਹੈ।

ਸਫ਼ਾਰੀਆ ਵੰਸ (੮੬੭-੯੦੦ ਈ.)

ਠਠਿਆਰ ਵੰਸ ਜਿਸ ਨੇ ੩੩ ਸਾਲ ਤਕ ਰਾਜ ਕੀਤਾ ਦਾ ਪਹਿਲਾ ਬਾਦਸ਼ਾਹ ਯਾਕੂਬ ਬਿਨ ਸੱਫ਼ਾਰ ਸੀ।

ਸਬਾ

ਮਲਿਕਾ ਬਲਕੀਸ ਹਜ਼ਰਤ ਸੁਲੇਮਾਨ ਦੀ ਘਰਵਾਲੀ ਦਾ ਮੁਲਕ ਸੀ। ਕਈਆਂ ਦਾ ਖ਼ਿਆਲ ਹੈ ਕਿ ਯਮਨ ਵਿਚ ਸੀ।

ਸਮਆਨੀ

ਇਕ ਹਦੀਸਦਾਨ ਦਾ ਨਾਂ ਹੈ।

ਸਮਰਕੰਦ

ਮੁਸਲਮਾਨਾਂ ਨੇ ੯੩ ਹਿ. ਵਿਚ ਇਸ ਨੂੰ ਫ਼ਤਿਹ ਕੀਤਾ। ਏਸ਼ੀਆ ਵਿਚ ਉਜ਼ਬੁਕ ਸੋਸ਼ਲ ਸੋਵੀਅਟ ਲੋਕ-ਰਾਜ ਦਾ ਇਕ ਸੂਬਾ ਹੈ। ਇਹ ਖ਼ਾਨਦਾਨ ਸਾਮਾਨ ਤੇ ਅਮੀਰ ਤੈਮੂਰ ਦਾ ਰਾਜਨਗਰ ਸੀ। ਇਥੇ ਅਮੀਰ ਤੈਮੂਰ ਦਾ ਮਕਬਰਾ ਹੈ।

ਸਮਗਾਨ

ਸੰਮਾ ਸ਼ਬਦ ਦਾ ਫ਼ਾਰਸੀ ਬਹੁਵਚਨ ਹੈ। ਸੰਮਾ ਲੋਕ ਸਿੰਧ ਦੇ ਹਾਕਿਮ ਸਨ।

ਸੰਮਾਂ

ਸੰਮਾਂ ਬਿਨ-ਲੋਈ-ਬਿਨ-ਗ਼ਾਲਿਬ-ਬਿਨ-ਫ਼ਹਿਰ-ਬਿਨ ਮਾਲਿਕ-ਬਿਨ ਨਜ਼ਰ ਬਿਨ-ਕਿਨਾਨਾ।

ਲੋਈ ਦੇ ਤਿੰਨ ਪੁਤਰ ਸਨ : ਕਾਅਬ, ਆਮਿਰ ਅਤੇ ਸਾਮਾ। ਲੋਈ ਹਜ਼ਰਤ ਮੁਹੰਮਦ ਸਾਹਿਬ ਦੀ ਅਠਵੀਂ ਪੁਸ਼ਤ ਵਿਚੋਂ ਦਾਦਾ ਸਨ। ਰਸੂਲ ਦਾ ਨਸਬ ਨਾਮਾ ਲੋਈ ਤਕ ਇਉਂ ਹੈ।

ਮੁਹੰਮਦ (ਰਸੂਲ ਅੱਲਾ)
ਪੁਤਰ
ਅਬਦੁੱਲਾ ਦਾ
ਪੁਤਰ
ਅਬਦੁਲ ਮੁਤੱਲਬ ਦਾ
ਪੁਤਰ
ਹਾਸ਼ਮ ਦਾ
ਪੁਤਰ
ਅਬਦ ਮਨਾਫ਼ ਦਾ
ਪੁਤਰ
ਕਸਾ ਦਾ
ਪੁਤਰ
ਕਲਾਬ ਦਾ
ਪੁਤਰ
ਮੁੱਰਾ ਦਾ
ਪੁਤਰ
ਕਾਬ ਦਾ
ਪੁਤਰ
ਲੋਈ ਦਾ

ਸੱਯਦ ਮਖ਼ਦੂਮ ਜਹਾਨੀਆਂ (੭੦੭ ਹਿ.-੮੮੦ ਹਿ.)

ਆਪ ਸੱਯਦ ਜਲਾਲੁਦੀਨ ਹੁਸੈਨ ਬੁਖ਼ਾਰੀ ਦੇ ਪੋਤੇ ਸਨ।

ਸਰਾ ਮਨ ਰਾ (ਸੁਰਾ ਮਨ ਰਾ)

ਬਗ਼ਦਾਦ ਦੇ ਨੇੜੇ ਇਕ ਪਿੰਡ ਜਾਂ ਸ਼ਾਹੀ ਮਹਿਲ ਸੀ ਜੋ ੮੩੬ ਈ. ਵਿਚ ਅੱਬਾਸੀਆਂ ਦਾ ਰਾਜ ਨਗਰ ਬਣਿਆ। ਪਹਿਲਾਂ ਇਥੇ ਮੁਅਤਾਸਮ ਬਿਲਾ, ਹਾਰੂੰ ਦੇ ਛੋਟੇ ਪੁਤਰ ਨੇ ੮੩੩ ਈ. ਵਿਚ ਆਪਣਾ ਮਹਿਲ ਬਣਾਇਆ ਸੀ।

ਸਲਜੂਕ

ਇਕ ਤੁਰਕ ਸਰਦਾਰ ਸੀ, ਜਿਸ ਨੇ ਸਲਜੂਕ ਵੰਸ ਦੀ ਨੀਹ ਰਖੀ। ਇਹ ਬੱਘੂ ਖਾਂ ਅਮੀਰ ਕਿਪਚਾਕ ਦੇ ਸਰਦਾਰ ਦਾ ਪੁਤਰ ਸੀ ਜੋ ਓਥੋਂ ਕਢਿਆ ਗਿਆ ਸੀ। ਇਸ ਨੇ ਇਸਲਾਮ ਕਬੂਲ ਕੀਤਾ। ਅਖੀਰ ਵਿਚ ਕਾਫ਼ਰਾਂ ਦੇ ਹਥੋਂ ਲੜਦਾ ਹੋਇਆ ਸ਼ਹੀਦ ਹੋਇਆ। ਇਸ ਨੇ ੧੦੭ ਸਾਲ ਦੀ ਉਮਰ ਭੋਗੀ। ਏਸ ਦਾ ਪੁਤਰ ਮੈਕਾਈਲ ਇਸ ਦੇ ਜੀਉਂਦਿਆਂ ਹੀ ਮਰ ਗਿਆ ਸੀ। ਏਸ ਦੇ ਪੋਤੇ ਤੁਗ਼ਰਲ ਅਤੇ ਜਾਅਫ਼ਰ ਸਨ। ਤੁਗ਼ਰਲ ਸ਼ਾਹੇ ਈਰਾਨ ਹੋਇਆ। ਤੁਗ਼ਰਲ ਤੇ ਜਾਅਫ਼ਰ ਨੇ ਮਹਿਮੂਦ ਗਜ਼ਨਵੀ ਦੀ ਨੌਕਰੀ ਕਰ ਲਈ ਸੀ ਪਰ ਮਸਊਦ ਪਹਿਲੇ ਦੇ ਸਮੇਂ ਵਿਚ ਆਕੀ ਹੋ ਕੇ ਨੈਸ਼ਾਪੁਰ ਵਿਚ ਅੱਡ ਰਾਜ ਕਾਇਮ ਕਰ ਲਿਆ ਸੀ। ਏਸ ਵੰਸ ਦੇ ਇਹ ਬਾਦਸ਼ਾਹ ਹੋਏ ਹਨ:-

੧–ਤੁਗ਼ਰਲ ਪਹਿਲਾ	੧੦੩੮ ਈ.–੧੦੬੩ ਈ.
੨–ਅਲਪ ਅਰਸਲਾਨ	੧੦੬੩ ,, –੧੦੭੨ ,,
੩–ਮਲਿਕ ਸ਼ਾਹ	੧੦੭੨ ,, –੧੦੯੨ ,,
੪–ਬਾਰਕਿਆਰੁਕ	੧੦੯੨ ,, –੧੧੦੪ ,,

ਇਸ ਦੇ ਸਮੇਂ ਰਾਜ ਦੇ ਤਿੰਨ ਟੋਟੇ ਹੋ ਗਏ। ਇਸ ਦਾ ਭਾਈ ਸ਼ਾਮ ਤੇ ਆਜ਼ਰਬਾਇਜਾਨ ਵਿਚ ਰਾਜ ਕਰਨ ਲੱਗਾ। ਸੁਲਤਾਨ ਸੰਜਰ ਖੁਰਾਸਾਂ ਅਤੇ ਮਾਵਰਾਉਨਹਿਰ ਵਿਚ ਰਾਜ ਕਰਨ ਲੱਗਾ।

੫–ਮੁਹੰਮਦ	੧੧੦੪ ਈ. –੧੧੧੮ ਈ.
੬–ਤੁਗ਼ਰਲ ਦੂਜਾ	੧੧੩੨ ,, –੧੧੩੪ ,,
੭–ਮਸਊਦ	੧੧੩੪ ,, – ੧੧੫੨ ,,
੮–ਅਰਸਲਾਂ ਸ਼ਾਹ	੧੧੫੨ ,, – ੧੧੭੬ ,,
੯–ਤੁਗ਼ਰਲ ਤੀਜਾ	੧੧੭੬ ,, – ੧੧੯੬ ,,

ਸਲਾਵੀ (ਸਕਾਲੀਆ)

ਆਰੀਆ ਨਸਲ ਦੀ ਇਕ ਕੌਮ ਹੈ ਜੋ ਯੂਰਪ ਦੇ ਪੂਰਬ ਤੇ ਦੱਖਣ ਵਿਚ ਵਸਦੀ ਹੈ । ਇਨ੍ਹਾਂ ਲੋਕਾਂ ਦੀ ਗਿਣਤੀ ੧੪ ਕਰੋੜ ਹੈ । ਇਨ੍ਹਾਂ ਦੇ ਤਿੰਨ ਗਰੋਹ ਹਨ । ੧–ਪੂਰਬੀ ਸਲਾਵ ਜਾਂ ਰੂਸੀ। ੨–ਉੱਤਰੀ-ਪੂਰਬੀ ਸਲਾਵ, ਜਿਨ੍ਹਾਂ ਵਿਚ ਪੋਲੈਂਡ ਵਾਲੇ ਤੇ ਸਲਾਵੋਕੀਆ ਦੇ ਲੋਕ ਸ਼ਾਮਲ ਹਨ । ੩–ਦੱਖਣੀ ਸਲਾਵ, ਇਨ੍ਹਾਂ ਵਿਚ ਸਰਵੀਆਲ, ਕਰੋਸ਼ੀਨ, ਬਗ਼ਾਰੀਆ ਤੇ ਸਲੋਵੀਨ ਸ਼ਾਮਲ ਹਨ ।

ਸਾਈਪਰਸ (Cyprus)

ਰੂਮ ਸਾਗਰ ਵਿਚ ਇਕ ਪਰਸਿਧ ਟਾਪੂ ਹੈ ਜੋ ਅੰਗਰੇਜ਼ਾਂ ਦੇ ਅਧੀਨ ਹੈ ।

ਸਾਸਾਨੀ ਸ਼ਾਹ (੨੨੬–੬੫੧ ਈ.)

ਇਹ ਈਰਾਨ ਦਾ ਸ਼ਾਹੀ ਵੰਸ ਸੀ ਜਿਸ ਦਾ ਮੁੱਢ ਅਰਦਸ਼ੀਰ ਬਾਬਕਾਂ ਨੇ ਰਖਿਆ ਸੀ । ਇਸ ਦੇ ਹੇਠ ਲਿਖੇ ਬਾਦਸ਼ਾਹ ਹੋਏ –

੧–ਅਰਦਸ਼ੀਰ	੨੨੬ ਈ.
੨–ਸ਼ਾਹਪੂਰ ਪਹਿਲਾ	੨੫੧ ,,
੩–ਹੁਰਮੁਜ਼ ਪਹਿਲਾ	੨੭੨ ,,
੪–ਬਹਿਰਾਮ	੨੭੩ ,,
੫–ਬਹਿਰਾਮ ਦੂਜਾ	੨੭੬ ,,
੬–ਬਹਿਰਾਮ ਤੀਜਾ	੨੯੩ ,,

੭–ਨਰਸੀ	੨੯੩ ਈ.
੮–ਹੁਰਮੁਜ਼ ਦੂਜਾ	੩੦੩ ,,
੯–ਸ਼ਾਹਪੁਰ ਦੂਜਾ	੩੧੦ ,,
੧੦–ਅਰਦਸ਼ੀਰ ਦੂਜਾ	੩੭੯ ,,
੧੧–ਅਰਦਸ਼ੀਰ ਤੀਜਾ	੩੮੩ ,,
੧੨–ਬਹਿਰਾਮ ਚੌਥਾ	੩੮੮ ,,
੧੩–ਯਜ਼ਦ ਗਿਰਦ ਪਹਿਲਾ	੪੦੪ ,,
੧੪–ਬਹਿਰਾਮ ਗੋਰ	੪੨੦ ,,
੧੫–ਯਜ਼ਦ ਗਿਰਦ ਦੂਜਾ	੪੪੮ ,,
੧੬–ਹੁਰਮੁਜ਼ ਤੀਜਾ	੪੫੭ ,,
੧੭–ਫ਼ੀਰੋਜ਼	੪੫੯ ,,
੧੮–ਪਲਾਸ਼	੪੮੪ ,,
੧੯–ਕੁਬਾਦ ਪਹਿਲਾ	੪੮੮ ,,
੨੦–ਨੌਸ਼ੀਰਵਾਂ	੫੩੧ ,,
੨੧–ਹੁਰਮੁਜ਼ ਚੌਥਾ	੫੭੯ ,,
੨੨–ਖੁਸਰੋ ਪਰਵੇਜ਼	੫੯੦ ,,
੨੩–ਸ਼ਿਰਵੀਆ	੬੨੮ ,,
੨੪–ਅਰਦਸ਼ੀਰ ਤੀਜਾ	੬੨੩ ,,
੨੫–ਸ਼ਹਿਰਯਾਰ	੬੩੦ ,,
੨੬–ਪੂਰਾਨ ਦੁਖ਼ਤ	੬੩੦ ,,
੨੭–ਅਜ਼ਾਸੀ ਦੁਖ਼ਤ	੬੩੧ ,,
੨੮–ਫ਼ਰੁਖ਼ ਜ਼ਾਦ	੬੩੧ ,,
੨੯–ਯਜ਼ਦ ਗਿਰਦ ਤੀਜਾ	੬੩੧-੬੫੨ ਈ.

ਯਜ਼ਦ ਗਿਰਦ ਤੀਜੇ ਨੂੰ ਅਰਬਾਂ ਨੇ ਕਾਦਸੀਆ ਦੀ ਜੰਗ, ੬੩੫ ਈ. ਵਿਚ ਹਾਰ ਦੇ ਕੇ ਸਾਸਾਨੀ ਵੰਸ ਦਾ ਖ਼ਾਤਮਾ ਕਰ ਦਿਤਾ। ਯਜ਼ਦ ਗਿਰਦ ੬੫੨ ਈ. ਤਕ ਜੀਉਂਦਾ ਰਿਹਾ।

ਸਾਮਰੀ

ਇਕ ਜਾਦੂਗਰ ਸੀ, ਜਿਸ ਨੇ ਹਜ਼ਰਤ ਮੂਸਾ ਦੇ ਸਮੇਂ ਇਕ ਵੱਛਾ ਬਣਾ ਕੇ ਹਜ਼ਰਤ ਦੀ ਗ਼ੈਰ ਹਾਜ਼ਰੀ ਵਿਚ ਯਹੂਦੀਆਂ ਤੋਂ ਉਸ ਦੀ ਪੂਜਾ ਕਰਵਾਈ ਸੀ।

ਸਾਮਾਨੀਆ ਵੰਸ

ਉਹ ਖ਼ਾਨਦਾਨ ਜਿਸ ਦਾ ਮੁੱਢ ਇਸਮਾਈਲ ਸਾਮਾਨੀ ਨੇ ਰਖਿਆ। ਏਸ ਦੇ ਇਹ ਬਾਦਸ਼ਾਹ ਹੋਏ।

੧ – ਇਸਮਾਈਲ	...	(੮੯੨ ਈ.)
੨ – ਅਹਿਮਦ	...	(੯੦੭ ਈ.)
੩ – ਨਸਰ	...	(੯੧੩ ਈ.)
੪ – ਨੂਹ ਪਹਿਲਾ	...	(੯੪੩ ਈ.)
੫ – ਅਬਦੁਲ ਮਲਕ ਪਹਿਲਾ	...	(੯੫੪ ਈ.)
੬ – ਮਨਸੂਰ ਪਹਿਲਾ	...	(੯੬੨ ਈ.)
੭ – ਨੂਹ ਦੂਜਾ	...	(੯੭੬ ਈ:)
੮ – ਮਨਸੂਰ ਦੂਜਾ	...	(੯੯੭ ਈ.)
੯ – ਅਬਦੁਲ ਮਲਕ ਦੂਜਾ	...	(੯੯੯ ਈ.)

ਮਹਿਮੂਦ ਨੇ ਇਸ ਖ਼ਾਨਦਾਨ ਦਾ ਅੰਤ ਕਰ ਦਿੱਤਾ। ਇਨ੍ਹਾਂ ਦਾ ਰਾਜ-ਨਗਰ ਬੁਖ਼ਾਰਾ ਸੀ।

ਸਾਮੀ

ਅਰਬੀ ਨਸਲ ਦੇ ਲੋਕ ਜਿਨ੍ਹਾਂ ਬਾਰੇ ਮੰਨਿਆਂ ਜਾਂਦਾ ਹੈ ਕਿ ਉਹ ਸਾਮ ਬਿਨ ਨੂਹ ਦੀ ਉਲਾਦ ਵਿਚੋਂ ਹਨ।

ਸਿਉਤੀ (੪੪੫ ਹਿ./੧੫੦੫ ਈ.)

ਅਬੁਲ ਫ਼ਜ਼ਲ ਅਬਦੁਰਹਿਮਾਨ ਬਿਨ ਅਬੀ ਬਕਰਿਲ ਖ਼ੁਸੈਰੀ ਮਿਸਰੀ ਅਰਬੀ ਲੇਖਕ, ੫੬੧ ਪੁਸਤਕਾਂ ਦਾ ਕਰਤਾ ਮੰਨਿਆ ਜਾਂਦਾ ਹੈ। ਪਰਸਿੱਧ ਰਚਨਾਵਾਂ, ਜਾਮਿਉਲਕਬੀਰ, ਜਮਿਉਂ ਸਗ਼ੀਰ, ਕਿਤਾਬੁਲ ਦੁਰਰਿਲ ਮਨਸੂਰ

ਤਰਜਮਾਨੁਲ ਕੁਰਾਨ ਆਦਿ ਹਨ ।

ਸਿਆਸਤਨਾਮਾ

ਨਿਜ਼ਾਮੁਲ ਮੁਲਕ ਵਜ਼ੀਰ ਮਲਿਕ ਸ਼ਾਹ ਸਲਜੂਕੀ ਦੀ ਪਰਸਿੱਧ ਪੁਸਤਕ ਹੈ। ਇਸ ਦੇ ੫੦ ਕਾਂਡ ਹਨ ਜਿਨ੍ਹਾਂ ਵਿਚ ਹਰ ਕਿਸਮ ਦੇ ਰਾਜ ਪਰਬੰਧ ਸਬੰਧੀ ਲਿਖਿਆ ਹੋਇਆ ਹੈ। ਇਹ ਪੁਸਤਕ ੧੦੯੧--੯੨ ਈ. ਵਿਚ ਮਲਿਕ ਸ਼ਾਹ ਦੀ ਫਰਮਾਇਸ਼ ਤੇ ਲਿਖੀ ਗਈ। ਇਸ ਦਾ ਸਟਾਈਲ ਸਾਦਾ ਹੈ ਅਤੇ ਇਹ ਫਾਰਸੀ ਵਾਰਤਕ ਦੀਆਂ ਵਧੀਆ ਪੁਸਤਕਾਂ ਵਿਚੋਂ ਹੈ ।

ਸ਼ਿਬਲੀ (੧੮੫੭-੧੯੧੪ ਈ.)

ਮੌਲਾਨਾ ਸ਼ਿਬਲੀ ਮੁਹੰਮਦ ਨੁਅਮਾਨੀ, ਉਰਦੂ ਲੇਖਕ ਤੇ ਇਤਿਹਾਸਕਾਰ ਸਨ। ਆਪ ਆਜ਼ਮਗੜ੍ਹ ਦੇ ਰਹਿਣ ਵਾਲੇ ਸਨ। ਕੁਝ ਸਮਾਂ ਸਰਕਾਰੀ ਨੌਕਰੀ ਕਰ ਕੇ ਅਲੀਗੜ੍ਹ ਕਾਲਜ ਵਿਚ ਪ੍ਰੋਫੈਸਰ ਬਣੇ। ਸੰਨ ੧੮੯੮ ਈ. ਵਿਚ ਆਪ ਹੈਦਰਾਬਾਦ ਗਏ। ੧੯੦੨ ਈ. ਵਿਚ ਨੁਦਵਾਤੁਲ-ਉਲਮਾ ਦੇ ਸਕੱਤਰ ਬਣੇ। ਆਪ ਨੇ ੨੦ ਦੇ ਨੇੜੇ ਪੁਸਤਕਾਂ ਲਿਖੀਆਂ ਹਨ। ਸੀਰਤੁੱਨਬੀ, ਸੀਰਤੁੱਨੁਅਮਾਨ, ਅਲ.ਫਾਰੂਕ, ਅਲ.ਗਜ਼ਾਲੀ, ਮੁਆਜ਼ਨਾ ਅਨੀਸੋ ਦਬੀਰ, ਸ਼ਿਅਰੁਲ ਅਜਮ ਪਰਸਿਧ ਰਚਨਾਵਾਂ ਹਨ ।

ਸਿਵਾਨੁਲ ਹਿਕਮਤ

ਇਸ ਦਾ ਫਾਰਸੀ ਅਨੁਵਾਦ ਦੁਰਾਤੁਲ ਅਖ਼ਬਾਰ-ਵ-ਲਮਆਤੁਲ ਅਨਵਾਰ ਹੈ, ਜੋ ਅਲੀ ਬਿਨ ਜ਼ੈਦ ਬਹਿਕੀ ਦੀ ਕਿਰਤ ਹੈ। ਇਸ ਵਿਚ ਵਡੇ ਵਡੇ ਮੁਸਲਮਾਨ ਆਲਮਾਂ ਦੀਆਂ ਜੀਵਨੀਆਂ ਦਿਤੀਆਂ ਹਨ ।

ਸਿਰੇ ਅਕਬਰ

ਦਾਰਾ ਸ਼ਿਕੋਹ ਦਾ ਯੋਗ ਵਸ਼ਿਸ਼ਟ ਦਾ ਤਰਜਮਾ ਹੈ ਜੋ ਵਿਦਾਂਤ ਸ਼ਾਸਤਰ ਦਾ ਇਕ ਪਰਸਿਧ ਗਰੰਥ ਹੈ। ਇਸ ਵਿਚ ਵੈਰਾਗ, ਮੁਕਤੀ ਸੰਸਾਰ-ਰਚਨਾ, ਮਨੁਖ ਜੀਵਨ ਆਦਿ ਦਾ ਵਰਨਣ ਕੀਤਾ ਗਿਆ ਹੈ ।

ਸ਼ੀਰਾਜ਼

ਫ਼ਾਰਸ ਦਾ ਇਕ ਸ਼ਹਿਰ ਹੈ ਜਿਥੋਂ ਦੇ ਦੋ ਪਰਸਿਧ ਫ਼ਾਰਸੀ ਕਵੀ ਸਆਦੀ ਤੇ ਹਾਫ਼ਿਜ਼ ਹੋਏ ਹਨ।

ਸੁਹਰਵਰਦੀ

ਸੁਹਰਵਰਦ ਈਰਾਨ ਦਾ ਇਕ ਸ਼ਹਿਰ ਹੈ। ਸੁਹਰਵਰਦੀ ਫਕੀਰਾਂ ਦਾ ਇਕ ਫਿਰਕਾ ਹੈ ਜੋ ਸ਼ਿਹਾਬੁਦੀਨ ਸੁਹਰਵਰਦੀ ਵਲ ਤਧੀਂਤ ਹੈ।

ਸੁਬਾਹਾਤੁਲ ਮਰਜਾਨ ਫ਼ੀ ਆਸਾਰ ਹਿੰਦੁਸਤਾਨ

ਇਹ ਮੌਲਾਨਾ ਅਲੀ ਖਿਲਗਰਾਮੀ ਦੀ ਹਿੰਦੁਸਤਾਨ ਦੀ ਪਰਸਿਧ ਤ਼ਾਰੀਖ਼ ਹੈ।

ਸੁਬੁਕਤਗੀਨ (੯੭੪-੯੯੯ ਈ.)

ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਪਿਤਾ ਦਾ ਨਾਂ ਸੀ ਜੋ ਅਲਪਤਗੀਨ ਪਿਛੋਂ ਗ਼ਜ਼ਨੀ ਦਾ ਬਾਦਸ਼ਾਹ ਬਣਿਆ।

ਸੁਲਤਾਨ ਅਬਦੁੱਰਸ਼ੀਦ ਗ਼ਜ਼ਨਵੀ (੧੦੫੩ ਈ.)

ਸੁਲਤਾਨ ਮਸਊਦ ਗ਼ਜ਼ਨਵੀ ਦਾ ਪੁਤਰ ਸੀ ਜੋ ਆਪਣੇ ਭਾਈ ਅਲੀ ਨੂੰ ਕੈਦ ਕਰ ਕੇ ੧੦੫੩ ਈ. ਵਿਚ ਤਖ਼ਤ ਤੇ ਬੈਠਾ। ਏਸ ਨੂੰ ਸਰਦਾਰ ਤੁਗ਼ਰਲ ਨੇ ਕਤਲ ਕਰ ਦਿਤਾ ਸੀ।

ਸੁਲਤਾਨ ਸਲਾਹੁਦੀਨ (੧੧੩੮-੧੧੯੩ ਈ.)

ਮਿਸਰ ਤੇ ਸ਼ਾਮ ਦਾ ਬਾਦਸ਼ਾਹ ਸੀ। ਇਸ ਨੇ ੧੧੬੬--੧੧੯੩ ਈ. ਵਿਚ ਈਸਾਈਆਂ ਨਾਲ ਲੜ ਕੇ ਯੋਰੋਸ਼ਲਮ ਫਤਿਹ ਕੀਤਾ। ਇਹ ਅਯੂਬੀ ਵੰਸ ਦਾ ਪਹਿਲਾ ਬਾਦਸ਼ਾਹ ਸੀ। ਰਿਚਰਡ ਸ਼ੇਰ-ਦਿਲ ਇਸ ਦੇ ਵਿਰੁਧ ਸਲੀਬੀ ਜੰਗ ਲੜਦਾ ਰਿਹਾ।

ਸੁਲਤਾਨ ਮਸਊਦ ਪਹਿਲਾ (੯੯੮-੧੦੪੧ ਈ.)

ਇਹ ਸੁਲਤਾਨ ਮਹਿਮੂਦ ਗ਼ਜ਼ਨਵੀ ਦਾ ਪੁਤਰ ਸੀ। ਇਹ ਆਪਣੇ ਭਾਈ ਮੁਹੰਮਦ ਨੂੰ ਅੰਨ੍ਹਾ ਕਰ ਕੇ ੧੦੩੧ ਈ. ਵਿਚ ਸੁਲਤਾਨ ਬਣਿਆ। ਇਹ

ਤੁਗ਼ਰਲ ਬੇਗ ਸਲਜੂਕੀ ਤੋਂ ਭਾਜ ਖਾ ਕੇ ਲਾਹੌਰ ਆਇਆ ਸੀ। ਇਸ ਨੂੰ ਫ਼ੌਜ ਨੇ ਕੈਦ ਕਰ ਕੇ ਮੁਹੰਮਦ ਨੂੰ ਬਾਦਸ਼ਾਹ ਬਣਾਇਆ।

ਸੁਲੇਮਾਨ ਬਿਨ ਅਬਦੁਲ ਮਲਿਕ (੭੧੪–੭੧੯ ਈ.)

ਖ਼ਾਨਦਾਨ ਉਮੱਯਾ ਦਾ ਸਤਵਾਂ ਖ਼ਲੀਫ਼ਾ ਸੀ ਜੋ ਆਪਣੇ ਭਾਈ ਵਲੀਦ ਪਹਿਲੇ ਦੇ ਪਿਛੋਂ ੭੧੪ ਈ. ਵਿਚ ਤਖ਼ਤ ਤੇ ਬੈਠਾ।

ਸੂਸੁਲ ਅਕਸਾ

ਮਰਾਕੂ (ਅਫਰੀਕਾ) ਵਿਚ ਇਕ ਇਲਾਕਾ ਹੈ।

ਸੂਡਾਨ

ਅਫ਼ਰੀਕਾ ਦਾ ਇਕ ਮੁਲਕ ਹੈ ਜੋ ਮਹਾਂ ਮਾਰੂ ਥਲ ਦੇ ਦੱਖਣ ਵਿਚ ਮਹਾਂ ਅੰਧ ਸਾਗਰ ਤੋਂ ਲਾਲ ਸਾਗਰ ਤਕ ਫੈਲਿਆ ਹੋਇਆ ਹੈ। ਖਰਤੂਮ ਇਸ ਦਾ ਰਾਜ-ਨਗਰ ਹੈ। ਸੂਦਾਨ ਅਰਬੀ ਸ਼ਬਦ ਹੈ ਜਿਸ ਦਾ ਅਰਥ ਹੈ 'ਕਾਲਿਆਂ ਦਾ ਮੁਲਕ'।

ਸ਼ੈਖ਼ ਜ਼ਕਰੀਆ ਮੁਲਤਾਨੀ (੧੧੭੦-੧੨੭੦ ਈ.)

ਸ਼ੈਖ਼ ਬਹਾਉਦੀਨ ਬਿਨ ਸ਼ੈਖ਼ ਵਜੀਹੁਦੀਨ ਇਕ ਪਰਸਿਧ ਮੁਸਲਮਾਨ ਵਲੀ ਹੋਏ ਹਨ। ਇਨ੍ਹਾਂ ਦਾ ਮੁਲਤਾਨ ਵਿਚ ਮਜ਼ਾਰ ਹੈ।

ਸ਼ੈਖੁਲ ਜਿਬਾਲ (ਹਸਨ ਬਿਨ ਸੱਬਾਹ) (੧੧੨੪ ਈ.)

ਇਹ ਇਸਮਾਈਲੀਆ ਸੰਪਰਦਾਇ ਦਾ ਬਾਨੀ ਸੀ। ਇਹ ਪਹਿਲਾਂ ਸੁਲਤਾਨ ਅਲਪ ਅਰਸਲਾਂ ਦਾ ਅਸਾ ਬਰਦਾਰ ਸੀ। ਇਸ ਦੇ ਵਜ਼ੀਰ ਨਿਜ਼ਾਮੁਲ ਮੁਲਕ ਨਾਲ ਝਗੜਾ ਕਰ ਕੇ ਆਪਣੇ ਵਤਨ 'ਰ' ਨੂੰ ਚਲਿਆ ਗਿਆ। ਫੇਰ ਸ਼ਾਮ ਜਾ ਕੇ ਇਸਮਾਈਲ ਬਿਨ ਇਮਾਮ ਜਾਅਫ਼ਰ ਸਾਦਿਕ ਦਾ ਮੁਰੀਦ ਹੋ ਗਿਆ। ਇਸ ਪਿਛੋਂ ਇਸ ਨੇ ਕਿਲਾ ਅਲਮੂਤ ਤੇ ਕਬਜ਼ਾ ਕਰ ਲਿਆ ਅਤੇ ਫਿਰਕਾ ਇਸਮਾਈਲੀਆ ਦਾ ਮੁਢ ਬਨ੍ਹਿਆ। ਇਸ ਦੇ ਪੁਤਰ ਕਾਹਿਰ ਸ਼ਾਹ ਦੇ ਸਮੇਂ ਹਲਾਕੂ ਖ਼ਾਨ ਨੇ ਅਲਮੂਤ ਨੂੰ ਜਿਤ ਲਿਆ ਤੇ ਇਸ ਸੰਪਰਦਾਇ ਨੂੰ ਨਸ਼ਟ ਕਰ ਦਿਤਾ।

ਹ

ਹਸਨ ਬਿਨ ਸੱਬਾਹ (੧੧੨੪ ਈ.)

ਵੇਖੋ ਸ਼ੈਖੁਲ ਜਿਬਾਲ।

ਹਜ਼ਰਤ ਉਮਰ (੫੮੨-੬੪੪ ਈ.)

ਉਮਰਬਿਨਿਲ ਖ਼ੱਤਾਬ, ਅਦੀ ਦੀ ਉਲਾਦ ਵਿਚੋਂ ਸਨ ਜੋ ਮਰਾ ਦਾ ਭਾਈ ਸੀ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਵਡੇਰਿਆਂ ਵਿਚੋਂ ਸੀ। ਹਜ਼ਰਤ ਉਮਰ ਨੇ ਨਬੀ ਸਾਹਿਬ ਦੀ ਨੁਬੁੱਵਤ ਦੇ ਛੇਵੇਂ ਸਾਲ ਇਸਲਾਮ ਕਬੂਲ ਕੀਤਾ। ਹਜ਼ਰਤ ਸਾਹਿਬ ਇਨ੍ਹਾਂ ਦੇ ਮੁਸਲਮਾਨ ਹੋਣ ਦੀ ਦੁਆ ਕੀਤਾ ਕਰਦੇ ਸਨ। ਇਹ ਬੜੇ ਬਾ-ਰਸੂਖ ਸ਼ਖ਼ਸ ਸਨ। ਇਨ੍ਹਾਂ ਦੇ ਮੁਸਲਮਾਨ ਹੋਣ ਤੇ ਮੁਸਲਮਾਨਾਂ ਨੇ ਖੁਲਮਖੁਲਾ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਆਪ ਹਜ਼ਰਤ ਅਬੂ ਬਕਰ ਦੇ ਮਰਨ ਪਿਛੋਂ ੬੩੪ ਈ. ਵਿਚ ਖ਼ਲੀਫ਼ਾ ਮੁਕਰਰ ਹੋਏ। ਇਨ੍ਹਾਂ ਦੇ ਸਮੇਂ ਇਰਾਕ, ਸ਼ਾਮ, ਈਰਾਨ ਤੇ ਮਿਸਰ ਫ਼ਤਿਹ ਹੋਏ। ਆਪ ਨੇ ਅਮੀਰੁਲ ਮੋਮਨੀਨ ਦਾ ਲਕਬ ਅਖ਼ਤਿਆਰ ਕੀਤਾ। ਇਨ੍ਹਾਂ ਦੇ ਸਮੇਂ ਬੈਤੁਲ ਮਾਲ, ਕਜ਼ਾ, ਫ਼ੌਜੀ ਦਫ਼ਤਰ, ਦਫ਼ਤਰ ਮਾਲ, ਮਹਿਕਮਾ ਪੁਲਸ, ਸੀਮਾ, ਨਹਿਰ ਅਤੇ ਮਹਿਕਮਾ ਜੇਲ੍ਹ ਵਜੂਦ ਵਿਚ ਆਏ। ਆਪ ਨੇ ਅਦਾਲਤਾਂ ਦੀ ਤਰਤੀਬ ਕੀਤੀ ਤੇ ਸੰਨ ਹਿਜਰੀ ਚਾਲੂ ਕੀਤਾ। ਆਪ ਇਸਲਾਮ ਦੇ ਹੀਰੋ ਅਖਵਾਉਂਦੇ ਹਨ। ਇਕ ਪਾਰਸੀ ਗੁਲਾਮ ਨੇ ਆਪ ਨੂੰ ਸੰਨ ੬੪੪ ਈ. ਵਿਚ ਕਤਲ ਕਰ ਦਿਤਾ।

ਹਜ਼ਰਤ ਅਲੀ (੫੯੯-੬੬੧ ਈ.)

ਅਬੁਲ ਹਸਨ ਅਬੂ ਤਰਾਬ ਬਿਨ ਅਬੂ ਤਾਲਿਬ ਬਿਨ ਅਬਦੁਲਮੁਤੱਲਬ। ਆਪ ਦੇ ਅਲਕਾਬ ਮੁਰਤਜ਼ਾ, ਅਸਦੁੱਲਾ, ਸ਼ਾਹ ਮਰਦਾਂ, ਹੈਦਰੇ ਕੱਰਾਰ, ਸ਼ੇਰੇ ਖ਼ੁਦਾ ਆਦਿ ਹਨ। ਆਪ ਹਜ਼ੂਰ ਦੇ ਚਾਚੇ ਦੇ ਪੁਤਰ ਭਰਾ ਤੇ ਦਾਮਾਦ ਸਨ। ਆਪ ਨੇ ੧੪ ਸਾਲ ਦੀ ਉਮਰ ਵਿਚ ਇਸਲਾਮ ਕਬੂਲ ਕੀਤਾ। ਹਿਜਰਤ ਵਾਲੀ ਰਾਤ ਆਪ ਹਜ਼ੂਰ ਦੇ ਮੰਜੇ ਤੇ ਸੌਂ ਗਏ। ਫੇਰ ਕੁਝ ਦਿਨਾਂ ਪਿਛੋਂ ਮਦੀਨੇ ਆਪ ਜੀ ਦੇ ਪਾਸ ਚਲੇ ਗਏ, ਉਥੇ ਪਹੁੰਚਣ ਪਿਛੋਂ ਆਪ ਦੀ ਸ਼ਾਦੀ ਬੀਬੀ ਫ਼ਾਤਮਾ ਨਾਲ ਹੋਈ। ਅਕਸਰ ਜੰਗਾਂ ਵਿਚ ਆਪ ਮੁਹੰਮਦ

ਸਾਹਿਬ ਦੇ ਨਾਲ ਰਹੇ। ਆਪ ਨੇ ਖ਼ੈਬਰ ਫ਼ਤਿਹ ਕੀਤਾ। ੬੫੬ ਈ. ਵਿਚ ਆਪ ਹਜ਼ਰਤ ਉਸਮਾਨ ਦੇ ਸ਼ਹੀਦ ਹੋਣ ਪਿਛੋਂ ਖ਼ਲੀਫ਼ਾ ਬਣੇ। ਰਹਿਮਾਨ ਬਿਨ ਮੁਲਜ਼ਮ ਨੇ ਆਪ ਨੂੰ ਸ਼ਹੀਦ ਕਰ ਦਿਤਾ। ਆਪ ਦਾ ਮਜ਼ਾਰ ਨਜ਼ਫ਼ ਵਿਚ ਹੈ।

ਹਜ਼ਰਤ ਆਦਮ

ਸਭ ਤੋਂ ਪਹਿਲੇ ਇਨਸਾਨ ਸਨ ਜਿਨ੍ਹਾਂ ਤੋਂ ਆਦਮੀ ਦੀ ਨਸਲ ਚੱਲੀ। ਯਹੂਦੀਆਂ ਦੇ ਹਿਸਾਬ ਅਨੁਸਾਰ ਹਜ਼ਰਤ ਆਦਮ ਦਾ ਜਨਮ ੩੭੬੧ ਸਾਲ ਈ. ਪੂ. ਸਵੇਰੇ ਪੰਜ ਵਜੇ ਹੋਇਆ। ਹੁਣ ੧੯੫੪ ਵਿਚ ੫੭੧੫ ਸਾਲ ਹੁੰਦੇ ਹਨ, ਪਰ ਮਿਸਰ ਵਿਚੋਂ ਜੋ ਲਾਸ਼ਾਂ ਨਿਕਲੀਆਂ ਹਨ, ਉਹ ਛੇ ਹਜ਼ਾਰ ਸਾਲ ਈ. ਪੂ. ਦੀਆਂ ਦਸੀਦੀਆਂ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਦੁਨੀਆਂ ਏਸ ਤੋਂ ਵੀ ਪਹਿਲਾਂ ਆਬਾਦ ਸੀ।

ਹਜ਼ਰ ਮੌਤ

ਅਰਬ ਦੇ ਦੱਖਣ ਵਿਚ ਇਕ ਸੂਬਾ ਹੈ ਜੋ ਅਮਾਨ ਤੇ ਯਮਨ ਦੇ ਵਿਚਕਾਰ ਹੈ।

ਹਜ਼ਕਿਆਲ ਨਬੀ (੫੯੮ ਈ. ਪੂ.)

ਇਕ ਯਹੂਦੀ ਪੈਗ਼ੰਬਰ ਸਨ ਜਿਨ੍ਹਾਂ ਦਾ ਜ਼ਿਕਰ ਤੌਰੈਤ ਵਿਚ ਆਇਆ ਹੈ।

ਹਜਾਜ (੬੬੧-੭੧੪ ਈ.)

ਬਿਨ ਯੂਸਫ਼ ਸਕਫ਼ੀ, ਖ਼ਲੀਫ਼ਾ ਅਬਦੁਲ ਮਲਿਕ ਦੇ ਸਮੇਂ ਅਰਬ ਤੇ ਇਰਾਕ ਦਾ ਗਵਰਨਰ ਸੀ। ਇਸ ਨੇ ੬੯੩ ਈ. ਵਿਚ ਅਬਦੁੱਲਾ ਬਿਨ ਜ਼ੁਬੈਰ ਨੂੰ ਕਤਲ ਕਰਨ ਪਿਛੋਂ ਕਾਬੇ ਨੂੰ ਢਾਹ ਕੇ ਅਸਲ ਰੂਪ ਵਿਚ ਬਣਾਇਆ। ਇਹ ਬਹੁਤ ਜ਼ਾਲਮ ਸੀ। ਏਸ ਨੇ ੧,੨੦,੦੦੦ ਆਦਮੀ ਕਤਲ ਕੀਤੇ ਸਨ। ਏਸ ਦੀ ਮਿਰਤੂ ਸਮੇਂ, ਜੋ ਖ਼ਲੀਫ਼ਾ ਵਲੀਦ ਦੇ ਸਮੇਂ ਹੋਈ, ਪੰਜ੍ਹਾ ਹਜ਼ਾਰ ਆਦਮੀ ਜੇਲ੍ਹ ਵਿਚ ਸਨ।

ਹਦੀਸ

ਇਸ ਗਲ ਦੀ ਰਵਾਇਤ ਨੂੰ ਜੋ ਮੁਹੰਮਦ ਸਾਹਿਬ ਨੇ ਆਪ ਆਖੀ ਜਾਂ ਉਹ ਕੰਮ ਜੋ ਆਪ ਕੀਤਾ ਜਾਂ ਉਹ ਕੰਮ ਜੋ ਆਪ ਦੇ ਸਾਹਮਣੇ ਹੋਇਆ ਅਤੇ ਜਾਂ ਆਪ ਨੇ ਰੋਕਿਆ ਨਹੀਂ, ਹਦੀਸ ਆਖਦੇ ਹਨ।

ਹਨਫ਼ੀ

ਇਮਾਮ ਅਬੂ ਹਨੀਫ਼ਾ ਦਾ ਪੈਰੋ। ਵੇਖੋ ਅਬੂ ਹਨੀਫ਼ਾ।

ਹਬਸ਼ (ਐਬੇਸੀਨੀਆ)

ਅਫ਼ਰੀਕਾ ਦਾ ਇਕ ਮੁਲਕ ਜੋ ਸੂਡਾਨ ਦੇ ਦੱਖਣ ਵਿਚ ਹੈ। ਅਦੀਸ-ਅਬਾਬ ਇਸ ਦਾ ਰਾਜ-ਨਗਰ ਹੈ।

ਹੰਬਲੀ

ਇਮਾਮ ਹੰਬਲ (੭੮੦-੮੫੫ ਈ.) ਦੇ ਪੈਰੋ ਨੂੰ ਕਹਿੰਦੇ ਹਨ। ਇਮਾਮ ਅਹਿਮਦ ਬਿਨ ਮੁਹੰਮਦ ਬਿਨ ਹੰਬਲ, ਸੁੰਨੀਆਂ ਦੇ ਚਾਰ ਵੱਡੇ ਇਮਾਮਾਂ ਵਿਚੋਂ ਚੌਥੇ ਸਨ, ਜਿਨ੍ਹਾਂ ਨੇ ਹੰਬਲੀ ਸੰਪਰਦਾਇ ਦਾ ਮੁਢ ਬਧਾ ਸੀ। ਇਨ੍ਹਾਂ ਨੂੰ ਇਕ ਲਖ ਹਦੀਸਾਂ ਯਾਦ ਸਨ। ਉਨ੍ਹਾਂ ਦੀਆਂ ਕਿਰਤਾਂ ਸਨਦ ਹਨ। ਅਲਮੁਕਤਦਰ ਦੇ ਸਮੇਂ ਹੰਬਲੀ ਸੰਪਰਦਾਇ ਦਾ ਬੜਾ ਜ਼ੋਰ ਸੀ। ਆਪ ਬਗ਼ਦਾਦ ਵਿਚ ਫ਼ੌਤ ਹੋਏ। ਇਨ੍ਹਾਂ ਦੇ ਜਨਾਜ਼ੇ ਦੇ ਨਾਲ ੮ ਲਖ ਆਦਮੀ ਸਨ, ਜਿਨ੍ਹਾਂ ਵਿਚ ੬੦ ਹਜ਼ਾਰ ਔਰਤਾਂ ਸਨ।

ਹਬੀਬੁੱਸਿਅਰ

ਖ਼ੁੰਦ ਮੀਰ ਦੀ ਕ੍ਰਿਤ, ਹਬੀਬੁੱਸਿਅਰ, ੧੫੨੩ ਈ. ਵਿਚ ਲਿਖੀ ਗਈ ਸੀ। ਖ਼ੁੰਦ ਮੀਰ, ਮੀਰ ਅਖ਼ੁੰਦ ਦਾ ਪੋਤਾ ਸੀ ਜੋ ਅਲੀ ਸ਼ੇਰ ਨਵਾਈ ਦਾ ਪਾਲਕ ਸੀ। ਖ਼ੁੰਦ ਮੀਰ ੧੫੩੪-੩੫ ਈ: ਵਿਚ ਮਰਿਆ। ਇਸ ਦਾ ਖ਼ੁਲਾਸਾਤੁਲ ਅਖ਼ਬਾਰ ਰੌਜ਼ਾਤੁਲ ਸਫ਼ਾ ਦਾ ਖ਼ੁਲਾਸਾ ਹੈ।

ਹਮਜ਼ਾ (੬੨੫ ਈ.)

ਹਮਜ਼ਾ ਬਿਨ ਅਬਦੁਲ ਮੁਤੱਲਬ, ਪੈਗ਼ੰਬਰ ਸਾਹਿਬ ਦੇ ਚਾਚਾ ਸਨ। ਰਸਾਲਤ ਦੇ ਦੂਜੇ ਸਾਲ ਈਮਾਨ ਲਿਆਏ ਅਤੇ ਹਿਜਰਤ ਕਰ ਕੇ ਮਦੀਨੇ ਚਲੇ ਗਏ। ਪੈਗ਼ੰਬਰ ਸਾਹਿਬ ਨੇ ਉਨ੍ਹਾਂ ਨੂੰ ਅਸੱਦੁਲਾ ਦਾ ਖ਼ਿਤਾਬ ਦਿੱਤਾ। ਆਪ ਇਸਲਾਮ ਦੇ ਪਹਿਲੇ ਅਲਮਬਰਦਾਰ ਸਨ। ਜੰਗੇ ਉਹਦ ਵਿਚ ਸ਼ਹੀਦ ਹੋਏ।

ਹਮਜ਼ਾ ਇਸਫ਼ਹਾਨੀ (੯੦੦-੯੭੧ ਈ.)

ਅਬੂ ਅਬਦੁੱਲਾ ਬਿਨਲ ਹਸਨ ਪਰਸਿੱਧ ਇਤਿਹਾਸਕਾਰ ਤੇ ਕੋਸ਼ਕਾਰ ਸੀ। ਇਹ ੧੨ ਕਿਤਾਬਾਂ ਦਾ ਕਰਤਾ ਹੈ ਜਿਨ੍ਹਾਂ ਵਿਚੋਂ ਕਿਤਾਬੁਲ ਅਮਸਾਲ ਅਲਿਲ ਅਫ਼ਆਲ ਪਰਸਿੱਧ ਹੈ। ਇਨ੍ਹਾਂ ਨੇ ਤਾਰੀਖ਼ੇ ਮੁਲੂਕੁ ਅਰਜ਼ ਤੇ ਤਾਰੀਖ਼ੇ ਖੁਰਾਸਾਂ ਵੀ ਲਿਖੀ ਹੈ।

ਹਮਦੁੱਲਾ ਮਸਤੌਫ਼ੀ (੧੩੪੯ ਈ.)

ਬਿਨ ਅਬੂਬਕਰ ਅਲਕਜ਼ਵੀਨੀ, ਇਕ ਈਰਾਨੀ ਲੇਖਕ ਹੈ। ਤਾਰੀਖ਼ੇ ਗੁਜ਼ੀਦਾ ਜ਼ਫ਼ਰ-ਨਾਮਾ ਅਤੇ ਨੁਜ਼ਹਤੁਲ ਕੁਲੂਬ ਇਨ੍ਹਾਂ ਦੀਆਂ ਪਰਸਿੱਧ ਰਚਨਾਵਾਂ ਹਨ। ਤਾਰੀਖ਼ ਗੁਜ਼ੀਦਾ ੧੩੩੦ ਈ. ਵਿਚ ਲਿਖੀ ਗਈ ਸੀ।

ਹਲਾਕੂ ਖਾਂ (੧੨੫੬-੧੨੬੫ ਈ.)

ਪੁਤਰ ਤੂਲੀ ਖਾਂ ਪੁਤਰ ਚੰਗੇਜ਼ ਖਾਂ ਇਸ ਨੇ ੧੨੫੬ ਈ. ਵਿਚ ਖਾਨ ਆਜ਼ਮ ਦੇ ਹੁਕਮ ਨਾਲ ਇਸਮਾਈਲੀ ਫ਼ਿਰਕੇ ਦਾ ਮਲੀਆ ਮੇਟ ਕੀਤਾ। ਇਸ ਨੇ ੧੨੫੮ ਈ. ਵਿਚ ਬਗ਼ਦਾਦ ਫ਼ਤਿਹ ਕੀਤਾ ਤੇ ਅੱਬਾਸੀਆ ਵੰਸ ਦਾ ਖ਼ਾਤਮਾ ਕਰ ਦਿੱਤਾ ਤੇ ਈਰਾਨ ਵਿਚ ਈਲਖਾਨੀ ਵੰਸ ਦਾ ਮੁੱਢ ਬੰਨ੍ਹਿਆ।

ਹਾਕਿਮ ਬ-ਅਮਰਿੱਲਾ (੯੯੬ ਈ.)

ਛੇਵਾਂ ਫ਼ਾਤਮੀ ਖ਼ਲੀਫ਼ਾ ਹੋਇਆ ਹੈ ਜਿਸ ਨੇ ਸ਼ਾਮ ਦੇਸ ਵਿਚ ਦੁਰੂਜ਼ੀ ਪਰਮਪਰਾ ਚਲਾਈ।

ਹਿਜਾਜ਼

ਅਰਬ ਦਾ ਇਕ ਸੂਬਾ ਹੈ ਜਿਸ ਵਿਚ ਮੱਕਾ, ਮਦੀਨਾ, ਜੱਦਾ ਆਦਿ ਸ਼ਹਿਰ ਹਨ। ਇਹ ਯਮਨ ਦੇ ਉੱਤਰ ਵਿਚ ਬੁਹੈਰਾ ਕੁਲਜ਼ੁਮ ਦੇ ਕੰਢੇ ਹੈ।

ਹੈਨੀਬਾਲ (Hannibal) **(੨੪੭–੧੮੩ ਈ. ਪੂ.)**

ਇਹ ਹਮਿਲਕਾਰ ਬਾਰਕਾ (Hamilcar Barca) ਦਾ ਪੁਤਰ ਸੀ। ਇਹ ਕਾਰਥਿਜੀ ਜਰਨੈਲ ਸੀ ਜੋ ਰੋਮਨਾਂ ਦਾ ਸਭ ਤੋਂ ਵੱਡਾ ਦੁਸ਼ਮਨ ਸੀ।

ਹੁਸੈਨ ਬਿਨ ਮਨਸੂਰ ਹੱਲਾਜ (੯੧੯ ਈ.)

ਖ਼ਲੀਫ਼ਾ ਮੁਕਤਦਰ ਦੇ ਸਮੇਂ ਅਨਲਹਕ ਕਹਿਣ ਦੀ ਸਜ਼ਾ ਵਿਚ ਕਤਲ ਕੀਤਾ ਗਿਆ ਸੀ।

ਹੁਰਮੁਜ਼

ਫ਼ਾਰਸ ਖਾੜੀ ਵਿਚ ਇਕ ਟਾਪੂ ਤੇ ਸ਼ਹਿਰ ਹੈ।

ਕ

ਕਹਤਾਨੀ

ਕਹਤਾਨੀ ਇਕ ਯਮਨੀ ਕਬੀਲਾ ਹੈ। ਇਹ ਲੋਕ ਸਾਮ ਪੁਤਰ ਨੂਹ ਦੀ ਉਲਾਦ ਵਿਚੋਂ ਹਨ।

ਕਹਤਾਨ ਬਿਨ ਆਮਿਰ ਬਿਨ ਸਾਲਿਹ ਇਸ ਕਬੀਲੇ ਦਾ ਵਡੇਰਾ ਸੀ।

ਕਜ਼ਵੀਨੀ (ਅਲਕਜ਼ਵੀਨੀ) (੧੨੦੩-੧੨੮੩ ਈ.)

ਅਬੂ ਯਹੱਯਾ ਜ਼ਕਰੀਆ ਬਿਨ ਮੁਹੰਮਦ ਵਾਸਿਤ ਦਾ ਕਾਜ਼ੀ ਸੀ। ਇਹ ਅਜਾਇਬੁਲ ਮਖ਼ਲੂਕਾਤ, ਅਜਾਇਬੁਲ ਬੁਲਦਾਨ ਤੇ ਆਸਾਰੁਲ ਬਿਲਾਦ ਦਾ ਕਰਤਾ ਹੈ।

ਕ਼ਤੀਫ਼

ਇਰਾਕ ਦੀ ਇਕ ਪੁਰਾਣੀ ਬੰਦਰਗਾਹ ਹੈ।

ਕਨਆਨ

ਕਨਆਨ ਫ਼ਲਿਸਤੀਨ ਦਾ ਪੁਰਾਣਾ ਨਾਂ ਹੈ। ਯੂਸਫ਼ ਪੈਗ਼ੰਬਰ ਕਨਆਨ ਦੇ ਰਹਿਣ ਵਾਲੇ ਸਨ।

ਕਲਦਾਨੀ (Chaldean)

ਕਾਲਦੀਆ (ਫ਼ੁਰਾਤ ਦਰਿਆ ਦੇ ਕੰਢੇ ਅਤੇ ਫ਼ਾਰਸ ਖਾੜੀ ਤੇ ਏਸ਼ੀਆ ਦਾ ਇਕ ਪੁਰਾਣਾ ਮੁਲਕ ਹੈ ਜਿਸ ਨੂੰ ਅਜ ਕਲ ਇਰਾਕ ਆਖਦੇ ਹਨ) ਦੇ ਵਸਨੀਕ ਨੂੰ ਕਲਦਾਨੀ ਕਹਿੰਦੇ ਹਨ।

ਕਲਪ

ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇਕ ਦਿਨ ਜੋ ੪੩੨੦,੦੦੦੦੦੦ ਵਰ੍ਹੇ ਦਾ ਹੁੰਦਾ ਹੈ। ਮੱਕੇ ਦੀ ਗੋਸ਼ਟ ਵਿਚ ਕਲਪ ਦੀ ਇਕ ਅਣੋਖੀ ਕਲਪਣਾ ਹੈ ਕਿ ਕਲਪ ਬਿਰਛ ਦਾ ਇਕ ਪਤਾ ਝੜਨ ਤੋਂ ਕਲਪ ਅਤੇ ਸਾਰੇ ਪੱਤੇ ਝੜਨ ਤੋਂ ਮਹਾਕਲਪ (ਪ੍ਰਲੈ) ਹੁੰਦੀ ਹੈ। ਬ੍ਰਹਮਾ ਜੀ ਦਾ ਇਕ ਦਿਨ ਜਿਸ ਦੇ ਚਾਰ ਯੁਗ ਹੁੰਦੇ ਹਨ ਅਤੇ ਧਰਤੀ ਦੇ ਚਾਰ ਅਰਬ ਬੱਤੀ ਕਰੋੜ ਦਿਨਾਂ ਦੇ ਬਰਾਬਰ ਹੁੰਦਾ ਹੈ, ਅਜੇਹੇ ੩੦ ਕਪਲਾਂ ਦਾ ਬ੍ਰਹਮਾ ਜੀ ਦਾ ਇਕ ਮਹੀਨਾ, ਅਤੇ ਬਾਰਾਂ ਮਹੀਨਿਆਂ ਦਾ ਇਕ ਸਾਲ ਹੁੰਦਾ ਹੈ ਅਤੇ ਅਜੇਹੇ ਸੌ ਸਾਲਾਂ ਦੀ ਬ੍ਰਹਮਾ ਦੀ ਉਮਰ ਹੈ। ਇਸ ਹਿਸਾਬ ਬ੍ਰਹਮਾ ਹੁਣ ੫੦ ਸਾਲ ਦੇ ਕਲਪੇ ਜਾਂਦੇ ਹਨ।

ਕਲਬ

ਇਕ ਅਰਬ ਕਬੀਲਾ ਹੈ।

ਕਲ਼ੀਲਾ ਵਾ ਦਿਮਨਾ

ਅਰਬੀ ਦੀ ਪਰਸਿੱਧ ਕਿਤ੍ਾਬ ਹੈ ਜੋ ਪੰਜ ਤੰਤ੍ਰ ਦਾ ਤਰਜਮਾ ਹੈ। ਪੰਜ ਤੰਤਰ ਪਹਿਲਾਂ ਨੌਸ਼ੀਰਵਾਂ ਦੇ ਸਮੇਂ ਬਿਰਜ਼ੂਆ ਹਕੀਮ ਨੇ ਪਹਿਲਵੀ ਵਿਚ ਤਰਜਮਾਇਆ। ਫੇਰ ਪਹਿਲਵੀ ਤੋਂ ਇਬਨ ਮੁਕੱਫਾ ਨੇ ਅਰਬੀ ਵਿਚ ਉਲਥਾਇਆ। ਅਰਬੀ ਤੋਂ ਫੇਰ ਸੁਰਿਆਨੀ ਅਤੇ ਹੋਰ ਦੁਨੀਆ ਦੀਆਂ

ਭਾਸ਼ਾਂ ਵਿਚ ਤਰਜਮਾ ਹੋਇਆ। ਕਲੀਲਾ ਵਾ ਦਿਮਨਾ, ਬਹਿਰਾਮ ਸ਼ਾਹੀ, ਅਨਵਾਰ ਸੁਹੇਲੀ, ਬਹਾਰ ਦਾਨਿਸ਼ ਇਸੇ ਦੇ ਫ਼ਾਰਸੀ ਤਰਜਮੇ ਹਨ।

ਕਰਮਤ

ਅਬੂਜ਼ਰ ਦੀ ਅੱਲ ਹੈ ਜੋ ਕਰਮਤੀ ਫਿਰਕੇ ਦਾ ਮੋਢੀ ਸੀ। ਏਸ ਫਿਰਕੇ ਦਾ ਮੁਢ ੮੯੧ ਈ. ਵਿਚ ਰਖਿਆ ਗਿਆ ਸੀ। ਕਰਮਤ ਦੇ ਸ਼ਬਦਾਰਥ ਠਿੰਗਣੇ ਦੇ ਹਨ।

ਕਰਮਤੀ

ਅਬੂਜ਼ਰ ਦੀ ਚਲਾਈ ਇਕ ਸੰਪਰਦਾਇ ਸੀ ਜਿਸ ਦੀ ਨੀਂਹ ੮੯੧ ਈ. ਵਿਚ ਰਖੀ ਗਈ ਸੀ।

ਕਰਾਮਤਾ

ਅਬੂਜ਼ਰ ਕਰਮਤ ਦੀ ਚਲਾਈ ਇਕ ਸੰਪਰਦਾਇ ਹੈ। ਇਹ ਲੋਕ ਇਸਮਾਈਲੀ ਹੁੰਦੇ ਹਨ।

ਕਰੀਟ (Crete)

ਰੂਮ ਸਾਗਰ ਵਿਚ ਇਕ ਯੂਨਾਨੀ ਟਾਪੂ ਹੈ ਜਿਸ ਦਾ ਰਾਜਨਗਰ ਕੈਂਡੀਆ ਹੈ। ਅਰਬ ਇਸ ਨੂੰ ਕੁਬਰਸ ਆਖਦੇ ਹਨ।

ਕਾਅਬ

ਬਿਨ- ਲੋਈ- ਬਿਨ- ਗਾਲਿਬ- ਬਿਨ- ਫ਼ਹਿਰ- ਬਿਨ- ਮਾਲਿਕ- ਬਿਨ- ਨਜ਼ਰ- ਬਿਨ ਕਨਾਨਾ। ਹਜ਼ਰਤ ਮੁਹੰਮਦ ਸਾਹਿਬ ਦੇ ਅਠਵੀਂ ਪੀੜ੍ਹੀ ਵਿਚ ਦਾਦਾ ਲਗਦੇ ਸਨ। ਪੂਰਾ ਕੁਰਸੀ ਨਾਮਾ ਇਉਂ ਹੈ।

ਮੁਹੰਮਦ
|
ਅਬਦੁਲਾ
|

ਅਬਦੁਲ ਮੁੱਤਲਬ
|
ਹਾਸ਼ਮ
|
ਅਬਦਮੁਨਾਫ਼
|
ਕਸਾ
|
ਕਲਾਬ
|
ਮੁੱਰਾ
|
ਕਾਅਬ
|
ਲੋਈ

ਕਾਸ਼ਗਰ

ਤੂਰਾਨ ਵਿਚ ਇਕ ਸ਼ਹਿਰ ਹੈ। ਇਹ ਪੰਜਵੀਂ ਵਿਲਾਇਤ ਵਿਚ ਵਾਕਿਆ ਹੈ। ਤੂਰਾਨ ਤੁਰਕਿਸਤਾਨ ਤੇ ਚੀਨ ਦੇ ਵਿਚਕਾਰ ਹੈ।

ਕਾਨੂੰਨੇ ਮਸਊਦੀ

ਅਲਬੈਰੂਨੀ ਦੀ ਪਰਸਿਧ ਪੁਸਤਕ ਹੈ ਜੋ ਮਸਊਦ ਅੱਵਲ (੯੯੮–੧੦੪੧ ਈ.) ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਪੁਤਰ ਦੇ ਨਾਂ ਸਮਰਪਣ ਕੀਤੀ ਹੋਈ ਹੈ। ਇਸ ਦੀ ਹੱਥ-ਲਿਖਤ ਕਾਪੀ ਅਲੀਗੜ੍ਹ ਲਾਇਬਰੇਰੀ ਵਿਚ ਹੈ।

ਕਾਰਥਿਜ

ਬਿਨਗਾਜ਼ੀ ਦੇ ਨੇੜੇ ਇਕ ਫ਼ਨੀਕੀ ਵਸਤੀ ਸੀ ਜਿਸ ਨੂੰ ਹੈਨੀਬਾਲ ਦੀ ਹਾਰ ਦੇ ਪਿਛੋਂ ਰੋਮਨਾਂ ਨੇ ਤਬਾਹ ਕਰ ਦਿਤਾ ਸੀ।

ਕਾਵਿਆਨੀ ਪ੍ਰੈਸ (ਬਰਲਨ)

੧੯੧੬-੧੯੧੯ ਈ. ਈਰਾਨ ਵਿਚ ਜਰਮਨ ਪਰਾਪੇਗੰਡੇ ਲਈ ਬਰਲਨ ਤੋਂ ਕਾਵਾ ਰਸਾਲਾ ਕਢਿਆ ਗਿਆ ਸੀ। ਇਹ ਰਸਾਲਾ ੨੫ ਜਨਵਰੀ ੧੯੧੬ ਤੋਂ ੧੫ ਅਗਸਤ ੧੯੧੯ ਤਕ ਮਹੀਨੇ ਵਿਚ ਦੋ ਵਾਰ ਛਪਦਾ ਰਿਹਾ। ਕੋਈ ਸਾਢੇ ੫ ਮਹੀਨੇ ਬੰਦ ਰਹਿ ਕੇ ਇਹ ਰਸਾਲਾ ਫੇਰ ੨੦ ਜਨਵਰੀ ੧੯੨੦ ਨੂੰ ਨਿਕਲਣਾ ਸ਼ੁਰੂ ਹੋਇਆ। ਫੇਰ ਇਸ ਵਿਚ ਰਾਜਸੀ ਮਜ਼ਮੂਨਾਂ ਨੂੰ ਛਡ ਕੇ ਸਹਾਇਤਕ ਮਜ਼ਮੂਨ ਨਿਕਲਣ ਲਗ ਪਏ ਸਨ। ਇਸ ਦਾ ਉੱਦੇਸ਼ ਈਰਾਨ ਵਿਚ ਯੂਰਪੀ ਸਭਿਅਤਾ ਨੂੰ ਉੱਨਤ ਕਰਨਾ ਸੀ। ਇਹ ਪਰਚਾ ਜੂਨ ੧੯੨੨ ਵਿਚ ਬੰਦ ਹੋ ਗਿਆ।

ਕਿਤਾਬੁਲ ਹਿੰਦ

ਹਿੰਦੁਸਤਾਨ ਬਾਰੇ ਅਲ ਬੈਰੂਨੀ ਦੀ ਪਰਸਿੱਧ ਕਿਤਾਬ ਹੈ। ਇਸ ਦਾ ਅੰਗਰੇਜ਼ੀ ਵਿਚ ਜ਼ਖਾਊ ਨੇ ਤਰਜਮਾ ਕੀਤਾ ਹੈ।

ਕਿੰਦੀ (ਅਲਕਿੰਦੀ)

ਇਹ ਨੌਵੀਂ ਸਦੀ ਈਸਵੀ ਦੇ ਪਹਿਲੇ ਅਧ ਵਿਚ ਬਗ਼ਦਾਦ ਦਰਬਾਰ ਨਾਲ ਸਬੰਧਤ ਸੀ। ਉਸ ਦੀ ਸ਼ੁਹਰਤ ਅੱਜ ਕਲ੍ਹ ਉਸ ਦੀਆਂ ਚਕਿਤਸਾ, ਧਰਮ, ਸੰਗੀਤ ਤੇ ਨੇਚਰਲ ਸਾਇੰਸ ਸਬੰਧੀ ਕੁਝ ਕੁ ਪੁਸਤਕਾਂ ਕਾਰਣ ਹੈ। ਕਿੰਦੀ ਨੇ ਅਰਬੀ ਫਲਸਫ਼ੇ ਵਿਚ ਅਰਸਤੂ ਦੇ ਵਿਚਾਰ ਦਾਖ਼ਿਲ ਕੀਤੇ। ਕਿੰਦੀ ਦੇ ਫ਼ਲਸਫੇ ਵਿਚ ਅਫ਼ਲਾਤੂਨੀ ਤੇ ਅਰਸਤੂ ਵਾਲੀ ਫਲਸਫੀ ਨਵਅਫਲਾਤੂਨੀ ਵਿਚਾਰ ਧਾਰਾ ਦੁਆਰਾ ਪਰਗਟ ਕੀਤੀ ਮਿਲਦੀ ਹੈ।

ਕਿਰਮਾਨ

ਈਰਾਨ ਦੇ ਦੱਖਣ ਵਿਚ ਇਕ ਸੂਬਾ ਹੈ। ਇਸੇ ਨਾਂ ਦਾ ਸ਼ਹਿਰ ਇਸ ਦਾ ਰਾਜ ਨਗਰ ਹੈ। ਇਥੋਂ ਦਾ ਫ਼ੌਲਾਦ ਤੇ ਜ਼ੀਰਾ ਮਸ਼ਹੂਰ ਹੈ। ਖ਼੍ਵਾਜੂ ਕਿਰਮਾਨੀ ਇਥੋਂ ਦਾ ਇਕ ਪਰਸਿੱਧ ਫ਼ਾਰਸੀ ਕਵੀ ਹੋਇਆ ਹੈ।

ਕੀਰਵਾਨ

ਟੀਊਨਸ (ਉੱਤਰੀ ਅਫ਼ਰੀਕਾ) ਵਿਚ ਇਕ ਸ਼ਹਿਰ ਹੈ ਜੋ ਅਰਬ ਰਾਜ ਦੇ ਅੰਤ ਪੱਛਮ ਵਿਚ ਵਾਕਿਆ ਸੀ।

ਕੁਸਤਨਤੁਨੀਆ (Constentinople)

ਟਰਕੀ (ਯੂਰਪ), ਦਾ ਪੁਰਾਣਾ ਰਾਜ-ਨਗਰ ਹੈ ਜੋ ਬਾਸਫੋਰਸ ਜਲ ਡਮਰੂ (ਆਬਨਾਏ) ਦੇ ਕੰਢੇ ਵਾਕਿਆ ਹੈ। ਇਸ ਨੂੰ ਮਹਾਂ ਕੁਸਤੁਨਤੈਨ ਨੇ ਵਸਾਇਆ ਸੀ।

ਕੁਤੈਬਾ (੬੭੦—੭੧੫ ਈ.)

ਅਬੁਲ ਹਫਸਿਲ ਬਾਹਲੀ ਬਿਨ ਮੁਸਲਿਮ, ਇਕ ਅਰਬ ਜਰਨੈਲ ਹੋਇਆ ਹੈ। ਅਬਦੁਲ ਮਲਿਕ ਨੇ ਇਸ ਨੂੰ ਖ਼ੁਰਾਸਾਂ ਦਾ ਗਵਰਨਰ ਨਿਯਤ ਕੀਤਾ ਸੀ। ਇਸ ਨੇ ਕਾਸ਼ਗਰ ਤਕ ਦਾ ਇਲਾਕਾ ਇਸਲਾਮੀ ਰਾਜ ਵਿਚ ਸ਼ਾਮਲ ਕੀਤਾ ਸੀ। ਨਵੇਂ ਖਲੀਫ਼ਾ ਦੀ ਬੈਅਤ ਨਾ ਕਰਨ ਤੇ ਫ਼ੌਜ ਨੇ ਬਗ਼ਾਵਤ ਕਰ ਕੇ ਇਸ ਨੂੰ ਕਤਲ ਕਰ ਦਿੱਤਾ ਸੀ।

ਕੁਰੈਸ਼

ਅਰਬ ਦਾ ਉਹ ਕਬੀਲਾ ਜਿਸ ਵਿਚੋਂ ਹਜ਼ਰਤ ਮੁਹੰਮਦ ਸਾਹਿਬ ਸਨ। ਇਸ ਕਬੀਲੇ ਨੂੰ ਅਰਬ ਵਿਚ ਬੜਾ ਮਾਣ ਪਰਾਪਤ ਸੀ।

ਕੂਫ਼ਾ

ਇਰਾਕ ਦਾ ਇਕ ਸ਼ਹਿਰ ਹੈ। ਜੰਗੇ ਕਾਦਸੀਆ (੬੩੫ ਈ.) ਪਿਛੋਂ ਹਜ਼ਰਤ ਉਮਰ ਦੇ ਹੁਕਮ ਨਾਲ ਇਥੇ ਛਾਉਣੀ ਪਾਈ ਗਈ ਸੀ। ਹੁਣ ਗ਼ੈਰ ਆਬਾਦ ਹੈ। ਕੂਫੇ ਦੇ ਕੋਲ ਕਰਬਲਾ ਦੇ ਮੈਦਾਨ ਵਿਚ ਹਜ਼ਰਤ ਇਮਾਮ ਹੁਸੈਨ ਕਤਲ ਹੋਏ ਸਨ।

ਕੈਸ

ਫ਼ਾਰਸ ਸਾਗਰ ਵਿਚ ਇਕ ਟਾਪੂ ਹੈ।

ਖ

ਖਜ਼ਾਇਨਲਫੁਤੂਹ

ਅਮੀਰ ਖ਼ੁਸਰੋ ਦੀ ਇਕ ਰਚਨਾ ਹੈ ਜਿਸ ਵਿਚ ਸੁਲਤਾਨ ਅਲਾਉੱਦੀਨ ਖਿਲਜੀ ਦੀਆਂ ਜਿੱਤਾਂ ਦਾ ਵੇਰਵਾ ਹੈ।

ਖਤੀਬ

ਖ਼ੁਤਬਾ ਪੜ੍ਹਨ ਵਾਲਾ, ਵਾਇਜ਼, ਲੈਕਚਰਾਰ।

ਖਰੋਸ਼ਟੀ

ਆਰਾਮੀ ਤੋਂ ਰੂਪ-ਭੇਦ ਕੀਤੀ ਇਕ ਉੱਤਰੀ ਭਾਰਤੀ ਲਿਪੀ ਹੈ। ਇਹ ਈਰਾਨੀ ਰਾਜ ਸਮੇਂ ਉੱਤਰੀ ਭਾਰਤ ਵਿਚ ਪਰਚਲਤ ਹੋਈ ਅਤੇ ਹੌਲੀ ਹੌਲੀ ਬ੍ਰਾਹਮੀ ਨੇ ਏਸ ਨੂੰ ਏਥੋਂ ਕਢ ਦਿਤਾ। ਇਹ ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਸੀ। ਉਤਰੀ ਭਾਰਤ ਦੇ ਅਸ਼ੋਕ ਵਾਲੇ ਕੁਤਬੇ ਏਸ ਲਿਪੀ ਵਿਚ ਹਨ।

ਖਾਕਾਨ

ਮੁਸਲਮਾਨ, ਤੁਰਕਿਸਤਾਨ ਤੇ ਚੀਨ ਦੇ ਬਾਦਸ਼ਾਹ ਨੂੰ ਖਾਕਾਨ ਆਖਦੇ ਹਨ। ਅਸਲ ਸ਼ਬਦ 'ਖਾਖਾਨ' ਹੈ ਜਿਸ ਦਾ ਅਰਥ ਬੜਾ ਖਾਨ ਹੈ। ਚੰਗੇਜ਼ ਖਾਂ ਨੇ ਇਹ ਉਪਾਧੀ ਧਾਰਨ ਕੀਤੀ ਸੀ। ਹੁਣ ਆਮ ਕਰਕੇ ਸ਼ਹਿਨਸ਼ਾਹ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।

ਖਾਰਜੀ

ਮੁਸਲਮਾਨਾਂ ਵਿਚ ਇਕ ਫ਼ਿਰਕਾ ਹੈ ਜੋ ਰਾਫ਼ਜ਼ੀਆਂ ਦਾ ਵਰੋਧੀ ਹੈ। ਇਹ ਪਹਿਲੇ ਤਿੰਨ ਖਲੀਫ਼ੀਆਂ ਨੂੰ ਅੱਛਾ ਕਹਿੰਦਾ ਹੈ ਅਤੇ ਹਜ਼ਰਤ ਅਲੀ ਨੂੰ ਬੁਰਾ ਕਹਿੰਦਾ ਹੈ।

ਖਾਲਿਦ ਬਿਨ ਅਬਦੁੱਲਾ ਕਸਰੀ (੧੦੫-੧੨੦ ਹਿ.)

ਇਰਾਕ ਦਾ ਹਾਕਮ ਸੀ।

ਖਾਵਿੰਦ ਸ਼ਾਹ (੧੪੯੮ ਈ.)

ਮੁਹੰਮਦ ਬਿਨ ਖਾਵਿੰਦ ਸ਼ਾਹ ਬਿਨ ਮਹਿਮੂਦ ਜੋ ਮੀਰ ਆਖੁੰਦ ਕਰਕੇ ਪਰਸਿੱਧ ਹੈ, ਰੋਜ਼ਾ ਤੁੱਸਫਾ ਇਨ੍ਹਾਂ ਦੀ ਕ੍ਰਿਤ ਹੈ। ਮੀਰ ਆਖੁੰਦ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਹਰਾਤ ਵਿਚ ਗੁਜ਼ਾਰਿਆ ਅਤੇ ਅਲੀ ਸ਼ੇਰ ਨਵਾਈ ਦੇ ਆਸਰੇ ਵਿਚ ਰਿਹਾ।

ਖਿਜ਼ਰ

ਮੁਸਲਮਾਨਾਂ ਦੇ ਵਿਸ਼ਵਾਸ ਅਨੁਸਾਰ ਇਕ ਪੈਗੰਬਰ ਹਨ ਜਿਨ੍ਹਾਂ ਨੇ ਆਬੇ ਹਿਆਤ ਪੀਤਾ ਹੈ ਤੇ ਕਿਆਮਤ ਤਕ ਜਿਉਂਦੇ ਰਹਿਣਗੇ।

ਖੁਲਫਾਏ ਰਾਸ਼ਦੀਨ (Orthodox Caliphs) (੬੩੨-੬੬੦ ਈ.)

੧ – ਹਜ਼ਰਤ ਅਬੂ ਬਕਰ	...	੬੩੨–੬੩੪ ਈ.
੨ – ਹਜ਼ਰਤ ਉਮਰ	...	੬੩੪–੬੪੪ ਈ.
੩ – ਹਜ਼ਰਤ ਉਸਮਾਨ	...	੬੪੪–੬੫੪ ਈ.
੪ – ਹਜ਼ਰਤ ਅਲੀ	...	੬੫੪–੬੬੦ ਈ.

ਇਨ੍ਹਾਂ ਚੌਹਾਂ ਖ਼ਲੀਫ਼ਿਆਂ ਨੂੰ ਖੁਲਫਾਏ ਰਾਸ਼ਦੀਨ ਆਖਦੇ ਹਨ। ਇਨ੍ਹਾਂ ਦੇ ਸਮੇਂ ਮਦੀਨਾ ਰਾਜਨਗਰ ਸੀ।

ਖੁਰਾਸਾਂ

ਏਸ਼ੀਆ ਦਾ ਉਹ ਇਲਾਕਾ ਹੈ ਜੋ ਈਰਾਨ ਦੇ ਪੂਰਬ ਵਿਚ ਵਾਕਿਆ ਹੈ। ਇਸ ਵਿਚ ਬਲਖ, ਬਾਖਤਰ, ਕੰਧਾਰ, ਹਰਾਤ, ਕਾਬੁਲ ਆਦਿ ਸ਼ਹਿਰ ਸ਼ਾਮਲ ਹਨ। ਕਦੇ ਨੈਸ਼ਾਪੁਰ ਖੁਰਾਸਾਂ ਦਾ ਰਾਜਨਗਰ ਹੁੰਦਾ ਸੀ। ਪੰਜਾਬੀ ਵਿਚ ਅਖੌਤ ਹੈ, 'ਦੇਸੀ ਟਟੂ ਖੁਰਾਸਾਨੀ ਦੁਲੱਤੇ'।

ਗ

ਗਰਦੇਜ਼ੀ

ਗ਼ਜ਼ਨਵੀ ਸਮੇਂ ਦਾ ਇਕ ਇਤਿਹਾਸ ਕਾਰ ਹੈ ਜਿਸ ਦੀ ਰਚਨਾ ਜੈਨੁਲ ਅਖ਼ਬਾਰ ਹੈ।

ਗਿਬ ਮੈਮੋਰੀਅਲ ਲੰਡਨ

੧੯੦੦–੦੯ ਈ. ਵਿਚ E.J.W. Gibb ਨੇ ੬ ਜਿਲਦਾਂ ਵਿਚ ਉਸਮਾਨੀ ਤੁਰਕਾਂ ਦੀ ਕਵਿਤਾ ਦੀ ਤਾਰੀਖ਼ ਲਿਖੀ ਹੈ। ਗਿੱਬ ਤੇ ਬਰਾਊਨ ਦੋਹਾਂ ਨੇ ਪਹਿਲਾਂ ਤੁਰਕੀ ਪੜ੍ਹਨੀ ਸ਼ੁਰੂ ਕੀਤੀ ਸੀ। ਬਰਾਊਨ ਦੀ ਫ਼ਾਰਸੀ ਲਿਟਰੇਚਰ ਦੀ ਤਾਰੀਖ ਚਾਰ ਜਿਲਦਾਂ ਵਿਚ ਹੈ। ਗਿੱਬ ਮੈਮੋਰੀਅਲ ਟਰਸਟ, ਗਿੱਬ ਸਾਹਿਬ ਵਲ ਹੀ ਤਧਿਤ ਹੈ।

ਗੁਸਤਾਸਪ (੪੮੫ ਈ. ਪੂ.)

ਦਾਰਾ ਦਾ ਪਿਤਾ ਜੋ ਬਲਖ ਦਾ ਗਵਰਨਰ ਸੀ। ਮਥਿਹਾਸ ਅਨੁਸਾਰ ਇਹ ਲਹਿਰਾਸਪ ਦੇ ਪਿਛੋਂ ਗੱਦੀ ਤੇ ਬੈਠਾ। ਜ਼ਰਤੁਸ਼ਤ ਇਸ ਦੇ ਸਮੇਂ ਪਰਗਟ ਹੋਇਆ। ਫਿਰਦੌਸੀ ਦੇ ਕਥਨ ਅਨੁਸਾਰ ਇਸ ਨੇ ੬੦ ਸਾਲ ਹਕੂਮਤ ਕੀਤੀ। ਇਸ ਦਾ ਰਾਜ ਪੰਜਾਬ ਤਕ ਸੀ। ਇਤਿਹਾਸ ਇਉਂ ਮੰਨਦਾ ਹੈ ਕਿ ਗੁਸ਼ਤਾਸਪ ਆਪਣੇ ਪੁਤਰ ਦੇ ਰਾਜ ਸਮੇਂ ਉਸ ਵਲੋਂ ਬਲਖ਼ ਦਾ ਗਵਰਨਰ ਸੀ।

ਗੌਥਾ (Gotba)

ਇਹ ਥਰਿੰਗੀਆ (ਜਰਮਨੀ) ਦਾ ਇਕ ਸ਼ਹਿਰ ਹੈ।

ਗ਼ੌਰ

ਕੰਧਾਰ ਦੇ ਨੇੜ ਦਾ ਇਕ ਇਲਾਕਾ ਹੈ। ਗ਼ੌਰੀ ਖ਼ਾਨਦਾਨ, ਗ਼ਜ਼ਨਵੀ ਵੰਸ ਦੇ ਸਮੇਂ ਗ਼ੌਰ ਵਿਚ ਰਾਜ ਕਰਦਾ ਸੀ ਅਤੇ ਅਖੀਰ ਨੂੰ ਸ਼ਿਹਾਬੁਦੀਨ ਗ਼ੌਰੀ ਨੇ ਗ਼ਜ਼ਨੀ ਤੇ ਕਬਜ਼ਾ ਕਰ ਲਿਆ ਸੀ। ਪਿਰਥੀ ਰਾਜ ਦੇ ਸਮੇਂ (੧੧੯੧–੧੧੯੩ ਈ.) ਗ਼ੌਰੀਆਂ ਨੇ ਹਿੰਦੁਸਤਾਨ ਤੇ ਹਮਲਾ ਕਰ ਕੇ ਦਿੱਲੀ ਜਿੱਤ ਲਈ ਸੀ। ਏਸ ਖ਼ਾਨਦਾਨ ਦੇ ਲੋਕ ਮੁਗਲਾਂ ਦੇ ਹੱਲੇ ਤਕ ਗ਼ੌਰ ਉੱਤੇ ਹੁਕਮਰਾਨ ਰਹੇ।

ਚ

ਚਚ ਨਾਮਾ

ਇਹ 'ਤਾਰੀਖ਼-ਸਿੰਧ-ਵਲ-ਹਿੰਦ' ਅਰਬੀ ਪੁਸਤਕ ਦਾ ਫ਼ਾਰਸੀ ਤਰਜਮਾ

ਹੈ, ਜੋ ਮੁਹੰਮਦ ਅਲੀ ਬਿਨ ਹਾਮਿਦ ਬਿਨ ਅਬੂਬਕਰਹਕੂਫ਼ੀ ਨੇ ਨਾਸਰੁੱਦੀਨ ਕਬਾਚਾ ਦੇ ਸਮੇਂ ਸੰਨ ੧੨੧੬ ਈ. ਵਿਚ ਉੱਚਾ ਵਿਚ ਬੈਠ ਕੇ ਕੀਤਾ ਸੀ। ਅਰਬੀ ਦੀ ਅਸਲ ਪੁਸਤਕ ਅੱਜ ਕਲ੍ਹ ਨਹੀਂ ਮਿਲਦੀ।

ਚੀਲਾਉ (ਸ਼ਾਲਾਇਮ)

ਇਹ ਲੰਕਾ ਵਿਚ ਇਕ ਸਥਾਨ ਹੈ। ਇਥੇ ਹਾਥੀ ਬਹੁਤ ਹੁੰਦੇ ਸਨ ਜੋ ਸ਼ੇਖ਼ ਅਬਦੁੱਲਾ ਖ਼ਫੀਫ ਸ਼ੀਰਾਜ਼ੀ ਦੀ ਦੁਆ ਦੀ ਬਰਕਤ ਕਾਰਣ ਕਿਸੇ ਨੂੰ ਕੋਈ ਤਕਲੀਫ ਨਹੀਂ ਸੀ ਦਿੰਦੇ।

ਜ

ਜ਼ਖਾਉ (Sachau)

ਅਲਬੈਰੂਨੀ ਦੀ ਇੰਡੀਕਾ ਦਾ ਅੰਗਰੇਜ਼ੀ ਅਨੁਵਾਦਕ ਹੈ।

ਜਜ਼ੀਆ

ਉਹ ਮਸੂਲ ਜੋ ਮੁਸਲਮਾਨ ਗੈਰ-ਮਜ਼੍ਹਬ ਵਾਲੇ ਲੋਕਾਂ ਤੇ ਲਾਉਂਦੇ ਸਨ। ਇਸ ਦੇ ਬਦਲੇ ਵਿਚ ਇਨ੍ਹਾਂ ਦੀ ਜਾਨ ਮਾਲ ਦੀ ਸੰਭਾਲ ਮੁਸਲਮਾਨਾਂ ਦੇ ਜ਼ਿੰਮੇ ਹੁੰਦੀ ਸੀ ਅਤੇ ਮਸੂਲ ਦੇਣ ਵਾਲਿਆਂ ਨੂੰ ਫ਼ੌਜੀ ਸੇਵਾ ਮੁਆਫ ਹੁੰਦੀ ਸੀ। ਜਜ਼ੀਏ ਦੇ ਥਾਂ ਮੁਸਲਮਾਨਾਂ ਤੋਂ ਫ਼ੌਜੀ ਸੇਵਾ ਲਈ ਜਾਂਦੀ ਸੀ ਅਤੇ ਖੁਦ ਮੁਸਲਮਾਨਾਂ ਨੂੰ ਜ਼ੁਕਾਤ ਦੇਣੀ ਪੈਂਦੀ ਸੀ।

ਜਮ (ਜਮਸ਼ੇਦ)

(੧) ਈਰਾਨ ਦਾ ਇਕ ਮਿਥਿਹਾਸਕ ਬਾਦਸ਼ਾਹ ਜੋ ਫਿਰਦੌਸੀ ਅਨੁਸਾਰ ਪੇਸ਼ਦਾਦੀਆਂ ਵੰਸ ਦਾ ਚੌਥਾ ਬਾਦਸ਼ਾਹ ਸੀ। ਫਿਰਦੌਸੀ ਦੇ ਕਥਨ ਅਨੁਸਾਰ ਇਸ ਨੇ ੭੦੦ ਸਾਲ ਰਾਜ ਕੀਤਾ। ਇਸ ਨੇ ਅਸਤਖ਼ਰ ਸ਼ਹਿਰ ਆਬਾਦ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇਸ ਨੇ ਇਕ ਪਿਆਲਾ ਬਣਾਇਆ ਸੀ ਜਿਸ ਵਿਚ ਸਾਰੀ ਦੁਨੀਆ ਦੇ ਹਾਲਾਤ ਨਜ਼ਰ ਆਉਂਦੇ ਸਨ।

(੨) ਸਿਕੰਦਰ ਨੂੰ ਵੀ ਜਮ ਆਖਦੇ ਹਨ ।

ਜ਼ਮਖ਼ਸ਼ਰੀ (੧੦੭੪-੧੧੪੨ ਈ.)

ਜ਼ਮਖ਼ਸ਼ਰ, ਖਵਾਰਜ਼ਮ ਦਾ ਇਕ ਸ਼ਹਿਰ ਹੈ । ਜ਼ਮਖ਼ਸ਼ਰੀ ਇਥੋਂ ਦਾ ਰਹਿਣ ਵਾਲਾ ਸੀ ਜਿਸਦਾ ਅਸਲ ਨਾਂ ਮੁਹੰਮਦ ਬਿਨ ਉਮਰ ਸੀ। ਮੱਕੇ ਵਿਚ ਚਿਰ ਕਾਲ ਤਕ ਰਹਿਣ ਕਾਰਣ 'ਜਾਰੁੱਲਾ' ਅਖਵਾਉਂਦੇ ਸੀ। ਕੁਰਾਨ ਸ਼ਰੀਫ ਦੀ ਪਰਸਿੱਧ ਤਫਸੀਰ, ਕੱਸ਼ਾਫ ਇਨ੍ਹਾਂ ਦੀ ਲਿਖਤ ਹੈ। ਦੀਵਾਨੁਸ਼ੁਅਰਾ, ਦੀਵਾਨੁਤਮਸੀਲ, ਰਬੀਉਲ ਅਬਰਾਰ ਆਦਿ ਆਪ ਦੀਆਂ ਰਚਨਾਵਾਂ ਹਨ । ਇਸਾਸੁਲ ਬਲੁਗ਼ਾਤ ਅਰਬੀ ਕੋਸ਼ ਇਨ੍ਹਾਂ ਦੀ ਪਰਸਿੱਧ ਰਚਨਾ ਹੈ ।

ਜਲਾਲੁੱਦੀਨ ਖ਼ਵਾਰਮ ਸ਼ਾਹ (੧੨੩੧ ਈ.)

ਇਹ ਮੁਹੰਮਦ ਖਵਾਰਜ਼ਮ ਦਾ ਪੁਤਰ ਸੀ। ਪਿਤਾ ਦੇ ਦਿਹਾਂਤ ਪਿਛੋਂ ਤਖਤ ਤੇ ਬੈਠਾ, ਪਰ ਚੰਗੇਜ਼ ਖਾਂ ਦੇ ਹਮਲਿਆਂ ਨੇ ਇਸ ਨੂੰ ਚੈਨ ਨਾਲ ਨਾ ਬੈਠਣ ਦਿੱਤਾ। ਇਹ ਭਜ ਕੇ ਹਿੰਦੁਸਤਾਨ ਆ ਗਿਆ ਸੀ ਅਤੇ ਅਲਤਮਸ਼ ਦੇ ਸਮੇਂ ਤਿੰਨ ਸਾਲ ਇਧਰ ਉਧਰ ਫਿਰਦਾ ਰਿਹਾ । ਫੇਰ ਈਰਾਨ ਵਲ ਚਲਾ ਗਿਆ ਤੇ ਇਕ ਕੁਰਦ ਨੇ ਏਸ ਨੂੰ ਕਤਲ ਕਰ ਦਿਤਾ ।

ਜ਼ੰਜਬਾਰ (ਜੰਗਸਤਾਨ)

ਜੰਜ ਜਾਂ ਜੰਗ ਦਾ ਮੁਲਕ ਜਿਸ ਨੂੰ ਜੰਗਬਾਰ ਵੀ ਆਖਦੇ ਹਨ। ਇਹ ਪੂਰਬੀ ਅਫ਼ਰੀਕਾ ਦੇ ਪੂਰਬੀ ਕੰਢੇ ਦਾ ਇਕ ਛੋਟਾ ਜੇਹਾ ਟਾਪੂ ਹੈ ਜਿਸ ਵਿਚ ਹਬਸ਼ੀ ਵਸਦੇ ਹਨ। ੧੯੦੮ ਈ. ਤੋਂ ਇਸ ਤੇ ਅੰਗਰੇਜ਼ੀ ਅਧਿਕਾਰ ਕਾਇਮ ਹੋਇਆ ਸੀ । ਹੁਣ ਇਹ ਈਸਟ ਬ੍ਰਿਟਿਸ਼ ਅਫ਼ਰੀਕਾ ਦਾ ਇਕ ਹਿੱਸਾ ਹੈ ।

ਜੰਗੇ-ਜਮਲ (Battle of Camels) (੬੫੭ ਈ.)

ਹਜ਼ਰਤ ਅਲੀ ਦੇ ਸਮੇਂ ਇਹ ਜੰਗ ਹਜ਼ਰਤ ਅਲੀ ਤੇ ਹਜ਼ਰਤ

ਆਇਸ਼ਾ ਦੇ ਦਰਮਿਆਨ ਹੋਈ ਜੋ ਹਜ਼ਰਤ ਅਲੀ ਦੇ ਤਖਤ ਉੱਤੇ ਬੈਠਣ ਦੇ ਪੰਜ ਮਹੀਨੇ ਇਕ ਦਿਨ ਪਿਛੋਂ ਲੜੀ ਗਈ। ਹਜ਼ਰਤ ਆਇਸ਼ਾ ਦੀ ਪਾਰਟੀ ਦੇ ਤੇਰਾਂ ਹਜ਼ਾਰ ਆਦਮੀ ਮਾਰੇ ਗਏ ਜਿਨ੍ਹਾਂ ਵਿਚੋਂ ਅਜ਼ਦ ਕਬੀਲੇ ਦੀ ਪਾਰਟੀ ਦੇ ਇਕ ਹਜ਼ਾਰ ਜਵਾਨ ਕਤਲ ਹੋਏ। ਜ਼ੁਬੈਰ ਅਤੇ ਤਲਹਾ ਹਜ਼ਰਤ ਆਇਸ਼ਾ ਦੀ ਪਾਰਟੀ ਵਿਚ ਸ਼ਾਮਿਲ ਸਨ।

ਜ਼ੰਗੀਆਂ ਦੀ ਲੜਾਈ (੨੫੬-੨੭੫ ਹਿ.)

ਇਹ ਵਾਕਿਆ ਖ਼ਲੀਫ਼ਾ ਅਲਮੁਹਤਦੀ ਦੀ ਖਲਾਫਤ ਦੇ ਸਮੇਂ ਪੇਸ਼ ਆਇਆ। ਜ਼ੰਗੀਆਂ ਨੇ ਉਬਲਾ ਵਿਚ ਕਤਲ-ਆਮ ਕੀਤਾ ਤੇ ਫੇਰ ਅਹਿਵਾਜ਼ ਵਲ ਗਏ। ਰਾਜ ਵਲੋਂ ਜ਼ੰਗੀਆਂ ਦੇ ਖਿਲਾਫ ਪਹਿਲਾਂ 'ਹਜਲਾਨ' ਭੇਜਿਆ ਗਿਆ ਸੀ ਪਰ ਉਸ ਨੂੰ ਕੋਈ ਕਾਮਯਾਬੀ ਨਾ ਹੋਈ। ਫੇਰ ਸਈਦ ਨੂੰ ਨਿਯਤ ਕੀਤਾ ਗਿਆ ਪਰ ਉਸ ਨੂੰ ਵੀ ਕੋਈ ਵਧੇਰੇ ਸਫਲਤਾ ਨਾ ਹੋਈ। ਇਸ ਤੋਂ ਪਿਛੋਂ ਮਨਸੂਰ ਬਿਨ ਜਾਅਫ਼ਰ ਉਸ ਦੀ ਥਾਂ ਨਿਯੁਕਤ ਹੋਇਆ ਪਰ ੨੫੭ ਹਿ. ਵਿਚ ਬਸਰਾ, ਖਬੀਸ (ਜ਼ੰਗੀਆਂ ਦੇ ਸਰਦਾਰ) ਦੇ ਕਬਜ਼ੇ ਵਿਚ ਆ ਗਿਆ। ੨੬੬ ਹਿ. ਵਿਚ ਰਾਜ ਨੂੰ ਜ਼ੰਗੀਆਂ ਉਪਰ ਪਹਿਲੀ ਜਿੱਤ ਪਰਾਪਤ ਹੋਈ ਜਿਸ ਦਾ ਸਿਹਰਾ ਅਬੁਲ ਅੱਬਾਸ ਬਿਨ ਅਬੀ ਅਹਿਮਦ ਦੇ ਸਿਰ ਹੈ। ਇਸ ਤਰ੍ਹਾਂ ੨੭੦ ਹਿ. ਵਿਚ ਜ਼ੰਗੀਆਂ ਦੀ ਲੜਾਈ ਖਤਮ ਹੋਈ।

ਜਾਹਜ਼ (੨੫੫ ਹਿ.)

ਇਹ ਬਸਰੇ ਦਾ ਵਸਨੀਕ ਸੀ। ਅਰਬੀ ਦਾ ਪਰਸਿਧ ਲਿਖਾਰੀ, ਫ਼ਲਾਸਫ਼ਰ ਅਤੇ ਤਰਕ ਵੇਤਾ ਹੈ। ਇਸ ਦੀਆਂ ਬਹੁਤ ਸਾਰੀਆਂ ਛੋਟੀਆਂ ਵੱਡੀਆਂ ਕਿਤਾਬਾਂ ਹਨ ਜਿਨ੍ਹਾਂ ਵਿਚੋਂ ਕਿਤਾਬੁਲ ਬਿਆਨ ਤੇ ਤਬਈਨ ਵਧੇਰੇ ਮਸ਼ਹੂਰ ਹਨ।

ਜਾਬੀਆ (ਤਲਾ)

ਦਮਿਸ਼ਕ ਜੇਜਰ ਦੇ ਜ਼ਿਲ੍ਹੇ ਦਾ ਇਕ ਪਿੰਡ ਹੈ। ਇਹ ਹੌਗਰ ਦੇ

ਉਤਰ ਵਿਚ ਅਲਖ਼ੌਲਾਨ ਦੇ ਕੋਲ ਹੈ। ਪਿੰਡ ਦੇ ਨਾਲ ਇਕ ਪਹਾੜੀ ਤਲੁਲਜਾਬੀਆ ਹੈ ਜਿਸ ਵਿਚ ਛੋਟੇ ਛੋਟੇ ਸਪ ਬਹੁਤ ਹਨ ਜੋ ਹਦ ਦਰਜੇ ਦੇ ਜ਼ਹਿਰੀਲੇ ਹਨ ਜਿਨ੍ਹਾਂ ਨੂੰ ਉਮੁਸੁਵੈਤ (ਛੋਟੀ ਆਵਾਜ ਵਾਲੇ) ਆਖਦੇ ਹਨ। ਇਹ ਬਹੁਤ ਮੂਜ਼ੀ ਹਨ, ਜਦੋਂ ਇਹ ਡੰਗਦੇ ਹਨ ਤਾਂ ਆਦਮੀ ਜ਼ਰਾ ਕੁ ਚੀਕ ਮਾਰਦਾ ਹੈ ਤੇ ਫੌਰਨ ਮਰ ਜਾਂਦਾ ਹੈ। ਏਸੇ ਜਗਾ ਹਜ਼ਰਤ ਉਮਰ ਨੇ ਆਪਣਾ ਮਸ਼ਹੂਰ ਖ਼ੁਤਬਾ ਦਿਤਾ ਸੀ। ਦਿਮਿਸ਼ਕ ਵਿਚ ਇਕ ਦਰਵਾਜ਼ੇ ਦਾ ਨਾਂ ਵੀ ਬਾਬੁਲ ਜਾਬੀਆ ਹੈ। (ਯਾਕੂਤ ਜਿਲਦ ਦੂਜੀ)

ਜਾਫ਼ਰ ਬਰਮਕੀ (੭੬੭-੮੦੩ ਈ.)

ਬਿਨ ਯਹੱਯਾ। ਇਹ ਆਪਣੇ ਪਿਤਾ ਦੀ ਮੌਤ ਪਿਛੋਂ ਹਾਰੂੰ ਰਸ਼ੀਦ ਦਾ ਵਜ਼ੀਰ ਬਣਿਆ। ਹਾਰੂੰ ਨੇ ਆਪਣੀ ਭੈਣ ਅੱਬਾਸਾ ਦੀ ਸ਼ਾਦੀ ਇਸ ਨਾਲ ਇਸ ਸ਼ਰਤ ਤੇ ਕੀਤੀ ਕਿ ਉਹ ਉਸ ਨਾਲ ਭੋਗ ਨਾ ਕਰੇ ਪਰ ਉਹ ਰਹਿ ਨਾ ਸਕਿਆ। ਇਸ ਕਰਕੇ ਹਾਰੂੰ ਨੇ ਉਸ ਨੂੰ ਕਤਲ ਕਰ ਦਿਤਾ। ਕਈ ਇਤਿਹਾਸਕਾਰ ਇਸ ਗਲ ਨੂੰ ਠੀਕ ਨਹੀਂ ਮੰਨਦੇ ਅਤੇ ਲਿਖਦੇ ਹਨ ਕਿ ਜਾਅਫ਼ਰ ਦੀ ਤਾਕਤ ਤੇ ਹਰਮਨ ਪਿਆਰਾ ਹੋਣ ਕਾਰਣ ਖਲੀਫਾ ਨੇ ਇਸ ਦੇ ਵੰਸ ਨੂੰ ਤਬਾਹ ਕਰ ਦਿਤਾ ਸੀ।

ਜਾਵਾ

ਸ਼ਰਕੁਲ ਹਿੰਦ ਦਾ ਇਕ ਟਾਪੂ ਹੈ ਜੋ ਵਲੰਦੇਜ਼ਾਂ ਦੇ ਅਧੀਨ ਹੈ। ਬਟਾਵੀਆ ਇਸ ਦਾ ਰਾਜਨਗਰ ਹੈ। ਇਥੇ ਪਹਿਲਾਂ ਮੁਸਲਮਾਨਾਂ ਦਾ ਰਾਜ ਸੀ।

ਜ਼ਾਬੁਲਿਸਤਾਨ

ਕਾਬੁਲ, ਗ਼ਜ਼ਨੀ ਆਦਿ ਦਾ ਇਲਾਕਾ ਜੋ 'ਰੁਸਤਮ' ਪਹਿਲਵਾਨ ਦਾ ਵਤਨ ਸੀ।

ਜਾਮਾਸਪ

ਇਕ ਜੋਤਸ਼-ਵੇਤਾ ਦਾ ਨਾਂ ਹੈ ਇਹ ਗੁਸ਼ਤਾਸਪ ਦਾ ਭਰਾ ਸੀ ਅਤੇ

ਗੁਸ਼ਤਾਸਪ ਇਸਫੰਦਯਾਰ ਦਾ ਪਿਤਾ ਸੀ। ਜਦੋਂ ਗੁਸ਼ਤਾਸਪ ਨੇ ਜ਼ਰਤੁਸ਼ਤੀ ਧਰਮ ਅਖਤਿਆਰ ਕੀਤਾ ਤਾਂ ਜਾਮਾਸਪ, ਪਸ਼ੂਤਨ ਤੇ ਇਸਫੰਦਯਾਰ ਵੀ ਜ਼ਰਤੁਸ਼ਤੀ ਹੋ ਗਏ। ਇਸਫੰਦਯਾਰ ਨੇ ਮੁਲਕ ਜਿਤਣੇ ਸ਼ੁਰੂ ਕੀਤੇ ਤੇ ਆਤਿਸ਼ ਕਦੇ ਬਣਾਉਣ ਲਗਾ। ਆਜ਼ਰਬਾਇਜ਼ਾਨ ਦੇ ਰਸਤੇ ਰੂਮ ਤੇ ਯੂਰਪ ਗਿਆ ਅਤੇ ਆਪਣੀ ਨਾਨੀ ਨੂੰ ਇਟਲੀ ਵਿਚ ਮਿਲਿਆ। ਦੂਜੇ ਬੰਨੇ ਜਾਮਾਸਪ ਜੋਤਸ਼ ਤੇ ਦਰਸ਼ਨ ਵਿਗਿਆਨ ਦੀ ਖੋਜ ਵਿਚ ਰੁੱਝਾ ਰਿਹਾ। ਉਸ ਨੇ ਪੁਰਾਣੀ ਫ਼ਾਰਸੀ ਵਿਚ ਇਕ ਕਿਤਾਬ ਲਿਖੀ ਹੈ ਜਿਸ ਦਾ ਨਾਂ ਫਰਹੰਗੇ ਮੁਲੂਕ-ਵ-ਅਸਰਾਰੇ ਅਜਮ ਹੈ। ਇਹ ਪੁਸਤਕ ਗੁਸ਼ਤਾਸਪ ਦੇ ਨਾਂ ਸਮਰਪਣ ਕੀਤੀ ਗਈ। ਇਸ ਵਿਚ ਭਵਿਸ਼ਬਾਣੀ ਕੀਤੀ ਗਈ ਹੈ ਅਤੇ ਆਉਣ ਵਾਲੇ ਪੰਜ ਹਜ਼ਾਰ ਸਾਲਾਂ ਦਾ ਹਿਸਾਬ ਲਾ ਕੇ ਦਸਿਆ ਹੈ। ਪੈਗ਼ੰਬਰਾਂ ਤੇ ਬਾਦਸ਼ਾਹਾਂ ਬਾਰੇ ਖ਼ਬਰ ਦਿਤੀ ਹੈ। ਇਸ ਵਿਚ ਹਜ਼ਰਤ ਮੂਸਾ ਨੂੰ ਲਾਲ ਅਯਾਲੀ ਤੇ ਹਜ਼ਰਤ ਈਸਾ ਨੂੰ ਗਧੇ ਤੇ ਚੜ੍ਹਨ ਵਾਲਾ ਪਗ਼ੰਬਰ ਜਿਸ ਦਾ ਨਾਂ ਉਸ ਦੀ ਮਾਂ ਨਾਲ ਤਧਿਤ ਕਰ ਕੇ ਬੋਲਿਆ ਜਾਵੇਗਾ ਤੇ ਹਜ਼ਰਤ ਮੁਹੰਮਦ ਨੂੰ ਮਿਹਰ ਆਜ਼ਮਾ ਲਿਖਿਆ ਹੈ। ਉਸ ਦੀਆਂ ਕੁਝ ਗੱਲਾਂ ਠੀਕ ਨਿਕਲੀਆਂ ਹਨ ਤੇ ਕੁਝ ਠੀਕ ਹਨੀਂ।

ਜਾਮਿਉੱਤੱਵਾਰੀਖ

ਇਹ ਰਸ਼ੀਦੁੱਦੀਨ ਫਜ਼ਲੁੱਲ੍ਹਾ ਇਬਨ ਇਮਾਦੁੱਦੌਲਾ ਦੀ ਕਿਰਤ ਪਰਸਿਧ ਤਾਰੀਖ਼ ਹੈ। ਰਸ਼ੀਦ ਹਮਦਾਨ ਵਿਚ ਪੈਦਾ ਹੋਇਆ ਤੇ ਅਬਾਕਾ ਖ਼ਾਂ ਦੇ ਪਾਸ ਮੁਲਾਜ਼ਿਮ ਹੋ ਗਿਆ। ਗਾਜ਼ਾਨ ਨੇ ਉਸ ਨੂੰ ਆਪਣਾ ਵਜ਼ੀਰ ਬਣਾ ਲਿਆ। ਅਲਜਾਇਤੂ ਨੇ ਵੀ ਉਸ ਨੂੰ ਵਜ਼ੀਰ ਰਖਿਆ ਪਰ ਅਬੂਸਈਦ ਦੇ ਸਮੇਂ ਉਹ ਕਤਲ ਕੀਤਾ ਗਿਆ। ਜਾਮਿਉਤਵਾਰੀਖ, ਮਿਫਤਾਹੁੱਤਫਾਸੀਰ, ਕਿਤਾਬੁੱ ਤੌਜ਼ੀਹਤ, ਰਸਾਲਤੁਸ ਸਲਤਨਤ ਆਦਿ ਇਸ ਦੀਆਂ ਰਚਨਾਵਾਂ ਹਨ। ਜਾਮਿਉੱਤਵਾਰੀਖ ਦਾ ਘੇਰਾ ਬੜਾ ਵਿਸ਼ਾਲ ਹੈ।

ਜ਼ਿਆਏ ਬਰਨੀ

ਜ਼ਿਆਉੱਦੀਨ ਬਰਨੀ ਬਿਨ ਮੁੱਯਦਿਲਮੁਲਕ ਮੁਹੰਮਦ ਤੁਗ਼ਲਕ ਦਾ

ਮੁਸਾਹਿਬ ਤੇ ਇਕ ਪਰਸਿੱਧ ਇਤਿਹਾਸਕਾਰ ਸੀ। ਇਹ ਤਾਰੀਖ਼ ਫੀਰੋਜ਼ ਸ਼ਾਹੀ ਦਾ ਕਰਤਾ ਹੈ।

ਜ਼ਿਆਰ (ਆਲ ਜ਼ਿਆਰ)

ਜੀਲਾਂ ਤੇ ਮਾਜ਼ੰਦਰਾਂ ਦੇ ਅਮੀਰਾਂ ਵਿਚੋਂ ਇਕ ਪੁਰਸ਼ ਦਾ ਨਾਂ ਹੈ ਜੋ ਅਸਲ ਵਿਚ ਜ਼ਰਦੁਸ਼ਤੀ ਪਾਰਸੀ ਅਸਲੇ ਦਾ ਬੰਦਾ ਸੀ। ਜਿਆਰ ਨੂੰ ਮਾਜੰਦਰਾਂ ਦਾ ਰਾਜ ਮਿਲ ਗਿਆ ਤੇ ਉਸ ਦੀ ਉਲਾਦ ਵਿਚੋਂ ਮਰਦਾਵੀਜ ਤਬਰਿਸਤਾਨ ਤੇ ਰੈ ਦਾ ਸੈਨਾਪਤੀ, ਸ਼ਹਿਰ ਜ਼ੰਗਾਂ ਤਕ ਪਹੁੰਚਿਆ। ਅਖੀਰ ਨੂੰ ਇਸ ਨੇ ਹਮਦਾਨ ਵਿਚ ਕਤਲ ਆਮ ਕੀਤਾ। ਉਸ ਨੇ ਆਲ ਬੋਈਆ ਨਾਲ ਮਿਲ ਕੇ ਇਸਫਹਾਨ ਫ਼ਤਿਹ ਕੀਤਾ। ਅੰਤ ਨੂੰ ਉਹ ਗੁਲਾਮਾਂ ਦੇ ਹਥੋਂ ਹਮਾਮ ਵਿਚ ਕਤਲ ਹੋਇਆ। ਇਸ ਨੇ ੨੭ ਸਾਲ ਰਾਜ ਕੀਤਾ। ਇਸ ਤੋਂ ਪਿਛੋਂ ਇਸ ਦਾ ਭਾਈ ਅਬੂ ਤਾਲਿਬ ਵਸ਼ਮਗੀਰ 'ਰੈ' ਦਾ ਹਾਕਿਮ ਬਣਿਆ। ਬਾਅਦ ਵਿਚ ਉਸ ਦਾ ਪੁਤਰ 'ਕਾਬੂਸ' ਮਾਜ਼ੰਦਰਾ ਤੇ ਗੁਰਗਾਂ (ਜਾਰਜੀਆ) ਦਾ ਅਮੀਰ ਹੋਇਆ।

ਜੀਜ਼

ਜੀਗ ਦਾ ਅਰਬੀ ਰੂਪ ਹੈ। ਜੀਗ ਰਾਜਾਂ ਦੀ ਡੋਰੀ ਨੂੰ ਆਖਦੇ ਹਨ। ਜੀਜ਼ ਜੋਤਿਸ਼ ਤੇ ਫਲਿਤ ਦੇ ਸਿਧਾਂਤਾਂ ਦੇ ਇਲਮ ਦਾ ਨਾਂ ਹੈ ਜਿਸ ਦੁਆਰਾ ਜੰਤਰੀ ਬਣਾਈ ਜਾਂਦੀ ਹੈ।

ਜੁਨੈਦ (੧੧੧-੧੧੬ ਹਿ.)

ਇਹ ਅਸ਼ਰਸ ਦੇ ਥਾਂ ਖ਼ੁਰਾਸਾਂ ਦਾ ਗਵਰਨਰ ਬਣਿਆ ਸੀ। ਇਸ ਨੇ ਫਾਜ਼ਿਲਾ ਪੁੱਤਰੀ ਬਜ਼ੀਦ ਪੁਤਰ ਮੁਹੱਲਬ ਨਾਲ ਸ਼ਾਦੀ ਕੀਤੀ ਸੀ। ਇਸ ਲਈ ਹਿਸ਼ਾਮ ਉਸ ਨਾਲ ਨਾਰਾਜ਼ ਹੋ ਗਿਆ ਅਤੇ ਆਸਿਮ ਬਿਨ ਅਬਦੁੱਲਾ ਨੂੰ ਖ਼ੁਰਾਸਾਂ ਦਾ ਗਵਰਨਰ ਮੁਕਰਰ ਕਰ ਦਿੱਤਾ। ਜੁਨੈਦ ਮਰਵ ਵਿਚ ਫ਼ੌਤ ਹੋਇਆ। ਇਸ ਦੀ ਉਪਮਾ ਵਿਚ ਕਿਸੇ ਨੇ ਇਹ ਮਿਸਰਾ ਕਿਹਾ "ਹਲਕਲ ਜੂਦ ਵਲ ਜੁਨੈਦ ਜਮੀਅਨ" (ਸਖਾਵਤ ਤੇ ਜੁਨੈਦ ਦੋਵੇਂ ਇਕੱਠੇ ਮਰ

ਗਏ)।

ਜੁਰਜਾਨ ਸਾਗਰ (Caspian Sea)

ਕੈਸਪੀਅਨ ਸਾਗਰ ਦਾ ਫਾਰਸੀ ਨਾਂ ਹੈ। ਜੁਰਜਾਨ ਗੁਰਗਾਨ ਦਾ ਅਰਬੀ ਉਚਾਰਣ ਹੈ। ਗੁਰਗਾਨ ਨੂੰ ਅਜ ਕਲ ਜਾਰਜੀਆ ਤੇ ਪਿਛਲਿਆਂ ਸਮਿਆਂ ਵਿਚ ਹਕਕੈਨੀਆਂ ਆਖਦੇ ਸਨ। ਜਾਰਜੀਆ ਹੁਣ ਰੂਸ ਦੇ ਅਧੀਨ ਹੈ ਤੇ ਤਿਫ਼ਲਿਸ ਇਸ ਦਾ ਰਾਜਨਗਰ ਹੈ।

ਜੇਹੂੰ

ਤੁਰਕਿਸਤਾਨ ਦਾ ਪਰਸਿਧ ਦਰਿਆ ਹੈ।

ਟ

ਟੀਊਨਸ

ਉਤਰੀ ਅਫ਼ਰੀਕਾ ਦਾ ਇਕ ਸੂਬਾ ਹੈ ਜੋ ਅਜ ਕਲ ਫ਼ਰਾਂਸ ਦੇ ਅਧੀਨ ਹੈ।

ਟੌਲਮੀ (ਬਤਲੀਮੂਸੀ)

ਇਹ ਮਿਸਰ ਦਾ ਮਕਦੂਨੀਆ ਵੰਸ ਹੈ ਜੋ ੩੨੩ ਈ.ਪੂ.੩੦ ਈ.ਤਕ ਰਾਜ ਕਰਦਾ ਰਿਹਾ। ਪਹਿਲਾ ਟੌਲਮੀ ਜੋ ਇਸ ਵੰਸ ਦਾ ਮੋਢੀ ਸੀ ਸਿਕੰਦਰ ਦੇ ਬਹੁਤ ਹੀ ਭਰੋਸੇ ਯੋਗ ਜਰਨੈਲਾਂ ਵਿਚੋਂ ਸੀ। ਇਹ ਉਸ ਦੇ ਸੱਤ ਬਾਡੀਗਾਰਡਾਂ ਵਿਚੋਂ ਇਕ ਸੀ।

ਟੌਲਮੀ ਪਹਿਲਾ	੩੨੩–੨੮੩ ਈ. ਪੂ.
ਟੌਲਮੀ ਦੂਜਾ	੩੦੯–੨੪੬ ਈ. ਪੂ.
ਟੌਲਮੀ ਤੀਜਾ	੨੪੬–੨੨੧ ਈ. ਪੂ.
ਟੌਲਮੀ ਚੌਥਾ ਫਿਲੌਫੇਟਰ	੨੨੧–੨੦੪ ਈ. ਪੂ.
ਟੌਲਮੀ ਪੰਜਵਾਂ ਏਪੀਫੇਨੀਜ਼	੨੦੪–੧੮੧ ਈ. ਪੂ.
ਟੌਲਮੀ ਛੇਵਾਂ ਫਿਲੋਮੀਟਰ	੧੮੧–੧੪੫ ਈ. ਪੂ.

(ਇਹ ਆਪਣੀ ਮਾਤਾ ਕਲੂਪਤਰਾ ਦੀ ਨਿਗਰਾਨੀ ਹੇਠ ਰਾਜ ਕਰਦਾ ਸੀ)

ਟੌਲਮੀ ਸਤਵਾਂ, ਅਠਵਾਂ, ਨੌਵਾਂ, ਦਸਵਾਂ, ਗਿਆਰਵਾਂ, ਬਾਰਵਾਂ ਤੇ ਤੇਰਵਾਂ ੧੪੫-੪੦ ਈ. ਪੂ. ਤਕ

(੨) ਟੌਲਮੀ (Claudius Ptolemxus) ਜੋ ਪਰਸਿਧ ਗਣਿਤ ਵੇਤਾ ਹੋਇਆ ਹੈ। ਵਿਹ ਜੋਤਸ਼ੀ ਤੇ ਭੂਗੋਲ ਲੇਖਕ ਵੀ ਹੈ।

ਤ

ਤੰਜਾ (ਤੰਜੀਰ)

ਅਫ਼ਰੀਕਾ ਵਿਚ ਮਰਾਕੂ ਸੂਬੇ ਦਾ ਇਕ ਸ਼ਹਿਰ ਤੇ ਬੰਦਰਗਾਹ ਹੈ। ਅਬਦੁੱਲ ਅਜ਼ੀਜ਼ ਬਿਨ ਮਰਵਾਨ ਨੇ ਮੂਸਾ ਬਿਨ ਨੁਸੈਰ ਨੂੰ ਅਫ਼ਰੀਕਾ ਦਾ ਵਾਲੀ ਬਣਾ ਕੇ ਘਲਿਆ, ਬਾਜ਼ੇ ਆਖਦੇ ਹਨ ਕਿ ਉਹ ੮੯ ਹਿ. ਵਿਚ ਵਲੀਦ ਨੇ ਭੇਜਿਆ ਸੀ, ਜੋ ਵੀ ਹੈ, ਉਸ ਨੇ ਤੰਜਾ ਫ਼ਤਿਹ ਕੀਤਾ।

ਤਫਸੀਰ

ਕੁਰਾਨ ਸ਼ਰੀਫ਼ ਦੀ ਟੀਕਾ, ਕੁਰਾਨ ਸ਼ਰੀਫ਼ ਦੀ ਸ਼ਰਹ, ਕੁਮੈਂਟਰੀ।

ਤਬਕਾਤੇ ਨਾਸਰੀ

ਪੁਰਾਤਨ ਸਮੇਂ ਤੋਂ ਲੈ ਕੇ ੬੫੮ ਹਿ. ਤਕ ਦੀ ਆਮ ਤਾਰੀਖ ਹੈ ਜਿਸ ਵਿਚ ਖਾਸ ਕਰਕੇ ਛੇਵੀਂ ਸਤਵੀਂ ਸਦੀ ਹਿਜਰੀ ਦਿਆਂ ਉਨ੍ਹਾਂ ਵੰਸਾਂ ਦਾ ਇਤਿਹਾਸ ਹੈ ਜੋ ਗੋਰ, ਗ਼ਜ਼ਨੀ ਤੇ ਹਿੰਦੁਸਤਾਨ ਵਿਚ ਹੁਕਮਰਾਨ ਰਹੇ ਹਨ। ਇਸ ਪੁਸਤਕ ਦਾ ਕਾਫ਼ੀ ਹਿਸਾ, ਜੋ ਹਿੰਦੁਸਤਾਨ ਦੀ ਤਾਰੀਖ ਨਾਲ ਸਬੰਧਤ ਹੈ ਅਤੇ ਜਿਸ ਵਿਚ ੧੧ ਅਤੇ ੧੭-੨੩ ਤਕ ਦੇ ਕਾਂਡ ਹਨ, ਕਪਤਾਨ ਡਬਲਯੂ ਨਸਨ ਲੀਸ (Capt. W. Nassan Lees) ਨੇ ਸੰਪਾਦਿਤ ਕੀਤਾ ਹੈ। ਇਸ ਪੁਸਤਕ ਦਾ ਅੰਗਰੇਜ਼ੀ ਤਰਜਮਾ ਮੇਜਰ ਐਚ: ਜੀ. ਰਵਟਰੀ (H.G. Rawtry) ਨੇ ਕੀਤਾ ਹੈ ਜੋ ਸਿਵਾਇ ਪਹਿਲੇ ਛੇ ਕਾਂਡਾਂ ਦੇ ਲੰਡਨ ਤੋਂ ੧੮੭੩-੭੬ ਵਿਚ ਛਪਿਆ ਹੈ। ਇਸ ਦਾ ਲੇਖਕ ਮਿਨਹਾਜ ਸਰਾਜ ਹੈ ਜੋ ਨਾਸਿਰੁਦੀਨ ਮਹਿਮੂਦ ਗੁਲਾਮ ਬਾਦਸ਼ਾਹ ਦਾ ਸਮਕਾਲੀ ਹੈ।

ਤਬਰਸਤਾਨ

ਈਰਾਨ ਵਿਚ ਇਕ ਇਲਾਕਾ ਜਿਸ ਨੂੰ ਪਰਾਚੀਨ ਸਮੇਂ ਵਿਚ ਹਰਕਾਨੀਆ ਅਤੇ ਅਰਬ ਮਾਜਿੰਦਰਾਂ ਆਖਦੇ ਸਨ। ਇਹ ਇਲਾਕਾ ਕੈਸਪੀਅਨ ਸਾਗਰ ਦੇ ਦੱਖਣੀ ਕੰਢੇ ਤੇ ਆਬਾਦ ਹੈ। ਏਥੇ ੮੬੪ ਤੋਂ ੯੨੮ ਈ. ਵਿਚਕਾਰ ਅਲੀ ਵੰਸ, ਜਿਨ੍ਹਾਂ ਨੂੰ ਜੈਦੀ (Zaidites) ਆਖਦੇ ਹਨ, ਬਗ਼ਦਾਦ ਖ਼ਲਾਫ਼ਤ ਤੋਂ ਸੁਤੰਤਰ ਹੋ ਗਿਆ ਸੀ। ੯੨੮ ਵਿਚ ਏਸ ਨੂੰ ਸਾਮਾਨੀ ਵੰਸ ਨੇ ਜਿਤ ਲਿਆ। ਪਿਛੋਂ ਏਸ ਵੰਸ ਦੀ ਉਲਾਦ ਗੀਲਾਂ ਤੇ ਦੈਲਮ ਵਿਚ ਰਾਜ ਕਰਦੀ ਰਹੀ।

ਤਬਰੀ [੮੩੯-੯੨੩ ਈ.]

ਅਬੂ ਜਾਅਫਰ ਮੁਹੰਮਦ ਬਿਨ ਜਰੀਰ ਅਰਬੀ ਇਤਿਹਾਸਕਾਰ ਸੀ। ਇਹ ਆਮਿਲ ਇਲਾਕਾ ਤਬਰਿਸਤਾਨ ਵਿਚ ਜੰਮਿਆ ਅਤੇ ਪਿਛੋਂ ਬਗ਼ਦਾਦ ਵਿਚ ਰਹਿਣ ਲਗਾ। ਏਸ ਦੀ ਸਭ ਤੋਂ ਮਸ਼ਹੂਰ ਲਿਖਤ ਤਾਰੀਖੁਰੱਸੂਲ-ਵਲ ਮੁਲੂਕ ਹੈ ਇਹ ਤੀਹ ਹਜ਼ਾਰ ਸਫਿਆਂ ਵਿਚ ਲਿਖੀ ਗਈ ਸੀ ਪਰ ਦੋਸਤਾਂ ਦੇ ਕਹਿਣ ਤੋਂ ਏਸ ਦਾ ਖੁਲਾਸਾ ਕੀਤਾ ਜੋ ਹੁਣ ਵੀ ਤੇਰਾਂ ਜਿਲਦਾਂ ਵਿਚ ਮਿਲਦਾ ਹੈ।

ਤਮੀਮ

ਅਰਬ ਬਦੂਆਂ ਦਾ ਇਕ ਕਬੀਲਾ ਹੈ। ਇਹ ਲੋਕ ੬੩੦ ਈ. ਵਿਚ ਮੁਸਲਮਾਨ ਹੋਏ, ਪਰ ਹਜ਼ਰਤ ਪੈਗੰਬਰ ਸਾਹਿਬ ਦੇ ਦਿਹਾਂਤ ਪਿਛੋਂ ਬਾਗੀ ਹੋ ਗਏ। ਖਾਲਿਦ ਬਿਨ ਵਲੀਦ ਨੇ ਇਨ੍ਹਾਂ ਨੂੰ ਸਰ ਕੀਤਾ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਈਰਾਨ ਦੇ ਜੰਗ ਵਿਚ ਸ਼ਾਮਲ ਹੋ ਕੇ ਖੁਰਾਸਾਂ ਵਿਚ ਜਾ ਵੱਸੇ।

ਤਰਾਬਜੰਦ [ਤਰਬਜ਼ੂਨ]

ਅਨਾਤੋਲੀਆ ਵਿਚ ਕ੍ਰਿਸ਼ਨ ਸਾਗਰ ਦੇ ਕੰਢੇ ਇਕ ਬੰਦਰਗਾਹ ਹੈ।

ਤਰਾਬਲੁਸ

ਅਫਰੀਕਾ ਦਾ ਇਕ ਮੁਲਕ ਜੋ ਪਹਿਲਾਂ ਤੁਰਕਾਂ ਦੇ ਅਧੀਨ ਸੀ। ਹੁਣ

ਇਟਲੀ ਦੇ ਕਬਜ਼ੇ ਵਿਚ ਹੈ। ਇਸ ਦਾ ਦੂਜਾ ਨਾਂ ਟਰੈਪੋਲੀ ਹੈ। ਇਸ ਨੂੰ ਅਰਬ ਤਰਾਬਲੁਸ ਗਰਬ ਆਖਦੇ ਹਨ।(੨)ਤਰਾਬਲੁਸ ਸ਼ਾਮ,ਸ਼ਾਮ ਦੀ ਇਕ ਬੰਦਰਗਾਹ ਵੀ ਸੀ।

ਤਾਇਰ (Tyre)

ਰੂਮ ਸਾਗਰ ਕੰਢੇ ਫਨੀਕੀ ਸ਼ਹਿਰ, ਜੋ ਹੁਣ ਮੌਜੂਦ ਨਹੀਂ। ਏਹ ਸ਼ਹਿਰ ਅਤੇ ਸੈਦਾ (Sadon) ਦੋਵੇਂ ਪਰਸਿਧ ਫ਼ਨੀਕੀ ਸ਼ਹਿਰ ਸਨ, ਜਿਨ੍ਹਾਂ ਦੇ ਥੇਹ ਟਰਾਏ ਸ਼ਹਿਰ ਦੇ ਹੇਠੋਂ ਨਿਕਲੇ ਹਨ। ਹਾਲੀ ਆਖਦਾ ਹੈ :—"ਕੀਆ ਸੋਰੋ ਸੈਦਾ ਕੋ ਬਰਬਾਦ ਇਸੀ ਨੇ, ਬਿਗਾੜਾ ਦਿਮਿਸ਼ਕ ਔਰ ਬਗਦਾਦ ਇਸੀ ਨੇ।"

ਤਾਤਾਰੀ

ਤਾਤਾਰੀ, ਮੁਗਲ, ਮੰਗੋਲ, ਤੁਰਕ ਆਦਿ ਸ਼ਬਦ ਇਕੋ ਕੌਮ ਦੇ ਬੋਧਕ ਹਨ ਪਰ ਮੰਗੋਲ ਜਾਂ ਤਾਤਾਰੀ ਉਹ ਲੋਕ ਹਨ ਜੋ ਚੰਗੇਜ਼ ਖਾਂ ਦੇ ਸਾਥੀ ਸਨ। ਤੁਰਕ ਉਹ ਲੋਕ ਹਨ ਜੋ ਤੈਮੂਰ ਦੇ ਸਾਥੀ ਸਨ। ਮੁਗਲ ਉਹ ਲੋਕ ਸਨ ਜੋ ਬਾਬਰ ਦੀ ਔਲਾਦ ਵਿਚੋਂ ਹਿੰਦੁਸਤਾਨ ਤੇ ਰਾਜ ਕਰਦੇ ਰਹੇ। ਸਾਰਿਆਂ ਨਾਲੋਂ ਵਡਾ ਮੰਗੋਲ ਜਾਂ ਤਾਤਾਰੀ ਬਾਦਸ਼ਾਹ ਚੰਗੇਜ਼ ਖਾਂ ਹੋਇਆ ਹੈ। ਸਭ ਤੋਂ ਵੱਡਾ ਤੁਰਕ ਬਾਦਸ਼ਾਹ ਤੈਮੂਰ ਲੰਗ ਹੋਇਆ ਹੈ ਅਤੇ ਸਭ ਤੋਂ ਵੱਡਾ ਮੁਗਲ ਬਾਦਸ਼ਾਹ ਅਕਬਰ ਸੀ ਪਰ ਆਮ ਕਰਕੇ ਚੰਗੇਜ਼ ਦੇ ਸਾਥੀਆਂ ਨੂੰ ਵੀ ਮੁਗਲ ਆਖ ਦਿੰਦੇ ਹਨ।

ਤਾਰੀਖ਼ ਅਲਾਈ

ਅਲਾਉਦੀਨ ਖਿਲਜੀ ਦੀ ਤਾਰੀਖ ਜਿਸ ਨੂੰ ਏਲੀਅਟ ਸਾਹਿਬ ਨੇ ਖ਼ਜ਼ਾਇਨੁਫ਼ੁਤੂਹ ਅਮੀਰ ਖੁਸਰੋ ਤੋਂ ਸੰਖੇਪ ਕਰ ਕੇ ਲਿਖਿਆ ਹੈ।

ਤਾਰੀਖੁਲ ਖੁਲਫ਼ਾ ਸੁਊਤੀ [੧੪੪੫-੧੫੦੫ ਈ.]

ਸੁਊਤੀ ਅਬੁਲਫ਼ਜ਼ਲ ਅਬਦੁਰਹਿਮਾਨ ਬਿਨ ਅਬੀ ਬਕਰ, ਮਿਸਰ ਦਾ ਪਰਸਿਧ ਅਰਬੀ ਲੇਖਕ ਹੈ। ੫੬੧ ਕਿਤਾਬਾਂ ਇਸ ਦੀਆਂ ਕਿਰਤ ਹਨ, ਜਿਨ੍ਹਾਂ ਵਿਚੋਂ ਜਾਮਿਉਲ-ਕਬੀਰ, ਜਾਮਿਉਲ-ਸਗੀਰ, ਕਿਤਾਬੁੱਦੁਰਰ

ਮਨਸੂਰ, ਤਰਜਮਾਨੁਲ ਕੁਰਾਨ ਆਦਿ ਪਰਸਿਧ ਹਨ । ਇਹ ਤਾਰੀਖ਼ ਇਸੇ ਦੀ ਕਿਰਤ ਹੈ ।

ਤਿਰਮਜ਼

ਤੁਰਕਿਸਤਾਨ ਵਿਚ ਜੇਹੂੰ ਦਰਿਆ ਦੇ ਕੰਢੇ ਇਕ ਸ਼ਹਿਰ ਸੀ ਜੋ ਬਿਲਕੁਲ ਉਜੜ ਗਿਆ ਸੀ ਪਰ ਰੂਸੀਆਂ ਨੇ ਇਥੇ ਕਿਲ੍ਹਾ ਅਤੇ ਰੇਲ ਬਣਾ ਕੇ ਇਸ ਨੂੰ ਮੁੜ ਆਬਾਦ ਕਰ ਲਿਆ ਹੈ । ਅਬੂਈਸਾ ਮੁਹੰਮਦ ਬਿਨ ਈਸਾ ਤਿਰਮਜ਼ੀ ਜੋ ਪਰਸਿਧ ਅਰਬ ਹਦੀਸ ਦਾਨ ਹਨ ਇਥੋਂ ਦੇ ਹੀ ਵਸਨੀਕ ਸਨ ।

ਤਿਰਮਜ਼ੀ

੧. (੮੬੯ ਈ.) ਅਬੂ-ਅੱਬਦੁਲਾ-ਮੁਹੰਮਦ-ਬਿਨ-ਅਲੀ-ਤਿਰਮਜ਼ੀ ਇਕ ਹਦੀਸਦਾਨ ਤੇ ਫਕੀਹ (Jurisprudent) ਸਨ । ਇਨ੍ਹਾਂ ਦੀਆਂ ੩੫ ਕਿਤਾਬਾਂ ਹੁਣ ਵੀ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਨਵਾਦਰੁਲ ਉਸੂਲ, ਖਤਮੁਲਵਲਾਇਆ ਆਦਿ ਪਰਸਿਧ ਹਨ ।

੨. (੮੯੨ ਈ.) ਅਬੂ ਈਸਾ ਮੁਹੰਮਦ ਬਿਨ ਈਸਾ ਤਿਰਮਜ਼ੀ, ਅਰਬ ਹਦੀਸ ਦਾਨ, ਤਿਰਮਜ਼ ਵਿਚ ਜੰਮੇ ਤੇ ਜਵਾਨ ਹੋ ਕੇ ਖੁਰਾਸਾਂ ਇਰਾਕ ਤੇ ਹਿਜਾਜ਼ ਦਾ ਸਫ਼ਰ ਕੀਤਾ । ਅਖਾਂ ਤੋਂ ਮਨਾਖੇ ਸਨ । ਹਦੀਸਾਂ ਦੀ ਪਰਸਿਧ ਕਿਤਾਬ ਅਲਜਾਮਿਇ ਸਹੀਹ ਲਿਖੀ ਹੈ ਜਿਸ ਦੀ ਗਿਣਤੀ ਛੇ ਸਿਹਾਹਾਂ (ਸ਼ੁਧ ਹਦੀਸ ਦੀਆਂ ਕਿਤਾਬਾਂ) ਵਿਚ ਹੁੰਦੀ ਹੈ । ਕਿਤਾਬ ਅਲਸ਼ਮਾਇਲ ਵੀ ਇਨ੍ਹਾਂ ਦੀ ਲਿਖਤ ਹੈ ।

੩. ਸੱਯਦ ਬੁਰਹਾਨ ਦੀਨ ਮੌਲਾਨਾ ਜਲਾਲੁਦੀਨ ਰੂਮੀ ਦੇ ਉਸਤਾਦ ਸਨ ।

ਤੀਜ

ਬਲੋਚਿਸਤਾਨ ਦੀ ਇਕ ਬੰਦਰਗਾਹ ਸੀ ।

ਤੀਰ

੧. ਈਰਾਨੀ ਕੈਲੰਡਰ ਦਾ ਚੌਥਾ ਮਹੀਨਾ ਜੋ ਹਿੰਦੀ ਮਹੀਨੇ ਸਾਉਣ ਦੇ ਮੁਕਾਬਲੇ ਵਿਚ ਆਉਂਦਾ ਹੈ। ੨. ਹਰੇਕ ਸੂਰਜੀ ਕੈਲੰਡਰ ਦੇ ਮਹੀਨੇ ਦੀ ਤੇਰ੍ਹਵੀਂ ਤਾਰੀਖ਼। ਅਸਲ ਵਿਚ ਤੀਰ ਇਕ ਫ਼ਰਿਸ਼ਤਾ ਹੈ ਜੋ ਡੰਗਰਾਂ ਦਾ ਮੁਅੱਕਲ ਹੈ ਅਤੇ ਤੀਰ ਦਿਨ ਤੇ ਤੀਰ ਮਹੀਨੇ ਦਾ ਕਾਰਵਿਹਾਰ ਇਸੇ ਦੇ ਸਪੁਰਦ ਹੈ। ਤੀਰ ਦਿਨ ਨੂੰ ਈਰਾਨੀ ਤਿਉਹਾਰ ਮੰਨਾਉਂਦੇ ਹਨ ਕਿਉਂਕਿ ਇਹ ਕਾਇਦਾ ਹੈ ਕਿ ਜਦੋਂ ਤਿਥ ਦਾ ਤੇ ਮਹੀਨੇ ਦਾ ਨਾਂ ਮੁਆਫ਼ਿਕ ਆ ਜਾਵੇ ਤਾਂ ਉਸ ਦਿਨ ਤਿਉਹਾਰ ਮਨਾਇਆ ਜਾਂਦਾ ਹੈ।

ਦ

ਦਜਲਾ (ਦਿਜਲਾ)

ਇਰਾਕ ਦਾ ਪਰਸਿੱਧ ਦਰਿਆ।

ਦਮਿਸ਼ਕ (ਦਿਮਿਸ਼ਕ)

ਸ਼ਾਮ ਦੇਸ ਦਾ ਇਕ ਪੁਰਾਣਾ ਸ਼ਹਿਰ ਹੈ। ਇਹ ਸ਼ਾਮ ਦਾ ਰਾਜਨਗਰ ਹੈ ਅਤੇ ਦੁਨੀਆ ਦਾ ਸਭ ਤੋਂ ਪੁਰਾਣਾ ਆਬਾਦ ਸ਼ਹਿਰ ਹੈ।

ਦਾਇਰਾ-ਤੁਲ-ਮਆਰਿਫ਼

ਦਸ ਜਿਲਦਾਂ ਵਿਚ ਅਰਬੀ ਦਾ ਐਨਸਾਈਕਲੋਪੀਡੀਆ ਹੈ ਜੋ ਹੈਦਰਾਬਾਦ ਵਾਲਿਆਂ ਨੇ ਤਿਆਰ ਕੀਤਾ ਹੈ। ਇਸ ਦੀ ਪਹਿਲੀ ਜਿਲਦ ਅਲਫ਼ ਦੂਜੀ ਜਿਲਦ ਬੇ ਤੋਂ, ਸੇ ਤੀਜੀ ਜਿਲਦ ਜੀਮ ਤੋਂ ਖੇ, ਚੌਥੀ ਜਿਲਦ ਦਾਲ ਤੋਂ ਜ਼, ਪੰਜਵੀਂ ਜਿਲਦ ਸੀਨ ਤੋਂ ਜ਼ੋਏ, ਛੇਵੀਂ ਜਿਲਦ ਐਨ, ਸਤਵੀਂ ਜਿਲਦ ਗ਼ੈਨ ਤੇ ਕਾਫ਼, ਅਠਵੀਂ ਜਿਲਦ ਕਾਫ਼ ਤੋਂ ਲਾਮ, ਨੌਵੀਂ ਜਿਲਦ ਮੀਮ ਅਤੇ ਦਸਵੀਂ ਜਿਲਦ ਨੂੰਨ ਤੋਂ ਯੇ ਤਕ ਹੈ। ਇਸ ਦਾ ਕਰਤਾ ਮੁਹੰਮਦ ਫ਼ਰੀਦ ਵਜਦੀ ਹੈ।

ਦਾਬੇਸ਼ਲੀਮ

੧. ਇਕ ਵੰਸ ਜੋ ਸੋਮਨਾਥ ਵਿਚ ਰਾਜ ਕਰਦਾ ਸੀ। ੨. ਇਕ

ਰਾਜਾ ਜਿਸ ਦਾ ਵੇਰਵਾ ਕਲੀਲਾ ਦਿਮਨਾ ਵਿਚ ਆਉਂਦਾ ਹੈ। ਰਾਜਾ ਦਾਬੇਸ਼ਲੀਮ ਨੂੰ ਬੇਦਪਾ ਬ੍ਰਾਹਮਣ ਨੇ ਕਹਾਣੀਆਂ ਸੁਣਾਈਆਂ ਸਨ।

ਦਾਰਾ ਸ਼ਕੋਹ (੧੬੧੫–੧੬੫੯ ਈ.)

ਸ਼ਾਹਜਹਾਨ ਦਾ ਸਭ ਤੋਂ ਵਡਾ ਪੁੱਤਰ ਸੀ। ਜਦੋਂ ਸ਼ਾਹਜਹਾਨ ਬੀਮਾਰ ਹੋਇਆ ਤਾਂ ਇਸ ਦੇ ਅਤੇ ਔਰੰਗਜ਼ੇਬ ਵਿਚਕਾਰ ਜੰਗ ਹੋਈ, ਜਿਸ ਵਿਚ ਇਸ ਨੂੰ ਹਾਰ ਹੋਈ ਤੇ ਇਹ ਭਜ ਗਿਆ। ਸਿੰਧ ਦੇ ਹਾਕਮ ਨੇ ਇਸ ਨੂੰ ਫੜ ਕੇ ਬੇੜੀਆਂ ਵਿਚ ਜਕੜ ਕੇ ਔਰੰਗਜ਼ੇਬ ਕੋਲ ਭੇਜ ਦਿਤਾ, ਜਿਸ ਨੇ ਇਸ ਨੂੰ ਕਤਲ ਕਰਵਾ ਦਿਤਾ।

ਦਾਰੁਲਮੁਸੰਨਫ਼ੀਨ

ਉਰਦੂ ਦੀ ਇਕ ਪਰਸਿਧ ਅਕੈਡਮੀ ਜੋ ਆਜ਼ਮਗੜ੍ਹ ਯੂ. ਪੀ ਵਿਚ ਮੌਲਾਨਾ ਸ਼ਿਬਲੀ ਨੇ ਚਾਲੂ ਕੀਤੀ ਸੀ। ਇਹ ਅਕੈਡਮੀ ਪੁਰਾਣੀਆਂ ਧਾਰਮਕ ਪੁਸਤਕਾਂ ਨੂੰ ਤਰਜਮਾ ਕਰ ਕੇ ਪਬਲਿਸ਼ ਕਰਦੀ ਹੈ।

ਦਿਆਰ ਬਕਰ

ਮੁਲਕ ਸ਼ਾਮ (ਅਨਾਤੋਲੀਆ) ਵਿਚ ਇਕ ਇਲਾਕਾ ਹੈ। ਪਿਛਲਿਆਂ ਸਮਿਆਂ ਵਿਚ ਇਹ ਅਰਬ ਸੂਬੇ, ਅਲਜਜ਼ੀਰਾ(ਉਤਰੀ ਮੈਸੋਪਟੋਮੀਆਂ) ਦੇ ਤਿੰਨ ਹਿੱਸਿਆਂ ਵਿਚੋਂ ਇਕ ਹਿੱਸਾ ਸੀ। ਬਾਕੀ ਦੋ ਹਿੱਸਿਆਂ ਦੇ ਨਾਂ, ਦਿਆਰ ਰਬੀਆ ਤੇ ਦਿਆਰ ਮੁਜ਼ਰ ਹਨ।

ਦੁਰਾਤੁਲ ਅਖਬਾਰ-ਵ-ਲਮਆਤੁਲ ਅਨਵਾਰ

ਅਲੀ ਬਿਨ ਜ਼ੈਦ ਬਹਿਕੀ ਦੀ ਕ੍ਰਿਤ ਜੋ ਹੁਕਮਾਉਲ ਇਸਲਾਮ ਦਾ ਫ਼ਾਰਸੀ ਅਨੁਵਾਦ ਹੈ ਜਿਸ ਵਿਚ ਇਸਲਾਮ ਦੀਆਂ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਬਿਆਨ ਕੀਤੀਆਂ ਗਈਆਂ ਹਨ। ਇਸ ਕਿਤਾਬ ਵਿਚ ਅਰਬੀ ਸ਼ਬਦਾਂ ਤੇ ਟੂਕਾਂ ਦੀ ਭਰਮਾਰ ਹੈ ਜਿਸ ਕਰਕੇ ਇਸ ਦਾ ਸਟਾਈਲ ਵਧੇਰੇ

ਸੁਲਝਿਆ ਹੋਇਆ ਨਹੀਂ ।

ਦ੍ਰੂਜ

ਮਿਸਰ ਦੇ ਇਸਮਾਈਲੀ ਫਾਤਮੀ ਖ਼ਲੀਫ਼ਾ ਅਲਹਾਕਿਮ-ਬ-ਅਮਰਿਲਾ ਨੇ ਸ਼ਾਮ ਵਿਚ ਇਕ ਸੰਪਰਦਾਇ ਚਲਾਈ ਸੀ ਜਿਸ ਦਾ ਨਾਂ ਦ੍ਰੂਜ਼ ਸੀ ।

ਦੇਨਵਰੀ (ਦੀਨਾਵਰੀ)

ਦੀਨਾਵਰ ਚੌਥੀ ਵਲਾਇਤ ਵਿਚ ਬਗ਼ਦਾਦ ਤੇ ਹਮਦਾਨ ਵਿਚਕਾਰ ਇਕ ਸ਼ਹਰ ਹੈ ਜਿਥੋਂ ਦੇ, ਸ਼ੇਖ ਮੁਹੰਮਦ ਬਾਦ ਮਸ਼ਹੂਰ ਸੰਤ ਹੋਏ ਹਨ ਜੋ ਜੁਨੈਦ ਬਗ਼ਦਾਦੀ ਦੇ ਸਮਕਾਲੀ ਸਨ ।

ਦੇਬਲ

ਠਠਾ (ਕਰਾਚੀ) ਸਿੰਧ ਦਾ ਇਕ ਪੁਰਾਣਾ ਸ਼ਹਿਰ ਸੀ।

ਦੈਲਮੀ

ਦੈਲਮ ਈਰਾਨ ਦੇ ਇਲਾਕੇ ਗੀਲਾਂ ਦਾ ਇਕ ਸ਼ਹਿਰ ਹੈ। ਦੈਲਮੀ ਇਕ ਕੌਮ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਦੇ ਵਾਲ ਸੰਗਲੀ ਦੀ ਤਰ੍ਹਾਂ ਛੱਲੇਦਾਰ ਹੁੰਦੇ ਹਨ। ਇਉਂ ਵੀ ਕਹਿੰਦੇ ਹਨ ਕਿ ਉਸ ਬੰਦੇ ਨੂੰ, ਜਿਸ ਦੀ ਮਾਂ ਹਬਸ਼ਣ ਤੇ ਪਿਉ ਤੁਰਕ ਹੋਵੇ ਜਾਂ ਪਿਉ ਹਬਸ਼ੀ ਤੇ ਮਾਂ ਤੁਰਕਣੀ ਹੋਵੇ, ਦੈਲਮੀ ਕਹਿੰਦੇ ਹਨ ।

ਦੈਲਮੀਆ (੯੩੩-੧੦੫੫ ਈ.)

ਇਕ ਈਰਾਨੀ ਵੰਸ ਜਿਸ ਦਾ ਬਾਨੀ ਅਬੂ-ਸ਼ੁਜਾਅ ਅਲੀ ਇਮਾਦੁਦੌਲਾ ਬਿਨ ਬੋਈਆ, ਸਾਸਾਨੀ ਬਾਦਸ਼ਾਹ ਬਹਿਰਾਮ ਗ਼ੋਰ ਦੀ ਨਸਲ ਵਿਚੋਂ ਸੀ। ਅਬੂਸ਼ੁਜਾਅ ਦਾ ਪੁਤਰ ਹਸਨ ੯੪੫ ਈ. ਵਿਚ ਬਗ਼ਦਾਦ ਵਿਚ ਦਾਖ਼ਲ ਹੋਇਆ ਅਤੇ ਅਮੀਰੁਲਉਮਰਾ ਬਣਿਆ। ਇਸ ਦੇ ਵੰਸ ਦੇ ਲੋਕ ਜਿਸ ਨੂੰ ਚਾਹੁੰਦੇ ਖ਼ਲੀਫ਼ਾ ਬਣਾਉਂਦੇ ਸਨ। ਤਕਰੀਬਨ ਸੌ ਸਾਲ ਤਕ ਇਨ੍ਹਾਂ ਦਾ ਬਹੁਤ ਜ਼ੋਰ ਰਿਹਾ ਆਖਰ ਤੁਗ਼ਰਲਬੇਗ ਨੇ ਇਸ ਵੰਸ ਦਾ ਖ਼ਾਤਮਾ ਕਰ ਦਿਤਾ। ਇਨ੍ਹਾਂ

ਰਾਜਾ ਜਿਸ ਦਾ ਵੇਰਵਾ ਕਲੀਲਾ ਦਿਮਨਾ ਵਿਚ ਆਉਂਦਾ ਹੈ। ਰਾਜਾ ਦਾਬੇਸ਼ਲੀਮ ਨੂੰ ਬੇਦਪਾ ਬ੍ਰਾਹਮਣ ਨੇ ਕਹਾਣੀਆਂ ਸੁਣਾਈਆਂ ਸਨ ।

ਦਾਰਾ ਸ਼ਕੋਹ (੧੬੧੫-੧੬੫੯ ਈ.)

ਸ਼ਾਹਜਹਾਨ ਦਾ ਸਭ ਤੋਂ ਵਡਾ ਪੁੱਤਰ ਸੀ। ਜਦੋਂ ਸ਼ਾਹਜਹਾਨ ਬੀਮਾਰ ਹੋਇਆ ਤਾਂ ਇਸ ਦੇ ਅਤੇ ਔਰੰਗਜ਼ੇਬ ਵਿਚਕਾਰ ਜੰਗ ਹੋਈ, ਜਿਸ ਵਿਚ ਇਸ ਨੂੰ ਹਾਰ ਹੋਈ ਤੇ ਇਹ ਭਜ ਗਿਆ । ਸਿੰਧ ਦੇ ਹਾਕਮ ਨੇ ਇਸ ਨੂੰ ਫੜ ਕੇ ਬੇੜੀਆਂ ਵਿਚ ਜਕੜ ਕੇ ਔਰੰਗਜ਼ੇਬ ਕੋਲ ਭੇਜ ਦਿਤਾ, ਜਿਸ ਨੇ ਇਸ ਨੂੰ ਕਤਲ ਕਰਵਾ ਦਿਤਾ।

ਦਾਰੁਲਮੁਸੰਨਫ਼ੀਨ

ਉਰਦੂ ਦੀ ਇਕ ਪਰਸਿਧ ਅਕੈਡਮੀ ਜੋ ਆਜ਼ਮਗੜ੍ਹ ਯੂ. ਪੀ. ਵਿਚ ਮੌਲਾਨਾ ਸ਼ਿਬਲੀ ਨੇ ਚਾਲੂ ਕੀਤੀ ਸੀ । ਇਹ ਅਕੈਡਮੀ ਪੁਰਾਣੀਆਂ ਧਾਰਮਕ ਪੁਸਤਕਾਂ ਨੂੰ ਤਰਜਮਾ ਕਰ ਕੇ ਪਬਲਿਸ਼ ਕਰਦੀ ਹੈ।

ਦਿਆਰ ਬਕਰ

ਮੁਲਕ ਸ਼ਾਮ (ਅਨਾਤੋਲੀਆ) ਵਿਚ ਇਕ ਇਲਾਕਾ ਹੈ। ਪਿਛਲਿਆਂ ਸਮਿਆਂ ਵਿਚ ਇਹ ਅਰਬ ਸੂਬੇ, ਅਲਜਜ਼ੀਰਾ(ਉਤਰੀ ਮੈਸੋਪਟੋਮੀਆਂ) ਦੇ ਤਿੰਨ ਹਿੱਸਿਆਂ ਵਿਚੋਂ ਇਕ ਹਿੱਸਾ ਸੀ। ਬਾਕੀ ਦੋ ਹਿੱਸਿਆਂ ਦੇ ਨਾਂ, ਦਿਆਰ ਰਬੀਆ ਤੇ ਦਿਆਰ ਮੁਜ਼ਰ ਹਨ।

ਦੁਰਾਤੁਲ ਅਖਬਾਰ-ਵ-ਲਮਆਤੁਲ ਅਨਵਾਰ

ਅਲੀ ਬਿਨ ਜ਼ੈਦ ਬਹਿਕੀ ਦੀ ਕ੍ਰਿਤ ਜੋ ਹੁਕਮਾਉਲ ਇਸਲਾਮ ਦਾ ਫ਼ਾਰਸੀ ਅਨੁਵਾਦ ਹੈ ਜਿਸ ਵਿਚ ਇਸਲਾਮ ਦੀਆਂ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਬਿਆਨ ਕੀਤੀਆਂ ਗਈਆਂ ਹਨ। ਇਸ ਕਿਤਾਬ ਵਿਚ ਅਰਬੀ ਸ਼ਬਦਾਂ ਤੇ ਟੂਕਾਂ ਦੀ ਭਰਮਾਰ ਹੈ ਜਿਸ ਕਰਕੇ ਇਸ ਦਾ ਸਟਾਈਲ ਵਧੇਰੇ

ਸੁਲਝਿਆ ਹੋਇਆ ਨਹੀਂ ।

ਦੁਰੂਜ

ਮਿਸਰ ਦੇ ਇਸਮਾਈਲੀ ਫਾਤਮੀ ਖ਼ਲੀਫ਼ਾ ਅਲਹਾਕਿਮ-ਬ-ਅਮਰਿਲਾ ਨੇ ਸ਼ਾਮ ਵਿਚ ਇਕ ਸੰਪਰਦਾਇ ਚਲਾਈ ਸੀ ਜਿਸ ਦਾ ਨਾਂ ਦੁਰੂਜ਼ ਸੀ ।

ਦੈਨਵਰੀ (ਦੀਨਾਵਰੀ)

ਦੀਨਾਵਰ ਚੌਥੀ ਵਲਾਇਤ ਵਿਚ ਬਗ਼ਦਾਦ ਤੇ ਹਮਦਾਨ ਵਿਚਕਾਰ ਇਕ ਸ਼ਹਰ ਹੈ ਜਿਥੋਂ ਦੇ, ਸ਼ੈਖ ਮੁਹੰਮਦ ਸ਼ਾਦ ਮਸ਼ਹੂਰ ਸੰਤ ਹੋਏ ਹਨ ਜੋ ਜੁਨੈਦ ਬਗ਼ਦਾਦੀ ਦੇ ਸਮਕਾਲੀ ਸਨ ।

ਦੈਬਲ

ਠਠਾ (ਕਰਾਚੀ) ਸਿੰਧ ਦਾ ਇਕ ਪੁਰਾਣਾ ਸ਼ਹਿਰ ਸੀ ।

ਦੈਲਮੀ

ਦੈਲਮ ਈਰਾਨ ਦੇ ਇਲਾਕੇ ਗੀਲਾਂ ਦਾ ਇਕ ਸ਼ਹਿਰ ਹੈ । ਦੈਲਮੀ ਇਕ ਕੌਮ ਹੈ । ਕਿਹਾ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਦੇ ਵਾਲ ਸੰਗਲੀ ਦੀ ਤਰ੍ਹਾਂ ਛੱਲੇਦਾਰ ਹੁੰਦੇ ਹਨ । ਇਉਂ ਵੀ ਕਹਿੰਦੇ ਹਨ ਕਿ ਉਸ ਬੰਦੇ ਨੂੰ, ਜਿਸ ਦੀ ਮਾਂ ਹਬਸ਼ਣ ਤੇ ਪਿਉ ਤੁਰਕ ਹੋਵੇ ਜਾਂ ਪਿਉ ਹਬਸ਼ੀ ਤੇ ਮਾਂ ਤੁਰਕਣੀ ਹੋਵੇ, ਦੈਲਮੀ ਕਹਿੰਦੇ ਹਨ ।

ਦੈਲਮੀਆ (੯੩੩-੧੦੫੫ ਈ.)

ਇਕ ਈਰਾਨੀ ਵੰਸ ਜਿਸ ਦਾ ਬਾਨੀ ਅਬੂ-ਸ਼ੁਜਾਅ ਅਲੀ ਇਮਾਦੁਦੌਲਾ ਬਿਨ ਬੋਈਆ, ਸਾਸਾਨੀ ਬਾਦਸ਼ਾਹ ਬਹਿਰਾਮ ਗ਼ੋਰ ਦੀ ਨਸਲ ਵਿਚੋਂ ਸੀ । ਅਬੂਸ਼ੁਜਾਅ ਦਾ ਪੁਤਰ ਹਸਨ ੯੪੫ ਈ. ਵਿਚ ਬਗ਼ਦਾਦ ਵਿਚ ਦਾਖ਼ਲ ਹੋਇਆ ਅਤੇ ਅਮੀਰੁਲਉਮਰਾ ਬਣਿਆ । ਇਸ ਦੇ ਵੰਸ ਦੇ ਲੋਕ ਜਿਸ ਨੂੰ ਚਾਹੁੰਦੇ ਖ਼ਲੀਫ਼ਾ ਬਣਾਉਂਦੇ ਸਨ । ਤਕਰੀਬਨ ਸੌ ਸਾਲ ਤਕ ਇਨ੍ਹਾਂ ਦਾ ਬਹੁਤ ਜ਼ੋਰ ਰਿਹਾ ਆਖਰ ਤੁਗ਼ਰਲਬੇਗ ਨੇ ਇਸ ਵੰਸ ਦਾ ਖ਼ਾਤਮਾ ਕਰ ਦਿਤਾ । ਇਨ੍ਹਾਂ

ਦਾ ਰਾਜ ਨਗਰ ਸ਼ੀਰਾਜ਼ ਸੀ। ਇਸ ਵੰਸ ਦੇ ੧੭ ਬਾਦਸ਼ਾਹ ਸਨ ਅਤੇ ਇਨ੍ਹਾਂ ੧੨੭ ਸਾਲ ਰਾਜ ਕੀਤਾ।

ਧ

ਧਨੰਵਤਰੀ

ਬਿਕਰਮ ਦੀ ਸਭਾ ਦੇ ਨੌਂ ਰਤਨਾਂ ਵਿਚੋਂ ਇਕ ਰਤਨ ਸੀ। ਇਹ ਪਰਸਿੱਧ ਵੈਦ ਸਨ। ਪੁਰਾਣਾਂ ਦੀ ਇਕ ਕਥਾ ਵਿਚ ਇਉਂ ਲਿਖਿਆ ਹੈ ਕਿ ਧਨਵੰਤਰੀ ਦਾ ਕਾਸ਼ੀ ਵਿਚ ਇਕ ਖੂਹ ਹੈ ਜੋ ਮਹੱਲਾ 'ਦਾਰਾ ਨਗਰ' ਵਿਚ ਵਾਕਿਆ ਹੈ, ਜਿਸ ਬਾਰੇ ਪਰਸਿੱਧ ਹੈ ਕਿ ਧਨਵੰਤਰੀ ਨੇ ਆਪਣੀਆਂ ਦਵਾਈਆਂ ਇਸ ਖੂਹ ਵਿਚ ਸੁੱਟ ਦਿੱਤੀਆਂ ਸਨ ਜਿਸ ਕਰਕੇ ਅੱਜ ਕਲ੍ਹ ਵੀ ਇਸ ਖੂਹ ਦਾ ਪਾਣੀ ਰੋਗੀਆਂ ਨੂੰ ਸ਼ਿਫ਼ਾ ਦਿੰਦਾ ਹੈ।

ਨ

ਨਹਿਰ ਵਾਲਾ

ਖੰਬਾਇਤ ਦੇ ਇਲਾਕੇ ਵਿਚ ਸਮੁੰਦਰ ਕੰਢੇ ਇਕ ਸ਼ਹਿਰ ਸੀ।

ਨਜ਼ਾਰੀ

੧. ਇਕ ਹਿਜਾਜ਼ੀ ਕਬੀਲ਼ੇ ਦਾ ਨਾਂ ਹੈ। ੨. ਨਜ਼ਾਰੀ ਕੁਹਸਤਾਨੀ ਹਸਨ ਬਿਨ ਸੱਬਾਹ ਵਾਲਿਆਂ ਨੂੰ ਆਖਿਆ ਜਾਂਦਾ ਹੈ।

ਨਵ-ਅਫ਼ਲਾਤੂਨੀ ਫਲਸਫਾ (Neo-platonism)

ਇਸ ਪਰੰਪਰਾ ਨੇ ਅਫ਼ਲਾਤੂਨ ਤੇ ਅਰਸਤੂ ਦੀ ਸਿਖਿਆ ਨੂੰ ਪੂਰਬੀ ਵਿਚਾਰਾਂ ਨਾਲ ਮਿਲਾ ਕੇ ਪੇਸ਼ ਕੀਤਾ। ਇਹ ਪਰੰਪਰਾ ਆਧੁਨਿਕ ਅਤੇ ਮੱਧ ਕਾਲਾਂ ਵਿਚ ਪਰਚਲਤ ਹੋਈ ਪਰ ਇਸ ਦਾ ਮੁੱਢ ਸੰਨ ੧੭੫-੨੫੦ ਈ. ਵਿਚ ਇਸਕੰਦਰੀਆ ਵਿਚ ਅਮੋਨੀਅਸ ਸਾਕਸ (Ammonius Saccas) ਨੇ ਰਖਿਆ।

ਨਵਲ ਕਿਸ਼ੋਰ (੧੮੩੫-੧੮੯੪ ਈ.)

ਨਵਲ ਕਿਸ਼ੋਰ ਪੁਤਰ ਜਮਨਾ ਪਰਸ਼ਾਦ ਭਾਰਗੋ ਨੇ ੧੮੫੮ ਈ. ਵਿਚ

ਲਖਨਊ ਵਿਚ ਆਪਣਾ ਛਾਪੇਖਾਨਾ ਕਾਇਮ ਕੀਤਾ ਸੀ। ਬਹੁਤ ਸਾਰੀਆਂ ਅਰਬੀ ਫ਼ਾਰਸੀ ਕਿਤਾਬਾਂ ਦੇ ਤਰਜਮੇ ਕਰਵਾ ਕੇ ਛਪਵਾਏ ਤੇ ਉਰਦੂ ਦੀ ਬਹੁਤ ਸੇਵਾ ਕੀਤੀ।

ਨਾਸਿਰੁੱਦੀਨ ਕਬਾਚਾ (੧੨੨੫ ਈ.)

ਮੁਹੰਮਦ ਗੌਰੀ ਦਾ ਗੁਲਾਮ ਸੀ। ੧੨੦੩ ਈ. ਵਿਚ ਮੁਲਤਾਨ ਦਾ ਹਾਕਮ ਮੁਕਰਰ ਹੋਇਆ। ਇਸ ਦੀ ਕੁਤਬੁਦੀਨ ਐਬਕ ਦੀ ਲੜਕੀ ਨਾਲ ਸ਼ਾਦੀ ਹੋਈ। ਇਸ ਨੇ ਐਬਕ ਦੇ ਮਰਨ ਪਿਛੋਂ ਸਿੰਧ ਵਿਚ ਰਾਜ ਕਾਇਮ ਕਰ ਲਿਆ ਪਰ ਅਲਤਮਸ਼ ਦੇ ਆਉਣ ਤੇ ਭਜ ਗਿਆ ਤੇ ਅਟਕ ਪਾਰ ਕਰਦੇ ਹੋਏ ਟਬਰ ਸਮੇਤ ਡੁਬ ਗਿਆ।

ਨਿਜ਼ਾਮ ਮੁਅਤਜ਼ਲੀ

ਮੁਅਤਜ਼ਲਾ ਮੁਸਲਮਾਨਾਂ ਦਾ ਇਕ ਫਿਰਕਾ ਹੈ। ਇਹ ਆਖਦੇ ਹਨ ਕਿ ਦੁਨੀਆ ਅਤੇ ਆਖ਼ਰਤ ਵਿਚ ਰੱਬ ਦਾ ਦੀਦਾਰ ਮੁਮਕਿਨ ਨਹੀਂ। ਇਉਂ ਵੀ ਕਹਿੰਦੇ ਹਨ ਕਿ ਨੇਕੀ ਰੱਬ ਵਲੋਂ ਹੈ ਤੇ ਬਦੀ ਨਫ਼ਸ ਵਲੋਂ ਤੇ ਵੱਡੇ ਵੱਡੇ ਗੁਨਾਹਾਂ ਦਾ ਭਾਗੀ ਨਾ ਮੋਮਿਨ ਹੁੰਦਾ ਹੈ ਨਾ ਕਾਫ਼ਿਰ। ਅਸਲ-ਬਿਨ-ਅਤਾ ਜੋ ਇਨ੍ਹਾਂ ਲੋਕਾਂ ਦਾ ਆਗੂ ਸੀ, ਸ਼ੇਖ ਹਸਨ ਬਸਰੀ ਦਾ ਚੇਲਾ ਸੀ। ਇਕ ਦਿਨ ਉਹ ਮਸੀਤ ਵਿਚ ਦੂਜੇ ਚੇਲਿਆਂ ਨਾਲ ਇਸ ਗਲ ਸਬੰਧੀ ਵਿਚਾਰ ਕਰ ਰਿਹਾ ਸੀ ਕਿ ਵੱਡੇ ਵੱਡੇ ਗੁਨਾਹਾਂ ਦੇ ਭਾਗੀ ਨਾ ਮੋਮਿਨ ਹਨ ਤੇ ਨਾ ਕੌਫ਼ਿਰ ਅਤੇ ਇਨ੍ਹਾਂ ਦੋਹਾਂ ਮੰਜ਼ਲਾਂ ਦੇ ਵਿਚਕਾਰਲੀ ਅਵਸਥਾ ਨੂੰ ਸਾਬਤ ਕਰ ਰਿਹਾ ਸੀ। ਸ਼ੇਖ ਨੇ ਇਹ ਗਲ ਸੁਣੀ ਤੇ ਫਰਮਾਇਆ, ਅਤਜ਼ਲਾ ਮਿੰਨਾ' ਅਰਥਾਤ ਤੂੰ ਸਾਥੋਂ ਦੂਰ ਹੋ ਗਿਆ ਹੈਂ। ਇਸ ਪਿਛੋਂ ਏਹੀ ਇਨ੍ਹਾਂ ਲੋਕਾਂ ਦਾ ਨਾਂ ਪੈ ਗਿਆ। ਨਿਜ਼ਾਮ ਇਸੇ ਫ਼ਿਰਕੇ ਦਾ ਇਕ ਵੱਡਾ ਇਮਾਮ ਸੀ, ਜਿਸ ਉਤੇ ਇਹ ਇਲਜ਼ਾਮ ਲਾਇਆ ਗਿਆ ਸੀ ਕਿ ਉਸ ਨੇ ਨੁਕੂੰਡ ਦੇ ਇਨਕਾਰ ਦਾ ਮਸਲਾ ਬ੍ਰਾਹਮਣਾਂ ਕੋਲੋਂ ਸਿਖਿਆ ਸੀ।

ਨੁਅਮਾਨ ਆਜ਼ਮੀ

ਤਾਰੀਖੇ ਬਸਰਾ ਦਾ ਲੇਖਕ ਸੀ।

ਨੁਜਹਤੁਲ-ਕੁਲੂਬ

ਹਮਦੁੱਲਾ ਮਸਤੌਫੀ ਬਿਨ ਅਬੂ ਬਕਰ ਕਜ਼ਵੀਨੀ, ਜੋ ਪਰਸਿੱਧ, ਤਾਰੀਖ਼ ਗੁਜ਼ੀਦਾ ਦਾ ਕਰਤਾ ਹੈ, ਦੀ ਇਹ ਇਕ ਰਚਨਾ ਹੈ। ਇਹ ਜੁਗਰਾਫੀਏ ਤੇ ਸ਼ਰਿਸ਼ਟੀ ਰਚਨਾ ਸਬੰਧੀ ਪੁਸਤਕ ਹੈ ਜੋ ਜ਼ਫਰਨਾਮੇ ਦੇ ਪੰਜ ਵਰ੍ਹੇ ਪਿਛੋਂ ਲਿਖੀ ਗਈ। ਨੁਜ਼ਹਤੁਲ ਕੁਲੂਬ ਫਾਰਸੀ ਵਿਚ ਜੁਗਰਾਫੀਏ ਦੀਆਂ ਕਿਤਾਬਾਂ ਦੀ ਅਣਹੋਂਦ ਨੂੰ ਮਹਿਸੂਸ ਕਰਦੇ ਲਿਖੀ ਗਈ ਸੀ ਕਿਉਂ ਜੋ ਅਕਸਰ ਕਿਤਾਬਾਂ ਅਰਬੀ ਵਿਚ ਹੀ ਸਨ।

ਨੇਜ਼ਕ ਤਰਖਾਨ

ਤੁਰਕਮਾਨਾਂ ਦਾ ਬਾਦਸ਼ਾਹ ਸੀ। ਕੁਤੈਬਾ ਨੇ ੯੭ ਹਿ. ਵਿਚ ਜਦੋਂ ਬੇਕੰਦ ਤੇ ਹਮਲਾ ਕੀਤਾ ਤਦੋਂ ਨੇਜ਼ਕ ਇਸ ਦੇ ਨਾਲ ਸੀ। ਨੇਜ਼ਕ ਨੂੰ ਤੁਰਕਿਸਤਾਨ ਵਿਚ ਕਤਲ ਕਰ ਕੇ ਸੂਲੀ ਤੇ ਚੜ੍ਹਾ ਦਿਤਾ ਗਿਆ ਸੀ।

ਨੇਸ਼ਾਪੁਰ

ਖ਼ੁਰਾਸਾਂ ਵਿਚ ਇਕ ਸ਼ਹਿਰ ਦਾ ਨਾਂ ਹੈ। ਇਸ ਦਾ ਅਸਲ ਰੂਪ ਨੇਸ਼ਾਹਪੁਰ ਹੈ ਕਿਉਂ ਜੋ 'ਨੇ' ਸ਼ਬਦ ਦੇ ਅਰਥ ਸ਼ਹਿਰ ਦੇ ਹਨ ਅਤੇ ਸ਼ਾਹਪੁਰ ਬਾਦਸ਼ਾਹ ਦਾ ਨਾਂ ਹੈ।

ਨੇਰੂਨ

ਸਿੰਧ ਦੇ ਸਾਹਿਲੀ ਸ਼ਹਿਰਾਂ ਵਿਚੋਂ ਇਕ ਸ਼ਹਿਰ ਹੈ। ਇਹ ਸ਼ਹਿਰ ਦੈਬਲ (ਠੱਠਾ) ਤੇ ਮਨਸੂਰਾ ਦੇ ਵਿਚਕਾਰ ਸੀ ਅਤੇ ਮਨਸੂਰਾ ਤੋਂ ੧੫ ਫਰਸੰਗ ਦੇ ਫ਼ਾਸਲੇ ਤੇ ਵਾਕਿਆ ਸੀ।

ਨੌਸ਼ੀਰਵਾਂ (੫੩੧–੫੭੯ ਈ.)

ਖੁਸਰੋ ਪਹਿਲਾ ਬਿਨ ਕੁਬਾਦ, ਖਾਨਦਾਨ ਸਾਸਾਨੀ ਦਾ ਸਭ ਤੋਂ ਵੱਡਾ ਬਾਦਸ਼ਾਹ ਹੈ। ਏਹ ਆਪਣੇ ਨਿਆਂ ਕਰ ਕੇ ਪਰਸਿੱਧ ਹੈ। ਇਸ ਦੇ ਸਮੇਂ ਆਰਮੇਨੀਆ ਅਤੇ ਯਮਨ ਫਤਿਹ ਹੋਏ। ਦੋ ਦਫਾ ਰੂਮ ਵਾਲਿਆਂ ਨਾਲ

ਲੜਾਈ ਹੋਈ ਅਤੇ ਕੈਸਰ ਨੇ ਖਰਾਜ ਦੇਣਾ ਕਬੂਲ ਕੀਤਾ। ਇਸ ਨੇ ਬਾਖਤਰ ਵੀ ਫ਼ਤਿਹ ਕੀਤਾ ਸੀ। ਹਜ਼ਰਤ ਮੁਹੰਮਦ ਸਾਹਿਬ ਇਸੇ ਦੇ ਸਮੇਂ ਵਿਚ ਪੈਦਾ ਹੋਏ ਸਨ।

ਪ

ਪਰਮਾਣੀ ਧਰਮ (ਅਹਿਲੇ ਕਿਤਾਬ)

ਮੁਸਲਮਾਨ, ਈਸਾਈ ਤੇ ਯਹੂਦੀ ਆਦਿ ਅਹਿਲੇ ਕਿਤਾਬ ਅਖਵਾਉਂਦੇ ਹਨ। ਇਨ੍ਹਾਂ ਵਿਚੋਂ ਮੁਸਲਮਾਨ ਕੁਰਾਨ ਨੂੰ, ਈਸਾਈ ਇੰਜੀਲ ਨੂੰ ਅਤੇ ਯਹੂਦੀ ਤੌਰੈਤ ਨੂੰ ਆਪਣੀ ਧਾਰਮਕ ਪੁਸਤਕ ਤੇ ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ ਸਾਹਿਬ ਤੇ ਹਜ਼ਰਤ ਦਾਊਦ ਨੂੰ ਆਪਣਾ ਪੈਗੰਬਰ ਮੰਨਦੇ ਹਨ। ਪਰਮਾਣੀ ਧਰਮ ਨੂੰ ਪੈਗੰਬਰੀ ਧਰਮ ਵੀ ਆਖਦੇ ਹਨ।

ਪੋਰਟ ਸਈਦ

ਮਿਸਰ ਦੀ ਇਕ ਬੰਦਰਗਾਹ ਜੋ ਨਹਿਰ ਸਵੇਜ਼ ਦੇ ਦਹਾਨੇ ਦੇ ਪਾਸ ਹੈ। ਇਸ ਨੂੰ ਬੰਦਰ ਸਈਦ ਵੀ ਆਖਦੇ ਹਨ।

ਫ

ਫਕੀਹ

ਧਰਮ ਕਾਨੂੰਨ ਦਾ ਜਾਣੂ, ਸ਼ਰ੍ਹਾ ਦਾ ਗਿਆਤਾ, ਮੁਸਲਮਾਨੀ ਕਾਨੂੰਨ ਦਾ ਵਾਕਿਫ਼।

ਫਾਤਮੀ ਖਲਾਫਤ (੯੦੯-੧੧੭੧ ਈ.)

ਮਿਸਰ ਦਾ ਇਕ ਸ਼ਾਸਕ ਵੰਸ ਜੋ ਉਤਰੀ ਅਫ਼ਰੀਕਾ ਤੇ ਸ਼ਾਮ ਉੱਤੇ ਰਾਜ ਕਰਦਾ ਸੀ। ਏਸ ਦਾ ਮੁਢ ਅਬੈਦੁਲਾਹਿਲਮਹਿਦੀ ਨੇ ਬੰਨ੍ਹਿਆਂ ਸੀ। ਇਸ ਦੇ ਹੇਠ ਲਿਖੇ ਅਨੁਸਾਰ ਬਾਦਸ਼ਾਹ ਹੋਏ ਜੋ ਆਪਣੇ ਆਪ ਨੂੰ ਖ਼ਲੀਫਾ

ਆਖਦੇ ਸਨ। ਫਾਤਮੀਆਂ ਨੂੰ ਐਂਟੀ-ਖਲਾਫਤ ਵੀ ਆਖਦੇ ਹਨ ਕਿਉਂ ਜੋ ਇਹ ਲੋਕ ਸ਼ੀਆ ਇਸਮਾਈਲੀ ਸਨ ਤੇ ਖਲਾਫਤ ਬਗ਼ਦਾਦ, ਸੁੰਨੀ ਖਲਾਫਤ ਸੀ।

੧–ਅਲਮਹਿਦੀ ੯੦੯ ਈ.
੨–ਅਲਕਾਇਮ ੯੩੪ ਈ.
੩–ਅਲਮਨਸੂਰ ੯੪੬ ਈ.
੪–ਅਲਮੁਅਜ਼ ੯੫੩ ਈ.
੫–ਅਬਦੁਲ ਅਜ਼ੀਜ਼ ੯੭੫ ਈ.
੬–ਅਲਹਾਕਿਮ ੯੯੬ ਈ.
੭–ਅੱਜ਼ਾਹਿਰ ੧੦੨੧ ਈ.
੮–ਅਲਮੁਸਤਨਸਰ ੧੦੩੬ ਈ.
੯–ਅਲਮੁਸਤਾਅਲੀ ੧੦੯੬ ਈ.
੧੦–ਅਲਆਮਿਰ ੧੧੦੧ ਈ.
੧੧–ਅਲਹਾਫ਼ਿਜ਼ ੧੧੩੦ ਈ.
੧੨–ਅਲਜ਼ਾਫਿਰ ੧੧੪੯ ਈ.
੧੩–ਅਲਫ਼ਾਇਜ਼ ੧੧੫੪ ਈ.
੧੪–ਅਲਆਜ਼ਿਦ ੧੧੬੮-੧੧੭੧ ਈ.

ਸਲਾਹੁੱਦੀਨ ਨੇ ਮਿਸਰ ਜਿਤ ਕੇ ਖ਼ਾਨਦਾਨ ਫ਼ਾਤਮੀਆਂ ਦਾ ਅੰਤ ਕਰ ਦਿਤਾ ਅਤੇ ਅਯੂਬੀਆ ਵੰਸ ਦਾ ਮੁੱਢ ਬਧਾ।

ਫੁਤੂਹੁਲ ਬੁਲਦਾਨ, ਬਲਾਜ਼ੁਰੀ (੮੯੨ ਈ.)

ਅਰਬ ਇਤਿਹਾਸਕਾਰ ਬਲਾਜ਼ੁਰੀ ਦੀ ਪਰਸਿੱਧ ਕਿਤਾਬ ਫੁਤੂਹੁਲ ਬੁਲਦਾਨ ਹੈ। ਇਸ ਵਿਚ ਇਸਲਾਮ ਦੀਆਂ ਜਿੱਤਾਂ ਦਾ ਵੇਰਵਾ ਦਰਜ ਹੈ। ਇਹ ਕਿਤਾਬ ਲੀਡਨ ਵਿਚ ਛਪੀ ਹੈ।

ਫਨੀਸ਼ੀ (ਫਨੀਕੀ)

ਸਾਮੀ ਨਸਲ ਦੀ ਇਕ ਪੁਰਾਣੀ ਕੌਮ ਹੈ। ਇਨ੍ਹਾਂ ਦੇ ਦੋ ਪਰਸਿੱਧ

ਸ਼ਹਿਰ ਰੂਮ ਸਾਗਰ ਦੇ ਕੰਢੇ ਵਸਦੇ ਸਨ । ਇਨ੍ਹਾਂ ਨੂੰ ਸੌਰ ਤੇ ਸੈਦਾ (ਤਾਇਰ ਤੇ ਸਦੂਨ) ਆਖਦੇ ਸਨ । ਇਨ੍ਹਾਂ ਦਾ ਠਕਾਣਾ ਟਰਾਏ ਸ਼ਹਿਰ ਦੇ ਹੇਠ ਸੀ । ਰੋਮਨਾਂ ਨਾਲ ਟਕਰ ਲੈਣ ਕਰਕੇ ਇਹ ਕੌਮ ਤਬਾਹ ਹੋ ਗਈ ਸੀ ।

ਫਰਾਤ (ਫ਼ੁਰਾਤ)

ਇਰਾਕ ਦਾ ਪਰਸਿੱਧ ਦਰਿਆ ।

ਫਰਿਸ਼ਤਾ (੧੫੫੨-੧੬੨੩ ਈ.)

ਮੁਹੰਮਦ ਕਾਸਿਮ ਹਿੰਦੂ ਸ਼ਾਹ ਬਿਨ ਗ਼ੁਲਾਮ ਅਲੀ, ਅਸਤਰਾਬਾਦ ਵਿਚ ਪੈਦਾ ਹੋਇਆ । ਇਹ ਆਪਣੇ ਪਿਤਾ ਨਾਲ ਦੱਖਣ ਆਇਆ । ਅਹਿਮਦ ਨਗਰ ਵਿਚ ਇਸ ਦਾ ਪਿਤਾ ਚਲਾਣਾ ਕਰ ਗਿਆਂ । ਫ਼ਰਿਸ਼ਤਾ ਬੀਜਾ ਪੁਰ ਜਾ ਕੇ ਇਬਰਾਹੀਮ ਆਦਿਲ ਸ਼ਾਹ ਦੇ ਕੋਲ ਨੌਕਰ ਹੋਇਆ ਅਤੇ ਓਸ ਦੇ ਕਹਿਣ ਤੇ ਤਾਰੀਖ ਫਰਿਸ਼ਤਾ ਲਿਖੀ ਜੋ ਹਿੰਦੁਸਤਾਨ ਦੇ ਮੁਸਲਮਾਨ ਰਾਜਾਂ ਦੀ ਤਾਰੀਖ ਹੈ ।

ਫ਼ੀਰੋਜ਼ ਸ਼ਾਹੀ (ਤਾਰੀਖ)

ਜ਼ਿਆਉੱਦੀਨ ਬਰਨੀ ਬਿਨ ਮੁੱਜਲਦੁੱਮੁਲਕ, ਮੁਹੰਮਦ ਤੁਗ਼ਲਕ ਦਾ ਮੁਸਾਹਿਬ ਅਤੇ ਇਤਿਹਾਸਕਾਰ ਸੀ । ਇਸ ਨੇ ਤਾਰੀਖ ਫ਼ੀਰੋਜ਼ਸ਼ਾਹੀ ਲਿਖੀ ਸੀ ।

ਬ

ਬਹਾਉੱਦੀਨ ਆਮਿਲੀ (੧੬੨੧ ਈ.)

ਸ਼ੈਖ ਹੁਸੈਨ ਆਮਿਲ (ਈਰਾਨ) ਦਾ ਵਸਨੀਕ ਸੀ । ਇਸ ਨੇ ਅਰਬੀ ਵਿਚ ਬਹੁਤ ਸਾਰੀਆਂ ਰਚਨਾਵਾਂ ਕੀਤੀਆਂ ਹਨ । ਫ਼ਾਰਸੀ ਵਿਚ ਇਸ ਦੀਆਂ ਰਚਨਾਵਾਂ ਮਸਨਵੀ, ਨਾਨੋ ਹਲਵਾ, ਦੀਵਾਨ ਤੇ ਇਕ ਕ਼ਰਕੋਲ (ਨੋਟ ਬੁਕ) ਪਰਸਿੱਧ ਹਨ ।

ਬਹਿਕੀ (ਤਾਰੀਖ) (੯੯੬-੧੦੭੭ ਈ.)

ਅਬੁਲਫਜ਼ਲ ਮੁਹੰਮਦ ਬਿਨ ਹੁਸੈਨ, ਖਾਨਦਾਨ ਗ਼ਜ਼ਨਵੀ ਦਾ ਇਕ ਮੁਲਾਜ਼ਮ

ਸੀ। ਇਸ ਨੇ ਇਸ ਖ਼ਾਨਦਾਨ ਦੀ ਤਾਰੀਖ਼ ੩੦ ਜਿਲਦਾਂ ਵਿਚ ਲਿਖੀ ਸੀ, ਜਿਸ ਨੂੰ ਤਾਰੀਖ ਬਹਿਕੀ ਆਖਦੇ ਹਨ।

ਬਹਿਮਨੀ (੧੩੪੭-੧੫੨੫ ਈ.)

ਦੱਖਣ ਵਿਚ ਮੁਸਲਮਾਨਾਂ ਦੀ ਪਹਿਲੀ ਸਲਤਨਤ ਜੋ ਅਲਾਉੱਦੀਨ ਹਸਨ ਗੰਗੂ ਨੇ ਕਾਇਮ ਕੀਤੀ ਸੀ। ਹਸਨ, ਗੰਗੂ ਬ੍ਰਾਹਮਣ ਦਾ ਨੌਕਰ ਸੀ ਅਤੇ ਗੰਗੂ ਨੇ ਇਸ ਦੇ ਬਾਦਸ਼ਾਹ ਹੋਣ ਦੀ ਪੇਸ਼ੀਨਗੋਈ ਕੀਤੀ ਸੀ। ਇਸ ਸਿਲਸਲੇ ਦੇ ਹੇਠ ਲਿਖੇ ਬਾਦਸ਼ਾਹ ਹੋਏ ਹਨ :-

੧–ਅਲਾਉੱਦੀਨ ਹਸਨ
੨–ਮੁਹੰਮਦ ਸ਼ਾਹ ਪਹਿਲਾ
੩–ਮੁਜਾਹਿਦ ਸ਼ਾਹ
੪–ਦਾਊਦ ਸ਼ਾਹ
੫–ਮੁਹੰਮਦ ਸ਼ਾਹ ਦੂਜਾ
੬–ਗਿਆਸੁੱਦੀਨ
੭–ਸ਼ਮਸੁੱਦੀਨ
੮–ਫ਼ੀਰੋਜ਼ ਸ਼ਾਹ
੯–ਅਹਿਮਦ ਸ਼ਾਹ ਪਹਿਲਾ
੧੦–ਅਹਿਮਦ ਸ਼ਾਹ ਦੂਜਾ
੧੧–ਹੁਮਾਈਉਂ
੧੨–ਨਿਜ਼ਾਮ ਸ਼ਾਹ
੧੩–ਮੁਹੰਮਦ ਸ਼ਾਹ ਤੀਜਾ
੧੪–ਮਹਿਮੂਦ ਦੂਜਾ
੧੫–ਅਹਿਮਦ ਸ਼ਾਹ ਦੂਜਾ
੧੬–ਅਲਾਉੱਦੀਨ ਦੂਜਾ
੧੭–ਵਲੀ ਅੱਲਾ ਸ਼ਾਹ
੧੮–ਕਲੀਮੁੱਲਾ ਸ਼ਾਹ

ਬਹਿਰੈਨ

ਫ਼ਾਰਸ ਖਾੜੀ ਵਿਚ ਇਕ ਟਾਪੂ ਹੈ ਜਿਥੋਂ ਮੋਤੀ ਨਿਕਲਦੇ ਹਨ। ਬਸਰਾ ਤੇ ਉੱਮਾਨ ਵਿਚਕਾਰ ਇਕ ਸ਼ਹਿਰ ਵੀ ਹੈ।

ਬਤਲੀਮੂਸ

ਵੇਖੋ ਟੌਲਮੀ।

ਬਨੂ ਉਮੈਈਆ (੬੬੧-੭੪੯ ਈ.)

ਅਰਬਾਂ ਦੇ ਕੁਰੈਸ਼ ਕਬੀਲੇ ਦਾ ਇਕ ਖਾਨਦਾਨ ਜਿਸ ਦੇ ਹੇਠ ਲਿਖੇ ਚੌਦਾਂ ਖ਼ਲੀਫ਼ੇ ਹੋਏ ਹਨ :–

੧–ਮੁਆਵੀਆ (੬੬੧–੬੮੦ ਈ.)
੨–ਯਜ਼ੀਦ (੬੮੦–੬੮੩ ਈ.)
੩–ਮੁਆਵੀਆ ਦੂਜਾ (੬੮੩–੬੮੩ ਈ.)
੪–ਮਰਵਾਨ ਪਹਿਲਾ (੬੮੩–੬੮੫ ਈ.)
੫–ਅਬਦੁਲ ਮਲਿਕ (੬੮੫–੭੦੫ ਈ.)
੬–ਵਲੀਦ ਪਹਿਲਾ (੭੦੫–੭੧੫ ਈ.)
੭–ਸੁਲੇਮਾਲ (੭੧੫–੭੧੮ ਈ.)
੮–ਉਮਰ (੭੧੮–੭੨੦ ਈ.)
੯–ਯਜ਼ੀਦ ਦੂਜਾ (੭੨੦--੭੨੪ ਈ.)
੧੦–ਹਿਸ਼ਾਮ (੭੨੪–੭੪੩ ਈ.)
੧੧–ਵਲੀਦ ਦੂਜਾ (੭੪੩–੭੪੪ ਈ.)
੧੨–ਯਜ਼ੀਦ ਤੀਜਾ (੭੪੪–੭੪੪ ਈ.)
੧੩–ਇਬਰਾਹੀਮ (੭੪੪–੭੪੪ ਈ.)
੧੪–ਮਰਵਾਨ ਦੂਜਾ (੭੪੪–੭੪੯ ਈ.)

ਮੁਆਵੀਆ ਨੇ ਕੂਫਾ ਦੀ ਥਾਂ ਦਿਮਿਸ਼ਕ ਨੂੰ ਰਾਜ ਨਗਰ ਬਣਾਇਆ ਸੀ। ਸਪੇਨ ਦਾ ਇਕ ਮੁਸਲਮਾਨ ਵੰਸ਼ ਵੀ ਬਨੂ ਉਮੈਈਆ ਵਿਚੋਂ ਸੀ। ਏਸ ਵੰਸ਼ ਦਾ ਮੋਢੀ ਅਬਦੁਰਰਹਿਮਾਨ ਬਿਨ ਮੁਆਵੀਆ ਬਿਨ ਹਿਸ਼ਾਮ ਸੀ ਜਿਸ

ਨੇ ਕੁਰਤਬਾ (Cordova) (ਸਪੇਨ) ਵਿਚ ਰਾਜ ਕਾਇਮ ਕੀਤਾ ਸੀ।

ਬਨੂਕਿੰਦਾ

ਇਕ ਅਰਬ ਕਬੀਲਾ ਜੋ ਇਸਲਾਮ ਤੋਂ ਪਹਿਲਾਂ ਹਜ਼ਰਮੌਤ ਦੇ ਪੱਛਮ ਵਿਚ ਆਬਾਦ ਸੀ।

ਬ੍ਰਹਮ ਗੁਪਤ

ਇਕ ਜੋਤਸ਼ੀ ਜੋ ਜਿਸ਼ਨੂ ਦਾ ਪੁਤਰ ਸੀ। ਇਹ ਬ੍ਰਹਮ ਗੁਪਤ ਸਿਧਾਂਤ ਦਾ ਕਰਤਾ ਹੈ। ੫੯੮ ਈ. ਵਿਚ ਪੈਦਾ ਹੋਇਆ ਸੀ।

ਬ੍ਰਹਮਣਾ ਬਾਦ (ਸਿੰਧ)

ਮਨਸੂਰਾ ਦਾ ਪੁਰਾਣਾ ਨਾਂ।

ਬਰਬਰ

ਉਤਰੀ ਅਫ਼ਰੀਕਾ ਦਾ ਉਹ ਇਲਾਕਾ ਜੋ ਮਿਸਰ ਅਤੇ ਐਟਲਾਂਟਿਕ ਸਮੁੰਦਰ ਦੇ ਵਿਚਾਲੇ ਅਤੇ ਮਹਾਨ ਮਾਰੂ ਥਲ ਦੇ ਉਤਰ ਵਿਚ ਹੈ। ਏਸ ਵਿਚ ਤਰੇਪੋਲੀ, ਟੀਊਨਸ, ਅਲਜ਼ੇਰੀਆ ਤੇ ਮਰਾਕੂ ਸ਼ਾਮਲ ਹਨ (੨) ਮਿਸਰ ਵਿਚ ਨੀਲ ਦੇ ਕੰਢੇ ਇਕ ਸ਼ਹਿਰ।

ਬਰਾਊਨ (Brown)

ਇਕ ਪਰਸਿੱਧ ਓਰੀਐਂਟਲਿਸਟ (ਪੂਰਬੀ ਦੇਸ਼ਾਂ ਦੀ ਭਾਸ਼ਾ ਦਾ ਮਾਹਿਰ ਖੋਜੀ) ਸੀ। ਇਸ ਨੇ ਫ਼ਾਰਸੀ ਸਾਹਿੱਤ ਦਾ ਇਤਿਹਾਸ ਚਾਰ ਜਿਲਦਾਂ ਵਿਚ ਲਿਖਿਆ ਹੈ। ਇਕ ਹੋਰ ਪੰਜਵੀਂ ਜਿਲਦ ਮਾਡਰਨ ਪਰਸ਼ੀਅਨ ਪੋਇਟਰੀ ਬਾਰੇ ਲਿਖੀ ਹੈ।

ਬਰਾਮਕਾ

ਇਹ ਸ਼ਬਦ ਬਰਮਕ ਦਾ ਬਹੁਵਚਨ ਹੈ। ਬਰਮਕ ਖਲੀਫ਼ਾ ਮਨਸੂਰ ਦੇ ਵਜ਼ੀਰ ਖਾਲਿਦ ਦਾ ਪਿਤਾ ਸੀ। ਇਹ ਖਾਨਦਾਨ ਆਪਣੀ ਸਖਾਵਤ ਤੇ ਇਲਮ ਦੋਸਤੀ ਕਾਰਣ ਪਰਸਿੱਧ ਸੀ।

ਬਲਖ

ਅਫ਼ਗਾਨਿਸਤਾਨ ਦਾ ਪੁਰਾਤਨ ਸ਼ਹਿਰ ਜੋ ਗਾਲਬਨ ਕਿਊਮਰਸ ਦਾ ਆਬਾਦ ਕੀਤਾ ਹੋਇਆ ਹੈ। ਇਸ ਦੇ ੋਹ ਕਈ ਮੁਰੱਬਾ ਮੀਲ ਵਿਚ ਹਨ। ਅੱਜ ਕਲ੍ਹ ਇਹ ਇਕ ਛੋਟਾ ਜਿਹਾ ਪਿੰਡ ਹੈ।

ਬਲਾਜ਼ੁਰੀ (੮੯੨ ਈ.)

ਅਬੁਲ ਅੱਬਾਸ ਅਹਿਮਦ ਬਿਨ ਯਹੱਯਾ ਇਬਨ ਜਬੀਰ ਬਲਾਜ਼ੁਰੀ, ਅਰਬ ਇਤਿਹਾਸਕਾਰ, ਈਰਾਨੀ ਨਸਲ ਵਿਚੋਂ ਸੀ। ਫ਼ੁਤੂਹੁਲਬੁਲਦਾਨ ਤੇ ਅਨਸਾਬੁਲ ਅਸ਼ਰਾਫ ਇਸ ਦੀਆਂ ਪਰਸਿੱਧ ਰਚਨਾਵਾਂ ਹਨ।

ਬਾਤਨੀ (ਬਾਤਨੀਆ)

੧–ਸ਼ੀਆਂ ਦਾ ਇਕ ਫ਼ਿਰਕਾ ਹੈ। ਇਨ੍ਹਾਂ ਦੇ ਵਿਸ਼ਵਾਸ ਮੁਜਬ ਹਰੇਕ ਸ਼ਰਈ ਗਲ ਦੀ ਬਾਹਰੀ ਸੂਰਤ ਹੋਰ ਹੁੰਦੀ ਹੈ ਅਤੇ ਅੰਦਰਲੀ ਹੋਰ। ੨–ਸਾਰੇ ਉਹ ਫਿਰਕੇ ਜਿਨ੍ਹਾਂ ਦਾ ਇਹ ਖਿਆਲ ਹੈ ਕਿ ਕੁਰਾਨ ਸ਼ਰੀਫ ਦੀ ਆਇਤਾਂ ਦੇ ਬਾਹਰੀ ਅਰਥ ਕੁਝ ਹੋਰ ਹਨ ਅਤੇ ਅਸਲੀ ਹੋਰ। ਕਰਮਤੀ ਤੇ ਇਸਮਾਈਲੀ ਆਦਿ ਵੀ ਬਾਤਨੀ ਹੀ ਸਮਝੇ ਜਾਂਦੇ ਹਨ।

ਬਿਲਕੀਸ

ਸੂਬਾ (ਯਮਨ) ਦੀ ਮਲਿਕਾ ਜਿਸ ਦੀ ਸ਼ਾਦੀ ੬੫੦ ਈ. ਪੂ. ਹਜ਼ਰਤ ਸੁਲੇਮਾਨ ਨਾਲ ਹੋਈ ਸੀ। ਇਸ ਦਾ ਵੇਰਵਾ ਕੁਰਾਨ ਸ਼ਰੀਫ਼ ਵਿਚ ਸੂਰਾ ਨਮਲ (ਕੀੜੀ) ਵਿਚ ਮੌਜੂਦ ਹੈ।

ਬੀਊਲਰ (Buhler)

ਇਹ ਪਰਸਿਧ ਸ਼ਿਲਾਲੇਖ ਵਿਗਿਆਨੀ ਸੀ। ਇਸ ਦੀ ਪੁਸਤਕ Indische Palæographie Grund. indo or Phil ਸਟਰਾਸਬਰਗ ਵਿਚ ਛਪੀ ਸੀ। ਬੀਊਲਰ ਦੀ ਇਹ ਥੀਊਰੀ ਹੈ ਕਿ ਹਿੰਦੁਸਤਾਨੀ ਲਿੱਪੀਆਂ ਦੀ ਲਿਪੀ ਬ੍ਰਾਹਮੀ, ਫ਼ਨੀਕੀ ਲਿਪੀ ਤੋਂ ਉਧਾਰੀ ਲਈ ਗਈ ਹੈ।

ਬੀਜਾ ਨਗਰ

ਇਹ ਬਹੁਤ ਪੁਰਾਣਾ ਸ਼ਹਿਰ ਹੈ। ਇਥੇ ਹਿੰਦੂਆਂ ਦਾ ਬਹੁਤ ਵਡਾ ਰਾਜ ਹੁੰਦਾ ਸੀ। ਦੱਖਣ ਦੇ ਮੁਸਲਮਾਨ ਬਾਦਸ਼ਾਹਾਂ ਨੇ ਮਿਲ ਕੇ ਤਲੀਕੋਟ ਦੇ ਅਸਥਾਨ ਤੇ ੧੫੬੫ ਈ. ਵਿਚ ਏਸ ਰਾਜ ਨੂੰ ਹਾਰ ਦੇ ਕੇ ਖਤਮ ਕਰ ਦਿਤਾ ਸੀ।

ਬੁਸ਼ਾਰੀ ਮੁਕੱਦਸੀ

ਬੈਤੁਲ ਮੁਕੱਦਸ ਦਾ ਰਹਿਣ ਵਾਲਾ ਇਕ ਅਰਬ ਯਾਤਰੂ ਜਿਸ ਦਾ ਪੂਰਾ ਨਾਂ ਸ਼ਮਸੁੱਦੀਨ ਮੁਹੰਮਦ ਬਿਨ ਅਹਿਮਦ ਬੁਸ਼ਾਰੀ ਹੈ। ਇਸ ਦੀ ਕਿਤਾਬ ੩੭੫ ਹਿ. ਵਿਚ ਮੁਕੀ ਜਿਸ ਦਾ ਨਾਂ ਅਹਿਸਨੁੱਤਕਾਸੀਮ ਫੀ ਮਾਰਫਤੁਲ ਅਕਾਲੀਮ ਹੈ ਜੋ ੧੯੦੬ ਵਿਚ ਲੀਡਨ ਵਿਚ ਛਪੀ।

ਬੂਹਰਾ

ਬਹੁਰਾ ਮੁਸਲਮਾਨਾਂ ਦੀ ਇਕ ਕੌਮ ਹੈ। ਇਹ ਲੋਕ ਸ਼ਾਹੂਕਾਰੀ ਤੇ ਦੁਕਾਨ-ਦਾਰੀ ਕਰਦੇ ਹਨ ਤੇ ਆਗਾ ਖਾਂ ਦੇ ਪੈਰੋਕਾਰ ਹਨ।

ਬੁਖਤੀ

ਇਕ ਕਿਸਮ ਦਾ ਊਠ ਜੋ ਬੜਾ ਬਲਵਾਨ ਤੇ ਵਡੇ ਕਦ ਕਾਠ ਦਾ ਹੁੰਦਾ ਹੈ। ਇਸ ਦਾ ਰੰਗ ਸੁਰਖ ਹੁੰਦਾ ਹੈ ਤੇ ਇਸ ਨੂੰ ਖ਼ੁਰਾਸਾਂ ਵਲੋਂ ਲਿਆਉਂਦੇ ਹਨ। ਬੁਖਤੀ ਸ਼ਬਦ ਬੁਖਤ ਨਸਰ (Nabuchadnazar) ਵਲ ਤੱਧਿਤ ਹੈ। ਬੁਖਤ ਨਸਰ ਨੇ ਅਰਬੀ ਊਠਣੀ ਤੇ ਅਜਮੀ ਊਠ ਨੂੰ ਮਿਲਾ ਕੇ ਇਹ ਨਸਲ ਪੈਦਾ ਕੀਤੀ ਸੀ।

ਬੁਰਹਾਨ ਕਾਤਿ

ਫ਼ਾਰਸੀ ਦਾ ਇਕ ਪਰਸਿਧ ਕੋਸ਼ ਜਿਸ ਦਾ ਕਰਤਾ ਮੁਹੰਮਦ ਹੁਸੈਨ ਬੁਰਹਾਨ ਸੀ। ਇਸ ਕੋਸ਼ ਵਿਚ ਪੁਰਾਣੀ ਫਾਰਸੀ ਦੇ ਸ਼ਬਦਾਂ ਬਾਰੇ ਖੋਜ ਕੀਤੀ ਗਈ ਹੈ। ਇਸ ਵਿਚ ਦਿਤੀ ਨਿਰੁਕਤੀ ਬਾਰੇ ਕਈ ਇਕ ਥਾਂ ਮਤ-ਭੇਦ ਹਨ ਜਿਨ੍ਹਾਂ

ਵਲ ਗ਼ਾਲਿਬ ਨੇ ਆਪਣੀ ਪੁਸਤਕ ਕਾਤਿ ਬੁਰਹਾਨ ਵਿਚ ਇਸ਼ਾਰਾ ਕੀਤਾ ਹੈ ।

ਬੂਅਲੀ ਸੀਨਾ (੯੮੩-੧੦੩੭ ਈ.)

ਅਬੂਅਲੀ ਹੁਸੈਨ ਇਬਨ ਅਬਦੁੱਲਾ ਸ਼ੇਖੁੱਰਈਸ,ਉਪਾਧੀ ਦੁਆਰਾ ਪਰਸਿੱਧ ਹੈ । ਮਸ਼ਹੂਰ ਤਬੀਬ ਤੇ ਫਲਾਸਫਰ ਹੈ। ਕਹਿੰਦੇ ਹਨ ਕਿ ਪੂਰਬੀ ਦੇਸਾਂ ਦੀ ਫਲਾਸਫੀ ਅਬੂਸੀਨਾ ਨਾਲ ਹੀ ਮਰ ਜਾਂਦੀ ਹੈ। ਸੀਨਾ ਬੁਖਾਰਾ ਵਿਚ ਪੈਦਾ ਹੋਇਆ ਸੀ। ਇਸ ਨੇ ੧੮ ਵਰ੍ਹੇ ਦੀ ਉਮਰ ਵਿਚ ਨੂਹ ਬਿਨ ਮਨਸੂਰ ਬਾਦਸ਼ਾਹ ਦਾ ਇਲਾਜ ਕੀਤਾ ਸੀ ਅਤੇ ਇਸ ਦੇ ਇਵਜ਼ ਵਿਚ ਸ਼ਾਹੀ ਲਾਇਬਰੇਰੀ ਦੇ ਵਰਤਣ ਦੀ ਆਗਿਆ ਪਰਾਪਤ ਕੀਤੀ ਸੀ। ਇਹ ਸੌ ਤੋਂ ਵਧੇਰੇ ਕਿਤਾਬਾਂ ਦਾ ਲੇਖਕ ਹੈ ਜਿਨ੍ਹਾਂ ਵਿਚੋਂ ਅੱਸ਼ਿਫਾ, ਅਲਕਾਨੂੰਨ-ਫਿੱਤਿਬ, ਬਹੁਤ ਪਰਸਿੱਧ ਹਨ। ਇਸ ਨੇ ਹਮਦਾਨ ਵਿਚ ਚਲਾਣਾ ਕੀਤਾ ਸੀ।

ਬੂਜ਼ਾਸਪ (ਬੁਧ ਮਹਾਤਮਾ) (੫੧੮-੪੮੮ ਈ. ਪੂ.)

ਸਾਕੀ ਮੁਨੀ ਗੌਤਮ ਸਧੂਦਨ, ਕਪਲ ਵਸਤੂ ਦੇ ਰਾਜਾ ਦੇ ਪੁਤਰ ਸਨ। ਇਹ ਬੁਧ ਧਰਮ ਦੇ ਮੋਢੀ ਹਨ । ਅੱਜ ਕਲ੍ਹ ੪੫ ਕਰੋੜ ਆਦਮੀ ਇਸ ਧਰਮ ਦੇ ਅਨੁਸਾਰੀ ਹਨ ।

ਬੇਦਪਾ ਪੰਡਿਤ

ਇਹ ਸਬਦ ਵਿਦਿਆਪਤੀ ਦਾ ਬਿਗੜਿਆ ਹੋਇਆ ਰੂਪ ਹੈ। ਕਲੀਲਾ ਦਿਮਨਾ ਦੇ ਕਿੱਸੇ ਵਿਚ ਇਕ ਬ੍ਰਾਹਮਣ ਪਾਤਰ ਹੈ ਜੋ ਰਾਜਾ ਦਾਬੇਸ਼ਲੀਮ ਨੂੰ ਕ੍ਹਾਣੀਆਂ ਸੁਣਾਉਂਦਾ ਹੈ ।

ਬੇਰੂਤ (ਬੈਰੂਤ)

ਸ਼ਾਮ ਦੇਸ ਦਾ ਇਕ ਸ਼ਹਿਰ ਜੋ ਦਿਮਿਸ਼ਕ ਦੀ ਬੰਦਰਗਾਹ ਹੈ ਅਤੇ ਰੇਸ਼ਮ ਦੇ ਵਪਾਰ ਲਈ ਪਰਸਿੱਧ ਹੈ ।

ਬੈਤੁਲ ਮੁਕੱਦਸ

ਹਜ਼ਰਤ ਸੁਲੇਮਾਨ ਦੀ ਮਸੀਤ,ਯਹੂਦੀਆਂ ਤੇ ਈਸਾਈਆਂ ਦਾ ਕਿਬਲਾ ਜੋ ਯੁਰੋਸ਼ਲਮ ਵਿਚ ਵਾਕਿਆ ਸੀ।

ਬੋਸ਼ਲਰ

ਵੇਖੋ ਬੀਊਲਰ।

ਭੰਡਾਰਕਰ, ਡਾਕਟਰ (੧੯੩੭ ਈ.)

ਸਰ ਰਾਮ ਕ੍ਰਿਸ਼ਨ ਗੋਪਾਲ ਐਮ. ਏ., ਸੰਸਕ੍ਰਿਤ ਦੇ ਵਿਦਵਾਨ ਸਨ। ਇਨ੍ਹਾਂ ਦੀਆਂ ਕਈ ਕਿਤਾਬਾਂ ਪਰਕਾਸ਼ਤ ਹੋਈਆਂ ਹਨ। ਇਹ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਤੇ ਭੰਡਾਰਕਰ ਇਨਸਟੀਚੀਊਟ ਪੂਨਾ ਦੇ ਪ੍ਰਿੰਸੀਪਲ ਸਨ।

ਭਾਰਤੀ ਦੀਪ ਸਮੂਹ

ਉਹ ਦੀਪ ਸਮੂਹ ਜਿਸ ਵਿਚ ਬੋਰਨੀਉ, ਸਮਾਟਰਾ, ਬਾਲੀ ਆਦਿ ਦੇ ਟਾਪੂ ਸ਼ਾਮਲ ਹਨ। ਏਥੋਂ ਗਰਮ ਮਸਾਲਾ ਬਾਹਰ ਘਲਿਆ ਜਾਂਦਾ ਹੈ।

ਮ

ਮਸਕਤ

੧—ਅਰਬ ਦੇਸ ਦੇ ਦੱਖਣ ਵਿਚ ਇਕ ਖੁਦ ਮੁਖਤਿਆਰ ਰਾਜ ਹੈ। ਇਸੇ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੈ। ੨—ਬੁਹੈਰਾ, ਕੈਸਪੀਅਨ ਦੇ ਕੰਢੇ ਇਕ ਤਜਾਰਤੀ ਕਸਬਾ ਜਿਸ ਦੇ ਬਾਰੇ ਪਰਸਿੱਧ ਹੈ ਕਿ ਨੌਸ਼ੀਰਵਾਂ ਨੇ ਇਸ ਨੂੰ ਆਬਾਦ ਕੀਤਾ ਸੀ।

ਮਹਿਦੀ

ਅਬਾਸੀਆ ਵੰਸ ਦਾ ਤੀਜਾ ਖਲੀਫਾ ਜੋ ਮਨਸੂਰ ਦੇ ਪਿਛੋਂ (੭੭੫-੭੮੫ ਈ.) ਤਕ ਖਲੀਫਾ ਰਿਹਾ।

ਮਕਰਾਨ (ਬਲੋਚਿਸਤਾਨ)

ਸਾਹਿਲੇ ਬਹਿਰ ਦਾ ਇਲਾਕਾ ਤੇ ਸੂਬਾ ਹੈ ਜਿਸ ਦਾ ਰਕਬਾ ੨੬ ਹਜ਼ਾਰ ਮੁਰੱਬਾ ਮੀਲ ਹੈ।

ਮਕਾਤੀਬੇ ਸ਼ਿਬਲੀ

ਮੌਲਾਨਾ ਸ਼ਿਬਲੀ ਦੇ ਖਤਾਂ ਦਾ ਸੰਗ੍ਰਹਿ ਹੈ ਜੋ ਛਪ ਚੁਕਿਆ ਹੈ। ਗ਼ਾਲਿਬ ਦੇ ਖਤਾਂ ਪਿਛੋਂ ਇਨ੍ਹਾਂ ਖਤਾਂ ਦਾ ਉਰਦੂ ਸਾਹਿੱਤ ਵਿਚ ਦੂਜਾ ਨੰਬਰ ਹੈ।

ਮਖਦੂਮੇ ਜਹਾਨੀਆਂ (੧੩੦੭-੧੩੮੩ ਈ.)

ਸੱਜਦ ਜਲਾਲ ਬੁਖਾਰੀ ਬਿਨ ਸੱਯਦ ਅਹਿਮਦ, ਸੱਯਦ ਬੁਖਾਰੀ ਦੇ ਪੋਤੇ ਸਨ। ਫਿਰਕਾ ਜਲਾਲੀ ਦੇ ਫਕੀਰ ਇਨ੍ਹਾਂ ਦੇ ਪੈਰੋ ਹਨ। ਇਨ੍ਹਾਂ ਦਾ ਮਜ਼ਾਰ ਉੱਚਾ ਸ਼ਰੀਫ਼ ਵਿਚ ਹੈ।

ਮ.ਗਰਬੀ (ਮ.ਗਰਬ)

(੧) ਮਗਰਬੀ (ਪੱਛਮੀ) ਮੁਲਕ, ਅਫਰੀਕਾ, ਬਰਬਰ, ਮਰਾਕੂ ਆਦਿ ਨੂੰ ਮਗਰਬ ਆਖਦੇ ਹਨ। (੨) ਮ.ਗਰਬੀ, ਅਫ਼ਰੀਕਾ ਜਾਂ ਮਰਾਕੂ ਦਾ ਵਸਨੀਕ। (੩) ਮ.ਗਰਬੀ, ਫਾਰਸੀ ਦਾ ਇਕ ਪਰਸਿਧ ਸੂਫੀ ਸ਼ਾਇਰ ਵੀ ਹੋਇਆ ਹੈ।

ਮਜ਼ਦਕੀ

ਮਜ਼ਦਕ ਇਕ ਈਰਾਨੀ ਸੁਧਾਰਕ ਸੀ। ਇਸ ਨੇ ਨੌਸ਼ੀਰਵਾਂ ਦੇ ਪਿਤਾ ਕੁਬਾਦ ਨੂੰ ਆਪਣੇ ਮਜ਼ੁਬ ਵਲ ਪਰੇਰ ਲਿਆ ਸੀ। ਨੌਸ਼ੀਰਵਾਂ ਨੇ ਇਸ ਨੂੰ ਕਤਲ ਕਰਵਾ ਦਿਤਾ ਸੀ (੫੨੯ ਈ.ਵਿਚ)। ਮਜ਼ਦਕ ਦਾ ਮਜ਼ੁਬ ਸਾਮਿਆਵਾਦ ਤੇ ਨਿਰਭਰ ਸੀ ਤੇ ਮਜ਼ਦਕ ਤੀਵੀਆਂ ਤੇ ਧੰਨ ਦੌਲਤ ਨੂੰ ਸਾਂਝਾ ਰਖਣ ਦਾ ਪਰਚਾਰ ਕਰਦਾ ਸੀ।

ਮਜੂਸੀ

ਇਸ ਦਾ ਅਰਥ ਅਗਨੀ ਪੂਜ ਹੈ। ਇਹ ਸ਼ਬਦ 'ਮਗੀਊਸ' ਜ਼ੰਦ ਸ਼ਬਦ ਦਾ ਰੂਪਾਂਤਰ ਹੈ।

ਮਨਸੂਰ (ਖ਼ਲੀਫਾ)

ਅਸਲ ਨਾਂ ਅਬੂ ਜਾਅਫ਼ਰ ਅਬਦੁੱਲਾ ਬਿਨ ਮੁਹੰਮਦ ਸੀ। ਅੱਬਾਸੀਆ

ਵੰਸ ਦਾ ਦੂਜਾ ਖਲੀਫ਼ਾ ਆਪਣੇ ਭਾਈ ਸੱਫਾਹ ਦੇ ਮਰਨ ਪਿਛੋਂ ੭੫੪ ਈ. ਵਿਚ ਤਖਤ ਉਤੇ ਬੈਠਾ। ਬਗ਼ਦਾਦ ਇਸੇ ਦੇ ਸਮੇਂ ਆਬਾਦ ਹੋਇਆ ਸੀ। ਰੂਮੀਆਂ ਨੇ ਇਸ ਤੇ ਹਮਲਾ ਕੀਤਾ ਪਰ ਭਾਜ ਖਾਧੀ ਸੀ। ਬਰਮਕੀਆਂ ਦੀ ਉੱਨਤੀ ਦਾ ਕਾਲ ਵੀ ਇਸੇ ਦਾ ਸਮਾਂ ਹੈ। ਇਹ ੭੭੪ ਈ. ਵਿਚ ਹੱਜ ਨੂੰ ਜਾਂਦਾ ਹੋਇਆ ਰਾਹ ਵਿਚ ਹੀ ਮਰ ਗਿਆ ਸੀ।

ਮਨੂੰ ਸ਼ਾਸਤਰ

ਹਿੰਦੂਆਂ ਦੇ ਕਾਨੂੰਨ ਦੀ ਪਰਮਾਣੀਕ ਪੁਸਤਕ ਹੈ। ਇਹ ਮਨੂੰ ਸੁਅਮਭੂ ਦੀ ਲਿਖੀ ਕਹੀ ਜਾਂਦੀ ਹੈ। ਇਸ ਦਾ ਕਾਲ ੪੦੦-੨੦੦ ਈ. ਪੂ. ਵਿਚਕਾਰ ਹੈ। ਇਸ ਸ਼ਾਸ਼ਤਰ ਵਿਚ ਸਰਿਸ਼ਟੀ ਦੀ ਰਚਨਾ, ਮਰਨ ਪਿਛੋਂ ਆਤਮਾ ਦੀ ਦਸ਼ਾ ਅਤੇ ਸਮਾਜ ਦੀਆਂ ਰਹੁ ਰੀਤਾਂ ਦੇ ਫਰਜ਼ ਆਦਿ ਦਸੇ ਗਏ ਹਨ।

ਮਰਵ

ਤੁਰਕਿਸਤਾਨ ਦਾ ਇਕ ਸ਼ਹਿਰ ਜੋ ਮੁਸਲਾਮਾਨਾਂ ਦੇ ਸਮੇਂ ਰਾਜਧਾਨੀ ਸੀ। ਹੁਣ ਇਸ ਦੇ ਥੇਹ ਰਹਿ ਗਏ ਹਨ। ਅਲਪ ਅਰਸਲਾਂ ਦਾ ਮਕਬਰਾ ਇਥੇ ਹੀ ਹੈ।

ਮਰਾਕੂ

ਉੱਤਰੀ ਅਫਰੀਕਾ ਦਾ ਇਕ ਮੁਲਕ ਹੈ ਜੋ ਇਨ੍ਹਾਂ ਦਿਨਾਂ ਵਿਚ ਫਰਾਂਸ ਦੇ ਰਾਜ ਥੱਲੇ ਹੈ।

ਮਰਾਗ਼ਾ

ਆਜ਼ਰਬਾਇਜਾਨ (ਈਰਾਨ) ਦੇ ਇਕ ਸ਼ਹਿਰ ਦਾ ਨਾਂ ਜੋ ਈਲਖਾਨੀ ਸਮੇਂ ਵਿਚ ਹਲਾਕੂ ਖਾਂ ਦੀ ਰਾਜਧਾਨੀ ਸੀ। ਹਲਾਕੂ ਨੇ ਮਰਾਗ਼ਾ ਵਿਚ ਇਕ ਨੀਝਸ਼ਾਲਾ ਕਾਇਮ ਕੀਤੀ ਸੀ।

ਮੁਲਾਹਿਦਾ

ਇਸਮਾਈਲੀ ਫਿਰਕਾ ਜੋ ਹਸਨ ਬਿਨ ਸੱਬਾਹ ਦੀ ਅਗਵਾਈ ਹੇਠ

ਚਲਿਆ ਸੀ। 'ਅਲਮੂਤ' ਦਾ ਕਿਲ੍ਹਾ ਇਸ ਦਾ ਕੇਂਦਰ ਸੀ। ੧੨੫੭ ਈ. ਵਿਚ ਹਲਾਕੂ ਖ਼ਾਂ ਨੇ ਇਸ ਦਾ ਨਾਸ ਕੀਤਾ।

ਮਲਿਕ ਕਾਫ਼ੂਰ

ਅਲਾਉੱਦੀਨ ਖਿਲਜੀ ਦਾ ਨਾਇਬ ਜਿਸ ਨੇ ਦੱਖਣ ਫ਼ਤਿਹ ਕੀਤਾ ਸੀ।

ਮਾਹੀ ਮੁਰਾਤਬ

ਉਹ ਏਜ਼ਾਜ਼ੀ ਨਿਸ਼ਾਨ ਜੋ ਬਾਦਸ਼ਾਹਾਂ ਦੀ ਸਵਾਰੀ ਦੇ ਅੱਗੇ ਅੱਗੇ ਚਲਦੇ ਹਨ।

ਮਾਚੀਨ

ਚੀਨ ਦੇ ਦੱਖਣ ਵਿਚ ਤੇ ਭਾਰਤ ਦੇ ਪੂਰਬ ਵਿਚ ਇਕ ਮੁਲਕ ਹੈ। ਕਈ ਚੀਨੀ ਤਾਤਾਰ ਨੂੰ ਹੀ ਮਾਚੀਨ ਆਖਦੇ ਹਨ ਅਤੇ ਕਈ ਸਲਤਨਤ ਚੀਨ ਨੂੰ ਮਾਚੀਨ ਕਹਿੰਦੇ ਹਨ।

ਮਾਂਡਲ

ਜ਼ਿਲ੍ਹਾ ਅਹਿਮਦਾਬਾਦ ਵਿਚ ਇਕ ਕਸਬਾ ਹੈ।

ਮਾਮੂੰ ਰਸ਼ੀਦ (੭੮੬-੮੩੩ ਈ.)

ਅਲਮਾਮੂੰ ਅਬੁਲ ਅੱਬਾਸ ਅਬਦੁਲਾ ਬਿਨ ਹਾਰੂੰ ਰਸ਼ੀਦ, ਆਪਣੇ ਵੱਡੇ ਭਾਈ ਅਲ-ਅਮੀਨ ਦੇ ਮਰਨ ਪਿਛੋਂ ੮੧੩ ਈ. ਵਿਚ ਅੱਬਾਸੀਆ ਵੰਸ ਦਾ ਸਤਵਾਂ ਖਲੀਫਾ ਹੋਇਆ ਹੈ। ਇਸ ਦੇ ਸਮੇਂ ਕੈਸਰੇ ਰੂਮ ਨਾਲ ਜੰਗ ਹੋਇਆ। ਇਸ ਸਮੇਂ ਸਾਇੰਸ ਤੇ ਕਲਾ ਨੇ ਬੜੀ ਤਰੱਕੀ ਕੀਤੀ। ਕਰੀਟ ਫ਼ਤਿਹ ਹੋਇਆ! ਮਾਮੂੰ ਨੇ ਬਹੁਤ ਸਾਰੇ ਮਦਰਸੇ ਤੇ ਹਸਪਤਾਲ ਖੋਲ੍ਹੇ।

ਮਾਰਕੋਪੋਲੋ (Marcopolo) (੧੨੫੪-੧੩੨੩ ਈ.)

ਇਸ ਨੇ ਏਸ਼ੀਆ ਤੇ ਖ਼ਾਸ ਕਰ ਚੀਨ ਦੀ ਯਾਤਰਾ ਕੀਤੀ।

ਮਾਲਕੀ

ਇਮਾਮ ਮਾਲਿਕ ਦਾ ਪੈਰੋ। ਇਮਾਮ ਮਾਲਿਕ (੭੧੮-੭੯੫ ਈ.) ਸੁੰਨੀਆਂ ਦੇ ਚਾਰ ਇਮਾਮਾਂ ਵਿਚੋਂ ਦੂਜੇ ਇਮਾਮ ਸਨ। ਵੇਖੋ ਇਮਾਮ ਮਾਲਿਕ।

ਮਾਵਰਾਉੱਨਹਿਰ (Transoxiana)

ਉਹ ਮੁਲਕ ਜੋ ਸੇਹੂੰ ਦੇ ਪਾਰ ਦੇ ਕੰਢੇ ਵਾਕਿਆ ਹੈ। ਮਧ ਏਸ਼ੀਆ ਦਾ ਇਕ ਮੁਲਕ ਅਰਥਾਤ ਤੁਰਕਿਸਤਾਨ।

ਮਿਹਰਾਨ

ਅਰਬ ਇਤਿਹਾਸਕਾਰ ਦਰਿਆ ਸਿੰਧ ਨੂੰ 'ਮਿਹਰਾਨ' ਆਖਦੇ ਹਨ।

ਮਿਜਸਤੀ

ਗਣਿਤ ਵਿਦਿਆ ਦੀ ਇਕ ਕਿਤਾਬ ਦਾ ਨਾਂ ਹੈ ਜਿਸ ਵਿਚ ਇਲਮ ਹਿੰਦਸਾ ਦੀਆਂ ਸ਼ਕਲਾਂ ਤੇ ਅਸੂਲਾਂ ਬਾਰੇ ਦਲੀਲਾਂ ਹਨ। ਇਸ ਦੀ ਕਾਢ ਕੱਢਣ ਵਾਲਾ ਬਤਲੀਮੂਸ ਹੈ। ਅਸਲ ਵਿਚ ਏਹ ਜੋਤਸ਼ ਦੀ ਕਿਤਾਬ ਹੈ। ਜੋ ਮਿਜਸਤੀ ਅੱਜ ਕਲ੍ਹ ਮਿਲਦੀ ਹੈ ਉਹ ਉਸ ਕਿਤਾਬ ਦਾ ਤਰਜਮਾ ਹੈ ਜੋ ਨਸੀਰੁੱਦੀਨ ਤੂਸੀ ਨੇ ਲਿਖੀ ਹੈ।

ਮਿਨੂਚਿਹਰ

ਈਰਜ ਦਾ ਬੇਟਾ ਜੋ ਕਿਆਨੀਆਂ ਦਾ ਤੀਜਾ ਬਾਦਸ਼ਾਹ ਹੋਇਆ ਹੈ। ਸਲਮ ਤੇ ਤੂਰ ਨੇ ਈਰਜ ਨੂੰ ਕਤਲ ਕੀਤਾ ਸੀ ਅਤੇ ਉਸ ਦੀਆਂ ਜ਼ਨਾਨੀਆਂ ਨੂੰ ਵੀ ਮਾਰ ਸੁਟਿਆ ਸੀ। ਇਸ ਮੌਕੇ ਗਰਦ ਆਫਰੀਦ, ਜੋ ਮਿਨੂਚਿਹਰ ਦੀ ਮਾਂ ਸੀ ਅਤੇ ਈਰਜ ਤੋਂ ਹਾਮਲਾ ਸੀ, ਪਹਾੜਾਂ ਵਿਚ ਭਜ ਗਈ। ਜਦੋਂ ਮਿਨੂਚਿਹਰ ਵੱਡਾ ਹੋਇਆ ਤਾਂ ਉਸ ਨੇ ਸਲਮ ਤੇ ਤੂਰ ਦੇ ਵਿਰੁਧ ਜੰਗ ਕਰ ਕੇ ਉਨ੍ਹਾਂ ਨੂੰ ਮਾਰ ਸੁਟਿਆ।

ਮੀਰ ਅਖੂੰਦ (੧੪੯੮ ਈ.)

ਮੁਹੰਮਦ ਬਿਨ ਖਾਵਿੰਦ ਸ਼ਾਹ ਬਿਨ ਮਹਿਮੂਦ ਮੀਰ ਅਖੂੰਦ ਕਰਕੇ

ਪਰਸਿੱਧ ਹਨ। ਰੋਜ਼ਾਤੁੱਸਫਾ ਇਨ੍ਹਾਂ ਦੀ ਕ੍ਰਿਤ ਹੈ। ਮੀਰ ਅਖੁੰਦ ਦੇ ਪਿਤਾ ਸੱਯਦ ਬਰਹਾਨੁੱਦੀਨ, ਬੁਖਾਰਾ ਦੇ ਰਹਿਣ ਵਾਲੇ ਸਨ। ਮੀਰ ਆਖੁੰਦ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਹਰਾਤ ਵਿਚ ਕਟਿਆ। ਇਹ ਅਮੀਰ ਅਲੀ ਸ਼ੇਰ ਦੀ ਪੰਨਾਹ ਵਿਚ ਰਿਹਾ ਤੇ ੬੬ ਸਾਲ ਦੀ ਉਮਰ ਵਿਚ ਮਰਿਆ।

ਮੀਰ ਆਜ਼ਾਦ ਬਿਲਗਰਾਮੀ (੧੭੦੩-੧੭੯੬ ਈ.)

ਮੀਰ ਗੁਲਾਮ ਅਲੀ ਬਿਲਗਰਾਮੀ ਪੁਤਰ ਸੱਯਦ ਨੂਹ, ਖਜ਼ਾਨਾਏ ਆਮਰਾ, ਤਜ਼ਕਰਾ ਸਰਵੇ ਆਜ਼ਾਦ ਤੇ ਸੁਬਾਹ ਤੁਲ ਮਰਜਾਨ ਦਾ ਕਰਤਾ ਹੈ।

ਮੁਅਤਜ਼ਦ (੨੭੯-੨੮੬ ਹਿ.)

ਅੱਬਾਸੀਆ ਵੰਸ ਦਾ ਸੋਲ੍ਹਵਾਂ ਖਲੀਫਾ ਜੋ ਅਲਮੁਅਤਮਿਦ ਬਿੱਲਾ ਦੇ ਪਿਛੋਂ ਗੱਦੀ ਤੇ ਬੈਠਾ। ਇਹ ਬੜਾ ਲਾਇਕ ਸੀ। ਇਸ ਨੇ ਅਹਿਮਦ ਬਿਨ ਤੋਲੂਨ ਦੀ ਪੁਤਰੀ ਨਾਲ ਸ਼ਾਦੀ ਕੀਤੀ। ਇਸ ਨੇ ਰੂਮੀਆਂ ਨੂੰ ਬਹੁਤ ਸਾਰੀਆਂ ਸ਼ਿਕਸਤਾਂ ਦਿੱਤੀਆਂ; ਇਸ ਨੇ ਮੂਸਲ ਦੀ ਬਗ਼ਾਵਤ ਦੂਰ ਕੀਤੀ; ਮਿਸਰ ਨੂੰ ਮੁੜ ਜਿਤਿਆ।

ਮੁਅਤਜ਼ਲਾ

ਅੱਖਰੀ ਅਰਥ 'ਜੁਦਾ ਹੋਣ ਵਾਲਾ' ਇਹ ਮੁਸਲਮਾਨਾਂ ਦਾ ਇਕ ਫਿਰਕਾ ਹੈ ਜੋ ਆਖਦੇ ਹਨ ਕਿ ਇਸ ਲੋਕ ਤੇ ਪਰਲੋਕ ਵਿਚ ਰੱਬ ਦਾ ਦੀਦਾਰ ਮੁਮਕਿਨ ਨਹੀਂ ਅਤੇ ਕਹਿੰਦੇ ਹਨ ਕਿ ਨੇਕੀ ਖੁਦਾ ਵਲੋਂ ਹੈ ਬਦੀ ਨਫਸ ਵਲੋਂ। ਇਨ੍ਹਾਂ ਦੇ ਖਿਆਲ ਵਿਚ ਵੱਡਾ ਗੁਨਾਹਗਾਰੀ ਨਾ ਮੋਮਿਨ ਹੈ ਨਾ ਕਾਫ਼ਿਰ। ਇਸ ਸੰਪਰਦਾਇ ਦਾ ਮੋਢੀ ਵਾਸਿਲ ਬਿਨ ਅਤਾ ਸੀ, ਜੋ ਸ਼ੇਖ ਹਸਨ ਬਸਰੀ ਦਾ ਚੇਲਾ ਸੀ। ਇਹ ਇਕ ਦਿਨ ਮਸੀਤ ਵਿਚ ਬੈਠਾ ਆਪਣੇ ਚੇਲੇ ਚਾਟਿਆਂ ਨਾਲ ਵਿਚਾਰ ਕਰ ਰਿਹਾ ਸੀ ਕਿ ਵੱਡੇ ਗੁਨਾਹਗਾਰੀ ਨਾ ਮੋਮਿਨ ਹਨ ਨਾ ਕਾਫ਼ਿਰ; ਸ਼ੇਖ ਬਸਰੀ ਨੇ ਇਹ ਗੱਲ ਸੁਣੀ ਤੇ ਆਖਿਆ 'ਆਤਜ਼ਲਾ ਅੱਨੀ' ਅਥਵਾ ਤੂੰ ਸਾਥੋਂ ਦੂਰ ਹੋ ਗਿਆ ਹੈਂ। ਇਹੀ ਸ਼ਬਦ ਏਸ ਫਿਰਕੇ ਦਾ ਨਾਂ ਹੋ ਗਿਆ।

ਮੁਅਤਮਿਦ (੮੭੦-੮੯੨ ਈ.)

ਮੁਤਵਕਿਲ ਦਾ ਪੁਤਰ, ਅੱਬਾਸੀਆ ਵੰਸ ਦਾ ਪੰਦ੍ਰਵਾਂ ਖ਼ਲੀਫ਼ਾ ਅਲਮੁਹਤਦੀ ਦੇ ਪਿਛੋਂ ੮੭੦ ਈ. ਵਿਚ ਤਖ਼ਤ ਤੇ ਬੈਠਾ। ਇਸ ਦੇ ਸਮੇਂ ਖ਼ਾਨਦਾਨ ਫਾਤਮੀਆ ਮਿਸਰ ਵਿਚ, ਅਹਿਮਦ ਬਿਨ ਤੋਲੂਨ ਸ਼ਾਮ ਵਿਚ, ਯਾਕੂਬ ਖ਼ੁਰਾਸਾਂ ਵਿਚ, ਹਬੀਬ ਅਰਬ ਤੇ ਇਰਾਕ ਵਿਚ ਖ਼ੁਦਮੁਖ਼ਤਿਆਰ ਹੋ ਗਏ ਸਨ।

ਮੁਅਤਾਸਿਮ ਬਿੱਲਾ (੨੧੮ – ੨੨੭ ਈ.)

ਹਾਰੂੰ ਰਸ਼ੀਦ ਦਾ ਚੌਥਾ ਪੁਤਰ ਸੀ। ਇਹ ਮਾਮੂੰ ਦੀ ਵਸੀਅਤ ਦੇ ਅਨੁਸਾਰ ਇਸ ਦੀ ਮਿਰਤੂ ਤੇ ੮੩੩ ਈ. ਵਿਚ ਤਖ਼ਤ ਉਤੇ ਬੈਠਾ। ਇਸ ਨੇ ਤੁਰਕ ਗੁਲਾਮਾਂ ਨੂੰ ਮੁਲ ਖਰੀਦ ਕੇ ਲਸ਼ਕਰ ਤਿਆਰ ਕੀਤਾ ਸੀ ਜੋ ਅਖੀਰ ਨੂੰ ਅੱਬਾਸੀਆਂ ਦੀ ਤਬਾਹੀ ਦਾ ਕਾਰਣ ਬਣਿਆ। ਇਹ ਪਹਿਲਾ ਖ਼ਲੀਫ਼ਾ ਸੀ ਜਿਸ ਨੇ ਆਪਣੇ ਨਾਂ ਨਾਲ ਬਿੱਲਾ ਦਾ ਲਫ਼ਜ਼ ਵਧਾਇਆ।

ਮੁਹੰਮਦ ਸ਼ਾਹ ਰੰਗੀਲਾ

ਰੋਸ਼ਨ ਅਖ਼ਤਰ ਅਬੁਲ ਮੁਜ਼ੱਫ਼ਰ ਨਾਸਿਰੁਦੀਨ ਬਿਨ ਜਹਾਨਸ਼ਾਹ ਦਿੱਲੀ ਦਾ ਸ਼ਹਿਨਸ਼ਾਹ ਜੋ ਰਫ਼ੀਉੱਦੌਲਾ ਦੀ ਮ੍ਰਿਤੂ ਤੇ ੧੭੧੯ ਈ. ਵਿਚ ਤਖ਼ਤ ਤੇ ਬੈਠਾ। ਇਸ ਦੇ ਸਮੇਂ ਨਾਦਰ ਸ਼ਾਹ ਨੇ ਹਮਲਾ ਕਰ ਕੇ ਦਿਲੀ ਵਿਚ ਕਤਲ-ਆਮ ਕੀਤਾ ਅਤੇ ਜਾਂਦਾ ਹੋਇਆ ਤਖਤ ਤਾਊਸ, ਕੋਹ ਨੂਰ ਤੇ ਕਰੋੜਾਂ ਰੁਪਏ ਦਾ ਮਾਲ ਲੈ ਗਿਆ। ਰੰਗੀਲਾ ਬੜਾ ਮੌਜੀ ਬਾਦਸ਼ਾਹ ਸੀ।

ਮੁਹੰਮਦ ਬਿਨ ਮੂਸਾ (ਖ਼ਾਰਜ਼ਮੀ) (੭੮੦-੮੪੦ ਈ.)

ਮਾਮੂੰ ਦੇ ਦਰਬਾਰ ਦਾ ਫਲਤਵੇਤਾ।

ਮੁਹੱਲਬ (੬੩੦-੭੦੨ ਈ.)

ਅਬੂ ਸਈਦਿਲ ਅਜ਼ਦੀ ਬਿਨ ਅਬੀ ਸਫਰਾ ਇਕ ਅਰਬ ਜਰਨੈਲ ਹੋਇਆ

ਹੈ, ਜਿਸ ਨੇ ਮੁਆਵੀਆ ਦੇ ਸਮੇਂ ਹਿੰਦੁਸਤਾਨ ਤੇ ਹਮਲਾ ਕੀਤਾ। ਇਹ ਅਖ਼ੀਰ ਨੂੰ ਖੁਰਾਸਾਂ ਦਾ ਗਵਰਨਰ ਬਣਾ ਦਿਤਾ ਗਿਆ ਸੀ।

ਮੁਹੱਲਬੀ (੯੦੩-੯੬੩ ਈ.)

ਅਬੂ ਮੁਹੰਮਦਿਲ ਹਸਨ, ਮੁਅਜ਼ਦੌਲਾ ਦਾ ਵਜ਼ੀਰ ਸੀ।

ਮੁਹੀਊੱਦੀਨ ਇਬਨ ਅਰਬੀ (੧੧੬੪-੧੨੬੦ ਈ.)

ਅਬੂ ਬਕਰ ਮੁਹੀਉੱਦੀਨ ਮੁਹੰਮਦ ਅੰਨਦਲੁਸ ਵਿਚ ਪੈਦਾ ਹੋਏ ਸਨ। ਇਨ੍ਹਾਂ ਦੀ ਰਿਹਾਇਸ਼ ਦਿਮਿਸ਼ਕ ਵਿਚ ਸੀ। ਇਹ ਉਥੇ ਹੀ ਇਮਾਮ ਬਣੇ ਸਨ। ਚਾਰ ਸੌ ਦੇ ਲਗ ਭਗ ਇਨ੍ਹਾਂ ਦੀਆਂ ਰਚਨਾਵਾਂ ਹਨ।

ਮੁਕਤਦਰ ਬਿੱਲਾ (੯੦੮-੯੩੪ ਈ.)

ਬਿਨ ਅਲਮੁਅਤਜ਼ਿਦ, ਖ਼ਾਨਦਾਨ ਅੱਬਾਸੀਆ ਦਾ ਅਠ੍ਹਾਰਵਾਂ ਖ਼ਲੀਫ਼ਾ ਜੋ ਆਪਣੇ ਭਾਈ ਅਲਮੁਕਤਫ਼ੀ ਦੇ ਪਿਛੋਂ ੯੦੮ ਈ. ਵਿਚ ਤਖਤ ਤੇ ਬੈਠਾ। ਇਹ ਇਕ ਖ਼ਵਾਜਾਸਰਾ ਦੇ ਹਥੋਂ ਕਤਲ ਹੋਇਆ ਸੀ।

ਮੁਗੀਰਾ (ਅਲਮੁਗੀਰਾ) (੬੭੧ ਈ.)

ਇਹ ਕੂਫੇ ਦਾ ਹਾਕਿਮ ਸੀ।

(੧) ਮੁੰਤਖਿਬੁਤੱਵਾਰੀਖ

ਮੁੱਲਾਂ ਅਬਦੁੱਲ ਕਾਦਿਰ ਬਦਾਊਨੀ ਦੀ ਪਰਸਿੱਧ ਤਾਰੀਖ, ਮੁੱਲਾਂ ਅਬਦੁੱਲ ਕਾਦਿਰ ਮਲੂਕ ਸ਼ਾਹ ਬਦਾਊਨੀ, ਅਕਬਰ ਬਾਦਸ਼ਾਹ ਦੇ ਸਮਕਾਲੀ ਤੇ ਦਰਬਾਰੀ ਸਨ। ਇਨ੍ਹਾਂ ਦੀ ਤਵਾਰੀਖ ਵਿਚ ਹਿੰਦੁਸਤਾਨ ਦੀ ਆਮ ਤਾਰੀਖ ਮੁਸਲਮਾਨਾਂ ਦੀਆਂ ਜਿਤਾਂ ਤੋਂ ਲੈ ਕੇ ਅਕਬਰ ਦੇ ੪੦ ਸਨੇ ਜਲੂਸ ਤਕ (੧੦੦੪ ਹਿ.) ਦਰਜ ਹੈ।

(੨) ਮੁੰਤਖਿਬੁਤੱਵਾਰੀਖ

ਮੁਹੰਮਦ ਯੂਸਫ ਬਿਨ ਸ਼ੇਖ ਰਹਿਮਤੁਲਾ ਅੱਤਕੀ, ਜੋ ਕਨਆਨ ਵਿਚ ਜੰਮੇ ਸਨ, ਇਸ ਪੁਸਤਕ ਦੇ ਲੇਖਕ ਸਨ। ਇਹ ਪੁਰਾਤਨ ਸਮਿਆਂ ਤੋਂ ਲੈ ਕੇ ਸ਼ਾਹ ਜਹਾਨ ਦੇ ਗਦੀ ਤੇ ਬੈਠਣ ਤਕ ਦੇ ਸਮੇਂ ਦੀ ਆਮ ਤਾਰੀਖ ਹੈ। (Rieu Page 122)

(੩) ਮੁੰਤਖਿਬੁਤਵਾਰੀਖ

ਜਗਜੀਵ ਦਾਸ ਪੁਤਰ ਮਨੋਹਰ ਦਾਸ ਗੁਜਰਾਤੀ ਦੀ ਲਿਖਤ ਹਿੰਦੁਸਤਾਨ ਦੀ ਤਾਰੀਖ ਦਾ ਸੰਖੇਪ ਸੰਗ੍ਰਹਿ ਹੈ ਜੋ ੧੧੨੦ ਹਿ. ਵਿਚ ਲਿਖੀ ਗਈ ਸੀ।

ਮੁਵੱਫਿਕ

ਮੁਅਤਮਿਦ ਖ਼ਲੀਫ਼ਾ ਦਾ ਭਰਾ ਸੀ ਜਿਸ ਨੂੰ ਸੰ. ੨੬੧ ਹਿ. ਵਿਚ ਖੁਰਾਸਾਂ ਤੇ ਸਿੰਧ ਦੀ ਹਕੂਮਤ ਸੌਂਪੀ ਗਈ ਸੀ।

ਮੈਕਸ ਮੂਲਰ

ਸੰਸਕ੍ਰਿਤ ਦਾ ਪਰਸਿੱਧ ਵਿਦਵਾਨ ਸੀ।

ਮੋਪਲਾ

ਦੱਖਣ ਵਿਚ ਇਕ ਮੁਸਲਮਾਨ ਕੌਮ ਜੋ ਅਰਬ ਨਸਲ ਤੋਂ ਹੈ। ਇਹ ਲੋਕ ਵਧੇਰੇ ਕਰਕੇ ਮਾਲਾਬਾਰ ਵਿਚ ਵਸਦੇ ਹਨ।

ਮੌਲਾਨਾ ਅਬਦੁਲ ਹਲੀਮ ਸ਼ਰਰ ਲਖਨਵੀ (੧੯੬੦ ਈ.)

ਤਾਰੀਖ਼ੇ ਸਿੰਧ ਦਾ ਕਰਤਾ ਹਕੀਮ ਤਫੱਜ਼ੁਲ ਹੁਸੈਨ ਲਖਨਵੀ ਦਾ ਪੁਤਰ, ਉਰਦੂ ਜ਼ਬਾਨ ਦਾ ਬਹੁਤ ਵਧੀਆ ਨਾਵਲ ਨਵੀਸ ਹੋਇਆ ਹੈ। ਇਸ ਨੇ ਹੁਸਨ ਐਂਜਲੀਨਾ, ਫਿਰਦੌਸੇ ਬਰੀਂ, ਮਨਸੂਰ ਮੋਹਣਾ ਆਦਿ, ਨਾਵਲਾਂ ਲਿਖੀਆਂ। ਤਾਰੀਖ਼ੇ ਸਿੰਧ ਵੀ ਇਸ ਨੇ ਲਿਖੀ ਹੈ। ਇਹ ਦਿਲਗੁਦਾਜ਼ ਰਸਾਲੇ ਦਾ ਐਡੀਟਰ ਸੀ।

ਮੌਲਾਨਾ ਕਮਾਲੁੱਦੀਨ ਅਬਦੁੱਰੱਜ਼ਾਕ ਸਮਰਕੰਦੀ (੧੪੧੩-੧੪੮੨ ਈ.)

ਫ਼ਾਰਸੀ ਦਾ ਇਤਿਹਾਸਕਾਰ ਜਿਸ ਨੇ ਮਤਲਾਉਸੱਅਦੈਨ ਵਲ ਮਜਮਾਉਲ ਬਹਿਰੈਨ ਨਾਂ ਦੀ ਤਾਰੀਖ ਲਿਖੀ ਹੈ। ਇਹ ਤਾਰੀਖ਼ ਅਬੂ ਸਈਦ ਈਲਖਾਨੀ ਤੋਂ ਲੈ ਕੇ ਅਬੂ ਸਈਦ ਤੈਮੂਰੀ ਤਕ ਦੇ ਸਮੇਂ (੧੩੦੫-੧੪੭੫ ਈ.) ਦਾ ਵੇਰਵਾ ਦਿੰਦੀ ਹੈ।

ਯ

ਯੱਹਿਯਾ ਬਿਨ ਖਾਲਿਦ ਬਰਮਕੀ (੮੦੩ ਈ.)

ਇਹ ਹਾਰੂੰ ਰਸ਼ੀਦ ਦਾ ਵਜ਼ੀਰ ਸੀ। ਹਾਰੂੰ ਨੇ ਇਸ ਨੂੰ ਕੈਦ ਕਰ ਦਿਤਾ ਸੀ ਅਤੇ ਇਹ ਕੈਦ ਵਿਚ ਹੀ ਚਲਾਣਾ ਕਰ ਗਿਆ ਸੀ।

ਯਮਨ

ਹਿਜਾਜ਼ (ਅਰਬ) ਦੀ ਰਾਜਧਾਨੀ ਹੈ। ਇਹ ਅਸੀਰ ਤੇ ਅਦਨ ਵਿਚਕਾਰ ਲਾਲ ਸਾਗਰ ਦੇ ਕੰਢੇ ਵਸਦਾ ਹੈ। ਏਥੇ ਇਕ ਇਮਾਮ ਰਹਿੰਦਾ ਹੈ ਜੋ ਸਨਾ ਵਿਚ ਰਾਜ ਕਰਦਾ ਹੈ।

ਯਾਕੂਤ ਰੂਮੀ (੧੧੭੯-੧੨੨੯ ਈ.)

ਸ਼ਿਹਾਬੁੱਦੀਨ ਅਬੂ ਅਬਦੁੱਲਾ ਅਲ-ਹਮਵੀ, ਇਕ ਇਤਿਹਾਸਕਾਰ ਤੇ ਭੂਗੋਲ ਲੇਖਕ ਸੀ, ਜੋ ਅਸਕਰ ਬਿਨ ਇਬਰਾਹੀਮ ਦਾ ਗ਼ੁਲਾਮ ਸੀ। ਇਹ ਕਿਤਾਬੁਲ ਮੁਕਤਦਬ ਫ਼ਿਲ ਅਨਸਾਬ, ਕਿਤਾਬ ਇਰਸ਼ਾਦੁਲ ਅਰਬੀਬ (੬ ਜਿਲਦਾਂ) ਅਤੇ ਮੁਅਜ਼ਮੁਲ ਬੁਲਦਾਨ (੬ ਜਿਲਦਾਂ) ਆਦਿ ਦਾ ਕਰਤਾ ਹੈ।

ਯਾਕੂਬ ਬਿਨ ਲੈਸ (੮੭੮ ਈ.)

ਇਹ ਸੀਸਤਾਨ ਦੇ ਠਠਿਆਰ ਖ਼ਾਨਦਾਨ ਦਾ ਮੋਢੀ ਸੀ। ਇਸ ਨੇ ਮੁਹੰਮਦ ਬਿਨ ਤਾਹਿਰ ਕੋਲੋਂ ੮੭੪ ਈ. ਵਿਚ ਖ਼ੁਰਾਸਾਂ ਤੇ ਤਬਰਿਸਤਾਨ ਖੋਹ ਲਏ ਸਨ। ਖ਼ਲੀਫ਼ਾ ਅਲਮੁਅਤਮਿਦ ਨੇ ਇਸ ਨੂੰ ਬਾਗ਼ੀ ਕਰਾਰ ਦਿਤਾ ਸੀ।

ਯਾਕੂਬੀ

ਅਹਿਮਦ ਬਿਨ ਅਬੀ ਯਾਕੂਬਅਲਕਾਤਿਬਿਲਅੱਬਾਸੀ, ਇਕ ਅਰਬ ਇਤਿਹਾਸਕਾਰ ਤੇ ਜੁਗਰਾਫੀਆ ਦਾਨ ਸੀ। ਇਕ ਤਾਰੀਖੀ ਕਿਤਾਬ ਤੇ ਕਿਤਾਬੁਲ ਬੁਲਦਾਨ ਇਸ ਦੀਆਂ ਯਾਦਗਾਰ ਹਨ।

ਰ

ਹਾਰੂੰ ਰਸ਼ੀਦ (੭੬੩-੮੦੯ ਈ.)

ਬਿਨ ਮਹਿਦੀ, ਅੱਬਾਸੀ ਵੰਸ ਦਾ ਪੰਜਵਾਂ ਅਤੇ ਹਜ਼ਰਤ ਸਾਹਿਬ ਦੇ ਪਿਛੋਂ ਚੌਵੀਵਾਂ ਖ਼ਲੀਫ਼ਾ ਸੀ। ਆਪਣੇ ਪਿਤਾ ਦੇ ਮਰਨ ਪਿਛੋਂ ੭੮੬ ਈ. ਵਿਚ ਗਦੀ ਤੇ ਬੈਠਾ। ਇਸ ਨੇ ਰੂਮ ਦੇ ਕੈਸਰ ਤੋਂ ਖਰਾਜ ਵਸੂਲ ਕੀਤਾ ਅਤੇ ਕਈ ਜੰਗ ਉਸ ਦੇ ਵਿਰੁਧ ਲੜੇ। ਇਸ ਨੇ ਕੁਬਰਸ ਟਾਪੂ ਜਿਤਿਆ ਸੀ ਅਤੇ ਅਫ਼ਰੀਕਾ ਵਿਚ ਇਬਰਾਹੀਮ ਬਿਨ ਅਗ਼ਲਬ ਨੂੰ ਹਾਕਿਮ ਨਿਯਤ ਕਰ ਕੇ ਅਗ਼ਲਬੀਆ ਵੰਸ ਦਾ ਰਾਜ ਕਾਇਮ ਕੀਤਾ ਸੀ।

ਰਸ਼ੀਦੁੱਦੀਨ (੧੨੪੭–੧੩੧੮ ਈ.)

ਅਮੀਰ ਰਸ਼ੀਦੁੱਦੀਨ ਫ਼ਜ਼ਲੁਲਾ ਇਬਨ ਇਮਾਦੁੱਦੌਲਾ, ਹਮਦਾਨ ਵਿਚ ਪੈਦਾ ਹੋਇਆ। ਅਬਾਕਾ ਖਾਨ ਦੇ ਕੋਲ ਨੌਕਰ ਹੋਇਆ। ਗ਼ਾਜ਼ਾਨ ਖਾਨ ਨੇ ਏਸ ਨੂੰ ਆਪਣਾ ਵਜ਼ੀਰ ਬਣਾ ਲਿਆ। ਅਲਜਾਇਤ ਨੇ ਵੀ ਏਸ ਨੂੰ ਆਪਣਾ ਵਜ਼ੀਰ ਬਣਾ ਰਖਿਆ; ਅਬੂਸਈਦ ਦੇ ਸਮੇਂ (੧੩੧੮ ਵਿਚ) ਏਸ ਨੂੰ ਕਤਲ ਕਰ ਦਿਤਾ ਗਿਆ। ਏਸ ਦੀਆਂ ਰਚਨਾਵਾਂ, ਜਾਮਿਉੱਤਵਾਰੀਖ਼, ਮਿਫ਼ਤਾਹੁਲ ਤਫ਼ਾਸੀਰ, ਕਿਤਾਬੁ ਤੌਜ਼ੀਹਾਤ, ਰਿਸਾਲਤੁਸਲਤਨਤ ਆਦਿ ਹਨ।

ਰਮਲਾ

ਫ਼ਲਿਸਤੀਨ ਦੀ ਰਾਜਧਾਨੀ ਸੀ। ਇਸ ਨੂੰ ਖ਼ਲੀਫ਼ਾ ਸੁਲੈਮਾਨ ਨੇ ਆਬਾਦ ਕੀਤਾ ਸੀ ਅਤੇ ਪੁਰਾਣੇ ਰਾਜ ਨਗਰ ਲੁਦ ਦੇ ਵਸਨੀਕਾਂ ਨੂੰ ਉਥੋਂ ਲਿਆ ਕੇ ਇਥੇ ਵਸਾਇਆ ਸੀ। ਇਸ ਕਾਰਣ ਲੁਦ ਵੀਰਾਨ ਹੋ ਗਿਆ। ਰਮਲਾ ਦੀ ਵਸੋਂ ਅਰਬ ਤੇ ਯੂਨਾਨੀਆਂ ਦਾ ਮਿਸ਼ਰਣ ਹੈ। ਇਨ੍ਹਾਂ ਵਿਚ ਸਾਮਰਾ ਦੇ ਲੋਕ ਵੀ ਸ਼ਾਮਿਲ ਹਨ। ਇਸ ਸ਼ਹਿਰ ਵਿਚ ਇਕ ਨਦੀ ਹੈ। ਜਿਸ ਦਾ ਇਥੋਂ ਦੇ ਲੋਕ ਪਾਣੀ ਪੀਂਦੇ ਹਨ। ਵੱਡੀ ਨਦੀ ਅਬੂ ਫੁਤਰਤ ਇਥੋਂ ੧੨ ਮੀਲ ਦੂਰ ਹੈ।

ਰਾਜਾ ਜੈ ਸਿੰਘ (੧੭੪੩ ਈ.)

ਇਹ ਪਹਿਲੇ ਰਾਜਾ ਜੈ ਸਿੰਘ ਦਾ ਪੜਪੋਤਾ ਸੀ। ਏਸ ਨੇ ਜੈ ਪੁਰ ਵਸਾਇਆ ਸੀ। ਫਰਖਸਿਅਰ ਨੇ ਏਸ ਨੂੰ ਅਧਿਰਾਜ ਅਤੇ ਮੁਹੰਮਦ ਸ਼ਾਹ ਨੇ ਸਵਾਈ ਦਾ ਖ਼ਿਤਾਬ ਦਿਤਾ ਸੀ। ਏਸ ਨੇ ਦਿੱਲੀ, ਬਨਾਰਸ, ਉੱਜੈਨ ਮਥਰਾ ਤੇ ਜੈ ਪੁਰ ਵਿਚ ਜੰਤਰ ਮੰਤਰ ਜਾਂ ਨੀਝ ਸ਼ਾਲਾ ਬਣਵਾਈਆਂ ਸਨ ਅਤੇ ਹਰ ਸੂਬੇ ਵਿਚ ਸਰਾਵਾਂ ਤੇ ਮੰਡੀਆਂ ਬਣਵਾਈਆਂ ਸਨ।

ਰਾਜਾ ਦਾਹਿਰ

ਮੁਲਤਾਨ ਦਾ ਹਿੰਦੂ ਰਾਜਾ, ਜੋ ਰਾਜਾ ਚੱਚ ਦਾ ਪੁਤਰ ਸੀ। ਰਾਜਾ ਦਾਹਿਰ ਨੂੰ ਮੁਹੰਮਦ ਬਿਨ ਕਾਸਿਮ ਨੇ ੭੧੨ ਈ. ਵਿਚ ਹਾਰ ਦੇ ਕੇ ਮੁਲਤਾਨ ਤੇ ਕਬਜ਼ਾ ਕਰ ਲਿਆ ਸੀ।

ਰਿਚਰਡ ਸ਼ੇਰ-ਦਿਲ (੧੧੫੭-੧੧੯੯ ਈ.)

ਹੇਨਰੀ ਦੂਜੇ, ਸ਼ਾਹ ਇੰਗਲੈਂਡ ਦਾ ਪੁਤਰ ੧੧੮੯ ਵਿਚ ਤਖ਼ਤ ਉਤੇ ਬੈਠਾ। ਇਹ ਜੰਗ ਸਲੀਬ ਵਿਚ ਸਲਾਹੁਦੀਨ ਨਾਲ ਲੜਿਆ ਸੀ।

ਰੌਜ਼ਾਤੁੱਸਫਾ

ਮੀਰ ਆਖੁੰਦ ਦੀ ਕ੍ਰਿਤ ਇਕ ਪਰਸਿਧ ਪੁਸਤਕ ਹੈ, ਜਿਸ ਦੇ ਸਤ ਹਿੱਸੇ ਹਨ।

ਲਬਨਾਨ

੧—ਸ਼ਾਮ ਦੇਸ ਵਿਚ ਦੋ ਪਹਾੜ। ੨—ਇਨ੍ਹਾਂ ਪਹਾੜਾਂ ਵਿਚਕਾਰ ਇਕ ਇਲਾਕਾ ਜਿਸ ਦੀ ਰਾਜਧਾਨੀ ਬੈਰੂਤ ਹੈ।

ਲਮਗਾਨ

ਇਹ ਕਾਬਲ ਦਰਿਆ ਦਾ ਇਕ ਨਾਂ ਹੈ।

ਲਾਅਦਰੀਆ

ਉਹ ਫ਼ਿਰਕਾ ਜਿਸ ਦਾ ਖਿਆਲ ਹੈ ਕਿ ਦੁਨੀਆਂ ਵਿਚ ਸਤ ਤੇ ਮਿਥਿਆ

ਏਸ ਤਰ੍ਹਾਂ ਮਿਲੇ ਹੋਏ ਹਨ ਕਿ ਹਰੇਕ ਸ਼ੈ ਦੇ ਸਤ ਜਾਂ ਅਸਤ (ਹਾਂ ਅਤੇ ਨਹੀਂ) ਦੋਵੇਂ ਅੰਗ ਹੋ ਸਕਦੇ ਹਨ ਅਤੇ ਦੋਹਾਂ ਵਿਚੋਂ ਕਿਸੇ ਨੂੰ ਗ਼ਲਤ ਜਾਂ ਠੀਕ ਨਹੀਂ ਆਖਿਆ ਜਾ ਸਕਦਾ।

ਲਾਲਸਾਗਰ

ਬੁਹੈਰਾ ਕੁਲਜ਼ੁਮ, ਉਹ ਸਾਗਰ ਜੋ ਅਰਬ ਤੇ ਅਫ਼ਰੀਕਾ ਦੇ ਵਿਚਕਾਰ ਹੈ। ਏਸ ਦੇ ਕੰਢੇ ਅਦਨ, ਜੱਦਾ ਆਦਿ ਦੀਆਂ ਬੰਦਰਗਾਹਾਂ ਹਨ। ਨਹਿਰ ਸਵੇਜ਼ ਏਸ ਨੂੰ ਰੂਮ ਸਾਗਰ ਨਾਲ ਜੋੜਦੀ ਹੈ।

ਲੋਈ ਬਿਨ ਗਾਲਿਬ

ਮੁਹੰਮਦ ਬਿਨ ਅਬਦੁਲਾ ਬਿਨ ਅਬਦੁਲਮੁਤਲਿਬ ਬਿਨ ਹਾਸ਼ਿਮ ਬਿਨ ਅਬਦ ਮਨਾਫ ਬਿਨ ਕੁਸਾ ਬਿਨ ਕਿਲਾਬ ਬਿਨ ਮੁਰਾ ਬਿਨ ਕਾਅਬ ਬਿਨ ਲੋਈ ਬਿਨ ਗਾਲਿਬ ਬਿਨ ਫਿਹਰ ਪੁਤਰ ਮਾਲਿਕ ਪੁਤਰ ਨਜ਼ਰ ਪੁਤਰ ਕਨਾਨਾ ਸੀ।

ਵ

ਵੱਸਾਫ (੧੨੫੭-੧੩੨੯ ਈ.)

ਸ਼ਰਫ਼ੁੱਦੀਨ ਅਬਦੁੱਲਾ ਬਿਨ ਫਜ਼ਲੁੱਲਾ ਸ਼ੀਰਾਜ਼ੀ, ਜਿਸ ਨੇ ਤਾਰੀਖ ਵੱਸਾਫ ਲਿਖੀ ਹੈ। ਇਸ ਵਿਚ ਮੋਟੇ ਮੋਟੇ ਸ਼ਬਦਾਂ ਦੀ ਭਰਮਾਰ ਹੈ। ਇਸ ਤਾਰੀਖ ਦਾ ਨਾਂ 'ਤਜਜ਼ੀਆ ਤੁਲ ਅਸਸਾਰ-ਵ-ਤਜ਼ਜੀਆਤੁਲ ਆਅਸਾਰ' ਸੀ ਜੋ ੧੩੧੨ ਈ. ਵਿਚ ਸੁਲਤਾਨ ਅਲਜਾਇਤੂ ਨੂੰ ਪੇਸ਼ ਕੀਤੀ ਗਈ ਸੀ।

ਵਹੀ

ਰਬ ਦਾ ਸੁਨੇਹਾ, ਰੱਬੀ ਹੁਕਮ ਜੋ ਪੈਗੰਬਰਾਂ ਉਤੇ ਨਾਜ਼ਲ ਹੁੰਦਾ ਹੈ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਹਜ਼ਰਤ ਜਬਰਾਈਲ ਰੱਬ ਵਲੋਂ ਪੈਗੰਬਰਾਂ ਪਾਸ ਸੁਨੇਹਾ ਲੈ ਕੇ ਆਉਂਦੇ ਹੁੰਦੇ ਸਨ। ਮੁਹੰਮਦ ਸਾਹਿਬ ਪਿਛੋਂ ਇਹ ਸਿਲਸਿਲਾ ਬੰਦ ਹੋ ਗਿਆ

ਵਲੀਦ ਬਿਨ ਅਬਦੁਲ ਮਲਿਕ (੭੦੫ ਈ.)

ਇਹ ਪਿਤਾ ਦੇ ਮਰਨ ਪਿਛੋਂ ਤਖਤ ਉਤੇ ਬੈਠਾ। ਇਸ ਨੇ ਦਿਮਿਸ਼ਕ ਦੀ ਮਸੀਤ ਬਣਵਾਈ। ਇਸ ਨੇ ਤੁਰਾਨ ਤੋਂ ਸਪੇਨ ਤਕ ਜਿੱਤਾਂ ਪ੍ਰਾਪਤ ਕੀਤੀਆਂ ਸਨ।

ਵਾਕਦੀ (੭੪੮–੮੨੨ ਈ.)

ਅਬੂ ਅਬਦੁਲਾ ਮੁਹੰਮਦ ਬਿਨ ਉਮਰ ਅਰਬ ਇਤਿਹਾਸਕਾਰ, ਮਦੀਨਾ ਵਿਚ ਪੈਦਾ ਹੋਇਆ। ਜਦੋਂ ਖ਼ਲੀਫ਼ਾ ਹਾਰੂੰ ਰਸ਼ੀਦ ੭੮੭ ਈ. ਵਿਚ ਹੱਜ ਕਰਨ ਲਈ ਗਏ ਤਾਂ ਵਾਕਦੀ ਨੇ ਰਹਿਬਰ ਦਾ ਕੰਮ ਕੀਤਾ। ਇਹ ੭੮੭ ਈ. ਵਿਚ ਬਗ਼ਦਾਦ ਗਿਆ ਤੇ ਪੂਰਬੀ ਬਗ਼ਦਾਦ ਦਾ ਕਾਜ਼ੀ ਰਿਹਾ। ਇਹ ਇਕੀ ਤੋਂ ਵਧ ਕਿਤਾਬਾਂ ਦਾ ਲੇਖਕ ਹੈ ਜਿਨ੍ਹਾਂ ਵਿਚੋਂ ਅਤੱਾਰੀਖ ਵੱਲ ਮਆਜ਼ੀ ਤਾਰੀਖੁਲਕਬੀਰ, ਫੁਤੂਹੁੱਸ਼ਾਮ, ਫੁਤੂਹੁਲਇਰਾਕ, ਤਾਰੀਖੁਲ ਫੁਕਹਾ ਮਸ਼ਹੂਰ ਹਨ।

ਵਾਸਕੋਡੀਗਾਮਾ (੧੪੬੦-੧੫੨੪ ਈ.)

ਇਹ ਇਕ ਪੁਰਤਗੇਜ਼ੀ ਜਹਾਜ਼ਰਾਨ ਸੀ, ਜਿਸ ਨੇ ਹਿੰਦੁਸਤਾਨ ਦਾ ਰਸਤਾ ਲਭਿਆ। ੧੫੨੩ ਈ. ਵਿਚ ਪੁਰਤਗੇਜ਼ੀ ਹਿੰਦੁਸਤਾਨ ਦਾ ਵਾਇਸਰਾਇ ਮੁਕਰਰ ਹੋਇਆ। ਇਸ ਦਾ ਚਲਾਣਾ ਕੋਚੀਨ ਵਿਚ ਹੋਇਆ ਸੀ।

ਵੀ.ਏ. ਸਮਿਥ

ਵਿਨਸੈਂਟ-ਏ-ਸਮਿਥ, ਇਕ ਪਰਸਿੱਧ ਇਤਿਹਾਸਕਾਰ ਹੋਇਆ ਹੈ। ਇਸ ਨੇ ਪੁਰਾਤਨ ਭਾਰਤ ਦੀ ਤਾਰੀਖ ਜਿਸ ਵਿਚ ਸਿਕੰਦਰ ਦੇ ਹਮਲੇ ਤੋਂ ਲੈ ਕੇ ਮੁਸਲਮਾਨਾਂ ਦਿਆਂ ਹਮਲਿਆਂ ਤਕ ਦੇ ਹਾਲਾਤ ਦਰਜ ਹਨ, ੧੯੧੪ ਈ. ਵਿਚ ਲਿਖੀ ਸੀ।